# ਆਤਮ ਗਿਆਨ ਪ੍ਰਕਾਸ਼

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ

## ਪੰਜਵੀਂ ਰੁੱਤ ਦਾ ਸਿਧਾਂਤ ਬੋਧਨੀ ਟੀਕਾ


ਟੀਕਾਕਾਰ

**ਗਿਆਨੀ ਗੁਰਜੰਟ ਸਿੰਘ ਜੀ**

ਪਟਿਆਲਾ



ਪ੍ਰਕਾਸ਼ਕ

**ਪੁਰਾਤਨ ਗ੍ਰੰਥ ਸੰਭਾਲ ਸੇਵਾ**

ਪਟਿਆਲਾ

# ਆਤਮ ਗਿਆਨ ਪ੍ਰਕਾਸ਼

ਪੰਜਵੀਂ ਰੁੱਤ ਦਾ ਸਿਧਾਂਤ ਬੋਧਨੀ ਟੀਕਾ

ਸਮੂਹ ਸਿੱਖ ਸੰਗਤ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਪੁਰਾਤਨ ਗ੍ਰੰਥ ਸੰਭਾਲ ਸੇਵਾ ਸੰਸਥਾ ਅਧੀਨ ਗੁਰਮਤ ਸਾਹਿਤ ਦੀ ਮੁੜ ਛਪਾਈ ਅਤੇ ਸਾਂਭ ਸੰਭਾਲ ਦੇ ਕਾਫੀ ਕਾਰਜ ਫੰਡ ਦੀ ਕਮੀ ਹੋਣ ਕਾਰਨ ਛਪਾਈ ਅਧੀਨ ਹਨ, ਅਤੇ ਨਾਲ ਹੀ ਪਟਿਆਲਾ ਤੋਂ ਭਾਦਸੋਂ ਬਾਈ ਪਾਸ ਰੋਡ ਤੇ ਗੁਰਮਤ ਅਕੈਡਮੀ ਦੀ ਕਾਰਸੇਵਾ ਵੀ ਚਲ ਰਹੀ ਹੈ ਸੋ ਇਹ ਸਾਰੇ ਕਾਰਜ ਚੜ੍ਹਦੀਕਲਾ ਚ ਸੰਪੂਰਨ ਕਰਨ ਲਈ ਆਪ ਸੰਗਤ ਦੇ ਸਹਿਯੋਗ ਦੀ ਬਹੁਤ ਜਰੂਰਤ ਹੈ  ਜੀ ਤਾਂਕਿ ਅਸੀ ਅਕੈਡਮੀ ਤੇ ਸਾਹਿਤ ਦੀ ਛਾਪ ਛਪਾਈ ਵਧ ਚੜ੍ਹ ਕੇ ਕਰ ਸਕੀਏ ਜੀ ,ਇਹਨਾਂ ਕਾਰਜਾਂ ਲਈ ਮਾਇਆ ਇਸ ਸੰਸਥਾ ਦੇ ਅਕਾਉਂਟ ਨੰਬਰ ਤੇ ਪਾ ਸਕਦੇ ਹੋ ਜੀ ਜਾਂ ਗੂਗਲ ਪੇ ਕਰ ਸਕਦੇ ਹੋ ਜੀ

ਪੰਜਾਬ ਐਂਡ ਸਿੰਧ ਬੈਂਕ ਵਿਚ ਖਾਤੇ ਦਾ ਨਾਮpuratan sahit sambhal welfare society

ਖਾਤਾ ਨੰ:12621000006280

ਆਈ ਐਫ ਸੀ ਕੋਡ:PSBI0021262

ਗੂਗਲ ਪੇ ਨੰਬਰ:8872790248

# ਆਤਮ ਗਿਆਨ ਪ੍ਰਕਾਸ਼

## ਪੰਜਵੀਂ ਰੁੱਤ ਦਾ ਸਿਧਾਂਤ ਬੋਧਨੀ ਟੀਕਾ


ਟੀਕਾਕਾਰ

**ਗਿਆਨੀ ਗੁਰਜੰਟ ਸਿੰਘ ਜੀ**

ਪਟਿਆਲਾ



ਪ੍ਰਕਾਸ਼ਕ

**ਪੁਰਾਤਨ ਗ੍ਰੰਥ ਸੰਭਾਲ ਸੇਵਾ**

ਪਟਿਆਲਾ

© ਪ੍ਰਕਾਸ਼ਕ

ਪਹਿਲੀ ਐਡੀਸ਼ਨ 2023
ਭੇਟਾ : 000

An ISO 9001:2008 Certified Publishing House
No. 101809-A01
Estd. 1880

ਪੁਸਤਕ ਮਿਲਣ ਦਾ ਪਤਾ:
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

ਨੋਟ : ਇਹ ਗ੍ਰੰਥ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਪੰਜਵੀਂ ਰੁੱਤ ਵਿਚੋਂ ਲਿਆ ਗਿਆ ਹੈ ਜਿਸ ਵਿਚ ਟੀਕਾਕਾਰ ਨੇ ਵਿਸਥਾਰ ਪੂਰਵਕ ਅਰਥਾਂ ਸਹਿਤ ਵੇਰਵਾ ਬਿਆਨ ਕੀਤਾ ਹੈ। ਪ੍ਰਿੰਟਰਜ਼ ਦੀ ਇਸ ਲਿਖਤ ਬਾਰੇ ਕੋਈ ਜ਼ਿੰਮੇਵਾਰੀ ਨਹੀਂ ਹੈ। –ਪ੍ਰਿੰਟਰ

(Printed and bound in India)

ਪ੍ਰਿੰਟਰ : ਸੀ.ਜੇ. ਪ੍ਰਿੰਟਰਜ਼, ਅੰਮ੍ਰਿਤਸਰ।

# ਸਮਰਪਿਤ



## ਧੰਨ ਧੰਨ ਮਾਤਾ ਸਾਹਿਬ ਕੌਰ ਜੀ

# ਭੂਮਿਕਾ

ਸਿੱਖ ਜਗਤ ਅੰਦਰ ਨਿਰਮਲ ਸੰਪ੍ਰਦਾਇ ਦਾ ਆਪਣਾ ਇੱਕ ਸਥਾਨ ਹੈ। ਜਿਸ ਸੰਪ੍ਰਦਾਇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸ਼ੀਰਵਾਦ ਸਭ ਤੋਂ ਪਹਿਲਾ ਮੂਲ ਮੰਤ੍ਰ ਅਤੇ ਨਿਰਮਲ ਭੇਖ ਦੇ ਰੂਪ ਵਿੱਚ ਪ੍ਰਾਪਤ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੂੰ ਸ਼ਾਸਤ੍ਰ ਵਿਦਿਆ ਤੇ ਬੇਅੰਤ ਬਖਸ਼ਿਸ਼ਾਂ ਨਾਲ ਨਿਵਾਜਿਆ। ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਗੁਰਬਾਣੀ, ਇਤਿਹਾਸ, ਆਯੁਰਵੇਦ ਤੇ ਸ਼ਾਸਤ੍ਰ ਵਿਦਿਆ ਦੇ ਪ੍ਰਚਾਰ ਤਥਾ ਅਨੇਕ ਸੁਤੰਤਰ ਰਚਨਾਵਾਂ ਰਚ ਕੇ ਸਿੱਖ ਪੰਥ ਦਾ ਗੌਰਵ ਤੇ ਮਾਣ ਵਧਾਇਆ ਹੈ।

ਇਹਨਾ ਨਿਰਮਲ ਭੇਖ ਦੇ ਵਿਦਵਾਨਾਂ ਵਿੱਚੋਂ ਮਹਾਂਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਇਤਿਹਾਸਿਕ ਖੋਜ ਬਿਰਤੀ ਵਾਲੇ ਸ੍ਰੇਸ਼ਟ ਅਤੇ ਗੰਭੀਰ ਵਿਦਵਾਨ ਕਵੀ ਸਨ। ਉਹਨਾਂ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ ਅਤੇ ਹਰ ਤੱਥ ਤੱਕ ਪਹੁੰਚਣ ਦੀ ਉਹਨਾਂ ਵਿੱਚ ਕਮਾਲ ਦੀ ਪ੍ਰਤਿਭਾ ਸੀ। ਉਨ੍ਹਾਂ ਨੇ ਭਾਰਤੀ ਦਰਸ਼ਨ, ਕਾਵਿ ਸ਼ਾਸਤ੍ਰ ਅਤੇ ਗੁਰਮਤਿ ਦਾ ਗੰਭੀਰ ਅਧਿਐਨ ਕੀਤਾ। ਅਧਿਐਨ ਕਰਦੇ ਸਮੇਂ ਹੀ ਉਹਨਾਂ ਦੇ ਮਨ ਵਿੱਚ ਸਿੱਖ ਇਤਿਹਾਸ ਲਿਖਣ ਦੀ ਰੁਚੀ ਪੈਦਾ ਹੋ ਗਈ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਹਨਾਂ ਨੇ ਕਈ ਸਾਲ ਭ੍ਰਮਣ ਕਰਕੇ ਸਿੱਖ ਇਤਿਹਾਸ ਲਈ ਸਮੱਗਰੀ ਇਕੱਠੀ ਕੀਤੀ ਜੋ ਕਿ ਉਸ ਸਮੇਂ ਇੱਕ ਅਤਿ ਕਠਿਨ ਕੰਮ ਸੀ।

ਭਾਈ ਸਾਹਬਿ ਜੀ ਦੀਆਂ ਪ੍ਰਮਾਣਿਕ ਰੂਪ ਵਿੱਚ ਛੇ ਰਚਨਾਵਾਂ ਉਪਲਬਧ ਹਨ, ਜਿਵੇਂ ਨਾਮ ਮਾਲਾ ਕੋਸ਼, ਗਰਬ ਗੰਜਨੀ ਟੀਕਾ, ਅਧਿਆਤਮ ਰਾਮਾਇਣ, ਆਤਮ ਪੁਰਾਣ ਟੀਕਾ, ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਇਸ ਤੋਂ ਬਿਨਾਂ ਕਵੀ ਜੀ ਨੇ ਹੋਰ ਵੀ ਕਾਫੀ ਗ੍ਰੰਥ ਲਿਖੇ ਜੋ ਕਿ ਉਪਲਬਧ ਨਹੀਂ ਹਨ ਜਾਂ ਅਜੇ ਤੱਕ ਪਾਠਕਾਂ ਤੱਕ ਪਹੁੰਚੇ ਨਹੀਂ। ਜਿੰਨ੍ਹਾ ਵਿੱਚੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਕਵੀ ਜੀ ਦੀ ਅੰਤਿਮ ਰਚਨਾ ਹੈ। ਇਸ ਰਚਨਾ ਦੇ ਕੁੱਲ 51829 ਬੰਦ, 1151 ਅੰਸ਼ੂ, ਬਾਰਾਂ ਰਾਸਾਂ, ਛੇ ਰੁੱਤਾਂ, 2 ਆਯਨ ਹਨ।

ਇਸ ਗ੍ਰੰਥ ਅੰਦਰ ਸਾਡੇ ਗੁਰੂ ਸਾਹਿਬਾਨ ਦੇ ਧਾਰਮਿਕ, ਨੈਤਿਕ ਆਦਰਸ਼, ਦੇਸ਼ ਦੀ ਸੰਸਕ੍ਰਿਤੀ ਅਤੇ ਗੁਰਮਤਿ ਸਿਧਾਂਤ ਦੀ ਵਿਆਖਿਆ ਦਾ ਬੜੀ ਗੰਭੀਰਤਾ ਨਾਲ ਉਲੇਖ ਕੀਤਾ ਗਿਆ ਹੈ। ਇਸ ਕੜੀ ਅੰਦਰ ਪੰਜਵੀਂ ਰੁੱਤ ਵਿੱਚ ਦਸਮੇਸ਼ ਪਿਤਾ ਜੀ ਦੀ ਆਗਿਆ ਅਨੁਸਾਰ ਭਾਈ ਦਇਆ ਸਿੰਘ ਜੀ ਦੁਆਰਾ ਕਵੀ ਸੰਤੋਖ ਸਿੰਘ ਜੀ ਨੇ, ਬ੍ਰਹਮ ਪ੍ਰਾਪਤੀ ਦਾ ਮੁੱਖ ਸਾਧਨ ਤੇ ਬ੍ਰਹਮ ਚਿੰਤਨ ਦਾ ਆਧਾਰ ਇਕ ਆਤਮ ਵਿਚਾਰ ਪ੍ਰਕਰਣ, ਗੁਰਸਿੱਖਾਂ ਦੇ ਪਰਸਪਰ ਸੰਵਾਦ ਰੂਪ ਵਿੱਚ ਸ਼ਾਸਤ੍ਰੀ ਪ੍ਰਕਿਰਿਆ ਦੁਆਰਾ ਗਹਨ ਚਿੰਤਨ ਨੂੰ ਬਹੁਤ ਹੀ ਵਿਸਥਾਰ ਸਹਿਤ ਪ੍ਰਤਿਪਾਦਨ ਕੀਤਾ ਹੈ। ਜਿਸ ਵਿਸ਼ੇ ਦੀ ਪ੍ਰਕਿਰਿਆ ਤੇ ਪਦ-ਪਦਾਰਥਾਂ ਨੂੰ ਸਮਝਣ ਵਾਸਤੇ ਵਿਦਿਆਰਥੀਆਂ, ਵਿਦਵਾਨਾਂ ਅਤੇ ਕਥਾਕਾਰਾਂ ਨੂੰ ਕਿਸੇ ਸ਼ਾਸਤ੍ਰ ਪੱਧਤੀ, ਗੰਭੀਰ ਚਿੰਤਨ ਅਤੇ ਸਰਲ ਭਾਸ਼ਾ ਵਿੱਚ ਰਚਿਤ ਟੀਕਾ ਦੀ ਅਤਿਅੰਤ ਜਰੂਰਤ ਸੀ।

ਇਸ ਜਰੂਰਤ ਨੂੰ ਮਹਿਸੂਸ ਕਰਦਿਆਂ ਸਾਡੇ ਬਹੁਤ ਪ੍ਰਿਯ ਵਿਨਿਮ੍ਰ, ਗਹਨ ਚਿੰਤਕ, ਗੁਰਬਾਣੀ, ਸ਼ਾਸ਼ਤ੍ਰ ਅਤੇ ਇਤਿਹਾਸ ਦੇ ਚਿੰਤਕ, ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਗੁਰਜੰਟ ਸਿੰਘ ਜੀ ਪਟਿਆਲਾ ਨੇ ਇਹ ਮਹਾਨ

ਉਪਰਾਲਾ ਕੀਤਾ ਹੈ। ਇਸ ਆਤਮ ਗਿਆਨ ਪ੍ਰਕਰਣ ਦੇ ਸਾਰੇ ਮੁੱਖ ਵਿਸ਼ਿਆਂ ਵਿੱਚ ਆਏ ਪਦਾਂ ਦੇ ਅਰਥ, ਭਾਵ ਅਰਥ ਤਥਾ ਉਹਨਾਂ ਦੀ ਵਿਆਖਿਆ ਨੂੰ ਸ਼ਾਸਤ੍ਰੀ ਪ੍ਰਕਿਰਿਆ, ਗੁਰਮਤਿ ਦੀ ਰੌਸ਼ਨੀ ਤੇ ਸੰਪ੍ਰਦਾਇ ਪ੍ਰੰਪਰਾ ਦੁਆਰਾ ਬਹੁਤ ਹੀ ਲਗਨ ਤੇ ਮਿਹਨਤ ਨਾਲ ਤਿਆਰ ਕਰਕੇ ਸਿੱਖ-ਜਗਤ ਦੀ ਝੋਲੀ ਪਾਇਆ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਅਦੁਤਿ ਤੇ ਨਿਰਾਲਾ ਪ੍ਰਯਤਨ ਹੈ।

ਅਸੀਂ ਨਿਰਮਲ ਭੇਖ ਅਤੇ ਸ੍ਰੀ ਪੰਚਾਇਤੀ ਅਖਾੜਾ ਨਿਰਮਲ ਕਨਖਲ ਹਰਿਦੁਆਰ ਵੱਲੋਂ ਗਿਆਨੀ ਗੁਰਜੰਟ ਸਿੰਘ ਜੀ ਦੁਆਰਾ ਕੀਤੇ ਇਸ ਮਹਾਨ ਕਾਰਜ ਦੀ ਸ਼ਲਾਘਾ ਤੇ ਧੰਨਵਾਦ ਕਰਦੇ ਹਾਂ ਅਤੇ ਵਧਾਈ ਦਿੰਦੇ ਹਾਂ। ਤਥਾ ਆਸ ਕਰਦੇ ਹਾਂ ਕਿ ਸਾਰੇ ਹੀ ਵਿਦਵਾਨ ਤੇ ਪਾਠਕ ਸੱਜਣ ਇਸ ਰਚਨਾਂ ਤੋਂ ਲਾਭ ਪ੍ਰਾਪਤ ਕਰਨਗੇ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਗਿਆਨੀ ਜੀ ਇਸੇ ਤਰ੍ਹਾਂ ਵਿਦਿਆ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾ ਕੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿਣ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪੰਥ ਦਾ ਦਾਸ

श्री महन्त स्वामी ज्ञानदेव सिंह

**ਸ੍ਰੀ ਮਹੰਤ ਸੁਆਮੀ ਗਿਆਨਦੇਵ ਸਿੰਘ**

**ਵੇਦਾਂਤਾਚਾਰਿਆ**

ਮੁਖੀ-ਸ੍ਰੀ ਪੰਚਾਇਤੀ ਅਖਾੜਾ ਨਿਰਮਲ

ਕਨਖਲ ਹਰਿਦੁਆਰ, ਉਤਰਾਖੰਡ

# ਟੀਕੇ ਬਾਰੇ

ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੀ ਅਦੁੱਤੀ ਰਚਨਾ ਹੈ ਜਿਸ ਵਿੱਚ ਮਹਾਂਕਵੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਮੁੱਚਾ ਗੁਰ ਇਤਿਹਾਸ ਕਾਵਿ ਰੂਪ ਵਿੱਚ ਕਲਮਬੰਧ ਕੀਤਾ ਹੈ। ਇਹ ਵਡ ਅਕਾਰੀ ਗ੍ਰੰਥ ਸਹਿਤ ਜਗਤ ਦਾ ਅਨਮੋਲ ਰਤਨ ਹੈ। ਇਹ ਭਾਸ਼ਾ ਕਾਵਿ, ਗੁਰਮਤਿ ਸਿਧਾਂਤ, ਗੁਰਬਾਣੀ ਵਿਆਖਿਆ ਆਦਿ ਦਾ ਅਤਭੁਦ ਖਜਾਨਾ ਹੈ। ਇਸ ਗ੍ਰੰਥ ਵਿੱਚ ਅਨੇਕਾਂ ਸਰਲ ਅਤੇ ਕਠਿਨ ਅਧਿਆਇ ਹਨ। ਜਿਨ੍ਹਾਂ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਨਾਲ-ਨਾਲ ਅਨਮਤਾਂ ਦੇ ਸਿਧਾਂਤਾ ਦਾ ਵੀ ਤੁਲਨਾਤਮਕ ਰੂਪ ਵਿੱਚ ਬਿਉਰਾ ਦਿੱਤਾ ਹੈ ਜੋ ਅਤਿ ਲੋੜੀਂਦਾ ਅਤੇ ਸਮਝਣਯੋਗ ਹੈ। ਹਥਲੀ ਪੋਥੀ ਵਿੱਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰੁਤ ਪੰਜਵੀਂ ਦੇ ਅਧਿਆਇ ੪੧ ਤੋਂ ੫੦ ਤੱਕ ਦੇ ਅਤਿ ਮਹੱਤਵਪੂਰਨ ਅਤੇ ਗੂੜ੍ਹ ਰਹਸਾਤਮਕ ਗੁਰਮਤਿ ਅਤੇ ਵੇਦਾਂਤ ਦੇ ਸ਼ਿਧਾਂਤਾਂ ਦਾ ਜੋ ਵਿਸ਼ਾ ਵਸਤੂ ਹੈ ਉਸ ਦੀ ਵਿਆਖਿਆ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨ ਗੁਰਜੰਟ ਸਿੰਘ ਜੀ ਨੇ ਬਾਖੂਬੀ ਕੀਤੀ ਹੈ। ਜਿਥੇ ਜਿਥੇ ਵੇਦਾਂਤ ਅਥਵਾ ਯੋਗ ਦੀ ਵਿਚਾਰ ਆਈ ਹੈ ਉਸਨੂੰ ਵੇਦਾਂਤ ਅਤੇ ਯੋਗ ਦੇ ਗ੍ਰੰਥਾਂ ਦੇ ਪ੍ਰਮਾਣ ਦੇ ਕੇ ਯੋਗ ਅਤੇ ਵੇਦਾਂਤ ਦੇ ਸ਼ਾਸਤਰੀ ਸਿਧਾਂਤਾਂ ਅਨੁਸਾਰ ਵਿਆਖਿਆ ਸਹਿਤ ਲਿਖਿਆ ਹੈ। ਜਿਥੇ ਗੁਰਮਤਿ ਦੀ ਵਿਚਾਰ ਆਈ ਹੈ ਉਥੇ ਗੁਰੂ ਸਾਹਿਬ ਜੀ ਦੇ ਆਸ਼ੇ ਅਨੁਸਾਰ ਗੁਰਮਤਿ ਸਿਧਾਂਤ ਨੂੰ ਕਥਨ ਕੀਤਾ ਹੈ। ਇਸ ਵਿਆਖਿਆ ਤੋਂ ਪਹਿਲਾਂ ਅਣਜਾਣ ਪਾਠਕਾਂ ਨੂੰ ਇਹਨਾਂ ਵਿਸ਼ਿਆਂ ਨੂੰ ਨਿਖੇੜ ਕੇ ਸਮਝਣ ਵਿੱਚ ਕਠਿਨਾਈ ਆਉਂਦੀ ਸੀ ਜਿਸ ਕਰਕੇ ਕੁਝ ਪ੍ਰਚਾਰਕ ਵੀ ਟਪਲਾ ਖਾ ਜਾਂਦੇ ਸਨ। ਲੇਕਿਨ ਹੁਣ ਇਸ ਵਿਆਖਿਆ ਰਾਹੀਂ ਸਾਡੇ ਪ੍ਰਚਾਰਕ ’ਤੇ ਵਿਆਖਿਆਕਾਰਾਂ ਨੂੰ ਇਕ ਨਵੀਂ ਸੇਧ ਪ੍ਰਾਪਤ ਹੋਵੇਗੀ। ਮੈਂ ਇਸ ਸ਼ੁਭ ਉਪਰਾਲੇ ਲਈ ਗਿਆਨੀ ਗੁਰਜੰਟ ਸਿੰਘ ਜੀ ਪਟਿਆਲਾ ਨੂੰ ਮੁਬਾਰਕਾਬਾਦ ਦਿੰਦਾ ਹਾਂ ਅਤੇ ਅਕਾਲ ਪੁਰਖ ਜੀ ਅੱਗੇ ਉਹਨਾਂ ਦੀ ਚੜ੍ਹਦੀਕਲਾ ਲਈ ਅਰਦਾਸ ਕਰਦਾ ਹਾਂ।

ਸਤਿਗੁਰੂ ਕਿਰਪਾ ਕਰੇ।

ਗੁਰੂ ਪੰਥ ਦਾ ਦਾਸ


**ਡਾ. ਦਿਲਵਰ ਸਿੰਘ**

ਮੋ. 94173-06371

ਸਹਾਇਕ ਡਾਇਰੈਕਟਰ

ਯੁਵਕ ਸੇਵਾਵਾਂ, ਪੰਜਾਬ ਸਰਕਾਰ।

# ਪ੍ਰਸੰਸਾ ਪੱਤਰ

ਇਹ ਟੀਕਾ ਪੁਰਾਤਨ ਗ੍ਰੰਥ ਸੰਭਾਲ ਸੇਵਾ ਪਟਿਆਲਾ ਦੇ ਸੰਸਥਾਪਕ ਗਿਆਨੀ ਗੁਰਜੰਟ ਸਿੰਘ ਜੀ ਪਟਿਆਲਾ ਦੀ ਅਣਥੱਕ ਮਿਹਨਤ ਸਕਦਾ ਸਾਨੂੰ ਦਰਸ਼ਨ ਕਰਨ ਲਈ ਪ੍ਰਾਪਤ ਹੋ ਰਿਹਾ ਹੈ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੀ ਦੁਰਲੱਭ ਰਚਨਾ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਪੰਜਵੀਂ ਰੁੱਤ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ।

ਇਸ ਰੁੱਤ ਅੰਦਰ ਭਾਈ ਦਇਆ ਸਿੰਘ ਜੀ ਨੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਆਤਮ ਗਿਆਨ ਦੇ ਵਿਸ਼ੇ ਤੇ ਗੁਰੂ ਕੇ ਸਿੱਖਾਂ ਵੱਲੋਂ ਕੀਤੇ ਪ੍ਰਸ਼ਨਾਂ ਦੇ ਉਤਰ ਦਿੱਤੇ ਹਨ। ਇਹ ਆਤਮ ਗਿਆਨ ਵੇਦਾਂਤ, ਯੋਗ ਅਤੇ ਗੁਰਮਤਿ ਇਹਨਾਂ ਤਿੰਨਾਂ ਵਿਸ਼ਿਆਂ ਦੁਆਰਾ ਪ੍ਰਤਿਪਾਦਨ ਕੀਤਾ ਗਿਆ ਹੈ। ਲੇਕਿਨ ਇਹ ਵਿਸ਼ੇ ਇੰਨੇ ਕੁ ਕਠਿਨ ਹਨ ਕਿ ਇਹਨਾਂ ਨੂੰ ਸਮਝ ਪਾਣਾ ਬੜਾ ਔਖਾ ਹੈ।ਕਵਿ ਜੀ ਦੀ ਛੰਦਾ ਬੰਦੀ ਦੀ ਬੋਲੀ, ਸ਼ੈਲੀ ਅਤੇ ਇਹਨਾਂ ਵਿਸ਼ਿਆਂ ਦਾ ਸਿਧਾਂਤ ਰਹੱਸਾਤਮਕ ਹੋਣ ਕਾਰਨ ਪਾਠਕਾਂ ਅਤੇ ਪ੍ਰਚਾਰਕਾਂ ਨੂੰ ਸਮਝਣਾ ਕਠਿਨ ਹੁੰਦਾ ਹੈ। ਤਕਰੀਬਨ ਹਰ ਸੰਪ੍ਰਦਾਇ ਦੇ ਵਿਦਿਆਰਥੀ ਅਤੇ ਪ੍ਰਚਾਰਕ ਇਹਨਾਂ ਵਿਸ਼ਿਆਂ ਨੂੰ ਪੜ੍ਹਨਾ ਤੇ ਵਿਚਾਰਨਾਂ ਚਾਹੁੰਦੇ ਹਨ ਪ੍ਰੰਤੂ ਕਠਿਨ ਹੋਣ ਕਾਰਨ ਔਖਿਆਈ ਆਉਂਦੀ ਸੀ। ਲੇਕਿਨ ਹੁਣ ਇਸ ਟੀਕੇ ਦੁਆਰ ਇਨ੍ਹਾਂ ਵਿਸ਼ਿਆਂ ਨੂੰ ਪੜ੍ਹਿਆ ਅਤੇ ਵਿਚਾਰਿਆ ਜਾ ਸਕੇਗਾ। ਇਸ ਵੱਡੇ ਕਾਰਜ ਦੀ ਸੇਵਾ ਸਤਿਗੁਰਾਂ ਨੇ ਗਿਆਨੀ ਗੁਰਜੰਟ ਸਿੰਘ ਜੀ ਪਾਸੋਂ ਕਰਵਾਈ ਹੈ ਸਤਿਗੁਰੂ ਜੀ ਕ੍ਰਿਪਾ ਕਰਨ ਇਸੇ ਤਰ੍ਹਾਂ ਗਿਆਨੀ ਜੀ ਤੋਂ ਸੇਵਾ ਲੈਂਦੇ ਰਹਿਣ। ਸਾਡੇ ਸੰਪ੍ਰਦਾਈ ਵਿਦਵਾਨਾਂ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਗਿਆਨੀ ਜੀ ਤਕਰੀਬਨ ਹੁਣ ਤੱਕ ਦੇ ਸੰਪ੍ਰਦਾਈ ਟੀਕਾਕਾਰਾਂ ਵਿੱਚੋਂ ਸਭ ਤੋਂ ਛੋਟੀ ਉਮਰ ਦੇ ਟੀਕਾਕਾਰ ਹਨ ਜਿਸ ਦੀ ਮੈਂ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ। ਗੁਰੂ ਭਲਾ ਕਰੇ।

ਗੁਰੂ ਪੰਥ ਦਾ ਦਾਸ

**ਗਿਆਨੀ ਜਸਵੀਰ ਸਿੰਘ ਕੋਹਾਲਾ**

ਮੁਖੀ ਗੁਰਸ਼ਬਦ ਪ੍ਰਚਾਰ ਸੰਸਥਾ ਕੋਹਲਾ, ਜਲੰਧਰ।

# ਟੀਕਾਕਾਰ ਵੱਲੋਂ ਬੇਨਤੀ

ਪ੍ਰਭੂ ਦੀ ਪ੍ਰਾਪਤੀ ਸਦੀਆਂ ਤੋਂ ਮਨੁੱਖ ਦੀ ਅਭਿਲਾਸ਼ਾ ਰਹੀ ਹੈ ਅਤੇ ਇਸ ਮਾਰਗ ਉਤੇ ਚੱਲਣ ਵਾਲੇ ਜਗਿਆਸੂਆਂ ਦੀ ਹੋਰ ਜਾਨਣ ਦੀ ਇੱਛਾ ਕਦੇ ਵੀ ਸ਼ਾਂਤ ਨਹੀਂ ਹੋ ਸਕਦੀ। ਅਵਸਥਾਵਾਂ ਨੂੰ ਮਾਣਨਾ ਅਤੇ ਹੋਰ ਅੱਗੇ ਦੀ ਅਵਸਥਾ ਲਈ ਯਤਨ ਕਰਨੇ ਇਹੀ ਅਭਿਆਸੀਆਂ ਦਾ ਜੀਵਨ ਹੈ।

ਸਿੱਖ ਧਰਮ ਵਿੱਚ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਯਤਨਾਂ ਨਾਲ ਸਿੱਖਾਂ ਨੂੰ ਉਪਦੇਸ਼ ਦਿੱਤੇ ਹਨ ਅਤੇ ਇਸ ਰਸਤੇ ਤੇ ਤੋਰਿਆ ਹੈ। ਸਿੱਖ ਅਨੇਕਾਂ ਹੀ ਗੁੰਝਲਦਾਰ ਪ੍ਰਸ਼ਨ ਅਤੇ ਆਪਣੇ ਮਨਾਂ ਦੇ ਵਲਵਲੇ ਲੈ ਕੇ ਸ੍ਰੀ ਗੁਰੂ ਜੀ ਪਾਸ ਆਉਂਦੇ ਰਹੇ ਹਨ ਅਤੇ ਮਹਾਰਾਜ ਜੀ ਉਹਨਾਂ ਦੇ ਸਮਾਧਾਨ ਕਰਦੇ ਰਹੇ ਹਨ। ਇਸੇ ਤਰ੍ਹਾਂ ਕਈ ਵਾਰ ਮਹਾਰਾਜ ਜੀ ਸਿੱਖਾਂ ਨੂੰ ਵੀ ਸੰਗਤ ਦੇ ਇਹਨਾਂ ਸ਼ੰਕਿਆਂ ਦੇ ਸਮਾਧਾਨ ਕਰਨ ਲਈ ਕਹਿੰਦੇ ਸਨ।ਇਸੇ ਤਰ੍ਹਾਂ ਇੱਕ ਵਾਰ ਮਹਾਰਾਜ ਜੀ ਦੇ ਕਹਿਣ ਉਤੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨੇ ਅਭਿਆਸੀ ਗੁਰਸਿੱਖਾਂ ਦੇ ਸ਼ੰਕਿਆਂ ਦਾ ਸਮਾਧਾਨ ਕੀਤਾ ਸੀ ਤੇ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕਰਦੇ ਸਮੇਂ ਕਾਵਿ ਰੂਪ ਦੇ ਕੇ ਇਹਨਾਂ ਘਟਨਾਵਾਂ ਨੂੰ ਪ੍ਰਸਤੁਤ ਕੀਤਾ ਅਤੇ 'ਪੰਜਵੀ ਰੁੱਤ' ਦਾ ਸਿਰਲੇਖ ਦਿੱਤਾ। ਅਧਿਆਤਮ ਦਾ ਵਿਸ਼ਾ ਹੋਣ ਕਰਕੇ ਇਹ ਕਾਫੀ ਕਠਿਨ ਅਤੇ ਗੂੜ ਗਿਆਨ ਦਾ ਵਿਸ਼ਾ ਬਣ ਗਿਆ ਜਿਸ ਦੇ ਅਰਥ ਕਰਨੇ ਮੁਸ਼ਕਿਲ ਲੱਗਦੇ ਸਨ ਤਾਂ ਇਸ ਦੇ ਇੱਕ ਟੀਕੇ ਦੀ ਲੋੜ ਮਹਿਸੂਸ ਕੀਤੀ ਗਈ ਪਰ ਇਸ ਵਿਸ਼ੇ ਦੇ ਅਰਥ ਕਰਨ ਲਈ ਵੇਦਾਂਤ, ਯੋਗ ਅਤੇ ਹੋਰ ਵਿਸ਼ਿਆ ਦਾ ਗਿਆਨ ਹੋਣਾ ਵੀ ਜਰੂਰੀ ਸੀ ਤਾਂ ਕਿ ਇਸ ਵਿਸ਼ੇ ਦੇ ਅੰਤਰੀਵ ਅਰਥਾਂ ਨੂੰ ਸਮਝਿਆ ਜਾ ਸਕੇ।ਜੋ ਕਿ ਦਾਸ ਨੇ ਵੱਖ-ਵੱਖ ਥਾਵਾਂ ਤੋਂ ਪ੍ਰਾਪਤ ਕੀਤਾ।ਜਿਵੇਂ ਕਿ ਸੰਤ ਜੋਗਿੰਦਰ ਸਿੰਘ ਜੀ ਨਿਰਮਲੇ ਮਹਾਂ ਪੁਰਖ ਅਤੇ ਸੰਨਿਆਸੀ ਮਹਾਤਮਾ ਸੁਆਮੀ ਬ੍ਰਹਮਦੇਵ ਜੀ ਸੁਨਾਮ (ਬਨਾਰਸ) ਜਿਹਨਾਂ ਕੋਲੋਂ ਵੇਦਾਂਤ ਅਤੇ ਨਯਾਇ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਜਿਸ ਅਧਿਐਨ ਦੇ ਕਰਨ ਕਰਕੇ ਇਹ ਟੀਕਾ ਲਿਖ ਸਕਿਆ ਹਾਂ। ਇਹਨਾਂ ਸਾਰੇ ਮਹਾਂਪੁਰਖਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।ਦਾਸ ਵਿਸ਼ੇਸ਼ ਕਰਕੇ ਧੰਨਵਾਦੀ ਹੈ ਗਿਆਨੀ ਠਾਕੁਰ ਸਿੰਘ ਜੀ ਪਟਿਆਲੇ ਵਾਲੇ ਵਿਦਿਆਰਥੀ ਦਮਦਮੀ ਟਕਸਾਲ ਦਾ ਜਿਹਨਾਂ ਦੇ ਵਿਸ਼ੇਸ਼ ਸਹਿਯੋਗ ਕਰਕੇ ਕਾਫੀ ਸਮੇਂ ਤੋਂ ਦਾਸ ਬਹੁਤ ਸਾਰੀਆਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਧੰਨਵਾਦੀ ਹਾਂ ਇਹਨਾਂ ਸੰਸਥਾਵਾਂ ਤੇ ਗੁਰਸਿੱਖਾਂ ਦਾ ਜੋ ਦਾਸ ਨੂੰ ਪੰਥਕ ਕਾਰਜਾਂ ਵਿੱਚ ਸਹਿਯੋਗ ਬਖਸ਼ਦੇ ਹਨ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ, ਸੰਤ ਹਰਚਰਨ ਸਿੰਘ ਜੀ ਨਾਨਕਸਰ ਕੁਟੀਆ (ਪਟਿਆਲਾ), ਗਿਆਨੀ ਚਰਨਜੀਤ ਸਿੰਘ ਜੀ ਕਥਾਕਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ, ਸ੍ਰੀ ਸਰਬਲੋਹ ਬੁੰਗਾ ਨੰਗਲੀ, ਗਿਆਨੀ ਮਹਿਤਾਬ ਸਿੰਘ ਜੀ ਭੰਬੋਈ, ਗਿਆਨੀ ਜਸਵੀਰ ਸਿੰਘ ਕੋਹਾਲਾ, ਡਾ. ਦਿਲਬਰ ਸਿੰਘ ਜੀ। ਦਾਸ ਦੇ ਵਿਦਿਆਰਥੀ ਜੋ ਇਸ ਟੀਕੇ ਦੀ ਪਰੂਫ ਰੀਡਿੰਗ ਕਰਦੇ ਰਹੇ ਹਨ। ਡਾ. ਮਨਿੰਦਰ ਸਿੰਘ, ਗਿਆਨੀ ਗੁਰਪਾਲ ਸਿੰਘ, ਗਿਆਨੀ ਜਸਕੀਰਤ ਸਿੰਘ ਬਟਾਲਾ, ਗਿਆਨੀ ਭਵਨਜੋਤ ਸਿੰਘ ਪਟਿਆਲਾ, ਦਾਸ ਦੀ ਬੇਟੀ ਰਬਜੋਤ ਕੌਰ ਵਿਦਿਆਰਥੀ ਅਕਾਲ ਅਕੈਡਮੀ ਰੀਠਖੇੜੀ ਅਤੇ ਮਿੱਤਰ ਪਿਆਰੇ ਭਾਈ ਮਨਪ੍ਰੀਤ ਸਿੰਘ ਮੀਰਪੁਰੀ, ਭਾਈ ਮਨਿੰਦਰ

ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਇਹਨਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਜੀ। ਇਸ ਟੀਕੇ ਦੀ ਟਾਇਪਿੰਗ ਅਤੇ ਡਿਜਾਇਨਿੰਗ ਦੀ ਸੇਵਾ ਕਰੇਟਿਵ ਕੰਪਿਊਟਰ, ਪਟਿਆਲਾ ਵੱਲੋਂ ਕੀਤੀ ਗਈ ਜਿਸ ਲਈ ਇਹਨਾਂ ਦਾ ਧੰਨਵਾਦ ਹੈ।

ਭਾਈ ਮੀਤਪਾਲ ਸਿੰਘ ਜੀ ਕਨੇਡਾ, ਭਾਈ ਪਰਮਜੀਤ ਸਿੰਘ ਜੀ ਪੁਰਾਤਨ ਲਿਖਤਾਂ ਆਸਟ੍ਰੇਲੀਆ, ਭਾਈ ਸਮਸ਼ੇਰ ਸਿੰਘ ਜੀ ਦਮਦਮੀ ਟਕਸਾਲ, ਰਣਜੀਤ ਅਖਾੜਾ ਆਸਟ੍ਰੇਲੀਆ, ਭਾਈ ਜਸਵਿੰਦਰ ਸਿੰਘ ਜੀ ਨਿਊ ਕੈਸਲ ਯੂਕੇ, ਭਾਈ ਗੁਰਮਿੰਦਰ ਸਿੰਘ ਜੀ ਬਰਮਿੰਘਮ, ਭਾਈ ਭਰਵਿੰਦਰ ਸਿੰਘ ਬਵੀ ਜੀ ਬਰਮਿੰਘਮ ਅਤੇ ਭਾਈ ਹਰਜਿੰਦਰ ਸਿੰਘ ਜੀ ਖੇਲਾ ਯੂਕੇ ਇਹਨਾਂ ਸਾਰੇ ਗੁਰਸਿੱਖਾਂ ਦਾ ਤਹਿਦਿਲੋਂ ਧੰਨਵਾਦ।

ਇਸ ਆਤਮ ਗਿਆਨ ਪ੍ਰਕਾਸ਼ ਗ੍ਰੰਥ ਦੀ ਭੂਮਿਕਾ ਲਿਖ ਕੇ ਆਸ਼ਿਰਵਾਦ ਦੇਣ ਲਈ ਸ੍ਰੀ ਮਾਨ ਸੁਆਮੀ ਗਿਆਨ ਦੇਵ ਸਿੰਘ ਜੀ ਮੁਖੀ ਨਿਰਮਲ ਸੰਪ੍ਰਦਾਇ ਕਨਖਲ ਹਰਿਦੁਆਰ ਜੀ ਦਾ ਬਹੁਤ-ਬਹੁਤ ਧੰਨਵਾਦ।

ਅਖੀਰ ਵਿੱਚ ਮਹਾਨ ਪਰਉਪਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਾਤਾ ਸਾਹਿਬ ਕੌਰ ਜੀ , ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਭਾਈ ਦਇਆ ਸਿੰਘ ਜੀ ਦਾ ਜਿਹਨਾਂ ਨੇ ਦਾਸ ਦੀ ਤੁੱਛਬੁੱਧੀ ਤੇ ਇਸ ਤਰ੍ਹਾਂ ਦਾ ਕਾਰਜ ਕਰਨ ਦੀ ਬਖਸ਼ਿਸ਼ ਕੀਤੀ। ਦਾਸ ਨੇ ਆਪਣੀ ਤੁੱਛ ਬੁੱਧੀ ਅਨੁਸਾਰ ਇਹ ਕਾਰਜ ਕੀਤਾ ਹੈ। ਹੋਈਆਂ ਭੁੱਲਾਂ ਅਤੇ ਅੱਖਰ ਦੀ ਵਾਧ ਘਾਟ ਲਈ ਦਾਸ ਖਿਮਾ ਦਾ ਜਾਚਕ ਹੈ ਜੀ।

ਗੁਰੂ ਪੰਥ ਦਾ ਦਾਸ


**ਗਿਆਨੀ ਗੁਰਜੰਟ ਸਿੰਘ**

ਪੁਰਾਤਨ ਗ੍ਰੰਥ ਸੰਭਾਲ ਸੇਵਾ, ਪਟਿਆਲਾ

+91-97812-71253


ਇਸ ਟੀਕੇ ਦੇ ਹੱਕ ਟੀਕਾਕਾਰ ਦੇ ਕੋਲ ਰਾਖਵੇਂ ਹਨ।

# ਟੀਕਾਕਾਰ ਕ੍ਰਿਤ-ਮੰਗਲ

ਸ੍ਰੀ ਨਾਨਕ ਤੇ ਆਦਿ ਲੇ ਸ੍ਰੀ ਗੁਰੂ ਗ੍ਰੰਥ ਪ੍ਰਯੰਤ॥

ਨਮਸਕਾਰ ਡੰਡਉਤ ਹੈ, ਮਹਿਮਾ ਅਤੀ ਬਿਅੰਤ॥

ਨਾ ਵਿਦਵਾਨ ਨ ਵਿਦਵਤਾ ਨਾ ਮੁਝਮੇਂ ਕਛੁ ਗਜਾਨ॥

ਸਤਿਗੁਰ ਕ੍ਰਿਪਾ ਦ੍ਰਿਸਟਿਸੇ ਕਿਯਾ ਪੰਚਮ ਰੁਤ ਵਖਜਾਨ॥

ਬ੍ਰਹਮ ਗਜਾਨ ਵੀਚਾਰ ਕੋ, ਕਰ ਨ ਸਕਤ ਮਨ ਮੋਰ॥

ਬ੍ਰਹਮ ਵਿਚਾਰ ਯੁਤ ਮਨ ਭਯਾ, ਸਤਿਗੁਰ ਮਿਹਰਾਮਤ ਤੋਰ॥

## ਅਧਿਆਇ ੪੧

### ਭਾਈ ਦਇਆ ਸਿੰਘ ਜੀ ਵੱਲੋਂ

# ਕਰਮ ਨਿਰਣਯ

### ਦੋਹਰਾ:ਨਿਤ ਪ੍ਰਤਿ ਬੈਠਹਿ ਸਿੰਘ ਢਿਗ ਰਹਿਣੀ ਰਹਿਤ ਬਤਾਇ।

ਹਰ ਰੋਜ਼ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਅਨੇਕਾ ਸਿੰਘ ਬੈਠਦੇ ਹਨ ਤੇ ਦਸਮੇਸ਼ ਪਿਤਾ ਜੀ ਆਪਣੇ ਸਿੰਘਾਂ ਨੂੰ ਗੁਰਮਤਿ ਦੀ ਰਹਿਤ ਬਹਿਤ ਦੱਸਦੇ ਹਨ ਭਾਵ ਖਾਲਸੇ ਨੇ ਕਿਹੜੀ ਰਹਿਤ ਕਿਵੇਂ ਰੱਖਣੀ ਹੈ? ਅਥਵਾ ਰਹਿਤ ਵਿੱਚ ਕਿਵੇਂ ਪ੍ਰਪੱਕ ਰਹਿਣਾ ਹੈ ? ਇਹ ਦੱਸਦੇ ਹਨ।

### ਭਗਤ ਗਜਾਨ ਕੀ ਬਾਰਤਾ ਸੁਨਹਿ ਸਦਾਚਿਤ ਲਾਇ।

ਪ੍ਰਮਾਤਮਾ ਦੀ ਭਗਤੀ ਕਿਵੇਂ ਕਰਨੀ ਹੈ? ਪ੍ਰਮੇਸ਼ਰ ਦੀ ਭਗਤੀ ਦੇ ਡੂੰਘੇ ਰਹੱਸ ਕੀ ਹਨ? ਐਸੇ ਅਗੰਮੀ ਗਿਆਨ ਦੀ ਚਰਚਾ ਮਹਾਰਾਜ ਜੀ ਹਰ ਰੋਜ਼ ਕਰਦੇ ਹਨ ਤੇ ਸਿੰਘ ਹਿਰਦੇ ਕਰਕੇ ਸਮਰਪਿਤ ਹੋ ਕੇ ਸੁਣਦੇ ਹਨ।

### ਭਾਵ ਅਰਥ

ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਤੇ ਦਸਮੇਸ਼ ਪਿਤਾ ਜੀ ਅਗੰਮੀ ਗਿਆਨ ਦਾ ਅੰਮ੍ਰਿਤ ਹਰ ਰੋਜ਼ ਆਪਣੇ ਸਿੱਖਾਂ ਨੂੰ ਵੰਡ ਰਹੇ ਹਨ। ਸਿੱਖਾਂ ਨੇ ਰਹਿਤ ਕਿਵੇਂ ਰੱਖਣੀ ਹੈ ਭਾਵ ਕਿਹੜੇ ਕਰਮ ਕਰਨੇ ਹਨ ਤੇ ਕਿਹੜੇ ਕਰਮ ਤਿਆਗਣੇ ਹਨ। ਇਹ ਦੱਸਦੇ ਹਨ ਅਤੇ ਪ੍ਰਮਾਤਮਾ ਦੀ ਭਗਤੀ ਸਿੱਖ ਨੇ ਜਰੂਰ ਕਰਨੀ ਹੈ। ਇਸ ਵਿਸ਼ੇ ਤੇ ਮਹਾਰਾਜ ਜੀ ਹਰ ਰੋਜ਼ ਸਿੱਖਾਂ ਨੂੰ ਗਿਆਨ ਬਖਸ਼ਦੇ ਹਨ। ਭਗਤੀ ਕਿਵੇਂ ਕਰਨੀ ਹੈ? ਭਗਤੀ ਦੇ ਮਾਰਗ ਵਿੱਚ ਕੀ-ਕੀ ਬਿਘਨ ਪੈਂਦੇ ਹੁੰਦੇ ਹਨ? ਅਤੇ ਹੋਰ ਮੱਤਾਂ ਨਾਲੋਂ ਗੁਰੂ ਨਾਨਕ ਭਗਤੀ ਮੱਤ ਦੀ ਸ੍ਰੇਸ਼ਟਤਾ ਕੀ ਹੈ ਇਹ ਸਾਰਾ ਗਿਆਨ ਆਪਣੇ ਸਿੱਖਾਂ ਨੂੰ ਦੱਸਦੇ ਹਨ। ਜਿਹੜਾ ਵਾਹਿਗਰੂ ਭਗਤੀ ਦਾ ਗਿਆਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਆਪਣੇ ਸ੍ਵੈ-ਅਨੁਭਵ ਵਿੱਚੋਂ ਆਪਣੇ ਸਿੱਖਾਂ ਨੂੰ ਦੇ ਰਹੇ ਹਨ, ਉਸ ਤੋਂ ਉੱਪਰ ਦੁਨੀਆਂ ਤੇ ਹੋਰ ਕਿਹੜਾ ਗਿਆਨ ਹੋ ਸਕਦਾ ਹੈ? ਭਾਵ ਨਹੀਂ ਹੋ ਸਕਦਾ।

### ਚੌਪਈ: ਸਭਿ ਸਿੱਖਨ ਬੂਝੇ ਕਰ ਜੋਰਿ।ਪ੍ਰਾਨੀ ਕਰਮ ਬੰਧ ਪਰ ਘੋਰ।

ਇਕ ਦਿਨ ਸਜੇ ਦੀਵਾਨ ਅੰਦਰ ਸਾਰੇ ਸਿੰਘਾਂ ਨੇ ਦਸਮੇਸ਼ ਪਿਤਾ ਜੀ ਨੂੰ ਹੱਥ ਜੋੜ ਕੇ, ਬੇਨਤੀ ਕਰਕੇ ਪੁੱਛਿਆ ਹੈ ਕਿ ਮਹਾਰਾਜ ਜੀ ਇਹ ਪ੍ਰਾਣੀ ਬਹੁਤ ਹੀ ਦੁੱਖ ਦੇਣ ਵਾਲੇ ਕਰਮਾਂ ਦੇ ਬੰਧਨਾਂ ਵਿੱਚ ਪਿਆ ਹੋਇਆ ਹੈ।

**ਤਿਨ ਕੋ ਨਿਰਨਾ ਕਰਹੁ ਸੁਨਾਵਨ। ਜਿਸ ਕੇ ਜਾਨਹਿ ਕਰਹਿ ਬਚਾਵਨ।੧।**

ਉਹਨਾਂ ਕਰਮਾਂ ਦਾ ਨਿਰਣਾ ਕਰਕੇ ਸਾਨੂੰ ਦੱਸੋ, ਜਿਸ ਨਿਰਣੈ ਨੂੰ ਸੁਣ ਕੇ ਅਸੀਂ ਆਪਣਾ ਇਹਨਾਂ ਕਰਮਾਂ ਤੋਂ ਬਚਾਅ ਕਰ ਸਕੀਏ ਅਥਵਾ ਆਪ ਜੀ ਦੁਆਰਾ ਕੀਤੇ ਨਿਰਣੈ ਕਰਕੇ ਇਹਨਾਂ ਕਰਮਾਂ ਦੇ ਡੂੰਘੇ ਸਿਧਾਂਤ ਨੂੰ ਜਾਣ ਕੇ, ਅਸੀਂ ਸਦਾ ਲਈ ਕਰਮ ਬੰਧਨ ਤੋਂ ਮੁਕਤ ਹੋ ਸਕੀਏ।

**ਸ਼੍ਰੀ ਮੁਖ ਤੇ ਸਭਿਹੂੰਨਿ ਉਚਾਰਾ। ਦਇਆ ਸਿੰਘ ਮਮ ਰੂਪ ਉਦਾਰਾ।**

ਸਾਰੇ ਸਿੱਖਾਂ ਦੁਆਰਾ ਕੀਤਾ ਗਿਆ ਬੇਨਤੀ ਰੂਪ ਪ੍ਰਸ਼ਨ ਸੁਣ ਕੇ, ਸਤਿਗੁਰੂ ਜੀ ਨੇ ਆਪਣੇ ਸ਼ਿਰੋਮਣੀ ਮੁੱਖ ਤੋਂ ਬਚਨ ਕੀਤੇ ਹਨ ਕਿ, ਭਾਈ ਸਿੱਖੋ * ਭਾਈ ਦਇਆ ਸਿੰਘ ਜੀ ਮੇਰਾ ਹੀ ਰੂਪ ਹਨ।

**ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ। ਉੱਤਰ ਕਹੈ ਸਕਲ ਹੀ ਸੋਇ।੩।**

ਜਿਹੋ-ਜਿਹੇ ਵੀ ਸਵਾਲ ਤੁਸੀਂ ਕਰਨਾ ਚਾਹੁੰਦੇ ਹੋ ਅਤੇ ਜਿਹੋ-ਜਿਹੀ ਤੁਹਾਡੀ ਰੁਚੀ ਹੈ, ਉਹੋ ਜਿਹੇ ਸਵਾਲ ਤੁਸੀਂ ਕਰੋ। ਭਾਈ ਦਇਆ ਸਿੰਘ ਜੀ ਤੁਹਾਨੂੰ ਹਰ ਪ੍ਰਕਾਰ ਦੇ ਪ੍ਰਸ਼ਨ ਦਾ ਉੱਤਰ ਦੇਣਗੇ ਭਾਵ ਇਹ ਨਾ ਸਮਝਣਾ ਪਤਾ ਨਹੀਂ ਸਾਡੇ ਪ੍ਰਸ਼ਨਾਂ ਦੇ ਉੱਤਰ ਸਾਨੂੰ ਮਿਲਣਗੇ ਕਿ ਨਾ? ਤੁਸੀਂ ਸਾਡਾ ਰੂਪ ਮੰਨ ਕੇ ਹੀ ਇਹਨਾਂ ਨੂੰ ਪ੍ਰਸ਼ਨ ਪੁੱਛਣੇ ਹਨ।

**ਇਮ ਕਹਿਕੈ ਗੁਰ ਅੰਤਰ ਗਏ। ਅਪਰ ਸਰਬ ਤਹਿ ਬੈਠਤਿ ਭਏ।**

ਇਸ ਪ੍ਰਕਾਰ ਬਚਨ ਕਰਕੇ, ਗੁਰੂ ਸਾਹਿਬ ਜੀ ਆਪਣੇ ਮਹਿਲ ਵਿੱਚ ਚਲੇ ਗਏ, ਬਾਕੀ ਜੋ ਸਿੰਘ ਸਨ ਸਾਰੇ ਹੀ ਸਤਿਗੁਰੂਾਂ ਦਾ ਹੁਕਮ ਮੰਨ ਕੇ ਉਥੇ ਹੀ ਬੈਠੇ ਰਹੇ।

**ਨਿਰਨੈ ਕਰਨ ਬਿਖੈ ਚਿਤ ਦਯੋ।ਦਯਾ ਸਿੰਘ ਤਬਿ ਬੋਲਤਿ ਭਯੋ।੪।**

ਜਦੋਂ ਸਾਰੇ ਸਿੰਘਾਂ ਨੇ ਗੁਰੂ ਹੁਕਮ ਮੰਨ ਕੇ ਕਰਮ ਸਿਧਾਂਤ ਦਾ ਨਿਰਣਾ ਸ੍ਰਵਣ ਕਰਨ ਵੱਲ ਆਪਣਾ ਧਿਆਨ ਦਿੱਤਾ ਤਾਂ ਉਸ ਵੇਲੇ ਭਾਈ ਦਇਆ ਸਿੰਘ ਜੀ ਬੋਲੇ ਹਨ।

**ਸਰਬ ਪ੍ਰਕਾਰ ਗੁਰੂ ਸਰਬੱਗਜ।ਹਮ ਤਿਨ ਅੱਗ੍ਰ ਕਹਾਂ ਅਲਪੱਗਜ।**

ਭਾਈ ਸਿੱਖੋ* ਗੁਰੂ ਸਾਹਿਬ ਜੀ ਸਰਬ ਕਲਾ ਸਮਰੱਥ ਹਨ। ਅਸੀਂ ਉਹਨਾਂ ਦੇ ਅੱਗੇ ਕੀ ਹਾਂ? ਅਲਪੱਗਜ ਥੋੜੀ ਸ਼ਕਤੀ, ਥੋੜੀ ਬੁੱਧੀ ਵਾਲੇ ਹਾਂ, ਅਸੀਂ ਸਤਿਗੁਰਾਂ ਦੇ ਅੱਗੇ ਕੁਝ ਵੀ ਸਮਰੱਥਾ ਨਹੀਂ ਰੱਖਦੇ ਅਥਵਾ ਭਾਈ ਦਇਆ ਸਿੰਘ ਜੀ ਕਹਿੰਦੇ ਸਿੱਖੋ* ਮਹਾਰਾਜ ਜੀ ਤਾਂ ਸਰਬ ਕਲਾ ਸਮਰੱਥ ਹਨ। ਉਹ ਤਾਂ ਤੁਹਾਡੇ-ਸਾਡੇ ਸਭ ਦੇ ਦਿਲਾਂ ਦੀਆਂ ਜਾਣਦੇ ਹਨ ਤੇ ਬਿਨਾਂ ਪ੍ਰਸ਼ਨ ਕੀਤੇ ਤੋਂ ਵੀ ਤੁਹਾਡੇ ਦਿਲਾਂ ਦੀਆਂ ਜਾਣ ਕੇ ਉੱਤਰ ਦੇ ਸਕਦੇ ਹਨ। ਮੈਂ ਤਾਂ ਉਹਨਾਂ ਦਾ ਇੱਕ ਨਿਮਾਣਾ ਜਿਹਾ ਸਿੱਖ ਹਾਂ। ਲੇਕਿਨ:

**ਤਿਮ ਬੋਲੋਂ ਮੈਂ ਜਥਾ ਬੁਲਾਵੈਂ। ਨਰ ਪੁਤਲੀ ਕੋ ਜਥਾ ਨਚਾਵੈ।੫।**

ਮੈਂ ਤਾਂ ਉਵੇਂ ਹੀ ਬੋਲਾਂਗਾਂ ਜਿਵੇਂ ਸਤਿਗੁਰੂ ਜੀ ਮੈਨੂੰ ਬੁਲਾਉਣਗੇ। ਜਿਸ ਪ੍ਰਕਾਰ ਇਕ ਨਟ ਪੁਤਲੀ ਨੂੰ ਨਚਾਉਂਦਾ ਹੈ।

**ਸੋਊ ਨਿਜ ਮੁਖ ਬੋਲ ਸੁਨਾਵਹਿਂ। ਲੋਕ ਲਖਹਿ ਪੁਤਲੀ ਅਲਾਵਹਿ।**

ਉਹ ਆਪਣੇ ਮੁੱਖ ਤੋਂ ਹੀ ਬੋਲ ਕੇ ਸੁਣਾਉਂਦਾ ਰਹਿੰਦਾ ਹੈ ਲੋਕ ਜਾਣਦੇ ਹਨ ਕਿ ਇਹ ਪੁਤਲੀ ਬੋਲ ਰਹੀ ਹੈ।

## ਭਾਵ ਅਰਥ

ਭਾਈ ਦਇਆ ਸਿੰਘ ਜੀ ਕਹਿੰਦੇ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਤਾਂ ਭਾਈ ਸਿੱਖੋ * ਸਤਿਗੁਰੂ ਜੀ ਹੀ ਦੇਣਗੇ, ਮੇਰਾ ਤਾਂ ਇਕ ਬਹਾਨਾ ਹੈ ਭਾਵ ਦਇਆ ਸਿੰਘ ਤਾਂ ਤੁਹਾਨੂੰ ਦੇਖਣ ਵਿੱਚ ਲੱਗ ਸਕਦਾ ਹੈ ਲੇਕਿਨ ਕਲਾ ਤਾਂ ਗੁਰੂ ਦੀ ਹੀ ਵਰਤੇਗੀ ਤੇ ਗੁਰੂ ਦੀ ਸ਼ਕਤੀ ਜਿਵੇਂ ਬੁਲਾਵੇਗੀ ਉਵੇਂ ਹੀ ਮੈਂ ਬੋਲ ਕੇ ਉੱਤਰ ਦਿੰਦਾ ਜਾਵਾਂਗਾ।

**ਪੂਰਬ ਸੁਨਹੁ ਕਰਮ ਦੀ ਗਾਥਾ। ਨਰਕ ਸੁਰਗ ਹੁਇ ਜਿਨ ਫਲ ਸਾਥਾ।੬।**

ਪਹਿਲਾ ਤੁਸੀਂ ਕਰਮਾਂ ਦੀ ਕਥਾ ਸੁਣੋ, ਜਿੰਨਾਂ ਕਰਮਾਂ ਦੇ ਕਰਨ ਕਰਕੇ ਨਰਕ ਜਾਂ ਸੁਰਗ ਰੂਪ ਫਲ ਪ੍ਰਾਪਤ ਹੁੰਦਾ ਹੈ।

**ਤੀਨ ਬਿਧਿਨਿ ਕੇ ਕਰਮ ਪਛਾਨ। ਸੰਚਿਤ, ਪਰਾਰਬਧ, ਕਿਰੇਮਾਨ।**

ਕਿਰੇਮਾਨ ਕਰਮ, ਸੰਚਿਤ ਕਰਮ ਤੇ ਪ੍ਰਾਰਬਧ ਇਹ ਤਿੰਨ ਤਰ੍ਹਾਂ ਦੇ ਕਰਮ ਪਛਾਣ ਲਉ।

**ਤਰਕਸ਼ ਅੰਤਹਕਰਨ ਮਝਾਰ।ਤ੍ਰੈ ਬਿਧਿ ਬਾਣ ਸਿ ਬਸਿਬੇਹਾਰ।੭।**

ਅੰਤਸ਼ਕਰਣ ਰੂਪ ਭੱਥੇ ਦੇ ਵਿੱਚ ਇਹ ਤਿੰਨ ਤਰ੍ਹਾਂ ਦੇ ਤੀਰ ਵਸਦੇ ਹਨ। ਹੁਣ ਹਿਰਦੇ ਨੂੰ ਭੱਥੇ ਦਾ ਪ੍ਰਮਾਣ ਦਿੱਤਾ ਹੈ ਤੇ ਕਰਮਾਂ ਨੂੰ ਤੀਰਾਂ ਦਾ ਪ੍ਰਮਾਣ ਦਿੱਤਾ ਹੈ। ਇਸ ਤੀਰ-ਕਮਾਨ ਤੇ ਭੱਥੇ ਦੇ ਪ੍ਰਮਾਣ ਰਾਹੀਂ ਕਰਮਾਂ ਦਾ ਨਿਤਾਰਾ ਕਰ ਰਹੇ ਹਨ।

**ਚੇਤਨਾ ਆਤਮ ਛਾਯਾ ਜੋਇ। ਪ੍ਰਤਿਬਿੰਬਤਿ ਅੰਤਹਕਰਣ ਹੋਇ।**

ਚੇਤਨ ਸਰੂਪ ਆਤਮਾ ਦਾ ਪ੍ਰਛਾਵਾਂ ਜੋ ਹੈ, ਉਸ ਨੂੰ ਅਭਾਸ ਕਹਿੰਦੇ ਹਨ। ਜਦੋਂ ਚੇਤਨ ਸਰੂਪ ਆਤਮਾ ਦਾ ਅਭਾਸ ਅੰਤਸ਼ਕਰਣ ਵਿੱਚ ਪੈਂਦਾ ਹੈ ਤਾਂ ਆਤਮਾ ਦੇ ਪ੍ਰਤਿਬਿੰਬ ਨਾਲ ਅੰਤਸ਼ਕਰਣ ਪ੍ਰਤਿਬਿੰਬਤ ਹੋ ਜਾਂਦਾ ਹੈ ਭਾਵ ਆਤਮਾ ਦੇ ਪ੍ਰਛਾਇ ਦੇ ਸਹਿਤ ਹੋ ਜਾਂਦਾ ਹੈ।

**ਅਰ ਅੱਗਜਾਨ ਅੰਸ ਕੇ ਸਹਿਤ। ਤਿਸ ਮਹਿ ਕਰਮ ਬੀਜ ਗਨ ਰਹਤਿ।੮।**

ਅਤੇ ਅਗਿਆਨ ਦੀ ਅੰਸ਼ ਦੇ ਸਹਿਤ ਜਦੋਂ ਇਹ ਅੰਤਸ਼ਕਰਣ ਹੁੰਦਾ ਹੈ ਭਾਵ ਅਗਿਆਨ ਸਹਿਤ ਅੰਤਸ਼ਕਰਣ ਵਿੱਚ, ਚੇਤਨ ਦਾ ਪ੍ਰਤਿਬਿੰਬ ਅਤੇ ਚੇਤਨ ਦੀ ਅਕਸ਼ ਰੂਪ ਸੱਤਾ, ਜਦੋਂ ਇਹ ਤਿੰਨ ਚੀਜ਼ਾਂ ਇਕੱਠੀਆਂ ਹੁੰਦੀਆਂ ਹਨ ਤਾਂ ਇਹਨਾਂ ਬਹੁਤ ਸਾਰੇ ਕਰਮਾਂ ਦੇ ਸੰਸਕਾਰ ਅੰਤਸ਼ਕਰਣ ਵਿੱਚ ਆ ਕੇ ਰਹਿੰਦੇ ਹਨ।

**ਅੰਤਹਕਰਣ ਆਪ ਜੜ੍ਹ ਅਹੈ। ਜਬਿ ਲੌ ਸੱਤਾ ਚਿਤੰਨ ਨ ਲਹੈ।**

ਇਹ ਅੰਤਸ਼ਕਰਣ ਆਪ ਤਾਂ ਜੜ੍ਹ ਹੈ ਅਤੇ ਜਦੋਂ ਤੱਕ ਇਹ ਚੇਤਨ ਤੋਂ ਸੱਤਾ ਪ੍ਰਾਪਤ ਨਹੀਂ ਕਰਦਾ।

**ਤਬਿ ਲੌ ਕਰਮ ਧਰਣ ਸਮਰਥ ਨਹਿ। ਚੇਤਨ ਛਾਇਆ ਤੇ ਸਮਰਥ ਲਹਿ।੯।**

ਉਦੋਂ ਤੱਕ ਇਹ ਅੰਤਸ਼ਕਰਣ ਕਰਮਾਂ ਨੂੰ ਧਾਰਨ ਕਰਨ ਵਿੱਚ ਸਮਰੱਥ ਨਹੀਂ ਹੁੰਦਾ। ਜਦੋਂ ਅੰਤਸ਼ਕਰਣ ਚੇਤਨ ਦੇ ਆਭਾਸ

ਸਹਿਤ ਹੁੰਦਾ ਹੈ ਉਦੋਂ ਇਹ ਅੰਤਸ਼ਕਰਣ ਉਸ ਆਭਾਸ ਵਿੱਚੋਂ ਚੇਤਨਤਾ ਰੂਪ ਸ਼ਕਤੀ ਪ੍ਰਾਪਤ ਕਰਦਾ ਹੈ ਤੇ ਇਹਨਾਂ ਕਰਮਾਂ ਨੂੰ ਗ੍ਰਹਿਣ ਕਰਦਾ ਹੈ।

**ਅੰਤਹਕਰਣ ਅਹੈ ਮਨ ਜੋਇ। ਜਬਿ ਅੱਗਜਾਨ ਸਮੇਤੈ ਹੋਇ।**

ਮੋਟੇ ਅਰਥਾਂ ਵਿੱਚ ਜਿਹੜਾ ਮਨ ਹੈ ਉਸਨੂੰ ਹੀ ਅੰਤਸ਼ਕਰਣ ਕਹਿੰਦੇ ਹਨ। ਇਹ ਅੰਤਸ਼ਕਰਣ ਜਦੋਂ ਅਗਿਆਨ ਦੇ ਸਹਿਤ ਹੁੰਦਾ ਹੈ ਭਾਵ ਜਦੋਂ ਮਨ ਅਗਿਆਨ ਅਵਸਥਾ ਵਿੱਚ ਹੁੰਦਾ ਹੈ।

**ਤਬਿ ਸਮਰੱਥ ਕਰਮ ਧਰਿ ਸਾਰੇ॥ ਬਿਨ ਅੱਗਜਾਨ ਕਰਮ ਨਹਿਂ ਧਾਰੇ।੧੦।**

ਉਸ ਸਮੇਂ ਇਹ ਅੰਤਸ਼ਕਰਣ ਆਪਣੇ ਵਿੱਚ ਕਰਮਾਂ ਨੂੰ ਗ੍ਰਹਿਣ ਕਰਨ ਦੇ ਸਮਰੱਥ ਹੁੰਦਾ ਹੈ। ਬਿਨਾਂ ਅਗਿਆਨ ਤੋਂ ਇਹ ਕਰਮਾਂ ਨੂੰ ਗ੍ਰਹਿਣ ਨਹੀਂ ਕਰ ਸਕਦਾ।

**ਦੋਹਰਾ: ਅੰਤਹਕਰਣ, ਅੱਗਜਾਨ ਦ੍ਵੈ, ਚੇਤਨ ਆਤਮ ਤੀਨ।**

ਪਹਿਲਾ ਅੰਤਸ਼ਕਰਣ, ਦੂਜਾ ਅਗਿਆਨ ਤੇ ਤੀਜਾ ਚੇਤਨ ਆਤਮਾ ਜੋ ਹੈ।

**ਹ੍ਵੈ ਇਕੱਤ੍ਰ ਧਾਂਰਹਿ ਕਰਮ, ਧਰੈ ਨ ਹ੍ਵੈ ਇਕ ਹੀਨ।੧੧।**

ਇਹ ਤਿੰਨੇਂ ਇਕੱਠੇ ਹੋ ਕੇ, ਕਰਮਾਂ ਨੂੰ ਧਾਰਨ ਕਰਦੇ ਹਨ। ਜੇਕਰ ਇਹਨਾਂ ਵਿੱਚੋਂ ਕੋਈ ਇਕ ਨਾ ਹੋਵੇ ਤਾਂ ਇਹ ਕਰਮ ਨਹੀਂ ਹੋ ਸਕਦੇ ਤੇ ਨਾ ਹੀ ਇਹਨਾਂ ਨੂੰ ਕੋਈ ਗ੍ਰਹਿਣ ਕਰਨ ਵਾਲਾ ਹੋ ਸਕਦਾ ਹੈ।

**ਚੌਪਈ: ਇਸਕੋ ਕਹੌਂ ਸਹਤ ਦ੍ਰਿਸਟਾਂਤ। ਸੁਨਹੁ ਖਾਲਸਾ * ਹੈ ਜਿਸ ਭਾਂਤਿ॥**

ਹੁਣ ਇਸ ਨੂੰ ਪ੍ਰਮਾਣ ਦੇ ਕੇ ਦੱਸਦਾ ਹਾਂ, ਹੇ ਖਾਲਸਾ ਜੀ * ਉਹ ਪ੍ਰਮਾਣ ਜਿਸ ਪ੍ਰਕਾਰ ਹੈ ਉਸਨੂੰ ਸੁਣੋ।

**ਸਤਿਗੁਣ ਰੂਪ ਮ੍ਰਿੱਤਕਾ ਆਹਿ। ਅੰਤਹਕਰਣ ਪਿੰਡ ਹੈ ਤਾਂਹਿ।੧੨।**

ਸਤੋ ਗੁਣ ਰੂਪ ਮਿੱਟੀ ਹੈ ਅਤੇ ਉਸ ਸਤੋ ਗੁਣ ਰੂਪ ਮਿੱਟੀ ਤੋਂ ਅੰਤਸ਼ਕਰਣ ਰੂਪ ਪੇੜਾ ਬਣਿਆ ਹੈ, ਅਥਵਾ ਸਤੋ ਗੁਣ ਰੂਪ ਮਿੱਟੀ ਹੈ ਅਤੇ ਅੰਤਸ਼ਕਰਣ ਰੂਪ ਮਿੱਟੀ ਦਾ ਡਲਾ ਹੈ।

**ਆਤਮ ਚੇਤਨ ਰੂਪ ਅਕਾਸ਼। ਅਰੁ ਅੱਗਜਾਨ ਰੂਪ ਜਲ ਰਾਸ।**

ਚੇਤਨ ਆਤਮਾ ਰੂਪ ਅਕਾਸ਼ ਹੈ ਅਤੇ ਅਗਿਆਨ ਰੂਪ ਜਲ ਹੈ। ਰਾਸ-ਭਾਵ ਅਗਿਆਨ ਰੂਪ ਜਲ ਨਾਲ ਅੰਤਸ਼ਕਰਣ ਰੂਪ ਪੇੜੇ ਨੂੰ ਸਿੰਚਿਆ ਹੋਇਆ ਹੈ,

**ਮ੍ਰਿਤਕਾ ਪਿੰਡ ਮਿਲੈ ਜਲ ਸੰਗ। ਤਬਿ ਘਟ ਰੂਪ ਬਨਹਿ ਸਰਬੰਗ।੧੩।**

ਜਦੋਂ ਮਿੱਟੀ ਦਾ ਢੇਲਾ ਪਾਣੀ ਨਾਲ ਮਿਲਦਾ ਹੈ ਤਾਂ ਗਾਰਾ ਰੂਪ ਬਣਨ ਤੋਂ ਬਾਅਦ ਘੁਮਿਆਰ ਦੀ ਮਿਹਨਤ ਨਾਲ ਉਹ ਮਿੱਟੀ ਦੇ ਢੇਲੇ ਤੋਂ ਘੜਾ ਰੂਪ ਬਣ ਜਾਂਦਾ ਹੈ ਅਥਵਾ ਆਤਮਾ ਰੂਪ ਅਕਾਸ਼ ਸਤੋਗੁਣੀ ਅੰਤਸ਼ਕਰਣ ਰੂਪ ਮਿੱਟੀ ਦਾ ਡਲਾ ਤੇ ਅਗਿਆਨ ਰੂਪ ਪਾਣੀ ਇਹਨਾਂ ਤਿੰਨਾਂ ਦਾ ਜਦੋਂ ਤਦਾਤਮ ਸੰਬੰਧ ਹੁੰਦਾ ਹੈ, ਉਦੋਂ ਅੰਤਸ਼ਕਰਣ ਰੂਪ ਘੜਾ ਕਰਮ ਰੂਪ ਬੀਜ ਨੂੰ ਆਪਣੇ ਵਿੱਚ ਰੱਖਣ ਦੇ ਸਮਰੱਥ ਹੁੰਦਾ ਹੈ।

**ਅੰਤਰ ਲਏ ਗਗਨ ਕੋ ਹੋਇ। ਕਰਮ ਅਨਾਜ ਧਰੇ ਤਬਿ ਸੋਇ।**

ਮਿੱਟੀ ਦਾ ਡਲਾ ਘੜਾ ਰੂਪ ਹੋ ਕੇ ਆਪਣੇ ਅੰਦਰ ਅਕਾਸ਼ ਨੂੰ ਲੈਂਦਾ ਹੈ। ਜਦੋਂ ਮਿੱਟੀ ਦੇ ਢੇਲੇ ਦੀ ਘੜਾ ਰੂਪ ਉਪਾਧਿ ਬਣ ਜਾਂਦੀ ਹੈ ਉਦੋਂ ਉਹ ਕਰਮ ਰੂਪ ਦਾਣਿਆਂ ਨੂੰ, ਆਪਣੇ ਵਿੱਚ ਰੱਖਣ ਦੇ ਸਮਰੱਥ ਹੁੰਦਾ ਹੈ।

**ਤੀਨਹੁਂ ਮਿਲਿ ਕਰ ਘਟਾ ਸੁਧਾਰੇ। ਸਮਰਥ ਹੋਇ ਪਦਾਰਥ ਧਾਰੇ।੧੪॥**

ਇਹ ਤਿੰਨੇਂ ਪਾਣੀ, ਮਿੱਟੀ ਅਤੇ ਅਕਾਸ਼ ਮਿਲ ਕੇ ਘੜਾ ਬਣਾਉਂਦੇ ਹਨ। ਫਿਰ ਉਹ ਘੜਾ ਪਦਾਰਥਾਂ ਨੂੰ ਆਪਣੇ ਅੰਦਰ ਰੱਖਣ ਦੇ ਸਮਰੱਥ ਹੁੰਦਾ ਹੈ।

**ਤੀਨਹੁ ਨਿਜ ਨਿਜ ਹ੍ਵੈ ਕਰਿ ਨਜਾਰੇ। ਧਰਨ ਪਦਾਰਥ ਸ਼ਕਤਿ ਨ ਧਾਰੇ।**

ਇਹ ਤਿੰਨੇਂ ਇਕੱਲੇ-ਇਕੱਲੇ ਹੋ ਕੇ, ਕਿਸੇ ਵੀ ਪਦਾਰਥ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਨਹੀਂ ਰੱਖਦੇ ਭਾਵ ਇਹ ਤਿੰਨੇਂ ਪਾਣੀ, ਮਿੱਟੀ ਅਤੇ ਆਕਾਸ਼ ਕਿਸੇ ਵੀ ਪਦਾਰਥ ਨੂੰ ਧਾਰਨ ਕਰਨ ਦੀ ਸ਼ਕਤੀ ਨਹੀਂ ਰੱਖਦੇ।

**ਤਿਸ ਪ੍ਰਕਾਰ ਇਕ ਆਤਮ ਜੋਇ। ਕਰਮ ਧਰੈ ਸਮਰਥ ਨਹਿਂ ਸੋਇ।੧੫॥**

ਉਸੇ ਤਰ੍ਹਾਂ ਇਕ ਆਤਮਾ ਜੋ ਹੈ, ਉਹ ਵੀ ਇਕੱਲਾ ਕਰਮਾਂ ਨੂੰ ਧਾਰਨ ਕਰਨ ਵਿੱਚ ਸਮਰੱਥ ਨਹੀਂ ਹੁੰਦਾ।

**ਕੇਵਲ ਅੰਤਹਿਕਰਣ ਨ ਧਾਰੇ। ਤਿਮ ਅੱਗਜਾਨ ਨ ਧਰਹਿ, ਨਿਵਾਰੇ।**

ਸਿਰਫ ਇਕੱਲਾ ਅੰਤਸ਼ਕਰਣ ਵੀ ਗ੍ਰਹਿਣ ਨਹੀਂ ਕਰ ਸਕਦਾ, ਉਸੇ ਤਰ੍ਹਾਂ ਅਗਿਆਨ ਵੀ ਇਕੱਲਾ ਕਰਮਾਂ ਨੂੰ ਧਾਰਨ ਕਰਨ ਵਿੱਚ ਸਮਰੱਥ ਨਹੀਂ ਹੁੰਦਾ।

**ਤੀਨਹੁਂ ਕੋ ਸੰਜੋਗ ਜਬਿ ਹੋਇ। ਕਰਮ ਧਰਨਿ ਸਮਰਥ ਹੈਂ ਸੋਇ।੧੬।**

ਅੰਤਸ਼ਕਰਣ, ਅਗਿਆਨ ਅਤੇ ਆਤਮਾ ਇਹਨਾਂ ਤਿੰਨਾਂ ਦਾ ਤਦਾਤਮ ਸੰਬੰਧ ਜਦੋਂ ਹੁੰਦਾ ਹੈ। ਉਸ ਸਮੇਂ ਇਹ ਅੰਤਸ਼ਕਰਣ ਕਰਮਾਂ ਨੂੰ ਆਪਣੇ ਵਿੱਚ ਗ੍ਰਹਿਣ ਕਰਨ ਦੇ ਸਮਰੱਥ ਹੁੰਦਾ ਹੈ ਭਾਵ ਕਰਮਾਂ ਦੇ ਸੰਸਕਾਰ ਰੂਪ ਬੀਜਾਂ ਨੂੰ ਆਪਣੇ ਵਿੱਚ ਰੱਖਣ ਦੇ ਯੋਗ ਬਣਦਾ ਹੈ।

**ਅੰਤਹਿਕਰਣ ਰੂਪ ਤਰਕਸ਼ ਮਹਿਂ। ਕਰਮ ਬਾਣ ਬਾਸਾ ਨਿਤ ਪ੍ਰਤਿ ਲਹਿਂ।**

ਅੰਤਸ਼ਕਰਣ ਰੂਪ ਭੱਥੇ ਵਿੱਚ ਇਹ ਕਰਮ ਰੂਪ ਤੀਰ ਹਰ ਸਮੇਂ ਵੱਸਦੇ ਹਨ ਭਾਵ ਇਹ ਕਰਮ ਸੰਸਕਾਰ ਰੂਪ ਹੋ ਕੇ, ਅੰਤਸ਼ਕਰਣ ਵਿੱਚ ਰਹਿੰਦੇ ਹਨ।

**ਜੋ ਤਰਕਸ਼ ਤੇ ਤੀਰ ਨਿਕਾਰਾ॥ ਐਂਚਿ ਧਨੁਖ ਛੁਟਿ ਚਲਯੋ ਅਗਾਰਾ।੧੭।**

ਜਿਹੜਾ ਤੀਰ ਭੱਥੇ ਵਿੱਚੋਂ ਕੱਢ ਕੇ, ਕਮਾਨ ਉਤੇ ਚਾੜ੍ਹ ਕੇ ਤੇ ਚੰਗੀ ਤਰ੍ਹਾਂ ਖਿੱਚ ਕੇ ਛੱਡ ਦਿੱਤਾ ਤਾਂ ਇਹ ਅਗਾਂਹ ਵੱਲ ਨੂੰ ਚੱਲ ਪੈਂਦਾ ਹੈ।

**ਅਪਨੋ ਬੇਗ ਸੁ ਸਭਿ ਹੀ ਕਰਿਕੇ। ਨਿਸ਼ਫਲ ਹੋਤਿ ਰਹੈ ਧਰ ਪਰਿ ਕੇ॥**

ਉਹ ਤੀਰ ਆਪਣਾ ਪੂਰਾ ਜ਼ੋਰ ਲਾ ਕੇ, ਜਿੱਥੇ ਤੱਕ ਜਾ ਸਕਦਾ ਸੀ ਜਾ ਕੇ ਧਰਤੀ ਤੇ ਡਿੱਗ ਪੈਂਦਾ ਹੈ ਭਾਵ ਆਪਣਾ ਕੰਮ

ਕਰਕੇ ਨਿਸਫਲ ਹੋ ਜਾਂਦਾ ਹੈ।

**ਪਰਾਰਬਧ ਹੈ ਯਾਂਕੋ ਨਾਮ। ਦੇ ਫਲ ਸਭਿ ਕੋ ਹੋਇ ਵਿਰਾਮ।੧੮।**

ਇਸ ਤੀਰ ਦਾ ਨਾਮ ਪ੍ਰਾਰਬਧ ਹੈ, ਇਹ ਪ੍ਰਾਰਬਧ ਰੂਪ ਤੀਰ ਸਾਰਿਆਂ ਨੂੰ ਫਲ ਦੇ ਕੇ ਸ਼ਾਂਤ ਹੋ ਜਾਂਦਾ ਹੈ।

**ਥਿਰ ਤਰਕਸ਼ ਮਹਿਂ ਜੇਤਿਕ ਬਾਨ। ਤਿਨ ਕੋ ਸੰਚਿਤ ਨਾਮ ਬਖਾਨ।**

ਅੰਤਸ਼ਕਰਣ ਰੂਪ ਭੱਥੇ ਵਿੱਚ ਜਿੰਨੇ ਵੀ ਕਰਮ ਰੂਪ ਤੀਰ ਮੌਜੂਦ ਹੁੰਦੇ ਹਨ, ਉਹਨਾਂ ਨੂੰ ਸੰਚਿਤ ਕਰਮ ਕਿਹਾ ਜਾਂਦਾ ਹੈ।

**ਧਨੁਸ਼ ਜੇਹ ਸੋਂ ਜੋਰਜੋ ਜੋਇ। ਨਾਮ ਸੁ ਕਿਰੇਮਾਨ ਤਿਸ ਹੋਇ।੧੯।**

ਜਿਹੜਾ ਕਰਮ ਰੂਪ ਤੀਰ ਅੰਤਸ਼ਕਰਣ ਰੂਪ ਭੱਥੇ ਵਿੱਚੋਂ ਨਿਕਲ ਕੇ, ਕਿਰਿਆ ਕਰਨ ਦੇ ਸਨਮੁਖ ਹੋਣ ਰੂਪ, ਕਮਾਨ ਉਤੇ ਚੜ੍ਹ ਜਾਂਦਾ ਹੈ ਭਾਵ ਕਿਰਿਆ ਕਰਨ ਲਈ ਤਿਆਰ ਹੋ ਜਾਂਦਾ ਹੈ, ਉਸ ਨੂੰ ਕਿਰੇਮਾਨ ਕਰਮ ਕਹਿੰਦੇ ਹਨ।

**ਜਿਨ ਕਰਮਨਿ ਕੋ ਦਿਯੋ ਸਰੀਰ। ਪਰਾਰਬਧ ਸੋ ਜਾਨਹੁਂ ਧੀਰ *।**

ਹੇ ਧੀਰਵਾਨ ਗੁਰਸਿੱਖੋ * ਜਿਹਨਾਂ ਕਰਮਾਂ ਨੇ ਇਹ ਸਰੀਰ ਦਿੱਤਾ ਹੈ, ਉਹਨਾਂ ਕਰਮਾਂ ਨੂੰ ਪ੍ਰਾਰਬਧ ਕਰਮ ਜਾਣ ਲਉ।

**ਅਨਿਕ ਜਨਮ ਕੇ ਕਰੇ ਇਕੱਤ੍ਰ। ਸੋ ਸੰਚਤਿ ਹੈਂ ਨਾਮ ਬਚਿੱਤ੍ਰ।੨0।**

ਜਿਹੜੇ ਅਨੇਕ ਜਨਮਾਂ ਦੇ ਅਨੇਕ ਹੀ ਤਰ੍ਹਾਂ ਦੇ ਕਰਮ ਇਕੱਠੇ ਕੀਤੇ ਹੋਏ ਹਨ। ਉਹਨਾਂ ਨੂੰ ਸੰਚਿਤ ਕਰਮ ਕਹਿੰਦੇ ਹਨ।

**ਕ੍ਰਿਆ ਹੋਤਿ ਨਿਤ ਜੁਤਿ ਅਭਿਮਾਨ।ਕਿਰੇਮਾਨ ਏ ਜਾਨ ਸੁਜਾਨ।**

ਜਿਹੜੀ ਹਰ ਰੋਜ਼ ਦੇਹ ਅਭਿਮਾਨ ਦੇ ਸਹਿਤ ਕਿਰਿਆ ਹੁੰਦੀ ਹੈ, ਉਸਨੂੰ ਸਿਆਣੇ ਪੁਰਸ਼ ਕਿਰੇਮਾਨ ਕਰਮ ਕਹਿੰਦੇ ਹਨ।

**ਕਿਰੇਮਾਨ ਜੋ ਕਹਜੋ ਬਨਾਇ। ਤ੍ਰੈ ਸੰਗਜਾ ਇਸ ਕੀ ਹੁਇ ਜਾਇਂ।੨੧।**

ਇਹ ਜਿਹੜਾ ਕਿਰੇਮਾਨ ਕਰਮਾਂ ਦਾ ਸਰੂਪ ਬਣਾ ਕੇ, ਦੱਸਿਆ ਹੈ ਭਾਵ ਕਥਨ ਕੀਤਾ ਹੈ, ਇਸ ਦੀਆਂ ਹੀ ਤਿੰਨ ਸੰਗਿਆਵਾਂ ਹੋ ਜਾਂਦੀਆਂ ਹਨ ਅਰਥਾਤ ਇਕ ਕਿਰੇਮਾਨ ਦੇ ਹੀ ਤਿੰਨ ਨਾਮ ਹੋ ਜਾਂਦੇ ਹਨ।

**ਪ੍ਰਥਮ ਅਵਸਥਾ ਮਹਿਂ ਕਿਰੇਮਾਨ। ਦੁਤੀਏ ਮਹਿਂ ਸੰਚਤਿ ਇਹ ਜਾਨ।**

ਪਹਿਲੀ ਅਵਸਥਾ ਵਿੱਚ ਇਹ ਕਿਰੇਮਾਨ ਹੁੰਦੇ ਹਨ ਤੇ ਦੂਜੀ ਅਵਸਥਾ ਵਿੱਚ ਇਹ ਕਿਰੇਮਾਨ ਹੀ ਸੰਚਿਤ ਕਰਮ ਹੋ ਜਾਂਦੇ ਹਨ ਇਸ ਪ੍ਰਕਾਰ ਜਾਣ ਲਉ।

**ਤ੍ਰਿਤੀ ਅਵਸਥਾ ਜਬਿ ਹੀ ਪਾਇ। ਪਰਾਰਬਧ ਸੰਗਜਾ ਹੋਇ ਜਾਇ।੨੨।**

ਜਦੋਂ ਇਹ ਤੀਜੀ ਅਵਸਥਾ ਪ੍ਰਾਪਤ ਕਰਦੇ ਹਨ ਤਾਂ ਇਹਨਾਂ ਦੀ ਪ੍ਰਾਰਬਧ ਸੰਗਿਆ ਹੋ ਜਾਂਦੀ ਹੈ, ਸੰਗਿਆ ਤੋਂ ਭਾਵ ਹੈ ਨਾਮ ਅਰਥਾਤ ਇਹਨਾਂ ਦਾ ਹੀ ਨਾਮ, ਪ੍ਰਾਰਬਧ ਹੋ ਜਾਂਦਾ ਹੈ।

**ਜਿਮ ਇਕ ਕਾਲ ਭਵਿੱਖਤ ਹੋਇ। ਬਹੁਰੋ ਬਰਤਮਾਨ ਹੈ ਸੋਇ।**

ਜਿਵੇਂ ਇਕ ਹੀ ਸਮਾਂ ਪਹਿਲਾ ਭਵਿੱਖ ਹੁੰਦਾ ਹੈ ਬਾਅਦ ਵਿੱਚ ਉਹੀ ਸਮਾਂ ਵਰਤਮਾਨ ਹੋ ਜਾਂਦਾ ਹੈ।

**ਸੋਈ ਕਾਲ ਭੂਤ ਹ੍ਵੈ ਜਾਇ। ਲਖਹੁ ਖਾਲਸਾ ਤਿਸ ਹੀ ਭਾਇ।੨੩।**

ਉਹੀ ਸਮਾਂ ਬਾਅਦ ਵਿੱਚ ਭੂਤਕਾਲ ਹੋ ਜਾਂਦਾ ਹੈ, ਹੇ ਖਾਲਸਾ ਜੀ* ਇਹਨਾਂ ਕਰਮਾਂ ਨੂੰ ਵੀ ਤੁਸੀਂ ਉਸੇ ਤਰ੍ਹਾਂ ਹੀ ਜਾਣ ਲਉ। ਜਿਵੇਂ ਇਕ ਹੀ ਸਮਾਂ ਤਿੰਨਾਂ ਕਾਲਾਂ ਵਿੱਚ ਤਬਦੀਲ ਹੋ ਜਾਂਦਾ ਹੈ। ਉਸੇ ਤਰ੍ਹਾਂ ਇਕ ਹੀ ਕਿਰਿਆ ਤਿੰਨੇਂ ਕਰਮਾਂ 'ਚ ਤਬਦੀਲ ਹੋ ਜਾਂਦੀ ਹੈ।

**ਪਰਾਰਬਧ ਕੇ ਫਲ ਹੈਂ ਤੀਨ॥ ਜਾਤਿ, ਆਰਬਲ ਭੋਗ, ਸੁ ਚੀਨ॥**

ਪ੍ਰਾਰਬਧ ਦੇ ਤਿੰਨ ਫਲ ਹਨ, ਪਹਿਲਾ ਜਾਤਿ ਦੂਜਾ ਉਮਰ ਤੇ ਤੀਜਾ ਪਦਾਰਥ ਦੀ ਪ੍ਰਾਪਤੀ ਜਾਣ ਲਉ। ਹੁਣ ਅੱਗੇ ਜਾਤੀ ਤੋਂ ਕੀ ਭਾਵ ਹੈ? ਉਹ ਦੱਸ ਰਹੇ ਹਨ।

**ਸੁਰ ਨਰ ਆਦਿ ਚਰਾਚਰ ਦੇਹਿ। ਉੱਤਮ ਮੱਧਮ ਅਧਸ ਅਛੇਹ।੨੪।**

ਮਨੁੱਖ ਜਾਤੀ, ਦੇਵ ਜਾਤੀ ਅਤੇ ਜੜ੍ਹ ਜੰਗਮ ਆਦਿ ਜੀਵਾਂ ਦੀਆਂ ਪ੍ਰਜਾਤੀਆਂ ਦੇ ਸਰੀਰ ਜੋ ਹਨ। ਇਹ ਬਹੁਤ ਹੀ ਕਿਸਮਾਂ ਦੇ ਹਨ। ਦੇਵ ਸਰੀਰ ਉੱਤਮ, ਮਨੁੱਖ ਸਰੀਰ ਮੱਧਮ ਅਤੇ ਪਸ਼ੂ-ਪੰਛੀਆਂ ਦੇ ਸਰੀਰ ਅਧਮ ਮੰਨੇ ਜਾਂਦੇ ਹਨ।

**ਸਭਿ ਕੇ ਵਿਖੈ ਹੋਤਿ ਹੈ ਨਾਨਾ। ਇਹ ਜਾਨਹੁ ਫਲ ਜਾਤਿ ਬਖਾਨਾ।**

ਇਹ ਸਾਰਿਆਂ ਦੇ ਵਿੱਚ ਹੀ, ਅਨੇਕ ਹੀ ਹੁੰਦੀਆਂ ਹਨ। ਦੇਵਤਿਆਂ ਦੇ ਵਿੱਚ ਵੀ ਵੱਖ-ਵੱਖ ਕਿਸਮ ਦੇ ਦੇਵਤੇ ਹੁੰਦੇ ਹਨ ਅਤੇ ਮਨੁੱਖਾਂ 'ਚ ਵੀ ਅਨੇਕ ਤਰ੍ਹਾਂ ਦੇ ਮਨੁੱਖ ਹੁੰਦੇ ਹਨ, ਇਸੇ ਤਰ੍ਹਾਂ ਪਸ਼ੂ-ਪੰਛੀਆਂ ਵਿੱਚ ਵੀ ਜਾਣ ਲੈਣੇ। ਇਹ ਕੀਤੇ ਹੋਏ ਕਰਮਾਂ ਦਾ ਪ੍ਰਾਬਰਧ ਅਨੁਸਾਰ ਜੋ ਫਲ ਹੁੰਦਾ ਹੈ ਉਹ ਦੱਸਿਆ ਹੈ ਇਸ ਮਨੁੱਖ ਜਾਤੀ ਵਿੱਚ ਹੋਏ ਜਨਮ ਨੂੰ ਪ੍ਰਾਰਬਧ ਦਾ ਫਲ ਜਾਣ ਲਉ।

**ਨਿਮਖ ਆਦਿ ਹੁਇ ਜੀਵਨ ਜੇਤਿਕ। ਆਰਬਲਾ ਫਲ ਜਾਨਹੁ ਤੇਤਿਕ।੨੫।**

ਇਕ ਨਿਮਖ ਦੇ ਸਮੇਂ ਤੋਂ ਲੈ ਕੇ ਜਿੰਨਾਂ ਵੀ ਜੀਵਨ, ਮਨੁੱਖ ਜਿਉਂਦਾ ਹੈ ਇਸ ਨੂੰ ਆਰਬਲਾ ਕਹਿੰਦੇ ਹਨ। ਇਸ ਉਮਰ ਵਿੱਚ ਵੀ ਜਿੰਨਾਂ ਕੁ ਇਹ ਜਿਉਂਦਾ ਹੈ ਉਨਾਂ ਕੁ ਪ੍ਰਾਰਬਧ ਦਾ ਫਲ ਹੀ ਜਾਣੋ ਭਾਵ ਜਿੰਨੀ ਕੁ ਉਮਰ ਮਿਲੀ ਹੈ ਪ੍ਰਾਰਬਧ ਦੇ ਅਨੁਸਾਰ ਹੀ ਮਿਲੀ ਹੈ।

**ਦੁਖ ਸੁਖ, ਕੋ ਜੋ ਅਨੁਭਵ ਰੂਪ। ਬ੍ਰਿੱਧ ਕਿਧੋਂ ਲਘੁ ਕਰਨ ਅਨੂਪ।**

ਜ਼ਿੰਦਗੀ 'ਚ ਆਏ ਦੁੱਖਾਂ ਅਤੇ ਸੁੱਖਾਂ ਨੂੰ ਅਨੁਭਵ ਕਰਨ ਦਾ ਜੋ ਸਰੂਪ ਹੈ, ਉਹ ਦੱਸ ਰਹੇ ਹਨ। ਕੋਈ ਜ਼ਿਆਦਾ ਪਦਾਰਥ ਮਿਲਣ ਕਰਕੇ ਵੱਡਾ ਹੋ ਜਾਂਦਾ ਹੈ, ਕੋਈ ਨਾ ਮਿਲਣ ਕਰਕੇ ਛੋਟਾ ਹੋ ਜਾਂਦਾ ਹੈ। ਇਹ ਦੋਵੇਂ ਗਰੀਬ ਤੇ ਅਮੀਰ ਦੁੱਖ ਤੇ ਸੁੱਖ ਨੂੰ ਬਰਾਬਰ ਹੀ ਅਨੁਭਵ ਕਰਦੇ ਹਨ। ਐਸਾ ਜੋ ਕਰਮ ਵਿਧਾਨ ਹੈ, ਉਸ ਦੀ ਉਪਮਾ ਕਥਨ ਨਹੀਂ ਕੀਤੀ ਜਾ ਸਕਦੀ।

**ਇਸ ਕੋ ਨਾਮ ਭੋਗ ਬੁਧਿ ਕਹੈ। ਚੌਦਹਿ ਲੋਕ ਬਿਖੈ ਜਨ ਲਹੈ।੨੬।**

ਇਸ ਨੂੰ ਵਿਦਵਾਨ ਜਨ ਭੋਗ ਕਥਨ ਕਰਦੇ ਹਨ। ਚੌਦਾਂ ਲੋਕਾਂ ਵਿੱਚ ਜੀਵ ਇਸ ਨੂੰ ਪ੍ਰਾਪਤ ਕਰਦੇ ਹਨ ਭਾਵ ਚੌਦਾਂ ਲੋਕਾਂ ਵਿੱਚ ਸਾਰੇ ਜੀਵਾਂ ਨੂੰ ਜੋ ਦੁੱਖ-ਸੁੱਖ, ਭੋਗ ਰੂਪ ਵਿੱਚ ਪ੍ਰਾਪਤ ਹੁੰਦੇ ਹਨ, ਉਹ ਪ੍ਰਾਰਬਧ ਕਰਕੇ ਹੀ ਪ੍ਰਾਪਤ ਹੁੰਦੇ ਹਨ।

**ਦ੍ਵੈ ਜਿ ਕਰਮ ਸੰਚਤਿ ਕਿਰੇਮਾਨ। ਆਤਮ ਗਜਾਨੀ ਕੇ ਹੁਇੰ ਹਾਨ।**

ਇਹ ਦੋ ਪ੍ਰਕਾਰ ਦੇ ਜਿਹੜੇ ਕਰਮ ਹਨ, ਇਕ ਕਿਰੇਮਾਨ ਅਤੇ ਦੂਜਾ ਸੰਚਿਤ, ਇਹ ਆਤਮ ਗਿਆਨੀ ਦੇ ਨਾਸ਼ ਹੋ ਜਾਂਦੇ ਹਨ।

**ਜਿਸ ਤਰਕਸ਼ ਮਹਿਂ ਸਰ ਸੁ ਮਿਟਾਇ। ਧਰਜੋ ਪਨਚ ਪਰ ਸੋਪਿ ਹਟਾਇ।੨੭।**

ਜਿਵੇਂ ਭੱਥੇ ਵਿੱਚ ਪਏ ਤੀਰਾਂ ਨੂੰ ਨਸ਼ਟ ਕਰ ਦਿੱਤਾ ਜਾਵੇ ਤੇ ਜਿਹੜਾ ਤੀਰ ਅਜੇ ਕਮਾਨ ਤੇ ਧਰਿਆ ਹੀ ਹੈ, ਉਸਨੂੰ ਵੀ ਹਟਾ ਲਿਆ ਜਾਏ ਤਾਂ ਇਹ ਦੋਵੇਂ ਤੀਰ ਬਿਨਾਂ ਕੋਈ ਕਿਰਿਆ ਕੀਤੇ ਖਤਮ ਹੋ ਜਾਂਦੇ ਹਨ। ਇਸੇ ਤਰ੍ਹਾਂ ਕਿਰੇਮਾਨ ਤੇ ਸੰਚਿਤ ਕਰਮਾਂ ਨੂੰ ਵੀ ਜਾਣ ਲਉ। ਕਿਰੇਮਾਨ ਆਤਮ ਗਿਆਨੀ ਦੇ ਬਣਦੇ ਨਹੀਂ ਤੇ ਸੰਚਿਤ ਕਰਮ ਨਸ਼ਟ ਹੋ ਜਾਂਦੇ ਹਨ। ਇਹਨਾਂ ਦੋ ਤਰ੍ਹਾਂ ਦੇ ਕਰਮਾਂ ਨੂੰ ਸੰਕੋਚਿਆ ਜਾ ਸਕਦਾ ਹੈ। ਲੇਕਿਨ:

**ਪਰਾਰਬਧ ਜੋ ਛੁਟਜੋ ਸੁ ਬਾਨ। ਤਿਸਕੋ ਕਰ ਨ ਸਕੈ ਕੋ ਹਾਨਿ।**

ਪ੍ਰਾਰਬਧ ਚੱਲੇ ਹੋਏ ਉਸ ਤੀਰ ਵਾਂਗ ਹੈ, ਜਿਸ ਨੂੰ ਨਾ ਰੋਕਿਆ ਜਾ ਸਕਦਾ ਹੈ ਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ।

**ਅੱਗਜ ਤੱਗਜ ਕੈ ਇਕ ਸਮ ਹੋਇ। ਪਰਾਰਬਧ ਫਲ ਦੇ ਸਮ ਦੋਇ।੨੮।**

ਭਾਵੇਂ ਕੋਈ ਆਤਮ ਗਿਆਨੀ ਹੋਵੇ, ਭਾਵੇਂ ਕੋਈ ਅਗਿਆਨੀ ਹੋਵੇ, ਇਹ ਪ੍ਰਾਰਬਧ ਕਰਮ ਦੋਹਾਂ ਨੂੰ ਬਰਾਬਰ ਹੀ ਫਲ ਦਿੰਦੇ ਹਨ।

**ਦੋਹਰਾ: ਸੰਚਤਿ ਗਜਾਨ ਪ੍ਰਭਾਵ ਸੋਂ ਗਜਾਨੀ ਕਰਹਿ ਬਿਨਾਸ।**

**ਜਿਮ ਅਨਾਜ ਮੰਦਰ ਸਹਤ ਦਾਹੈ ਅਗਨਿ ਪ੍ਰਕਾਸ਼।੨੯।**

ਸੰਚਿਤ ਕਰਮਾਂ ਨੂੰ ਆਤਮ ਗਿਆਨੀ, ਬ੍ਰਹਮ ਅਗਨੀ ਦੇ ਨਾਲ ਨਾਸ਼ ਕਰ ਲੈਂਦਾ ਹੈ। ਜਿਵੇਂ ਅਨਾਜ ਦੇ ਭਰੇ ਕਮਰੇ ਨੂੰ ਅੱਗ ਲੱਗ ਜਾਵੇ, ਉਹ ਅਗਨੀ ਅਨਾਜ ਸਹਿਤ ਘਰ ਨੂੰ ਸਾੜ ਕੇ ਖਤਮ ਕਰ ਦਿੰਦੀ ਹੈ। ਉਸੇ ਤਰ੍ਹਾਂ ਬ੍ਰਹਮ ਅਗਨੀ ਅੰਤਸ਼ਰਕਣ ਰੂਪ ਘਰ ਨੂੰ ਕਰਮਾਂ ਰੂਪ ਅਨਾਜ ਸਹਿਤ ਸਾੜ ਕੇ ਸੁਆਹ ਕਰ ਦਿੰਦੀ ਹੈ।

**ਮੰਦਰ ਸਹਤ ਅਨਾਜ ਕੇ ਜਬਿ ਭਾ ਜਲਿ ਕੈ ਛਾਰ।**

**ਅੰਕੁਰ ਕੋ ਨਾ ਸਮ੍ਰੱਥ ਪੁਨ ਜਾਨੋ ਤਿਸੀ ਪ੍ਰਕਾਰ ।੩0।**

ਜਦੋਂ ਅਨਾਜ ਸਹਿਤ ਘਰ, ਅੱਗ ਨਾਲ ਸੜ ਕੇ ਸੁਆਹ ਹੋ ਜਾਂਦਾ ਹੈ ਤਾਂ ਫਿਰ ਉਸ ਘਰ ਸਹਿਤ ਸੜ ਚੁੱਕੇ ਅਨਾਜ ਦਾ ਕੋਈ ਵੀ ਦਾਣਾ ਜਮੀਨ ਵਿੱਚ ਉਗਣ ਦੇ ਸਮਰੱਥ ਨਹੀਂ ਰਹਿੰਦਾ। ਇਸੇ ਤਰ੍ਹਾਂ ਸੰਚਿਤ ਕਰਮਾਂ ਰੂਪੀ ਅਨਾਜ ਨੂੰ ਜਾਣ ਲਉ।

**ਚੌਪਈ: ਸੰਚਿਤ ਕਰਮ ਸੋ ਅੰਤਹਕਰਣ। ਗਜਾਨ ਅਗਨਿ ਤੇ ਕਰੈ ਪ੍ਰਹਰਣ।**

ਆਤਮ ਗਿਆਨੀ ਸੰਚਿਤ ਕਰਮਾਂ ਰੂਪੀ ਅਨਾਜ ਨੂੰ ਅੰਤਸ਼ਕਰਣ ਰੂਪ ਘਰ ਦੇ ਸਹਿਤ ਗਿਆਨ ਰੂਪ ਅਗਨੀ ਦੇ ਨਾਲ ਸਾੜ ਕੇ ਸੁਆਹ ਕਰ ਦਿੰਦਾ ਹੈ।

**ਬਹੁਰ ਜਨਮ ਦਾਇਕ ਨਹਿਂ ਸੋਇ। ਜਲੇ ਅਨਾਜ ਅੰਕੂਰ ਨ ਹੋਇ।੩੧।**

ਫਿਰ ਇਹ ਕਰਮ ਦੁਬਾਰਾ ਜਨਮ ਨਹੀਂ ਦੇ ਸਕਦੇ, ਜਿਵੇਂ ਜਲਿਆ ਹੋਇਆ ਅਨਾਜ ਪੁੰਗਰਨ ਦੀ ਸਮਰੱਥਾ ਨਹੀਂ ਰੱਖਦਾ, ਉਸੇ ਤਰ੍ਹਾਂ ਬ੍ਰਹਮ ਅਗਨੀ ਨਾਲ ਸੜ ਚੁੱਕੇ ਕਰਮ ਦੁਬਾਰਾ ਜਨਮ ਦਾਇਕ ਨਹੀਂ ਰਹਿੰਦੇ ਭਾਵ ਜਨਮ ਦੇਣ ਦੀ ਸਮਰੱਥਾ ਨਹੀਂ ਰੱਖਦੇ, ਕਿਉਂਕਿ ਅੰਤਸ਼ਕਰਣ ਅਤੇ ਸੰਚਿਤ ਕਰਮ ਦੋਵੇ ਨਹੀਂ ਨਾਸ਼ ਹੋ ਚੁੱਕੇ ਹੁੰਦੇ ਹਨ ਤੇ ਇਹਨਾਂ ਤੋਂ ਬਿਨਾਂ ਪ੍ਰਾਰਬਧ ਨਹੀਂ ਬਣ ਸਕਦੀ ਤੇ ਜੇਕਰ ਪ੍ਰਾਰਬਧ ਨਹੀਂ ਬਣ ਸਕਦੀ ਤਾਂ ਫਿਰ ਕੋਈ ਜਨਮ ਵੀ ਨਹੀਂ ਹੋ ਸਕਦਾ।

**ਅੰਤਹਕਰਣ ਨਾਸ਼ ਇਸ ਭਾਂਤ। ਚਿਤ ਸਤਿ ਹੋਇ ਜਾਤਿ ਸਭਿ ਸ਼ਾਂਤਿ।**

ਇਸ ਤਰ੍ਹਾਂ ਅੰਤਸ਼ਕਰਣ ਬ੍ਰਹਮ ਅਗਨੀ ਦੇ ਪ੍ਰਗਟ ਹੋਣ ਕਰਕੇ ਨਾਸ਼ ਹੋ ਜਾਂਦਾ ਹੈ। ਸਤ ਚਿਤ ਅਨੰਦ ਸਰੂਪ ਆਤਮ ਅਨੁਭਵ ਵਿੱਚ ਆ ਜਾਣ ਕਰਕੇ, ਹਿਰਦਾ ਸ਼ਾਂਤ ਹੋ ਜਾਂਦਾ ਹੈ ਭਾਵ ਆਤਮਿਕ ਅਨੰਦ ਵਿੱਚ ਸਦਾ ਲਈ ਟਿਕ ਜਾਂਦਾ ਹੈ।

**ਚਿਤ ਸਤਿ ਕੋ ਅਬਿ ਅਰਥ ਬਖਾਨੋਂ। ਅੰਤਹ ਕਰਣ ਰੂਪ ਅਸ ਜਾਨੋ।੩੨।**

ਹੁਣ ਸਤ ਚਿਤ ਦਾ ਅਰਥ ਦੱਸਦੇ ਹਾਂ ਤੇ ਅੰਤਸ਼ਕਰਣ ਦਾ ਸਰੂਪ ਕੈਸਾ ਹੈ ਉਹ ਵੀ ਦੱਸਦੇ ਹਾਂ। ਇਸ ਪ੍ਰਕਾਰ ਜਾਣ ਲਉ।

**ਜਿਸ ਤੇ ਦਰਸ ਅਸੰਮਕ ਪਿਖੈ। ਆਤਮ ਬੁੱਧਿ ਅਨਾਤਮ ਬਿਖੈ।**

ਜਿਸ ਕਰਕੇ ਬਿਪਰੀਤ ਦਰਸ਼ਨ ਹੁੰਦਾ ਹੈ ਭਾਵ ਅਸਲੀਅਤ ਤੋਂ ਉਲਟਾ ਨਜ਼ਰ ਆਉਂਦਾ ਹੈ। ਜੋ ਆਤਮਾ ਨਹੀਂ ਹਨ, ਸਰੀਰ ਮਨ, ਬੁਧਿ ਆਦਿ ਉਹਨਾਂ ਵਿੱਚ ਆਤਮ ਬੁੱਧੀ ਹੋ ਜਾਂਦੀ ਹੈ ਭਾਵ ਅਨਾਤਮ ਵਿੱਚ ਆਤਮ ਬੁੱਧੀ ਹੋ ਜਾਂਦੀ ਹੈ।

**ਜਗਤ ਅਸੱਤਿ ਬਿਖੈ ਸਤਿ ਬੁੱਧ। ਆਤਮ ਸੱਤਿ ਅਸੱਤਿ ਕੀ ਸੁੱਧ।੩੩।**

ਇਹ ਜਗਤ ਅਸੱਤ ਹੈ ਭਾਵ ਨਾਸ਼ਵਾਨ ਹੈ ਲੇਕਿਨ ਇਹਦੇ ਵਿੱਚ ਸੱਤਪੁਣਾ ਪ੍ਰਤੀਤ ਹੁੰਦਾ ਹੈ, ਕਿ ਇਹ ਜਗਤ ਹੀ ਸੱਤ ਹੈ। ਆਤਮਾ ਸੱਤ ਸਰੂਪ ਹੈ ਪ੍ਰੰਤੂ ਆਤਮਾ ਵਿੱਚ ਅਸੱਤ ਪੁਣਾ ਪ੍ਰਤੀਤ ਹੁੰਦਾ ਹੈ, ਭਾਵ ਆਤਮਾ ਨੂੰ ਨਾ ਹੋਣ ਵਾਂਗ ਅਨੁਭਵ ਕਰਦਾ ਹੈ।

**ਨਾਮ ਇਸੀ ਕੋ ਮਨ ਪਹਿਚਾਨ।**

ਇਸੇ ਦਾ ਨਾਮ ਮਨ ਭਾਵ ਅੰਤਸ਼ਕਰਣ ਹੈ।ਅੰਤਸ਼ਕਰਣ ਨੂੰ ਇੱਥੇ ਕਵੀ ਜੀ ਨੇ ਇਕੱਲੇ ਮਨ ਸ਼ਬਦ ਨਾਲ ਕਥਨ ਕੀਤਾ ਹੈ।

**ਭਾਵ ਅਰਥ**

ਮਨ ਅਤੇ ਬੁੱਧੀ, ਇਹਨਾਂ ਦੋਹਾ ਨੂੰ ਵੀ ਕਈ ਵਾਰ ਗ੍ਰੰਥਕਾਰ ਅੰਤਸ਼ਕਰਣ ਦੇ ਅਰਥ ਵਿੱਚ ਵਰਤਦੇ ਹਨ ਕਿਉਂਕਿ ਅੰਤਸ਼ ਤੋਂ ਭਾਵ ਹੈ ਅੰਦਰ ਅਤੇ ਕਰਣ ਤੋਂ ਭਾਵ ਹੈ ਸਾਧਨ, ਅੰਦਰਲੇ ਗਿਆਨ ਦੇ ਸਾਧਨ ਨੂੰ ਅੰਤਸ਼ਕਰਣ ਕਹਿੰਦੇ ਹਨ। ਇਹ ਮਨ ਬੁੱਧੀ ਆਦਿਕ ਅੰਦਰਲੇ ਗਿਆਨ ਦੇ ਸਾਧਨ ਹਨ। ਇਸ ਕਰਕੇ ਇਹਨਾਂ ਨੂੰ ਇਕੱਲੇ-ਇਕੱਲੇ ਕਰਕੇ ਵੀ ਅੰਤਸ਼ਕਰਣ ਦੇ ਅਰਥਾਂ ਵਿੱਚ ਵਰਤ ਲਿਆ ਜਾਂਦਾ ਹੈ।

**ਜਬ ਹ੍ਵੈ ਪ੍ਰਾਪਤਿ ਆਤਮ ਗਜਾਨ। ੩੪**

ਜਦੋਂ ਇਸ ਨੂੰ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ ਭਾਵ ਸਰੂਪ ਗਿਆਨ ਦਾ ਅਨੁਭਵ ਹੋ ਜਾਂਦਾ ਹੈ।

**ਤਬਿ ਇਸ ਬਿਧਿ ਕੋ ਭਾਵ ਬਿਨਾਸੈ। ਜਿਉਂ ਕਾ ਤਿਉਂ ਸੁ ਪਦਾਰਥ ਭਾਸੇ।੩੪।**

ਫਿਰ ਉਦੋਂ ਅੰਤਸ਼ਕਰਣ ਵਿੱਚੋਂ ਉਸ ਤਰ੍ਹਾਂ ਦਾ ਭਾਵ ਖਤਮ ਹੋ ਜਾਂਦਾ ਹੈ ਅਰਥਾਤ ਪਹਿਲਾਂ ਵਾਂਗ ਸੱਤ 'ਚ ਅਸੱਤ ਬੁੱਧੀ ਅਤੇ ਅਸੱਤ ਚ ਸੱਚ ਬੁੱਧੀ ਇਹ ਭਾਵ ਖਤਮ ਹੋ ਜਾਂਦਾ ਹੈ। ਜਿਉਂ ਦਾ ਤਿਉਂ ਪਦਾਰਥ ਅਨੁਭਵ ਹੁੰਦਾ ਹੈ, ਜਗਤ ਸਰੀਰ ਆਦਿ ਅਸੱਤ ਹੈ, ਫਿਰ ਇਹ ਅਸੱਤ ਹੀ ਅਨੁਭਵ ਵਿੱਚ ਆਉਂਦਾ ਹੈ ਤੇ ਆਤਮਾ ਸੱਤ ਸਰੂਪ ਹੈ ਇਹ ਸੱਤ ਸਰੂਪ ਹੀ ਅਨੁਭਵ ਵਿੱਚ ਆਉਂਦਾ ਹੈ।

**ਜਬਿ ਚਿਤ ਸੱਤਿ ਇਸ ਬਿਧਿ ਕੋ ਭਯੋ। ਤਬਿ ਸੰਚਤਿ ਜੁਤਿ ਮਨ ਜਲਿ ਗਯੋ।**

ਜਦੋਂ ਸੱਤ ਚਿਤ ਅਨੰਦ ਸਰੂਪ ਆਤਮਾ ਦਾ ਇਸ ਤਰ੍ਹਾਂ ਅਨੁਭਵ ਹੋ ਜਾਂਦਾ ਹੈ, ਤਾਂ ਉਦੋਂ ਸੰਚਿਤ ਕਰਮਾਂ ਦੇ ਸਹਿਤ ਅੰਤਸ਼ਕਰਣ ਸੜ ਜਾਂਦਾ ਹੈ।

**ਜਿਮ ਮੰਦਰ ਜੁਤਿ ਜਲਯੋ ਅਨਾਜ। ਪੁਨ ਅੰਕੂਰ ਨਹੀਂ ਉਪਰਾਜ।੩੫।**

ਜਿਵੇਂ ਅੱਗ ਲੱਗਣ ਨਾਲ ਅਨਾਜ ਸਹਿਤ ਘਰ ਸੜ ਜਾਂਦਾ ਹੈ, ਫਿਰ ਉਸ ਸੜ ਚੁੱਕੇ ਅਨਾਜ ਦੇ ਦਾਣੇ ਉਗਣ ਦੀ ਸਮਰੱਥਾ ਨਹੀਂ ਰੱਖਦੇ।

**ਕਿਰੇਮਾਨ ਜੋ ਕਰਨ ਕਰਾਹੀ। ਗਜਾਨੀ ਕੇ ਉਪਜਤਿ ਸੋ ਨਾਂਹੀ।**

ਉਸੇ ਤਰ੍ਹਾਂ ਕਿਰੇਮਾਨ ਜੋ ਕਰਮ ਹਨ, ਉਹ ਆਤਮ ਗਿਆਨੀ ਦੇ ਪੈਦਾ ਨਹੀਂ ਹੁੰਦੇ ਭਾਵ ਇਹ ਕਰਮ ਸੰਚਿਤ ਬਣ ਕੇ ਫਿਰ ਪ੍ਰਾਰਬਧ ਦੁਆਰਾ ਫਲ ਦੇਣ ਦੀ ਸਮਰੱਥਾ ਨਹੀਂ ਰੱਖਦੇ।

**ਪਰਾਰਬਧ ਕਰਿ ਕ੍ਰਿਆ ਜੁ ਠਾਨਿ। ਹੋਤਿ ਅਨਾਤਮ ਜੁਤਿ ਅਭਿਮਾਨ।੩੬।**

ਪ੍ਰਾਰਬਧ ਕਰਕੇ ਜਿਹੜੀ ਕਿਰਿਆ ਹੁੰਦੀ ਹੈ ਅਤੇ ਹੁੰਦੀ ਦੇਹ ਅਧਿਆਸ ਦੇ ਸਹਿਤ ਹੈ ਭਾਵ ਜਿਹੜੀ ਕਿਰਿਆ ਪ੍ਰਾਰਬਧ ਵਸ ਹੋ ਰਹੀ ਹੈ ਤੇ ਹੋ ਦੇਹ ਅਭਿਮਾਨ ਦੇ ਸਹਿਤ ਰਹੀ ਹੈ।

**ਵਹੀ ਕ੍ਰਿਆ ਹੋਵੈ ਕ੍ਰਿਯਮਾਨ। ਜਾਤਿ ਪ੍ਰਨੰਮਤਿ ਅਪਰ ਬਿਧਾਨ।**

ਉਹ ਦੇਹ ਅਧਿਆਸ ਦੇ ਸਹਿਤ ਕੀਤੀ ਕਿਰਿਆ ਹੀ ਕਿਰੇਮਾਨ ਕਰਮ ਬਣਦੀ ਹੈ ਤੇ ਉਹੀ ਕਿਰਿਆ ਸੰਚਿਤ ਕਰਮਾਂ ਦੇ ਰੂਪ ਵਿੱਚ ਬਦਲ ਜਾਂਦੀ ਹੈ ਤੇ ਉਹ ਕਿਰਿਆ ਹੀ ਪ੍ਰਾਰਬਧ ਰੂਪ ਹੋ ਜਾਂਦੀ ਹੈ ਭਾਵ ਇਕ ਕਿਰਿਆ ਹੀ ਤਿੰਨਾਂ ਰੂਪਾਂ ਵਿੱਚ ਤਬਦੀਲ ਹੋ ਜਾਂਦੀ ਹੈ।

**ਸੋਈ ਕ੍ਰਿਯਾ, ਹੀਨ ਅਭਿਮਾਨ। ਉਪਜੈ ਨਹੀਂ ਕਦਾਚਿਤ ਜਾਨ।੩੭।**

ਉਹ ਕਿਰਿਆ ਦੇਹ ਅਧਿਆਸ ਤੋਂ ਰਹਿਤ ਹੋ ਚੁੱਕੇ, ਆਤਮ ਗਿਆਨੀ ਦੇ ਹਿਰਦੇ ਵਿੱਚ ਕਦੇ ਵੀ ਉਪਜਦੀ ਨਹੀਂ ਭਾਵ ਕਰਮ ਬੰਧਨ ਦੇ ਦੇਣ ਵਾਲੀ ਦੇਹ ਅਧਿਆਸ ਦੇ ਸਹਿਤ ਕਿਰਿਆ ਕਦੇ ਪੈਦਾ ਨਹੀਂ ਹੁੰਦੀ।

**ਪਰਾਰਬਧ ਤੇ ਹੁਇ ਕਿਰੇਮਾਨ। ਭੋਜਨ ਰੂਪ ਕ੍ਰਿਯਾ ਜਿਮ ਠਾਨਿ।**

ਆਤਮ ਗਿਆਨੀ ਦੀ ਜਿੰਨੀ ਵੀ ਕਿਰਿਆ ਹੁੰਦੀ ਹੈ ਕਿਰੇਮਾਨ ਰੂਪ ਵਿੱਚ ਉਹ ਪ੍ਰਾਰਬਧ ਕਰਕੇ ਹੁੰਦੀ ਹੈ। ਜਿਵੇਂ ਭੋਜਨ

ਆਦਿਕ ਛਕਣ ਦੀ ਕਿਰਿਆ ਹੋ ਗਈ ਅਥਵਾ ਜਿਨੀਆਂ ਵੀ ਕਿਰਿਆਵਾਂ ਜਿਉਣ ਲਈ ਸਰੀਰ ਦੀਆਂ ਹੁੰਦੀਆਂ ਹਨ, ਉਹ ਸਾਰੀਆਂ ਕਿਰਿਆਵਾਂ ਪ੍ਰਾਰਬਧ ਕਰਕੇ ਹੀ ਹੁੰਦੀਆਂ ਹਨ। ਇਸ ਪ੍ਰਕਾਰ ਜਾਣ ਲਉ।

**ਪਰਾਰਬਧ ਕੋ ਰੂਪਹਿ ਸੋਇ। ਭੋਜਨ ਕਰੇ ਪੁਸ਼ਟਤਾ ਜੋਇ।੩੮।**

ਜਿਹੜੀ ਭੋਜਨ ਆਦਿਕ ਕਰਨ ਕਰਕੇ ਸਰੀਰ ਨੂੰ ਤਾਕਤ ਮਿਲਦੀ ਹੈ, ਉਸਨੂੰ ਪ੍ਰਾਰਬਧ ਰੂਪ ਹੀ ਜਾਣੋ ਭਾਵ ਪ੍ਰਾਰਬਧ ਵਸ ਹੀ ਮਿਲਦੀ ਹੈ।

**ਸੋ ਕ੍ਰਿਯਮਾਨ ਰੂਪ ਪਹਿਚਾਨ॥**

ਉਸਨੂੰ ਕਿਰੇਮਾਨ ਦਾ ਹੀ ਰੂਪ ਸਮਝੋ ਭਾਵ ਭੋਜਨ ਆਦਿਕ ਕਿਰੇਮਾਨ ਜੋ ਕਿਰਿਆ ਹੈ, ਉਹ ਆਤਮ ਗਿਆਨੀ ਨੂੰ ਸਿਰਫ ਤੰਦਰੁਸਤੀ ਦਿੰਦੀ ਹੈ ਕਰਮ ਬੰਧਨ ਨਹੀਂ ਦਿੰਦੀ, ਕਿਉਂਕਿ ਉਹ ਦੇਹ ਅਭਿਮਾਨ ਤੋਂ ਰਹਿਤ ਹੋ ਕੇ ਕੀਤੀ ਕਿਰਿਆ ਹੁੰਦੀ ਹੈ। ਇਸ ਤਰ੍ਹਾਂ ਦਾ ਆਤਮ ਗਿਆਨੀ ਦੀ ਕਿਰਿਆ ਦਾ ਸਰੂਪ ਪਹਿਚਾਣ ਲਵੋ।

**ਦੇਹਿ ਸਰੁਜਸੋ ਪੁਸ਼ਟ ਨ ਜਾਨ। ਜੇ ਅਰੋਗ ਸੋ ਪੁਸ਼ਟ ਬਡੇਰੀ। ਤਿਸੀ ਪ੍ਰਕਾਰ ਜੁਗਤਿ ਲਿਹੁ ਹੇਰੀ।੩੯।**

ਜੋ ਸਰੀਰ ਕਿਸੇ ਬਿਮਾਰੀ ਕਰਕੇ ਪੀੜਤ ਹੁੰਦਾ ਹੈ ਭੋਜਨ ਆਦਿਕ ਕਰਨ ਨਾਲ ਉਸਨੂੰ ਤੰਦਰੁਸਤੀ ਨਹੀਂ ਮਿਲਦੀ ਪ੍ਰੰਤੂ ਜਿਹੜਾ ਸਰੀਰ ਅਰੋਗ ਹੁੰਦਾ ਹੈ ਉਹ ਭੋਜਨ ਆਦਿਕ ਛਕਣ ਨਾਲ ਹੀ ਬਥੇਰਾ ਤੰਦਰੁਸਤ ਰਹਿੰਦਾ ਹੈ।ਇਸੇ ਤਰ੍ਹਾ ਪ੍ਰਾਰਬਧ ਵੱਸ ਹੋ ਰਹੇ ਕਿਰੇਮਾਨ ਕਰਮਾਂ ਦੀ ਜੁਗਤੀ ਨੂੰ ਜਾਣ ਲਵੋ ਭਾਵ ਜਿਸ ਪ੍ਰਕਾਰ ਰੋਗੀ ਨੂੰ ਪ੍ਰਾਰਬਧ ਅਨੁਸਾਰ ਮਿਲਣ ਵਾਲਾ ਭੋਜਨ ਤੰਦਰੁਸਤੀ ਨਹੀਂ ਦਿੰਦਾ। ਉਸੇ ਤਰ੍ਹਾਂ ਆਤਮ ਗਿਆਨੀ ਨੂੰ ਪ੍ਰਾਰਬਧ ਵੱਸ ਹੋ ਰਹੀ ਕਿਰੇਮਾਨ ਕਿਰਿਆ ਬੰਧਨ ਨਹੀਂ ਦਿੰਦੀ।

**ਹੋਇ ਕ੍ਰਿਯਾ ਜੁਤਿ ਤਨ ਅਭਿਮਾਨ। ਸੋਇ ਕ੍ਰਿਯਾ ਹੈ ਉਪਜਨਵਾਨ।**

ਜਿਹੜੀ ਕਿਰਿਆ ਦੇਹ ਅਭਿਮਾਨ ਦੇ ਸਹਿਤ ਹੋ ਕੇ ਕੀਤੀ ਜਾਂਦੀ ਹੈ, ਉਹ ਕਿਰਿਆ ਹੀ ਉਪਜਣ ਵਾਲੀ ਹੁੰਦੀ ਹੈ ਭਾਵ ਕਿਰੇਮਾਨ ਤੋਂ ਸੰਚਿਤ ਅਤੇ ਸੰਚਿਤ ਤੋਂ ਪ੍ਰਾਰਬਧ ਬਣਨ ਵਾਲੀ ਹੁੰਦੀ ਹੈ।

**ਤਨ ਅਭਿਮਾਨ ਨ ਗਜਾਨੀ ਧਰੈ। ਯਾਂਤੇ ਨਹੀਂ ਬੰਧ ਕੋ ਕਰੈਂ।੪੦।**

ਕਿਸੇ ਵੀ ਕਿਰਿਆ ਨੂੰ ਕਰਨ ਸਮੇਂ ਆਤਮ ਗਿਆਨੀ ਦੇਹ ਅਭਿਮਾਨ ਨੂੰ ਧਾਰਨ ਨਹੀਂ ਕਰਦਾ। ਇਸ ਕਾਰਨ ਹੀ ਇਹ ਕਰਮ, ਆਤਮ ਗਿਆਨੀ ਨੂੰ ਬੰਧਨ ਨਹੀਂ ਕਰਦੇ ਭਾਵ ਜੰਮਣ ਮਰਨ ਦਾ ਕਾਰਨ ਨਹੀਂ ਬਣਦੇ।

**ਕਰਮ ਮਾਲ ਸਭਿ ਕੇ ਗਰ ਪਰੀ। ਤਨ ਹੰਤਾ ਤਜਾਗੇ ਤਿਨ ਹਰੀ।**

ਇਹਨਾਂ ਕਰਮਾਂ ਦੀ ਮਾਲਾ ਸਭ ਦੇ ਗਲ ਵਿੱਚ ਪਈ ਹੋਈ ਹੈ, ਜਿਸ ਨੇ ਦੇਹ ਅਭਿਮਾਨ ਨੂੰ ਤਿਆਗ ਦਿੱਤਾ ਹੈ, ਉਸ ਨੇ ਇਹ ਕਰਮਾਂ ਦੀ ਮਾਲਾ ਨਸ਼ਟ ਕਰ ਦਿੱਤੀ ਹੈ।

**ਬਿਨ ਤਜਾਗ ਤੇ ਅਨਿਕ ਕਲੇਸ਼। ਜਨਮ ਮਰਨ ਕੇ ਕਸ਼ਟ ਅਸ਼ੇਸ਼।੪੧।**

ਇਸ ਤਨ ਹੰਤਾ ਨੂੰ ਤਿਆਗੇ ਤੋਂ ਬਿਨਾਂ ਜੀਵ ਨੂੰ ਅਨੇਕ ਹੀ ਕਲੇਸ਼ ਸਹਾਰਨੇ ਪੈਂਦੇ ਹਨ। ਵਾਰ-ਵਾਰ ਜੰਮਣ-ਮਰਨ ਦੇ

ਕਾਰਨ ਅਣਗਿਣਤ ਦੁੱਖ ਝੱਲਣੇ ਪੈਂਦੇ ਹਨ।

**ਯਾਂਤੇ ਸਤਿਗੁਰ ਨੇ ਬਹੁ ਬਾਰ। ਬਰਨਨ ਕੀਨੋ ਗ੍ਰੰਥ ਮਝਾਰ।**

ਇਸ ਕਰਕੇ ਮਹਾਰਾਜ ਸਾਹਿਬ ਜੀ ਨੇ ਵੀ ਆਪਣੀ ਬਾਣੀ ਅੰਦਰ ਬਹੁਤ ਵਾਰ ਕਥਨ ਕੀਤਾ ਹੈ ਕਿ:

**ਹਉ ਵਿਚਿ ਆਇਆ ਹਉ ਵਿਚਿ ਗਇਆ ।ਹਉ ਵਿਚਿ ਜੰਮਿਆ ਹਉ ਵਿਚਿ ਮੁਆ॥**

**ਇੱਤਜਾਦਿਕ ਕੁਛ ਗਿਨੇ ਨ ਜਾਂਹਿ। ਕਹਜੋ ਦੇਹ ਹੰਤਾ ਕਰਿ ਨਾਹਿ।੪੨।**

ਇਸ ਤੋਂ ਲੈ ਕੇ ਹੋਰ ਵੀ ਤਨ ਹੰਤਾ ਤਿਆਗਣ ਦੇ ਉਪਦੇਸ਼ ਗੁਰਬਾਣੀ ਅੰਦਰ ਇੰਨੇ ਜ਼ਿਆਦਾ ਹਨ ਕਿ ਗਿਣੇ ਨਹੀਂ ਜਾ ਸਕਦੇ। ਜਿੰਨ੍ਹਾ ਰਾਹੀਂ ਕਿਹਾ ਗਿਆ ਹੈ ਕਿ ਸਰੀਰ ਦਾ ਹੰਕਾਰ ਨਾ ਕਰੋ ਅਰਥਾਤ ਦੇਹ ਅਭਿਮਾਨੀ ਨਾ ਹੋਵੋ।

**ਤਨ ਹੰਤਾ ਮਹਿਂ ਸਭ ਉਤਪਾਤ। ਦੂੱਖ ਪ੍ਰਾਪਤਿ ਪੁਨ ਪੁਨ ਪਛੁਤਾਤ।੪੩।**

ਇਸ ਤਨ ਹੰਤਾ ਵਿੱਚ ਸਾਰੇ ਹੀ ਉਪੱਦ੍ਰਵ ਹਨ ਭਾਵ ਇਹ ਤਨ ਹੰਤਾ ਸਾਰੇ ਦੁੱਖਾਂ-ਕਲੇਸ਼ਾਂ ਦੀ ਜੜ੍ਹ ਹੈ। ਇਸ ਦੇ ਕਾਰਨ ਹੀ ਵਾਰ-ਵਾਰ ਦੁੱਖ ਪ੍ਰਾਪਤ ਹੁੰਦੇ ਹਨ ਤੇ ਜੀਵ ਵਾਰ-ਵਾਰ ਪਛਤਾਉਂਦਾ ਹੈ।

**ਜਨਮ ਅਸੰਖ ਇਸੀ ਤੇ ਧਰੈ। ਅਪ੍ਰਮਾਨ ਸੰਕਟ ਤੇ ਮਰੈ।**

ਅਸੰਖ-ਅਣਗਿਣਤ ਜਨਮ ਇਸ ਦੇਹ ਅਭਿਮਾਨ ਕਰਕੇ ਹੀ ਧਾਰਨ ਕਰਦਾ ਹੈ ਅਤੇ ਬਹੁਤ ਹੀ ਜਿਆਦਾ ਦੁੱਖ-ਤਕਲੀਫਾਂ ਝੱਲ-ਝੱਲ ਕੇ ਮਰਦਾ ਹੈ।

**ਮਮਤਾ ਆਦਿ ਬਿਕਾਰ ਅਨੇਕ। ਤਨ ਤੰਤਾ ਜਨਤੀ ਅਬਿਬੇਕ।੪੪।**

ਮੋਹ ਮਮਤਾ ਆਦਿਕ ਅਨੇਕ ਹੀ ਵਿਕਾਰ ਅਤੇ ਅਬਿਬੇਕ, ਇਹਨਾਂ ਸਾਰਿਆਂ ਨੂੰ ਤਨ ਹੰਤਾ ਹੀ ਜਨਮ ਦਿੰਦੀ ਹੈ। ਅਬਿਬੇਕ ਤੋਂ ਭਾਵ ਆਪਣੇ ਆਤਮ ਸਰੂਪ ਦਾ ਗਿਆਨ ਨਹੀਂ ਹੋਣ ਦਿੰਦੀ, ਇਸੇ ਕਰਕੇ ਤਨ ਹੰਤਾ ਨੂੰ ਅਬਿਬੇਕ ਨੂੰ ਪੈਦਾ ਕਰਨ ਵਾਲੀ ਕਿਹਾ ਗਿਆ ਹੈ।

**ਜਿਸ ਜਨ ਪਰ ਹੋਵੈ ਗੁਰ ਕਰੁਨਾ। ਤਨ ਹੰਤਾ ਕੋ ਕਰਹਿ ਪ੍ਰਹਰਨਾ।**

ਲੇਕਿਨ ਜਿਸ ਜਨ ਉਤੇ ਗੁਰੂ ਸਾਹਿਬ ਜੀ ਦੀ ਦਇਆ ਹੋ ਜਾਂਦੀ ਹੈ, ਉਹ ਗੁਰੂ ਪਿਆਰਾ ਹੀ ਇਸ ਤਨ ਹੰਤਾ ਦਾ ਤਿਆਗ ਕਰ ਸਕਦਾ ਹੈ।

**ਤੱਤ ਉਪਦੇਸ਼ ਨਾਮ ਲਿਵ ਲਾਵੈ।**

ਫਿਰ ਸਤਿਗੁਰੂ ਜੀ ਉਸਨੂੰ ਪਰਮ ਤੱਤ ਦਾ ਉਪਦੇਸ਼ ਬਖਸ਼ਦੇ ਹਨ ਭਾਵ ਗੁਰੂ ਸਾਹਿਬ ਪ੍ਰਮਾਤਮਾ ਦੇ ਨਾਮ ਦਾ ਉਪਦੇਸ਼ ਬਖਸ਼ ਕੇ ਉਸ ਦੀ ਲਿਵ ਨਾਮ ਦੇ ਨਾਲ ਲਗਾ ਦਿੰਦੇ ਹਨ।

**ਜਨਮ ਮਰਨ ਦੁਖ ਤੇ ਛੁਟਿ ਜਾਵੈ।੪੫।**

ਜਿਸ ਕਰਕੇ ਉਹ ਜਨਮ ਮਰਨ ਦੇ ਸੰਕਟ ਤੋਂ ਛੁੱਟ ਜਾਂਦਾ ਹੈ।

## ਭਾਵ ਅਰਥ

ਭਾਈ ਦਇਆ ਸਿੰਘ ਜੀ ਨੇ ਅਖੀਰਲੀਆਂ ਚਾਰ ਪੰਕਤੀਆਂ ਦੇ ਅੰਦਰ ਗੁਰਮਤਿ ਸਿਧਾਂਤ ਨੂੰ ਐਸਾ ਬਿਆਨ ਕੀਤਾ ਹੈ ਕਿ ਕਿਸੇ ਨੂੰ ਕੋਈ ਦੁਬਿਧਾ ਨਾ ਰਹੇ ਗੁਰਮਤਿ ਵਿਚ ਦੋ ਸਿਧਾਂਤ ਬਹੁਤ ਵੱਡੇ ਹਨ, ਪਹਿਲਾ ਗੁਰੂ ਕਿਰਪਾ ਤੇ ਦੂਜਾ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਨਾਮ ਵਿੱਚ ਲਿਵ ਦਾ ਜੁੜ ਜਾਣਾ, ਇਹਨਾਂ ਦੋਵੇਂ ਬਖਸ਼ਿਸ਼ਾਂ ਤੋਂ ਬਿਨਾਂ ਸਿੱਖ ਦੀ ਬੰਦ-ਖਲਾਸੀ ਨਹੀਂ ਹੋ ਸਕਦੀ।

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਕਰਮ ਨਿਰਨੈ' ਪ੍ਰਸੰਗ ਬਰਨਨੰ ਨਾਮ ਇਕ ਚੱਤ੍ਵਾਰਿੰਸਤੀ ਅੰਸੂ।੪੧।

## ਅਧਿਆਇ ੪੨

# ਆਤਮ ਵਿਚਾਰ

**ਚੌਪਈ: ਪੁਨ ਸਿੰਘਨ, ਬੂਝਨਿ ਕਰਜੋ ਕਹੋ ਰੂਪ ਅਗਿਜਾਨ।**

ਫਿਰ ਸਿੰਘਾਂ ਨੇ ਬੂਝਨ ਕਰਯੋ = ਪੁੱਛਿਆ ਹੈ ਭਾਵ ਭਾਈ ਦਇਆ ਸਿੰਘ ਜੀ ਵੱਲੋਂ ਕਰਮਾਂ ਦਾ ਨਿਰਣੈ ਸ੍ਰਵਣ ਕਰਨ ਤੋਂ ਬਾਅਦ, ਕਰਮ ਗਿਆਨ ਨੂੰ ਸੁਣਨ ਤੋਂ ਬਾਅਦ, ਕਰਮਾਂ ਦੇ ਭੇਦ ਨੂੰ ਚੰਗੀ ਤਰ੍ਹਾਂ ਸ੍ਰਵਣ ਕਰਨ ਤੋਂ ਬਾਅਦ ਪੁਨਿ ਸਿੰਘਨ = ਫਿਰ ਸਿੰਘਾਂ ਨੇ ਭਾਈ ਦਇਆ ਸਿੰਘ ਜੀ ਤੋਂ ਪੁੱਛਣਾ ਕੀਤਾ ਹੈ। ਜਿਵੇਂ: ਆਤਮ ਗਿਆਨ ਭਰਪੂਰ ਗ੍ਰੰਥ ਬ੍ਰਹਮ ਸੂਤਰ ਦੇ ਪ੍ਰਥਮ ਪਾਦ ਦੀ ਪ੍ਰਾਰੰਭਤਾ ਮਹਾਂ ਰਿਸ਼ੀ ਵੇਦ ਵਿਆਸ ਜੀ ਨੇ **"ਅਥਾਤੋ ਬ੍ਰਹਮ ਜਗਿਆਸਾ"** ਇਸ ਸੂਤਰ ਤੋਂ ਕੀਤੀ ਹੈ। ਬ੍ਰਹਮ ਸੂਤਰ ਦੇ ਸੰਸਕ੍ਰਿਤ ਭਾਸ਼ਯ ਦੀ ਸ਼ੁਰੂਆਤ ਸ਼੍ਰੀ ਸੰਕਰਾਚਾਰੀਆ ਜੀ ਨੇ ਇਸ ਤਰ੍ਹਾਂ ਕੀਤੀ ਹੈ। "ਅਥਾਤੋ = ਅਨੰਤਰ ਭਾਵ ਬਾਅਦ, ਸਾਧਨ ਚਤੁਸਟੈ ਸੰਪੰਨ ਹੋਣ ਤੋਂ ਬਾਅਦ "ਬ੍ਰਹਮ ਜਗਿਆਸਾ" ਬ੍ਰਹਮ ਨੂੰ ਜਾਣਨ ਦੀ ਜਗਿਆਸਾ ਕਰੇ ਭਾਵ ਪਹਿਲਾਂ ਚਾਰ ਸਾਧਨ ਸੰਪੰਨ ਹੋਵੇ ਫੇਰ ਬ੍ਰਹਮ ਗਿਆਨ ਦੀ ਇੱਛਾ ਧਾਰਨ ਕਰੇ। ਇਸ ਤਰ੍ਹਾਂ ਕਰਮ ਗਿਆਨ ਸੰਪੰਨ ਹੋਣ ਤੋਂ ਉਪਰੰਤ ਸਿੰਘਾਂ ਨੇ ਆਤਮ ਗਿਆਨ ਪ੍ਰਥਾਇ, ਇਹ ਪੰਦਰਾਂ ਪ੍ਰਸ਼ਨ ਪੁੱਛਣੇ ਸ਼ੁਰੂ ਕੀਤੇ ਹਨ, ਜਿੰਨ੍ਹਾਂ ਦੇ ਵਿੱਚੋਂ ਪਹਿਲਾ ਪ੍ਰਸ਼ਨ ਅਗਿਆਨ ਦੇ ਸਰੂਪ ਪ੍ਰਥਾਇ ਪੁੱਛਿਆ ਹੈ। **ਕਹੋ ਰੂਪ ਅਗਯਾਨ:-** ਹੁਣ ਅਗਿਆਨ ਦੇ ਸਰੂਪ ਬਾਰੇ = ਦੱਸੋ, ਕਿ ਅਗਿਆਨ ਕੀ ਹੈ? ਅਗਿਆਨ ਦਾ ਸਰੂਪ ਕੈਸਾ ਹੈ? ਇਸਦੇ ਸਰੂਪ ਵਿੱਚ ਪ੍ਰਮਾਣ ਕੀ ਹੈ? ਇਸ ਦੇ ਬਾਰੇ ਕਹੋ = ਭਾਵ ਕਥਨ ਕਰੋ।

**ਮਾਯਾ ਬਹੁਰ ਅਬਿੱਦਿਆ, ਬੰਧਨ ਮੋਖ ਬਿਖਾਨ।੨।**

ਮਾਇਆ ਕੀ ਹੈ ਭਾਵ ਮਾਇਆ ਦਾ ਸਰੂਪ ਕੈਸਾ ਹੈ? ਬਹੁਰ=ਮਾਇਆ ਤੋਂ ਬਾਅਦ ਅਵਿੱਦਿਆ ਕੀ ਹੈ? ਇਹ ਵੀ ਦੱਸੋ ਫਿਰ ਅਵਿਦਜਾ ਦੇ ਸਰੂਪ ਬਾਬਤ ਵੀ ਦੱਸੋ? ਬੰਧਨ ਕਿਸਨੂੰ ਕਹਿੰਦੇ ਹਨ ਤੇ ਮੋਖ-ਮੁਕਤੀ ਕਿਸਨੂੰ ਕਿਹਾ ਜਾਂਦਾ ਹੈ? ਇਸ ਦੇ ਬਾਰੇ ਵੀ ਵਖਿਆਨ ਕਰੋ।

**ਚੌਪਈ: ਜਾਗ੍ਰਤ ਸੁਪਨ ਸੁਖੋਪਤਿ ਤੀਨਿ। ਏਹ ਅਵਸਥਾ ਕਹੋ ਪ੍ਰਬੀਨ !।**

ਜਾਗ੍ਰਤ = ਸੁਪਨ ਸੁਖੋਪਤੀ ਇਹ ਜੋ ਤਿੰਨ ਅਵਸਥਾਵਾਂ ਹਨ। ਇਹਨਾਂ ਤਿੰਨਾਂ ਅਵਸਥਾਵਾਂ ਬਾਰੇ ਪ੍ਰਬੀਨ=ਬੁਧੀ ਦੀ (ਉਤਕ੍ਰਿਸਟਤਾ) ਨਾਲ ਵਿਸਥਾਰ ਸਹਿਤ ਕਥਨ ਕਰੋ।

**ਮੂਰਛਾ ਰੂਪ ਸਮਾਧਿ ਕਹੀਜੈ। ਤੁਰੀਆਵਸਥਾ ਰੂਪ ਭਨੀਜੈ।੨।**

ਮੂਰਛਾ ਦਾ ਰੂਪ ਅਤੇ ਸਮਾਧੀ ਦਾ ਸਰੂਪ ਵੀ ਕਹੀਜੈ = ਕਹਿਣਾ ਕਰੋ। ਤੁਰੀਆਵਸਥਾ ਦਾ ਸਰੂਪ ਕੀ ਹੈ? ਇਹ ਵੀ

ਦੱਸੋ।

**ਇਕ ਸਾਖੀ ਅਰੁ ਜੀਵ ਜਿ ਹੋਇ। ਜਸ ਇਨ ਰੂਪ ਬਖਾਨਹੁ ਸੋਇ।**

ਇਕ ਸਾਖੀ ਅਤੇ ਜੀਵ ਜਿਹੜਾ ਹੈ। ਜੈਸਾ ਇਨ੍ਹਾਂ ਦਾ ਸਰੂਪ ਹੈ, ਉਸ ਸਰੂਪ ਬਾਰੇ ਵੀ ਵਖਿਆਨ ਕਰੋ।

**ਪੁਨਹੁ ਬ੍ਰਹਮ ਨਿਰਨੈ ਕਰਿ ਲਹੋ। ਪੰਚ ਕੋਸ਼ ਕੋ ਰੂਪ ਸੁ ਕਹੋ।੩।**

ਉਸ ਤੋਂ ਬਾਅਦ ਫਿਰ ਬ੍ਰਹਮ ਦੇ ਸਰੂਪ ਦਾ ਨਿਰਣਾ ਕਰਕੇ ਲਹੋ= ਜਣਾ ਦਿਉ। ਭਾਵ ਬ੍ਰਹਮ ਦਾ ਸਰੂਪ ਕੈਸਾ ਹੈ? ਇਹ ਵੀ ਵਿਸਥਾਰ ਸਹਿਤ ਦੱਸੋ ਪੰਜ ਜੋ ਕੋਸ਼ ਹਨ, ਅੰਨਮਯ, ਪ੍ਰਾਣਮਯ, ਮਨੋਮਯ, ਵਿਗਿਆਨ ਮਯ, ਅਨੰਦਮਯ, ਇਹਨਾਂ ਪੰਜਾਂ ਕੋਸ਼ਾਂ ਦਾ ਰੂਪ=ਸਰੂਪ ਕੈਸਾ ਹੈ? ਸੋ ਕਹੋ= ਉਹ ਵੀ ਕਹਿਣਾ ਕਰੋ।

**ਪੰਦ੍ਰਹ ਪ੍ਰਸ਼ਨ ਸੁਨੇ ਸਭਿ ਕਾਨ। ਦਇਆ ਸਿੰਘ ਜੀ ਕਰਤਿ ਬਖਾਨ।**

ਭਾਈ ਦਇਆ ਸਿੰਘ ਜੀ ਨੇ ਸਿੰਘਾਂ ਪਾਸੋਂ ਇਹ ਸਾਰੇ ਪੰਦਰਾਂ ਦੇ ਪੰਦਰਾਂ ਪ੍ਰਸ਼ਨ ਬੜੇ ਧਿਆਨ ਨਾਲ ਸੁਣੇ ਹਨ ਭਾਵ ਕੰਨ ਦੇ ਕੇ ਸੁਣੇ ਹਨ। ਹੁਣ ਦਇਆ ਦੀ ਮੂਰਤ, ਭਾਈ ਦਇਆ ਸਿੰਘ ਜੀ ਸਿੰਘਾਂ ਦੀ ਅਭਿਲਾਖਾ ਪੂਰੀ ਕਰਨ ਹਿਤ, ਸ੍ਰੀ ਗੁਰੂ ਗੋਬਿੰਦ ਸਿੰਘ ਸ਼ਹਿਨਸ਼ਾਹ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ, ਪ੍ਰਵਚਨ ਪ੍ਰਾਰੰਭ ਕਰਦੇ ਹਨ।

**ਜਿਸ ਪਰ ਗੁਰੂ ਪ੍ਰਸੰਨਤਾ ਧਰੈਂ। ਸੁਨਿਕੈ ਦਿਢ ਨਿਸ਼ਚੈ ਸੋ ਕਰੈ ।੪।**

ਜਿਸ ਉੱਤੇ ਗੁਰੂ ਸਾਹਿਬ ਜੀ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ, ਉਹ ਸੁਣ ਕੇ ਦ੍ਰਿੜ ਨਿਸ਼ਚਾ ਧਾਰਨ ਕਰਦਾ ਹੈ ਭਾਵ ਆਤਮ ਗਿਆਨ ਵਿੱਚ ਹਿਰਦੇ ਦੀ ਦ੍ਰਿੜਤਾ ਗੁਰੂ ਸਾਹਿਬ ਜੀ ਦਾ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

**ਸੁਨੀਅਹਿ ਸਭਿ ਕੋ ਰੂਪ ਬਖਾਨੋਂ। ਗੁਰ ਕਰੁਨਾ ਤੇ ਮੈਂ ਜਿਮ ਜਾਨੋਂ।**

ਭਾਈ ਦਇਆ ਸਿੰਘ ਜੀ ਕਹਿੰਦੇ ਭਾਈ ਸਿੱਖੋ = ਸੁਣੋ, ਸਭਿ ਕੇ - ਸਾਰਿਆਂ ਦੇ, ਇਹ ਜਿਹੜੇ ਤੁਸੀਂ ਪੰਦਰਾਂ ਸਵਾਲ ਕੀਤੇ ਹਨ, ਰੂਪ ਬਖਾਨੋ- ਇਹਨਾਂ ਸਾਰਿਆਂ ਦੇ ਸਰੂਪ ਆਪ ਸਿੱਖਾਂ ਨੂੰ ਵਿਸਥਾਰ ਸਹਿਤ ਦੱਸਦਾ ਹਾਂ। ਗੁਰੂ ਸਾਹਿਬ ਜੀ ਦੀ ਕਰੁਨਾ ਤੇ ਕ੍ਰਿਪਾ ਨਾਲ ਜਿਸ ਤਰ੍ਹਾਂ ਮੈਂ ਜਾਣਿਆ ਹੈ।

**ਜਿਸ ਜਾਨੇ ਅਰ ਨਿਰਨੈ ਕਰੇ। ਜਗ ਸਾਗਰ ਤੇ ਸੋ ਨਰ ਤਰੇ।੫।**

ਜਿਸ ਨੇ ਇਹਨਾਂ ਆਤਮ ਗਿਆਨ ਭਰਪੂਰ ਵਿਸ਼ਿਆਂ ਨੂੰ ਜਾਣਿਆ ਹੈ ਅਤੇ ਨਿਰਣੈ = ਨਿਧਿਆਸਣ ਰੂਪ ਨਿਸ਼ਚੇ ਨੂੰ ਧਾਰਨ ਕਰ ਆਤਮ ਸਰੂਪ ਨੂੰ ਜਾਣਿਆ ਹੈ ।ਅਥਵਾ- ਜਿਸਨੂੰ ਜਾਣਨ ਅਤੇ ਨਿਰਣੈ ਕਰਨ ਦੇ ਨਾਲ, ਕਿ ਦੇਹਆਤਮ ਭਾਵ ਅਸੱਤ ਹੈ ਮਿਥਿਆ ਨਾਸ਼ਵਾਨ ਹੈ ਅਤੇ ਆਤਮਾ ਪਾਰਬ੍ਰਹਮ ਸਰੂਪ ਹੈ, ਐਸਾ ਜਿਸਨੇ ਨਿਸ਼ਚੈ ਕੀਤਾ ਹੈ।ਸੰਸਾਰ = ਰੂਪ ਸਾਗਰ ਸਮੁੰਦਰ ਤੋਂ ਸੋ ਨਰ = ਉਹ ਮਨੁੱਖ ਤਰੇ = ਤਰ ਗਏ ਹਨ ਭਾਵ ਉਹਨਾਂ ਦਾ ਗੁਰੂ ਕ੍ਰਿਪਾ ਸਦਕਾ ਪਾਰ ਉਤਾਰਾ ਹੋ ਗਿਆ ਹੈ।

# ਅਗਿਆਨ ਦੇ ਲੱਛਣ ਚੱਲੇ

**ਸੈ੍ਯਾ ਛੰਦ– ਬਿਨ ਅਕਾਰ ਬਿਨ ਜਨਮ ਅਨਾਦੀ ਰਹਿ ਇਕ ਦੇਸ਼ ਬ੍ਰਹਮ ਕੇ ਮਾਂਹਿ।**

ਬਿਨ ਅਕਾਰ=ਜਿਸਦਾ ਕੋਈ ਸਥੂਲ ਰੂਪ ਵਿੱਚ ਅਕਾਰ ਨਹੀਂ ਹੈ ਅਤੇ ਬਿਨ ਜਨਮ ਭਾਵ ਜੋ ਉਤਪਤੀ ਰਹਿਤ ਵਸਤੂ ਹੈ ਅਤੇ ਅਨਾਦਿ=ਅਨਿਰਵਚਨੀਯ ਹੈ।ਉਹ ਬ੍ਰਹਮ ਦੇ ਇਕ ਦੇਸ਼= ਇਕ ਹਿੱਸੇ ਵਿੱਚ ਤਿਲ ਮਾਤਰ ਰਹਿੰਦਾ ਹੈ ਪਰ ਰਹਿੰਦਾ ਅਧਿਅਸਤ ਰੂਪ ਵਿੱਚ ਹੈ ਵਾਸਤਵਿਕ ਸਰੂਪ ਵਿੱਚ ਨਹੀਂ।

# ਸਾਂਤ ਅਨਾਦਿ ਅਤੇ ਅਨੰਤ ਅਨਾਦਿ ਭੇਦ

ਅਨਾਦਿ ਸ਼ੁੱਧ ਬ੍ਰਹਮ ਵਿੱਚ ਅਨਾਦਿ ਕਲਪਿਤ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਦਾ ਬ੍ਰਹਮ ਦੇ ਨਾਲ ਅਨਾਦਿ ਕਲਪਿਤ ਤਾਦਾਤਮਯ ਸੰਬੰਧ ਹੈ, ਵਾਸਤਵ ਵਿੱਚ ਦੋਨਾਂ ਦਾ ਅਭੇਦ ਹੈ ਕਿੰਤੂ ਵਿਵੇਕ ਲਈ ਭੇਦ ਸਵੀਕਾਰ ਕੀਤਾ ਜਾਂਦਾ ਹੈ। ਇਸ ਕਰਕੇ ਅਨਾਦਿ ਕਿਹਾ ਜਾਂਦਾ ਹੈ। ਅਨਾਦਿਤ੍ਵ ਸੱਤਯਤ੍ਵ ਦਾ ਲੱਛਣ ਨਹੀਂ ਹੈ, ਅਰਥਾਤ ਵਸਤੂ ਅਨਾਦੀ ਹੋਣ ਨਾਲ ਸਤ ਨਹੀਂ ਹੋ ਜਾਂਦੀ।ਅਬਾਧਿਤ੍ਵ ਹੀ ਸੱਤਯਤ੍ਵ ਦਾ ਲੱਛਣ ਹੈ।ਅਬਾਧਿਤ੍ਵ= ਬਾਧ ਰਹਿਤ ਹੋਣਾ ਹੀ ਸੱਤਪੁਣੇ ਦਾ ਲੱਛਣ ਹੈ। ਇਸ ਤੋਂ ਉਲਟ ਜੋ ਅਧਿਸ਼ਠਾਨ ਗਿਆਨ ਨਾਲ ਬਾਧਿਤ ਹੋ ਜਾਏ, ਉਸਨੂੰ ਮਿਥਿਆ ਕਿਹਾ ਜਾਂਦਾ ਹੈ। ਮਿਥਿਆ ਹੋਣ ਕਾਰਨ ਸਾਂਤ ਅਨਾਦੀ ਮੰਨਿਆ ਜਾਂਦਾ ਹੈ।ਵੇਦਾਂਤ ਵਿੱਚ ਛੇ ਪਦਾਰਥ ਅਨਾਦਿ ਮੰਨੇ ਜਾਂਦੇ ਹਨ: ਸ਼ੁੱਧ ਚੇਤਨ (ਬ੍ਰਹਮ), ਈਸ਼ਵਰ, ਜੀਵ, ਈਸ਼ਵਰ ਜੀਵ ਭੇਦ, ਅਗਿਆਨ , ਅਗਿਆਨ ਅਤੇ ਚੇਤਨ ਦਾ ਸੰਬੰਧ।

ਅਨਾਦਿ ਵੀ ਦੋ ਪ੍ਰਕਾਰ ਦੇ ਹੁੰਦੇ ਹਨ: ਵਾਸਤਵਿਕ ਅਨਾਦਿ , ਕਲਪਿਤ ਅਨਾਦਿ

- ਬ੍ਰਹਮ ਪਰਮਾਰਥਿਕ ਸੱਤਯ ਵਾਸਤਵਿਕ ਅਨਾਦਿ ਹੈ ਅਤੇ ਤ੍ਰੈ ਕਾਲ ਅਬਾਧ ਸਰੂਪ ਹੋਣ ਕਾਰਨ ਅਨੰਤ ਅਨਾਦਿ ਹੈ।
- ਬਾਕੀ ਬਚਿਆਂ, ਸਭ ਕੁਝ ਕਲਪਿਤ ਅਨਾਦਿ ਹੈ। ਕਿੰਤੂ ਇਹ ਅਨੰਤ ਨਹੀਂ ਹਨ ਸਾਂਤ ਅਨਾਦਿ ਹਨ। ਇਸੇ ਕਰਕੇ ਬ੍ਰਹਮ ਗਿਆਨ ਨਾਲ ਇਹਨਾਂ ਦਾ ਮਿਥਿਆਪੁਣਾ ਨਿਸ਼ਚਿਤ ਹੋ ਜਾਂਦਾ ਹੈ।

# ਵਾਸਤਵ ਅਭੇਦ ਕਿਉਂ ਕਿਹਾ?

ਵਾਸਤਵ ਅਭੇਦ ਕਹਿਣ ਤੋਂ ਭਾਵ ਹੈ ਕਿ ਇਹ ਜੋ ਅਵਿਦਿਆ ਹੈ ਇਹ ਵਾਸਤਵਿਕ ਤਾਂ ਹੈ ਨਹੀਂ, ਇਸ ਕਰਕੇ ਅਧਿਅਸਤ ਹੈ। ਜੇਕਰ ਅਧਿਅਸਤ ਹੈ, ਤਾਂ ਅਵਿਦਿਆ ਵੀ ਕਲਪਿਤ ਹੈ ਤੇ ਅਵਿਦਿਆ ਦਾ ਸੰਬੰਧ ਵੀ ਕਲਪਿਤ ਹੈ। ਇਸ ਦਾ ਬ੍ਰਹਮ ਦੇ ਨਾਲ ਭੇਦ ਵੀ ਕਲਪਿਤ ਹੈ ਭਾਵ ਅਵਿਦਿਆ ਆਦਿਕ ਸਭ ਕੁੱਝ ਹੀ ਕਲਪਿਤ ਹੈ ਮਿਥਿਆ ਹੈ। ਹੁਣ ਮਿਥਿਆ ਵਸਤੂ ਦੀ ਆਪਣੀ ਕੋਈ ਸੱਤਾ ਨਹੀਂ ਹੁੰਦੀ ਵਾਸਤਵ ਅਭੇਦ ਕਹਿਣ ਦਾ ਮਤਲਬ ਜੋ ਕਲਪਿਤ ਸੱਤਾ ਹੁੰਦੀ ਹੈ ਅਧਿਸਠਾਨ ਦੀ ਆਸਰੇ ਹੁੰਦੀ ਹੈ।ਉਹ ਅਧਿਸ਼ਠਾਨ ਰੂਪ ਹੁੰਦੀ ਹੈ। ਉਹ ਅਧਿਸ਼ਠਾਨ ਤੋਂ ਭਿੰਨ ਨਹੀਂ ਹੁੰਦੀ ਇਸ ਕਰਕੇ ਅਭੇਦ ਕਿਹਾ ਜਾਂਦਾ ਹੈ। ਦੂਜੇ ਪੱਖ ਅਨੁਸਾਰ ਭੇਦ ਤਾਂ ਹੋਵੇ ਜਦੋਂ ਕੋਈ ਦੂਜਾ ਹੋਵੇ, ਜਦੋਂ ਵਾਸਤਵ ਵਿੱਚ ਦੂਜਾ ਕਹਿਣ ਲਈ ਕੋਈ ਹੈ ਹੀ ਨਹੀਂ ਤਾਂ ਫਿਰ ਭੇਦ ਕਿਸ ਤਰ੍ਹਾਂ ਸਿੱਧ ਹੋਵੇ, ਇਸ ਕਰਕੇ ਬ੍ਰਹਮ ਤੋਂ ਭਿੰਨ ਕਿਸੇ ਦੀ ਵੀ ਆਪਣੀ ਸੱਤਾ ਨਾ ਹੋਣ ਕਾਰਨ, ਪ੍ਰਮਾਰਥ ਦ੍ਰਿਸ਼ਟੀ ਤੋਂ ਅਭੇਦ ਕਿਹਾ ਹੈ ਜਾਂ ਵਾਸਤਵ ਅਭੇਦ ਕਿਹਾ ਜਾਂਦਾ ਹੈ।

## ਨਾਮ ਅੱਗਜਾਨ

ਜੋ ਬ੍ਰਹਮ ਦੇ ਇਕ ਦੇਸ਼ ਵਿੱਚ ਅਧਿਅਸਤ ਰੂਪ ਵਿੱਚ ਰਹਿਣ ਵਾਲਾ ਹੈ ਉਸ ਦਾ ਨਾਮ ਅਗਿਆਨ ਹੈ। ਅਥਵਾ= ਵਿਦਵਤ ਜਨ ਉਸ ਨੂੰ ਅਗਿਆਨ ਨਾਮ ਨਾਲ ਕਥਨ ਕਰਦੇ ਹਨ।

## ਅੱਗਜਾਨ ਦਾ ਸਰੂਪ

ਬਿਰਤੀ ਪ੍ਰਭਾਕਰ ਗ੍ਰੰਥ ਅੰਦਰ ਸਾਧੂ ਨਿਸਚਲ ਦਾਸ ਜੀ ਨੇ ਅਗਿਆਨ ਦੇ ਸੰਬੰਧ ਵਿੱਚ ਬਹੁਤ ਵਿਸਥਾਰ ਸਹਿਤ ਕਥਨ ਕੀਤਾ ਹੈ। ਉਸ ਵਿੱਚੋਂ ਸਰਲ ਪੰਜਾਬੀ ਵਿੱਚ ਪ੍ਰਮਾਣ ਮਾਤਰ ਕਥਨ ਨਾਲ ਵਿਚਾਰ ਪ੍ਰਾਰੰਭ ਕਰਦੇ ਹਾਂ:

ਅਗਿਆਨ, ਅਵਿਦਿਆ, ਮਾਇਆ, ਪ੍ਰਕ੍ਰਿਤੀ, ਪ੍ਰਧਾਨ, ਸ਼ਕਤੀ, ਇਹ ਸਾਰੇ ਇੱਕ ਹੀ ਪਦਾਰਥ ਦੇ ਨਾਮ ਹਨ ਭਾਵ ਸਾਰੇ ਪ੍ਰਯਾਇ ਸ਼ਬਦ ਹਨ। ਇਹਨਾਂ ਵਿੱਚ ਮਾਇਆ ਤੇ ਅਵਿਦਿਆ ਦਾ ਭੇਦ ਹੈ, ਇਹ ਇਕ=ਦੇਸ਼ੀ ਵਾਦ ਹੈ, ਵਾਸਤਵਿਕ ਨਹੀਂ ਹੈ। ਨਯਾਇ ਸ਼ਾਸਤਰ ਆਦਿਕ ਤਾਂ ਗਿਆਨਾਭਾਵ ਨੂੰ ਹੀ ਅਗਿਆਨ ਮੰਨਦੇ ਹਨ ਭਾਵ ਗਿਆਨ ਦੇ ਅਭਾਵ ਨੂੰ ਹੀ ਅਗਿਆਨ ਮੰਨਦੇ ਹਨ। ਪ੍ਰੰਤੂ ਸਿਧਾਂਤ ਮੱਤ ਵਿੱਚ ਆਵਰਣ, ਵਿਖੇਪ, ਸ਼ਕਤੀ ਵਾਲੇ, ਅਨਾਦਿ ਅਤੇ ਭਾਵਰੂਪ ਪਦਾਰਥ ਦਾ ਨਾਮ ਹੀ ਅਗਿਆਨ ਹੈ। ਉਸੇ ਨੂੰ ਹੀ ਵਿਦਿਆ ਦੁਆਰਾ ਨਾਸ਼ ਹੋਣ ਕਾਰਨ ਅਵਿਦਿਆ ਕਿਹਾ ਜਾਂਦਾ ਹੈ। ਪ੍ਰਪੰਚ ਦਾ ਉਪਾਦਾਨ ਹੋਣ ਕਰਕੇ, ਪ੍ਰਕ੍ਰਿਤੀ ਅਥਵਾ ਪ੍ਰਧਾਨ ਕਿਹਾ ਜਾਂਦਾ ਹੈ। ਦੁਰਘਟ ਨੂੰ ਵੀ ਸੰਪਾਦਨ ਕਰਨੇ ਵਾਲੀ ਹੋਣ ਕਰਕੇ ਮਾਯਾ ਭਾਵ ਜੋ ਨਾ ਹੋਣ ਯੋਗ ਕਾਰਜ ਨੂੰ ਵੀ ਕਰ ਦੇਣ ਵਾਲੀ ਹੋਣ ਕਰਕੇ ਮਾਯਾ ਅਤੇ ਸੁਤੰਤਰਤਾ ਦੇ ਅਭਾਵ ਕਾਰਨ ਸ਼ਕਤੀ ਕਿਹਾ ਜਾਂਦਾ ਹੈ। ਇੱਥੇ ਅਗਿਆਨ ਪ੍ਰਥਾਇ ਵਿਚਾਰ ਹੋ ਰਹੀ ਹੈ। ਪਰ ਪੰਜਵੀਂ ਰੁੱਤ ਅੰਦਰ ਅਗਿਆਨ ਦੇ ਸੰਬੰਧ ਵਿੱਚ ਡੂੰਘਾ ਗਿਆਨ ਸੂਤਰ ਰੂਪ ਵਿੱਚ ਵਰਣਿਤ ਕੀਤਾ ਗਿਆ ਹੈ। ਜਦੋਂ ਕਿਸੇ ਗ੍ਰੰਥ ਅੰਦਰ ਕਿਸੇ ਵਿਸ਼ੇ ਪ੍ਰਥਾਇ ਸੂਤਰ ਰੂਪ ਵਿੱਚ ਵਿਚਾਰ ਪ੍ਰਗਟ ਕੀਤੇ ਗਏ ਹੋਣ ਤਾਂ ਉਹਨਾਂ ਸੂਤਰਾਂ ਵਿੱਚ ਦਰਸਾਏ ਗਏ, ਗਿਆਨ ਨੂੰ ਹਰ ਪ੍ਰਕਾਰ ਦੇ ਪਾਠਕਾਂ ਤੱਕ ਪਹੁੰਚਾਉਣ ਲਈ ਵਿਸਤ੍ਰਿਤ ਵਿਆਖਿਆ ਦੀ ਜ਼ਰੂਰਤ ਹੁੰਦੀ ਹੈ। ਅਰਥ ਰੂਪ ਵਿੱਚ, ਭਾਵ ਅਰਥ ਰੂਪ ਵਿੱਚ, ਟੀਕਾ ਰੂਪ, ਵਿੱਚ ਭਾਸ਼ਯ ਰੂਪ ਵਿੱਚ, ਵਾਰਤਕ ਰੂਪ ਵਿੱਚ ਜਾਂ ਕਿਸੇ ਵੀ ਉੱਪਰ ਦੱਸੇ ਤਰੀਕੇ ਨਾਲ ਸੂਤਰਮਈ ਗਿਆਨ ਨੂੰ ਜਨ ਸਾਧਾਰਨ ਤੱਕ ਪਹੁੰਚਾਇਆ ਜਾ ਸਕਦਾ ਹੈ। ਹੁਣ ਗੱਲ ਅਗਿਆਨ ਦੇ ਸਰੂਪ ਦੀ ਹੋ ਰਹੀ ਹੈ ਕਿ ਅਗਿਆਨ ਦਾ ਸਰੂਪ ਕੀ ਹੈ ਅਗਿਆਨ ਦਾ ਲੱਛਣ ਕੀ ਹੈ? ਅਗਿਆਨ ਦੇ ਹੋਣ ਵਿੱਚ ਪ੍ਰਮਾਣ ਕੀ ਹੈ, ਇਸ ਵਿਸ਼ੇ ’ਤੇ ਵਿਚਾਰ ਕਰਨੀ ਬਹੁਤ ਹੀ ਜ਼ਰੂਰੀ ਹੈ। ਵੇਦਾਂਤ ਦੇ ਉੱਚ ਗ੍ਰੰਥਾਂ ਅੰਦਰ ਇਸ ਪ੍ਰਕਾਰ ਕਥਨ ਕੀਤਾ ਮਿਲਦਾ ਹੈ।

## ਤ੍ਰਿਗੁਣਾਤਮਕਮ ਅਗਿਆਨਮ

ਅਗਿਆਨ ਤ੍ਰਿਗੁਣਾਤਮਕ ਰੂਪ ਹੈ: ਅਰਥਾਤ ਸਤੋ, ਰਜੋ, ਤਮੋ ਇਹ ਤਿੰਨ ਗੁਣ ਜਿਸ ਦਾ ਸਰੂਪ ਹਨ ਭਾਵ ਇਹ ਤਿੰਨ ਗੁਣ ਜਿਸ ਦੀ ਆਤਮਾ ਵੀ ਵਿਵਹਾਰਕ ਦ੍ਰਿਸ਼ਟੀ ਤੋਂ ਕਹੇ ਜਾ ਸਕਦੇ ਹਨ। ਅਗਿਆਨ ਦੇ ਕਾਰਜ ਜਗਤ ਵਿੱਚ ਸੁਖ-ਦੁਖ ਮੋਹਰੂਪਤਾ ਪ੍ਰਤੱਖ ਪ੍ਰਤੀਤ ਹੁੰਦੀ ਹੈ। ਇਹ ਸੁਖ-ਦੁਖ ਆਦਿ ਇਹਨਾਂ ਤਿੰਨਾਂ ਗੁਣਾਂ ਦਾ ਹੀ ਪਰਿਣਾਮ ਹੈ। ਕਾਰਣ ਦੇ ਸਮਾਨ ਸੁਭਾਅ ਵਾਲਾ ਕਾਰਜ ਹੋਇਆ ਕਰਦਾ ਹੈ। ਇਸ ਨਿਯਮ ਅਨੁਸਾਰ ਜਗਤ ਰੂਪ ਕਾਰਜ ਵਿੱਚ

ਤ੍ਰਿਗੁਣਰੂਪਤਾ ਦੇਖ ਕੇ ਇਸ ਦੇ ਕਾਰਣ ਭੂਤ ਅਗਿਆਨ ਵਿੱਚ ਤ੍ਰਿਗੁਣਾਤਮਕਤਾ ਦੀ ਕਲਪਨਾ ਜਾਂਦੀ ਹੈ।

# ਅਗਿਆਨ ਦੇ ਲੱਛਣ

## ਸਦ ਅਸਦ ਵਿਲਕਸ਼ਣਮ ਅਗਿਜਾਨਮ।

ਜੋ ਸੱਤ ਪਦਾਰਥ ਅਥਵਾ ਅਸੱਤ ਪਦਾਰਥ ਤੋਂ ਵਿਲੱਖਣ ਹੋਵੇ, ਉਸਨੂੰ ਅਗਿਆਨ ਕਿਹਾ ਜਾਂਦਾ ਹੈ। ਅਰਥਾਤ ਅਗਿਆਨ ਦਾ ਸੱਤ ਰੂਪ ਕਰਕੇ ਜਾਂ ਅਸੱਤ ਰੂਪ ਕਰਕੇ ਕਥਨ ਨਹੀਂ ਕੀਤਾ ਜਾ ਸਕਦਾ। ਜੇਕਰ ਅਗਿਆਨ ਨੂੰ ਸੱਤ ਮੰਨਦੇ ਹਾਂ ਤਾਂ ਸੱਤ, ਬ੍ਰਹਮ ਦੀ ਨਿਆਈ ਮੰਨਣਾ ਪਏਗਾ। ਪਰ ਬ੍ਰਹਮ ਦਾ ਸੱਤ ਸਰੂਪ ਹੋਣ ਕਰਕੇ ਕਦੇ ਨਾਸ਼ ਨਹੀਂ ਹੁੰਦਾ। ਅਗਿਆਨ ਦਾ ਤਾਂ ਬ੍ਰਹਮ ਦਾ ਗਿਆਨ ਹੋਣ ਨਾਲ ਹੀ ਨਾਸ਼ ਹੋਣਾ ਪ੍ਰਮਾਣੀਕ ਸਿਧਾਂਤ ਹੈ। ਇਸ ਕਰਕੇ ਨਾਸ਼ਵਾਨ ਸਰੂਪ ਵਾਲਾ ਹੋਣ ਕਾਰਨ ਅਗਿਆਨ ਨੂੰ ਸੱਤ ਰੂਪ ਕਰਕੇ ਨਹੀਂ ਕਿਹਾ ਜਾ ਸਕਦਾ।ਜੇਕਰ ਅਗਿਆਨ ਨੂੰ ਅਸੱਤ ਮੰਨਦੇ ਹਾਂ, ਤਾਂ ਉਸ ਦਾ ਪ੍ਰਤੱਖ ਅਨੁਭਵ ਨਹੀਂ ਹੋਣਾ ਚਾਹੀਦਾ ਕਿ ਮੈਂ ਅਗਿਆਨੀ ਹਾਂ ਭਾਵ ਮੈਂ ਆਪਣੇ ਸਰੂਪ ਅਥਵਾ ਬ੍ਰਹਮ ਨੂੰ ਨਹੀਂ ਜਾਣਦਾ ਹਾਂ, ਜਾਂ ਮੈਂ ਕੁਝ ਵੀ ਨਹੀਂ ਜਾਣਦਾ ਹਾਂ, ਇਸ ਤਰ੍ਹਾਂ ਦਾ ਅਨੁਭਵ ਨਹੀਂ ਹੋਣਾ ਚਾਹੀਦਾ। ਅਰਥਾਤ ਇਸ ਤਰ੍ਹਾਂ ਦੇ ਅਨੁਭਵ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ਇਸ ਤਰ੍ਹਾਂ ਦੇ ਅਨੁਭਵ ਦਾ ਵਿਸ਼ਾ ਹੋਣਾ ਹੀ ਅਗਿਆਨ ਦੇ ਹੋਣ ਵਿੱਚ ਸਭ ਤੋਂ ਵੱਡਾ ਪ੍ਰਮਾਣ ਹੈ। ਇਸ ਕਰਕੇ ਅਗਿਆਨ ਨੂੰ ਅਸੱਤ ਰੂਪ ਵੀ ਨਹੀਂ ਕਿਹਾ ਜਾ ਸਕਦਾ।

ਹੁਣ ਸਵਾਲ ਇਹ ਉਠਦਾ ਹੈ ਕਿ ਨਾ ਉਸਨੂੰ ਸੱਤ ਕਿਹਾ ਜਾ ਸਕਦਾ ਹੈ ਨਾ ਉਸਨੂੰ ਅਸੱਤ ਹੀ ਕਿਹਾ ਜਾ ਸਕਦਾ ਹੈ ਤਾਂ ਫਿਰ ਕਿਹਾ ਕੀ ਜਾ ਸਕਦਾ ਹੈ? ਇਸ ਦੇ ਜਵਾਬ ਵਿੱਚ ਵਿਦਵਾਨਾਂ ਨੇ ਉਸਨੂੰ ਅਨਿਰਵਚਨੀ ਕਿਹਾ ਹੈ।ਅਨਿਰਵਚਨੀ ਕਿਸਨੂੰ ਕਹਿੰਦੇ ਹਨ, ਇਸ ਦੀ ਵਿਚਾਰ ਵਿਸਥਾਰ ਨਾਲ ਇਸੇ ਵਿਚਾਰ ਦੇ ਅਖ਼ੀਰ ਵਿੱਚ ਕਰਾਂਗੇ। ਜੇਕਰ **ਅਸਦ ਵਿਲਕਸ਼ਣਮ ਅਗਯਾਨਮ** ਸਿਰਫ ਇਤਨਾ ਮਾਤਰ ਹੀ ਅਗਿਆਨ ਦਾ ਲੱਛਣ ਕਰਦੇ ਹਾਂ ਤਾਂ ਅਸੱਤ ਪਦਾਰਥਾਂ ਤੋਂ ਵਿਲੱਖਣ ਜੋ ਸਤ ਸਰੂਪ ਬ੍ਰਹਮ ਹੈ, ਉਸਦੇ ਵਿੱਚ ਅਗਿਆਨ ਦੇ ਲੱਛਣ ਦੀ **ਅਤੀ ਵਿਆਪਤੀ** ਹੋ ਜਾਂਦੀ ਹੈ। ਅਤੀ ਵਿਆਪਤੀ ਦੋਸ਼ ਦੀ ਨਵਿਰਤੀ ਲਈ **ਸਦ ਵਿਲਕਸ਼ਣਮ** ਇਸ ਪਦ ਦਾ **ਅਸਦ** ਪਦ ਤੋਂ ਪਹਿਲਾਂ ਕਥਨ ਕੀਤਾ ਗਿਆ ਹੈ। ਹੁਣ ਬ੍ਰਹਮ ਦਾ ਸਰੂਪ ਸੱਤ ਤੋਂ ਵਿਲੱਖਣ ਨਹੀਂ ਹੈ। ਇਸ ਕਰਕੇ ਅਤੀ ਵਿਆਪਤੀ ਵੀ ਨਹੀਂ ਹੁੰਦੀ ਹੈ।

ਅਤੇ ਜੇਕਰ **ਸਦ ਵਿਲਕਸ਼ਣਮ ਅਗਯਾਨਮ** ਸਿਰਫ ਇੰਨਾ ਹੀ ਲੱਛਣ ਅਗਿਆਨ ਦਾ ਕਰਦੇ ਤਾਂ ਬ੍ਰਹਮ ਤੋਂ ਵਿਲੱਖਣ ਜਿਹੜੇ ਅਸੱਤ ਪਦਾਰਥ ਹਨ, ਉਨ੍ਹਾਂ ਵਿੱਚ ਲੱਛਣ ਦੀ ਅਤੀ ਵਿਆਪਤੀ ਹੋ ਜਾਂਦੀ, ਲੱਛਣ ਵਿੱਚ ਅਤੀ ਵਿਆਪਤੀ ਦੋਸ਼ ਨਾ ਆਵੇ, ਇਸ ਕਰਕੇ ਉਸ ਪਦ ਵਿੱਚ **ਅਸਦ ਵਿਲਕਸ਼ਣਮ** ਇਹ ਵੀ ਕਿਹਾ ਗਿਆ ਹੈ। ਅਸੱਤ ਪਦਾਰਥ ਅਸੱਤ ਦਾ ਹੀ ਸਰੂਪ ਹੋਇਆ ਕਰਦੇ ਹਨ ਅਸੱਤ ਤੋਂ ਵਿਲੱਖਣ ਨਹੀਂ ਹੋਇਆ ਕਰਦੇ ਜੋ ਤਿੰਨਾਂ ਕਾਲਾਂ ਵਿੱਚ ਸੱਤ ਨਾ ਹੋਵੇ ਉਸਨੂੰ ਅਸੱਤ ਕਹਿੰਦੇ ਹਨ। ਅਸੱਤ ਤੋਂ ਅਸੱਤ ਪਦਾਰਥਾਂ ਦੀ ਵਿਲੱਖਣਾ ਨਾ ਹੋਣ ਕਾਰਨ ਅਤੀ ਵਿਆਪਤੀ ਦੋਸ਼ ਦਾ ਹੋਣਾ ਵੀ ਸੰਭਵ ਨਹੀਂ ਹੈ ਭਾਵ ਨਹੀਂ ਹੋ ਸਕਦਾ।

ਜਿਸ ਤਰ੍ਹਾਂ ਅਗਿਆਨ ਸਤ ਤੋਂ ਵਿਲੱਖਣ ਹੈ, ਉਸੇ ਤਰ੍ਹਾਂ ਇਹ ਕਾਰਜ ਪ੍ਰਪੰਚ ਵੀ ਸੱਤ ਤੋਂ ਵਿਲੱਖਣ ਹੈ। ਇਸ ਕਰਕੇ ਕਾਰਜ ਪ੍ਰਪੰਚ ਵਿੱਚ ਤੇ ਅਗਿਆਨ ਦੇ ਲੱਛਣ ਵਿੱਚ ਅਤੀ ਵਿਆਪਤੀ ਦੋਸ਼ ਨਿਵਾਰਨ ਅਰਥ ਇਥੇ ਅਨਾਦਿ ਪਦ ਦਾ ਨਿਵੇਸ਼ ਕਰਨਾ ਪੈਂਦਾ ਹੈ। **ਸਦ ਵਿਲੱਕਸ਼ਣਮ ਅਨਾਦਿ ਅਗਯਾਨਮ** ਜਦੋਂ ਇਹ ਪਦ ਕਥਨ ਕੀਤਾ ਜਾਏਗਾ ਤਾਂ ਕਾਰਜ ਪ੍ਰਪੰਚ ਵਿੱਚ ਅਨਾਦਿ ਪੁਣਾ ਨਾ ਹੋਣ ਕਾਰਨ ਅਤੀ ਵਿਆਪਤੀ ਨਹੀਂ ਹੋਵੇਗੀ।

**ਸ਼ੰਕਾ:** ਕਾਰਜ ਪ੍ਰਪੰਚ ਵਿੱਚ ਤਾਂ ਨਵਿਰਤੀ ਹੋ ਗਈ ਪਰ ਜੀਵ ਅਤੇ ਈਸ਼ਵਰ ਵਿੱਚ ਤਾਂ ਅਤੀ ਵਿਆਪਤੀ ਹੋ ਰਹੀ ਹੈ। ਜੀਵ ਅਤੇ ਈਸ਼ਵਰ ਕਲਪਿਤ ਹੋਣ ਕਾਰਨ ਸੱਤ ਤੋਂ ਵਿਲੱਖਣ ਵੀ ਹਨ ਅਤੇ ਅਨਾਦਿ ਵੀ ਹਨ।

**ਸਮਾਧਾਨ:** ਇਸ ਦੇ ਨਿਵਾਰਣ ਲਈ **ਗਯਾਨ ਨਵਿਰਤਯਮ** ਇਸ ਪਦ ਦਾ ਕਥਨ ਕੀਤਾ ਜਾਂਦਾ ਹੈ। ਅਗਿਆਨ ਦੀ ਨਵਿਰਤੀ ਗਿਆਨ ਦੁਆਰਾ ਹੁੰਦੀ ਹੈ।ਅਗਿਆਨ ਦੀ ਨਵਿਰਤੀ ਹੋਣ ਨਾਲ ਹੀ ਜੀਵ ਅਤੇ ਈਸ਼ਵਰ ਦੀ ਵੀ ਨਵਿਰਤੀ ਹੋ ਜਾਂਦੀ ਹੈ। ਕਿਉਂਕਿ ਜੀਵ ਈਸ਼ ਆਦਿਕ ਜਿੰਨੀਆਂ ਵੀ ਉਪਾਧੀਆਂ ਹਨ, ਸਭ ਅਗਿਆਨ ਉਪਾਧਿ ਕ੍ਰਿਤ ਹਨ। ਜਦੋਂ ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ ਤਾਂ ਅਗਿਆਨ ਕ੍ਰਿਤ ਉਪਾਧੀਆਂ ਦੀ ਨਵਿਰਤੀ ਵੀ ਆਪਣੇ-ਆਪ ਹੀ ਹੋ ਜਾਂਦੀ ਹੈ।ਇਸ ਕਰਕੇ ਅਤੀ ਵਿਆਪਤੀ ਸੰਭਵਦੀ ਨਹੀਂ ਹੈ।

## ਗਿਆਨ ਅਭਾਵ ਅਗਿਆਨ

**ਸ਼ੰਕਾ:** ਨਯਾਇ ਸ਼ਾਸਤ੍ਰ ਦੇ **ਗਿਆਨਾਭਾਵ: ਅਗਯਾਨਮ=** ਇਸ ਸੂਤਰ ਅਨੁਸਾਰ ਗਿਆਨ ਦੇ ਅਭਾਵ ਅਰਥਾਤ ਗਿਆਨ ਦੇ ਨਾ ਹੋਣ ਨੂੰ ਅਗਿਆਨ ਕਿਹਾ ਗਿਆ ਹੈ। ਭਾਵ ਗਿਆਨ ਦਾ ਅਭਾਵ ਹੀ ਅਗਿਆਨ ਦਾ ਸਰੂਪ ਹੈ।

**ਸਮਾਧਾਨ:** ਇਸ ਭੁਲੇਖੇ ਨੂੰ ਦੂਰ ਕਰਨ ਲਈ ਸਿਧਾਂਤੀਆਂ ਨੇ ਅਗਿਆਨ ਨੂੰ ਭਾਵ ਰੂਪ ਕਰਕੇ ਕਥਨ ਕੀਤਾ ਹੈ। ਅਭਾਵ ਰੂਪ ਸਵੀਕਾਰ ਨਹੀਂ ਕੀਤਾ। ਕਿਉਂਕਿ ਅਗਿਆਨ ਦੇ ਸਰੂਪ ਵਿੱਚ ਵੱਡਾ ਪ੍ਰਮਾਣ ਇਹ ਹੀ ਹੈ, ਕਿ ਮੈਂ ਬ੍ਰਹਮ ਨੂੰ ਨਹੀਂ ਜਾਣਦਾ ਹਾਂ ਭਾਵ ਆਪਣੇ ਆਤਮਾ ਸਰੂਪ ਪ੍ਰਮਾਤਮਾ ਨੂੰ ਨਹੀਂ ਜਾਣਦਾ ਹਾਂ। ਆਪਣੇ ਆਤਮਾ ਸਰੂਪ ਪ੍ਰਮਾਤਮਾ ਨੂੰ ਨਾ ਜਾਣਨਾ ਹੀ ਅਗਿਆਨ ਕਰਕੇ ਹੈ। ਇਸੇ ਕਰਕੇ ਅਗਿਆਨ ਨੂੰ ਸਰੂਪ ਦਾ ਆਵਰਕ ਕਿਹਾ ਗਿਆ ਹੈ। ਸਰੂਪ ਦਾ ਆਵਰਕ ਤਾਂ ਭਾਵ ਪਦਾਰਥ ਹੀ ਹੋ ਸਕਦਾ ਹੈ। ਅਭਾਵ ਪਦਾਰਥ ਤਾਂ ਕਿਸੇ ਵੀ ਵਸਤੂ ਦਾ ਆਵਰਕ ਨਹੀਂ ਹੋ ਸਕਦਾ। ਇਸ ਕਰਕੇ ਅਗਿਆਨ ਨੂੰ ਭਾਵ ਰੂਪ ਹੋਣ ਕਰਕੇ ਸਰੂਪ ਗਿਆਨ ਦਾ ਆਵਰਕ ਕਿਹਾ ਗਿਆ ਹੈ। ਅਗਿਆਨ ਦੇ ਵਿਸ਼ੇ ਤੇ ਬ੍ਰਹਮ ਸੂਤਰ, ਬਿਰਤੀ ਪ੍ਰਭਾਕਰ, ਅਦ੍ਵੈਤ ਸਿੱਧੀ, ਪੰਚਦਸੀ ਇਤਿਆਦਿਕ ਅਨੇਕ ਗ੍ਰੰਥਾਂ ਅੰਦਰ ਸਵਿਸਥਾਰ ਵਰਣਨ ਮਿਲਦਾ ਹੈ। ਹੋਰ ਜਿਆਦਾ ਬਿਸਥਾਰ ਲਈ ਉਥੇ ਦੇਖ ਸਕਦੇ ਹੋ।

## ਅਨਿਰਵਚਨੀ

ਅਗਿਆਨ ਦੀ ਵਿਆਖਿਆ ਕਰਦੇ ਸਮੇਂ ਅਗਿਆਨ ਨੂੰ ਅਨਿਰਵਚਨੀ ਕਿਹਾ ਗਿਆ ਹੈ। ਭਾਵ ਜਿਸਦਾ ਨਿਰਵਚਨ ਨਹੀਂ ਹੋ ਸਕਦਾ ਉਹ ਅਨਿਰਵਚਨੀ ਹੈ। ਪ੍ਰੰਤੂ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਬੇਸ਼ੱਕ ਅਗਿਆਨ ਅਨਿਰਵਚਨੀ ਹੈ ਪਰ ਅਗਿਆਨ ਦੇ ਅਨਿਰਵਚਨੀ ਹੋਣ ਦਾ ਇਹ ਭਾਵ ਨਹੀਂ ਕਿ ਉਸਦੇ ਬਾਰੇ ਸਬਦਾਂ ਵਿੱਚ ਕੁੱਝ

ਕਿਹਾ ਹੀ ਨਹੀਂ ਜਾ ਸਕਦਾ। ਅਗਿਆਨ ਨੂੰ ਅਨਿਰਵਚਨੀ ਕਹਿਣ ਦਾ ਅਸਲ ਭਾਵ ਇਹ ਹੈ ਕਿ ਨਾ ਤਾਂ ਉਸਨੂੰ ਸਤ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਅਸਤ ਕਿਹਾ ਜਾ ਸਕਦਾ ਹੈ। ਸੱਤ ਇਸ ਕਰਕੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਬ੍ਰਹਮ ਸਰੂਪ ਸਾਖਜਾਤਕਾਰ ਹੋ ਜਾਣ ਨਾਲ ਅਗਿਆਨ ਦਾ ਬਾਧ ਹੋ ਜਾਂਦਾ ਹੈ। ਅਸੱਤ ਇਸ ਕਰਕੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਦੀ ਪ੍ਰਤੱਖ ਅਨੁਭਵ ਰੂਪ ਪ੍ਰਤੀਤੀ ਹੁੰਦੀ ਹੈ। ਇਸ ਕਰਕੇ ਜੋ ਨਾ ਸੱਤ ਹੈ ਨਾ ਅਸੱਤ ਹੈ ਨਾ ਸੱਤ ਅਸੱਤ ਉਭੇ ਹੈ ਅਨੁਭਵ ਦੁਆਰਾ ਪ੍ਰਤੱਖ ਪ੍ਰਤੀਤੀ ਦਾ ਵਿਸ਼ੇ ਹੈ, ਬ੍ਰਹਮ ਗਿਆਨ ਜਿਸਦਾ ਬਾਧਕ ਹੈ, ਉਸਨੂੰ ਅਨਿਵਰਚਨੀ ਕਿਹਾ ਜਾਂਦਾ ਹੈ।

## ਪਰਸਪਰ ਵਿਰੋਧੀ

ਕਈ ਥਾਵਾਂ 'ਤੇ ਅਗਿਆਨ ਨੂੰ ਗਿਆਨ ਵਿਰੋਧੀ ਕਿਹਾ ਗਿਆ ਮਿਲਦਾ ਹੈ। ਹੁਣ ਗਿਆਨ ਵਿਰੋਧੀ ਹੋਣ ਦੇ ਵੀ ਦੋ ਅਰਥ ਹਨ। ਇਕ ਤਾਂ ਗਿਆਨ ਦਾ ਵਿਰੋਧੀ ਭਾਵ ਸਰੂਪ ਨੂੰ ਆਵਰਣ ਕਰਦਾ ਹੈ। ਸਰੂਪ ਦਾ ਆਵਰਕ ਹੋਣ ਕਾਰਨ ਆਤਮ ਸਰੂਪ ਦਾ ਗਿਆਨ ਨਹੀਂ ਹੋਣ ਦਿੰਦਾ। ਦੂਜਾ ਅਰਥ ਹੈ: ਕਿ ਗਿਆਨ ਵਿਰੋਧੀ ਹੈ ਜਿਸਦਾ ਭਾਵ ਜਦੋਂ ਬ੍ਰਹਮ ਗਿਆਨ ਹੁੰਦਾ ਹੈ ਤਾਂ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਅਗਿਆਨ ਉਤੇ ਇਹ ਦੋਨੋਂ ਅਰਥ ਲਾਗੂ ਹੋ ਜਾਂਦੇ ਹਨ। ਅਗਿਆਨ, ਗਿਆਨ ਦਾ ਵਿਰੋਧੀ ਵੀ ਹੁੰਦਾ ਹੈ ਅਤੇ ਅਗਿਆਨ ਦਾ ਵਿਰੋਧੀ ਗਿਆਨ ਵੀ ਹੁੰਦਾ ਹੈ। ਅਗਿਆਨ ਆਪਣੀ ਆਵਰਣ ਸ਼ਕਤੀ ਦੇ ਕਾਰਨ ਆਤਮਾ ਦੇ ਸਰੂਪ ਦਾ ਗਿਆਨ ਨਹੀਂ ਹੋਣ ਦਿੰਦਾ ਇਸ ਕਰਕੇ ਇਸਨੂੰ ਗਿਆਨ ਦਾ ਵਿਰੋਧੀ ਕਿਹਾ ਹੈ ਅਤੇ ਦੂਜੇ ਪਾਸੇ ਜਦੋਂ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ ਤਾਂ ਬ੍ਰਹਮ ਗਿਆਨ ਹੋਣ ਕਾਰਨ ਅਗਿਆਨ ਵਿਸ਼ੇਸ਼ ਕਰਕੇ ਨਸ਼ਟ ਹੋ ਜਾਂਦਾ ਹੈ। ਇਸ ਕਰਕੇ ਦੂਜੇ ਅਰਥਾਂ ਵਿੱਚ ਗਿਆਨ ਨੂੰ ਅਗਿਆਨ ਦਾ ਨਾਸ਼ਕ ਹੋਣ ਕਾਰਨ ਅਗਿਆਨ ਦਾ ਵਿਰੋਧੀ ਕਿਹਾ ਗਿਆ ਹੈ।

## ਅਗਿਆਨ ਇਕ ਹੈ ਜਾਂ ਅਨੇਕ ਹਨ

ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਇਹ ਅਗਿਆਨ ਇਕ ਹੈ ਜਾਂ ਅਨੇਕ ਅਗਿਆਨ ਹਨ। ਇਸ ਦੇ ਇਕ ਹੋਣ ਜਾਂ ਅਨੇਕ ਹੋਣ ਦੀ ਵਿਚਾਰ ਨੂੰ ਵਿਚਾਰਨ ਲਈ ਅਨੇਕ ਹੀ ਮੱਤ ਮੱਤਾਂਤਰਾਂ ਦੀ ਪੁਸ਼ਟੀ ਕਰਨੀ ਪਏਗੀ ਨਾਲ ਹੀ ਟੀਕਾ ਬਹੁਤ ਹੀ ਕਠਿਨ ਹੁੰਦਾ ਚਲਿਆ ਜਾਏਗਾ, ਇਸ ਕਰਕੇ ਵਿਸਥਾਰ ਨਹੀਂ ਕੀਤਾ ਜਾ ਰਿਹਾ। ਜੇਕਰ ਇਸ ਵਿਸ਼ੇ ਨੂੰ ਵਿਸਥਾਰ ਸਹਿਤ ਜਾਣਨ ਦੀ ਇੱਛਾ ਹੋਵੇ ਤਾਂ ਵੇਦਾਂਤ ਦੇ ਪਿੱਛੇ ਦੱਸੇ ਗ੍ਰੰਥਾਂ ਵਿੱਚੋਂ ਦੇਖ ਸਕਦੇ ਹੋ। ਵਾਸਤਵ ਵਿੱਚ ਜੇਕਰ ਸੂਖਮ ਵਿਚਾਰ ਰੀਤੀ ਅਨੁਸਾਰ ਦੇਖਿਆ ਜਾਏ ਤਾਂ ਗੱਲ ਅਗਿਆਨ ਦੇ ਇੱਕ ਹੋਣ ਦੀ ਜਾਂ ਅਨੇਕ ਹੋਣ ਦੀ ਨਹੀਂ ਹੈ ਕਿ ਅਗਿਆਨ ਇਕ ਹੈ ਜਾਂ ਅਨੇਕ ਹਨ। ਸਮਸਟੀ ਰੂਪ ਵਿੱਚ ਅਗਿਆਨ ਨੂੰ ਇੱਕ ਵੀ ਮੰਨਿਆ ਜਾ ਸਕਦਾ ਹੈ ਅਤੇ ਵਿਅਸਟੀ ਰੂਪ ਵਿੱਚ ਅਗਿਆਨ ਨੂੰ ਅਨੇਕ ਵੀ ਮੰਨਿਆ ਜਾ ਸਕਦਾ ਹੈ। ਪਰ ਇਕ ਜਾਂ ਅਨੇਕ ਕਹਿਣ ਨਾਲ ਕਿਹੜਾ ਅਗਿਆਨ ਦਾ ਸਰੂਪ ਬਦਲ ਜਾਂਦਾ ਹੈ। ਅਖੀਰ ਅਗਿਆਨ ਤਾਂ ਅਗਿਆਨ ਹੀ ਹੈ। ਅਗਿਆਨ ਦੇ ਇੱਕ ਜਾਂ ਅਨੇਕ ਹੋਣ ਨਾਲ ਕਿਹੜਾ ਇਸਦਾ ਕਾਰਜ ਬਦਲ ਜਾਂਦਾ ਹੈ। ਅਗਿਆਨ ਨੇ ਤਾਂ ਅਗਿਆਨ ਹੀ ਰਹਿਣਾ ਹੈ ਭਾਵੇ ਉਸ ਦਾ ਕਥਨ

ਇੱਕ ਹੋਣ ਵਿੱਚ ਕੀਤਾ ਜਾਵੇ ਤੇ ਭਾਵੇਂ ਅਨੇਕ ਰੂਪ ਵਿੱਚ ਕੀਤਾ ਜਾਵੇ। ਵਾਸਤਵ ਵਿੱਚ ਇੱਕ ਹੀ ਅਗਿਆਨ ਅਨੇਕ ਰੂਪਾਂ ਵਿੱਚ ਦ੍ਰਿਸ਼ਮਾਨ ਹੁੰਦਾ ਹੈ। ਹੁਣ ਅਸਲ ਤੇ ਅਖੀਰ ਗੱਲ ਤਾਂ ਇਹ ਹੈ ਕਿ ਅਗਿਆਨ ਖਤਮ ਕਿਵੇਂ ਹੋਵੇ?

## ਅਗਿਆਨ ਦੀ ਨਵਿਰਤੀ ਕਿਵੇਂ ਹੋਵੇ?

ਅਗਿਆਨ ਦੀ ਨਵਿਰਤੀ ਵਿੱਚ ਸਿਰਫ ਇਕੋ ਹੀ ਇੱਕ ਕਾਰਨ ਹੈ ਜਿਸ ਦੇ ਕਾਰਨ ਅਗਿਆਨ ਨਵਿਰਤ ਹੋ ਸਕਦਾ ਹੈ। ਉਹ ਹੈ ਪ੍ਰਮਾਤਮਾ ਦਾ ਗਿਆਨ, ਬ੍ਰਹਮ ਦਾ ਗਿਆਨ ਆਪਣੇ ਆਤਮ ਸਰੂਪ ਦਾ ਗਿਆਨ ਸ਼੍ਰੁਤੀ ਪ੍ਰਮਾਣ: **"ਗਯਾਤੇ ਦ੍ਵੈਤਮ ਨ ਵਿਦਯਤੇ"** ਗਯਾਤੇ ਭਾਵ ਸਾਖਜਾਤਕਾਰ ਹੋਣ ਨਾਲ ਦ੍ਵੈਤ ਦੀ ਨਵਿਰਤੀ ਹੋ ਜਾਂਦੀ ਹੈ ਭਾਵ ਦ੍ਵੈਤ ਨਹੀਂ ਰਹਿੰਦੀ। ਗੁਰੂ ਪਾਤਸ਼ਾਹ ਦਾ ਮਹਾਂਵਾਕ ਹੈ। ਕਿ:

## ਜਹਿ ਗਿਆਨ ਪ੍ਰਕਾਸ ਅਗਿਆਨ ਮਿਟੰਤ।

ਕਿ ਜਿਸ ਹਿਰਦੇ ਵਿੱਚ ਪ੍ਰਕਾਸ਼ ਸਰੂਪ ਪ੍ਰਮਾਤਮਾ ਦਾ ਗਿਆਨ ਪ੍ਰਜ੍ਵਲਿਤ ਹੋ ਜਾਂਦਾ ਹੈ ਉਸ ਹਿਰਦੇ ਵਿਚੋਂ ਅਗਿਆਨ ਮਿਟੰਤ-ਮਿਟ ਜਾਂਦਾ ਹੈ। ਭਾਵ ਅਗਿਆਨ ਨਹੀਂ ਰਹਿੰਦਾ ਸਿਰਫ ਬ੍ਰਹਮ ਸਰੂਪ ਦਾ ਪ੍ਰਕਾਸ਼ ਹੀ ਪ੍ਰਕਾਸ਼ ਰਹਿ ਜਾਂਦਾ ਹੈ। ਪਰ ਬ੍ਰਹਮ ਦਾ ਗਿਆਨ ਗੁਰੂ ਕ੍ਰਿਪਾ ਸਦਕਾ ਹੀ ਪ੍ਰਾਪਤ ਹੁੰਦਾ ਹੈ। ਬਿਨਾਂ ਬ੍ਰਹਮ ਗਿਆਨ ਦੇ ਅਗਿਆਨ ਹੀ ਅਗਿਆਨ ਬਣਿਆ ਰਹਿੰਦਾ ਹੈ।

## ਲਿਏ ਖਟ ਸੰਗਜਾ- ਛੇ ਸੰਗਿਆ

ਪਹਿਲਾਂ ਇੱਥੇ ਇਹ ਸਵਾਲ ਉਠਦਾ ਹੈ ਕਿ ਇਹ ਜੋ ਛੇ ਸੰਗਿਆਵਾਂ ਹਨ। ਇਹ ਕਿਸ ਵਿੱਚ ਹਨ ਭਾਵ ਇਹ ਜੋ ਛੇ ਸੰਗਿਆਵਾਂ ਹਨ ਇਹ ਅਗਿਆਨ ਦੇ ਸਰੂਪ ਵਿੱਚ ਹਨ ਜਾਂ ਬ੍ਰਹਮ ਦੇ ਸਰੂਪ ਵਿੱਚ ਹਨ।

ਹੁਣ ਜੇਕਰ ਅਗਿਆਨ ਦੇ ਸਰੂਪ ਵਿੱਚ ਇਹ ਛੇ ਸੰਗਿਆਵਾਂ ਮੰਨਦੇ ਹਾਂ ਤਾਂ ਜਿਹੜੀ ਪਹਿਲੀ ਸੰਗਿਆ ਹੈ ਵਿਆਪਕ ਚੇਤਨ, ਉਹ ਪਹਿਲੀ ਸੰਗਿਆ ਵੀ ਅਗਿਆਨ ਦੇ ਸਰੂਪ ਵਿੱਚ ਹੀ ਮੰਨਣੀ ਪਏਗੀ। ਜੇਕਰ ਵਿਆਪਕ ਚੇਤਨ ਸੰਗਿਆ ਅਗਿਆਨ ਦੇ ਸਰੂਪ ਵਿੱਚ ਮੰਨਦੇ ਹਾਂ ਤਾਂ ਸਿਧਾਂਤ ਅਨੁਸਾਰ ਅਗਿਆਨ ਨੂੰ ਵਿਆਪਕ ਚੇਤਨ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅਗਿਆਨ ਖੁਦ ਜੜ੍ਹ ਹੈ ਇਸਦੀ ਆਪਣੇ ਆਪ ਤੋਂ ਕੋਈ ਸੱਤਾ ਨਹੀਂ ਹੈ। ਜੇਕਰ ਅਗਿਆਨ ਨੂੰ ਵਿਆਪਕ ਚੇਤਨ ਦੇ ਸਮਾਨ ਅਨਾਦਿ ਵੀ ਮੰਨਦੇ ਹਾਂ ਕਿ ਚੇਤਨ ਵੀ ਅਨਾਦਿ ਹੈ ਅਤੇ ਅਗਿਆਨ ਵੀ ਅਨਾਦਿ ਮੰਨਿਆ ਗਿਆ ਹੈ ਤਾ ਵੀ ਉਹ ਵਿਆਪਕ ਚੇਤਨ ਦੇ ਸਮਾਨ ਅਨੰਤ ਅਨਾਦਿ ਨਹੀਂ ਹੈ। ਕਿਉਂਕਿ ਵਿਆਪਕ ਚੇਤਨ ਅਨੰਤ ਅਨਾਦਿ ਹੈ ਅਤੇ ਅਗਿਆਨ ਸ਼ਾਂਤ ਅਨਾਦਿ ਹੈ। ਬਹੁਤੇ ਵਿਸਥਾਰ ਵਿੱਚ ਨਾ ਜਾਈਏ, ਇਹ ਜੋ ਛੇ ਸੰਗਿਆਵਾਂ ਹਨ, ਛੇ ਦੀਆਂ ਛੇ ਅਗਿਆਨ ਦੇ ਸਰੂਪ ਵਿੱਚ ਨਹੀਂ ਮੰਨੀਆਂ ਜਾ ਸਕਦੀਆਂ ਜੇਕਰ ਪੰਜ ਸੰਗਿਆਵਾਂ ਨੂੰ ਅਗਿਆਨ ਉਪਾਧੀਕ੍ਰਿਤ ਵੀ ਮੰਨ ਲਈਏ ਪਰ ਪਹਿਲੀ ਜੋ ਵਿਆਪਕ ਚੇਤਨ ਸੰਗਿਆ ਕਹੀ ਗਈ ਹੈ। ਉਸਨੂੰ ਕਿਸੇ ਵੀ ਤਰ੍ਹਾਂ ਅਗਿਆਨ ਦੇ ਸਰੂਪ ਵਿੱਚ ਨਹੀਂ ਮੰਨਿਆ ਜਾ ਸਕਦਾ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਅਗਿਆਨ ਨੂੰ ਕਿਸੇ ਵੀ ਸਿਧਾਂਤ ਅਨੁਸਾਰ ਵਿਆਪਕ ਚੇਤਨ ਸੰਗਿਆਵਾਨ ਨਹੀਂ ਮੰਨਿਆ ਜਾ ਸਕਦਾ।ਇਸ ਕਰਕੇ ਅਗਿਆਨ ਦੇ ਸਰੂਪ ਵਿੱਚ

ਇਹ ਛੇ ਦੀਆਂ ਛੇ ਸੰਗਿਆਵਾਂ ਹਨ ਵੇਦਾਂਤ ਸਿਧਾਂਤ ਅਨੁਸਾਰ ਐਸਾ ਨਹੀਂ ਮੰਨਿਆ ਜਾ ਸਕਦਾ।

ਹੁਣ ਜੇਕਰ ਇਹ ਛੇ ਸੰਗਿਆਵਾਂ ਬ੍ਰਹਮ ਦੇ ਸਰੂਪ ਵਿੱਚ ਮੰਨੀਆਂ ਜਾਣ ਕਿ ਅਗਿਆਨ ਕਾਰਨ ਬ੍ਰਹਮ ਦੇ ਸਰੂਪ ਵਿੱਚ ਇਹ ਛੇ ਸੰਗਿਆਵਾਂ ਪੈਦਾ ਹੋ ਜਾਂਦੀਆ ਹਨ ਇਸਨੂੰ ਵੀ ਸਿਧਾਂਤ ਅਨੁਸਾਰ ਸਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਕ ਵਿਆਪਕ ਚੇਤਨ ਸੰਗਿਆ ਨੂੰ ਛੱਡ ਕੇ ਬਾਕੀ ਦੀਆਂ ਪੰਜ ਸੰਗਿਆਵਾਂ ਨਾਸ਼ਵਾਨ ਹਨ। ਗਿਆਨ ਹੋਣ ਨਾਲ ਇਹਨਾਂ ਦਾ ਨਾਸ਼ ਹੋ ਜਾਂਦਾ ਹੈ। ਵਾਸਤਵ ਵਿੱਚ ਬ੍ਰਹਮ ਦੇ ਸਰੂਪ ਵਿੱਚ ਕੋਈ ਵੀ ਸੰਗਿਆ ਜਾਂ ਕੋਈ ਕਿਰਿਆ ਜਾਂ ਕੋਈ ਵਿਕਾਰ ਵਿਕਾਰੀ ਭਾਵ ਕਿਸੇ ਵੀ ਸਿਧਾਂਤ ਅਨੁਸਾਰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਬ੍ਰਹਮ ਦਾ ਸਰੂਪ ਨਾਸ਼ ਤੋਂ ਰਹਿਤ ਹੈ, ਸੱਤ ਸਰੂਪ ਹੈ, ਨਿਸ਼ਕਿਰਿਆ ਨਿਰਗੁਣ ਸਰੂਪ ਹੈ। ਹੁਣ ਜੇਕਰ ਇਹ ਛੇ ਦੀਆਂ ਛੇ ਸੰਗਿਆਵਾਂ ਬ੍ਰਹਮ ਦੇ ਸਰੂਪ ਵਿੱਚ ਮੰਨਦੇ ਹਾਂ ਤਾਂ ਗਿਆਨ ਹੋਣ ਨਾਲ ਇਹਨਾਂ ਦੀ ਉਪਾਧੀ ਦਾ ਅਭਾਵ ਨਹੀਂ ਹੋਣਾ ਚਾਹੀਦਾ ਭਾਵ ਗਿਆਨ ਨਾਲ ਬਾਧ ਨਹੀਂ ਹੋਣਾ ਚਾਹੀਦਾ।

ਜੇਕਰ ਫੇਰ ਵੀ ਇਹ ਮੰਨਦੇ ਹਾਂ ਕਿ ਇਹ ਛੇ ਦੀਆਂ ਛੇ ਸੰਗਿਆਵਾਂ ਬ੍ਰਹਮ ਦੇ ਸਰੂਪ ਵਿੱਚ ਹਨ ਤਾਂ ਇਹਨਾਂ ਦੀ ਨਾਸ਼ਵਾਨਤਾ ਸਿੱਧ ਨਹੀਂ ਹੋਣੀ ਚਾਹੀਦੀ। ਅਲੱਗ-ਅਲੱਗ ਭੇਦ ਵੀ ਉਤਪੰਨ ਨਹੀਂ ਹੋਣਾ ਚਾਹੀਦਾ। ਜੇਕਰ ਇਹ ਬ੍ਰਹਮ ਦੇ ਸਰੂਪ ਵਿੱਚ ਹੋਣ ਤਾਂ ਇਹਨਾਂ ਦੀ ਅਭੇਦਤਾ ਹੋਣੀ ਚਾਹੀਦੀ ਹੈ। ਇਹਨਾਂ ਦੀ ਅਲੱਗ-ਅਲੱਗ ਦ੍ਵੈਤ ਰੂਪ ਪ੍ਰਤੀਤੀ ਵੀ ਨਹੀਂ ਹੋਣੀ ਚਾਹੀਦੀ ਸਿਰਫ ਇੱਕ ਬ੍ਰਹਮ ਅਦ੍ਵੈਤ ਅਖੰਡ ਸਰੂਪਤਾ ਹੀ ਹੋਣੀ ਚਾਹੀਦੀ ਹੈ ਭਾਵ ਦ੍ਵੈਤ-ਮੂਲਕ ਪ੍ਰਤੀਤੀ ਉਤਪੰਨ ਨਹੀਂ ਹੋਣੀ ਚਾਹੀਦੀ।

ਸੋ ਇਸ ਕਰਕੇ ਸਿਧਾਂਤ ਅਨੁਸਾਰ ਇਹਨਾਂ ਛੇ ਦੀਆਂ ਛੇ ਸੰਗਿਆਵਾਂ ਨੂੰ ਬ੍ਰਹਮ ਦੇ ਸਰੂਪ ਵਿੱਚ ਨਹੀਂ ਮੰਨਿਆ ਜਾ ਸਕਦਾ ਇਹਨਾਂ ਦੋਹਾਂ ਤਰੀਕਿਆਂ ਨਾਲ ਇਹ ਸਿੱਧ ਹੁੰਦਾ ਹੈ ਕਿ ਇਹ ਸੰਗਿਆਵਾਂ ਨਾ ਤਾਂ ਅਗਿਆਨ ਦੇ ਸਰੂਪ ਵਿੱਚ ਹੀ ਹਨ ਅਤੇ ਨਾ ਬ੍ਰਹਮ ਦੇ ਸਰੂਪ ਵਿੱਚ ਹੀ ਹਨ। ਹੁਣ ਸਵਾਲ ਇਹ ਉਠਦਾ ਹੈ ਕਿ ਇਹਨਾਂ ਦਾ ਕਥਨ ਕਿਸ ਪ੍ਰਕਾਰ ਕੀਤਾ ਜਾ ਸਕਦਾ ਹੈ ਕਿਉਂਕਿ ਕਥਨ ਕੀਤੇ ਬਿਨਾਂ ਵਿਚਾਰ ਅੱਗੇ ਨਹੀਂ ਤੁਰ ਸਕਦੀ ਅਤੇ ਨਾ ਹੀ ਵਿਸ਼ੇ ਦੀ ਸਪਸ਼ਟਤਾ ਹੀ ਹੋ ਸਕਦੀ ਹੈ।

ਵਾਸਤਵ ਵਿੱਚ ਗੱਲ ਇੱਥੇ ਮੁੱਕਦੀ ਹੈ ਕਿ ਇਹਨਾਂ ਦਾ ਕਥਨ ਵੀ ਕਰਨਾ ਹੈ ਅਤੇ ਕਰਨਾ ਵੀ ਸਿਧਾਂਤ ਦੇ ਅਨੁਸਾਰ ਹੈ। ਬਸ ਕਥਨ ਕਰਨ ਵਿੱਚ ਹੀ ਭੇਦ ਹੈ। ਅਦ੍ਵੈਤ ਸਿਧਾਂਤ ਅਨੁਸਾਰ ਸਿੱਧਾ-ਸਿੱਧਾ ਇਹ ਕਹਿ ਕੇ ਕਥਨ ਨਹੀਂ ਕੀਤਾ ਜਾ ਸਕਦਾ ਕਿ ਇਹ ਛੇ ਸੰਗਿਆਵਾਂ ਬ੍ਰਹਮ ਦੇ ਸਰੂਪ ਵਿੱਚ ਹਨ। ਪਰ ਇਹ ਅਗਿਆਨ ਉਪਾਧੀ ਕਰਕੇ ਬ੍ਰਹਮ ਦੇ ਸਰੂਪ ਵਿੱਚ ਅਧਿਅਸਤ ਹਨ। ਭਾਵ ਇਹ ਛੇ ਸੰਗਿਆਵਾਂ ਬ੍ਰਹਮ ਦੇ ਸਰੂਪ ਵਿੱਚ ਅਧਿਅਸਤ ਹਨ ਵਾਸਤਵਿਕ ਨਹੀਂ ਹਨ। ਇਸ ਪ੍ਰਕਾਰ ਇਹਨਾਂ ਦਾ ਕਥਨ ਕਰਨਾ ਸਿਧਾਂਤ ਅਨੁਸਾਰ ਹੈ ਕਿਉਂਕਿ ਅਧਿਅਸਤ ਵਸਤੂ ਅਧਿਸ਼ਠਾਨ ਦੇ ਆਸਰੇ ਹੁੰਦੀ ਹੈ ਅਰਥਾਤ ਅਧਿਸ਼ਠਾਨ ਰੂਪ ਹੀ ਹੁੰਦੀ ਹੈ ਅਧਿਅਸਤ ਵਸਤੂ ਦੀ ਅਧਿਸ਼ਠਾਨ ਤੋਂ ਭਿੰਨ ਆਪਣੀ ਕੋਈ ਸੱਤਾ ਨਹੀਂ ਹੁੰਦੀ। ਇਸੇ ਕਰਕੇ ਵਿਚਾਰ ਸਾਗਰ ਗ੍ਰੰਥ ਅੰਦਰ ਸਾਧੂ ਨਿਹਚਲ ਦਾਸ ਜੀ ਨੇ ਵੀ ਜਗਤ

ਪ੍ਰਪੰਚ ਦੀ ਅਧਿਅਸਤਤਾ ਪ੍ਰਥਾਇ ਇਸ ਪ੍ਰਕਾਰ ਲਿਖਿਆ ਹੈ।

**ਅਧਿਸ਼ਠਾਨ ਤੇ ਭਿੰਨ ਨਹਿ, ਜਗਤ ਨਵਿਰਤੀ ਬਖਾਨ।**

ਭਾਵ ਕਿ ਜਗਤ ਦੀ ਨਵਿਰਤੀ ਅਧਿਸ਼ਠਾਨ ਬ੍ਰਹਮ ਤੋਂ ਭਿੰਨ ਨਹੀਂ ਹੁੰਦੀ ਭਾਵ ਅਧਿਅਸਤ ਵਸਤੂ ਦੀ ਨਵਿਰਤੀ ਅਧਿਸ਼ਠਾਨ ਰੂਪ ਹੋਇਆ ਕਰਦੀ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਧਿਅਸਤ ਵਸਤੂ ਦੀ ਵਾਸਤਵਿਕ ਕੋਈ ਸੱਤਾ ਨਹੀਂ ਹੁੰਦੀ।

ਸੋ ਸਹਿਤ ਇਹਨਾਂ ਸੰਗਿਆ ਦੇ ਸਮੂਹ ਪ੍ਰਪੰਚ ਕਿਸ ਪ੍ਰਕਾਰ ਬ੍ਰਹਮ ਦੇ ਸਰੂਪ ਵਿੱਚ ਅਧਿਅਸਤ ਹੈ, ਸ੍ਰੀ ਮੋਖ ਪੰਥ ਪ੍ਰਕਾਸ਼ ਗ੍ਰੰਥ ਅੰਦਰ ਪੰਡਿਤ ਗੁਲਾਬ ਸਿੰਘ ਜੀ ਨਿਰਮਲੇ ਇਸ ਪ੍ਰਕਾਰ ਲਿਖਦੇ ਹਨ।

**ਸੋ ਸਭ ਦੈਤ ਬ੍ਰਹਮ ਮਹਿ ਐਸੇ। ਸਿਪੀ ਵਿਸ਼ੈ ਰੂਪੋ ਜਗ ਜੈਸੇ।**

ਅਰਥ ਪ੍ਰਕਰਣ ਅਨੁਸਾਰ– ਜਿਸ ਪ੍ਰਕਾਰ ਸਿੱਪੀ ਵਿੱਚ ਚਾਂਦੀ ਦਾ ਹੋਣਾ ਮਿਥਿਆ ਹੈ, ਉਸੀ ਪ੍ਰਕਾਰ ਬ੍ਰਹਮ ਵਿੱਚ ਦ੍ਵੈਤ ਰੂਪ ਪ੍ਰਪੰਚ ਦਾ ਹੋਣਾ ਵੀ ਮਿਥਿਆ ਹੈ। ਮਿਥਿਆ ਤਾਂ ਹੈ ਪਰ ਮਿਥਿਆ ਹੋਣ ਦੇ ਬਾਵਜੂਦ ਵੀ ਭਾਸ ਤਾਂ ਰਿਹਾ ਹੈ। ਸੂਖਮ ਰੂਪ ਵਿੱਚ ਇਹ ਸੰਗਿਆਵਾਂ ਵੀ ਭਾਸ ਰਹੀਆਂ ਹਨ। ਇਹਨਾਂ ਦੇ ਭਾਸਣ ਦਾ ਕਾਰਨ ਸਾਧੂ ਗੁਲਾਬ ਸਿੰਘ ਜੀ ਇਸ ਤਰ੍ਹਾਂ ਦੱਸਦੇ ਹਨ।

**ਤਾ ਕੋ ਕਾਰਨ ਹੈ ਅਗਿਆਨ। ਸੋ ਵਹਿ ਕਲਪਿਤ ਸਤ ਪਛਾਨ। (ਮੋਖ ਪੰਥ ਪ੍ਰਕਾਸ਼)**

ਇਹਨਾਂ ਦੇ ਭਾਸਣ ਦਾ ਕਾਰਨ ਅਗਿਆਨ ਹੈ। ਪਰ ਉਹ ਅਗਿਆਨ ਵਾਸਤਵਿਕ ਸੱਤ ਨਹੀਂ ਹੈ।ਲੇਕਿਨ ਕਲਪਿਤ ਸੱਤ ਹੈ। ਜੇਕਰ ਉਸਨੂੰ ਬ੍ਰਹਮ ਦੇ ਸਮਾਨ ਅਤਿਅੰਤ ਸੱਤ ਮੰਨ ਲਈਏ ਕਿ ਜਿਸ ਪ੍ਰਕਾਰ ਬ੍ਰਹਮ ਸੱਤ ਸਰੂਪ ਹੈ, ਉਸੇ ਪ੍ਰਕਾਰ ਅਗਿਆਨ ਵੀ ਹੈ ਤਾਂ ਫਿਰ ਗਿਆਨ ਹੋਣ ਨਾਲ ਉਸਦੀ ਨਵਿਰਤੀ ਨਹੀਂ ਬਣਦੀ। ਇਸ ਕਰਕੇ ਅਰਥਾਪਤੀ ਪ੍ਰਮਾਣ ਅਨੁਸਾਰ ਉਸਨੂੰ ਭਾਵ ਅਗਿਆਨ ਨੂੰ ਕਲਪਿਤ ਸੱਤ ਕਿਹਾ ਹੈ ਜਾਂ ਵਿਵਹਾਰਿਕ ਸੱਤ ਕਿਹਾ ਜਾਂਦਾ ਹੈ।

**ਵਿਵਹਾਰਕ ਸੱਤ ਕਿਸਨੂੰ ਕਹਿੰਦੇ ਹਨ?** ਜਿਸ ਦਾ ਬ੍ਰਹਮ ਗਿਆਨ ਦੇ ਹੋ ਜਾਣ ਨਾਲ ਬਾਧ ਹੋ ਜਾਏ ਉਸਨੂੰ ਵਿਵਹਾਰਿਕ ਸੱਤ ਕਹਿੰਦੇ ਹਨ। ਪਰ ਬਿਨਾਂ ਬ੍ਰਹਮ ਗਿਆਨ ਹੋਏ ਤੋਂ ਕਿਸੇ ਵੀ ਕੀਮਤ ਤੇ ਜਿਸ ਦਾ ਬਾਧ ਨਾ ਹੋਵੇ ਅਥਵਾ ਜਿਸ ਪਦਾਰਥ ਦਾ ਬਿਨਾਂ ਬ੍ਰਹਮ ਗਿਆਨ ਤੋਂ ਪ੍ਰਤੱਖ ਮਿਥਿਆ ਨਿਸਚਯ ਨਾ ਹੋ ਸਕੇ ਉਸਨੂੰ ਵਿਵਹਾਰਿਕ ਸੱਤ ਕਹਿੰਦੇ ਹਨ। ਸੱਤ ਦੇ ਵੀ ਦੋ ਭੇਦ ਹੋਰ ਹਨ ਇਕ ਪ੍ਰਾਤੀਤਿਕ ਸੱਤ ਹੈ ਅਤੇ ਦੂਜਾ ਪਰਮਾਰਥਿਕ ਸੱਤ ਹੈ।

**ਪ੍ਰਾਤੀਤਿਕ ਸਤ:** ਬ੍ਰਹਮ ਸਰੂਪ ਦਾ ਗਿਆਨ ਤਾਂ ਨਹੀਂ ਹੋਇਆ ਪਰ ਬਿਨਾਂ ਸਰੂਪ ਗਿਆਨ ਹੋਏ ਤੋਂ ਕਿਸੇ ਹੋਰ ਗਿਆਨ ਦੁਆਰਾ ਜਿਸਦੀ ਨਵਿਰਤੀ ਹੋ ਜਾਵੇ ਉਸਨੂੰ ਪ੍ਰਾਤੀਤਿਕ ਸੱਤ ਕਹਿੰਦੇ ਹਨ। ਜਿਵੇਂ: ਮੂੰਹ ਹਨੇਰੇ ਵਿੱਚ ਰੱਸੀ ਪਈ ਹੋਵੇ ਅਚਾਨਕ ਦੇਖ ਕੇ ਲੱਗੇ ਕਿ ਸੱਪ ਪਿਆ ਹੈ ਜਾਂ ਧੁੱਪ ਕਾਰਨ ਕਿਸੇ ਥਾਂ ਪਈ ਸਿੱਪੀ ਚਮਕਦੀ ਹੋਵੇ, ਦੂਰੋਂ ਦੇਖ ਕੇ ਪ੍ਰਤੀਤ ਹੋਵੇ ਕਿ ਚਾਂਦੀ ਪਈ ਹੈ, ਪਰ ਜਦੋਂ ਇਹਨਾਂ ਦੇ ਵਾਸਤਵਿਕ ਸਰੂਪ ਦਾ ਗਿਆਨ ਹੋ ਜਾਂਦਾ ਹੈ ਤਾਂ ਸੱਪ ਦੇ ਗਿਆਨ ਦੀ ਨਵਿਰਤੀ ਹੋ ਜਾਂਦੀ ਹੈ। ਜਿਹੜਾ ਰੱਸੀ ਦਾ ਸਰੂਪ ਸੱਪ ਰੂਪ ਭਾਸ ਰਿਹਾ ਸੀ ਉਸ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਸਿੱਪੀ

ਦਾ ਗਿਆਨ ਹੋਣ ਦੇ ਨਾਲ ਚਾਂਦੀ ਦੇ ਗਿਆਨ ਦਾ ਬਾਧ ਹੋ ਜਾਂਦਾ ਹੈ। ਭਾਵ ਜਿਹੜਾ ਸਿੱਪੀ ਦਾ ਸਰੂਪ ਧੁੱਪ ਕਾਰਨ ਚਾਂਦੀ ਰੂਪ ਭਾਸ ਰਿਹਾ ਸੀ, ਸਿੱਪੀ ਦੇ ਵਾਸਤਵ ਸਰੂਪ ਦਾ ਗਿਆਨ ਹੋਣ ਨਾਲ ਚਾਂਦੀ ਦੇ ਗਿਆਨ ਦੀ ਨਵਿਰਤੀ ਹੋ ਜਾਂਦੀ ਹੈ। ਹੁਣ ਬ੍ਰਹਮ ਗਿਆਨ ਤਾਂ ਹੋਇਆ ਨਹੀਂ ਪਰ ਸਿਰਫ ਰੱਸੀ ਅਤੇ ਸਿੱਪੀ ਦੇ ਗਿਆਨ ਨਾਲ ਹੀ ਪਹਿਲਾਂ ਹੋਏ ਸੱਪ ਅਤੇ ਚਾਂਦੀ ਦੇ ਗਿਆਨ ਦਾ ਨਾਸ਼ ਹੋ ਗਿਆ ਹੈ। ਇਸ ਤਰ੍ਹਾਂ ਦੇ ਗਿਆਨ ਨਾਲ ਨਵਿਰਤ ਹੋਣ ਵਾਲੇ ਸੱਤ ਨੂੰ ਪ੍ਰਾਤੀਤਿਕ ਸੱਤ ਕਹਿੰਦੇ ਹਨ।

**ਪਰਮਾਰਥਿਕ ਸਤ:** ਜਿਸ ਸੱਤ ਦਾ ਤਿੰਨਾਂ ਕਾਲਾਂ ਵਿੱਚ ਬਾਧ ਨਹੀਂ ਹੁੰਦਾ, ਜੋ ਸਦੈਵ ਸੱਤ ਸਰੂਪ ਹੈ। ਉਸਨੂੰ ਪਰਮਾਰਥਿਕ ਸੱਤ ਕਿਹਾ ਜਾਂਦਾ ਹੈ। ਇਸ ਕਰਕੇ ਪਰਮਾਰਥਿਕ ਸੱਤ ਸਿਰਫ ਚੇਤਨ ਨੂੰ ਹੀ ਕਿਹਾ ਜਾ ਸਕਦਾ ਹੈ।

ਬ੍ਰਹਮ ਪਰਮਾਰਥਿਕ ਸੱਤ ਹੈ। ਬ੍ਰਹਮ ਦੇ ਪਰਮਾਰਥਿਕ ਸੱਤ ਹੋਣ ਕਾਰਨ ਇਹ ਪ੍ਰਪੰਚ ਬ੍ਰਹਮ ਵਿੱਚ ਅਧਿਅਸਤ ਰੂਪ ਵਿੱਚ ਹੀ ਭਾਸ ਰਿਹਾ ਹੈ। ਇਹ ਸੰਗਿਆਵਾਂ ਵੀ ਬ੍ਰਹਮ ਵਿੱਚ ਅਧਿਅਸਤ ਰੂਪ ਵਿੱਚ ਭਾਸ ਰਹੀਆਂ ਹਨ। ਕਿਉਂਕਿ ਜਿੰਨੇ ਵੀ ਮਿਥਿਆ ਪਦਾਰਥ ਹਨ ਸਭ ਅਗਿਆਨ ਉਪਾਧਿ ਕ੍ਰਿਤ ਹੋਣ ਕਾਰਨ ਬ੍ਰਹਮ ਸਰੂਪ ਵਿੱਚ ਅਧਿਅਸਤ ਹਨ, ਵਾਸਤਵਿਕ ਨਹੀਂ ਹਨ।

ਵਾਸਤਵ ਵਿੱਚ ਜੇਕਰ ਬ੍ਰਹਮਨਿਸ਼ਠ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਂਦੇ ਤਾਂ ਇਹ ਸਭ ਪ੍ਰਪੰਚ ਵਾਸਤਵ ਵਿੱਚ ਹੈ ਹੀ ਨਹੀਂ।ਬ੍ਰਹਮ ਨਿਸ਼ਠ, ਸਥਿਤ ਪ੍ਰਗਿਆ ਦੀ ਦ੍ਰਿਸ਼ਟੀ ਵਿੱਚ ਇਹ ਪ੍ਰਪੰਚ ਤਿੰਨਾਂ ਕਾਲਾਂ ਵਿੱਚ ਹੋਇਆ ਹੀ ਨਹੀਂ ਹੈ। ਪਰ ਇਸ ਅਵਸਥਾ ਦੇ ਗਿਆਨ ਨੂੰ ਬੁੱਧੀ ਦੀ ਪਕੜ ਵਿਚ ਲਿਆ ਕੇ ਬੁੱਧੀ ਦੇ ਤਲ 'ਤੇ ਸਮਝਣਾ ਕਠਿਨ ਹੈ। ਇਸ ਵਾਸਤਵਿਕ ਸਤ ਨੂੰ ਉਸ ਅਵਸਥਾ ਵਿੱਚ ਪੁੱਜ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ।ਇਸ ਕਰਕੇ ਸਤ ਸਰੂਪ ਬ੍ਰਹਮ ਦੇ ਵਿੱਚ ਸਹਿਤ ਅਗਿਆਨ ਦੇ ਇਹ ਸਮੂਹ ਪ੍ਰਪੰਚ ਅਧਿਅਸਤ ਹੈ, ਮਿਥਿਆ ਹੈ ਭਾਵ ਸੰਗਿਆਵਾਂ ਵੀ ਅਧਿਅਸਤ ਹਨ।

## ਇਕ ਚਿਤੰਨ ਵਜਾਪਕ ਵਿਚ ਤਾਂਹਿ।

ਪਹਿਲੀ ਜੋ ਸੰਗਿਆ ਹੈ ਵਿਆਪਕ ਚੇਤਨ ਹੋ ਜਾਂਦੀ ਹੈ। ਉਹਨਾਂ ਛੇ ਸੰਗਿਆਵਾਂ ਵਿੱਚ ਪਹਿਲੀ ਸੰਗਿਆ ਵਿਆਪਕ ਚੇਤਨ ਗਿਣ ਲਈਦੀ ਹੈ ਕਿਉਂਕਿ ਬਾਕੀ ਦੀਆਂ ਪੰਜ ਸੰਗਿਆਵਾਂ ਮਿਥਿਆ ਹਨ ਨਾਸ਼ਵਾਨ ਹਨ। ਮਿਥਿਆ ਵਸਤੂ ਮਿਖਿਆ ਵਸਤੂ ਦੇ ਆਸਰੇ ਟਿਕੀ ਹੋਵੇ ਐਸਾ ਮੰਨਿਆ ਨਹੀਂ ਜਾ ਸਕਦਾ। ਇਸ ਕਰਕੇ ਚੇਤਨ ਦੇ ਹੀ ਆਸਰੇ ਟਿਕੀਆਂ ਹੋਈਆਂ ਹੁੰਦੀਆਂ ਹਨ। ਚੇਤਨ ਸੱਤਾ ਦੀ ਵਿਆਪਕਤਾ ਹੋਣ ਕਾਰਨ ਵਿਆਪਕ ਚੇਤਨ ਕਿਹਾ ਜਾਂਦਾ ਹੈ।

## ਚੇਤਨ, ਸੋ ਸਬੰਧ ਈਸ਼੍ਵਰਤਾ।

ਚੇਤਨ ਦਾ ਅਗਿਆਨ ਨਾਲ ਸਬੰਧ ਇਹ ਦੂਜੀ ਸੰਗਿਆ ਹੋ ਜਾਂਦੀ ਹੈ। ਅਗਿਆਨ ਅਨਾਦਿ ਹੋਣ ਕਾਰਨ ਬ੍ਰਹਮ ਤੇ ਅਗਿਆਨ ਦਾ ਸੰਬੰਧ ਵੀ ਅਨਾਦਿ ਹੈ। ਅਗਿਆਨ ਦੇ ਅਧਿਅਸਤ ਹੋਣ ਕਾਰਨ ਬ੍ਰਹਮ ਤੇ ਅਗਿਆਨ ਦਾ ਸੰਬੰਧ ਵੀ ਦਾ ਅਧਿਅਸਤ ਹੀ ਹੈ।ਤੀਜੀ ਸੰਗਿਆ ਈਸ਼ਵਰ ਅਥਵਾ ਈਸ਼ਰਪੁਣਾ ਹੋ ਜਾਂਦੀ ਹੈ। ਅਗਿਆਨ ਅਤੇ ਅਗਿਆਨ

ਵਿੱਚ ਚੇਤਨ ਦਾ ਆਭਾਸ, ਅਥਵਾ ਸ਼ੁੱਧ ਸਤੋ ਗੁਣ ਯੁਕਤ ਮਾਇਆ ਅਤੇ ਮਾਇਆ ਵਿੱਚ ਪ੍ਰਤਿਬਿੰਬਿਤ ਚੇਤਨ ਦੀ ਈਸ਼ਵਰ ਸੰਗਿਆ ਮੰਨੀ ਜਾਂਦੀ ਹੈ।

## ਚਤੁਰਥ ਸੰਗਜਾ ਜੀਵ ਜਿ ਆਹਿ।

ਚੌਥੀ ਸੰਗਿਆ ਜਿਹੜੀ ਹੈ ਉਹ ਜੀਵ ਹੋ ਜਾਂਦੀ ਹੈ।ਵੇਦਾਂਤ ਦੇ ਉੱਚ ਗ੍ਰੰਥਾਂ ਅੰਦਰ ਜੀਵ ਦੇ ਸਰੂਪ ਪ੍ਰਥਾਇ ਇਸ ਪ੍ਰਕਾਰ ਕਥਨ ਕੀਤਾ ਮਿਲਦਾ ਹੈ।

## ਜੀਵ

ਨਾਨਾ ਕਾਮਨਾ ਅਤੇ ਕਰਮ ਸਹਿਤ ਜੋ ਬੁੱਧੀ ਹੈ, ਉਸ ਵਿੱਚ ਚੇਤਨ ਦਾ ਜੋ ਪ੍ਰਤਿਬਿੰਬ ਹੈ। ਉਸਨੂੰ ਗਿਆਨੀ ਜਨ ਜੀਵ ਕਹਿੰਦੇ ਹਨ। ਉਹ ਸਿਰਫ ਪ੍ਰਤਿਬਿੰਬ ਮਾਤਰ ਨੂੰ ਹੀ ਜੀਵ ਨਹੀਂ ਮੰਨਦੇ, ਜਿਸ ਤਰ੍ਹਾਂ ਘਟਾਕਾਸ਼ ਸਹਿਤ ਅਕਾਸ਼ ਦੇ ਪ੍ਰਤੀਬਿੰਬ ਨੂੰ ਜਲਾਕਾਸ਼ ਕਹਿੰਦੇ ਹਨ। ਉਸੇ ਤਰ੍ਹਾਂ ਬਿੰਬ, ਜੋ ਕੂਟਸਥ ਹੈ, ਉਸ ਸਹਿਤ ਚਿਦਾਭਾਸ਼ ਨੂੰ ਜੀਵ ਕਹਿੰਦੇ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਬੁੱਧੀ ਵਿੱਚ ਜੋ ਚਿਦਾਭਾਸ ਅਤੇ ਬੁੱਧੀ ਦਾ ਅਧਿਸ਼ਠਾਨ ਚੇਤਨ ਦੋਹਾਂ ਦਾ ਨਾਮ ਜੀਵ ਹੈ। ਇੱਥੇ ਚਿਦਾਭਾਸ ਸ਼ਬਦ ਤੋਂ ਬੁੱਧੀ ਸਹਿਤ ਚਿਦਾਭਾਸ ਦਾ ਗ੍ਰਹਿਣ ਹੈ।

ਕਾਮਨਾ ਅਤੇ ਕਰਮ ਰੂਪ ਜਲ ਸਹਿਤ, ਬੁੱਧੀ ਰੂਪ ਘਟ (ਘੜੇ) ਵਿੱਚ ਜੋ ਚੇਤਨ ਦਾ ਪ੍ਰਤਿਬਿੰਬ ਹੈ, ਇਹ ਵਿਚਾਰ ਰੀਤੀ ਥੋੜ੍ਹੀ ਕਠਿਨ ਹੈ। ਇਸ ਦੇ ਨਾਲੋਂ ਸਥੂਲ ਦੇਹ ਰੂਪ ਘੜੇ ਵਿੱਚ ਪੈਰ ਦੇ ਨੌਂਹ ਤੋਂ ਸਿਖਾ ਪ੍ਰਯੰਤ ਭਰਿਆ ਬੁੱਧੀ ਰੂਪ ਜਲ ਹੈ। ਉਸਦੇ ਵਿੱਚ ਚੇਤਨ ਦਾ ਪ੍ਰਤਿਬਿੰਬ ਅਤੇ ਕੂਟਸਥ ਦੋਹਾਂ ਦਾ ਨਾਮ ਜੀਵ ਹੈ, ਇਹ ਵਿਚਾਰ ਰੀਤੀ ਥੋੜ੍ਹੀ ਸਰਲ ਹੈ।

ਇੱਥੇ ਕੇਵਲ ਬੁੱਧੀ ਸਹਿਤ ਚਿਦਾਭਾਸ ਨੂੰ ਤ੍ਵੰ ਪਦ ਦਾ ਅਰਥ ਜੀਵ ਜੇਕਰ ਕਹੀਏ ਤਾਂ ਉਸ ਵਿੱਚ ਭਾਗ ਤਿਆਗ ਲੱਖਣਾ ਸੰਭਵ ਨਹੀਂ ਹੋਵੇਗੀ। ਕਿੰਤੂ ਸਭ ਵਾਚਯ ਭਾਗ ਦੀ ਤਿਆਗ ਰੂਪ ਲੱਖਣਾ ਜਹਿਤ ਲੱਖਣਾ ਸੰਭਵ ਹੋਵੇਗੀ। ਇਸ ਤਰ੍ਹਾਂ ਮੰਨਣਾ ਵੇਦਾਂਤ ਅਚਾਰਿਆ ਲੋਕਾਂ ਦੀ ਯੁਕਤੀ ਤੋਂ ਵਿਰੁੱਧ ਹੋਵੇਗਾ ਕਿਉਂਕਿ ਅਧਿਸ਼ਠਾਨ ਦੇ ਨਾਲ ਅਭਿੰਨ ਹੋ ਕੇ ਅਧਿਸ਼ਠਾਨ ਨੂੰ ਆਵਰਣ ਕਰੇ ਉਸਨੂੰ ਆਰੋਪ ਕਹਿੰਦੇ ਹਨ। ਅਧਿਸ਼ਠਾਨ ਤੋਂ ਭਿੰਨ ਹੋ ਕੇ ਕਿਤੇ ਵੀ ਆਰੋਪ ਦੀ ਪ੍ਰਤੀਤੀ ਨਹੀਂ ਹੁੰਦੀ। ਇਸ ਕਰਕੇ ਅਨੁਭਵ ਤੋਂ ਵੀ ਵਿਰੁੱਧ ਹੈ। ਇਸ ਕਰਕੇ ਚਿਦਾਭਾਸ ਸਹਿਤ ਬੁੱਧੀ ਵਸ਼ਿਸ਼ਿਟ ਚੇਤਨ ਜੀਵ ਹੈ ਇਸ ਤਰ੍ਹਾਂ ਮੰਨਣਾ ਵੇਦਾਂਤ ਅਚਾਰਿਆ ਅਨੁਸਾਰ ਠੀਕ ਹੈ।

**ਸ਼ੰਕਾ ਸਮਾਧਾਨ :** ਪਹਿਲਾ ਬਿੰਬ ਜੋ ਕੂਟਸਥ, ਉਸ ਸਹਿਤ ਆਭਾਸ਼ ਨੂੰ ਜੀਵ ਕਿਹਾ ਹੈ । ਕਿ ਬੁੱਧੀ ਵਿੱਚ ਜੋ ਪ੍ਰਤਿਬਿੰਬ ਹੈ ਉਹ ਕੂਟਸਥ ਦਾ ਹੈ, ਬਾਹਰ ਦੇ ਬ੍ਰਹਮ ਚੇਤਨ ਦਾ ਨਹੀਂ ਹੈ ਕਿਉਂਕਿ ਜਿਸ ਦਾ ਪ੍ਰਤਿਬਿੰਬ ਹੋਵੇ ਉਸ ਨੂੰ ਬਿੰਬ ਕਹਿੰਦੇ ਹਨ, ਕੂਟਸਥ ਨੂੰ ਬਿੰਬ ਕਿਹਾ ਹੈ? ਇਸ ਕਰਕੇ ਉਸ ਦਾ ਪ੍ਰਤਿਬਿੰਬ ਹੈ, ਇਹ ਪ੍ਰਤੀਤ ਹੁੰਦਾ ਹੈ?ਜਿਸ ਤਰ੍ਹਾਂ ਵੱਡੇ ਲਾਲ ਫੁੱਲ ਦੇ ਉਤੇ ਚਿੱਟਾ ਸਫਟਿਕ ਧਰਿਆ ਹੋਵੇ ਉਸਦੇ ਵਿੱਚ ਫੁੱਲ ਦੀ ਲਾਲੀ ਦੀ ਦਮਕ ਹੁੰਦੀ ਹੈ, ਉਹ ਦਮਕ ਰੂਪ ਲਾਲ ਫੁੱਲ ਦਾ ਪ੍ਰਤਿਬਿੰਬ ਹੁੰਦਾ ਹੈ।ਉਸੇ ਤਰ੍ਹਾਂ ਕੂਟਸਥ ਦੇ ਆਸ਼੍ਰਿਤ ਜੋ ਬੁੱਧੀ ਹੈ ਉਸ ਵਿੱਚ ਕੂਟਸਥ ਦੀ ਦਮਕ ਹੁੰਦੀ ਹੈ। ਜਿਸ

ਤਰ੍ਹਾਂ ਸਫਟਿਕ ਬਹੁਤ ਹੀ ਉੱਜਲ ਹੁੰਦੀ ਹੈ, ਉਸੇ ਤਰ੍ਹਾਂ ਬੁੱਧੀ ਵੀ ਬਹੁਤ ਜ਼ਿਆਦਾ ਸ਼ੁੱਧ ਹੈ। ਸ਼ੁੱਧ ਕਿਉਂ ਹੈ? ਕਿਉਂਕਿ ਬੁੱਧੀ ਸਤੋ ਗੁਣ ਦਾ ਕਾਰਜ ਹੈ ਇਸ ਕਰਕੇ ਸ਼ੁੱਧ ਹੈ। ਬੁਧੀ ਵਿੱਚ ਕੂਟਸਥ ਦੀ ਦਮਕ ਹੈ ਉਸ ਕੁਟਸਥ ਦੀ ਦਮਕ ਦਾ ਨਾਮ ਪ੍ਰਤਿਬਿੰਬ ਹੈ ਅਥਵਾ ਬ੍ਰਹਮ ਚੇਤਨ ਦਾ ਪ੍ਰਤਿਬਿੰਬ ਹੈ। ਕਿਉਂਕਿ ਜਿਵੇਂ ਮਹਾਂਕਾਸ਼ ਦਾ ਘੜੇ ਦੇ ਜਲ ਵਿੱਚ ਪ੍ਰਤਿਬਿੰਬ ਹੁੰਦਾ ਹੈ ਭੀਤਰ ਦੇ ਅਕਾਸ਼ ਦਾ ਨਹੀਂ ਹੁੰਦਾ ਕਿਉਂਕਿ ਜਿੰਨੀ ਗੰਭੀਰਤਾ ਜਲ ਦੇ ਵਿੱਚ ਪ੍ਰਤੀਤ ਹੁੰਦੀ ਹੈ, ਉਤਨੀ ਗੰਭੀਰਤਾ ਭੀਤਰ ਦੇ ਆਕਾਸ਼ ਵਿੱਚ ਨਹੀਂ ਹੁੰਦੀ। ਉਹ ਗੰਭੀਰਤਾ ਹੀ ਅਕਾਸ਼ ਦਾ ਪ੍ਰਤਿਬਿੰਬ ਹੈ ਅਤੇ ਜੋ ਇਹ ਕਹਿੰਦੇ ਹਨ ਕਿ ਵਿਆਪਕ ਚੇਤਨ ਦਾ ਪ੍ਰਤਿਬਿੰਬ ਨਹੀਂ ਬਣਦਾ? ਉਹ ਸ਼ੰਕਾ ਅਕਾਸ਼ ਦੇ ਦ੍ਰਿਸ਼ਟਾਂਤ ਨਾਲ ਦੂਰ ਹੁੰਦਾ ਹੈ। ਅਕਾਸ਼ ਵੀ ਵਿਆਪਕ ਹੈ ਅਤੇ ਉਸ ਦਾ ਪ੍ਰਤਿਬਿੰਬ ਹੁੰਦਾ ਹੈ ਉਸ ਤਰ੍ਹਾਂ ਵਿਆਪਕ ਚੇਤਨ ਦਾ ਵੀ ਪ੍ਰਤਿਬਿੰਬ ਹੁੰਦਾ ਹੈ ਅਤੇ ਜੋ ਕਹਿੰਦੇ ਹਨ, ਕਿ ਰੂਪ ਵਾਲੇ ਪਦਾਰਥ ਦਾ, ਰੂਪ ਵਾਲੇ ਪਦਾਰਥ ਵਿੱਚ ਪ੍ਰਤਿਬਿੰਬ ਹੁੰਦਾ ਹੈ, ਇਹ ਵੀ ਨਿਯਮ ਨਹੀਂ ਹੈ। ਕਿਉਂਕਿ ਰੂਪ ਰਹਿਤ ਸ਼ਬਦ ਦਾ ਰੂਪ ਰਹਿਤ ਅਕਾਸ਼ ਵਿੱਚ ਪ੍ਰਤਿਬਿੰਬ ਹੁੰਦਾ ਹੈ, ਇਸ ਕਰਕੇ ਚੇਤਨ ਦਾ ਪ੍ਰਤਿਬਿੰਬ ਹੁੰਦਾ ਹੈ। ਇਸ ਰੀਤੀ ਨਾਲ ਬੁੱਧੀ ਵਿੱਚ ਆਭਾਸ ਅਤੇ ਬੁੱਧੀ ਦਾ ਅਧਿਸ਼ਠਾਨ ਚੇਤਨ, ਦੋਵਾਂ ਦਾ ਨਾਮ ਜੀਵ ਹੈ। ਉਸ ਜੀਵ ਨੂੰ ਹੀ ਤ੍ਵੰ ਪਦ ਦਾ ਵਾਚਜ ਕਹਿੰਦੇ ਹਨ ਅਤੇ ਉਹਦੇ ਵਿੱਚ ਚਿਦਾਭਾਸ ਨੂੰ ਤਿਆਗ ਕੇ ਸਿਰਫ ਕੂਟਸਥ ਨੂੰ ਤ੍ਵੰ ਪਦ ਦਾ ਲਖਜ ਕਹਿੰਦੇ ਹਨ। ਇਸ ਸ਼ਬਦ ਦਾ ਵਾਚਜ ਭੀ ਜੀਵ ਹੈ।

ਬੇਸ਼ੱਕ ਚਿਦਾਭਾਸ ਅਤੇ ਕੂਟਸਥ ਦੋਹਾਂ ਦਾ ਨਾਮ ਜੀਵ ਹੈ। ਫੇਰ ਵੀ ਜੀਵ-ਪੁਣੇ ਦੇ ਜੋ ਧਰਮ ਆਭਾਸ; ਦੇ ਵਿੱਚ ਹਨ। ਪਾਪ-ਪੁੰਨ, ਸੁਖ ਦੁਖ, ਆਵਾਗਵਨ ਆਦਿ ਸਭ ਆਭਾਸ ਸਹਿਤ ਬੁੱਧੀ ਕਰਦੀ ਹੈ, ਕੂਟਸਥ ਨਹੀਂ ਕਰਦਾ, ਕੂਟਸਥ ਵਿੱਚ ਸਿਰਫ ਭ੍ਰਾਂਤਿ ਕਰਕੇ ਪ੍ਰਤੀਤ ਹੁੰਦੇ ਹਨ। ਉਹ ਭ੍ਰਾਂਤਿ ਨਾਲ ਪ੍ਰਤੀਤੀ ਵੀ ਬੁੱਧੀ ਸਹਿਤ ਆਭਾਸ ਨੂੰ ਹੀ ਹੁੰਦੀ ਹੈ ਕੂਟਸਥ ਨੂੰ ਨਹੀਂ ਹੁੰਦੀ। ਕਿਉਂਕਿ ਕੂਟਸਥ ਲੁਹਾਰ ਦੀ ਅਹਿਰਣ ਦੇ ਸਮਾਨ ਨਿਰਵਿਕਾਰ ਰੂਪ ਵਿੱਚ ਸਥਿੱਤ ਹੈ ਅਥਵਾ ਮਿਥਿਆ ਬੁੱਧੀ ਅਤੇ ਚਿਦਾਭਾਸ ਵਿੱਚ ਕੂਟਸਥ ਅਸੰਗ ਰੂਪ ਵਿੱਚ ਸਥਿਤ ਹੈ। ਇਸ ਕਰਕੇ ਉਸ ਵਿੱਚ ਭ੍ਰਾਂਤਿ ਆਦਿਕ ਨਹੀਂ ਬਣਦੇ ਕਿੰਤੂ ਚਿਦਾਭਾਸ ਵਿੱਚ ਹੀ ਬਣਦੇ ਹਨ।

ਜੇਕਰ ਗਹਿਨ ਵਿਚਾਰ ਦ੍ਰਿਸ਼ਟੀ ਤੋਂ ਦੇਖੀਏ ਤਾਂ ਪਾਪ-ਪੁੰਨ, ਸੁਖ-ਦੁਖ, ਆਵਾਗਵਨ ਸਿਰਫ ਬੁੱਧੀ ਵਿੱਚ ਹੀ ਹਨ। ਆਭਾਸ ਵਿੱਚ ਵੀ ਨਹੀਂ ਹਨ। ਸਿਰਫ ਬੁੱਧੀ ਦੇ ਸੰਜੋਗ ਕਰਕੇ ਆਭਾਸ ਵਿੱਚ ਭਾਸਦੇ ਹਨ। ਜਿਵੇਂ ਲੋਹੇ ਦੀ ਕੜਾਹੀ ਵਿੱਚ ਜੋ ਗਰਮ ਤੇਲ ਹੈ ਉਸ ਵਿੱਚ ਆਕਾਸ ਦਾ ਪ੍ਰਤਿਬਿੰਬ ਹੁੰਦਾ ਹੈ। ਕਿੰਤੂ ਅੱਗ ਦਾ ਸੇਕ ਸਿਰਫ ਤੇਲ ਨੂੰ ਹੀ ਲਗਦਾ ਹੈ ਉਸ ਵਿੱਚ ਸਥਿਤ ਅਕਾਸ਼ ਦੇ ਪ੍ਰਤਿਬਿੰਬ ਨੂੰ ਨਹੀਂ ਲਗਦਾ ਭਾਵ ਉਦੋਂ ਤੇਲ ਨਾਲ ਭਰੀ ਕੜਾਹੀ ਦੇ ਅਧਿਸ਼ਠਾਨ ਰੂਪ ਅਕਾਸ਼ ਨੂੰ ਨਹੀਂ ਲਗਦਾ ਅਤੇ ਪਾਪ-ਪੁੰਨ ਆਦਿ ਰੂਪ ਜੋ ਸੰਸਾਰ ਹੈ ਉਹ ਕੇਵਲ ਬੁੱਧੀ ਵਿੱਚ ਹੈ, ਆਭਾਸ ਦੇ ਵਿੱਚ ਬਿਨਾਂ ਭ੍ਰਾਂਤਿ ਦੇ ਭਾਸਦਾ ਨਹੀਂ ਹੈ। ਜੋ ਆਭਾਸ ਦੇ ਵਿੱਚ ਵੀ ਬਿਨਾਂ ਭ੍ਰਾਂਤਿ ਤੋਂ ਪ੍ਰਤੀਤ ਨਹੀਂ ਹੁੰਦਾ, ਉਹ ਉਸਦੇ ਅਧਿਸ਼ਠਾਨ ਕੂਟਸਥ ਵਿੱਚ ਕਿਵੇਂ ਹੋਵੇਗਾ ਪ੍ਰੰਤੂ ਉਸਦੀ ਕੂਟਸਥ ਵਿੱਚ ਪ੍ਰਤੀਤੀ ਹੀ ਅਗਿਆਨ ਕ੍ਰਿਤ ਭ੍ਰਾਂਤਿ ਹੈ ਅਤੇ ਜਿਸ ਤਰ੍ਹਾਂ ਜਲ ਸਹਿਤ ਜੋ ਘੜਾ ਹੈ ਉਸਨੂੰ ਟੇਢਾ ਸਿੱਧਾ ਕਰੀਏ ਤਾਂ ਟੇਢਾ ਵੀ ਹੁੰਦਾ ਹੈ ਅਤੇ ਸਿੱਧਾ ਵੀ ਹੁੰਦਾ ਹੈ।

ਜੇਕਰ ਕਿਤੇ ਲੈ ਕੇ ਜਾਈਏ ਤਾਂ ਆਉਂਦਾ ਵੀ ਹੈ ਜਾਂਦਾ ਵੀ ਹੈ। ਉਦੋਂ ਉਸ ਦੇ ਸਬੰਧ ਨਾਲ ਆਕਾਸ਼ ਦਾ ਆਭਾਸ ਸੰਪੂਰਨ ਕਿਰਿਆ ਕਰਦਾ ਹੈ ਅਤੇ ਸੁਤੰਤਰ ਕੁੱਝ ਵੀ ਨਹੀਂ ਕਰਦਾ। ਉਸੇ ਤਰ੍ਹਾਂ ਕਾਮਨਾ ਕਰਮ ਰੂਪ ਜਲ ਨਾਲ ਭਰਿਆ ਹੋਇਆ ਬੁੱਧੀ ਰੂਪ ਘੜਾ ਹੈ, ਉਹ ਪਾਪ ਪੁੰਨ ਰੂਪ ਸਾਰੇ ਵਿਕਾਰ ਧਾਰਨ ਕਰਦਾ ਹੈ।ਉਸਦੇ ਸਬੰਧ ਨਾਲ ਚਿਦਾਭਾਸ ਧਾਰਨ ਕਰਦਾ ਹੈ ਕੂਟਸਥ ਸਰਬ ਵਿਕਾਰ ਰਹਿਤ ਹੈ। ਜਿਵੇਂ ਜਲ ਨਾਲ ਭਰੇ ਘੜੇ ਦੇ ਵਿਕਾਰ ਤੋਂ ਰਹਿਤ ਘਟਾਕਾਸ਼ ਹੈ, ਉਸਦੇ ਸਮਾਨ ਹੀ ਕੂਟਸਥ ਜਾਣੋ। ਇਸ ਕਰਕੇ ਜੀਵ ਪੁਣੇ ਦੇ ਧਰਮ ਚਿਦਾਭਾਸ ਵਿੱਚ ਹਨ। ਫੇਰ ਵੀ ਕੂਟਸਥ ਵਿੱਚ ਅਗਿਆਨ ਕਾਰਨ ਪ੍ਰਤੀਤ ਹੁੰਦੇ ਹਨ। ਬੁੱਧੀ ਵਿੱਚ ਕੂਟਸਥ ਸਹਿਤ ਜੋ ਚਿਦਾਭਾਸ, ਉਸ ਨੂੰ ਜੀਵ ਕਹਿੰਦੇ ਹਨ।

ਜੇਕਰ ਕੋਈ ਇਹ ਪੱਖ ਰੱਖੇ ਕਿ ਇਹ ਜੋ ਜੀਵ ਦਾ ਸਰੂਪ ਤੁਸੀਂ ਕਥਨ ਕੀਤਾ ਹੈ। ਇਸ ਨਾਲ ਪ੍ਰਾਗ ਨਾਮੇ ਜੋ ਜੀਵ ਹੈ ਉਸਦੀ ਹਾਨੀ ਹੁੰਦੀ ਹੈ ਭਾਵ ਖੰਡਨ ਹੁੰਦਾ ਹੈ ਕਿਉਂਕਿ ਸੁਖੋਪਤੀ ਅਵਸਥਾ ਦੇ ਅਭਿਮਾਨੀ ਜੀਵ ਦਾ ਨਾਮ ਪ੍ਰਾਗ ਹੈ। ਉਸ ਸੁਖੋਪਤੀ ਅਵਸਥਾ ਵਿੱਚ ਬੁੱਧੀ ਦਾ ਅਭਾਵ ਹੁੰਦਾ ਹੈ। ਇਸ ਕਰਕੇ ਬੁੱਧੀ ਵਿੱਚ ਆਭਾਸ ਵੀ ਨਹੀਂ ਬਣਦਾ ਇਸ ਕਰਕੇ ਪ੍ਰਾਗ ਦੇ ਸਰੂਪ ਦਾ ਪ੍ਰਤਿਪਾਦਕ ਜੋ ਸ਼ਾਸਤਰ ਹੈ ਉਸਦਾ ਵਿਰੋਧ ਸਿੱਧ ਹੁੰਦਾ ਹੈ। ਇਸ ਕਰਕੇ ਜੀਵ ਦੇ ਸਰੂਪ ਦੇ ਸਬੰਧ ਵਿੱਚ ਹੋਰ ਵੀ ਸੂਖਮ ਵਿਚਾਰ ਕਥਨ ਕਰਦੇ ਹਾਂ:

ਅਗਿਆਨ ਦੇ ਅੰਸ਼ ਨੂੰ ਵਿਅਸਟੀ ਕਹਿੰਦੇ ਹਨ ਸੰਪੂਰਨ ਅਗਿਆਨ ਨੂੰ ਸਮਸਟੀ ਕਹਿੰਦੇ ਹਨ। ਉਸ ਅਗਿਆਨ ਦੇ ਅੰਸ਼ ਵਿੱਚ ਜੋ ਚੇਤਨ ਦਾ ਅਭਾਸ਼ ਹੈ ਅਤੇ ਅਗਿਆਨ ਦੇ ਅੰਸ਼ ਦਾ ਅਧਿਸ਼ਠਾਨ ਜੋ ਕੂਟਸਥ ਹੈ। ਉਹਨਾਂ ਦੋਹਾਂ ਨੂੰ ਮਿਲਕੇ ਜੀਵ ਕਹਿੰਦੇ ਹਨ। ਜੇਕਰ ਇਹ ਲੱਛਣ ਕਰਦੇ ਹਾਂ ਤਾਂ ਇਸ ਲੱਛਣ ਦੇ ਕਰਨ ਨਾਲ ਪ੍ਰਾਗ ਦਾ ਅਭਾਵ ਨਹੀਂ ਹੁੰਦਾ ਹੈ ਕਿਉਂਕਿ ਸੁਖੋਪਤੀ ਵਿੱਚ ਅਗਿਆਨ ਰਹਿੰਦਾ ਹੈ ਅਗਿਆਨ ਦਾ ਅਭਾਵ ਨਹੀਂ ਹੁੰਦਾ ਅਤੇ ਸੁਖੋਪਤੀ ਵਿੱਚ ਚੇਤਨ ਦੇ ਆਭਾਸ ਸਹਿਤ ਜੋ ਅਗਿਆਨ ਦਾ ਅੰਸ਼ ਹੈ। ਉਹੀ ਬੁੱਧੀ ਰੂਪ ਨੂੰ ਪ੍ਰਾਪਤ ਹੁੰਦਾ ਹੈ ਅਤੇ ਚੇਤਨ ਦਾ ਪ੍ਰਤਿਬਿੰਬ ਨਾਲ ਹੀ ਹੁੰਦਾ ਹੈ। ਉਸ ਚਿਦਾਭਾਸ ਨੂੰ ਬੁੱਧੀ ਵਿੱਚ ਪਾਪ-ਪੁੰਨਾਦਿਕ ਸੰਸਾਰ ਪ੍ਰਤੀਤ ਹੁੰਦਾ ਹੈ। ਇਸ ਅਭਿਪ੍ਰਾਯ ਦੇ ਨਾਲ ਬੁੱਧੀ ਹੀ ਕਹੀ ਹੈ। ਸ਼ਾਸਤਰਾਂ ਵਿੱਚ ਵੀ ਜੀਵ-ਪੁਣੇ ਦੀ ਉਪਾਧਿ ਬੁੱਧੀ ਵਰਣਨ ਕੀਤੀ ਗਈ ਮਿਲਦੀ ਹੈ ਅਤੇ ਵਿਚਾਰ ਦ੍ਰਿਸ਼ਟੀ ਤੋਂ ਜੀਵ-ਪੁਣੇ ਦੀ ਉਪਾਧਿ ਅਗਿਆਨ ਹੈ। ਇਥੇ ਬੁੱਧੀ ਅਥਵਾ ਬੁੱਧੀ ਦਾ ਸੰਸਕਾਰ ਰੂਪ ਘੜਾ ਹੈ। ਉਸ ਦੇ ਵਿੱਚ ਵਿਅਸਟੀ ਅਗਿਆਨ ਰੂਪ ਜਲ ਭਰਿਆ ਹੋਇਆ ਹੈ। ਉਸ ਵਿਅਸਟੀ ਅਗਿਆਨ ਰੂਪ ਜਲ ਵਿੱਚ ਚੇਤਨ ਦਾ ਪ੍ਰਤਿਬਿੰਬ ਹੈ। ਅਥਵਾ ਵਿਅਸਟੀ ਅਗਿਆਨ ਰੂਪ ਘੜਾ ਹੈ, ਉਸ ਵਿੱਚ ਮਲਿਨ ਸਤੋ ਗੁਣ ਰੂਪ ਜਲ ਭਰਿਆ ਹੋਇਆ ਹੈ। ਉਸ ਮਲਿਨ ਸਤੋ ਗੁਣ ਰੂਪ ਜਲ ਵਿੱਚ ਜੋ ਚੇਤਨ ਦਾ ਪ੍ਰਤਿਬਿੰਬ ਹੈ ਅਧਿਸ਼ਠਾਨ ਕੂਟਸਥ ਸਹਿਤ ਉਸ ਨੂੰ ਜੀਵ ਕਹਿੰਦੇ ਹਨ। ਜੀਵ ਦੇ ਸਰੂਪ ਪ੍ਰਥਾਇ ਸ਼ਾਸਤਰਾਂ ਦੇ ਵਿੱਚ ਇੰਨਾਂ ਜਿਆਦਾ ਵਿਸਥਾਰ ਹੈ ਕਿ ਇੱਕ ਵੱਖਰਾ ਗ੍ਰੰਥ ਲਿਖਿਆ ਜਾ ਸਕਦਾ ਹੈ। ਇਸ ਕਰਕੇ ਜੀਵ ਦਾ ਸਰੂਪ ਸੰਖੇਪ ਰੂਪ ਵਿੱਚ ਕਥਨ ਕੀਤਾ ਗਿਆ ਹੈ।

## ਈਸ਼ੁਰ ਜੀਵ ਵਿਭਾਗ ਪੰਚਮੋ।

ਈਸ਼ਵਰ ਜੀਵ ਅਤੇ ਇਹਨਾਂ ਦੋਹਾਂ ਦਾ ਭੇਦ ਇਹ ਪੰਜਵੀਂ ਸੰਗਿਆ ਹੋ ਜਾਂਦੀ ਹੈ।

## ਚਿਦਾਭਾਸ ਖਸਟਮ ਲਖਿ ਵਾਹਿ।੬।

ਛੇਵੀਂ ਸੰਗਿਆ ਚਿਦਾਭਾਸ ਜੋ ਹੈ ਉਸਨੂੰ ਜਾਣੋ।

## ਚਿਦਾਭਾਸ ਭਾਵ ਅਰਥ

ਅੰਤਸ਼ਕਰਣ ਵਿੱਚ ਅਤੇ ਉਸਦੀ ਬਿਰਤੀ ਵਿੱਚ ਜੋ ਸਾਮਾਨਯ ਚੇਤਨ (ਬ੍ਰਹਮ) ਦਾ ਪ੍ਰਤਿਬਿੰਬ (ਆਭਾਸ–ਅਭਿਵਿਅਕਤ ਹੁੰਦਾ ਹੈ, ਉਸਨੂੰ ਵਿਸ਼ੇਸ਼ ਚੇਤਨ ਕਹਿੰਦੇ ਹਨ। ਵਾਸਤਵ ਵਿੱਚ (ਵਿਸ਼ੇਸ਼ ਚੇਤਨ) ਉਹ ਚੇਤਨ ਬ੍ਰਹਮ ਦੇ ਲੱਛਣਾਂ ਤੋਂ ਰਹਿਤ ਹੁੰਦੇ ਹੋਏ ਵੀ ਚੇਤਨ ਦੇ ਸਮਾਨ ਪ੍ਰਤੀਤ ਹੁੰਦਾ ਹੈ। ਇਸ ਕਰਕੇ ਉਸਨੂੰ ਚਿਦਾਭਾਸ ਕਿਹਾ ਜਾਂਦਾ ਹੈ। ਅਲਪ ਦੇਸ਼ ਕਾਲ ਵਿੱਚ ਜੋ ਪਦਾਰਥ ਵਿਅਕਤ ਹੋਵੇ, ਉਸਨੂੰ ਵਿਸ਼ੇਸ਼ ਕਹਿੰਦੇ ਹਨ। ਚਿਦਾਭਾਸ ਵੀ ਅੰਤਸ਼ਕਰਣ ਦੇਸ਼ ਵਿੱਚ ਅਤੇ ਜਾਗ੍ਰਤ–ਸੁਪਨ ਕਾਲ ਅਥਵਾ ਅਗਿਆਨ ਕਾਲ ਵਿੱਚ ਕਰਤਾ ਭੋਗਤਾ ਆਦਿ ਰੂਪ ਵਿੱਚ ਵਿਅਕਤ ਰਹਿੰਦਾ ਹੈ। ਇਸ ਕਰਕੇ ਅਲਪ ਦੇਸ਼ ਕਾਲ ਵਿੱਚ ਵਿਅਕਤ ਹੋਣ ਕਰਕੇ ਵਿਸ਼ੇਸ਼ ਚੇਤਨ ਕਿਹਾ ਜਾਂਦਾ ਹੈ।

ਜਿਵੇਂ ਕਿਸੇ ਦੀਵਾਰ ਉਤੇ ਸੂਰਜ ਦਾ ਪ੍ਰਕਾਸ਼ ਸਿੱਧਾ ਸਾਮਾਨਯ ਰੂਪ ਵਿੱਚ ਪੈ ਰਿਹਾ ਹੋਵੇ, ਪਰ ਉਸੇ ਸੂਰਜ ਦੀ ਧੁੱਪ ਕਾਰਨ ਸੂਰਜ ਦਾ ਪ੍ਰਕਾਸ਼ ਕਿਸੇ ਸ਼ੀਸ਼ੇ ਆਦਿਕ ਵਿੱਚ ਪੈ ਕੇ ਉਸੇ ਕੰਧ ’ਤੇ ਲਿਸ਼ਕਾਰੇ ਦੇ ਰੂਪ ਵਿੱਚ ਵੀ ਪੈ ਰਿਹਾ ਹੋਵੇ। ਇਕ ਤਾਂ ਹੋ ਗਿਆ ਸਮਾਨ ਰੂਪ ਵਿੱਚ ਸੂਰਜ ਦਾ ਪ੍ਰਕਾਸ਼ ਜਿਹੜਾ ਸਾਰੀ ਸ੍ਰਿਸ਼ਟੀ ਤੇ ਸਮਾਨ ਰੂਪ ਵਿੱਚ ਪੈ ਰਿਹਾ ਹੈ, ਹੁਣ ਦੀਵਾਰ ਸ੍ਰਿਸ਼ਟੀ ਤੋਂ ਵੱਖ ਨਹੀਂ ਹੈ, ਸ੍ਰਿਸ਼ਟੀ ਦਾ ਹਿੱਸਾ ਹੋਣ ਕਾਰਨ ਦੀਵਾਰ ਉਤੇ ਵੀ ਸਮਾਨ ਰੂਪ ਵਿੱਚ ਪ੍ਰਕਾਸ਼ ਪੈ ਰਿਹਾ ਹੈ ਅਤੇ ਦੂਜਾ ਹੋ ਗਿਆ ਸ਼ੀਸ਼ੇ ਵਿੱਚ ਪੈਣ ਕਾਰਨ ਲਿਸ਼ਕਾਰ ਰੂਪ ਵਿੱਚ ਜੋ ਪ੍ਰਕਾਸ਼ ਕੰਧ ਦੇ ਉਤੇ ਪੈ ਰਿਹਾ ਹੈ। ਜੇਕਰ ਵਿਚਾਰ ਦ੍ਰਿਸ਼ਟੀ ਤੋਂ ਦੇਖਿਆ ਜਾਏ ਤਾਂ ਜਿਹੜਾ ਪ੍ਰਕਾਸ਼ ਸਾਰੀ ਸ੍ਰਿਸ਼ਟੀ ’ਤੇ ਬਰਾਬਰ ਪੈ ਰਿਹਾ ਹੈ। ਉਹ ਤਾਂ ਹੈ ਵਿਆਪਕ, ਬਰਾਬਰ ਭਾਵ ਸਾਮਾਨਯ ਪ੍ਰਕਾਸ਼ ਹੈ ਅਤੇ ਜਿਹੜਾ ਸ਼ੀਸ਼ੇ ਵਿੱਚ ਪੈ ਕੇ ਫੇਰ ਸ਼ੀਸ਼ੇ ਰਾਹੀਂ ਕੰਧ ’ਤੇ ਪੈ ਰਿਹਾ ਹੈ ਉਹ ਹੋ ਗਿਆ ਵਿਸ਼ੇਸ਼ ਪ੍ਰਕਾਸ਼ ਭਾਵ ਅਲਪ ਦੇਸ਼ ਕਾਲ ਵਿੱਚ ਸਥਿਤ ਹੈ ਪੂਰੀ ਕੰਧ ’ਤੇ ਵੀ ਨਹੀਂ ਪੈ ਰਿਹਾ ਸਿਰਫ ਕੰਧ ਦੇ ਕੁੱਝ ਹਿੱਸੇ ’ਤੇ ਹੀ ਪੈ ਰਿਹਾ ਹੈ। ਅਲਪ ਦੇਸ਼ ਕਾਲ ਵਿੱਚ ਹੋਣ ਕਾਰਨ ਉਸਨੂੰ ਵਿਆਪਕ ਵੀ ਨਹੀਂ ਕਿਹਾ ਜਾ ਸਕਦਾ। ਜੋ ਵਸਤੂ ਵਿਆਪਕ ਨਹੀਂ ਹੁੰਦੀ ਉਹ ਪ੍ਰੀਛਿੰਨ ਹੁੰਦੀ ਹੈ ਤੇ ਇਕ ਦੇਸ਼ੀ ਹੁੰਦੀ ਹੈ।

ਇਸ ਕਰਕੇ ਪਹਿਲਾ ਪ੍ਰਕਾਸ਼ ਬਿੰਬ ਰੂਪ ਹੋਣ ਕਾਰਨ ਸਾਮਾਨਯ ਹੈ ਅਤੇ ਦੂਜਾ ਸ਼ੀਸ਼ੇ ਦੀ ਉਪਾਧਿ ਕ੍ਰਿਤ ਹੈ। ਸ਼ੀਸ਼ਾ ਹਟਾ ਦਿਉ ਪ੍ਰਕਾਸ਼ ਵੀ ਹਟ ਜਾਂਦਾ ਹੈ। ਇਸ ਕਰਕੇ ਉਪਾਧਿ ਕ੍ਰਿਤ ਹੋਣ ਕਾਰਨ ਸੱਤ ਨਹੀਂ ਹੈ। ਉਸੇ ਤਰ੍ਹਾਂ ਅੰਤਸ਼ਕਰਣ ਵਿੱਚ ਚੇਤਨ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਤਾਂ ਵਿਆਪਕ ਚੇਤਨ ਹੁੰਦਾ ਹੈ ਅਤੇ ਦੂਜਾ ਪ੍ਰੀਛਿੰਨ ਜਾਂ ਵਿਸ਼ੇਸ਼ ਚੇਤਨ ਹੁੰਦਾ ਹੈ। ਵਿਆਪਕ ਚੇਤਨ ਤਾਂ ਉਹ ਚੇਤਨ ਹੈ, ਜਿਹੜਾ ਸੰਪੂਰਨ ਬ੍ਰਹਿਮੰਡਾਂ ਵਿੱਚ ਸਭ ਥਾਵਾਂ ਤੇ ਇਕ ਰਸ ਭਰਪੂਰ ਵਿਆਪਕ ਹੈ, ਦੇਸ਼ ਕਾਲ ਵਸਤੂ ਪ੍ਰਛੇਦ ਰਹਿਤ ਹੈ ਅਤੇ ਸਭ ਦਾ ਅਧਿਸ਼ਠਾਨ ਹੈ। ਇਸ ਕਰਕੇ ਉਸਨੂੰ

ਸਾਮਾਨਯ ਚੇਤਨ ਕਿਹਾ ਜਾਂਦਾ ਹੈ ਅਤੇ ਦੂਜਾ ਜੋ ਸਿਰਫ ਅੰਤਸ਼ਕਰਣ ਮਾਤਰ ਵਿੱਚ ਹੀ ਪ੍ਰਤਿਬਿੰਬਤ ਹੈ ਉਸਨੂੰ ਵਿਸ਼ੇਸ਼ ਚੇਤਨ ਕਹਿੰਦੇ ਹਨ, ਚਿਦਾਭਾਸ ਵੀ ਉਸੇ ਦਾ ਹੀ ਨਾਮ ਹੈ। ਚਿਦਾਭਾਸ ਸਾਮਾਨਯ ਚੇਤਨ ਦਾ ਆਭਾਸ ਹੈ ਪ੍ਰਤਿਬਿੰਬ ਹੈ ਪ੍ਰਤਿਬਿੰਬ ਹੋਣ ਕਾਰਨ ਮਿਥਿਆ ਹੈ। ਸਾਮਾਨਯ ਚੇਤਨ ਨਿਰਬਿਕਾਰੀ ਹੈ ਅਰਥਾਤ ਅੰਤਸ਼ਕਰਣ ਅਥਵਾ ਉਸਦੀਆਂ ਬਿਰਤੀਆਂ ਤੋਂ ਅਕਾਸ਼ ਵਾਂਗ ਨਿਰਲੇਪ ਹੈ, ਇਸ ਕਰਕੇ ਉਸਨੂੰ ਕੂਟਸਥ ਕਹਿੰਦੇ ਹਨ।ਪ੍ਰੰਤੂ ਚਿਦਾਭਾਸ਼ ਅੰਤਸ਼ਕਰਣ ਅਤੇ ਉਸਦੀਆਂ ਬਿਰਤੀਆਂ ਵਿੱਚ ਲਿਪਤ ਹੋ ਜਾਂਦਾ ਹੈ। ਇਸ ਕਰਕੇ ਉਸਨੂੰ ਕਰਤਾ ਭੋਗਤਾ ਜੀਵ ਕਿਹਾ ਜਾਂਦਾ ਹੈ। ਚਿਦਾਭਾਸ਼ ਦੀ ਹੀ ਸੰਗਿਆ ਸਥੂਲ ਅਤੇ ਸੂਖਮ ਉਪਾਧਿ ਕ੍ਰਿਤ ਜੀਵ ਹੋ ਜਾਂਦੀ ਹੈ।

ਇਹ ਜੀਵ ਅੰਤਸ਼ਕਰਣ ਦੀਆਂ ਬਿਰਤੀਆਂ ਵਿੱਚ ਫਸ ਕੇ ਉਹਨਾਂ ਦੇ ਅਧੀਨ ਹੋ ਜਾਂਦਾ ਹੈ।ਇਸ ਕਰਕੇ ਆਪਣੇ ਸੱਚੇ ਅਬਿਨਾਸੀ ਕੂਟਸਥ ਸਰੂਪ ਨੂੰ ਭੁੱਲ ਜਾਂਦਾ ਹੈ।ਆਪਣੇ ਆਤਮ ਸਰੂਪ ਨੂੰ ਭੁਲਣ ਕਾਰਨ ਪੰਜਾਂ ਤੱਤਾਂ ਦੇ ਸਰੀਰ ਨੂੰ ਹੀ ਆਪਣਾ ਸਰੂਪ ਮੰਨਣ ਲੱਗ ਪੈਂਦਾ ਹੈ ਭਾਵ ਅਨਾਤਮ ਵਿੱਚ ਆਤਮ ਬੁੱਧੀ ਧਾਰਨ ਕਰ ਲੈਂਦਾ ਹੈ। ਅਨਾਤਮਾ ਵਿੱਚ ਆਤਮ ਬੁੱਧੀ ਹੀ ਇਸ ਦੇ ਲਈ ਸਮੂਹ ਦੁੱਖਾਂ ਦਾ ਕਾਰਨ ਬਣ ਜਾਂਦੀ ਹੈ।ਅਨਾਤਮ ਵਿੱਚ ਆਤਮ ਬੁੱਧੀ ਰੂਪ ਜੋ ਅੰਤਸ਼ਕਰਣ ਦੀ ਬਿਰਤੀ ਹੈ ਉਸ ਬਿਰਤੀ ਦਾ ਪ੍ਰਕਾਸ਼ਕ ਚਿਦਾਭਾਸ਼ ਹੀ ਹੈ। ਕਿਉਂਕਿ ਬਿਰਤੀ ਸਰੂਪ ਕਰਕੇ ਜੜ੍ਹ ਹੁੰਦੀ ਹੈ। ਲੇਕਿਨ ਉਸ ਬਿਰਤੀ ਨੂੰ ਜੋ ਪ੍ਰਕਾਸ਼ ਰਿਹਾ ਹੈ ਭਾਵ ਜਾਣ ਰਿਹਾ ਹੈ ਉਹ ਗਿਆਨ ਸਰੂਪ ਆਤਮਾ ਦਾ ਪ੍ਰਤਿਬਿੰਬ ਹੋਣ ਕਾਰਨ ਗਿਆਨ ਮਈ ਹੈ। ਇਸ ਕਰਕੇ ਬਿਰਤੀ ਜਿਹੜੇ ਵਿਸ਼ੇ ਨੂੰ ਫੜਦੀ ਹੈ ਭਾਵ ਜਿਹੜੇ ਵਿਸ਼ੇ ਨੂੰ ਗੋਚਰ ਕਰਦੀ ਹੈ। ਚਿਦਾਭਾਸ ਉਸੇ ਹੀ ਵਿਸ਼ੇ ਨੂੰ ਪ੍ਰਕਾਸ਼ਿਤ ਕਰ ਦਿੰਦਾ ਹੈ ਭਾਵ ਗਿਆਨ ਕਰ ਲੈਂਦਾ ਹੈ ਕਿ ਇਹ ਤਾਂ ਉਹ ਵਸਤੂ ਹੈ ਇਸੇ ਤਰ੍ਹਾਂ ਅੰਤਸ਼ਕਰਣ ਦੀ ਬਿਰਤੀ ਹੋਰ ਇੰਦਰਿਆਂ ਦੁਆਰਾ ਵੀ ਬਾਹਰ ਗਮਨ ਕਰਦੀ ਹੋਈ ਵਿਸ਼ਿਆਂ ਨੂੰ ਆਵਰਣ ਰਹਿਤ ਕਰਦੀ ਜਾਂਦੀ ਹੈ। ਚਿਦਾਭਾਸ ਉਹਨਾਂ ਵਿਸ਼ਿਆਂ ਦਾ ਗਿਆਨ ਕਰਦਾ ਜਾਂਦਾ ਹੈ ਜਿਵੇਂ ਅੱਖਾਂ ਦੁਆਰਾ ਬਿਰਤੀ ਨਿਕਲ ਕੇ ਕਿਸੇ ਪਦਾਰਥ 'ਤੇ ਪੈ ਜਾਵੇ ਤਾਂ ਉਸ ਪਦਾਰਥ ਦਾ ਸਰੂਪ ਅੱਖਾਂ ਦੁਆਰਾ ਅੰਤਸ਼ਕਰਣ ਦੀ ਬਿਰਤੀ ਦੇ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ।

ਦ੍ਰਿਸ਼ਟੀ ਗੋਚਰ ਹੋਣ ਦਾ ਜਿਹੜਾ ਗਿਆਨ ਹੈ। ਉਸ ਬਿਰਤੀ ਦਾ ਜਿਹੜਾ ਪ੍ਰਕਾਸ਼ ਹੈ ਉਹ ਚਿਦਾਭਾਸ ਕਰਦਾ ਹੈ ਭਾਵ ਉਸ ਬਿਰਤੀ ਰਾਹੀਂ ਜਿਹੜਾ ਗਿਆਨ ਹੁੰਦਾ ਹੈ ਉਹ ਚਿਦਾਭਾਸ ਨੂੰ ਹੀ ਹੁੰਦਾ ਹੈ।ਇਸ ਕਰਕੇ ਅਨਾਤਮ ਵਿੱਚ ਆਤਮ ਬੁੱਧੀ ਰੂਪ ਜੋ ਭਰਮ ਗਿਆਨ ਹੈ ਉਹ ਵੀ ਚਿਦਾਭਾਸ ਨੂੰ ਹੀ ਹੁੰਦਾ ਹੈ। ਕਿ ਮੈਂ ਜੀਵ ਹਾਂ ਮੈਂ ਪ੍ਰਛਿੰਨ ਹਾਂ, ਜੰਮਣ ਮਰਨ ਵਾਲਾ ਹਾਂ, ਤਿੰਨ ਸਰੀਰ ਹੀ ਮੇਰਾ ਸਰੂਪ ਹਨ। ਇਸ ਪ੍ਰਕਾਰ ਦਾ ਅਨਾਤਮਾ ਵਿੱਚ ਆਤਮਾ ਦਾ ਅਧਿਆਸ ਚਿਦਾਭਾਸ ਨੂੰ ਹੀ ਹੁੰਦਾ ਹੈ।ਆਤਮਾ ਦਾ ਅਨਾਤਮਾ ਦੇ ਨਾਲ ਤਾਦਾਤਮ ਸੰਬੰਧ ਮਾਤਰ ਅਧਿਅਸਤ ਹੈ ਕਿਉਂਕਿ ਮਿਥਿਆ ਵਸਤੂ ਹੀ ਅਧਿਅਸਤ ਹੁੰਦੀ ਹੈ। ਆਤਮਾ ਤਾਂ ਮਿਥਿਆ ਹੈ ਨਹੀਂ, ਇਸ ਕਰਕੇ ਅਨਾਤਮਾ ਵਿੱਚ ਆਤਮਾ ਦਾ ਕੇਵਲ ਸਬੰਧੀ ਅਧਿਆਸ ਹੈ, ਭਾਵ ਅਨਾਤਮਾ ਵਿੱਚ ਆਤਮਾ ਦਾ ਕੇਵਲ ਸੰਬੰਧ ਮਾਤਰ ਅਧਿਅਸਤ ਹੈ ਸਰੂਪ ਨਹੀਂ, ਇਹ ਕੇਵਲ ਸੰਬੰਧਾ ਅਧਿਆਸ ਹੈ। ਇਸ ਕਰਕੇ ਚਿਦਾਭਾਸ ਆਪਣਾ ਅਸਲ ਸਰੂਪ, ਮਿਥਿਆ ਤਿੰਨ ਦੇਹਾਂ ਨੂੰ

ਹੀ ਮੰਨ ਰਿਹਾ ਹੈ ਅਤੇ ਜਿੰਨੇ ਵੀ ਅਧਿਆਸ ਹੁੰਦੇ ਹਨ ਚਿਦਾਭਾਸ ਨੂੰ ਹੀ ਹੁੰਦੇ ਹਨ।

ਇਸ ਕਰਕੇ ਇਸਨੂੰ ਜੀਵ ਕਿਹਾ ਜਾਂਦਾ ਹੈ। ਵੈਸੇ ਜੀਵ ਵੀ ਅੰਤਸ਼ਕਰਣ, ਸਾਖੀ ਅਤੇ ਚਿਦਾਭਾਸ ਇਹਨਾਂ ਤਿੰਨਾਂ ਦਾ ਮਿਲਿਆ ਜੁਲਿਆ ਸੰਘਾਤ ਹੈ, ਅਹੰ ਬਿਰਤੀ ਧਾਰਨ ਕਰਨ ਵਾਲਾ ਅੰਤਸ਼ਕਰਣ ਹੈ। ਇਸ ਧਾਰਾ ਆਦਿ ਸਾਰਿਆਂ ਦਾ ਪ੍ਰਕਾਸ਼ਕ ਸਾਖੀ ਹੈ। ਇਸ ਧਾਰਾ ਦਾ ਅਭਿਮਾਨੀ ਚਿਦਾਭਾਸ਼ ਹੈ, ਭਾਵ ਇਹਨਾਂ ਸਾਰੀਆਂ ਅਵਸਥਾਵਾਂ ਵਿੱਚ ਮੈਂ ਭਾਵ ਰੱਖਣ ਵਾਲਾ ਚਿਦਾਭਾਸ ਹੀ ਹੈ।

**ਵਿਚਾਰ ਚੰਦਰੋਦਜ ਗ੍ਰੰਥ ਅੰਦਰ ਚਿਦਾਭਾਸ ਦੀਆਂ ਅਵਸਥਾਵਾਂ ਦਾ ਕਥਨ ਇਸ ਪ੍ਰਕਾਰ ਕੀਤਾ ਗਿਆ ਮਿਲਦਾ ਹੈ।**

**ਚਿਦਾਭਾਸ ਦੀਆਂ ਸੱਤ ਅਵਸਥਾਵਾਂ:** ਅੰਤਸ਼ਕਰਣ ਵਿੱਚ ਚੇਤਨ ਦੇ ਪ੍ਰਤਿਬਿੰਬ ਰੂਪ ਚਿਦਾਭਾਸ ਦੀਆਂ ਸੱਤ ਅਵਸਥਾਵਾਂ ਦਾ ਸੰਖੇਪ ਕਥਨ ਕਰਦੇ ਹਾਂ।

- ਬ੍ਰਹਮ ਸਰੂਪ ਆਤਮਾ ਨੂੰ ਮੈਂ ਨਹੀਂ ਜਾਣਦਾ ਹਾਂ ਐਸਾ ਅਗਿਆਨ ਚਿਦਾਭਾਸ ਦੀ ਪਹਿਲੀ ਅਵਸਥਾ ਹੈ
- ਆਤਮਾ ਹੈ ਨਹੀਂ ਅਤੇ ਭਾਸਦਾ ਵੀ ਨਹੀਂ ਹੈ ਭਾਵ ਪ੍ਰਤੱਖ ਵੀ ਨਹੀਂ ਹੁੰਦਾ ਹੈ, ਇਹ ਅਸਤਵਾਪਾਦਕ ਅਤੇ ਅਭਾਨਾਪਾਦਕ ਆਵਰਣ ਵਾਲੀ ਦੂਜੀ ਅਵਸਥਾ ਹੈ। "ਵਸਤੂ ਨਹੀਂ ਹੈ" ਐਸੀ ਪ੍ਰਤੀਤੀ ਕਰਾਉਣ ਵਾਲੀ ਜੋ ਅਗਿਆਨ ਦੀ ਸ਼ਕਤੀ ਹੈ। ਉਸਨੂੰ ਅਸਤਵਾਪਾਦਕ ਕਹਿੰਦੇ ਹਨ। ਅਤੇ ਵਸਤੂ ਦਾ ਭਾਨ ਨਹੀਂ ਹੁੰਦਾ ਭਾਵ ਪ੍ਰਤੱਖ ਨਹੀਂ ਹੁੰਦਾ। ਐਸੀ ਪ੍ਰਤੀਤੀ ਕਰਾਉਣ ਵਾਲੀ ਜੋ ਅਗਿਆਨ ਦੀ ਸ਼ਕਤੀ ਹੈ ਉਸਨੂੰ ਅਭਾਨਾਪਾਦਕ ਕਹਿੰਦੇ ਹਨ। ਇਸੇ ਤਰ੍ਹਾਂ **"ਬ੍ਰਹਮ ਨਹੀਂ ਹੈ"** ਇਸ ਵਿਵਹਾਰ ਦਾ ਕਾਰਨ ਅਥਵਾ ਇਸ ਪ੍ਰਤੀਤੀ ਦਾ ਕਾਰਨ ਅਗਿਆਨ ਦੀ ਅਸਤਵਾਪਾਦਕ ਸ਼ਕਤੀ ਹੈ। ਅਤੇ **"ਬ੍ਰਹਮ ਭਾਨ ਨਹੀਂ ਹੁੰਦਾ"** ਭਾਵ ਪ੍ਰਤੱਖ ਪ੍ਰਤੀਤੀ ਦਾ ਵਿਸ਼ਯ ਨਹੀਂ ਹੁੰਦਾ ਐਸੇ ਵਿਵਹਾਰ ਦਾ ਕਾਰਨ ਅਗਿਆਨ ਦੀ ਅਭਾਨਾਪਾਦਕ ਸ਼ਕਤੀ ਹੈ। ਅਗਿਆਨ ਦੀਆਂ ਇਹਨਾਂ ਦੋਹਾਂ ਸ਼ਕਤੀਆਂ ਦਾ ਨਾਮ ਆਵਰਣ ਹੈ।
- ਸਥੂਲ ਸੂਖਮ ਪ੍ਰਪੰਚ ਸਹਿਤ ਚਿਦਾਭਾਸ ਅਤੇ ਉਸਦੇ ਧਰਮ ਜਨਮ ਮਰਨ, ਭੁਖ ਪਿਆਸ, ਕਰਤਾ ਭੋਗਤਾ ਪੁਣਾ ਅਤੇ ਉਸਦੀਆਂ ਜਾਗ੍ਰਤ, ਸੁਪਨ, ਸਖੋਪਤੀ ਅਵਸਥਾਵਾਂ ਤਥਾ ਉਹਨਾਂ ਦਾ ਗਿਆਨ ਇਤਿਆਦਿ ਸੰਸਾਰ ਰੂਪ ਵਿਖਸ਼ੇਪ ਇਹ ਚਿਦਾਭਾਸ ਦੀ ਤੀਜੀ ਅਵਸਥਾ ਹੈ।

  ਇਥੇ ਤੱਕ ਚਿਦਾਭਾਸ ਦੀਆਂ ਅਗਿਆਨ ਅਵਸਥਾ ਦੀਆਂ ਪਹਿਲੀਆਂ ਤਿੰਨ ਅਵਸਥਾਵਾਂ ਹਨ। ਭਾਵ ਜਿਸ ਸਮੇਂ ਚਿਦਾਭਾਸ ਅਗਿਆਨ ਅਵਸਥਾ ਵਿੱਚ ਹੁੰਦਾ ਹੈ ਉਸ ਸਮੇਂ ਦਾ ਅਨੁਭਵ ਕੈਸਾ ਹੁੰਦਾ ਹੈ ਐਸੀਆਂ ਤਿੰਨ ਅਵਸਥਾਵਾਂ ਦਾ ਸੰਖੇਪ ਵਿੱਚ ਵਰਣਨ ਕੀਤਾ ਗਿਆ ਹੈ।

**ਇਸ ਤੋਂ ਅਗਲੀਆਂ ਚਾਰ ਅਵਸਥਾਵਾਂ ਗਿਆਨ ਦੀਆਂ ਹਨ ਕਿ ਚਿਦਾਭਾਸ ਨੂੰ ਗਿਆਨ ਕਿਸ ਪ੍ਰਕਾਰ ਹੁੰਦਾ ਹੈ?**

ਹੁਣ ਇਥੇ ਪਹਿਲਾਂ ਵਿਚਾਰਨਯੋਗ ਇਹ ਗੱਲ ਹੈ ਕਿ ਬ੍ਰਹਮ ਗਿਆਨ ਕਿਸ ਨੂੰ ਹੁੰਦਾ ਹੈ? ਜੇਕਰ ਬ੍ਰਹਮ ਸਰੂਪ ਦਾ

ਗਿਆਨ ਹੋਣਾ ਆਤਮਾ ਨੂੰ ਮੰਨਦੇ ਹਾਂ ਤਾਂ ਪਹਿਲਾਂ ਆਤਮਾ ਨੂੰ ਅਗਿਆਨੀ ਮੰਨਣਾ ਪਏਗਾ ? ਜੇਕਰ ਆਤਮਾ ਨੂੰ ਅਗਿਆਨੀ ਮੰਨਦੇ ਹਾਂ ਤਾਂ ਆਤਮਾ ਨੂੰ ਅਗਿਆਨੀ ਮੰਨਣ ਦੇ ਨਾਲ ਹੀ ਇਹ ਅਗਿਆਨੀ ਪੁਣਾ ਬ੍ਰਹਮ ਦੇ ਸਰੂਪ ਵਿੱਚ ਵੀ ਸਿੱਧ ਹੋ ਜਾਵੇਗਾ ਕਿਉਂਕਿ ਆਤਮਾ ਅਤੇ ਬ੍ਰਹਮ ਦੇ ਸਰੂਪ ਵਿੱਚ ਰੰਚਕ ਮਾਤਰ ਵੀ ਭੇਦ ਨਹੀਂ ਹੈ। ਇਸ ਕਰਕੇ ਆਤਮਾ ਅਗਿਆਨੀ ਹੈ ਜਾਂ ਬ੍ਰਹਮ ਦਾ ਗਿਆਨ ਆਤਮਾ ਨੂੰ ਹੁੰਦਾ ਹੈ, ਇਸ ਤਰ੍ਹਾਂ ਅਦ੍ਵੈਤ ਸਿਧਾਂਤ ਅਨੁਸਾਰ ਮੰਨਣਯੋਗ ਨਾ ਹੋਣ ਕਾਰਨ ਅਸੰਗਤ ਹੈ ਕਿਉਂਕਿ ਆਤਮਾ ਗਿਆਨ ਸਰੂਪ ਹੈ। ਗਿਆਨ ਸਰੂਪ ਆਤਮਾ ਵਿੱਚ ਅਗਿਆਨ ਹੋਣ ਦੀ ਸਿੱਧੀ ਕਿਸੇ ਪ੍ਰਕਾਰ ਵੀ ਹੋ ਨਹੀਂ ਸਕਦੀ। ਜਦੋਂ ਆਤਮਾ ਦੇ ਵਿੱਚ ਅਗਿਆਨੀ ਪੁਣਾ ਕਿਸੇ ਵੀ ਸਿਧਾਂਤ ਅਨੁਸਾਰ ਬਣਦਾ ਹੀ ਨਹੀਂ ਹੈ ਤਾਂ ਫਿਰ ਬ੍ਰਹਮ ਦੇ ਵਿੱਚ ਵੀ ਇਹ ਸਿੱਧ ਨਹੀਂ ਹੁੰਦਾ। ਕਿਉਂਕਿ ਸਹਿਤ ਅਗਿਆਨ ਦੇ ਸਭ ਪ੍ਰਪੰਚ ਮਿਥਿਆ ਹੈ।ਆਤਮਾ ਬ੍ਰਹਮ ਸਰੂਪ ਸੱਤ ਹੈ। ਸੱਤ ਵਸਤੂ ਵਿੱਚ ਅਸੱਤਪੁਣਾ ਕਦੇ ਵੀ ਸੰਭਵ ਨਹੀਂ ਹੁੰਦਾ। ਇਸ ਕਰਕੇ ਐਸਾ ਨਹੀਂ ਮੰਨਿਆ ਜਾ ਸਕਦਾ ਕਿ ਬ੍ਰਹਮ ਦਾ ਗਿਆਨ ਆਤਮਾ ਨੂੰ ਹੁੰਦਾ ਹੈ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਬ੍ਰਹਮ ਗਿਆਨ ਆਤਮਾ ਨੂੰ ਹੁੰਦਾ ਹੈ ਐਸਾ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਆਤਮਾ ਬ੍ਰਹਮ ਸਰੂਪ ਹੀ ਹੈ, ਆਤਮਾ ਅਤੇ ਬ੍ਰਹਮ ਦੋ ਜੁਦਾ ਜੁਦਾ ਉਪਾਧੀਆਂ ਜਾਂ ਵਸਤੂਆਂ ਨਹੀਂ ਹਨ। ਆਤਮਾ ਹੀ ਬ੍ਰਹਮ ਹੈ ਬ੍ਰਹਮ ਹੀ ਆਤਮਾ ਹੈ।

ਵਾਸਤਵ ਵਿੱਚ ਜਿਸ ਪ੍ਰਕਾਰ ਆਪਣੇ ਸਰੂਪ ਦਾ ਅਗਿਆਨ ਚਿਦਾਭਾਸ ਨੂੰ ਹੁੰਦਾ ਹੈ। **"ਭੂਲ ਗਯੋ ਅਗਿਆਨ ਤੇ ਅਪਨੋ ਆਤਮ ਰੂਪ"** ਇਸੇ ਪ੍ਰਕਾਰ ਆਪਣੇ ਆਤਮ ਸਰੂਪ ਦਾ ਗਿਆਨ ਵੀ ਚਿਦਾਭਾਸ ਨੂੰ ਹੀ ਹੁੰਦਾ ਹੈ। **" ਯਾਹੀ ਕੋ ਫਿਰ ਜਾਨਬੋ ਗਿਆਨ ਕਹਿਤ ਕਬਿ ਭੂਪ"** ਸਰੂਪ ਦੇ ਜਾਣਨ ਨੂੰ ਗਿਆਨ ਅਤੇ ਭੁੱਲ ਜਾਣ ਨੂੰ ਅਗਿਆਨ ਕਿਹਾ ਹੈ। ਸਰੂਪ ਦਾ ਭੁੱਲ ਜਾਣਾ ਤੇ ਜਾਣਨਾ ਚਿਦਾਭਾਸ ਨੂੰ ਹੀ ਹੁੰਦਾ ਹੈ। ਚਿਦਾਭਾਸ ਨੂੰ ਗਿਆਨ ਕਿਸ ਪ੍ਰਕਾਰ ਹੁੰਦਾ ਹੈ? ਹੁਣ ਉਹਨਾਂ ਚਾਰ ਅਵਸਥਾਵਾਂ ਦਾ ਕਥਨ ਕਰਦੇ ਹਾਂ, ਪਹਿਲੀਆਂ ਤਿੰਨ ਅਵਸਥਾਵਾਂ ਦਾ ਜਿਕਰ ਪਿੱਛੇ ਕਰ ਆਏ ਹਾਂ:

- "ਬ੍ਰਹਮ ਹੈ" ਐਸਾ ਪ੍ਰੋਖ ਗਿਆਨ ਇਹ ਚਿਦਾਭਾਸ ਦੀ ਚੌਥੀ ਅਵਸਥਾ ਹੈ।
- ਨਿਸਪ੍ਰਪੰਚ ਬ੍ਰਹਮ ਮੈਂ ਹੂੰ = ਭਾਵ ਬ੍ਰਹਮ ਹੀ ਮੇਰਾ ਸਰੂਪ ਐਸਾ ਅਪ੍ਰੋਖ ਗਿਆਨ ਪੰਜਵੀ ਅਵਸਥਾ ਹੈ।
- ਅਧਿਸ਼ਠਾਨ ਬ੍ਰਹਮ ਰੂਪ ਮੇਰੇ ਸਰੂਪ ਵਿੱਚ, ਪ੍ਰਮਾਰਥ ਸੱਤਾ ਕਰਕੇ, ਪ੍ਰਪੰਚ ਦਾ ਤਿੰਨਾਂ ਕਾਲਾਂ ਵਿੱਚ ਅਤਿਅੰਤ ਅਭਾਵ ਹੈ। ਭਾਵ ਸੰਪੂਰਨ ਰੂਪ ਵਿੱਚ ਪ੍ਰਮਾਰਥ ਸੱਤਾ ਹੋਣ ਕਰਕੇ ਮੇਰੇ ਆਤਮਾ ਸਰੂਪ ਬ੍ਰਹਮ ਵਿੱਚ ਪ੍ਰਪੰਚ ਤਿੰਨਾਂ ਕਾਲਾਂ ਵਿੱਚ ਹੈ ਹੀ ਨਹੀਂ ਹੈ ਅਤੇ ਵਿਵਹਾਰਕ ਅਥਵਾ ਪ੍ਰਤਿਭਾਸ਼ਿਕ ਸੱਤਾ ਕਰਕੇ ਭਾਸ ਰਿਹਾ, ਜੋ ਪ੍ਰਪੰਚ ਹੈ, ਉਹ ਸਰੂਪ ਕਰਕੇ ਮਿਥਿਆ ਹੈ। ਇਸ ਨਿਸਚਯ ਦੇ ਸਹਿਤ ਨਾਸ਼ ਰੂਪ ਚਿਦਾਭਾਸ ਦੀ ਇਹ ਛੇਵੀਂ ਅਵਸਥਾ ਹੈ।
- ਪਰਮਾਨੰਦ ਬ੍ਰਹਮ ਭਾਵ ਦੀ ਪ੍ਰਾਪਤੀ ਕਰਕੇ ਅਤਿਅੰਤ ਹਰਸ ਰੂਪ (ਸੁਖ ਰੂਪ) ਨਿਰਕੁੰਸ਼ ਤ੍ਰਿਪਤੀ ਇਹ ਸੱਤਵੀ ਅਵਸਥਾ ਹੈ। ਇਸ ਪ੍ਰਕਾਰ ਚਿਦਾਭਾਸ ਦੀਆਂ ਇਹ ਸੱਤ ਅਵਸਥਾਵਾਂ ਹਨ। ਪਹਿਲਾਂ ਕਥਨ ਕੀਤੀਆਂ ਦੋ ਸੰਗਿਆਵਾਂ ਜੀਵ ਅਤੇ ਈਸ਼ਵਰ ਚਿਦਾਭਾਸ ਭਾਵ ਚੇਤਨ ਦੇ ਅਭਾਸ਼ ਤੋਂ ਬਿਨ੍ਹਾਂ ਨਹੀਂ ਬਣ ਸਕਦੀਆਂ ਇਸ ਕਰਕੇ ਚਿਦਾਭਾਸ ਨੂੰ

ਵੱਖਰੀ ਸੰਗਿਆ ਵਰਣਨ ਕੀਤਾ ਗਿਆ ਹੈ। ਸੁੱਧ ਸਤੋ ਗੁਣ ਯੁਕਤ ਮਾਇਆ ਅਤੇ ਮਾਇਆ ਵਿੱਚ ਚੇਤਨ ਦਾ ਆਭਾਸ ਇਹ ਈਸ਼ਵਰ ਦਾ ਸਰੂਪ ਹੈ। ਮਲਿਨ ਸਤੋ ਗੁਣ ਯੁਕਤ ਅਵਿਦਿਆ ਅਤੇ ਅਵਿਦਿਆ ਵਿੱਚ ਚੇਤਨ ਦਾ ਆਭਾਸ ਜੀਵ ਦਾ ਸਰੂਪ ਹੈ। ਭਾਵ:

**ਚੇਤਨ ਏਕ ਅਸੰਗ ਜੋ, ਮਾਯਾ ਸੰਗਤਿ ਪਾਇ।**

**ਸੁੱਧ ਮਲਿਨ ਕੇ ਭੇਦ ਤੇ, ਈਸਵਰ ਜੀਵ ਕਹਾਇ। (ਮੋਖ ਪੰਥ ਪ੍ਰਕਾਸ਼)**

ਭਾਵ ਇਕ ਜੋ ਅਸੰਗ ਚੇਤਨ ਹੈ। ਉਸ ਦਾ ਚਿਦਾਭਾਸ ਰੂਪ ਵਿੱਚ ਜਦੋਂ ਸ਼ੁੱਧ ਸਤੋ ਗੁਣ ਯੁਕਤ ਮਾਇਆ ਦੇ ਵਿੱਚ ਪ੍ਰਤਿਬਿੰਬ ਪੈਂਦਾ ਹੈ ਤਾਂ ਉਸ ਸ਼ੁੱਧ ਸਤੋ ਗੁਣ ਯੁਕਤ ਮਾਇਆ ਅਤੇ ਮਾਇਆ ਵਿੱਚ ਪ੍ਰਤਿਬਿੰਬਤ ਚੇਤਨ ਦੀ ਸੰਗਿਆ ਈਸ਼ਵਰ ਹੋ ਜਾਂਦੀ ਹੈ। ਭਾਵ ਮਾਇਆ ਵਿੱਚ ਆਭਾਸ ਰੂਪ ਚਿਦਾਭਾਸ ਦੀ ਸੰਗਿਆ ਈਸ਼ਵਰ ਬਣ ਜਾਂਦੀ ਹੈ।

ਮਲਿਨ ਸਤੋ ਗੁਣ ਯੁਕਤ ਅਵਿਦਿਆ ਅਤੇ ਅਵਿਦਿਆ ਵਿੱਚ ਚੇਤਨ ਦਾ ਆਭਾਸ ਜਦੋਂ ਪੈਂਦਾ ਹੈ ਤਾਂ ਉਸ ਮਲਿਨ ਸਤੋ ਗੁਣ ਯੁਕਤ ਅਵਿਦਿਆ ਅਤੇ ਅਵਿਦਿਆ ਵਿੱਚ ਚੇਤਨ ਦੇ ਆਭਾਸ ਰੂਪ ਚਿਦਾਭਾਸ ਦੀ ਸੰਗਿਆ ਜੀਵ ਬਣ ਜਾਂਦੀ ਹੈ। ਪੰਡਿਤ ਗੁਲਾਬ ਸਿੰਘ ਜੀ ਦੀ ਲਿਖਤ ਮੋਖ ਪੰਥ ਪ੍ਰਕਾਸ਼ ਗ੍ਰੰਥ ਅਨੁਸਾਰ ਮਾਇਆ ਦੇ ਸੁੱਧ ਮਲਿਨ ਸਰੂਪ ਦੇ ਭੇਦ ਕਰਕੇ ਜੀਵ ਈਸ਼ ਸੰਗਿਆਵਾਂ ਬਣ ਜਾਂਦੀਆਂ ਹਨ।ਮਾਇਆ ਅਵਿਦਿਆ ਦੇ ਵਿੱਚ ਚੇਤਨ ਦਾ ਆਭਾਸ ਪੈਣ ਕਰਕੇ ਇੱਕ ਚਿਦਾਭਾਸ ਸੰਗਿਆ ਬਣ ਜਾਂਦੀ ਹੈ। ਇਕ ਦੀ ਜੀਵ ਅਤੇ ਇਕ ਦੀ ਈਸ਼ ਸੰਗਿਆ ਬਣ ਜਾਂਦੀ ਹੈ।

## ਜਿਸ ਅੱਗਜਾਨ ਬਿਖੈ ਇਹ ਖਟ ਹੈਂ

ਜਿਸ ਅਗਿਆਨ ਵਿਖੈ=ਕਾਰਨ ਇਹ ਛੇ ਸੰਗਿਆਵਾਂ ਹਨ।(ਵਿਖੈ- ਦਾ ਅਰਥ ਕਾਰਨ,ਦੇਖੋ ਮਹਾਨ ਕੋਸ਼) ਅਥਵਾ- ਜਿਸ ਅਗਿਆਨ ਦੇ ਕਾਰਨ ਬ੍ਰਹਮ ਵਿੱਚ ਇਹ ਛੇ ਸੰਗਿਆਵਾਂ ਅਧਿਅਸਤ ਹਨ।ਅਥਵਾ ਭ੍ਰਾਂਤੀ ਕਾਰਨ ਭਾਸ ਰਹੀਆਂ ਹਨ।

**ਸੂਖਮ ਭੂਤ ਪ੍ਰਗਟ ਹੁਇ ਨਾਂਹਿ।**

ਸੂਖਮ ਰੂਪ ਵਿੱਚ ਹੁੰਦੀਆਂ ਹਨ, ਜਿੰਨਾ ਚਿਰ ਅਪੰਚੀਕ੍ਰਿਤ ਸ੍ਰਿਸ਼ਟੀ ਹੁੰਦੀ ਹੈ। ਅਪੰਚੀਕ੍ਰਿਤ ਤੱਤ ਵੀ ਸੂਖਮ ਰੂਪ ਵਿੱਚ ਹੁੰਦੇ ਹਨ, ਕਹਿਣ ਦਾ ਭਾਵ ਇਹ ਹੈ ਕਿ ਪਹਿਲਾਂ ਸੂਖਮ ਸ੍ਰਿਸ਼ਟੀ ਬਣਦੀ ਹੈ ਸੂਖਮ ਤੱਤ ਉਪਜਦੇ ਹਨ ਸਿੱਧਾ ਪ੍ਰਗਟ ਰੂਪ ਉਤਪੱਤੀ ਨਹੀਂ ਹੁੰਦੀ। ਸੂਖਮ ਤੋਂ ਬਾਅਦ ਸਥੂਲ ਸ੍ਰਿਸ਼ਟੀ ਹੋਂਦ ਵਿੱਚ ਆਉਂਦੀ ਹੈ। ਕਿਉਂਕਿ ਇਹਨਾਂ ਸੰਗਿਆਵਾਂ ਦਾ ਪ੍ਰਥਮ ਸਰੂਪ ਸੂਖਮ ਹੀ ਹੁੰਦਾ ਹੈ। ਸਥੂਲਤਾ ਸਥੂਲ ਸ੍ਰਿਸ਼ਟੀ ਦੇ ਉਤਪੰਨ ਹੋਣ ਕਾਰਨ ਆਉਂਦੀ ਹੈ।

**ਭਾਵ ਅਰਥ**

ਇੱਥੇ ਤੱਕ ਸੂਖਮ ਖੇਡ ਦਾ ਵਰਣਨ ਕੀਤਾ ਗਿਆ ਹੈ ਭਾਵ ਇੰਨੀ ਵੱਡੀ ਰਚਨਾਂ ਰਚੀ ਵੀ ਗਈ ਪਰ ਅਜੇ ਸੂਖਮ ਰੂਪ ਵਿੱਚ ਹੈ। ਇਥੋਂ ਸਾਰੇ ਪ੍ਰਪੰਚ ਦਾ ਸੂਖਮ ਰੂਪ ਵਿੱਚ ਮੁੱਢ ਬੰਨ੍ਹਿਆ ਜਾਂਦਾ ਹੈ। ਪਰ ਪ੍ਰਗਟ ਰੂਪ ਵਿੱਚ ਅਜੇ ਕੁਝ ਵੀ ਹੋਂਦ ਵਿੱਚ ਨਹੀਂ ਆਇਆ ਹੁੰਦਾ। ਭਾਈ ਦਇਆ ਸਿੰਘ ਜੀ ਨੇ **ਨਾਮ ਅਗਿਆਨ ਲੀਏ ਖਟ ਸੰਗਿਆ**, ਜਿਥੋਂ ਇਹ

ਵਿਕਾਰ ਅਵੱਸਥਾ ਅਰੰਭ ਕੀਤੀ ਸੀ ਉਥੇ ਪਹਿਲਾ ਸਿੱਧੀ ਵਿਚਾਰ ਸਿੱਖਾਂ ਨੂੰ ਦੱਸੀ ਸੀ ਕਿ ਕਿਵੇਂ ਅਗਿਆਨ ਅਥਵਾ ਮਾਇਆ ਚੇਤਨ ਦੇ ਆਭਾਸ ਸਹਿਤ ਹੋਣ ਕਰਕੇ ਸੂਖਮ ਪ੍ਰਪੰਚ ਹੋਂਦ ਵਿੱਚ ਆਉਂਦਾ ਹੈ ਲੇਕਿਨ ਹੁਣ ਇਥੋਂ, ਜਦੋਂ ਕੁਝ ਵੀ ਨਹੀਂ ਸੀ, ਅਗਿਆਨ 'ਚ ਚੇਤਨ ਦਾ ਆਭਾਸ ਨਹੀਂ ਪਿਆ ਸੀ ਤੇ ਤਿੰਨੇ ਸੁਣ ਸਮ ਅਵਸਥਾ ਵਿੱਚ ਸਨ, ਉਸ ਅਵਸਥਾ ਦਾ ਵਰਣਨ ਕਰਕੇ ਵਿਕਾਰ ਅਵਸਥਾ ਦੁਆਰਾ ਕਿਵੇਂ ਸਮੂਹ ਪ੍ਰਪੰਚ ਸਥੂਲ ਰੂਪ ਵਿੱਚ ਹੋਂਦ ਵਿੱਚ ਆਉਂਦਾ ਹੈ ਉਹ ਸਾਰੀ ਵਿਚਾਰ ਅਰੰਭ ਕਰਨ ਲੱਗੇ ਹਨ। ਇਹ ਸਾਰਾ ਪ੍ਰਪੰਚ ਪ੍ਰਗਟ ਰੂਪ ਵਿੱਚ ਕਿਵੇਂ ਉਤਪੰਨ ਹੁੰਦਾ ਹੈ ਉਸਦਾ ਕਥਨ ਅੱਗੇ ਸਾਮਯਾਵਸਥਾ ਤੋਂ ਬਿਕਾਰਾਵਸਥਾ ਵਿੱਚ ਕੀਤਾ ਜਾ ਰਿਹਾ ਹੈ।

**ਜਿਮ ਬਟ ਬੀਜ ਬਿਖੈ ਜਟ ਤੁਕ ਦਲ, ਸ਼ਾਖਾ ਕਾਂਡ ਸਹਿਤ ਫਲ ਆਹਿ।**

ਜਿਵੇਂ ਬੋਹੜ ਦੇ ਬੀਜ ਦੇ ਅੰਤਰਗਤ ਹੀ ਪੂਰੇ ਦਰਖਤ ਦਾ ਸਰੂਪ ਸਮਾਇਆ ਹੁੰਦਾ ਹੈ। ਭਾਵ ਬੀਜ ਦੇ ਵਿੱਚ ਹੀ ਦਰਖਤ ਦੀਆਂ ਜੜਾਂ ਪੱਤੇ, ਟਾਹਣੀਆਂ ਤੇ ਵੱਡੇ ਟਾਹਣੇ ਸਹਿਤ ਫਲ ਦੇ ਸਭ ਬੀਜ ਦੇ ਅੰਤਰਗਤ ਹੀ ਆ ਜਾਂਦੇ ਹਨ।

**ਤਿਸਹੀ ਕੋ ਅੱਬਜਾਕ੍ਰਿਤ ਕਹੀਜਹਿ, ਪੁਨ ਅੱਬਜਕਤ ਨਾਮ ਭੀ ਤਾਂਹਿ।**

ਉਸਨੂੰ ਹੀ ਅੱਬਿਆਕ੍ਰਿਤ ਕਿਹਾ ਜਾਂਦਾ ਹੈ। ਪੁਨ=ਫਿਰ ਅਬਿਜਕਤ ਨਾਮ ਭੀ ਤਾਂਹਿ= ਅਬਿਅਕਤ ਵੀ ਉਸਦਾ ਹੀ ਨਾਮ ਹੈ।

## ਬੀਜ ਦੀ ਅਬਿਆਕ੍ਰਿਤ ਅਵਸਥਾ

ਇਸ ਤੋਂ ਅੱਗੇ ਸਾਮਯਾਵਸਥਾ ਪ੍ਰਥਾਇ ਵਿਚਾਰ ਚੱਲੀ ਹੈ।

**ਜਿਮ ਬਟ ਬੀਜ ਵਿਖੈ ਜਟ ਤੁਕ, ਦਲ, ਸਾਖਾ, ਕਾਂਡ ਸਹਿਤ ਫਲ ਆਹਿ।**
**ਤਿਸਹੀ ਕੋ ਅੱਬਜਾਕ੍ਰਿਤ ਕਹੀਅਹਿ, ਪੁਨਿ ਅਬਿਜਕਤ ਨਾਮ ਭੀ ਤਾਂਹਿ।**

ਜਿਵੇਂ ਬੋਹੜ ਦੇ ਬੀਜ ਦੇ ਵਿੱਚ, ਜੜ੍ਹਾਂ ਛਿੱਲ, ਪੱਤੇ, ਟਾਹਣੀਆਂ, ਟਾਹਣੇ, ਸਹਿਤ ਵੱਲ ਦੇ ਹੁੰਦੇ ਹਨ ਪਰ ਅੱਬਯਾਕ੍ਰਿਤ ਰੂਪ ਦੇ ਵਿੱਚ ਹੁੰਦੇ ਹਨ ਭਾਵ ਪ੍ਰਗਟ ਰੂਪ ਵਿੱਚ ਨਹੀਂ ਹੁੰਦੇ। ਬਟ ਬੀਜ ਦੀ ਇਸ ਅਵਸਥਾ ਨੂੰ ਅੱਬਿਆਕ੍ਰਿਤ ਅਵਸਥਾ ਕਹਿੰਦੇ ਹਨ, ਅੱਬਜਕਤ ਵੀ ਇਸੇ ਅਵਸਥਾ ਦਾ ਹੀ ਨਾਮ ਹੈ।

### ਭਾਵ ਅਰਥ

ਜਿਸ ਤਰ੍ਹਾਂ ਇਕ ਬੋਹੜ ਦੇ ਦਰਖਤ ਦਾ ਬੀਜ ਹੈ। ਉਸ ਬੀਜ ਵਿੱਚ ਹੀ ਪੂਰਾ ਦਰਖਤ ਸੂਖਮ ਰੂਪ ਵਿੱਚ ਮੌਜੂਦ ਹੈ। ਉਸਦੇ ਪੱਤੇ, ਜੜ੍ਹਾਂ, ਟਾਹਣੇ, ਫਲ ਇਤਿਆਦਿਕ ਸਭ ਕੁਝ ਹੀ ਸੂਖਮ ਰੂਪ ਵਿੱਚ ਬੀਜ ਦੇ ਵਿੱਚ ਹੀ ਮੌਜੂਦ ਹੁੰਦਾ ਹੈ। ਪਰ ਮੌਜੂਦ ਅੱਬਯਕਤ ਰੂਪ ਵਿੱਚ ਹੁੰਦਾ ਹੈ। ਮੌਜੂਦ ਹੋਣ ਦੇ ਬਾਵਜੂਦ ਵੀ ਸਰੂਪ ਕਰਕੇ ਕੁੱਝ ਵੀ ਦਿਖਾਈ ਨਹੀਂ ਦਿੰਦਾ, ਨਾ ਹੀ ਬੀਜ ਵਿੱਚ ਪੱਤੇ ਦਿਸਦੇ ਹਨ ਨਾ ਜੜ੍ਹਾਂ ਹੀ ਦਿਖਦੀਆਂ ਹਨ ਅਤੇ ਟਾਹਣੇ-ਟਾਹਣੀਆਂ ਫਲ ਪ੍ਰਯੰਤ ਕੁੱਝ ਵੀ ਦਿਖਾਈ ਨਹੀਂ ਦਿੰਦਾ। ਬੀਜ ਦੀ ਇਸੇ ਅਵਸਥਾ ਦਾ ਨਾਮ ਅੱਬਿਆਕ੍ਰਿਤ ਹੈ।

ਇਸੇ ਤਰ੍ਹਾਂ ਹੀ ਮਾਇਆ ਦੀ ਜਾਂ ਪ੍ਰਕ੍ਰਿਤੀ ਦੀ ਪਹਿਲੀ ਅਵਸਥਾ ਨੂੰ ਅੱਬਿਆਕ੍ਰਿਤ ਕਿਹਾ ਜਾਂਦਾ ਹੈ। ਭਾਵ ਜਦੋਂ

ਸ਼੍ਰਿਸਟੀ ਦੀ ਉਤਪੱਤੀ ਨਹੀਂ ਹੋਈ ਹੁੰਦੀ, ਤਿੰਨੇ ਗੁਣ ਸਮ ਅਵਸਥਾ ਵਿੱਚ ਹੁੰਦੇ ਹਨ, ਭਾਵ ਤਿੰਨਾਂ ਗੁਣਾਂ ਵਿੱਚ ਜਦੋਂ ਕੋਈ ਕਿਰਿਆ ਨਹੀਂ ਹੋਈ ਹੁੰਦੀ ਕੋਈ ਹਲਚਲ ਨਹੀਂ ਹੋਈ ਹੁੰਦੀ। ਤਿੰਨੇ ਗੁਣ ਸ਼ਾਂਤ ਅਵਸਥਾ ਵਿੱਚ ਚੇਤਨ ਆਸ਼੍ਰਿਤ ਅਗਿਆਨ ਦੇ ਸਰੂਪ ਵਿੱਚ ਹੀ ਸਮਾਨ ਰੂਪ ਵਿੱਚ ਉਪਸਥਿਤ ਹੁੰਦੇ ਹਨ। ਇਸੇ ਅਵਸਥਾ ਨੂੰ ਹੀ ਮਾਇਆ ਦੀ ਅੱਬਆਕ੍ਰਿਤ ਅਵਸਥਾ ਕਹਿੰਦੇ ਹਨ। ਤ੍ਰਿਗੁਣਾਤਮਕ ਪ੍ਰਕ੍ਰਿਤੀ ਦੀ ਪਹਿਲੀ ਅਵਸਥਾ ਵੀ ਇਹੀ ਹੈ ।

ਇਸ ਅਵਸਥਾ ਵਿੱਚ ਹੀ ਬਟ ਬੀਜ ਦੇ ਵਿੱਚ ਦਰਖਤ ਦੇ ਸਮਾਨ, ਮਾਇਆ ਦੇ ਸਰੂਪ ਵਿੱਚ, ਛੇ ਬਿਕਾਰਵਾਨ ਸਮੂਹ ਪ੍ਰਪੰਚ, ਸੂਖਮ ਰੂਪ ਵਿੱਚ ਸਥਿਤ ਹੁੰਦਾ ਹੈ। ਪਰ ਪ੍ਰਗਟ ਰੂਪ ਵਿੱਚ ਕੋਈ ਕਿਰਿਆ ਨਾ ਹੋਣ ਕਾਰਨ ਸ਼੍ਰਿਸਟੀ ਦੀ ਉਤਪੱਤੀ ਨਹੀਂ ਹੋਈ ਹੁੰਦੀ। ਇਸ ਅਵਸਥਾ ਨੂੰ ਹੀ ਅੱਬਿਆਕ੍ਰਿਤ ਕਹਿੰਦੇ ਹਨ। ਅੱਬਿਆਕ੍ਰਿਤ=ਜੋ ਵਿਆਕ੍ਰਿਤ ਨਹੀਂ ਹੋਇਆ ਹੁੰਦਾ, ਭਾਵ ਪ੍ਰਗਟ ਨਹੀਂ ਹੋਇਆ ਹੁੰਦਾ।

## ਸਾਮਜ ਅਵਸਥਾ ਪ੍ਰਥਮ ਇਹੀ ਹੈ।

ਪ੍ਰਕ੍ਰਿਤੀ ਦੀ ਪਹਿਲੀ ਅਵਸਥਾ ਵੀ ਇਹੀ ਹੈ, ਪ੍ਰਕ੍ਰਿਤੀ ਦੀ ਪਹਿਲੀ ਅਵਸਥਾ ਭਾਵ ਅੱਬਿਆਕ੍ਰਿਤ ਅਵਸਥਾ ਨੂੰ ਹੀ ਸਾਮਯਾਵਸਥਾ ਕਿਹਾ ਜਾਂਦਾ ਹੈ।

### ਬੇਦਨ ਆਦਿ ਸੰਤ ਸਭ ਪ੍ਰਾਹਿ।੭।

ਬੇਦ ਆਦਿਕ ਗ੍ਰੰਥ ਅਤੇ ਸੰਤ ਲੋਕ ਸਭ ਇਹੀ ਕਹਿੰਦੇ ਹਨ, ਕਿ ਪ੍ਰਕ੍ਰਿਤੀ ਦੀ ਪਹਿਲੀ ਅਵਸਥਾ ਹੀ ਸਾਮਯਾਵਸਥਾ ਹੈ।

## ਸਾਮਯਾਵਸਥਾ

ਤਿੰਨਾਂ ਗੁਣਾਂ ਦੀ ਸਮ ਅਵਸਥਾ ਨੂੰ ਬਰਾਬਰ ਅਵਸਥਾ ਨੂੰ, ਸਤੋ ਗੁਣ, ਰਜੋ ਗੁਣ, ਤਮੋ ਗੁਣ, ਇਹਨਾ ਤਿੰਨਾਂ ਗੁਣਾਂ ਦੀ ਬਰਾਬਰ ਸਥਿਤੀ ਨੂੰ ਸਾਮਯਾਵਸਥਾ ਕਹਿੰਦੇ ਹਨ। ਪਰ ਸਿਰਫ ਤਿੰਨਾਂ ਗੁਣਾਂ ਦੀ ਸਮਅਵਸਥਾ ਮਾਤਰ ਲਿਖਣ ਨਾਲ ਜਗਿਆਸੂਆਂ ਨੂੰ ਇਸ ਅਵਸਥਾ ਦੇ ਸੰਬੰਧ ਵਿੱਚ ਗਹਿਰਾਈ 'ਚ ਬੋਧ ਨਹੀਂ ਹੁੰਦਾ, ਕਿਤੇ ਨਾ ਕਿਤੇ ਹੋਰ ਜਾਣਨ ਦੀ ਇੱਛਾ ਬਣੀ ਰਹਿੰਦੀ ਹੈ। ਇਸ ਕਰਕੇ ਥੋੜ੍ਹਾ ਵਿਸਥਾਰ ਕਰਨਾ ਲਾਜ਼ਮੀ ਹੈ:

ਪਹਿਲਾ ਪ੍ਰਸ਼ਨ ਇਹ ਹੈ ਕਿ ਸਾਮਯਾਵਸਥਾ ਹੁੰਦੀ ਕਦੋਂ ਹੈ ਇਹ ਤਿੰਨੇ ਗੁਣ ਸਮ ਕਦੋਂ ਤੇ ਕਿਉਂ ਹੁੰਦੇ ਹਨ ਹੁਣ ਇਸਦੇ ਉੱਤਰ ਵੱਲ ਆਉਂਦੇ ਹਾਂ, ਪ੍ਰਮੇਸ਼ਰ ਜੀ ਜਦੋਂ ਇਹ ਸਾਰਾ ਪਸਾਰਾ ਸੰਕੋਚਦੇ ਹਨ ਤਾਂ ਪਹਿਲਾਂ ਸ੍ਰਿਸ਼ਟੀ ਦੀ ਮਹਾਂ ਪਰਲੈ ਹੁੰਦੀ ਹੈ। ਜਦੋਂ ਸ੍ਰਿਸਟੀ ਦੀ ਮਹਾਂ ਪਰਲੈ ਹੁੰਦੀ ਹੈ ਤਾਂ ਮਾਇਆ ਦਾ ਸੰਪੂਰਨ ਕਾਰਜ ਪ੍ਰਪੰਚ ਆਪਣੇ ਕਾਰਣ ਮਾਇਆ ਵਿੱਚ ਲੀਨ ਹੁੰਦਾ ਹੈ। ਉਸ ਸਮੇਂ ਸਮੂਹ ਪ੍ਰਪੰਚ ਵਿੱਚੋਂ ਚੇਤਨਤਾ ਖਤਮ ਹੋ ਜਾਂਦੀ ਹੈ, ਸਮੂਹ ਜਨ ਜੀਵਨ ਖਤਮ ਹੋ ਜਾਂਦਾ ਹੈ। ਕਾਰਜ ਪ੍ਰਪੰਚ ਆਪਣੇ ਕਾਰਣ ਮਾਇਆ ਵਿੱਚ ਲੈ ਹੋ ਜਾਂਦਾ ਹੈ।

ਉਸ ਸਮੇਂ ਇਹ ਤਿੰਨੇ ਗੁਣ ਸਮ ਅਵਸਥਾ ਵਿੱਚ, ਭਾਵ ਬਰਾਬਰ ਹੋ ਜਾਂਦੇ ਹਨ ਅਤੇ ਆਪਣੇ ਕਾਰਣ ਅਗਿਆਨ ਅਥਵਾ ਮਾਇਆ ਵਿੱਚ ਲੈ ਹੋ ਜਾਂਦੇ ਹਨ। ਇਹ ਤਿੰਨੇ ਗੁਣ ਅਗਿਆਨ ਦਾ ਕਾਰਜ ਹੋਣ ਕਾਰਨ ਆਪਣੇ ਕਾਰਣ

ਅਗਿਆਨ ਵਿੱਚ ਹੀ ਲੀਨ ਹੋ ਜਾਂਦੇ ਹਨ। ਪਰ ਜਦੋਂ ਕਿਰਿਆ ਹੁੰਦੀ ਹੈ ਤਾਂ ਇਹ ਉਦੋਂ ਕਾਰਜ ਰੂਪ ਵਿੱਚ ਪ੍ਰਗਟ ਹੁੰਦੇ ਹਨ। ਲੇਕਿਨ ਸਾਮਯਾਵਸਥਾ ਵਿੱਚ ਇਹ ਤਿੰਨੇ ਗੁਣ ਅਗਿਆਨ ਦੇ ਸਰੂਪ ਵਿੱਚ ਹੀ ਸਥਿਤ ਹੁੰਦੇ ਹਨ। ਅਗਿਆਨ ਦੇ ਸਰੂਪ ਵਿੱਚ ਕਿਵੇਂ ਸਥਿਤ ਹੁੰਦੇ ਹਨ? ਦੱਸਦੇ ਹਾਂ:

ਜਿਸ ਪ੍ਰਕਾਰ ਰੱਸੀ ਅਤੇ ਸੱਪ ਦਾ ਦ੍ਰਿਸਟਾਂਤ ਹੈ ਕਿ ਮੂੰਹ ਹਨੇਰੇ ਵਿੱਚ ਰੱਸੀ ਪਈ ਹੋਵੇ, ਦੂਰੋਂ ਸਾਫ ਨਾ ਦਿਖਣ ਕਾਰਨ ਭਰਮ ਪੈਦਾ ਹੋ ਗਿਆ ਕਿ ਸੱਪ ਪਿਆ ਹੈ। ਹੁਣ ਇਥੇ ਰੱਸੀ ਦੇ ਅਗਿਆਨ ਵਿੱਚ ਹੀ ਤਿੰਨੇ ਗੁਣ ਸਥਿਤ ਹਨ। ਸਤੋ ਗੁਣ ਹੈ ਉਹਦੇ ਕਰਕੇ ਸੱਪ ਦਾ ਗਿਆਨ ਹੋ ਰਿਹਾ ਹੈ,ਕਿ ਸੱਪ ਹੈ। ਸੱਪ ਦਾ ਗਿਆਨ ਰੱਸੀ ਦੇ ਅਗਿਆਨ ਕਾਰਨ ਹੋ ਰਿਹਾ ਹੈ। ਸੱਪ ਦੇ ਗਿਆਨ ਦੀ ਪ੍ਰਤੀਤੀ ਹੋ ਰਹੀ ਹੈ ਅਰਥਾਪਯਾਸ ਜੋ ਹੋ ਰਿਹਾ ਹੈ ਉਹ ਰਜੋ ਗੁਣ ਕਰਕੇ ਹੋ ਰਿਹਾ ਹੈ। ਜੋ ਭੈ ਪ੍ਰਤੀਤ ਹੋ ਰਿਹਾ ਹੈ ਕਿ ਹਾਏ ਸੱਪ ਇਹ ਤਮੋ ਗੁਣ ਕਰਕੇ ਹੋ ਰਿਹਾ ਹੈ। ਹੁਣ ਇਹ ਤਿੰਨੇ ਗੁਣ ਰੱਸੀ ਦੇ ਅਗਿਆਨ ਦੇ ਵਿੱਚ ਹੀ ਹਨ।

ਹੁਣ ਜੇਕਰ ਕੋਈ ਇਹ ਕਹੇ ਕਿ ਜਦੋਂ ਭਰਮ ਨਹੀਂ ਸੀ ਪਿਆ ਸੱਪ ਦਾ, ਉਸ ਵੇਲੇ ਇਹ ਤਿੰਨੇ ਗੁਣ ਕਿੱਥੇ ਸਨ? ਤਾਂ ਭਾਈ ਇਹ ਤਿੰਨੇ ਗੁਣ ਉਸ ਸਮੇਂ ਵੀ ਸਮ ਅਵਸਥਾ ਰੂਪ ਵਿੱਚ ਮੌਜੂਦ ਸਨ। ਪਰ ਜਦੋਂ ਕਿਰਿਆ ਹੋਈ, ਕਿਰਿਆ ਹੋਣ ਨਾਲ ਇਹ ਤਿੰਨੇ ਗੁਣ ਕਾਰਜ ਵਿੱਚ ਆ ਗਏ। ਰੱਸੀ ਦੇ ਸਰੂਪ ਦਾ ਅਗਿਆਨ ਹੀ ਕਿਰਿਆ ਹੋਣ ਕਰਕੇ ਹੁੰਦਾ ਹੈ। ਬਿਨਾਂ ਕਿਰਿਆ ਤੋਂ ਰੱਸੀ ਦਾ ਅਗਿਆਨ ਵੀ ਨਹੀਂ ਹੋ ਸਕਦਾ। ਕਿਰਿਆ ਰਹਿਤ ਅਵਸਥਾ ਦਾ ਨਾਮ ਹੀ ਸਾਮਯਾਵਸਥਾ ਹੈ।

ਇਸੇ ਤਰ੍ਹਾਂ ਅਗਿਆਨ ਦੇ ਸਰੂਪ ਵਿੱਚ ਇਹ ਤਿੰਨੇ ਗੁਣ ਸਮਾਏ ਹੁੰਦੇ ਹਨ, ਅਬਿਅਕਤ ਰੂਪ ਅਤੇ ਕਿਰਿਆ ਰਹਿਤ ਹੁੰਦੇ ਹਨ ਭਾਵ ਸਮ ਹੁੰਦੇ ਹਨ। ਸਾਮਯ ਮਤਲਬ ਬਰਾਬਰ ਜਿਥੇ ਕੋਈ ਕਿਰਿਆ ਨਾ ਹੋਵੇ, ਜਿਥੇ ਕੋਈ ਕਾਰਜ ਉਤਪੰਨ ਨਾ ਹੋਵੇ ਭਾਵ ਕਾਰਜ ਜਨਕਤੱਵ ਨ ਆਵੇ ਭਾਵ ਜਦੋਂ ਤਿੰਨੇ ਗੁਣ ਕਿਸੇ ਕਾਰਜ ਦੇ ਜਨਕ ਨ ਹੋਣ, ਜਨਕ ਪੈਦਾ ਕਰਨ ਵਾਲੇ ਨੂੰ ਕਹਿੰਦੇ ਹਨ। ਜਦੋਂ ਕੋਈ ਕਾਰਜ ਜਨਕਤੱਵ ਇਹਨਾਂ ਵਿੱਚ ਨਹੀਂ ਆਏਗਾ ਤਾਂ ਪਦਾਰਥ ਜਨਕਤੱਵ ਵੀ ਨਹੀਂ ਆਏਗਾ ਭਾਵ ਜਦੋਂ ਕਿਸੇ ਕਾਰਜ ਦੇ ਜਨਕ ਨਹੀਂ ਹੋਣਗੇ ਤਾਂ ਕਿਸੇ ਪਦਾਰਥ ਦੇ ਜਨਕ ਕਿਵੇਂ ਹੋ ਸਕਦੇ ਹਨ? ਅਰਥਾਤ ਕਿਸੇ ਪਦਾਰਥ ਜੇ ਜਨਕ ਵੀ ਨਹੀ ਬਣਨਗੇ, ਜਦੋਂ ਇਹ ਸ੍ਰਿਸਟੀ ਜਨਕ ਨਾ ਹੋਣ ਇਸੇ ਨੂੰ ਸਾਮਯਾਵਸਥਾ ਕਹਿੰਦੇ ਹਨ, ਇਸੇ ਨੂੰ ਪ੍ਰਕਿਤੀ ਵੀ ਕਹਿੰਦੇ ਹਨ।ਸਾਮਯਾਵਸਥਾ ਨੂੰ ਸਮਝਾਉਣ ਦੀ ਇੱਕ ਸਰਲ ਵਿਧੀ ਹੈ, ਜੋ ਅਸੀਂ ਵੇਦਾਂਤ ਦੇ ਆਚਾਰੀਆ ਲੋਕਾਂ ਪਾਸੋਂ ਸਿੱਖੀ ਹੈ। ਉਹ ਵੀ ਲਿਖਦੇ ਹਾਂ:

ਕਿ ਕਾਰਯ ਵੱਲੋਂ ਕਾਰਣ ਵੱਲ ਨੂੰ ਚਲਦੇ ਜਾਉ, ਤਾਂ ਕਾਰਜ ਮਿਥਿਆ ਸਿੱਧ ਹੁੰਦਾ ਜਾਂਦਾ ਹੈ। ਜਿਸ ਤਰ੍ਹਾਂ ਮਿੱਟੀ ਦੇ ਬਰਤਨ ਮਿੱਟੀ ਵਿੱਚ ਮਿਲ ਕੇ ਸਭ ਇਕ ਮਿੱਟੀ ਰੂਪ ਹੋ ਜਾਂਦੇ ਹਨ। ਉਸੇ ਤਰ੍ਹਾਂ ਜਗਤ ਵਿੱਚ ਜੋ ਨਾਨਾਤ੍ਵ= ਅਨੇਕਪੁਣਾ ਪ੍ਰਤੀਤ ਹੁੰਦਾ ਹੈ ਤਾਂ ਕਾਰਣ ਦੀ ਤਰਫ ਨੂੰ ਚਲੋ ਜਗਤ ਪੰਜਾਂ ਤੱਤਾਂ ਦਾ ਪਸਾਰਾ ਹੈ ਪੰਜਾਂ ਤੱਤਾਂ ਤੋਂ ਭਿੰਨ ਜਗਤ ਦਾ ਕੋਈ ਕਣ ਨਹੀਂ ਹੈ ਅਤੇ ਪੰਜ ਭੂਤ ਮਾਇਆ (ਅਗਿਆਨ) ਤੋਂ ਭਿੰਨ ਨਹੀਂ ਹਨ। ਸਾਰਾ ਪ੍ਰਪੰਚ ਤ੍ਰਿਗੁਣ ਮਾਇਆ

ਰੂਪ ਹੈ। ਤਿੰਨਾਂ ਗੁਣਾਂ ਦੀ ਮਾਇਆ 'ਚ ਲੈਅ ਹੋ ਕੇ ਸਮ ਰੂਪਤਾ ਸਾਮਯਾਵਸਥਾ ਹੈ।

**ਤ੍ਰਿਗੁਣਾਤਮਕਾ ਸਾਮਜ ਅਵਸਥਾ ਚੇਤਨ ਭਾਸ ਸਹਿਤ ਪਹਿਚਾਨ।**

ਤਿੰਨਾਂ ਗੁਣਾਂ ਦੇ ਸਰੂਪ ਵਾਲੀ ਜੋ ਸਾਮਯਾਵਸਥਾ ਹੈ। ਚੇਤਨ ਭਾਸ ਸਹਿਤ=ਜਦੋਂ ਉਹਦੇ ਵਿੱਚ ਚੇਤਨ ਦਾ ਆਭਾਸ ਪੈਂਦਾ ਹੈ ਉਦੋਂ ਉਸਨੂੰ ਚੇਤਨ ਦੇ ਭਾਸ ਸਹਿਤ ਪਹਿਚਾਣੋ।

**ਹੋਇ ਵਿਕਾਰ ਅਵਸਥਾ ਤਿਸਕੀ ਪ੍ਰਿਥਕ ਪ੍ਰਿਥਕ ਬਨ ਤੈ ਗੁਨਵਾਨ।**

ਸਾਮਯਾਵਥਾ ਦੇ ਚੇਤਨ ਆਭਾਸ ਸਹਿਤ ਹੋਣ ਕਾਰਨ ਉਸਦੀ ਵਿਕਾਰ ਅਵਸਥਾ ਹੋ ਜਾਂਦੀ ਹੈ ਭਾਵ ਜਦੋਂ ਅਗਿਆਨ 'ਚ ਲੈਅ ਤਿੰਨਾਂ ਗੁਣਾਂ ਦੀ ਬਰਾਬਰ ਅਵਸਥਾ ਵਿੱਚ ਚੇਤਨ ਦਾ ਪ੍ਰਕਾਸ਼ (ਅਭਾਸ) ਪੈਂਦਾ ਹੈ ਤਾਂ ਪ੍ਰਕ੍ਰਿਤੀ ਵਿੱਚ ਵਿਕਾਰ ਉਤਪੰਨ ਹੋ ਕੇ ਕਿਰਿਆ ਸ਼ੁਰੂ ਹੋ ਜਾਂਦੀ ਹੈ। ਜਦੋਂ ਬਿਕਾਰ ਅਵਸਥਾ ਹੁੰਦੀ ਹੈ ਤਾਂ ਤਿੰਨੇ ਗੁਣ ਪ੍ਰਿਥਕ-ਪ੍ਰਿਥਕ ਅਲੱਗ-ਅਲੱਗ ਹੋ ਕੇ ਕਿਰਿਆ ਕਰਨ ਲੱਗਦੇ ਹਨ ਜਦੋਂ ਇਹ ਘਟਣ ਵਧਣ ਲਗਦੇ ਹਨ ਕੋਈ ਸੁੱਧ ਸਤੋ ਗੁਣ ਪ੍ਰਧਾਨ ਹੋ ਜਾਂਦਾ ਹੈ ਕੋਈ ਮਲਿਨ ਸਤੋ ਗੁਣ ਪ੍ਰਧਾਨ ਹੋ ਜਾਂਦਾ ਹੈ, ਇਸ ਤਰ੍ਹਾਂ ਵਿਸ਼ੇਸ਼ ਪ੍ਰਧਾਨਤਾ ਕਾਰਨ ਬਨਤੈ ਗੁਣਵਾਨ=ਗੁਣ ਵਾਲੇ ਬਣ ਜਾਂਦੇ ਹਨ, ਭਾਵ ਕੋਈ ਸਤੋ ਗੁਣ ਦੀ ਪ੍ਰਧਾਨਤਾ ਕਰਕੇ ਸਤੋ ਗੁਣਵਾਨ ਬਣ ਜਾਂਦਾ ਹੈ ਆਦਿ।

**ਭਾਵ ਅਰਥ**

**ਵਿਕਾਰ ਅਵਸਥਾ-** ਜਦੋਂ ਪ੍ਰਕ੍ਰਿਤੀ ਵਿੱਚ ਅਥਵਾ ਇਸਦੇ ਕਾਰਣ ਅਗਿਆਨ ਵਿੱਚ ਚੇਤਨ ਦਾ ਆਭਾਸ ਪੈਂਦਾ ਹੈ ਤਾਂ ਜੀਵਾਂ ਨੂੰ ਕਰਮ ਫਲ ਦੇਣ ਲਈ ਪ੍ਰਕ੍ਰਿਤੀ ਵਿੱਚ ਖਯੋਭ ਹੁੰਦਾ ਹੈ ਅਤੇ ਆਭਾਸ ਪੈਣ ਨਾਲ ਬ੍ਰਹਮ ਦੀ ਚੇਤਨ ਸੱਤਾ ਕਾਰਨ ਇਸ ਪ੍ਰਕ੍ਰਿਤੀ ਵਿੱਚ ਵੀ ਚੇਤਨਤਾ ਆ ਜਾਂਦੀ ਹੈ ਤਾਂ ਪ੍ਰਕ੍ਰਿਤੀ ਆਪਣੇ ਗੁਣਾਂ ਨੂੰ ਘਟ ਵਧ ਕਰਨ ਲੱਗ ਪੈਂਦੀ ਹੈ। ਜਦੋਂ ਉਹਦੇ ਵਿੱਚ ਸਤੋ ਗੁਣ ਵੱਧ ਜਾਂਦਾ ਹੈ ਰਜੋ ਗੁਣ ਤੇ ਤਮੋ ਗੁਣ ਦਬ ਜਾਂਦੇ ਹਨ , ਉਦੋਂ ਉਹ ਮਾਇਆ ਕਹਾਉਂਦੀ ਹੈ। ਮਾਇਆ ਸਤੋ ਗੁਣ ਪ੍ਰਧਾਨ ਹੋਣ ਕਾਰਨ ਸ਼ੁੱਧ ਹੈ। ਇਹ ਪ੍ਰਕ੍ਰਿਤੀ ਹੀ ਗੁਣਾਂ ਦੀ ਪ੍ਰਧਾਨਤਾ ਕਰਕੇ ਮਾਇਆ ਅਵਿਦਿਆ ਕਿਵੇਂ ਕਹਾਉਂਦੀ ਹੈ ਅੱਗੇ ਮਾਇਆ ਅਵਿਦਿਆ ਦੇ ਸਰੂਪ ਵਿੱਚ ਲਿਖਾਂਗੇ ਚੇਤਨ ਦੇ ਆਭਾਸ ਕਾਰਨ ਜੀਵ ਈਸ਼ ਸਰੂਪ ਕਿਵੇਂ ਬਣਦੇ ਹਨ? ਪਿਛੇ ਲਿਖ ਆਏ ਹਾਂ।

ਜਿਥੋਂ ਗੱਲ ਪ੍ਰਾਰੰਭ ਕੀਤੀ ਸੀ ਕਿ ਅਗਿਆਨ ਵਿੱਚ ਜਦੋਂ ਚੇਤਨ ਦਾ ਆਭਾਸ ਪੈਂਦਾ ਹੈ ਤਾਂ ਉਹਦੇ ਵਿੱਚ ਸਾਰੇ ਜੀਵਾਂ ਦੇ ਕਰਮਾਂ ਦੇ ਖਯੋਭ ਨੂੰ ਪਾ ਕੇ ਇਹ ਤਿੰਨੇ ਗੁਣ ਸਾਮਯਾਵਸਥਾ ਤਿਆਗ ਕੇ ਅਲੱਗ-ਅਲੱਗ ਹੋ ਜਾਂਦੇ ਹਨ। ਅਗਿਆਨ ਵਿੱਚ ਆਭਾਸ ਕਾਰਨ ਚੇਤਨਤਾ ਆਉਣ ਕਰਕੇ ਇਹ ਗੁਣ ਅਲੱਗ-ਅਲੱਗ ਹੋ ਕੇ ਕਾਰਜ ਕਰਨ ਲੱਗ ਜਾਂਦੇ ਹਨ ਭਾਵ ਪ੍ਰਿਥਕ-ਪ੍ਰਿਥਕ ਹੋ ਕੇ ਕੋਈ ਵਧਣ ਲਗਦਾ ਹੈ ਕੋਈ ਘਟਣ ਲਗਦਾ ਹੈ, ਭਾਵ ਇਹ ਕਾਰਯਾਤਮਨਾ ਹੋਣ ਲੱਗਦੇ ਹਨ।

ਕਦੇ ਸਤੋ ਗੁਣ ਵਧਣ ਲਗਦਾ ਹੈ ਕਦੇ ਰਜੋ ਗੁਣ ਵਧਣ ਲਗਦਾ ਹੈ, ਕਦੇ ਤਮੋ ਗੁਣ ਵਧਣ ਲੱਗਦਾ ਹੈ। ਜਦੋਂ ਇੱਕ ਗੁਣ ਵਧਦਾ ਹੈ ਤਾਂ ਦੂਸਰੇ ਘਟ ਜਾਂਦੇ ਹਨ। ਘੱਟ ਵੱਧ ਹੋਣ ਕਾਰਨ ਇਹ ਕਾਰਜ ਜਨਕ ਬਣਨੇ ਸ਼ੁਰੂ ਹੋ ਜਾਂਦੇ ਹਨ। ਕਾਰਯ

ਜਨਕੱਤਵ ਹੋਣ ਕਰਕੇ ਇਹਨਾਂ ਵਿੱਚ ਪਦਾਰਥ ਜਨਕੱਤਵ ਆ ਜਾਂਦਾ ਹੈ। ਪਦਾਰਥ ਜਨਕੱਤਵ ਆਉਣ ਕਰਕੇ ਸ੍ਰਿਸਟੀ ਜਨਕ ਹੋ ਜਾਂਦੇ ਹਨ। ਜਦੋਂ ਕਾਰਜ ਹੋਣ ਲੱਗੇ ਤਾ ਸ੍ਰਿਸਟੀ ਉਤਪੰਨ ਹੋਣ ਲਗਦੀ ਹੈ। **ਨਾਮ ਪ੍ਰਧਾਨ ਕਹਾਵੈ ਸੋਈ॥** ਤਾਂ ਉਹੀ ਪ੍ਰਕ੍ਰਿਤੀ ਪ੍ਰਧਾਨ ਕਹਾਉਣ ਲੱਗਦੀ ਹੈ। ਅਥਵਾ ਪ੍ਰਕ੍ਰਿਤੀ ਦੀ ਇਸ ਅਵਸਥਾ ਨੂੰ ਹੀ ਪ੍ਰਧਾਨ ਕਿਹਾ ਜਾਂਦਾ ਹੈ। ਚੇਤਨ ਦੇ ਆਭਾਸ ਸਹਿਤ ਹੋਣ ਕਰਕੇ ਪ੍ਰਕ੍ਰਿਤੀ ਵਿੱਚ ਗੁਣਾਂ ਦਾ ਘਟਣਾ ਵਧਣਾ ਸ੍ਰਿਸ਼ਟੀ ਦੀ ਉਤਪੱਤੀ, ਲੈਤਾ ਪ੍ਰਯੰਤ, ਇਸ ਨੂੰ ਵਿਕਾਰ ਅਵਸਥਾ ਕਹਿੰਦੇ ਹਨ।

## ਅੰਤਸ਼ਕਰਣ ਦੀ ਸਮ ਅਵਸਥਾ ਤੇ ਵਿਕਾਰ ਅਵਸਥਾ

ਇਹ ਤਿੰਨੇ ਗੁਣ ਜਿਸ ਪ੍ਰਕਾਰ ਪ੍ਰਕ੍ਰਿਤੀ ਵਿੱਚ ਘਟਦੇ ਵਧਦੇ ਰਹਿੰਦੇ ਹਨ ਠੀਕ ਉਤੇ ਤਰ੍ਹਾਂ ਪ੍ਰਕ੍ਰਿਤੀ ਦੁਆਰਾ ਰਚਿਤ ਪੰਜ ਭੌਤਿਕ ਸਰੀਰ ਵਿੱਚ ਅੰਤਸ਼ਕਰਣ ਦੇ ਵਿੱਚ ਵੀ ਘੱਟ ਵੱਧ ਹੁੰਦੇ ਰਹਿੰਦੇ ਹਨ। ਜਿਸ ਪ੍ਰਕਾਰ ਪ੍ਰਕ੍ਰਿਤੀ ਵਿੱਚ ਵਿਕਾਰ ਉਤਪੰਨ ਹੁੰਦਾ ਹੈ ਉਸੇ ਤਰ੍ਹਾਂ ਅੰਤਸ਼ਕਰਣ ਵਿੱਚ ਵੀ ਇਹਨਾਂ ਦੇ ਘੱਟ ਵੱਧ ਹੋਣ ਕਾਰਨ ਵਿਕਾਰ ਉਤਪੰਨ ਹੁੰਦਾ ਰਹਿੰਦਾ ਹੈ। ਇਸੇ ਕਰਕੇ ਅੰਤਸ਼ਕਰਣ ਦੀ ਅਵਸਥਾ ਬਦਲਦੀ ਰਹਿੰਦੀ ਹੈ।

ਹੁਣ ਆਪਣੇ ਵਿੱਚ ਹੀ ਇਹ ਤਿੰਨੇ ਗੁਣ ਗਹਿੰਰੀ ਨੀਂਦ 'ਚ ਜਦੋਂ ਆਪਾਂ ਹੁੰਦੇ ਹਾਂ ਤਾਂ ਉਸ ਸਮੇਂ ਇਹ ਕੀ ਹਨ ਸਿਰਫ ਅਗਿਆਨ ਮਾਤਰ ਹਨ। ਗਹਿਰੀ ਨੀਂਦ 'ਚੋ ਭਾਵ ਸੁਖੋਪਤੀ ਅਵਸਥਾ ਵਿੱਚੋਂ ਸੁਪਨਾਵਸਥਾ ਵਿੱਚ ਪ੍ਰਵੇਸ਼ ਕਰ ਜਾਈਏ ਤਾਂ ਇਹ ਪ੍ਰਥਕ ਲੱਗਣ ਲੱਗਦੇ ਹਨ।ਕਦੇ ਸੁਪਨੇ ਵਿੱਚ ਅੰਤਰੀਵ ਸੁੱਖ ਮਹਿਸੂਸ ਹੁੰਦਾ ਹੈ ਤਾਂ ਉਹ ਸਤੋ ਗੁਣ ਕਰਕੇ ਹੁੰਦਾ ਹੈ। ਕਦੇ ਲੋਭੀ ਹੋਇਆ ਲੋਭ ਕਰਦਾ ਪ੍ਰਤੀਤ ਹੁੰਦਾ ਹੈ ਉਹ ਰਜੋ ਗੁਣ ਕਰਕੇ ਹੁੰਦਾ ਹੈ। ਕਦੇ ਆਪਣੇ ਆਪ ਨੂੰ ਡਰਿਆ ਹੋਇਆ ਮਹਿਸੂਸ ਕਰਦਾ ਹੈ ਉਹ ਤਮੋ ਗੁਣ ਕਾਰਨ ਹੈ। ਕਦੇ ਸੱਤੋ ਗੁਣ ਆ ਜਾਂਦਾ ਹੈ, ਕਦੇ ਤਮੋ ਗੁਣ ਆ ਜਾਂਦਾ ਹੈ, ਕਦੇ ਰਜੋ ਗੁਣ ਆ ਜਾਂਦਾ ਹੈ। ਇਹਨਾਂ ਤਿੰਨੇ ਗੁਣਾਂ ਦੀ ਅਲੱਗ ਅਲੱਗ ਪ੍ਰਤੀਤੀ ਸੁਪਨੇ ਵਿੱਚ ਹੀ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਗਹਿਰੀ ਨੀਂਦ ਵਿੱਚ ਸਿਰਫ ਅਗਿਆਨ ਹੀ ਅਗਿਆਨ ਰਹਿੰਦਾ ਹੈ, ਉਸ ਸਮੇਂ ਇਹ ਗੁਣ ਆਪਣੇ ਕਾਰਣ ਅਗਿਆਨ ਵਿੱਚ ਹੀ ਲੀਨ ਰਹਿੰਦੇ ਹਨ।ਅਗਿਆਨ ਚ ਲੀਨਤਾ ਹੀ ਹਰ ਰੋਜ਼ ਹੋਣ ਵਾਲੀ ਤਿੰਨਾਂ ਗੁਣਾਂ ਦੀ ਸਾਮਯਾਵਸਥਾ ਹੈ ਭਾਵ ਅੰਤਸ਼ਕਰਣ ਸਥਿਤ ਅਗਿਆਨ, ਅਥਵਾ ਅਵਿਦਿਆ ਸਥਿਤ ਤ੍ਰਿਗੁਣਾਤਮਕਾ ਸਾਮਯਾਵਸਥਾ ਹੈ ਅਤੇ ਜਦੋਂ ਸੁਖੋਪਤੀ ਤੋਂ ਬਾਅਦ ਜਾਗ੍ਰਤ ਅਵਸਥਾ ਹੁੰਦੀ ਹੈ ਤਾਂ ਜਾਗ੍ਰਤ ਵਿੱਚ ਕਦੇ ਸਤੋ ਗੁਣ ਪ੍ਰਧਾਨ ਹੋ ਜਾਂਦਾ ਹੈ, ਕਦੇ ਰਜੋ ਗੁਣ ਪ੍ਰਧਾਨ ਹੋ ਜਾਂਦਾ ਹੈ, ਕਦੇ ਤਮੋ ਗੁਣ ਪ੍ਰਧਾਨ ਹੋ ਜਾਂਦਾ ਹੈ।

ਜਾਗ੍ਰਤ ਅਵਸਥਾ ਵਿੱਚ ਅੰਤਸ਼ਕਰਣ ਵਿੱਚ ਜਦੋਂ ਸਤੋ ਗੁਣ ਪ੍ਰਧਾਨ ਹੁੰਦਾ ਹੈ ਭਾਵ ਜਦੋਂ ਕਦੇ ਸਤੋ ਗੁਣ ਵਧਦਾ ਹੈ ਜਾਂ ਇਸ ਤਰ੍ਹਾਂ ਕਹਿ ਲਓ ਜਦੋਂ ਕਦੇ ਅੰਤਸ਼ਕਰਣ ਸਤੋ ਗੁਣੀ ਸੁਭਾਅ ਵਾਲਾ ਹੁੰਦਾ ਹੈ ਭਾਵ ਸਤੋ ਗੁਣ ਦੀ ਪ੍ਰਧਾਨਤਾ ਹੋਣ ਕਾਰਨ ਸਤੋ ਗੁਣ ਦਾ ਪ੍ਰਭਾਵ ਅੰਤਸ਼ਕਰਣ ਵਿੱਚ ਵੱਧਦਾ ਹੈ ਤਾਂ ਅੰਤਸ਼ਕਰਣ ਦੀ ਬਿਰਤੀ ਅੰਤਰਮੁਖੀ ਹੁੰਦੀ ਹੈ, ਬਿਲਕੁਲ ਸ਼ਾਂਤ ਇਕ ਰਸ ਵਿੱਚ ਟਿਕਣੀ ਸ਼ੁਰੂ ਹੋ ਜਾਂਦੀ ਹੈ। ਆਤਮ ਸਰੂਪ ਦੇ ਗਿਆਨ ਦੀ ਸੋਝੀ ਵਾਲੇ ਪਾਸੇ ਦ੍ਰਬੀਭੂਤ ਹੁੰਦੀ ਹੈ।ਅਧਿਆਤਮਿਕ ਪ੍ਰਵਿਰਤੀ ਉਤਪੰਨ ਹੁੰਦੀ ਹੈ, ਪੜ੍ਹਨ ਨੂੰ ਮਨ ਕਰਦਾ ਹੈ। ਅਧਿਆਤਮਿਕਤਾ ਵਾਲੇ ਗ੍ਰੰਥ ਮਨ

ਨੂੰ ਪਿਆਰੇ ਲਗਦੇ ਹਨ। ਅਧਿਆਤਮਿਕ ਗਿਆਨ ਦਾ ਅੰਤਸ਼ਕਰਣ ਵਿੱਚ ਪ੍ਰਕਾਸ਼ ਹੁੰਦਾ ਹੈ **ਸਤ੍ਵਾ ਸੰਜਾਇਤੇ ਗਯਾਨਮ ਰਜੋ ਸੋ ਲੋਭ ਏਵ ਚ,** ਸਤੋ ਗੁਣ ਦੀ ਉਤਕ੍ਰਿਸ਼ਟਤਾ ਆਤਮ ਗਿਆਨ ਪ੍ਰਦਾਤੀ ਹੈ। **ਰਜੋਸੋ ਲੋਭ ਏਵ ਚ"** ਰਜੋ ਗੁਣ ਦੀ ਪ੍ਰਧਾਨਤਾ ਜਦੋਂ ਅੰਤਸ਼ਕਰਣ ਵਿੱਚ ਹੁੰਦੀ ਹੈ ਭਾਵ ਜਦੋਂ ਰਜੋ ਗੁਣ ਜਿਆਦਾ ਵਧ ਜਾਂਦਾ ਹੈ ਤੇ ਦੂਜੇ ਗੁਣ ਦਬ ਜਾਂਦੇ ਹਨ ਤਾਂ ਰਜੋ ਗੁਣ ਦੀ ਬਹੁਲਤਾ ਕਾਰਨ ਇਹ ਲੋਭੀ ਹੋ ਜਾਂਦਾ ਹੈ ਅਥਵਾ ਇਸ ਦੀ ਪ੍ਰਵਿਰਤੀ ਲੋਭ ਵਾਲੀ ਹੋ ਜਾਂਦੀ ਹੈ।

ਜਦੋਂ ਦੂਜੇ ਗੁਣਾਂ ਤੋਂ ਅਧਿਕ ਤਮੋ ਗੁਣ ਅੰਤਸ਼ਕਰਣ ਵਿੱਚ ਪ੍ਰਧਾਨਤਾ ਵਾਲਾ ਹੋ ਜਾਂਦਾ ਹੈ ਤਾਂ ਤਮੋ ਗੁਣ ਪ੍ਰਬਲ ਹੋਣ ਕਾਰਨ ਆਲਸ ਨਿੰਦ੍ਰਾ, ਲੜਾਈ-ਝਗੜੇ, ਨਿੰਦਾ ਉਸਤਤਿ ਵਾਲਾ ਸੁਭਾਅ ਅੰਤਸ਼ਕਰਣ ਧਾਰਨ ਕਰ ਲੈਂਦਾ ਹੈ। ਸੋ ਇਹਨਾਂ ਤਿੰਨਾਂ ਗੁਣਾਂ ਦੇ ਉਤਰਾਅ-ਚੜ੍ਹਾਅ ਕਾਰਨ ਅੰਤਸ਼ਕਰਣ ਵਿੱਚ ਉਤਰਾਅ-ਚੜਾਅ ਆਉਂਦਾ ਰਹਿੰਦਾ ਹੈ। ਕਦੇ ਸ਼ਾਂਤੀ ਹੋ ਜਾਂਦੀ ਹੈ ਅੰਦਰ, ਤੇ ਕਦੇ ਉਥਲ-ਪੁਥਲ ਮਚੀ ਰਹਿੰਦੀ ਹੈ। ਕਦੇ ਇਕ ਰਸ ਸ਼ਾਂਤ ਹੋ ਜਾਂਦਾ ਹੈ ਕਦੇ ਵਿਸ਼ਿਆਂ 'ਚ ਭਟਕਦਾ ਰਹਿੰਦਾ ਹੈ। ਇਸ ਪ੍ਰਕਾਰ ਅੰਤਸ਼ਕਰਣ ਵਿੱਚ ਤਿੰਨਾਂ ਗੁਣਾਂ ਦੀ ਵਿਕਾਰ ਅਵਸਥਾ ਤਮਾਮ ਪ੍ਰਵਿਰਤੀਆਂ ਦੀ ਜਨਮ ਦਾਤੀ ਹੈ।

ਇਕ ਹੀ ਅੰਤਸ਼ਕਰਣ ਦੇ ਮਨ, ਬੁੱਧਿ, ਚਿਤ, ਅਹੰਕਾਰ, ਚਾਰ ਭੇਦ ਹਨ। ਇਹਨਾਂ ਦੇ ਅਲੱਗ ਅਲੱਗ ਕੰਮਾਂ ਕਰਕੇ ਇਕ ਹੀ ਅੰਤਸ਼ਰਕਣ ਦੇ ਚਾਰ ਨਾਮ ਪੈ ਜਾਂਦੇ ਹਨ। ਜੇਕਰ ਮਨ ਆਪਣਾ ਕੰਮ ਛੱਡ ਦੇਵੇ ਭਾਵ ਸੰਕਲਪ ਛੱਡ ਦੇਵੇ, ਬੁੱਧੀ, ਚਿੱਤ, ਅਹੰਕਾਰ ਸਾਰੇ ਆਪਣੇ ਆਪਣੇ ਕੰਮ ਤਿਆਗ ਦੇਣ ਨਿਸ਼ਕ੍ਰਿਆ ਹੋ ਜਾਣ, ਤਾਂ ਇਹ ਆਪਣੀ ਇਸਥਿਤੀ ਵਿੱਚ ਹੋ ਜਾਂਦੇ ਹਨ। ਭਾਵ ਬਰਾਬਰ ਅਵਸਥਾ ਵਿੱਚ ਟਿਕ ਜਾਂਦੇ ਹਨ। ਇਸ ਨੂੰ ਹੀ ਅੰਤਸ਼ਕਰਣ ਦੀ ਸਾਮਯਾਵਸਥਾ ਕਿਹਾ ਜਾਂਦਾ ਹੈ। ਜਦੋਂ ਮਨ ਬੁੱਧਿ ਚਿੱਤ ਅਹੰਕਾਰ ਇਹ ਸਾਰੇ ਨਿਸਚਲ ਅਵਸਥਾ ਵਿੱਚ ਆ ਜਾਂਦੇ ਹਨ ਤਾਂ ਇਹ ਗੁਣ ਸ਼ਾਂਤ ਹੋ ਜਾਂਦੇ ਹਨ ਅੰਤਸ਼ਕਰਣ ਆਪਣੇ ਮੂਲ ਸੁਭਾਅ ਵਿੱਚ ਆ ਜਾਂਦਾ ਹੈ। ਅੰਤਸ਼ਕਰਣ ਦੀ ਸ਼ਾਂਤ, ਇਕ ਰਸ, ਕਿਰਿਆ ਰਹਿਤ, ਸੰਕਲਪ, ਵਿਕਲਪ, ਫੁਰਨੇ, ਨਿਰਣੇ, ਅਹੰਭਾਵ ਸੁੰਨ ਜਾਂ ਸ਼ੂੰਨਯ ਅਵਸਥਾ ਦਾ ਨਾਮ ਹੀ ਅੰਤਸ਼ਕਰਣ ਦੀ ਸਾਮਯਾਵਸਥਾ ਹੈ। ਇਹ ਅਵਸਥਾ ਅੰਤਰੀਵ ਅਰਥ ਦੀ ਦ੍ਰਿਸ਼ਟੀ ਤੋਂ ਕਥਨ ਕੀਤੀ ਹੈ।

**ਸਤ, ਰਜ, ਤਮ ਗੁਣ ਸੁੱਧਾਸੁੱਧ ਇਹ ਚਿਦਾਭਾਸ ਜੁਤਿ ਲਿਏ ਪ੍ਰਧਾਨ।**

ਸਤੋ ਗੁਣ, ਰਜੋ ਗੁਣ, ਤਮੋ ਗੁਣ ਇਹ ਤਿੰਨੇ ਗੁਣ ਅਤੇ ਇਹਨਾਂ ਤਿੰਨਾਂ ਦੇ ਸ਼ੁੱਧ ਅਤੇ ਮਲਿਨ ਸਰੂਪ ਦੇ ਸਹਿਤ ਵਿੱਚ ਚੇਤਨ ਦਾ ਆਭਾਸ ਲੈ ਕੇ ਇਹ ਪ੍ਰਕ੍ਰਿਤੀ ਪ੍ਰਧਾਨ ਕਹਾਉਂਦੀ ਹੈ ਭਾਵ ਚੇਤਨ ਦਾ ਆਭਾਸ ਪੈਣ ਕਰਕੇ ਗੁਣ ਨਯੂਨ ਅਧਿਕ ਹੋਣ ਕਰਕੇ ਸੁੱਧ ਮਲਿਨ ਸਰੂਪ ਸਹਿਤ ਹੋ ਜਾਂਦੇ ਹਨ ਅਤੇ ਇਹ ਪਦਾਰਥ ਜਨਕ ਹੋ ਜਾਂਦੇ ਹਨ ਪ੍ਰਕ੍ਰਿਤੀ ਦੀ ਇਸ ਅਵਸਥਾ ਨੂੰ ਪ੍ਰਧਾਨ ਕਿਹਾ ਜਾਂਦਾ ਹੈ।

**ਸੁਨਹੁਂ ਸਿੱਖ ਸੋ ਮਾਯਾ ਲਖੀਅਹਿ, ਸਮਝਿ ਰਿਦੇ ਸਭਿ ਕਰਹਿਂ ਬਖਾਨ ।੮।**

ਹੇ ਸਿੱਖੋ ! ਸੁਣੋ ਉਸਨੂੰ ਤੁਸੀਂ ਮਾਇਆ ਜਾਣ ਲਉ । ਸਭ ਰਿਸ਼ੀ ਮੁਨੀ ਮਹਾਤਮਾ ਲੋਕ ਆਪਣੇ ਹਿਰਦੇ ਵਿੱਚ ਉਸ ਨੂੰ ਸਮਝ ਕੇ ਇਸ ਤਰ੍ਹਾਂ ਹੀ ਵਖਿਆਨ ਕਰਦੇ ਹਨ।

# ਮਾਇਆ ਅਵਿਦਿਆ

## "ਮਾਯਾ ਚ ਅਵਿਦਯਾ ਚ, ਸੈਮੇਵ ਭਵਤਿ"

ਵਾਸਤਵ ਵਿੱਚ ਅਗਿਆਨ, ਮਾਇਆ ਅਵਿਦਿਆ, ਪ੍ਰਕ੍ਰਿਤੀ, ਅਬਿਆਕ੍ਰਿਤ, ਸ਼ਕਤੀ ਇਤਿਆਦਿਕ ਪ੍ਰਯਾਇ ਸ਼ਬਦ ਹਨ। ਕਈ ਵਾਰ ਤਿੰਨਾਂ ਨੂੰ ਇਕ ਨਾਮ ਨਾਲ ਹੀ ਕਿਹਾ ਜਾਂਦਾ ਹੈ ਕਈ ਵਾਰ ਭੇਦ ਵੀ ਕਥਨ ਕੀਤਾ ਜਾਂਦਾ ਹੈ। ਜਿਵੇਂ ਸੁੱਧ ਸਤੋ ਗੁਣ ਉਪਾਧਿ ਹੈ ਤਾਂ ਮਾਇਆ ਹੈ, ਮਲਿਨ ਸਤ੍ਵ ਉਪਾਧਿ ਹੈ ਤਾਂ ਅਵਿਦਯਾ ਹੈ ਭਾਵ ਭੇਦ ਉਪਾਧਿ ਕ੍ਰਿਤ ਹੈ।

ਪ੍ਰੰਤੂ ਗ੍ਰੰਥਾਂ ਵਿੱਚ ਬੋਧ ਕਰਾਉਣ ਦੀਆਂ ਅਲੱਗ-ਅਲੱਗ ਪ੍ਰਕ੍ਰਿਆਵਾਂ ਹਨ ਜੈਸਾ ਪ੍ਰਸੰਗ ਚਲਦਾ ਹੁੰਦਾ ਹੈ ਵੈਸਾ ਹੀ ਪ੍ਰਸੰਗ ਅਨੁਸਾਰ ਇਹਨਾਂ ਦਾ ਨਾਮ ਕਥਨ ਕੀਤਾ ਮਿਲਦਾ ਹੈ। ਪ੍ਰਸੰਗ ਅਨੁਸਾਰ ਜਦੋਂ ਮਲਿਨ ਸਤੋ ਗੁਣ ਪ੍ਰਥਾਇ ਵਿਚਾਰ ਆਉਂਦੀ ਹੈ ਤਾਂ ਮਲਿਨ ਸਤ੍ਵ ਪ੍ਰਧਾਨ ਹੋਣ ਕਾਰਨ ਅਵਿਦਿਆ ਕਹਿ ਦਿੱਤਾ ਜਾਂਦਾ ਹੈ। ਸੁੱਧ ਸਤੋ ਗੁਣ ਪ੍ਰਥਾਇ ਵਿਚਾਰ ਚੱਲੇ ਤਾਂ ਸਤੋ ਗੁਣ ਦੀ ਪ੍ਰਧਾਨਤਾ ਹੋਣ ਕਰਕੇ ਮਾਇਆ ਕਹਿ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਪ੍ਰਸੰਗ ਅਨੁਸਾਰ ਅਤੇ ਉਪਾਧੀਆਂ ਕਾਰਨ ਨਾਮ ਬਦਲਦਾ ਚਲਿਆ ਜਾਂਦਾ ਹੈ। ਵੇਦਾਂਤ ਪ੍ਰਕ੍ਰਿਆ ਗ੍ਰੰਥਾਂ ਵਿੱਚ ਮਾਇਆ ਅਵਿਦਿਆ ਦੀ ਵਿਆਖਿਆ ਇਸ ਪ੍ਰਕਾਰ ਸੰਖੇਪ ਰੂਪ ਵਿੱਚ ਕਥਨ ਕੀਤੀ
ਮਿਲਦੀ ਹੈ।

ਕਿ ਸੁੱਧ ਸਤੋ ਗੁਣ ਪ੍ਰਧਾਨ ਪ੍ਰਕ੍ਰਿਤੀ ਵਿੱਚ ਚੇਤਨ ਦਾ ਆਭਾਸ ਭਾਵ ਸੁੱਧ ਸਤੋ ਗੁਣ ਪ੍ਰਧਾਨ ਪ੍ਰਕ੍ਰਿਤੀ ਅਤੇ ਸੁੱਧ ਸਤੋ ਗੁਣ ਪ੍ਰਧਾਨ ਪ੍ਰਕ੍ਰਿਤੀ ਵਿੱਚ ਚੇਤਨ ਦਾ ਆਭਾਸ, ਇਸਨੂੰ ਮਾਇਆ ਕਹਿੰਦੇ ਹਨ। ਇਸੇ ਤਰ੍ਹਾ ਮਲਿਨ ਸਤੋ ਗੁਣ ਪ੍ਰਧਾਨ ਪ੍ਰਕ੍ਰਿਤੀ ਵਿੱਚ ਚੇਤਨ ਦਾ ਆਭਾਸ ਭਾਵ ਮਲਿਨ ਸਤ੍ਵ ਗੁਣ ਪ੍ਰਧਾਨ ਪ੍ਰਕ੍ਰਿਤੀ, ਅਤੇ ਮਲਿਨ ਸਤੋ ਗੁਣ ਪ੍ਰਧਾਨ ਪ੍ਰਕ੍ਰਿਤੀ ਵਿੱਚ ਚੇਤਨ ਦਾ ਆਭਾਸ ਇਸ ਨੂੰ ਅਵਿਦਿਆ ਕਹਿੰਦੇ ਹਨ।

**ਸਾਮਜ ਅਵਸਥਾ ਚਿਦਾਭਾਸ ਲੇ ਭਈ ਬਿਕਾਰਾਵਸਥਾ ਸੋਇ।**

ਤਿੰਨਾਂ ਗੁਣਾਂ ਦੀ ਸਮ ਅਵਸਥਾ (ਰੂਪ ਅਗਿਆਨ) ਵਿੱਚ ਚਿਦਾਭਾਸ ਲੇ=ਚੇਤਨ ਦਾ ਆਭਾਸ ਪਿਆ ਭਾਵ ਸਾਮਯਾਵਾਸਥਾ ਚੇਤਨ ਦਾ ਅਭਾਸ ਲੈ ਕੇ, ਉਹ ਪ੍ਰਕਿਤੀ ਸਾਮਯਾਵਸਥਾ ਦਾ ਤਿਆਗ ਕਰਕੇ ਵਿਕਾਰਾਵਸਥਾ ਧਾਰਨ ਕਰ ਲੈਂਦੀ ਹੈ। ਅਥਵਾ ਸਾਮਯਾਵਸਥਾ ਚੇਤਨ ਦੇ ਆਭਾਸ ਸਹਿਤ ਹੋ ਕੇ ਵਿਕਾਰਵਾਨ ਹੋ ਜਾਂਦੀ ਹੈ, ਸਾਮਯਾਵਸਥਾ ਦੀ ਵਿਆਕ੍ਰਿਤ ਅਵਸਥਾ ਹੀ ਵਿਕਾਰ ਅਵਸਥਾ ਹੈ।

**ਸ਼ੁਧ ਸੱਤ੍ਵ ਲੇ ਮਾਇਆ ਜਿਮ ਭੀ, ਮਲਿਨ ਸੱਤ੍ਵ ਮੁਖ ਤ੍ਰੈ ਗੁਣ ਜੋਇ।**

ਸ਼ੁਧ ਸਤੋ ਗੁਣ ਤੋਂ ਮਾਇਆ ਜਿਵੇਂ ਹੋਈ ਹੈ। ਮਲਿਨ ਸਤ੍ਵ= ਮਲੀਣ ਸਤੋ ਗੁਣ ਜਿਸ ਵਿੱਚ ਤਿੰਨਾਂ ਗੁਣਾ ਦੇ ਮਲਿਨ ਅੰਸ਼ ਦੀ ਮਲੀਨਤਾ ਮੁੱਖ ਹੈ।

**ਤਿਸਕੋ ਲਏ ਅਵਿੱਦਯਾ ਜਾਨਹੁ ਗੁਰ ਉਪਦੇਸ਼ ਬਿਨਾਸ਼ੀ ਸੋਇ॥**

**ਤਿਸਕੋ –** ਉਸ ਨੂੰ ਅਵਿਦਿਆ ਜਾਣ ਲਉ। ਉਹ ਅਵਿਦਿਆ ਗੁਰਾਂ ਦੇ ਮਹਾਂਵਾਕ ਭਾਵ ਬ੍ਰਹਮ ਗਿਆਨ ਰੂਪੀ ਉਪਦੇਸ਼ ਦੇ ਨਾਲ ਬਿਨਾਸ਼ੀ ਵਿਸ਼ੇਸ਼ ਕਰਕੇ ਭਾਵ ਆਪਣੇ ਸਰੂਪ ਕਰਕੇ ਨਾਸ਼ ਹੋ ਜਾਂਦੀ ਹੈ।

**ਅੰਤਸ਼ਕਰਣ ਬਿਰਤਿ ਜਬਿ ਉਪਜੀ, ਅਹੰਬ੍ਰਹਮਾਸਮਿ ਦ੍ਵੈਤ ਨ ਕੋਇ।੯।**

ਅੰਤਸ਼ਕਰਣ ਭਾਵ ਹਿਰਦੇ ਵਿੱਚ ਜਦੋਂ ਬ੍ਰਹਮਾਕਾਰ ਬਿਰਤੀ ਉਪਜੀ=ਉਦੇ ਹੋਈ। ਅਹੰ ਬ੍ਰਹਮ=ਬ੍ਰਹਮਾਕਾਰ ਅਖੰਡਾਕਾਰ ਬਿਰਤੀ ਦੇ ਉਦੇ ਹੋਣ ਨਾਲ ਬ੍ਰਹਮ ਸਾਖਯਾਤਕਾਰ ਹੋ ਜਾਂਦਾ ਹੈ, ਅਤੇ ਜਦੋਂ ਹਿਰਦੇ ਵਿੱਚ ਬ੍ਰਹਮ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਫਿਰ ਦ੍ਵੈਤ ਨ ਕੋਇ– ਉਸ ਹਿਰਦੇ ਵਿੱਚ ਕਿਸੇ ਪ੍ਰਕਾਰ ਦੀ ਦ੍ਵੈਤ ਨਹੀਂ ਰਹਿੰਦੀ। ਅਥਵਾ– ਦੂਸਰ ਭਾਵ ਕੋਈ ਨਹੀਂ ਰਹਿ ਜਾਂਦਾ, ਬ੍ਰਹਮ ਹੀ ਬ੍ਰਹਮ ਰਹਿ ਜਾਂਦਾ ਹੈ, ਅਦ੍ਵੈਤ ਦਾ ਪ੍ਰਕਾਸ਼ ਹੋ ਜਾਂਦਾ ਹੈ।

**ਦੋਹਰਾ– ਬਿਰਤ ਅਖੰਡਾਕਾਰ ਅਸ ਵਿੱਦਯਾ ਨਾਮ ਸੁਜਾਨ।**

ਐਸੀ ਜੋ ਅਖੰਡ ਇਕ ਰਸ ਬਿਰਤੀ ਹੈ। ਸੁਜਾਨ ਪੁਰਸ਼ਾਂ ਨੇ ਉਸਨੂੰ ਵਿਦਿਆ ਨਾਮ ਨਾਲ ਕਥਨ ਕੀਤਾ ਹੈ।ਅਥਵਾ ਵਿਦਵਤ ਜਨ ਉਸਨੂੰ ਵਿਦਿਆ ਕਹਿੰਦੇ ਹਨ।

**ਕਾਰਣ ਕਾਰਜ ਭੇਦ ਤੇ ਦੁਬਿਧਾ ਹਾਨ ਅੱਗਜਾਨ ।੧੦।**

ਜੋ ਅਗਿਆਨ ਹੈ ਉਹ ਆਪਣੇ ਸਰੂਪ ਸਹਿਤ ਨਸ਼ਟ ਹੋ ਜਾਂਦਾ ਹੈ, ਅਥਵਾ ਕਾਰਣ ਕਾਰਜ ਰੂਪ ਅਗਿਆਨ ਦਾ ਅਭਾਵ ਹੋ ਜਾਂਦਾ ਹੈ। ਅਰਥਾਤ ਦੁਬਿਧਾ ਦੋ ਤਰ੍ਹਾਂ ਦਾ ਕਾਰਣ ਅਤੇ ਕਾਰਜ ਰੂਪ ਅਗਿਆਨ ਨਾਸ਼ ਹੋ ਜਾਂਦਾ ਹੈ।ਅਗਿਆਨ ਸਮੂਹ ਪ੍ਰਪੰਚ ਦਾ ਉਪਾਦਾਨ ਕਾਰਣ ਹੈ ਅਤੇ ਸਮੂਹ ਪ੍ਰਪੰਚ ਅਗਿਆਨ ਦਾ ਕਾਰਜ ਹੈ। ਅਥਵਾ– ਸਮੂਹ ਪ੍ਰਪੰਚ ਆਪਣੇ ਮੂਲ ਸਹਿਤ ਹਿਰਦੇ ਵਿੱਚੋਂ ਨਸ਼ਟ ਹੋ ਜਾਦਾ ਹੈ। ਇਸ ਨੂੰ ਅਤਿਅੰਤਕ ਨਵਿਰਤੀ ਵੀ ਕਹਿੰਦੇ ਹਨ, ਕਾਰਣ ਅਤੇ ਕਾਰਜ ਅਗਿਆਨ ਦਾ ਨਾਸ਼ ਹੋਣਾ ਵੀ ਇਸੇ ਨੂੰ ਕਹਿੰਦੇ ਹਨ।

**ਜਬ ਅਗਿਆਨ ਨਾਸ਼ ਹੋਇ ਗਯੋ। ਕਾਰਣ ਹੀਨ ਪ੍ਰਪੰਚਹਿ ਭਯੋ।**

**ਕਾਰਣ ਬਿਨ ਕਾਰਯ ਨਹਿ ਰਹੇ। ਯਹ ਭੂਮੇਂ ਸਭ ਕੋਵਿਦ ਕਹੇ। (ਮੋਖ ਪੰਥ ਪ੍ਰਕਾਸ਼)**

## ਬ੍ਰਹਮਾਕਾਰ ਬਿਰਤੀ

### ਭਾਵ ਅਰਥ

ਬੰਧਨ ਅਤੇ ਮੋਖ ਦੋਹਾਂ ਦਾ ਕਾਰਨ ਬਿਰਤੀ ਹੀ ਹੈ। ਅਨਾਤਮਾਕਾਰ ਬਿਰਤੀ ਬੰਧਨ ਦਾ ਕਾਰਨ ਹੈ ਅਤੇ ਬ੍ਰਹਮਾਕਾਰ ਬਿਰਤੀ ਮੋਖ ਦਾ ਕਾਰਨ ਹੈ। ਬ੍ਰਹਮਾਕਾਰ ਬਿਰਤੀ ਨੂੰ ਹੀ ਅਖੰਡਾਕਾਰ ਬਿਰਤੀ ਕਿਹਾ ਜਾਂਦਾ ਹੈ।ਜਦੋਂ ਅਖੰਡ ਇਕ ਰਸ ਬਿਰਤੀ ਦੀ ਸਥਿਤੀ ਹੋਵੇ ਉਸ ਨੂੰ ਵਿਦਿਆ ਕਿਹਾ ਜਾਂਦਾ ਹੈ।

ਇਸ ਬ੍ਰਹਮਾਕਾਰ ਬਿਰਤੀ ਪ੍ਰਥਾਇ ਜਗਿਆਸੂਆਂ ਦੇ ਮਨ ਵਿੱਚ ਇਹ ਸਵਾਲ ਬਣਿਆ ਰਹਿੰਦਾ ਹੈ ਕਿ ਇਹ ਜੋ ਬ੍ਰਹਮਾਕਾਰ ਬਿਰਤੀ ਹੈ, ਕੀ ਇਹ ਸਦਾ ਬਣੀ ਰਹਿੰਦੀ ਹੈ ਜਾਂ ਇਸ ਦਾ ਅਭਾਵ ਵੀ ਹੁੰਦਾ ਹੈ ਤਾਂ ਜਵਾਬ ਇਹ ਹੈ ਕਿ ਇਹ

ਬਿਰਤੀ ਅਗਿਆਨ ਨੂੰ ਨਸ਼ਟ ਕਰਕੇ ਖੁਦ ਲੈਅ ਹੋ ਜਾਂਦੀ ਹੈ। ਅਥਵਾ ਇਸ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ। ਇਸ ਕਰਕੇ ਵਿਚਾਰ ਸਾਗਰ ਗ੍ਰੰਥ ਦੇ ਮੰਗਲ ਦੇ ਟੀਕੇ ਅੰਦਰ ਪੀਤਾਂਬਰ ਜੀ ਨੇ ਬਿਰਤੀ ਵਿਆਪਤੀ ਨਾਲ ਬ੍ਰਹਮ ਸਰੂਪ ਦਾ ਜਾਣਨਾ ਲਿਖਿਆ ਹੈ। ਫਲ ਵਿਆਪਤੀ ਬਿਰਤੀ ਨਾਲ ਬ੍ਰਹਮ ਸਰੂਪ ਦਾ ਜਾਣਨਾ ਨਹੀਂ ਲਿਖਿਆ।

ਫਲ ਵਿਆਪਤੀ ਤੋਂ ਭਾਵ ਕਿ ਜਿਵੇਂ ਇੱਕ ਤੀਰ, ਕਮਾਨ 'ਤੇ ਚਾੜ੍ਹਕੇ ਜਦੋਂ ਕਿਸੇ ਦਰਖਤ ਤੇ ਲੱਗੇ ਫਲ ਦੇ ਵਿੱਚ ਮਾਰਦੇ ਹਾਂ ਤਾਂ ਤੀਰ ਫਲ ਦੇ ਵਿੱਚ ਘੁਸ ਜਾਂਦਾ ਹੈ ਲੇਕਿਨ ਤੀਰ ਦੀ ਹੋਂਦ ਫਲ ਤੋਂ ਜੁਦਾ ਬਣੀ ਰਹਿੰਦੀ ਹੈ। ਫਲ ਅਤੇ ਤੀਰ ਇੱਕ ਦੂਜੇ ਵਿੱਚ ਮਿਲੇ ਹੋਣ ਤੋਂ ਬਾਵਜੂਦ ਵੀ ਅਲੱਗ-ਅਲੱਗ ਹੋਂਦ ਰੱਖਦੇ ਹਨ, ਇਸ ਨੂੰ ਫਲ ਵਿਆਪਤੀ ਕਹਿੰਦੇ ਹਨ। ਫਲ ਵਿਆਪਤੀ ਨਾਲ ਬ੍ਰਹਮ ਸਰੂਪ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਬਿਰਤੀ, ਤੀਰ ਸਮਾਨ, ਬ੍ਰਹਮ ਦੇ ਵਿੱਚ ਮਿਲ ਜਾਵੇ ਅਤੇ ਬਿਰਤੀ ਦੀ ਹੋਂਦ ਵੱਖਰੀ ਬਣੀ ਰਹੇ ਭਾਵ ਬਿਰਤੀ ਬ੍ਰਹਮ ਵਿੱਚ ਮਿਲ ਵੀ ਜਾਵੇ ਪਰ ਬਿਰਤੀ ਦੀ ਹੋਂਦ ਵੀ ਬਣੀ ਰਹੇ। ਪਰ ਜਦੋਂ ਬਿਰਤੀ ਪ੍ਰਥਾਇ ਇਸ ਤਰ੍ਹਾਂ ਦਾ ਭਾਵ ਵਿਅਕਤ ਹੋਵੇ ਤਾਂ ਉਸਨੂੰ ਫਲ ਵਿਆਪਤੀ ਕਹਿੰਦੇ ਹਨ। ਇਸ ਕਰਕੇ ਫਲ ਵਿਆਪਤੀ ਬਿਰਤੀ ਨਾਲ ਬ੍ਰਹਮ ਸਰੂਪ ਦਾ ਗਿਆਨ ਨਹੀਂ ਹੋ ਸਕਦਾ ਐਸਾ ਸਿਧਾਂਤ ਹੈ।

ਪਰ ਬਿਰਤੀ ਵਿਆਪਤੀ ਨਾਲ ਬ੍ਰਹਮ ਸਰੂਪ ਸਾਖਤਜਾਤਕਾਰ ਹੁੰਦਾ ਹੈ। ਬਿਰਤੀ ਵਿਆਪਤੀ ਕਿਸ ਨੂੰ ਕਹਿੰਦੇ ਹਨ ਇਹ ਵੀ ਦੱਸਦੇ ਹਾਂ ਜਦੋਂ ਬ੍ਰਹਮਾਕਾਰ ਬਿਰਤੀ ਉਦੇ ਹੁੰਦੀ ਹੈ ਤਾਂ ਉਸ ਸਮੇਂ ਬਿਰਤੀ ਅਗਿਆਨ ਨੂੰ ਖਤਮ ਕਰਕੇ ਸਰੂਪ ਦਾ ਬੋਧ ਕਰਾਕੇ ਖੁਦ ਬ੍ਰਹਮ ਸਰੂਪ ਵਿੱਚ ਮਿਲ ਜਾਂਦੀ ਹੈ। ਭਾਵ ਬ੍ਰਹਮਾਕਾਰ ਬਿਰਤੀ ਦਾ ਉਸਦੇ ਸਰੂਪ ਸਹਿਤ ਅਭਾਵ ਹੋ ਜਾਂਦਾ ਹੈ। ਅਥਵਾ ਬ੍ਰਹਮਾਕਾਰ ਬਿਰਤੀ ਆਪਣੇ ਸਰੂਪ ਸਹਿਤ ਖਤਮ ਹੋ ਜਾਂਦੀ ਹੈ। ਬਿਰਤੀ ਦਾ ਆਪਣੇ ਸਰੂਪ ਸਹਿਤ ਲੈਅ ਹੋਣਾ ਇਸੇ ਨੂੰ ਬਿਰਤੀ ਵਿਆਪਤੀ ਕਹਿੰਦੇ ਹਨ। ਜਦੋਂ ਬ੍ਰਹਮਾਕਾਰ ਬਿਰਤੀ ਦਾ ਅਭਾਵ ਹੋ ਜਾਂਦਾ ਹੈ ਤਾਂ ਇਸਦੇ ਅਭਾਵ ਹੋਣ ਨਾਲ ਜੀਵ ਈਸ਼ ਭੇਦ ਵੀ ਮਿਟ ਜਾਂਦਾ ਹੈ। ਤਿੰਨੇ ਤ੍ਰਿਪੁਟੀਆਂ ਖਤਮ ਹੋ ਜਾਂਦੀਆਂ ਹਨ। ਅਗਿਆਨ ਰਚਿਤ ਪ੍ਰਪੰਚ ਮੂਲ ਸਹਿਤ ਨਸ਼ਟ ਹੋ ਜਾਂਦਾ ਹੈ, ਭਾਵ ਕਾਰਣ ਅਤੇ ਕਾਰਜ ਅਗਿਆਨ ਖਤਮ ਹੋ ਜਾਂਦਾ ਹੈ। ਇਸ ਪ੍ਰਕਾਰ ਜਿੰਨੀਆਂ ਵੀ ਉਪਾਧੀਆਂ ਹਨ ਸਭ ਖਤਮ ਹੋ ਜਾਂਦੀਆਂ ਹਨ। ਬ੍ਰਹਮ ਦਾ ਪ੍ਰਕਾਸ਼ ਹੀ ਪ੍ਰਕਾਸ਼ ਹਿਰਦੇ ਅੰਦਰ ਹੋ ਜਾਂਦਾ ਹੈ ਇਸੇ ਨੂੰ ਵਿਦਿਆ ਕਹਿੰਦੇ ਹਨ ਅਥਵਾ ਜੋ ਅਵਿਦਿਆ ਨੂੰ ਸਰੂਪ ਸਹਿਤ ਨਸ਼ਟ ਕਰੇ ਉਸਨੂੰ ਵਿਦਿਆ ਕਹਿੰਦੇ ਹਨ।

**ਅਵਿਦਿਆ ਕਰ ਹੋਵੈ ਸੰਸਾਰਾ, ਵਿਦਯਾ ਤਾਹ ਜੋ ਦਏ ਨਿਵਾਰਾ।**

**ਗੁਰ ਰਤਨਾਵਲੀ ਕ੍ਰਿਤ ਬਾਬਾ ਤੋਲਾ ਸਿੰਘ ਭੱਲਾ**

ਫਲ ਵਿਆਪਤੀ ਨੂੰ ਸਮਝਣ ਲਈ ਦੂਜਾ ਪ੍ਰਮਾਣ ਇਹ ਹੈ ਕਿ ਅੰਤਸ਼ਕਰਣ ਦੀ ਬਿਰਤੀ ਨੇਤਰਾਂ ਦੁਆਰਾ ਬਾਹਰ ਨਿਕਲੀ ਤੇ ਬਾਹਰ ਕਿਸੇ ਗੋਲਾਕਾਰ ਮਿੱਟੀ ਦੇ ਬਰਤਨ ਨੂੰ ਦੇਖਿਆ ਪਰ ਇਹ ਅਗਿਆਨ ਕਾਰਨ ਭਰਮ ਹੋ ਗਿਆ ਕਿ ਪਤਾ ਨਹੀਂ ਕੀ ਹੈ ਇਹ ਘੜਾ ਹੈ ਜਾਂ ਮੱਟ ਹੈ ਜਾਂ ਕੋਈ ਹੋਰ ਬਰਤਨ ਹੈ ਪਰ ਜਿਉਂ ਹੀ ਨਜਦੀਕ ਜਾ ਕੇ ਦੇਖਿਆ ਤਾਂ

ਗਿਆਨ ਹੋਇਆ ਕਿ ਇਹ ਤਾਂ ਘੜਾ ਹੈ। ਇਸ ਗਿਆਨ ਦੇ ਹੋ ਜਾਣ ਨਾਲ ਪਹਿਲਾਂ ਜਿਹੜਾ ਅਗਿਆਨ ਕਾਰਨ ਭਰਮ ਹੋਇਆ ਸੀ ਉਹ ਨਸ਼ਟ ਹੋ ਗਿਆ। ਘੜੇ ਦੇ ਅਸਲ ਸਰੂਪ ਦਾ ਗਿਆਨ ਹੋ ਗਿਆ। ਹੁਣ ਅੰਤਸ਼ਕਰਣ ਦੀ ਜਿਹੜੀ ਬਿਰਤੀ ਘਟਾਕਾਰ ਭਾਵ ਘੜੇ ਦੇ ਆਕਾਰ ਦੀ ਹੋਈ ਹੈ। ਉਸ ਬਿਰਤੀ ਕਾਰਨ ਜਿਹੜਾ ਗਿਆਨ ਹੈ ਉਹ ਬੁਧੀ ਅਥਵਾ ਬੁਧੀ ਗਤ ਚਿਦਾਭਾਸ ਨੂੰ ਹੋ ਰਿਹਾ ਹੈ ਜਾਂ ਇਸ ਤਰ੍ਹਾਂ ਕਹਿ ਲਵੋਂ ਬੁੱਧੀ ਅਥਵਾ ਬੁੱਧੀਗਤ ਚਿਦਾਭਾਸ ਬਿਰਤੀ ਦੁਆਰਾ ਦੋਨੋਂ ਹੀ ਘਟ ਨੂੰ ਵਿਆਪਤ ਕਰ ਰਹੇ ਹਨ। ਘੜੇ ਦਾ ਜਿਹੜਾ ਅਗਿਆਨ ਹੈ ਉਹ ਬੁੱਧੀ ਦੁਆਰਾ ਨਸ਼ਟ ਹੋ ਜਾਂਦਾ ਹੈ। ਅਤੇ ਚਿਦਾਭਾਸ ਦੇ ਦੁਆਰਾ ਘੜੇ ਦਾ ਪ੍ਰਕਾਸ਼ ਹੋ ਜਾਂਦਾ ਹੈ ਜਾਂ ਗਿਆਨ ਹੋ ਜਾਂਦਾ ਹੈ। ਹੁਣ ਇੱਥੇ ਇਕ ਘਟਾਕਾਰ ਬਿਰਤੀ ਬਣੀ ਹੈ ਦੂਜੀ ਬੁੱਧੀ ਹੈ ਤੀਜਾ ਚਿਦਾਭਾਸ ਹੈ, ਇਹਨਾ ਤਿੰਨਾਂ ਦੀ ਤ੍ਰਿਪੁਟੀ ਬਣੀ ਹੈ। ਇਹ ਤ੍ਰਿਪੁਟੀ ਰੂਪ ਵਿੱਚ ਘੜੇ ਨੂੰ ਵਿਆਪਤ ਕਰ ਰਹੇ ਹਨ। ਹੁਣ ਘੜਾ ਵੀ ਬਣਿਆ ਹੋਇਆ ਹੈ ਘੜੇ ਦਾ ਗਿਆਨ ਕਰਨੇ ਵਾਲੀ ਬਿਰਤੀ ਵੀ ਬਣੀ ਹੋਈ ਹੈ। ਤਿੰਨਾਂ ਦੀ ਪ੍ਰਤੀਤੀ ਵੀ ਅਲੱਗ-ਅਲੱਗ ਹੋ ਰਹੀ ਹੈ। ਇਸ ਨੂੰ ਫਲ ਵਿਆਪਤੀ ਕਹਿੰਦੇ ਹਨ। ਇਸੇ ਕਾਰਨ ਫਲ ਵਿਆਪਯ ਬਿਰਤੀ ਦੁਆਰਾ ਬ੍ਰਹਮ ਸਰੂਪ ਦਾ ਗਿਆਨ ਨਹੀਂ ਹੁੰਦਾ ਐਸਾ ਮੰਨਿਆ ਗਿਆ ਹੈ। ਗਿਆਨ ਨਾ ਹੋਣ ਦਾ ਕਾਰਨ ਇਹ ਹੈ ਕਿ ਬਿਰਤੀ ਦੁਆਰਾ ਬੁੱਧੀ ਅਥਵਾ ਚਿਦਾਭਾਸ ਬ੍ਰਹਮ ਨੂੰ ਵਿਆਪਤ ਨਹੀਂ ਕਰ ਸਕਦੇ ਅਤੇ ਨਾ ਵਿਸ਼ਯ ਹੀ ਕਰ ਸਕਦੇ ਹਨ ਕਿਉਂਕਿ ਫਲ ਵਿਆਪਯ ਵਿੱਚ ਬਿਰਤੀ, ਬੁਧੀ, ਚਿਦਾਭਾਸ, ਤਿੰਨੋਂ ਹੀ ਬਣੇ ਰਹਿੰਦੇ ਹਨ ਅਤੇ ਚੌਥੀ ਜਿਸ ਵਸਤੂ ਦਾ ਗਿਆਨ ਕਰਦੇ ਹਨ ਉਹ ਵੀ ਬਣੀ ਰਹਿੰਦੀ ਹੈ। ਇਸ ਕਰਕੇ ਬ੍ਰਹਮ ਸਰੂਪ ਦਾ ਗਿਆਨ ਵੀ ਹੋ ਜਾਵੇ ਅਤੇ ਇਹ ਤਿੰਨੇ ਬਣੇ ਵੀ ਰਹਿਣ ਐਸਾ ਹੋ ਨਹੀਂ ਸਕਦਾ। ਅਗਰ ਐਸਾ ਮੰਨਦੇ ਵੀ ਹਾਂ ਤਾਂ ਇਹ ਬ੍ਰਹਮ ਦੇ ਘਟ, ਦ੍ਰਿਸਟਾ ਦੇ ਸਮਾਨ, ਦ੍ਰਿਸਟਾ ਬਣ ਜਾਣਗੇ ਅਤੇ ਬ੍ਰਹਮ ਦ੍ਰਿਸ਼ ਬਣ ਜਾਵੇਗਾ ਜੋ ਸਿਧਾਂਤ ਅਨੁਸਾਰ ਸਹੀ ਨਹੀਂ ਹੈ। ਮਿਥਿਆ ਅਤੇ ਨਾਸ਼ਵਾਨ ਵਸਤੂਆਂ ਨੂੰ ਸੱਤ ਸਰੂਪ ਬ੍ਰਹਮ ਦਾ ਦ੍ਰਿਸਟਾ ਨਹੀਂ ਮੰਨਿਆ ਜਾ ਸਕਦਾ। ਇਸ ਕਰਕੇ ਫਲ ਵਿਆਪਯ ਦੁਆਰਾ ਸਰੂਪ ਦਾ ਗਿਆਨ ਹੋਵੇ ਐਸਾ ਨਹੀਂ ਮੰਨਿਆ ਜਾ ਸਕਦਾ। ਬਿਰਤੀ ਵਿਆਪਯ ਦੁਆਰਾ ਹੀ ਬ੍ਰਹਮ ਸਾਖਜਾਤਕਾਰ ਹੋਣਾ ਮੰਨਿਆ ਜਾਂਦਾ ਹੈ ਭਾਵ ਕਿ ਬ੍ਰਹਮਾਕਾਰ ਬਿਰਤੀ ਉਦੇ ਹੁੰਦੀ ਹੈ। ਉਸਦੇ ਉਦੇ ਹੋਣ ਨਾਲ ਅਗਿਆਨ ਦਾ ਨਾਸ਼ ਹੋ ਜਾਂਦਾ ਹੈ ਅਗਿਆਨ ਦੀ ਨਵਿਰਤੀ ਕਰਕੇ ਬ੍ਰਹਮਾਕਾਰ ਬਿਰਤੀ ਖੁਦ ਵੀ ਨਵਿਰਤ ਹੋ ਜਾਂਦੀ ਹੈ। ਅਗਿਆਨ ਦੀ ਨਵਿਰਤੀ ਰੂਪ ਹੀ ਗਿਆਨ ਹੈ। ਅਥਵਾ ਅਵਿਦਿਆ ਦੀ ਨਵਿਰਤੀ ਰੂਪ ਹੀ ਵਿਦਿਆ ਹੈ।

## ਕਠਿਨ ਭਾਵ ਅਰਥ

ਸ੍ਰੀ ਮੋਖ ਪੰਥ ਪ੍ਰਕਾਸ਼ ਗ੍ਰੰਥ ਦੀ ਮਾਰਤੰਡ ਟੀਕਾ ਅਰਵਿੰਦਾ ਨੰਦ ਉਦਾਸੀ ਮਹਾਤਮਾ ਕ੍ਰਿਤ ਵਿੱਚ ਬ੍ਰਹਮਾਕਾਰ ਬਿਰਤੀ ਪ੍ਰਥਾਇ ਸੂਖਮ ਵਿਚਾਰ ਚਲਦੇ ਪ੍ਰਕਰਣ ਅੰਦਰ ਆਈ ਹੈ ਕਿ ਬ੍ਰਹਮਾਕਾਰ ਬਿਰਤੀ ਕਿਸ ਪ੍ਰਕਾਰ ਅਗਿਆਨ ਦੀ ਨਾਸ਼ਕ ਹੈ ਅਤੇ ਬਿਰਤੀ ਸਥਿਤ ਚੇਤਨ ਕਿਸ ਪ੍ਰਕਾਰ ਬਿਰਤੀ ਅਤੇ ਅਗਿਆਨ ਦੋਹਾਂ ਦਾ ਨਾਸਕ ਹੈ। ਇਹ ਸਾਰੀ ਵਾਰਤਾ ਪੰਡਿਤ ਗੁਲਾਬ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ:

**ਬਿਰਤਿ ਅਰੂੜ ਅਹੈ ਚਿਦ ਜੋਇ।ਬ੍ਰਹਮ ਅਗਿਆਨ ਹਨੇ ਭਵ ਸੋਇ।**

**ਯਦਪਿ ਚੇਤਨ ਸੁੱਧ ਸਰੂਪ।ਹਨੇ ਅਵਿਦਯਾ ਕੋ ਨਹਿ ਰੂਪ**

**ਉਲਟੋ ਤਾਂਹਿ ਸਾਖੀ ਹੈ ਸੋਇ।ਨਾਸਕ ਨਾਂਹਿ ਕਦਾਚਿਤ ਹੋਇ।**

**ਤਦਪਿ ਬੈਠ ਬਿਰਤ ਕੇ ਮਾਂਹੀ।ਹਨੇ ਅਵਿਦਯਾ ਕੋ ਭਵ ਮਾਂਹੀ।**

**ਅਖੰਡਾ ਕਾਰ ਬਿਰਤ ਜਗ ਜੋਈ।ਤਾਮੋ ਰੂੜ ਹੋਇ ਚਿਦ ਸੋਈ।**

**ਨਿਖਲ ਅਵਿਦਯਾ ਮਾਰੇ ਡਾਰ। ਜਾਂਹਿ ਵਿਖੈ ਦ੍ਰਿਸਟਾਂਤ ਉਦਾਰ।**

**ਸੂਰਜ ਕੀ ਦੀਪਤ ਹੈ ਜੋਈ। ਤ੍ਰਿਣ ਸਮੁਦਾਇ ਪ੍ਰਕਾਸ਼ੇ ਸੋਈ।**

**ਯਦਯਪਿ ਸੁੱਧ ਪ੍ਰਕਾਸ਼ਕ ਅਹੇ।ਤਦਯਪਿ ਔਰ ਸੰਗ ਮਿਲ ਦਹੇ।**

**ਸੂਰਜ ਕਾਂਤ ਮਣੀ ਕੇ ਮਾਂਹੀ। ਹੋਇ ਅਰੂੜ ਜਲਾਵੇ ਤਾਂਹੀ।**

ਬਿਰਤੀ ਦੇ ਵਿੱਚ ਅਰੂੜ– ਸਥਿਤ ਚੇਤਨ ਹੀ, ਬ੍ਰਹਮ ਆਸ਼੍ਰਿਤ ਅਗਿਆਨ ਦਾ ਨਾਸ਼ਕ ਹੈ। ਬੇਸ਼ਕ ਸ਼ੁੱਧ ਚੇਤਨ ਅਵਿਦਿਆ ਦਾ ਨਾਸ਼ ਨਹੀਂ ਕਰਦਾ ਪਰ **"ਬ੍ਰਹਮ ਨਾਸਤਿ ਬ੍ਰਹਮ ਨਾ ਭਾਤਿ"** ਐਸੀ ਪ੍ਰਤੀਤੀ ਹੋਣ ਕਾਰਨ ਸ੍ਵੈ ਆਸ਼੍ਰਿਤ ਤਮ ਰੂਪ ਅਵਿਦਿਆ ਦਾ ਸਾਖੀ ਹੈ, ਸਾਖੀ ਰੂਪ ਹੋਣ ਕਰਕੇ ਸਾਧਕ ਹੈ ਬਾਧਕ ਨਹੀਂ ਹੈ, ਅਰਥਾਤ ਸ਼ੁੱਧ ਚੇਤਨ ਅਵਿਦਿਆ ਦਾ ਪ੍ਰਕਾਸ਼ਕ ਹੈ ਭਾਵ ਅਵਿਦਿਆ ਵਿੱਚ ਆਪਣੀ ਕੋਈ ਸੱਤਾ ਨਹੀਂ ਹੈ ਬਲਕਿ ਅਵਿਦਿਆ ਵਿੱਚ ਜੋ ਵੀ ਸੱਤਾ ਹੈ ਬ੍ਰਹਮ ਆਸਰੇ ਹੋਣ ਕਰਕੇ ਹੈ। ਅਵਿਦਿਆ ਕਰਕੇ ਜਦੋਂ ਇਹ ਅਨੁਭਵ ਹੁੰਦਾ ਹੈ ਕਿ **"ਬ੍ਰਹਮ ਨਾਸਤਿ–ਬ੍ਰਹਮ ਨਹੀਂ ਹੈ"** ਬ੍ਰਹਮ ਨਾ ਭਾਤਿ ਬ੍ਰਹਮ ਦੀ ਪ੍ਰਤੀਤੀ ਨਹੀਂ ਹੁੰਦੀ। ਇਸ ਪ੍ਰਤੀਤੀ ਦਾ ਸਾਕਸ਼ੀ ਵੀ ਬ੍ਰਹਮ ਹੀ ਹੁੰਦਾ ਹੈ। ਵਿਆਪਕ ਜੋ ਬ੍ਰਹਮ ਚੇਤਨ ਹੈ ਉਸਦੇ ਆਸਰੇ ਹੀ ਅਵਿਦਿਆ ਅਤੇ ਅਵਿਦਿਆ ਦੁਆਰਾ ਰਚਿਤ ਪ੍ਰਪੰਚ ਹੈ, ਇਸ ਕਰਕੇ ਸੁੱਧ ਚੇਤਨ ਅਵਿਦਿਆ ਦਾ ਨਾਸ਼ਕ ਨਹੀਂ ਹੈ ਸਾਕਸ਼ੀ ਹੈ। ਪਰ ਬਿਰਤੀ ਵਿੱਚ ਸਥਿਤ ਚੇਤਨ, ਬਿਰਤੀ ਵਿੱਚ ਸਥਿਤ ਭਾਵ ਅਰੂੜ ਹੋ ਕੇ ਅਵਿਦਿਆ ਦਾ ਨਵਿਰਤਕ ਹੋ ਜਾਂਦਾ ਹੈ ਭਾਵ ਬਾਧਕ ਹੋ ਜਾਂਦਾ ਹੈ।ਜਿਵੇਂ ਸੰਸਾਰੀ ਪ੍ਰਵਿਰਤੀ ਵਿੱਚ ਘਟਾਕਾਰ ਬਿਰਤੀ ਭਾਵ ਘੜੇ ਦੇ ਅਕਾਰ ਵਾਲੀ ਹੋਈ ਬਿਰਤੀ ਵਿੱਚ ਅਰੂੜ ਹੋਇਆ ਚੇਤਨ ਤੂਲਾਵਿਦਿਆ ਦਾ ਨਾਸ਼ਕ ਹੈ।ਭਾਵ ਅਖੰਡਾਕਾਰ ਬ੍ਰਹਮ ਵਿਸ਼ਯਕ ਬਿਰਤੀ ਵਿੱਚ ਅਰੂੜ ਹੋਇਆ ਸੁੱਧ ਚੇਤਨ ਸਮੱਗਰ ਅਵਿਦਿਆ ਦਾ ਨਾਸ਼ ਕਰਦਾ ਹੈ। ਉਸਦੇ ਵਿੱਚ ਪ੍ਰਮਾਣ ਇਸ ਪ੍ਰਕਾਰ ਹੈ:

ਜਿਵੇਂ ਸੂਰਜ ਦਾ ਪ੍ਰਕਾਸ਼ ਘਾਹ ਆਦਿਕ ਬਨਸਪਤੀ ਦਾ ਪ੍ਰਕਾਸ਼ਕ ਹੈ। ਕਿਉਂਕਿ ਸੂਰਜ ਦੇ ਪ੍ਰਕਾਸ਼ ਨਾਲ ਹੀ ਸਾਰੀ ਬਨਸਪਤੀ ਦੇ ਸਰੂਪ ਦਾ ਪ੍ਰਤੱਖ ਦਰਸ਼ ਰੂਪ ਗਿਆਨ ਹੁੰਦਾ ਹੈ। ਪਰ ਸੂਰਜ ਦਾ ਪ੍ਰਕਾਸ਼ ਸਿੱਧਾ ਸਿੱਧਾ ਘਾਹ ਆਦਿਕ ਨੂੰ ਸਾੜਦਾ ਨਹੀਂ ਹੈ।ਪਰ ਸੂਰਯ ਕਾਂਤ ਮਣੀ ਵਿੱਚ ਉਹੀ ਪ੍ਰਕਾਸ਼ ਪੈ ਕੇ ਜਦੋਂ ਘਾਹ ਆਦਿਕ ਤੇ ਪੈਂਦਾ ਹੈ ਤਾਂ ਉਥੇ ਅੱਗ ਬਲ ਪੈਂਦੀ ਹੈ ਤੇ ਘਾਹ ਆਦਿਕ ਦਾ ਸੂਰਯਕਾਂਤ ਮਣੀ ਦੁਆਰਾ ਨਾਸ਼ਕ ਹੈ। ਤਿਵੇਂ ਹੀ ਬਿਰਤੀ ਅਰੂੜ ਭਾਵ ਸਥਿਤ ਸੁੱਧ ਚੇਤਨ ਸ੍ਵੈ ਭਾਸਯ– ਆਪਣੇ ਦੁਆਰਾ ਭਾਸਣ ਵਾਲੇ ਅਗਿਆਨ ਦਾ ਨਵਿਰਤਕ ਹੁੰਦਾ ਹੈ:

**ਪੂਰਵ ਪੱਖੀ: ਨਨੁ ਯਦਪਿ ਅਵਿਦਯਾ ਨਾਸੀ।**

**ਤਦਪਿ ਸੁ ਬਿਰਤ ਰਹੇ ਅਬਿਨਾਸੀ।**

**ਤਾ ਕੋ ਨਾਸ਼ਕ ਔਰ ਨ ਕੋਈ।**

**ਬ੍ਰਿਤ ਅਰੂਢ ਚਿਦ ਆਸਰੇ ਸੋਈ।**

**ਸੋ ਆਸਰੇ ਦਾ ਕਰੇ ਨਾ ਨਾਸ਼**

**ਕਿਹ ਬਿਧ ਹੋਇ ਅਦੁਤੀਯ ਪ੍ਰਕਾਸ਼।**

ਇਹ ਸ਼ੰਕਾ ਪੁਰਵ ਪੱਖੀ ਕਰਦਾ ਹੈ ਕਿ- ਯਦਪਿ ਉੱਪਰ ਦੱਸੇ ਅਨੁਸਾਰ ਅਥਵਾ ਉਪਰ ਦੱਸੀ ਰੀਤੀ ਅਨੁਸਾਰ ਅਵਿਦਿਆ ਦਾ ਨਾਸ਼ ਹੁੰਦਾ ਹੈ। ਪਰ ਫੇਰ ਵੀ ਅਵਿਦਿਆ ਦਾ ਨਾਸ਼ ਹੋਣ ਤੋਂ ਬਾਅਦ ਬਾਕੀ ਬਚੀ ਜੋ ਬਿਰਤੀ ਹੈ ਉਹ ਬਿਰਤੀ ਤਾਂ ਅਬਿਨਾਸੀ ਬਣੀ ਰਹੇਗੀ। ਭਾਵ ਉਸ ਬਿਰਤੀ ਦਾ ਤਾਂ ਨਾਸ਼ ਨਹੀਂ ਹੋਵੇਗਾ। ਕਿਉਂਕਿ ਜਿਸ ਬਿਰਤੀ 'ਚ ਅਰੂੜ ਹੋ ਕੇ, ਚੇਤਨ ਅਵਿਦਿਆ ਦਾ ਨਾਸ਼ ਕਰਦਾ ਹੈ। ਉਹ ਚੇਤਨ ਆਪਣੇ ਆਧਾਰ ਭੂਤ ਬਿਰਤੀ ਦਾ ਨਾਸ਼ ਨਹੀਂ ਕਰ ਸਕਦਾ ਅਤੇ ਬਿਰਤੀ ਅਰੂੜ-ਸਥਿਤ ਚੇਤਨ ਤੋਂ ਬਿਨਾਂ ਹੋਰ ਕੋਈ ਉਸਦਾ ਨਾਸ਼ਕ ਹੈ ਨਹੀਂ ਅਰਥਾਤ ਨਾਸ਼ ਨਹੀਂ ਕਰ ਸਕਦਾ। ਇਸ ਪ੍ਰਕਾਰ ਚੇਤਨ ਦੇ ਅਰੂੜ ਹੋਣ ਯੋਗ ਬਿਰਤੀ ਦੇ ਬਣੇ ਰਹਿਣ ਕਾਰਨ ਅਦ੍ਵੈਤ ਬ੍ਰਹਮ ਦਾ ਪ੍ਰਕਾਸ਼ ਕਿਸ ਤਰ੍ਹਾਂ ਹੋਵੇਗਾ? ਅਰਥਾਤ ਬਿਜਾਤੀ ਪ੍ਰਤੀਯੋਗਿਕ ਭੇਦ ਵਸ਼ਿਸ਼ਟ ਬ੍ਰਹਮ ਦਾ ਅਖੰਡਾਕਾਰ ਗਿਆਨ ਸੰਭਵ ਨਹੀਂ।

**ਭਾਵ**

**ਸਿਧਾਂਤੀ: ਬਿਰਤ ਅਰੂੜ ਆਹੇ ਚਿਦ ਜੋਈ। ਬਿਰਤ ਬਿਨਾਸ਼ ਕਰੇ ਇਹ ਸੋਈ।**

**ਕਿੰਚਤ ਕਾਸਟ ਮੈਂ ਹੋਇ ਅਰੂੜ।ਪਾਵਕ ਹੋਇ ਜਗਤ ਸੋ ਰੁਢ**

**ਕਾਸਟ ਬੈਠ ਜਲਾਵੈ ਗ੍ਰਾਮ। ਨਗਰਨ ਕੋ ਕਛ ਰਹੇ ਨ ਨਾਮ।**

**ਅਗਨ ਅਧਾਰ ਦਾਰ ਹੈ ਜੋਈ।ਤਾਂਹਿ ਜਲਾਵੇ ਅਗਨੀ ਸੋਈ।**

**ਜੈਸੇ ਯੇਹ ਤੈਸੇ ਹੀ ਗਿਆਨ। ਭਲੀ ਪ੍ਰਕਾਸ ਸੋ ਮਨ ਮੇਂ ਆਨ।**

**ਚਰਮ ਬਿਰਤ ਭਵ ਭੀਤਰ ਜੋਈ।ਤਾਂਮੋ ਰੁਢ ਹੋਇ ਚਿਦ ਸੋਈ।**

**ਨਿਖਲ ਦੈਤ ਦਾ ਕਰੇ ਬਿਨਾਸ। ਬਿਰਤ ਬਿਨਾਸਕ ਵਹੀ ਪ੍ਰਕਾਸ਼**

**ਬਿਰਤ ਸਮੇਤ ਦੈਤ ਕੋ ਨਾਸ਼।ਘਨਾ ਨੰਦ ਚਿਦ ਏਕ ਪ੍ਰਕਾਸ਼।**

ਬਿਰਤੀ ਵਿੱਚ ਅਰੂੜ-ਸਥਿਤ ਹੋਇਆ ਚੇਤਨ ਹੀ ਆਪਣੇ ਆਸਰਾ ਰੂਪ ਬਿਰਤੀ ਦਾ ਨਾਸ਼ਕ ਹੁੰਦਾ ਹੈ। ਬਿਰਤੀ ਸਥਿਤ ਚੇਤਨ ਅਵਿਦਿਆ ਸਹਿਤ ਬਿਰਤੀ ਦਾ ਬਾਧਕ ਹੈ। ਇਸ ਵਿੱਚ ਪ੍ਰਮਾਣ ਕਥਨ ਕਰਦੇ ਹਨ: ਜਿਸ ਪ੍ਰਕਾਰ ਕਿਸੇ ਲੱਕੜ ਵਿੱਚ ਅਰੂੜ ਹੋ ਕੇ, ਅਗਨੀ ਘਾਹ ਆਦਿਕ ਨਾਲ ਸੰਬੰਧ ਕਰਕੇ ਪ੍ਰਚੰਡ ਰੂਪ ਵਿੱਚ ਤੇਜ ਹੋ ਕੇ ਪਿੰਡਾਂ ਨਗਰਾਂ ਆਦਿਕਾਂ ਨੂੰ ਸਾੜ ਕੇ ਸੁਆਹ ਕਰਕੇ ਰੱਖ ਦਿੰਦੀ ਹੈ। ਪਿੰਡਾਂ ਨਗਰਾਂ ਨੂੰ ਤਾਂ ਅੱਗ ਸਾੜਦੀ ਹੀ ਹੈ ਲੇਕਿਨ

ਆਪਣੇ ਆਸਰੇ ਲੱਕੜ ਨੂੰ ਵੀ ਸਾੜ ਕੇ ਸੁਆਹ ਕਰ ਦਿੰਦੀ ਹੈ। ਜਿਸ ਲੱਕੜ ਦੇ ਸਹਾਰੇ ਇਹ ਪ੍ਰਚੰਡ ਅਗਨੀ ਬਲਦੀ ਹੈ ਉਸ ਲੱਕੜ ਨੂੰ ਸਾੜਨ ਲਈ ਅੱਗ ਨੂੰ ਕਿਸੇ ਹੋਰ ਸਾਧਨ ਦੀ ਸਹਾਇਤਾ ਦੀ ਲੋੜ ਨਹੀਂ ਹੁੰਦੀ। ਜਿਸ ਲੱਕੜ ਦੇ ਸਹਾਰੇ ਇਹ ਅੱਗ ਬਲਦੀ ਹੁੰਦੀ ਹੈ। ਉਸ ਲੱਕੜ ਰੂਪ ਆਪਣੇ ਸਹਾਰੇ ਨੂੰ ਬਲਦੇ ਬਲਦੇ ਹੀ ਸਾੜ ਕੇ ਸੁਆਹ ਕਰ ਦਿੰਦੀ ਹੈ।

ਵੈਸੇ ਹੀ ਬਿਰਤੀ ਅਰੂੜ ਚੇਤਨ ਅਗਿਆਨ ਅਤੇ ਉਸਦੇ ਕਾਰਜ ਦਾ ਅਤਿਅੰਤ ਨਾਸ਼ ਕਰ ਦਿੰਦਾ ਹੈ। ਉਸਨੂੰ ਬਿਰਤੀ ਦਾ ਬਾਧ ਕਰਨ ਲਈ ਲੱਕੜ ਦੇ ਆਸ੍ਰਿਤ ਅਗਨੀ ਵਾਂਗ ਕਿਸੇ ਹੋਰ ਸਾਧਨ ਦੀ ਜਰੂਰਤ ਨਹੀਂ ਹੈ। ਅਖੀਰ ਨਿਚੋੜ ਇਹ ਨਿਕਲਦਾ ਹੈ ਕਿ ਚਰਮ ਬਿਰਤੀ- ਮਹਾਂਵਾਕ ਤੋਂ ਉਤਪੰਨ ਹੋਈ ਅਖੰਡ ਬ੍ਰਹਮਾਕਾਰ ਬਿਰਤੀ ਵਿੱਚ ਸਥਿਤ ਸਾਕਸ਼ੀ ਰੂਪ ਸੁੱਧ ਚੇਤਨ ਸਮੂਹ ਦ੍ਵੈਤ ਦਾ ਨਾਸ਼ ਕਰਕੇ ਸ੍ਵੈ ਭਾਵ ਆਪਣੇ ਆਸਰਾ ਰੂਪ ਬਿਰਤੀ ਦਾ ਵੀ ਬਾਧ ਕਰ ਦਿੰਦਾ ਹੈ ਭਾਵ ਬਿਰਤੀ ਸਥਿਤ ਚੇਤਨ ਹੀ ਦ੍ਵੈਤ ਸਮੇਤ ਬਿਰਤੀ ਦਾ ਬਾਧਕ ਹੈ ਅਤੇ ਜਦੋਂ ਅਵਿਦਿਆ ਸਹਿਤ ਬਿਰਤੀ ਮਿਟ ਜਾਂਦੀ ਹੈ ਤਾਂ ਹਿਰਦੇ ਅੰਦਰ ਇਕ ਰਸ ਪ੍ਰਕਾਸ਼ ਸਰੂਪ ਚੇਤਨ ਪ੍ਰਕਾਸ਼ਮਾਨ ਹੋ ਜਾਂਦਾ ਹੈ। ਅਵਿਦਿਆ ਖਤਮ ਹੋ ਬ੍ਰਹਮ ਦਾ ਪ੍ਰਕਾਸ਼ ਜਦੋਂ ਹਿਰਦੇ ਵਿੱਚ ਹੋ ਜਾਵੇ ਉਸਨੂੰ ਵਿਦਿਆ ਕਿਹਾ ਜਾਂਦਾ ਹੈ। ਬਿਰਤੀ ਦਾ ਨਵਿਰਤ ਹੋਣਾ, ਬਾਧ ਹੋਣਾ, ਮਿਟ ਜਾਣਾ, ਵਿਲੈਅ ਹੋਣਾ ਅਥਵਾ ਬ੍ਰਹਮ ਸਰੂਪ 'ਚ ਲੀਨ ਹੋਣਾ ਇਨ੍ਹਾਂ ਸਾਰੇ ਸਬਦਾਂ ਦਾ ਭਾਵ ਅਰਥ ਇਕੋ ਹੀ ਹੁੰਦਾ ਹੈ।

## ਬੰਧਨ

**ਚੌਪਈ:ਤਨ ਇੰਦ੍ਰੀ ਮਨ ਪ੍ਰਾਣ ਅਨਾਤਮ।**

ਸਰੀਰ ਅਥਵਾ ਸਰੀਰ ਦੀਆਂ ਇੰਦ੍ਰੀਆਂ, ਅੰਤਸ਼ਕਰਣ ਚਤੁਸਟੈ ਸੰਯੁਕਤ ਮਨ ਅਤੇ ਪੰਜੇ ਹੀ ਪ੍ਰਾਣ ਇਹ ਸਭ ਅਨਾਤਮ ਪਦਾਰਥ ਹਨ ਭਾਵ **"ਨਾ ਆਤਮਾ ਇਤੀ ਅਨਾਤਮਾ"** ਜੋ ਆਤਮਾ ਨਾ ਹੋਵੇ ਉਸਨੂੰ ਅਨਾਤਮਾ ਕਹਿੰਦੇ ਹਨ।

**ਇਸ ਸੰਘਾਤ ਵਿਖੈ ਬੁਧਿ ਆਤਮ।**

ਇਸ ਸੰਘਾਤ ਰੂਪ ਸਮੂਹ ਦੇ ਵਿੱਚ ਭਾਵ ਇਹਨਾਂ ਸਾਰਿਆਂ ਦੇ ਵਿੱਚ ਬੁੱਧਿ ਆਤਮ=ਆਤਮ ਬੁੱਧੀ ਕਰਨੀ, ਇਹਨਾਂ ਨੂੰ ਹੀ ਆਪਣਾ ਸਰੂਪ ਸਮਝਣਾ ਕਿ ਇਹ ਸਰੀਰ ਮਨ ਇੰਦਰੇ ਆਦਿਕ ਹੀ ਮੇਰਾ ਸਰੂਪ ਅਥਵਾ ਆਤਮਾ ਹਨ।

**ਬੰਧਨ ਇਹੀ, ਸਦਾ ਦੁਖ ਕਾਰਣ। ਅਹੰ ਦੇਹ, ਲਖਿ ਕਰਹਿ ਉਚਾਰਣ।੧੧।**

ਸਦਾ-ਸਦੈਵ ਦੁਖ ਦਾ ਕਾਰਨ ਇਹੀ ਹੈ ਕਿ ਅਹੰ ਦੇਹ-ਮੈਂ ਦੇਹ ਹਾਂ ਅਰਥਾਤ ਇਹ ਕਹਿਣਾ ਸਮਝਣਾ ਤੇ ਮੰਨਣਾ ਕਿ ਮੈਂ ਸਰੀਰ ਹਾਂ ਭਾਵ ਆਪਣੇ ਸਰੂਪ ਨੂੰ ਦੇਹ ਜਾਣਕੇ ਮੰਨਣਾ ਅਥਵਾ ਆਪਣੀ ਦੇਹ ਨੂੰ ਹੀ ਆਤਮਾ ਕਰਕੇ ਮੰਨਣਾ, ਇਹੀ ਬੰਧਨ ਹੈ।

### ਭਾਵ ਅਰਥ

ਤਿੰਨੇ ਹੀ ਸਰੀਰਾਂ ਅਰਥਾਤ ਪੰਜ ਕੋਸ਼ਾਂ ਦੇ ਵਿੱਚ ਆਤਮ ਬੁੱਧੀ ਧਾਰਨ ਕਰਨੀ ਅਤੇ ਆਪਣੇ ਸਰੂਪ ਨੂੰ ਦੇਹ ਕਰਕੇ ਮੰਨਣਾ ਕਿ ਦੇਹ ਹੀ ਮੇਰਾ ਸਰੂਪ ਹੈ ਇਹੀ ਬੰਧਨ ਹੈ। ਜੇਕਰ ਇੱਥੇ ਬੰਧਨ ਕੀ ਹੈ? ਇਸ ਦੀ ਵਿਆਖਿਆ ਵਿਸਥਾਰ ਨਾਲ ਕਰਦੇ ਹਾਂ ਤਾਂ ਵਿਸਥਾਰ ਬਹੁਤ ਜ਼ਿਆਦਾ ਹੋ ਜਾਵੇਗਾ। ਇਸ ਕਰਕੇ ਨਿਚੋੜ ਰੂਪ ਵਿੱਚ ਕਥਨ ਕਰਦੇ ਹਾਂ

ਕਿ ਹਰ ਅਨਾਤਮਾਕਾਰ ਬਿਰਤੀ ਹੀ ਬੰਧਨ ਹੈ। ਵੇਦਾਂਤ ਗ੍ਰੰਥਾਂ ਅੰਦਰ ਬੰਧਨ ਦੇ ਸਰੂਪ ਬਾਰੇ ਇਸ ਤਰ੍ਹਾਂ ਕਥਨ ਕੀਤੇ ਮਿਲਦੇ ਹਨ:

**ਆਤਮ ਪ੍ਰਤੀਤੀ ਅਨਾਤਮ ਮੇਂ, ਹਿਰਦੈ ਅਗਿਆਨ ਸਬੰਧ।**

**ਦ੍ਰਿਸਟਾ ਕਾ ਜੋ ਦ੍ਰਿਸ਼ ਸੇ, ਹੈ ਸਬੰਧ ਸੋ ਬੰਧ । (ਵੇਦਾਂਤ ਭਾਸ਼ਾ)**

## ਟੀਕਾਕਾਰੋ ਵਾਚ

**ਅਨਾਤਮ ਕੋ ਜੋ ਆਤਮ ਕਰਿ ਮਾਨਤ ਹੈਂ।**

**ਬੰਧਨ ਕੋ ਸਰੂਪ ਯੇ ਬੇਦ ਬਖਾਨਤ ਹੈਂ।**

**ਦੋਹਰਾ: ਅਭੱਜਾਸੈ ਗੁਰ ਸ਼ਬਦ ਕੋ ਮਿਟਹਿ ਦੇਹਿ ਅਭਿਮਾਨ।**

ਗੁਰ ਸ਼ਬਦ ਦਾ ਅਭਿਆਸ ਕਰਨ ਨਾਲ ਦੇਹ ਦਾ ਅਭਿਮਾਨੀ ਹੋਣਾ ਮਿਟ ਜਾਂਦਾ ਹੈ ਅਥਵਾ ਦੇਹ ਅਭਿਮਾਨ–ਦੇਹ ਦੇ ਵਿੱਚ ਜੋ ਆਤਮ ਭਾਵ ਨੂੰ ਧਾਰਨ ਕਰਨਾ ਭਾਵ ਅਨਾਤਮਾ ਵਿੱਚ ਆਤਮਾ ਦੇ ਅਧਿਆਸ ਦਾ ਹੋਣਾ ਇਹ ਸਭ ਗੁਰ ਸ਼ਬਦ ਅਭਿਆਸ ਨਾਲ ਖਤਮ ਹੋ ਜਾਂਦਾ ਹੈ। ਦੇਹ ਅਭਿਮਾਨ ਅਤੇ ਦੇਹ ਅਭਿਮਾਨ ਨੂੰ ਧਾਰਨ ਕਰਨ ਵਾਲਾ ਦੋਵੇਂ ਹੀ ਮਿਟ ਜਾਂਦੇ ਹਨ।

**ਭਾਵ ਅਰਥ**

**ਸ਼ੰਕਾ:** ਕੀ ਦੇਹ ਅਭਿਮਾਨ ਅਤੇ ਦੇਹ ਅਭਿਮਾਨੀ ਦੇ ਮਿਟਣ ਨਾਲ ਸਭ ਕੁੱਝ ਮਿਟ ਜਾਂਦਾ ਹੈ ਜਾਂ ਕੁੱਝ ਬਚਦਾ ਵੀ ਹੈ?

**ਸਮਾਧਾਨ:**ਅਨਾਤਮਾ ਦਾ ਅਭਾਵ ਹੋਣ ਨਾਲ ਆਤਮ ਸਰੂਪ ਦਾ ਅਭਾਵ ਨਹੀਂ ਹੁੰਦਾ। ਉਹ ਆਤਮਾ ਉਸੇ ਤਰ੍ਹਾਂ ਹੀ ਰਹਿੰਦਾ ਹੈ, ਜਿਸ ਤਰ੍ਹਾਂ ਪਹਿਲਾਂ ਸੀ ਕਿਉਂਕਿ ਅਨਾਤਮਾ ਦਾ ਅਭਾਵ ਹੋਣ ਨਾਲ ਆਤਮਾ ਵਿੱਚ ਕੋਈ ਤਬਦੀਲੀ ਜਾਂ ਵਿਕਾਰ ਉਤਪੰਨ ਨਹੀਂ ਹੁੰਦਾ ਭਾਵ ਆਤਮਾ ਵਿਕਾਰ ਵਿਕਾਰੀ ਭਾਵ ਤੋਂ ਰਹਿਤ ਪ੍ਰਕਾਸ਼ ਸਰੂਪ ਹੈ।

**ਸਤ ਚੇਤਨ ਆਨੰਦ ਮਯ ਮੁਕਤਿ ਸੁਜਾਨ ਸੁਜਾਨ ।੧੨।**

ਸੁਜਾਨ ਪੁਰਸ਼ ਆਤਮਾ ਨੂੰ ਸਤ ਚਿਤ ਅਨੰਦ ਸਰੂਪ ਕਥਨ ਕਰਦੇ ਹਨ। ਜਦੋਂ ਜੀਵ ਭਾਵ ਦਾ ਅਭਾਵ ਹੋ ਜਾਂਦਾ ਹੈ ਤਾਂ ਅਨਾਤਮ ਭਾਵ ਦੇ ਅਭਾਵ ਹੋ ਜਾਣ ਨਾਲ ਸੱਤ ਚਿਤ ਅਨੰਦ ਸਰੂਪ ਬ੍ਰਹਮ ਦਾ ਸਾਖਜ਼ਾਤਕਾਰ ਹੋ ਜਾਂਦਾ ਹੈ। ਸਰੂਪ ਦੇ ਪ੍ਰਤੱਖ ਅਨੁਭਵ ਰੂਪ ਸਾਖਯਾਤ ਹੋ ਜਾਣ ਨੂੰ ਸ੍ਰੇਸ਼ਟ ਮੱਤੀ ਵਾਲੇ ਪੁਰਸ਼ ਮੁਕਤੀ ਆਖਦੇ ਹਨ।

**ਸਹਿਤ ਅਵਿਦਯਾ ਹੇਤੂ ਦੁਖ, ਕਾਰਯ ਪ੍ਰਪੰਚ ਨਸਾਤ।**

**ਪ੍ਰਾਪਤੀ ਪਰਮਾਨੰਦ ਕੀ ਮੋਖ ਸਰੂਪ ਕਹਾਤ।**

# ਜਾਗ੍ਰਤ ਅਵਸਥਾ

**ਸ੍ਵੈਯਾ ਛੰਦ– ਅੱਧਯਾਤਮ ਗੋ ਰੂਪ ਚਤਰਦਸ, ਇਤੇ ਬਿਖਯ ਅਧਭੂਤ ਸੁਜਾਨ।**

ਚੌਦਾਂ ਇੰਦਰੀਆਂ ਦੇ ਸਮੂਹ ਨੂੰ ਅਧਿਆਤਮ ਕਹਿੰਦੇ ਹਨ। ਇਨ੍ਹਾਂ ਚੌਦਾਂ ਇੰਦਰੀਆਂ ਦੇ ਚੌਦਾਂ ਹੀ ਵਿਸ਼ੇ ਹਨ ਉਹਨਾਂ ਨੂੰ ਸੁਜਾਨ ਪੁਰਖ ਅਧਿਭੂਤ ਨਾਮ ਨਾਲ ਕਥਨ ਕਰਦੇ ਹਨ।

**ਇਨਹੁਂ ਦੇਵ ਅਧਿਦੇਵ ਚਤਰਦਸ, ਬਜਾਲੀ ਫੁਰਹਿਂ ਭਾਵ ਬਿਦਮਾਨ॥**

ਇਹਨਾਂ ਦੇ ਦੇਵਤੇ ਵੀ ਚੌਦਾਂ ਹੀ ਹਨ ਜਿਨ੍ਹਾਂ ਨੂੰ ਅਧਿਦੇਵ ਕਹਿੰਦੇ ਹਨ। ਜਿਸ ਅਵਸਥਾ ਵਿੱਚ ਇਹ ਬਿਆਲੀ ਭਾਵ ਸੰਫੁਰਨ ਹੋਣ ਅਥਵਾ ਚੌਦਾਂ ਇੰਦਰੀਆਂ, ਚੌਦਾਂ ਇੰਦਰੀਆਂ ਦੇ ਵਿਸ਼ੇ ਚੌਦਾਂ ਹੀ ਇਹਨਾਂ ਦੇ ਦੇਵਤੇ ਇਹ ਬਿਆਲੀ ਚੀਜਾਂ ਜਦੋਂ ਇਕੱਠੀਆਂ ਸੰਫੁਰਨ ਹੋਣ ।

# ਸੁਖਪਤਿ ਸੁਪਨ ਅਭਾਵ

ਜਿਸ ਵਿੱਚ ਸੁਖੋਪਤੀ=ਗਾੜ੍ਹ ਨਿੰਦ੍ਰਾ ਅਤੇ ਸੁਪਨ ਅਵਸਥਾ ਦਾ ਅਭਾਵ ਹੋਵੇ, ਜਿਸ ਵਿੱਚ ਨਾ ਸੁਖੋਪਤੀ ਹੋਵੇ ਅਤੇ ਨਾ ਹੀ ਸੁਪਨ ਅਵਸਥਾ ਹੋਵੇ।

**ਫੁਰੈਗਨ ਮੂਰਤਿ ਬਜਸ਼੍ਰਿ, ਸਮਸ਼੍ਰਿ ਪਛਾਨ।**

ਜਿਸ ਵਿੱਚ ਵਿਅਸਟੀ ਭੇਦ ਕਰਕੇ ਸਾਰੀਆਂ ਮੂਰਤਾਂ ਫੁਰੈਗਨ=ਸੰਫੁਰਨ ਹੁੰਦੀਆਂ ਹਨ। ਵਿਅਸਟੀ ਨਾਮ ਇੱਕ ਦਾ ਹੈ, ਇਕੱਲੇ ਇਕੱਲੇ ਜੀਵ ਨੂੰ ਵਿਅਸਟੀ ਭੇਦ ਕਰਕੇ ਕਥਨ ਕੀਤਾ ਜਾਂਦਾ ਹੈ। ਜਦੋਂ ਸਾਰਿਆਂ ਨੂੰ ਇਕੱਠਿਆਂ ਕਥਨ ਕਰਨਾ ਹੋਵੇ ਉਦੋਂ ਸਮਸਟੀ ਕਹਿ ਕੇ ਕਥਨ ਕੀਤਾ ਜਾਂਦਾ ਹੈ। ਇਹਨਾਂ ਸਾਰੀਆਂ ਸੰਫੁਰਨ ਮੂਰਤਾਂ ਦੇ ਸਮੂਹ ਨੂੰ ਸਮਸਟੀ ਪਛਾਣ ਲਓ।

**ਫੁਰੈ ਸਰਬ ਸਾਖੀ ਮਹਿਂ ਜਾਗ੍ਰਤਿ ਵਿਸ਼੍ਵ ਅਭਿਮਾਨੀ ਕੀ ਲਿਹੁ ਮਾਨਿ।੧੩।**

ਜਿਸ ਸਮੇਂ ਜਾਗ੍ਰਤ ਅਵਸਥਾ ਵਿੱਚ ਇਹ ਸਾਰੇ ਬਿਆਲੀ ਭਾਵ ਸਾਖੀ ਦੇ ਵਿੱਚ ਸੰਫੁਰਨ ਹੁੰਦੇ ਹਨ। ਉਸ ਜਾਗ੍ਰਤ ਅਵਸਥਾ ਨੂੰ ਵਿਸ਼ਵ ਅਭਿਮਾਨੀ ਦੀ ਮੰਨ ਲਉ ਅਥਵਾ ਇਸ ਅਵਸਥਾ ਦੇ ਅਭਿਮਾਨੀ ਨੂੰ ਵਿਸ਼ਵ ਨਾਮਾ ਜੀਵ ਮੰਨ ਲਉ।

**ਭਾਵ ਅਰਥ**

**ਜਾਗਤ ਹੈ ਨਰ ਜਾਹਿ ਮੈ ਸੋ ਜਾਗ੍ਰਤ ਨਿਰਧਾਰ। ਚੌਦਾਂ ਤ੍ਰਿਪੁਟੀ ਸੈ ਜੋ ਹੈ, ਤਾਮੈ ਸਭ ਵਿਵਹਾਰ।**
**ਚੌਂਦਾ ਇੰਦਰੇ ਦੇਵਤਾ ਅਧਿਆਤਮ ਅਧਿਦੇਵ। ਸ਼ਬਦਾਇਕ ਅਧਿਭੂਤ ਯੇ ਚੌਦਾਂ ਤ੍ਰਿਪੁਟੀ ਭੇਦ।**

**(ਵੇਦਾਂਤ ਬੋਧ)**

ਜਿਸ ਅਵਸਥਾ ਵਿੱਚ ਚੌਦਾਂ ਦੀ ਤ੍ਰਿਪੁਟੀ ਨਾਲ ਸਾਰਾ ਵਿਵਹਾਰ ਹੁੰਦਾ ਹੈ ਅਰਥਾਤ ਚੌਦਾਂ ਇੰਦਰੇ, ਚੌਦਾਂ ਇਹਨਾਂ ਦੇ ਵਿਸ਼ੇ ਅਤੇ ਚੌਦਾਂ ਹੀ ਇਹਨਾਂ ਦੇ ਦੇਵਤੇ ਇਹ ਬਿਆਲੀ ਭਾਵ ਜਿਥੇ ਇਕੱਠੇ ਸੰਫੁਰਨ ਹੁੰਦੇ ਹਨ ਭਾਵ ਇਹਨਾਂ ਦੇ ਨਾਲ ਜਿਸ ਅਵਸਥਾ ਵਿੱਚ ਸਾਰਾ ਵਿਵਹਾਰ ਹੁੰਦਾ ਹੈ ਉਸਨੂੰ ਜਾਗ੍ਰਤ ਅਵਸਥਾ ਕਿਹਾ ਜਾਂਦਾ ਹੈ, ਜਿਸ ਅਵਸਥਾ ਵਿੱਚ ਸਾਰੇ

ਮਨੁੱਖ ਜਾਗਦੇ ਹਨ ਅਤੇ ਜਾਗ ਕੇ ਸਾਰੇ ਕਾਰ ਵਿਹਾਰ ਆਦਿ ਕਰਦੇ ਹਨ ਉਸਨੂੰ ਜਾਗ੍ਰਤ ਅਵਸਥਾ ਕਿਹਾ ਜਾਂਦਾ ਹੈ।

ਚੌਦਾਂ ਇੰਦਰਿਆਂ ਦੇ ਸਮੂਹ ਨੂੰ ਅਧਿਆਤਮ ਚੌਦਾਂ ਦੇਵਤਿਆਂ ਦੇ ਸਮੂਹ ਨੂੰ ਅਧਿਦੇਵ ਅਤੇ ਚੌਦਾਂ ਵਿਸ਼ਿਆਂ ਦੇ ਸਮੂਹ ਨੂੰ ਅਧਿਭੂਤ ਕਹਿੰਦੇ ਹਨ ਅਤੇ ਇਹਨਾਂ ਸਾਰਿਆਂ ਨੂੰ ਇਕੱਠ ਰੂਪ 'ਚ ਤ੍ਰਿਪੁਟੀ ਕਹਿੰਦੇ ਹਨ। ਜੇਕਰ ਚੌਦਾਂ ਇੰਦਰਿਆਂ ਨੂੰ ਇਕੱਠਿਆਂ ਸੰਖੇਪ ਵਿੱਚ ਕਹਿਣਾ ਹੋਵੇ ਤਾਂ ਸਿਰਫ ਅਧਿਆਤਮ ਸ਼ਬਦ ਦੇ ਕਹਿਣ ਨਾਲ ਸਾਰੇ ਇੰਦਰੇ ਹੀ ਕਹੇ ਜਾਣਗੇ। ਹੁਣ ਇਹਨਾਂ ਸਾਰਿਆਂ ਦੀ ਤ੍ਰਿਪੁਟੀ ਦਾ ਚਾਰਟ ਬਣਾ ਕੇ ਇੱਥੇ ਦੇ ਰਹੇ ਹਾਂ ਤਾਂ ਕਿ ਸੌਖਾ ਸਮਝ ਆ ਸਕੇ।

## ਜਾਗ੍ਰਤ ਦੀ ਸਮੱਗਰੀ

**ਨੇਤ੍ਰ ਥਾਨ ਸ਼ਕਤੀ ਕ੍ਰਿਆ ਵਾਕ ਬੈਖਰੀ ਜਾਨ। ਸਥੂਲ ਭੋਗ ਗੁਣ ਸਤ੍ਹ ਹੈ ਵਿਸ਼ਵ ਜੀਵ ਅਭਿਮਾਨ।**

ਜਾਗ੍ਰਤ ਅਵਸਥਾ ਵਿੱਚ ਚਿਦਾਭਾਸ਼ ਰੂਪ ਜੀਵ ਦਾ ਨੇਤ੍ਰ ਸਥਾਨ ਹੈ ਪੰਜਵੀਂ ਰੁੱਤ ਵਿੱਚ ਹੀ ਅੱਗੇ ਸੱਜੇ ਨੇਤ੍ਰ ਵਿੱਚ ਆਇਆ ਹੈ। ਭਾਵ ਸੱਜੇ ਨੇਤ੍ਰ ਵਿੱਚ ਚਿਦਾਭਾਸ਼ ਰੂਪ ਜੀਵ ਜਾਗ੍ਰਤ ਅਵਸਥਾ ਵਿੱਚ ਨਿਵਾਸ ਰੱਖਦਾ ਹੈ। ਬੇਸ਼ੱਕ ਜਾਗ੍ਰਤ ਅਵਸਥਾ ਵਿੱਚ ਉਹ ਸਾਰੇ ਸਰੀਰ ਵਿੱਚ ਵੀ ਵਿਆਪਤ ਹੈ, ਪਰ ਫਿਰ ਵੀ ਉਸਦਾ ਵਿਸ਼ੇਸ਼ ਸਥਾਨ ਨੇਤ੍ਰ ਵਿੱਚ ਹੈ। ਇਸ ਕਰਕੇ ਨੇਤ੍ਰ ਸਥਾਨ ਕਿਹਾ ਜਾਂਦਾ ਹੈ। ਕਿਰਿਆ ਉਸਦੀ ਸ਼ਕਤੀ ਹੈ। ਬਾਣੀ ਉਸਦੀ ਬੈਖਰੀ ਹੈ, ਸਥੂਲ ਉਸਦਾ ਭੋਗ ਹੈ। ਸਤੋ ਗੁਣ ਹੈ ਅਤੇ ਇਸ ਜਾਗ੍ਰਤ ਅਵਸਥਾ ਦੇ ਅਭਿਮਾਨੀ ਜੀਵ ਦਾ ਨਾਮ ਵਿਸ਼ਵ ਹੈ।

## ਸੁਪਨ ਅਵਸਥਾ

**ਥੂਲ ਸਰੀਰ ਨ ਥੂਲ ਵਿਖਯ ਨਹਿਂ ਸੁਖਪਤਿ ਕੋ ਅਭਾਵ ਜਿਸ ਮਾਂਹਿ।**

ਜਿਸ ਅਵਸਥਾ ਵਿੱਚ ਨਾ ਤਾਂ ਸਥੂਲ ਸਰੀਰ ਹੈ ਅਤੇ ਨਾ ਹੀ ਸਥੂਲ ਵਿਸ਼ੇ ਹਨ। ਸੁਖੋਪਤੀ ਭਾਵ ਗੂੜ੍ਹੀ ਨੀਂਦ ਦਾ ਜਿਸ ਵਿੱਚ ਅਭਾਵ ਹੈ ਅਥਵਾ ਜਿਸ ਵਿੱਚ ਗੂੜ੍ਹੀ ਨੀਂਦ ਵੀ ਨਹੀਂ ਹੈ।

**ਜੇ ਚੌਦਹਿ ਅੱਧਜਾਤਮਾਦਿ ਕੀ ਰਹਤਿ ਸਮੱਗ੍ਰ ਵਾਸ਼ਨਾ ਜਾਂਹਿ।**

ਜਿਹੜੇ ਚੌਦਾਂ ਅਧਿਆਤਮਾਦਿ=ਚੌਦਾਂ ਇੰਦਰੇ ਚੌਦਾਂ ਇਹਨਾਂ ਦੇ ਵਿਸ਼ੇ ਅਤੇ ਚੌਦਾਂ ਇਹਨਾਂ ਦੇ ਪ੍ਰਕਾਸ਼ਕ ਦੇਵਤੇ, ਅਰਥਾਤ ਅਧਿਆਤਮਾਦਿ 42 ਭਾਵ ਸੰਪੂਰਨ ਹੋਣ ਸਮੇਂ ਦੀਆਂ ਜਿਸ ਵਿੱਚ ਸਾਰੀਆਂ ਵਾਸ਼ਨਾਵਾਂ ਰਹਿੰਦੀਆਂ ਹਨ।

**ਅਵਿਦੱਜਾ ਮਯ ਸੂਖਮ ਵਿਵਹਾਰ ਜੁ, ਫੂਰੈ ਅਮੂਰਤਿ ਸਾਖੀ ਮਾਂਹਿ।**

ਇਹ ਜੋ ਅਵਿਦਿਆ ਮਈ ਸੂਖਮ ਵਿਵਹਾਰ ਹੈ, ਇਹ ਫੁਰੈ ਭਾਵ ਸੰਪੂਰਨ ਹੋ ਰਿਹਾ ਹੈ ਸਾਖੀ ਮਾਂਹਿ= ਸਾਖੀ ਦੇ ਵਿੱਚ ਅਥਵਾ ਇਸ ਅਵਿਦਿਆ ਮਈ ਸੂਖਮ ਵਿਵਹਾਰ ਨੂੰ ਸਾਖੀ ਪ੍ਰਕਾਸ਼ ਰਿਹਾ ਹੈ। ਸਾਖੀ ਦੀ ਚੇਤਨ ਸੱਤਾ ਕਰਕੇ ਸਭ ਵਿਵਹਾਰ ਹੁੰਦਾ ਹੈ।

**ਤੈਜਸ ਅਭਿਮਾਨੀ ਕੀ ਜਾਨਹੁ, ਸੁਪਨਾਵਸਥਾ ਕਹੀਯੈ ਤਾਂਹਿ ।੧੪।**

ਤੈਜਸ ਅਭਿਮਾਨੀ ਦੀ ਅਵਸਥਾ ਜਾਣੋ, ਉਸਨੂੰ ਸੁਪਨ ਅਵਸਥਾ ਕਿਹਾ ਜਾਂਦਾ ਹੈ।ਸੁਪਨ ਅਵਸਥਾ ਦੇ ਜਾਣਨਹਾਰ ਨੂੰ ਤੈਜਸ ਨਾਮਾ ਜੀਵ ਕਿਹਾ ਜਾਂਦਾ ਹੈ।

## ਭਾਵ ਅਰਥ

**ਜਾਗਤ ਮੈਂ ਅਨੁਭਵ ਕੀਏ ਵਿਸ਼ੇ ਵਾਸ਼ਨਾ ਜਾਸ। ਗਿਆਨ ਵਿਸ਼ੇ ਦੋ ਰੂਪ ਹੈਂ ਸ੍ਵਪਨ ਕਹੀਜੈਂ ਤਾਸ।**

**(ਵੇਦਾਂਤ ਬੋਧ ਗ੍ਰੰਥ)**

ਜਾਗ੍ਰਤ ਅਸਵਥਾ ਵਿੱਚ ਜੋ ਕੰਨਾਂ ਨਾਲ ਸੁਣਿਆ, ਅੱਖਾਂ ਨਾਲ ਦੇਖਿਆ, ਅਤੇ ਹੋਰ ਦੂਜੇ ਇੰਦਰਿਆਂ ਨਾਲ ਵੀ ਜੋ ਅਨੁਭਵ ਕੀਤਾ ਉਸ ਅਨੁਭਵ ਨਾਲ ਜਿਹੜਾ ਵਿਸ਼ਿਆਂ ਦਾ ਗਿਆਨ ਹੋਇਆ, ਉਸ ਵਿਸ਼ਿਆਂ ਦੇ ਗਿਆਨ ਤੋਂ ਉਤਪੰਨ ਹੋਈਆਂ ਜੋ ਵਾਸ਼ਨਾਵਾਂ ਹਨ ਉਹ ਸਾਰੀਆਂ ਵਾਸ਼ਨਾਵਾਂ ਬਹੁਤ ਹੀ ਸੂਖਮ ਹਿਤਾ ਨਾਮਕ ਨਾੜੀ ਜੋ ਕਿ ਕੰਠ ਵਿੱਚ ਹੁੰਦੀ ਹੈ ਉਸ ਹਿਤਾ ਨਾੜੀ ਵਿੱਚ ਰਹਿੰਦੀਆਂ ਹਨ।ਅਤੇ ਜਿਸ ਸੰਸਕਾਰ ਰੂਪ ਵਾਸ਼ਨਾ ਦੇ ਨਿੰਦਰਾ ਕਾਲ ਵਿੱਚ ਸ਼ਬਦ ਆਦਿਕ ਵਿਸ਼ੇ ਅਤੇ ਉਹਨਾਂ ਵਿਸ਼ਿਆਂ ਦਾ ਗਿਆਨ ਇਹ ਦੋ ਰੂਪ ਹੋ ਜਾਂਦੇ ਹਨ ਉਸਨੂੰ ਸੁਪਨ ਅਵਸਥਾ ਕਹਿੰਦੇ ਹਨ।

## ਸੁਪਨ ਦੀ ਸਮੱਗਰੀ

**ਕੰਠ ਥਾਨ ਬਲ ਗਿਆਨ ਹੈ ਵਾਕ ਮੱਧਮਾ ਜਾਨ। ਸੂਖਮ ਭੋਗ ਅਰ ਰਜੋ ਗੁਣ ਤੈਜਸ ਹੈ ਅਭਿਮਾਨ।**

ਸੁਪਨ ਅਵਸਥਾ ਵਿੱਚ ਚਿਦਾਭਾਸ ਰੂਪ ਜੀਵ ਦਾ ਸਥਾਨ ਕੰਠ ਵਿੱਚ ਹੁੰਦਾ ਹੈ। ਬਲ ਭਾਵ ਸ਼ਕਤੀ ਜਿਹੜੀ ਹੈ ਉਹ ਗਿਆਨ ਹੈ ਅਤੇ ਬਾਣੀ ਮੱਧਮਾ ਹੈ ਮੱਧਮਾ ਦਾ ਸਥਾਨ ਵੀ ਕੰਠ ਵਿੱਚ ਹੀ ਹੈ। ਸੂਖਮ ਵਾਸ਼ਨਾ ਮਈ ਭੋਗ ਹੈ, ਗੁਣ ਰਜੋ ਹੈ। ਇਸ ਅਵਸਥਾ ਦੇ ਅਭਿਮਾਨੀ ਜੀਵ ਨੂੰ ਤੈਜਸ ਕਹਿੰਦੇ ਹਨ।

## ਸੁਖੋਪਤੀ ਅਵਸਥਾ

**ਸਮੱਗ੍ਰ ਵਾਸ਼ਨਾਮਯ ਜੋ ਅਮੂਰਤਿ, ਸਰਵ ਅਵਿੱਦਜਾ ਕੋ ਵਿਵਹਾਰ।**

ਸੁਪਨਾਵਸਥਾ ਵਿੱਚ ਜੋ ਮੂਰਤੀ ਰਹਿਤ ਸਮੂਹ ਵਾਸ਼ਨਾਵਾਂ ਹਨ ਅਥਵਾ ਅਮੂਰਤ ਵਾਸ਼ਨਾ ਮਈ ਜੋ ਸੁਪਨਾਵਸਥਾ ਹੈ। ਇਹ ਸਾਰਾ ਅਵਿਦਿਆ ਦਾ ਹੀ ਵਿਵਹਾਰ-ਕਾਰਜ ਹੈ।

**ਕਾਰਣ ਦੇਹ ਅਵਿੱਦਜਾ ਮਹਿਂ ਏ, ਭਏ ਲੀਨ ਸੂਖਮਤਾ ਸਾਰ।**

ਅਵਿਦਿਆ ਰੂਪ ਕਾਰਣ ਦੇਹ ਵਿੱਚ ਸੁਪਨ ਦੀਆਂ ਵਾਸ਼ਨਾਵਾਂ ਆਦਿ ਸੂਖਮਤਾ ਸਾਰ ਭਾਵ ਗਹਿਰੀ ਨੀਂਦ ਵਿੱਚ ਲੀਨ ਹੋ ਜਾਂਦੀਆਂ ਹਨ ਇਹੀ ਸਾਰ ਸਿਧਾਂਤ ਹੈ। ਇਹੀ ਸੂਖਮਤਾ ਦਾ ਭਾਵ ਸੁਖੋਪਤੀ ਦਾ ਸਾਰ= ਸਰੂਪ ਹੈ ਅਥਵਾ ਗੋਪਨੀਯ ਸਿਧਾਂਤ ਹੈ। ਅਥਵਾ ਸੂਖਮਤਾ=ਗਹਿਰੀ ਨੀਂਦ ਵਿੱਚ ਇਹ ਜਾਗ੍ਰਤ ਸੁਪਨ ਦੀਆਂ ਸਮੱਗਰ ਵਾਸ਼ਨਾਵਾਂ ਆਦਿ ਅਵਿਦਿਆ ਰੂਪ ਕਾਰਣ ਦੇਹ ਵਿੱਚ ਲੀਨ ਹੋ ਜਾਂਦੀਆਂ ਹਨ ਇਹੀ ਸਾਰ=ਸਿਧਾਂਤ ਹੈ।

### ਭਾਵ ਅਰਥ

ਅਵਿਦਿਆ ਰੂਪ ਕਾਰਣ ਦੇਹ ਵਿੱਚ ਸੂਖਮਤਾ-ਭਾਵ ਗਹਿਰੀ ਨੀਂਦ ਵਿੱਚ ਜੋ ਸੁਪਨ ਅਵਸਥਾ ਦਾ ਅਵਿਦਿਆਤਮਕ ਵਿਵਹਾਰ ਹੈ ਉਹ ਲੀਨ ਹੋ ਜਾਂਦਾ ਹੈ। ਅਵਿਦਿਆ ਰੂਪ ਕਾਰਣ ਦੇਹ ਵਿੱਚ ਸੁਪਨਾਵਸਥਾ ਦੀਆਂ ਸਮੂਹ ਵਾਸ਼ਨਾਵਾਂ ਅਤੇ ਵਾਸ਼ਨਾਵਾਂ ਦੇ ਗਿਆਨ ਇਹ ਸਾਰੇ ਅਵਿਦਿਆ ਰੂਪ ਕਾਰਣ ਦੇਹ ਵਿੱਚ ਲੈਅ ਹੋ ਜਾਂਦੇ ਹਨ।

ਇਹੀ ਸੂਖਮ ਸਾਰ ਤੱਤ ਹੈ। ਜਦੋਂ ਇਹ ਸਾਰਾ ਅਵਿਦਿਆ ਮਈ ਵਿਵਹਾਰ ਕਾਰਣ ਦੇਹ ਵਿੱਚ ਲੀਨ ਹੋ ਜਾਂਦਾ ਹੈ ਤਾਂ ਉਸ ਸਮੇਂ:

**ਸਾਖੀ ਗਜਾਨ ਰਹਜੋ ਸਨ ਮਾਤ੍ਰੰ ਪ੍ਰਾਗ ਅਭਿਮਾਨੀ ਕੀ ਨਿਰਧਾਰ।**

ਗਹਿਰੀ ਨੀਂਦ ਵਿੱਚ ਸਰੂਪ ਗਿਆਨ ਹੀ ਅਸਤਿਤ੍ਵ ਮਾਤਰ ਰਹਿੰਦਾ ਹੈ ਅਥਵਾ ਗਹਿਰੀ ਨੀਂਦ ਦਾ ਪ੍ਰਕਾਸ਼ਕ ਜੋ ਆਤਮਾ ਹੈ ਗਿਆਨ ਸਰੂਪ ਹੈ ਸਤ ਮਾਤਰ=ਅਸਤਿਤ੍ਵ ਮਾਤਰ ਹੈ ਉਸੇ ਨੂੰ ਸਾਖੀ ਕਹਿੰਦੇ ਹਨ: ਭਾਵ ਇਸ ਅਵਸਥਾ ਨੂੰ ਪ੍ਰਕਾਸ਼ਣ ਵਾਲਾ ਸਾਖੀ ਹੀ ਸਤ ਮਾਤਰ ਰਹਿ ਜਾਂਦਾ ਹੈ। ਬਾਕੀ ਦਾ ਜੋ ਸਮੱਗਰ ਵਾਸ਼ਨਾ ਮਈ ਵਿਵਹਾਰ ਹੈ ਉਹ ਅਵਿਦਿਆ ਵਿੱਚ ਲੈਅ ਹੋ ਜਾਂਦਾ ਹੈ। ਇਸ ਕਰਕੇ ਅਵਿਦਿਆ ਮਈ ਸੁਖੋਪਤੀ ਅਵਸਥਾ ਦਾ ਪ੍ਰਕਾਸ਼ਕ ਸਾਖੀ ਹੀ ਹੈ। ਪ੍ਰਾਗ ਅਭਿਮਾਨੀ ਜੀਵ ਦੀ ਨਿਰਣੈ ਕਰੋ ਭਾਵ ਜਾਣ ਲਵੋ।

**ਇਹ ਸੁਖਪਤੀ ਅਵਸਥਾ ਲਖਿ ਸਿਖ, ਤੀਨਹੁਂ ਭਨੀ ਭਲੇ ਉਰਧਾਰਿ ।੧੫।**

ਹੇ ਭਾਈ ਸਿਖੋ। ਇਸਨੂੰ ਸੁਖੋਪਤੀ ਅਵਸਥਾ ਜਾਣੋ। ਇੱਥੇ ਤੱਕ ਤਿੰਨੇ ਹੀ ਜਾਗ੍ਰਤ, ਸੁਪਨ, ਸੁਖੋਪਤੀ ਅਵਸਥਾਵਾਂ ਕਹੀਆਂ ਹਨ। ਇਸ ਨੂੰ ਭਲੀ ਪ੍ਰਕਾਰ ਆਪਣੇ ਹਿਰਦੇ ਵਿੱਚ ਧਾਰਨ ਕਰ ਲਵੋ।

**ਭਾਵ ਅਰਥ**

**ਜਾਤੈਂ ਉਠਿ ਕੈ ਗਿਆਨ ਹੋਇ ਕਛੁ ਨ ਜਾਨਿਓ ਕਾਸ।**

**ਐਸੀ ਨਿੰਦਰਾ ਗਾਢ ਹੈ ਕਹੈਂ ਸੁਖੋਪਤੀ ਤਾਸ।(ਵੈਦਾਂਤ ਬੋਧ)**

ਜਿਸ ਅਵਸਥਾ ਵਿੱਚੋਂ ਉਠ ਕੇ **"ਮੈ ਕੁਝ ਵੀ ਨਹੀਂ ਜਾਣਿਆ"** ਇਸ ਤਰ੍ਹਾਂ ਦੇ ਨਿੰਦ੍ਰਾ ਕਾਲ ਵਿੱਚ ਅਨੁਭਵ ਕੀਤੇ ਅਗਿਆਨ ਦਾ ਸਿਮਰਤੀ ਰੂਪ ਗਿਆਨ ਹੁੰਦਾ ਹੈ। ਐਸੀ ਗੂੜ੍ਹੀ ਨੀਂਦ ਦੀ ਅਵਸਥਾ ਨੂੰ ਹੀ ਸੁਖੋਪਤੀ ਅਵਸਥਾ ਕਹਿੰਦੇ ਹਨ। ਅਰਥਾਤ ਜਿਸ ਗੂੜ੍ਹੀ ਨੀਂਦ ਵਿੱਚ ਇਹ ਵੀ ਪਤਾ ਨਹੀਂ ਰਹਿੰਦਾ ਕਿ ਮੈਂ ਕਿੱਥੇ ਪਿਆ ਹਾਂ ਭਾਵ ਪੁਰਸ਼ ਜਾਗ ਕੇ ਕਹਿੰਦਾ ਹੈ ਕਿ ਅੱਜ ਇੰਨੀ ਗੂੜ੍ਹੀ ਨੀਂਦ ਆਈ ਕਿ ਇਹ ਵੀ ਨਹੀਂ ਪਤਾ ਰਿਹਾ ਕਿ ਮੈਂ ਕਿੱਥੇ ਪਿਆ ਹਾਂ। ਉਸ ਨੂੰ ਸੁਖੋਪਤੀ ਅਵਸਥਾ ਕਿਹਾ ਜਾਂਦਾ ਹੈ।

**ਬਿਰਤੀ ਪ੍ਰਭਾਕਰ ਗ੍ਰੰਥ ਦੇ ਅਸਟਮ ਪ੍ਰਕਾਸ਼ ਅੰਦਰ ਸਾਧੂ ਨਿਸਚਲ ਦਾਸ ਜੀ ਨੇ ਸੁਖੋਪਤੀ ਅਵਸਥਾ ਦੇ ਸਬੰਧ ਵਿੱਚ ਇਸ ਪ੍ਰਕਾਰ ਕਥਨ ਕੀਤਾ ਹੈ।**

ਅਗਿਆਨ ਦਾ ਸਾਖਯਾਤ ਪਰਿਣਾਮ ਰੂਪ ਜੋ ਸੁੱਖ ਗੋਚਰ ਅਤੇ ਅਵਿਦਿਆ ਗੋਚਰ ਬਿਰਤੀ ਦੀ ਅਵਸਥਾ=ਸਥਿਤੀ ਹੈ ਭਾਵ ਜੋ ਬਿਰਤੀ ਅਗਿਆਨ ਦਾ ਹੀ ਪਰਿਣਾਮ ਹੋਵੇ ਸੁਖ ਨੂੰ ਵਿਸ਼ੇ ਕਰੇ ਅਤੇ ਅਵਿਦਿਆ ਨੂੰ ਵਿਸ਼ੇ ਕਰੇ, ਬਿਰਤੀ ਦੀ ਉਸ ਅਵਸਥਾ ਨੂੰ ਸੁਖੋਪਤੀ ਕਹਿੰਦੇ ਹਨ ਉਸ ਨੂੰ ਸੁਖੋਪਤੀ ਅਵਸਥਾ ਕਿਹਾ ਜਾਂਦਾ ਹੈ ਕਿਉਂਕਿ ਸੁਖੋਪਤੀ ਵਿੱਚ ਅਵਿਦਿਆ ਦੀ ਸੁਖ ਗੋਚਰ ਅਤੇ ਅਵਿਦਿਆ ਗੋਚਰ ਹੀ ਬਿਰਤੀ ਹੁੰਦੀ ਹੈ। ਬੇਸ਼ੱਕ **"ਅਹੰਨ ਜਾਨਾਮਿ"** ਮੈਂ ਨਹੀਂ ਜਾਣਦਾ ਹਾਂ ਇਸ ਪ੍ਰਕਾਰ ਜਾਗ੍ਰਤ ਅਵਸਥਾ ਵਿੱਚ ਵੀ ਅਵਿਦਿਆ ਗੋਚਰ ਬਿਰਤੀ ਤਾਂ ਹੁੰਦੀ ਹੈ

ਫੇਰ ਵੀ ਉਹ ਬਿਰਤੀ ਅੰਤਸ਼ਕਰਣ ਦੀ ਹੀ ਹੁੰਦੀ ਹੈ ਅਵਿਦਿਆ ਦੀ ਨਹੀਂ ਹੁੰਦੀ। ਇਸ ਕਰਕੇ ਸੁਖੋਪਤੀ ਅਵਸਥਾ ਦੇ ਲੱਛਣ ਦੀ ਜਾਗ੍ਰਤ ਵਿੱਚ ਅਤੀ-ਬਿਆਪਤੀ ਵੀ ਨਹੀਂ ਹੁੰਦੀ। ਇਸੇ ਤਰ੍ਹਾਂ ਜਾਗ੍ਰਤ ਅਵਸਥਾ ਵਿੱਚ ਪ੍ਰਤਿਭਾਸਿਕ ਜੋ ਰਜਤਾਕਾਰ ਬਿਰਤੀ ਹੈ। ਉਹ ਅਵਿਦਿਆ ਦਾ ਪਰਿਣਾਮ ਤਾਂ ਹੈ ਪ੍ਰੰਤੂ ਅਵਿਦਿਆ ਗੋਚਰ ਨਹੀਂ ਹੈ। ਉਸੇ ਤਰ੍ਹਾਂ ਜਾਗ੍ਰਤ ਵਿੱਚ ਸੁਖਾਕਾਰ ਜੋ ਬਿਰਤੀ ਹੈ। ਉਹ ਅੰਤਸ਼ਕਰਣ ਦਾ ਪਰਿਣਾਮ ਤਾਂ ਹੈ ਪ੍ਰੰਤੂ ਪ੍ਰਤਿਭਾਸ਼ਿਕ ਨਹੀਂ ਹੈ। ਇਸ ਤਰ੍ਹਾਂ ਸੁਖ ਗੋਚਰ ਅਤੇ ਅਵਿਦਿਆ ਗੋਚਰ, ਅਵਿਦਿਆ ਬਿਰਤੀ ਦੀ ਅਵਸਥਾ ਨੂੰ ਹੀ ਸੁਖੋਪਤੀ ਅਵਸਥਾ ਕਿਹਾ ਜਾਂਦਾ ਹੈ। ਸੁਖੋਪਤੀ ਵਿੱਚ ਅਵਿਦਿਆ ਦੀ ਬਿਰਤੀ ਵਿੱਚ ਆਰੂਢ ਸਾਖੀ ਅਵਿਦਿਆ ਨੂੰ ਅਤੇ ਸਰੂਪ ਸੁਖ ਨੂੰ ਪ੍ਰਕਾਸ਼ ਕਰਦਾ ਹੈ। ਤੇ ਸੁਖੋਪਤੀ ਅਵਸਥਾ ਵਿੱਚ ਜਿਸ ਅਗਿਆਨ ਅੰਸ਼ ਦਾ ਸੁਖਾਕਾਰ ਪਰਿਣਾਮ ਹੁੰਦਾ ਹੈ ਉਸ ਅਗਿਆਨ ਅੰਸ਼ ਵਿੱਚ ਉਸ ਪੁਰਸ਼ ਦਾ ਅੰਤਸ਼ਕਰਣ ਲੀਨ ਹੋ ਕੇ ਰਹਿੰਦਾ ਹੈ। ਫਿਰ ਜਾਗ੍ਰਤ ਕਾਲ ਵਿੱਚ ਉਸੀ ਅਗਿਆਨ ਅੰਸ਼ ਦਾ ਅੰਤਸ਼ਕਰਣ ਰੂਪ ਪਰਿਣਾਮ ਹੁੰਦਾ ਹੈ। ਇਸੇ ਕਾਰਨ ਜਾਗ੍ਰਤ ਅਵਸਥਾ ਵਿੱਚ ਉਸ ਅਨੁਭੂਤ ਸੁੱਖ ਦੀ ਅੰਤਸ਼ਕਰਣ ਦੀ ਬਿਰਤੀ ਕਰਕੇ ਸਿਮਰਤੀ ਹੁੰਦੀ ਹੈ। ਚੂੰਕਿ ਉਪਾਦਾਨ ਤੇ ਕਾਰਜ ਦਾ ਭੇਦ ਨਹੀਂ ਹੁੰਦਾ ਇਸੇ ਕਰਕੇ ਅਨੁਭਵ ਅਤੇ ਸਿਮਰਤੀ ਵਿੱਚ ਬਯਧਿਕਰਣਤਾ ਭੀ ਨਹੀਂ ਹੁੰਦੀ। ਇਸ ਪ੍ਰਕਾਰ ਜੀਵ ਦੀਆਂ ਇਹ ਤਿੰਨ ਅਵਸਥਾਵਾਂ ਹਨ।

## ਸਮੱਗਰੀ

**ਹਿਰਦੇ ਥਾਨ ਬਲ ਦਰ੍ਵਯ ਸਿਰ ਪਸਯੰਤੀ ਪਹਿਚਾਨ। ਆਨੰਦ ਭੋਗ ਤਮੋ ਗੁਣ ਪ੍ਰਾਗ ਜੀਵ ਅਭਿਮਾਨ।**

ਸੁਖੋਪਤੀ ਅਵਸਥਾ ਵਿੱਚ ਜੀਵ ਦਾ ਸਥਾਨ ਹਿਰਦੇ ਵਿੱਚ ਹੁੰਦਾ ਹੈ। ਬਲ ਜੋ ਸ਼ਕਤੀ ਹੈ ਉਹ ਦ੍ਰਵਯ ਰੂਪ ਹੈ। ਇਸ ਕਰਕੇ ਉਥੇ ਕਿਰਿਆ ਰੂਪ ਅਤੇ ਗਿਆਨ ਰੂਪ ਵਿਵਹਾਰ ਦਾ ਅਭਾਵ ਹੈ ਅਤੇ ਅਗਿਆਨ ਰੂਪ ਦ੍ਰਵਯ ਜੋ ਵਸਤੂ ਹੈ ਉਸੇ ਦਾ ਸਦਭਾਵ ਹੈ ਇ ਕਰਕੇ ਦ੍ਰਵਯ ਸ਼ਕਤੀ ਕਿਹਾ ਜਾਂਦਾ ਹੈ। ਅਥਵਾ-ਉਥੇ ਅਗਿਆਨ ਵਿੱਚ ਦ੍ਰਵਯ ਜੋ ਅਕਾਸ਼ਾਦਿ ਤੱਤ ਉਹਨਾਂ ਨੂੰ ਪੈਦਾ ਕਰਨ ਦੀ ਸਮਰੱਥਾ ਰੂਪ ਜੋ ਸ਼ਕਤੀ ਹੈ ਉਸੇ ਨੂੰ ਦ੍ਰਵਯ ਸ਼ਕਤੀ ਕਿਹਾ ਜਾਂਦਾ ਹੈ। ਬਾਣੀ ਪ੍ਰਸ਼ਯੰਤੀ ਹੈ ਬਾਣੀ ਦਾ ਸਥਾਨ ਵੀ ਹਿਰਦਾ ਹੀ ਹੈ। ਅਨੰਦ ਭੋਗ ਹੈ, ਗੁਣ ਤਮੋ ਹੈ। ਇਸ ਅਵਸਥਾ ਦੇ ਅਭਿਮਾਨੀ ਜੀਵ ਨੂੰ ਪ੍ਰਾਗ ਕਹਿੰਦੇ ਹਨ।

## ਮੂਰਛਾ

**ਜਾਗ੍ਰਤਿ ਮਹਿੰ ਕਿਸ ਕਾਰਣ ਤੇ ਕਿਤ ਲਗਹਿ ਚੋਟ ਜਹਿੰ ਮਰਮ ਸਥਾਨ।**

ਜਾਗ੍ਰਤ ਅਵਸਥਾ ਵਿੱਚ ਕਿਸੇ ਕਾਰਨ ਕਰਕੇ, ਸਰੀਰ ਉਤੇ ਕਿਸੇ ਗੁਪਤ ਥਾਂ ਤੇ ਸੱਟ ਲੱਗ ਜਾਵੇ।

**ਕਿਧੌਂ ਰੋਗ, ਕੈ ਅਪਰ ਹੇਤ ਹੁਇ ਜੌ ਲੌ ਰਹੈ ਅਚੇਤ ਮਹਾਂਨ।**

ਜਾਂ ਕਿਸੇ ਬਿਮਾਰੀ ਦੇ ਕਾਰਨ ਜਾਂ ਕੋਈ ਹੋਰ ਸਬੱਬ ਬਣ ਜਾਵੇ ਭਾਵ ਬਿਮਾਰੀ ਅਥਵਾ ਕੋਈ ਹੋਰ ਕਾਰਨ ਹੋਵੇ। ਅਥਵਾ ਜਾਂ ਤਾ ਸੱਟ ਲੱਗਣ ਕਰਕੇ ਜਾਂ ਕਿਸੇ ਬਿਮਾਰੀ ਦੇ ਹੋ ਜਾਣ ਕਰਕੇ, ਜੇਕਰ ਇਹ ਦੋ ਕਾਰਨ ਨਾ ਹੋਣ ਤਾਂ ਤੀਜਾ ਕੋਈ ਅਪਰਹੇਤ- ਕਾਰਨ ਬਣ ਜਾਵੇ, ਜਿਸ ਕਰਕੇ ਜਦੋਂ ਤੱਕ ਬਹੁਤ ਅਚੇਤ-ਬੇਹੋਸ਼ ਰਹੇ।

**ਤੌਂ ਲੌਂ ਸਾਖੀ ਕੇਰ ਅਵਾਂਤਰ ਵਿੱਸ਼੍ਵ ਅਭਿਮਾਨੀ ਕੋ ਪਹਿਚਾਨ।**

ਤਦੋਂ ਤੱਕ ਸਾਖੀ ਦੇ ਵਿੱਚ ਇਹ ਸੰਫੁਰਨ ਹੋ ਰਹੀ ਹੈ। ਇਸਨੂੰ ਵਿਸ਼ਵ ਅਭਿਮਾਨੀ ਦੀ ਪਹਿਚਾਣੋ।

**ਕਹੈਂ ਮੂਰਛਾ ਕੋ ਸਰੂਪ ਇਹ ਜਾਵਦ ਨਹੀਂ ਪ੍ਰਾਨ ਕੋ ਹਾਨਿ।੧੬।**

ਜਿੰਨਾਂ ਸਮਾਂ ਸਰੀਰ ਵਿੱਚ ਸੁਆਸ ਰਹਿੰਦੇ ਹਨ ਅਥਵਾ ਜਦੋਂ ਤੱਕ ਸੁਆਸ ਖਤਮ ਨਹੀਂ ਹੋ ਜਾਂਦੇ। ਵਿਦਵਾਨ ਜਨ ਇਸੇ ਨੂੰ ਹੀ ਮੂਰਛਾ ਦਾ ਸਰੂਪ ਕਥਨ ਕਰਦੇ ਹਨ।

**ਭਾਵ ਅਰਥ**

ਜਾਗ੍ਰਤ ਅਵਸਥਾ ਵਿੱਚ ਕਿਸੇ ਬਿਮਾਰੀ ਜਾਂ ਅਚਾਨਕ ਕੋਈ ਗੁੱਝੀ ਸੱਟ ਲੱਗਣ ਕਾਰਨ ਇਨਸਾਨ ਜਦੋਂ ਬੇਹੋਸ਼ੀ ਦੀ ਅਵਸਥਾ ਵਿੱਚ ਚਲਾ ਜਾਂਦਾ ਹੈ, ਇਸੇ ਨੂੰ ਮੂਰਛਾ ਅਵਸਥਾ ਕਿਹਾ ਜਾਂਦਾ ਹੈ। ਜਿਸ ਪ੍ਰਕਾਰ ਜਾਗ੍ਰਤ ਅਵਸਥਾ ਨੂੰ ਜਾਣਨ ਹਾਰ ਜੀਵ ਨੂੰ ਵਿਸ਼ਵ ਕਿਹਾ ਜਾਂਦਾ ਹੈ। ਉਸੇ ਤਰ੍ਹਾਂ ਮੂਰਛਾ ਅਵਸਥਾ ਦੇ ਅਭਿਮਾਨੀ ਨੂੰ ਵੀ ਵਿਸ਼ਵ ਹੀ ਕਿਹਾ ਜਾਂਦਾ ਹੈ। ਬੇਸ਼ੱਕ ਜੀਵ ਮੂਰਛਾ ਵਿੱਚ ਚਲਾ ਜਾਵੇ ਪਰ ਅਹੰ ਭਾਵ ਚਿਦਾਭਾਸ ਜਰੂਰ ਰਹਿੰਦਾ ਹੈ। ਜਿਹੜਾ ਅਹੰ ਭਾਵ ਨੂੰ ਧਾਰਨ ਕਰੇ ਉਸਨੂੰ ਅਭਿਮਾਨੀ ਕਿਹਾ ਜਾਂਦਾ ਹੈ। ਇਸ ਅਵਸਥਾ ਨੂੰ ਵੀ ਸਾਖੀ ਹੀ ਪ੍ਰਕਾਸ਼ ਕਰਦਾ ਹੈ। ਇਹ ਉਨ੍ਹਾਂ ਚਿਰ ਰਹਿੰਦੀ ਹੈ, ਜਿੰਨਾਂ ਚਿਰ ਇਨਸਾਨ ਦੀ ਮੌਤ ਨਹੀਂ ਹੋ ਜਾਂਦੀ, ਭਾਵ ਪ੍ਰਾਣਾਂ ਦੀ ਹਾਨੀ ਨਹੀਂ ਹੋ ਜਾਂਦੀ। ਦੂਜਾ ਪੱਖ ਇਸ ਪ੍ਰਕਾਰ ਵੀ ਜਾਣ ਲੈਣਾ ਕਿ ਜੇਕਰ ਵਾਹਿਗੁਰੂ ਜੀ ਕ੍ਰਿਪਾ ਕਰਨ ਇਨਸਾਨ ਕੌਮਾ ਤੋਂ ਬਾਹਰ ਆ ਕੇ ਆਪਣੇ ਪਰਿਵਾਰ ਵਿੱਚ ਆਮ ਜੀਵਨ ਵੀ ਬਤੀਤ ਕਰ ਸਕਦਾ ਹੈ। ਭਾਵ ਜਿਹੜਾ ਰਸਤਾ ਕੌਮਾ ਚੋਂ ਮੌਤ ਵੱਲ ਨੂੰ ਜਾਂਦਾ ਹੈ ਉਹ ਰਸਤਾ ਵਾਹਿਗੁਰੂ ਜੀ ਦੀ ਮਿਹਰ ਸਦਕਾ ਜੀਵਨ ਵੱਲ ਨੂੰ ਵੀ ਆ ਜਾਂਦਾ ਹੈ।

## ਸਮਾਧੀ

**ਤ੍ਰਿਪੁਟੀ ਗਯਾਤਾ ਗਯਾਨ ਗੇਯ ਜਹਿਂ ਭਾਸੈ ਬ੍ਰਹਮ ਭਾਵ ਕੋ ਲੀਨ।**

**ਤਿਹ 'ਸਮਾਧਿ ਸਵਿਕਲਪ ਕਹਤਿ ਹੈਂ, ਜਹਿਂ ਤ੍ਰਿਪੁਟੀ ਵਿਕਲਪ ਵਿਹੀਨ।**

ਗਯਾਤਾ ਗਯਾਨ ਗੇਯ ਰੂਪ ਤ੍ਰਿਪੁਟੀ ਜਿੱਥੇ ਭਾਸ਼ ਰਹੀ ਹੈ ਇਕ ਬ੍ਰਹਮ ਭਾਵ ਨੂੰ ਲੈ ਕੇ, ਉਸਨੂੰ ਸਵਿਕਲਪ ਸਮਾਧੀ ਕਹਿੰਦੇ ਹਨ। ਜਿੱਥੇ ਤ੍ਰਿਪੁਟੀ ਵਿਕਲਪ ਤੋਂ ਬਿਨਾ ਸਿਰਫ ਇਕ ਬ੍ਰਹਮ ਭਾਵ ਦੇ ਸਹਿਤ ਹੋ ਜਾਵੇ।

**ਇਕ ਬ੍ਰਹਮ ਭਾਵ ਸਮੇਤ ਸਮਾਧੀ ਨਿਰਵਿਕਲਪ ਤਿਹ ਕੋ ਮਨ ਚੀਨ।**

ਸਿਰਫ ਇਕ ਬ੍ਰਹਮ ਭਾਵ ਸੰਯੁਕਤ ਜਿਹੜੀ ਸਮਾਧਿ ਹੈ ਅਰਥਾਤ ਇਕ ਬ੍ਰਹਮ ਭਾਵ ਸਹਿਤ, ਤ੍ਰਿਪੁਟੀ ਭਾਨ ਰਹਿਤ ਜੋ ਸਮਾਧਿ ਹੈ। ਉਸਨੂੰ ਆਪਣੇ ਮਨ ਵਿੱਚ ਨਿਰਵਿਕਲਪ ਸਮਾਧਿ ਜਾਣ ਲਉ।

**ਵਿੱਸ਼੍ਵ ਅਭਿਮਾਨੀ ਕੀ ਸਾਖੀ ਮਹਿਂ ਦੁਇ ਪ੍ਰਕਾਰ ਕੀ ਕਹੈਂ ਪ੍ਰਬੀਨ।੧੭।**

ਵਿਦਵਤ ਜਨ ਵਿਸ਼ਵ ਅਭਿਮਾਨੀ ਦੀ ਸਾਖੀ ਵਿੱਚ ਦੋ ਪ੍ਰਕਾਰ ਦੀ ਸਵਿਕਲਪ ਸਮਾਧੀ ਅਤੇ ਨਿਰਵਿਕਲਪ ਸਮਾਧਿ ਕਹਿੰਦੇ ਹਨ। ਜਾਗ੍ਰਤ ਅਵਸਥਾ ਦੇ ਜਾਣਨਹਾਰ ਜੀਵ ਨੂੰ ਵਿਸ਼ਵ ਅਭਿਮਾਨੀ ਕਹਿੰਦੇ ਹਨ।

## ਭਾਵ ਅਰਥ ਸਮਾਧੀ

ਅਨਾਤਮਾ ਕਾਰ ਬਿਰਤੀ ਦੇ ਵਯਵਧਾਨ (ਵਿਵਧਾਨ) ਤੋਂ ਰਹਿਤ ਬ੍ਰਹਮਾਕਾਰ ਬਿਰਤੀ ਦੀ ਸਥਿਤੀ ਨੂੰ ਨਿਧਿਆਸਣ ਕਿਹਾ ਜਾਂਦਾ ਹੈ। ਵਿਵਧਾਨ ਰਹਿਤ ਤੋਂ ਭਾਵ ਵਿਸ਼ਯਾਕਾਰ ਬਿਰਤੀ ਰੂਪ ਰੁਕਾਵਟ ਜਦੋਂ ਬ੍ਰਹਮਾਕਾਰ ਬਿਰਤੀ ਦੇ ਉਦੇ ਹੋਣ ਵਿੱਚ ਨਾ ਹੋਵੇ ਭਾਵ ਜਦੋਂ ਬ੍ਰਹਮਾਕਾਰ ਬਿਰਤੀ ਬਣੇ ਉਦੋਂ ਅਨਾਤਮ ਪਦਾਰਥਾਂ ਦਾ ਚਿੰਤਨ ਅਤੇ ਵਿਸ਼ਿਆਂ ਦਾ ਚਿੰਤਨ ਰੂਪ ਬਿਰਤੀ ਪੈਦਾ ਨਾ ਹੋਵੇ ਪਰ ਬ੍ਰਹਮਾਕਾਰ ਬਿਰਤੀ ਨਿਰੰਤਰ ਇਕ ਰਸ ਬਣੀ ਰਹੇ ਇਸ ਬਿਰਤੀ ਦੇ ਲਗਾਤਾਰ ਅਭਿਆਸ ਨੂੰ ਨਿਧਿਆਸਣ ਅਤੇ ਨਿਧਿਆਸਣ ਦੀ ਪਰਿਪੱਕ ਅਵਸਥਾ ਨੂੰ ਸਮਾਧੀ ਕਹਿੰਦੇ ਹਨ। ਨਿਧਿਆਸਣ ਦਾ ਦੂਜਾ ਨਾਮ ਇਕਾਗਰਤਾ ਵੀ ਹੈ। ਇਹ ਇਕਾਗਰਤਾ ਬ੍ਰਹਮ ਅਭਿਆਸ ਨਾਲ ਪ੍ਰਾਪਤ ਹੁੰਦੀ ਹੈ।

**ਬ੍ਰਹਮ ਅਭਿਆਸ ਦੀ ਪਰਿਭਾਸ਼ਾ ਪੰਚਦਸ਼ੀ ਗ੍ਰੰਥ ਅੰਦਰ ਇਸ ਪ੍ਰਕਾਰ ਦਰਜ ਹੈ:**

ਜੀਵ ਅਤੇ ਬ੍ਰਹਮ ਦੇ ਅਭਿੰਨ ਸਰੂਪ ਦਾ ਅਰਥਾਤ ਅਦ੍ਵੈਤ ਤੱਤਵ ਦਾ ਚਿੰਤਨ ਕਰਨਾ, ਉਸੇ ਦਾ ਕਥਨ ਕਰਨਾ, ਉਸੇ ਦਾ ਉਪਦੇਸ਼ ਕਰਨਾ ਅਤੇ ਅੰਤਸ਼ਕਰਣ ਦੀਆਂ ਬਿਰਤੀਆਂ ਨੂੰ ਉਸ ਅਦ੍ਵੈਤ ਤੱਤਵ ਬ੍ਰਹਮ ਵਿੱਚ ਪ੍ਰਵਾਹਿਤ ਕਰਨਾ ਭਾਵ ਬ੍ਰਹਮ ਭਾਵ ਵਿੱਚ ਬਿਰਤੀ ਦੀ ਸਥਿਰਤਾ ਕਰਨੀ ਇਸੇ ਨੂੰ ਗਿਆਨੀ ਲੋਕ ਬ੍ਰਹਮ ਅਭਿਆਸ ਕਹਿੰਦੇ ਹਨ। ਐਸਾ ਬ੍ਰਹਮ ਅਭਿਆਸ ਕਰਦੇ ਕਰਦੇ ਚਿਤ ਦੀ ਇਕਾਗਰਤਾ ਰੂਪ ਨਿਧਿਆਸਣ ਦੀ ਪ੍ਰਾਪਤੀ ਹੁੰਦੀ ਹੈ। ਨਿਧਿਆਸਣ ਦੀ ਪਰਿਪੱਕ ਅਵਸਥਾ ਨੂੰ ਹੀ ਸਮਾਧੀ ਕਿਹਾ ਜਾਂਦਾ ਹੈ।

**ਅਪ੍ਰੋਕਸ਼ਾਨੁਭੂਤੀ ਗ੍ਰੰਥ ਅੰਦਰ ਸਮਾਧੀ ਦੇ ਲੱਛਣ ਇਸ ਪ੍ਰਕਾਰ ਕਥਨ ਕੀਤੇ ਮਿਲਦੇ ਹਨ:**

ਨਿਰਵਿਕਾਰ ਚਿਤ ਵਾਲਾ ਹੋ ਕੇ ਭਾਵ ਸਾਰੀਆਂ ਅਨਾਤਮ ਵਸਤੂਆਂ ਨੂੰ ਵਿਸ਼ੇ ਕਰਨ ਵਾਲੀਆਂ ਬਿਰਤੀਆਂ ਤੋਂ ਰਹਿਤ ਹੋਕੇ ਅਰਥਾਤ ਸੰਪੂਰਨ ਬਾਹਰੀ ਜਗਤ ਨੂੰ ਵਿਸ਼ੇ ਕਰਨ ਵਾਲੀਆਂ ਬਿਰਤੀਆਂ ਨੂੰ ਵਿਵੇਕ ਵੈਰਾਗ ਆਦਿ ਦੀ ਸਹਾਇਤਾ ਨਾਲ ਬ੍ਰਹਮਾਤਮਾਕਾਰ ਅਭਿਆਸ ਦੁਆਰਾ ਨਵਿਰਤ ਕਰੇ।

ਇਸ ਅਭਿਆਸ ਨਾਲ ਪ੍ਰਪੰਚ ਦੇ ਸੰਸਕਾਰ ਤੋਂ ਰਹਿਤ ਧਿਆਤਾ, ਧਿਆਨ ਧੇਆਕਾਰ ਸਰੂਪ ਦ੍ਵੈਤ ਅਨੁੰਸੰਧਾਨਾਤਮਕ ਬਿਰਤੀ ਤੋਂ ਰਹਿਤ ਹੋਈ, ਜੋ ਅੰਤਸ਼ਕਰਣ ਦੀ ਬ੍ਰਹਮਾਤਮਿਕਾ ਬਿਰਤੀ ਹੈ ਉਹੀ ਗਿਆਨ ਸੰਗਯਕ ਬ੍ਰਹਮ ਗਿਆਨੀਆਂ ਦੀ ਸਮਾਧੀ ਹੈ ਅਰਥਾਤ ਚਿੱਤ ਵਿੱਚ ਸੰਸਾਰ ਅਤੇ ਸੰਸਾਰ ਦੇ ਵਿਸ਼ਿਆਂ ਦਾ ਕੋਈ ਸੰਸਕਾਰ ਜਦੋਂ ਨਾ ਰਹੇ। ਧਿਆਤਾ=ਧਿਆਉਣ ਵਾਲਾ, ਧਿਆਨ ਸਾਧਨ, ਧੇਯ ਜਿਸਦਾ ਧਿਆਨ ਕੀਤਾ ਜਾਂਦਾ ਹੈ। ਧਿਆਤਾ ਤੇ ਧੇਯ ਭਾਵ ਸਾਧਕ ਤੇ ਪ੍ਰਮਾਤਮਾ ਅਤੇ ਧਿਆਨ ਦੋਨਾਂ ਨੂੰ ਜੋੜਨ ਵਾਲਾ। ਹੁਣ ਇੱਥੇ ਦ੍ਵੈਤ ਬਣੀ ਹੈ ਭਾਵ ਦ੍ਵੈਤ ਦੀ ਪ੍ਰਤੀਤੀ ਹੋ ਰਹੀ ਹੈ ਧਿਆਤਾ ਅਲੱਗ ਹੈ ਧੇਯ ਅਲੱਗ ਹੈ। ਪਰ ਜਦੋਂ ਇਹ ਖਤਮ ਹੋ ਜਾਵੇ ਭਾਵ ਧਿਆਤਾ ਧਿਆਨ ਧੇਯ ਇਹ ਤ੍ਰਿਪੁਟੀ ਟੁੱਟ ਜਾਵੇ ਅੰਤਸ਼ਕਰਣ ਦੀ ਬਿਰਤੀ ਸਿਰਫ ਇਕ ਬ੍ਰਹਮ ਰੂਪ ਵਿੱਚ ਟਿੱਕ ਜਾਵੇ ਇਸ ਟਿਕੀ ਹੋਈ ਬਿਰਤੀ ਨੂੰ ਬ੍ਰਹਮਾਕਾਰ ਬਿਰਤੀ ਕਹਿੰਦੇ ਹਨ। ਅੰਤਸ਼ਕਰਣ ਵਿੱਚ ਅਖੰਡ ਇਕ ਰਸ ਬ੍ਰਹਮਾਕਾਰ ਬਿਰਤੀ ਦੀ ਸਥਿਤੀ ਨੂੰ ਗਿਆਨ ਸੰਗਯਕ ਭਾਵ ਬ੍ਰਹਮ ਗਿਆਨੀ ਸੰਗਿਆ ਵਾਲੇ ਮਹਾਂਪੁਰਸ਼ਾਂ ਦੀ ਸਮਾਧੀ ਕਿਹਾ ਜਾਂਦਾ ਹੈ।

**ਵਿਚਾਰ ਸਾਗਰ ਅਤੇ ਬਿਰਤੀ ਪ੍ਰਭਾਕਰ ਆਦਿ ਗ੍ਰੰਥਾਂ ਅੰਦਰ ਦੋ ਪ੍ਰਕਾਰ ਦੀ ਸਮਾਧੀ ਦਾ ਕਥਨ ਕੀਤਾ ਗਿਆ ਮਿਲਦਾ ਹੈ। ਇਕ ਸਵਿਕਲਪ ਸਮਾਧੀ ਹੈ ਦੂਜੀ ਨਿਰਵਿਕਲਪ ਸਮਾਧੀ ਹੈ।**

**ਸਵਿਕਲਪ ਸਮਾਧੀ:** ਗਿਆਤਾ, ਗਿਆਨ, ਗੇਯ ਰੂਪ ਤ੍ਰਿਪੁਟੀ ਦੇ ਭਾਨ ਸਹਿਤ ਭਾਵ ਪ੍ਰਤੀਤੀ ਸਹਿਤ ਅਦੁੱਤੀ ਬ੍ਰਹਮ ਵਿਸ਼ਯਕ ਅੰਤਸ਼ਕਰਣ ਦੀ ਬਿਰਤੀ ਦੀ ਸਥਿਤੀ ਦਾ ਨਾਮ ਸਵਿਕਲਪ ਸਮਾਧੀ ਹੈ ਅਰਥਾਤ ਜਿਸ ਅਵਸਥਾ ਵਿੱਚ ਗਿਆਤਾ, ਗਿਆਨ, ਗੇਯ ਰੂਪ ਤ੍ਰਿਪੁਟੀ ਦੀ ਪ੍ਰਤੀਤੀ ਬਣੀ ਰਹਿੰਦੀ ਹੈ ਅਤੇ ਅਦੁੱਤੀ ਬ੍ਰਹਮ ਵਿੱਚ ਅੰਤਸ਼ਕਰਣ ਦੀ ਬਿਰਤੀ ਦਾ ਨਿਰੰਤਰ ਪ੍ਰਵਾਹ ਵੀ ਬਣਿਆ ਰਹਿੰਦਾ ਹੈ ਭਾਵ ਤ੍ਰਿਪੁਟੀ ਦੇ ਭਾਨ ਸਹਿਤ ਬ੍ਰਹਮ ਭਾਵ ਵਿੱਚ ਬਿਰਤੀ ਦਾ ਨਿਰੰਤਰ ਟਿਕਾਅ, ਇਸਨੂੰ ਸਵਿਕਲਪ ਸਮਾਧੀ ਕਿਹਾ ਜਾਂਦਾ ਹੈ।

**ਨਿਰਵਿਕਲਪ ਸਮਾਧੀ:** ਤ੍ਰਿਪੁਟੀ ਦੀ ਪ੍ਰਤੀਤੀ ਤੋਂ ਬਿਨਾਂ ਅਖੰਡ ਬ੍ਰਹਮਾਕਾਰ ਅੰਤਸ਼ਕਰਣ ਦੀ ਬਿਰਤੀ ਦਾ ਸਥਿਰ ਹੋਣਾ ਇਸਨੂੰ ਨਿਰਵਿਕਲਪ ਸਮਾਧੀ ਕਿਹਾ ਜਾਂਦਾ ਹੈ। ਅਰਥਾਤ ਜਿਸ ਵਿੱਚ ਸਿਰਫ ਇੱਕ ਬ੍ਰਹਮ ਭਾਵ ਹੀ ਸਥਿਰ ਰਹੇ ਬਾਕੀ ਸਾਰੇ ਵਿਕਲਪ ਖਤਮ ਹੋ ਜਾਣ ਇਕ ਬ੍ਰਹਮ ਭਾਵ ਵਿੱਚ ਅੰਤਸ਼ਕਰਣ ਦੀ ਬਿਰਤੀ ਦੇ ਟਿਕ ਜਾਣ ਨੂੰ ਨਿਰਵਿਕਲਪ ਸਮਾਧੀ ਕਿਹਾ ਜਾਂਦਾ ਹੈ।

## ਸਵਿਕਲਪ ਨਿਰਵਿਕਲਪ ਸਮਾਧੀ ਭੇਦ।

ਸਵਿਕਲਪ ਸਮਾਧੀ ਵਿੱਚ ਬੇਸ਼ੱਕ ਤ੍ਰਿਪੁਟੀ ਰੂਪ ਦ੍ਵੈਤ ਦੀ ਪ੍ਰਤੀਤੀ ਹੁੰਦੀ ਰਹਿੰਦੀ ਹੈ ਪਰ ਫਿਰ ਵੀ ਉਹ ਪ੍ਰਤੀਤੀ ਬ੍ਰਹਮ ਸਰੂਪ ਹੀ ਪ੍ਰਤੀਤ ਹੁੰਦੀ ਹੈ ਵੱਖਰੀ ਪ੍ਰਤੀਤ ਨਹੀਂ ਹੁੰਦੀ। ਜਿਵੇਂ ਮਿੱਟੀ ਦੇ ਵਿਕਾਰ ਘੜੇ ਆਦਿਕ ਨੂੰ ਮਿੱਟੀ ਰੂਪ ਜਾਣਨ ਵਾਲੇ ਨੂੰ ਮਿੱਟੀ ਦਾ ਵਿਕਾਰ, ਮਿੱਟੀ ਰੂਪ ਹੀ ਪ੍ਰਤੀਤ ਹੁੰਦੇ ਹਨ। ਉਸੇ ਤਰ੍ਹਾਂ ਹੀ ਸਵਿਕਲਪ ਸਮਾਧੀ ਵਿੱਚ ਤ੍ਰਿਪੁਟੀ ਰੂਪ ਦ੍ਵੈਤ ਵੀ ਬ੍ਰਹਮ ਸਰੂਪ ਹੀ ਪ੍ਰਤੀਤ ਹੁੰਦੀ ਹੈ। ਜਿਵੇਂ ਘੜੇ ਆਦਿਕ ਨੂੰ ਮਿੱਟੀ ਰੂਪ ਜਾਣਨ ਵਾਲੇ ਨੂੰ, ਮਿੱਟੀ ਦਾ ਵਿਕਾਰ, ਮਿੱਟੀ ਰੂਪ ਹੀ ਪ੍ਰਤੀਤ ਹੁੰਦੇ ਹਨ। ਉਸੇ ਤਰ੍ਹਾਂ ਹੀ ਸਵਿਕਲਪ ਸਮਾਧੀ ਵਿੱਚ ਤ੍ਰਿਪੁਟੀ ਰੂਪ ਦ੍ਵੈਤ ਵੀ ਬ੍ਰਹਮ ਸਰੂਪ ਹੀ ਪ੍ਰਤੀਤ ਹੁੰਦੀ ਹੈ। ਜਿਵੇਂ ਮਿੱਟੀ ਦੇ ਵਿਕਾਰ ਵਿਵੇਕੀ ਨੂੰ ਮਿੱਟੀ ਰੂਪ ਹੀ ਪ੍ਰਤੀਤ ਹੁੰਦੇ ਹਨ। ਉਵੇਂ ਹੀ ਸਵਿਕਲਪ ਸਮਾਧੀ ਕਾਲ ਵਿੱਚ ਤ੍ਰਿਪੁਟੀ ਰੂਪ ਦ੍ਵੈਤ ਬ੍ਰਹਮ ਰੂਪ ਹੀ ਪ੍ਰਤੀਤ ਹੁੰਦੀ ਹੈ। ਭਾਵ ਤ੍ਰਿਪੁਟੀ ਦੀ ਪ੍ਰਤੀਤੀ ਦੇ ਹੁੰਦਿਆਂ ਵੀ ਬ੍ਰਹਮ ਭਾਵ ਬਣਿਆ ਰਹਿੰਦਾ ਹੈ ਅਤੇ ਨਿਰਵਿਕਲਪ ਸਮਾਧੀ ਵਿੱਚ ਰੰਚਕ ਮਾਤਰ ਵੀ ਤ੍ਰਿਪੁਟੀ ਰੂਪ ਦ੍ਵੈਤ ਦੀ ਪ੍ਰਤੀਤੀ ਨਹੀਂ ਹੁੰਦੀ। ਕਿਸੇ ਵੀ ਪ੍ਰਕਾਰ ਦੀ ਵਾਸ਼ਨਾ, ਖਿਆਲ, ਫੁਰਨਾ ਉਤਪੰਨ ਨਹੀਂ ਹੁੰਦਾ। ਬ੍ਰਹਮ ਸਾਖਜਾਤਕਾਰ ਹੋਣ ਕਰਕੇ ਇਕ ਬ੍ਰਹਮ ਭਾਵ ਬਣਿਆ ਰਹਿੰਦਾ ਹੈ ਅਰਥਾਤ ਬ੍ਰਹਮ ਹੀ ਬ੍ਰਹਮ ਰਹਿ ਜਾਂਦਾ ਹੈ। ਬਾਕੀ ਸਾਰੇ ਭਾਵ ਨਵਿਰਤ ਹੋ ਜਾਂਦੇ ਹਨ।

## ਨਿਰਵਿਕਲਪ ਸਮਾਧੀ ਅਤੇ ਸੁਖੋਪਤੀ ਭੇਦ।

ਨਿਰਵਿਕਲਪ ਸਮਾਧੀ ਅਤੇ ਸੁਖੋਪਤੀ ਅਵਸਥਾ ਵਿੱਚ ਇਹ ਅੰਤਰ ਹੈ ਕਿ ਸੁਖੋਪਤੀ ਵਿੱਚ ਬਿਰਤੀ ਸਹਿਤ ਅੰਤਸ਼ਕਰਣ ਦਾ ਅਵਿਦਿਆ ਵਿੱਚ ਲੈਅ ਹੋਣ ਕਰਕੇ ਅਭਾਵ ਰਹਿੰਦਾ ਹੈ। ਨਿਰਵਿਕਲਪ ਸਮਾਧੀ ਵਿੱਚ ਅੰਤਸ਼ਕਰਣ

ਵਿੱਚ ਸਿਰਫ ਬ੍ਰਹਮਾਕਾਰ ਬਿਰਤੀ ਹੀ ਰਹਿੰਦੀ ਹੈ। ਅੰਤਸ਼ਕਰਣ ਰਹਿੰਦਾ ਹੈ ਪਰ ਬਿਰਤੀ ਸਹਿਤ ਅੰਤਸ਼ਕਰਣ ਦੀ ਵੀ ਪ੍ਰਤੀਤੀ ਨਹੀਂ ਰਹਿੰਦੀ।

ਨਿਰਵਿਕਲਪ ਸਮਾਧੀ ਵਿੱਚ ਸਵਿਕਲਪ ਸਮਾਧੀ ਸਮੇਂ ਦੇ ਅਭਿਆਸ ਕਰਕੇ ਨਿਰਵਿਕਲਪ ਸਮਾਧੀ ਕਾਲ ਦੀ ਬਿਰਤੀ ਬ੍ਰਹਮਾਕਾਰ ਹੁੰਦੀ ਹੈ। ਅਥਵਾ ਇਸ ਤਰ੍ਹਾਂ ਮੰਨ ਲਓ ਕਿ ਸਵਿਕਲਪ ਸਮਾਧੀ ਦਾ ਫਲ ਰੂਪ ਨਿਰਵਿਕਲਪ ਸਮਾਧੀ ਹੈ। ਇਹ ਨਿਰਵਿਕਲਪ ਸਮਾਧੀ ਵੀ ਅਦ੍ਵੈਤ ਭਾਵਨਾ ਰੂਪ ਅਤੇ ਅਦ੍ਵੈਤ ਅਵਸਥਾਨ ਰੂਪ ਦੋ ਪ੍ਰਕਾਰ ਦੀ ਹੁੰਦੀ ਹੈ।

ਅਦ੍ਵੈਤ ਬ੍ਰਹਮਾਕਾਰ, ਗਿਆਨ ਰੂਪ ਬਿਰਤੀ ਸਹਿਤ ਸਮਾਧੀ ਦੀ ਸਥਿਤੀ ਨੂੰ ਅਦ੍ਵੈਤ ਭਾਵਨਾ ਰੂਪ ਨਿਰਵਿਕਲਪ ਕਹਿੰਦੇ ਹਨ। ਅਤੇ ਬਹੁਤ ਜਿਆਦਾ ਅਭਿਆਸ ਦੇ ਕਾਰਨ ਜਦੋਂ ਬ੍ਰਹਮਾਕਾਰ ਬਿਰਤੀ ਵੀ ਸ਼ਾਂਤ ਹੋ ਜਾਂਦੀ ਹੈ। ਅਰਥਾਤ ਸਮਾਧੀ ਦੇ ਨਿਰੰਤਰ ਅਭਿਆਸ ਸਦਕਾ ਇਹ ਬਿਰਤੀ ਵੀ ਜਦੋਂ ਬ੍ਰਹਮ ਸਰੂਪ ਵਿੱਚ ਲੈਅ ਹੋ ਜਾਂਦੀ ਹੈ। ਇਸ ਬਿਰਤੀ ਦੇ ਸ਼ਾਂਤ ਹੋਣ ਨੂੰ ਅਦ੍ਵੈਤ ਅਵਸਥਾਨ ਰੂਪ ਨਿਰਵਿਕਲਪ ਕਹਿੰਦੇ। ਜਿਵੇਂ ਗਰਮ ਲੋਹ ਤੇ ਸੁੱਟੀ ਪਾਣੀ ਦੀ ਬੂੰਦ ਤਪਤ ਲੋਹ ਵਿੱਚ ਹੀ ਲੀਨ ਹੋ ਜਾਂਦੀ ਹੈ। ਉਸੇ ਤਰ੍ਹਾਂ ਅਦ੍ਵੈਤ ਭਾਵਨਾ ਰੂਪ ਨਿਰਵਿਕਲਪ ਸਮਾਧੀ ਦੇ ਦ੍ਰਿੜ੍ਹ ਅਭਿਆਸ ਨਾਲ ਅਤਿਅੰਤ ਪ੍ਰਕਾਸ਼ ਸਰੂਪ ਬ੍ਰਹਮ ਵਿੱਚ ਬ੍ਰਹਮਾਕਾਰ ਬਿਰਤੀ ਦਾ ਲੈਅ ਹੁੰਦਾ ਹੈ। ਇਸ ਕਰਕੇ ਅਦ੍ਵੈਤ ਅਵਸਥਾਨ ਦਾ ਅਦ੍ਵੈਤ ਭਾਵਨਾ ਸਾਧਨ ਹੈ ਅਤੇ ਇਸ ਸਮਾਧੀ ਦਾ ਸਖੋਪਤੀ ਅਵਸਥਾ ਤੋਂ ਇਹ ਭੇਦ ਹੈ ਕਿ ਸੁਖੋਪਤੀ ਕਾਲ ਵਿੱਚ ਅਵਿਦਿਆ ਵਿੱਚ ਬਿਰਤੀ ਲੈਅ ਹੁੰਦੀ ਹੈ ਅਤੇ ਅਦ੍ਵੈਤ ਅਵਸਥਾਨ ਨਿਰਵਿਕਲਪ ਸਮਾਧੀ ਵਿੱਚ ਬ੍ਰਹਮ ਪ੍ਰਕਾਸ਼ ਵਿੱਚ ਬ੍ਰਹਮਾਕਾਰ ਬਿਰਤੀ ਵਿਲੈਅ ਹੁੰਦੀ ਹੈ। ਸੁਖੋਪਤੀ ਅਵਸਥਾ ਵਿੱਚ ਜੋ ਅਨੰਦ ਅਨੁਭਵ ਹੁੰਦਾ ਹੈ ਉਹ ਅਗਿਆਨ ਆਵਰਣ ਦੇ ਸਹਿਤ ਹੁੰਦਾ ਹੈ, ਅਤੇ ਇਸ ਨਿਰਵਿਕਲਪ ਸਮਾਧੀ ਵਿੱਚ ਜੋ ਅਨੰਦ ਅਨੁਭਵ ਹੁੰਦਾ ਹੈ, ਉਹ ਨਿਰ ਆਵਰਣ ਬ੍ਰਹਮਾਨੰਦ ਦਾ ਭਾਨ ਹੁੰਦਾ ਹੈ ਪ੍ਰੰਤੂ ਇਸ ਨਿਰਵਿਕਲਪ ਸਮਾਧੀ ਦੀ ਪ੍ਰਾਪਤੀ ਵਿੱਚ ਚਾਰ ਬਿਘਨ ਹੁੰਦੇ ਹਨ, ਉਹਨਾਂ ਨੂੰ ਦੂਰ ਕਰਨਾ ਜ਼ਰੂਰੀ ਹੁੰਦਾ ਹੈ।

## ਨਿਰਵਿਕਲਪ ਸਮਾਧੀ ਦੇ ਚਾਰ ਵਿਘਨ:

### ਲਯ, ਵਿਖੇਪ, ਕਸ਼ਾਯ, ਰਸਾਸ੍ਵਾਦ ਇਹ ਨਿਰਵਿਕਲਪ ਸਮਾਧੀ ਦੇ ਚਾਰ ਵਿਘਨ ਹਨ:

**ਲਯ–** ਆਲਸ ਅਥਵਾ ਨੀਂਦ ਦੇ ਕਾਰਨ ਬਿਰਤੀ ਦੇ ਅਭਾਵ ਨੂੰ ਲਯ ਕਹਿੰਦੇ ਹਨ। ਅਰਥਾਤ ਆਲਸ ਤੇ ਨੀਂਦ ਦੇ ਪ੍ਰਭਾਵ ਕਰਕੇ ਸਮਾਧੀ ਵਿੱਚ ਬਿਰਤੀ ਇਹਨਾਂ ਦੀ ਰੁਕਾਵਟ ਕਰਕੇ ਨੀਂਦ ਦੀ ਅਵਸਥਾ ਦੇ ਸਮਾਨ ਅਵਿਦਿਆ ਵਿੱਚ ਲੈਅ ਹੋ ਜਾਂਦੀ ਹੈ। ਬਿਰਤੀ ਲੈਯ ਹੋਣ ਕਰਕੇ ਸਮਾਧੀ ਨਿਸ਼ਟ ਦੀ ਅਵਸਥਾ ਸੁਖੋਪਤੀ ਦੇ ਸਮਾਨ ਹੀ ਹੋ ਜਾਂਦੀ ਹੈ। ਸੁਖੋਪਤੀ ਦੇ ਤੁਲ ਹੋਣ ਕਾਰਨ ਬ੍ਰਹਮਾਨੰਦ ਦਾ ਤਿਰੋਭਾਵ ਹੁੰਦਾ ਹੈ। ਭਾਵ ਉਥੇ ਬ੍ਰਹਮਾਨੰਦ ਦਾ ਅਭਾਵ ਹੁੰਦਾ ਹੈ। ਇਸ ਪ੍ਰਕਾਰ ਬਿਰਤੀ ਦਾ ਲੈਅ ਹੋਣਾ ਸਮਾਧੀ ਅਵਸਥਾ ਵਿੱਚ ਪਹਿਲਾ ਅਤੇ ਸਭ ਤੋਂ ਵੱਡਾ ਬਿਘਨ ਹੈ। ਇਸ ਕਰਕੇ ਆਲਸ ਨੀਂਦ ਆਦਿ ਦੇ ਕਾਰਨ ਜਦੋਂ ਅੰਤਸ਼ਕਰਣ ਦੀ ਬਿਰਤੀ ਆਪਣੇ ਉਪਾਦਾਨ ਭਾਵ ਅੰਤਸ਼ਕਰਣ ਵਿੱਚ ਲੈਅ ਹੁੰਦੀ ਹੋਈ

ਪ੍ਰਤੀਤ ਕਰੇ ਉਸ ਸਮੇਂ ਸਾਵਧਾਨ ਹੋ ਕੇ ਆਲਸ ਆਦਿ ਦਾ ਨਿਰਾਵਰਣ ਭਾਵ ਆਵਰਣ ਰਹਿਤ ਕਰਕੇ ਬਿਰਤੀ ਨੂੰ ਜਾਗ੍ਰਤ-ਸਥਿਰ ਕਰੇ, ਅਰਥਾਤ ਸੁਚੇਤ ਹੋ ਕੇ ਬਿਰਤੀ ਦੇ ਲੈਅ ਹੋਣ ਨੂੰ ਰੋਕੋ। ਆਲਸ ਰਹਿਤ ਵਿਰਤੀ ਦਾ ਪ੍ਰਵਾਹ ਰੂਪ ਜਾਗਰਣ ਕਰੇ।

**ਵਿਖੇਪ–** ਬਾਹਰ ਦੇ ਪਦਾਰਥਾਂ ਨੂੰ ਦੁੱਖ ਰੂਪ ਮੰਨ ਕੇ ਬ੍ਰਹਮਾਨੰਦ ਪ੍ਰਾਪਤ ਕਰਨ ਲਈ ਚਿਤ ਦੀ ਬਿਰਤੀ ਅੰਤਰਮੁਖ ਹੁੰਦੀ ਹੈ। ਕਿੰਤੂ ਚੇਤਨ ਸਰੂਪ ਆਤਮਾ ਦੇ ਅਤੀ ਸੂਖਮ ਹੋਣ ਕਾਰਨ ਉਸ ਵਿੱਚ ਕੁਝ ਸਮਾਂ ਵੀ ਬਿਰਤੀ ਸਥਿਰਤਾ ਨਾ ਪ੍ਰਾਪਤ ਕਰਕੇ ਫੇਰ ਦੁਬਾਰਾ ਬਾਹਰਮੁਖੀ ਹੋ ਜਾਂਦੀ ਹੈ। ਇਸ ਪ੍ਰਕਾਰ ਦੀ ਬਾਹਰਮੁਖੀ ਬਿਰਤੀ ਨੂੰ ਵਿਖੇਪ ਕਹਿੰਦੇ ਹਨ। ਪ੍ਰੰਤੂ ਚਿਤ ਬਿਰਤੀ ਦੇ ਸਥਿਰ ਹੋਏ ਤੋਂ ਬਿਨਾਂ ਬ੍ਰਹਮਾਨੰਦ ਰੂਪ ਲਾਭ ਪ੍ਰਾਪਤ ਨਹੀਂ ਹੋ ਸਕਦਾ। ਇਸ ਕਰਕੇ ਦੀਰਘ ਕਾਲ ਤੱਕ ਅੰਤਰਮੁਖੀ ਬਿਰਤੀ ਕਰੇ ਅਤੇ ਜਦੋਂ ਤੱਕ ਇਹ ਅੰਤਰਮੁਖੀ ਬਿਰਤੀ ਬ੍ਰਹਮਾਕਾਰ ਨਹੀਂ ਹੋ ਜਾਂਦੀ ਉਦੋਂ ਤੱਕ ਮਮੋਖੀ (ਮੁਕਤੀ ਦੀ ਇੱਛਾ ਰੱਖਣ ਵਾਲਾ) ਨਿੱਤ ਬਾਹਰੀ ਅਨਾਤਮ ਪਦਾਰਥਾਂ ਵਿੱਚ ਦੋਖ ਦੇਖਦਾ ਹੋਇਆ ਭਾਵ ਬਾਹਰੀ ਪਦਾਰਥਾਂ ਦੀ ਪਕੜ ਨਾ ਕਰਦਾ ਹੋਇਆ ਬਿਰਤੀ ਨੂੰ ਅੰਤਰਮੁਖੀ ਹੀ ਕਰੇ।

**ਕਸਾਯ–** ਪੂਰਬਲੇ ਜਨਮਾਂਤਰਾਂ ਦੇ ਰਾਗ ਦ੍ਵੈਸ਼ ਰੂਪ ਦੇ ਸੰਸਕਾਰਾਂ ਨੂੰ ਕਸ਼ਾਯ ਕਹਿੰਦੇ ਹਨ।ਜਿਸ ਪ੍ਰਕਾਰ ਲਯ ਕਸ਼ਾਯ ਆਦਿ ਸਮਾਧੀ ਦੇ ਬਿਘਨ ਹਨ ਠੀਕ ਉਸੇ ਪ੍ਰਕਾਰ ਮਲਿਨ ਵਾਸ਼ਨਾ ਵੀ ਸਮਾਧੀ ਦਾ ਬਹੁਤ ਵੱਡਾ ਬਿਘਨ ਹੈ ਅਤੇ ਮਲਿਨ ਵਾਸਨਾ ਤਿੰਨ ਪ੍ਰਕਾਰ ਦੀ ਹੈ **ਜਿਸ ਦਾ ਮੋਖ ਪੰਥ ਪ੍ਰਕਾਸ਼ ਗ੍ਰੰਥ ਅੰਦਰ ਇਸ ਪ੍ਰਕਾਰ ਜਿਕਰ ਮਿਲਦਾ ਹੈ:**

**ਮਲਿਨ ਵਾਸ਼ਨਾ ਤੀਨ ਪ੍ਰਕਾਰ। ਸੋ ਸੰਖੇਪ ਤੇ ਕਰੌਂ ਉਚਾਰ।**
**ਲੋਕ ਵਾਸ਼ਨਾ ਏਕ ਪਛਾਨੋ। ਸ਼ਾਸ਼ਤਰ ਵਾਸ਼ਨਾ ਦੂਸਰਿ ਜਾਨੋ।**
**ਦੇਹ ਵਾਸ਼ਨਾ ਤ੍ਰਿਤੀਆ ਹਈਏ। ਯਾ ਬਿਧੀ ਤੀਨ ਵਾਸ਼ਨਾ ਪਈਏ।**

## ਲੋਕ ਵਾਸ਼ਨਾ

**ਸਬ ਜਨ ਮੇ ਨਿੰਦਾ ਨਹਿੰ ਕਰੇ। ਮਮ ਸਤੁਤਿ ਕੇ ਸਭ ਅਨੁਸਰੇ।**
**ਐਸੀ ਇੱਛਾ ਜੋ ਭਵ ਮਾਹੀਂ। ਲੋਕ ਵਾਸ਼ਨਾ ਜਾਨੋ ਤਾਹੀਂ।**

ਸਾਰੇ ਲੋਕ ਮੇਰੀ ਉਸਤਤ ਕਰਨ ਵਡਿਆਈ ਕਰਨ ਇਸ ਇੱਛਾ ਦੇ ਦ੍ਰਿੜ੍ਹ ਸੰਸਕਾਰ ਨੂੰ ਲੋਕ ਵਾਸ਼ਨਾ ਕਹਿੰਦੇ ਹਨ। ਲੇਕਿਨ ਇਹ ਵਾਸ਼ਨਾ ਕਈ ਸੌ ਜਨਮ ਵੀ ਇਨਸਾਨ ਲੈ ਲਵੇ ਤਾਂ ਵੀ ਪੂਰੀ ਨਹੀਂ ਹੁੰਦੀ ਕਿਉਂਕਿ ਸਰਵ ਗੁਣ ਸੰਪੰਨ ਅਵਤਾਰੀ ਪੁਰਸ਼ਾਂ ਦੀ ਵੀ ਸਿਰਫ ਸ੍ਰੇਸਟ ਪੁਰਖ ਹੀ ਉਸਤਤ ਕਰਦੇ ਹਨ ਬਾਕੀ ਨਖਿੱਧ ਬਿਰਤੀ ਵਾਲੇ ਲੋਕ ਤਾਂ ਅਵਤਾਰਾਂ ਦੀ ਵੀ ਨਿੰਦਿਆ ਹੀ ਕਰਦੇ ਹਨ। ਇਸ ਕਰਕੇ ਅਧਿਕਾਰੀ ਨੂੰ ਲੋਕ ਵਾਸ਼ਨਾ ਦਾ ਤਿਆਗ ਕਰਕੇ ਆਪਣੇ ਹਿਤ ਦੀ ਵਿਚਾਰ ਕਰਨੀ ਚਾਹੀਦੀ ਹੈ ਕਿ ਮੇਰਾ ਭਲਾ ਕਿਸ ਕਾਰਜ ਵਿੱਚ ਹੈ। ਲੋਕਾਂ ਵੱਲੋਂ ਕੀਤੀ ਜਾ ਰਹੀ ਨਿੰਦਾ ਜਾਂ ਸਤੁਤੀ ਦੋਹਾਂ ਵਿੱਚ ਫਸਣ ਦੀ ਬਜਾਇ ਇਹਨਾਂ ਦਾ ਤਿਆਗ ਕਰ ਦੇਣਾ ਹੀ ਉਚਿਤ ਹੈ ਕਿਉਂਕਿ ਲੋਕ ਵਾਸ਼ਨਾ ਵਿੱਚ ਫਸਿਆ ਪੁਰਸ਼ ਆਤਮ ਗਿਆਨ ਨੂੰ ਪ੍ਰਾਪਤ ਨਹੀਂ ਕਰ ਸਕਦਾ। ਇਸ ਕਰਕੇ ਮੋਖ ਇੱਛਾ ਵਾਲੇ ਨੂੰ ਹਰ ਪ੍ਰਕਾਰ ਦੀ ਲੋਕ ਵਾਸ਼ਨਾ ਦਾ

ਤਿਆਗ ਕਰ ਦੇਣਾ ਚਾਹੀਦਾ ਹੈ। ਇਸ ਕਰਕੇ ਲੋਕ ਵਾਸ਼ਨਾ ਸਮਾਧੀ ਦੀ ਅਵਸਥਾ ਦਾ ਸੂਖਮ ਬਿਘਨ ਹੈ। ਜਿਸ ਬਿਘਨ ਵਿੱਚ ਚੰਗੇ-ਚੰਗੇ ਮਹਾਤਮਾ ਲੋਕ ਵੀ ਫਸ ਕੇ, ਆਪਣੇ ਜੀਵਨ ਦੇ ਅਮੋਲਕ ਸਮੇਂ ਨੂੰ ਬਿਅਰਥ ਕਰ ਲੈਂਦੇ ਹਨ। ਇਸ ਕਰਕੇ ਹੀ ਬਿਰੱਕਤ ਮਹਾਂਪੁਰਸ਼ ਅਤੇ ਸ਼ਾਸਤਰ ਲੋਕ ਵਾਸ਼ਨਾ ਨੂੰ ਸਮਾਧੀ ਵਿੱਚ ਭਾਵ ਆਤਮ ਸਰੂਪ ਦੀ ਪ੍ਰਾਪਤੀ ਵਿੱਚ ਸੂਖਮ ਬਿਘਨ ਕਥਨ ਕਰਦੇ ਹਨ।

## ਸ਼ਾਸਤਰ ਵਾਸ਼ਨਾ

**ਸ਼ਾਸਤਰ ਵਾਸਨਾ ਤੀਨ ਪ੍ਰਕਾਰ। ਪਾਠ ਬਯਸਨ ਏਕ ਨਿਰਧਾਰ।**

**ਸ਼ਾਸਤਰ ਅਰਥ ਜਾਨਨ ਕੀ ਆਸ। ਦੂਜੀ ਯਹ ਕੀਨੀ ਉਪਨਯਾਸ।**

**ਅਨੁਸ਼ਠਾਨ ਵਾਸਨਾ ਤ੍ਰਿਤੀਆ ਹਈਏ। ਯਾ ਬਿਧਿ ਤੀਨ ਵਾਸਨਾ ਪਈਏ।**

ਸਰਬ ਸ਼ਾਸਤਰਾਂ ਦੇ ਪਾਠ, ਅਰਥ, ਅਨੁਸ਼ਠਾਨ ਆਦਿ ਨੂੰ ਬੁੱਧੀ ਦੀ ਤੀਖਣਤਾ ਨਾਲ ਧਾਰਨ ਕਰਾਂਗਾ ਇਸ ਇੱਛਾ ਦੇ ਦ੍ਰਿੜ ਸੰਸਕਾਰ ਨੂੰ ਸ਼ਾਸਤਰ ਵਾਸ਼ਨਾ ਕਹਿੰਦੇ ਹਨ। ਇਹ ਸ਼ਾਸਤਰ ਵਾਸ਼ਨਾ ਵੀ ਪਾਠ ਵਾਸ਼ਨਾ, ਅਰਥ ਵਾਸ਼ਨਾ, ਅਨੁਸ਼ਠਾਨ ਵਾਸ਼ਨਾ ਇਸ ਭੇਦ ਕਰਕੇ ਤਿੰਨ ਤਰ੍ਹਾਂ ਦੀ ਹੈ।

**ਪਾਠ ਵਾਸ਼ਨਾ:** ਸਾਰੀ ਉਮਰ ਵੇਦ ਸ਼ਾਸਤਰਾਂ ਦੇ ਪਾਠ ਦਾ ਹੀ ਅਧਿਐਨ ਕਰਦੇ ਰਹਿਣਾ ਅਰਥਾਤ ਸਾਰੀ ਉਮਰ ਸਿਰਫ ਧਰਮ ਗ੍ਰੰਥਾਂ ਦੇ ਪਾਠ ਦਾ ਹੀ ਅਧਿਐਨ ਕਰਨਾ ਪ੍ਰੰਤੂ ਬੇਦ ਸ਼ਾਸਤਰਾਂ ਦੇ ਤਾਤਪਰਯ ਨੂੰ, ਸਾਰ ਨੂੰ, ਨਾ ਜਾਣਨਾ ਇਸ ਨੂੰ ਪਾਠ ਵਾਸ਼ਨਾ ਕਹਿੰਦੇ ਹਨ।

**ਅਰਥ ਵਾਸ਼ਨਾ:** ਬੇਦ ਸ਼ਾਸਤਰਾਂ ਦੇ ਤਾਤਪਰਯ ਨੂੰ ਨਾ ਜਾਣ ਕੇ ਭਾਵ ਅਸਲ ਸਿਧਾਂਤ ਨੂੰ, ਨਾ ਜਾਣ ਕੇ ਸਾਰੀ ਉਮਰ ਸਿਰਫ ਬੇਦ ਸ਼ਾਸਤਰਾਂ ਦੇ ਅਰਥਾਂ ਦਾ ਅਧਿਐਨ ਕਰਦੇ ਰਹਿਣਾ ਇਸਨੂੰ ਅਰਥ ਵਾਸ਼ਨਾ ਕਹਿੰਦੇ ਹਨ। ਅਥਵਾ ਜੋ ਬੇਦਾਂ ਦਾ ਜਾਂ ਧਰਮ ਗ੍ਰੰਥਾਂ ਦੇ ਅਰਥਾਂ ਦਾ ਸਾਰੀ ਉਮਰ ਅਧਿਐਨ ਕਰਦਾ ਹੈ। ਅਧਿਐਨ ਕਰਨ ਕਰਕੇ ਅਰਥਬੋਧ ਤਾਂ ਬਹੁਤ ਹੋ ਜਾਂਦਾ ਹੈ ਪ੍ਰੰਤੂ ਉਸਨੂੰ ਆਪਣੇ ਆਤਮ ਸਰੂਪ ਦਾ ਸਾਖਯਾਤਕਾਰ ਨਹੀਂ ਹੁੰਦਾ ਭਾਵ ਪ੍ਰਮਾਤਮ ਦਰਸ਼ਨ ਦੀ ਉਸਨੂੰ ਅਨੁਭੂਤੀ ਨਹੀਂ ਹੁੰਦੀ ਅਰਥਾਤ ਆਤਮ ਦਰਸ਼ਨ ਰੂਪ ਅਨੁਭਵ ਨਹੀਂ ਹੁੰਦਾ ਇਹ ਸਿਰਫ ਅਰਥ ਵਾਸ਼ਨਾ ਹੀ ਹੈ ਜਿਸਦਾ ਵਿਦਵਾਨ ਲੋਕ ਸਾਰੀ ਜ਼ਿੰਦਗੀ ਸ਼ਿਕਾਰ ਰਹਿੰਦੇ ਹਨ। ਲੇਕਿਨ ਜਿਹੜੇ ਧਰਮ ਗ੍ਰੰਥਾਂ ਦਾ ਸਿਰਫ ਅਰਥ ਬੋਧ ਕਰਨ ਵਿੱਚ ਹੀ ਵਿਦਵਾਨ ਲੋਕ ਸਾਰੀ ਜ਼ਿੰਦਗੀ ਮਸਤ ਰਹਿੰਦੇ ਹਨ। ਉਹਨਾਂ ਹੀ ਧਰਮ ਗ੍ਰੰਥਾਂ ਅੰਦਰ, ਬ੍ਰਹਮ ਅਨੁਭਵ ਤੋਂ ਖਾਲੀ ਸਿਰਫ ਅਰਥ ਬੋਧਵਾਨ ਪੁਰਸ਼ ਨੂੰ ਉਸ ਚਮਚੇ ਦੇ ਸਮਾਨ ਕਿਹਾ ਗਿਆ ਹੈ ਜੋ ਅਨੇਕ ਪ੍ਰਕਾਰ ਦੇ ਭੋਜਨਾਂ ਦੇ ਵਿੱਚ ਤਾਂ ਫਿਰਦਾ ਹੈ ਲੇਕਿਨ ਉਹਨਾਂ ਦੇ ਰਸ ਦਾ ਅਨੁਭਵ ਨਹੀਂ ਕਰ ਸਕਦਾ ਭਾਵ ਉਹਨਾਂ ਦੇ ਰਸ ਨੂੰ ਨਹੀਂ ਮਾਣ ਸਕਦਾ। ਇਸ ਕਰਕੇ ਅੱਖਰੀ ਅਰਥ ਬੋਧ ਰੱਖਣ ਵਾਲਾ ਪੁਰਸ਼ ਆਤਮਾ ਦੇ ਅਨੁਭਵ ਅਰਥਾਤ ਬ੍ਰਹਮ ਸਾਖਯਾਤਕਾਰ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਇਸ ਕਰਕੇ ਹੀ ਅਰਥਵਾਸ਼ਨਾ ਨੂੰ ਵੀ ਸਮਾਧੀ ਵਿੱਚ ਬਿਘਨ ਮੰਨਿਆ ਗਿਆ ਹੈ।

ਭਾਵ ਪ੍ਰਮਾਤਮਾ ਦੇ ਦਰਸ਼ਨ ਦੀ ਉਸਨੂੰ ਅਨੁਭੂਤੀ ਅਥਵਾ ਅਨੁਭਵ ਨਹੀਂ ਹੈ ਤਾਂ ਉਹਨਾਂ ਹੀ ਧਰਮ ਗ੍ਰੰਥਾਂ ਬੇਦ

ਸ਼ਾਸਤਰਾਂ ਵਿੱਚ ਹੀ ਉਸ ਅਰਥ ਬੋਧਵਾਨ ਪੁਰਸ਼ ਨੂੰ ਉਸ ਚਮਚੇ ਦੇ ਸਮਾਨ ਕਿਹਾ ਹੈ ਜੋ ਅਨੇਕ ਪ੍ਰਕਾਰ ਦੇ ਭੋਜਨਾਂ ਦੇ ਵਿੱਚ ਤਾਂ ਫਿਰਦਾ ਹੈ ਲੇਕਿਨ ਉਹਨਾਂ ਦੇ ਰਸ ਨੂੰ ਨਹੀਂ ਮਾਣ ਸਕਦਾ ਭਾਵ ਰਸ ਹੀਣ ਰਹਿੰਦਾ ਹੈ। ਇਸ ਤਰ੍ਹਾਂ ਸਿਰਫ ਅੱਖਰੀ ਬੋਧ ਰੱਖਣ ਵਾਲਾ ਵਿਦਵਾਨ ਵੀ ਅਨੰਦ ਸਰੂਪ ਆਤਮਾ ਦੇ ਅਨੁਭਵ ਰੂਪ ਰਸ ਤੋਂ ਖਾਲੀ ਰਹਿੰਦਾ ਹੈ।

**ਅਨੁਸ਼ਠਾਨ ਵਾਸ਼ਨਾ:** ਸ਼ਾਸਤਰਾਂ ਨੇ ਅਥਵਾ ਧਰਮ ਗ੍ਰੰਥਾਂ ਨੇ ਕਰਮ ਵਿਧਾਨ ਕੀਤੇ ਹਨ ਉਹਨਾਂ ਕਰਮਾਂ ਦੇ ਅਨੁਸ਼ਠਾਨ ਭਾਵ ਵਿਧੀ ਪੂਰਵਕ ਉਹਨਾਂ ਕਰਮਾਂ ਨੂੰ ਕਰਨ ਵਿੱਚ ਹੀ ਜੀਵਨ ਬਤੀਤ ਕਰਨਾ, ਇਸਨੂੰ ਅਨੁਸ਼ਠਾਨ ਵਾਸ਼ਨਾ ਕਹਿੰਦੇ ਹਨ। ਇਸ ਪ੍ਰਕਾਰ ਪਾਠ, ਅਰਥ ਅਤੇ ਅਨੁਸ਼ਠਾਨ ਰੂਪ ਸ਼ਾਸਤਰ ਵਾਸ਼ਨਾ ਸਮਾਧੀ ਵਿੱਚ ਲੋਕ ਵਾਸ਼ਨਾ ਵਾਂਗ ਬਿਘਨ ਹੈ, ਇਸ ਕਰਕੇ ਨਿਰਵਿਕਲਪ ਸਮਾਧੀ ਵਿੱਚ ਬਿਘਨ ਰੂਪ ਸ਼ਾਸਤਰ ਵਾਸ਼ਨਾ ਦਾ ਤਿਆਗ ਹੀ ਸਮਾਧੀ ਦੀ ਅਵਸਥਾ ਵਿੱਚ ਸਹਾਈ ਹੈ।

**ਰਸਾਸ੍ਵਾਦ:** ਸਮਾਧੀ ਦੀ ਅਵਸਥਾ ਵਿੱਚ ਯੋਗੀ ਨੂੰ ਬ੍ਰਹਮਾਨੰਦ ਦਾ ਅਨੁਭਵ ਹੁੰਦਾ ਹੈ ਅਤੇ ਵਿਖੇਪ ਰੂਪ ਦੁਖ ਦੀ ਨਵਿਰਤੀ ਦਾ ਵੀ ਅਨੁਭਵ ਹੁੰਦਾ ਹੈ। ਭਾਵ ਦੁਖ ਦੀ ਨਵਿਰਤੀ ਨਾਲ ਵੀ ਅਨੰਦ ਹੁੰਦਾ ਹੈ। ਜਿਵੇਂ ਕਿਸੇ ਨੇ ਸਿਰ ਤੇ ਭਾਰ ਚੁੱਕਿਆ ਹੋਵੇ ਅਤੇ ਉਸ ਭਾਰ ਨੂੰ ਸਿਰ ਤੋਂ ਉਤਾਰਨ ਨਾਲ ਉਸ ਭਾਰ ਤੋਂ ਪੈਦਾ ਹੋਏ ਦੁਖ ਦੀ ਵੀ ਨਵਿਰਤੀ ਹੋ ਜਾਂਦੀ ਹੈ। ਇਸ ਦੁਖ ਦੀ ਨਵਿਰਤੀ ਨੂੰ ਭਾਰ ਉਤਾਰਨ ਵਾਲਾ ਬੰਦਾ ਕਹਿੰਦਾ ਹੈ ਕਿ ਭਾਰ ਸਿਰ ਤੋਂ ਲਾਹ ਕੇ ਆਨੰਦ ਹੀ ਆ ਗਿਆ। ਇਸ ਕਰਕੇ ਦੁਖ ਦੀ ਨਵਿਰਤੀ ਵੀ ਅਨੰਦ ਦੀ ਹੇਤੂ ਹੁੰਦੀ ਹੈ। ਇਸ ਦੁਖ ਦੀ ਨਵਿਰਤੀ ਰੂਪ ਅਨੰਦ ਨੂੰ ਅਸਲ ਅਨੰਦ ਮੰਨ ਕੇ ਇਸ ਵਿੱਚ ਟਿਕ ਜਾਣਾ ਇਸ ਨੂੰ ਰਸਾਸ੍ਵਾਦ ਕਹਿੰਦੇ ਹਨ ਅਤੇ ਇਹ ਵੀ ਸਮਾਧੀ ਵਿੱਚ ਬਿਘਨ ਹੈ।

**ਸਮਾਧਿ ਮੂਰਛਾ ਤੀਨ ਅਵਸਥਾ, ਸਭਿਨਿ ਪ੍ਰਕਾਸ਼ੈ ਭਾਵਾਭਾਵ।**

ਸਮਾਧਿ ਦੀ ਅਵਸਥਾ, ਮੂਰਛਾ ਦੀ ਅਵਸਥਾ ਅਤੇ ਜਾਗ੍ਰਤ ਆਦਿ ਤਿੰਨੋਂ ਹੀ ਅਵਸਥਾਵਾਂ, ਇਹਨਾਂ ਸਭਨਾਂ ਨੂੰ ਪ੍ਰਕਾਸ਼ਣ ਵਾਲਾ, ਇਹਨਾਂ ਅਵਸਥਾਵਾਂ ਦੇ ਭਾਵ=ਹੋਣ ਨੂੰ ਪ੍ਰਕਾਸ਼ਣ ਵਾਲਾ, ਅਤੇ ਅਭਾਵ=ਨਾ ਹੋਣ ਨੂੰ ਵੀ ਪ੍ਰਕਾਸ਼ਣ ਵਾਲਾ।

**ਨਿਜ ਅਨਸੂਤ ਸਭਿਨਿ ਮਹਿੰ ਦੇਖੈ ਹਉਂ ਹੀ ਪਿਖਨਹਾਰ ਉਰ ਲਜਾਵ**

ਆਪਣੇ-ਆਪ ਨੂੰ ਇਹਨਾਂ ਸਭਨਾਂ ਦੇ ਵਿੱਚ ਅਨੁਸਯੁਤ ਹੋਇਆ ਦੇਖੇ ਅਤੇ ਅਨੁਭਵ ਕਰੇ ਕਿ ਇਹ ਅਵਸਥਾਵਾਂ ਮੇਰਾ ਸਰੂਪ ਨਹੀਂ ਹਨ ਮੈਂ ਤਾਂ ਇਹਨਾਂ ਸਾਰਿਆਂ ਦਾ ਪਿਖਨਹਾਰ ਅਰਥਾਤ ਦ੍ਰਿਸਟਾ ਹਾਂ।

**ਜਾਗ੍ਰਤਿ ਥੂਲ ਬਿਰਤਿ ਸੋਂ ਮਿਲਿ ਕੈ, ਸੁਪਨੇ ਸੂਖਮ ਬਿਰਤਿ ਮਿਲਾਵ।**

ਜਾਗ੍ਰਤ ਅਵਸਥਾ ਵਿੱਚ ਸਥੂਲ ਬਿਰਤੀ ਨਾਲ ਮਿਲ ਕੇ, ਸੁਪਨ ਅਵਸਥਾ ਵਿੱਚ ਅਵਿਦਿਆਤਮਕ ਸੂਖਮ ਬਿਰਤੀ ਨਾਲ ਮਿਲਕੇ।

**ਬਿਰਤਿ ਅਵਿੱਦਜਾ ਸੁਖਪਤਿ ਮਹਿਂ ਮਿਲਿ ਪਿਖਹਿ ਜੁ ਤੁਰੀਯਾਵਸਥਾ ਗਾਵ।੧੮।**

ਅਵਿਦਿਆਤਮਕ ਬਿਰਤੀ ਨਾਲ ਸੁਖੋਪਤੀ ਅਵਸਥਾ ਵਿੱਚ ਮਿਲ ਕੇ, ਸਭ ਨੂੰ ਪਿਖਹਿ ਜੁ=ਜੋ ਦੇਖੇ ਭਾਵ ਸਾਰਿਆਂ ਵਿੱਚ ਅਨੁਸਯੁਤ ਵੀ ਹੋਵੇ ਅਤੇ ਸਾਰਿਆਂ ਦਾ ਦ੍ਰਿਸਟਾ ਵੀ ਹੋਵੇ ਉਸਨੂੰ ਤੁਰੀਆਵਸਥਾ ਕਰਕੇ ਗਾਵ=ਗਾਕੇ ਕਥਨ ਕਰਦੇ ਹਨ।

## ਤੁਰੀਆਵਸਥਾ

**ਦੋਹਰਾ–ਨਿਰਵਿਕਲਪਤਾ ਤੇ ਰਹਤਿ ਸਭਿ ਮਹਿਂ ਮੋਹਿ ਸਰੂਪ।**

**ਤੁਰੀਯਾਵਸਥਾ ਜਾਨੀਏ ਤੁਰੀਯਾ ਤੱਤ ਅਨੂਪ।੧੯।**

ਮੇਰਾ ਜੋ ਆਤਮ ਸਰੂਪ ਹੈ, ਓਹ ਵਿਕਲਪ ਰਹਿਤ ਹੈ। ਉਹ ਸਭ ਵਿੱਚ ਨਿਰਵਿਕਲਪ ਸਰੂਪ ਵਿੱਚ ਵਿਦਮਾਨ ਹੈ। ਉਸੇ ਉਪਮਾ ਰਹਿਤ ਤੁਰੀਆ ਤੱਤ ਨੂੰ ਤੁਰੀਆਵਸਥਾ ਕਹਿੰਦੇ ਹਨ।

**ਭਾਵ ਅਰਥ**

ਨਿਰਵਿਕਲਪ ਤੋਂ ਭਾਵ ਵਿਕਲਪ ਰਹਿਤ ਉਹ ਸਾਰਿਆਂ ਦੇ ਵਿੱਚ ਵਿਦਮਾਨ ਹੈ ਅਰਥਾਤ ਉਹ ਸਾਰਿਆਂ ਦੇ ਵਿੱਚ ਰਹਿੰਦਾ ਹੋਇਆ ਵੀ ਸਾਰਿਆਂ ਤੋਂ ਰਹਿਤ ਹੈ ਭਾਵ ਨਿਰਲੇਪ ਹੈ।ਉਹ ਸਾਰਿਆਂ ਵਿੱਚ ਵਿਆਪਕ ਹੈ ਯਾਨਿ ਸਾਰਿਆਂ ਦਾ ਅਧਿਸ਼ਠਾਨ ਹੈ। ਪਰ ਫਿਰ ਵੀ ਵਿਕਲਪ ਰਹਿਤ ਹੈ ਵਿਕਲਪ ਭਾਵ ਪ੍ਰਪੰਚ ਰਹਿਤ ਹੈ ਅਰਥਾਤ ਪ੍ਰਪੰਚ ਵਿੱਚ ਵਿਆਪਕ ਹੋਣ ਤੋਂ ਬਾਵਜੂਦ ਵੀ ਉਹ ਪ੍ਰਪੰਚ ਰਹਿਤ ਹੈ, ਨਿਰਲੇਪ ਹੈ। ਐਸਾ ਜੋ ਨਿਰਵਿਕਲਪ ਸਰੂਪ ਸਭ ਦੇ ਵਿੱਚ ਵਿਦਮਾਨ ਹੈ ਉਹ ਹੀ ਮੇਰਾ ਸਰੂਪ ਹੈ ਭਾਵ ਆਤਮਾ ਹੈ ਉਸੇ ਨੂੰ ਤੁਰੀਆ ਕਹਿੰਦੇ ਹਨ।

## ਜੀਵ ਸਾਖੀ

**ਸ੍ਵੈਯਾ ਛੰਦ– ਜਾਗ੍ਰਤਿ ਆਦਿ ਸਮਾਧਿ ਅੰਤ ਲੌ ਤ੍ਰਿਧਾਭਿਮਾਨੀ ਮਲਿਨ ਸੁ ਜੀਵ।**

ਜਾਗ੍ਰਤ ਆਦਿਕ ਤੋਂ ਲੈ ਕੇ, ਸਮਾਧੀ ਤੱਕ ਜਿੰਨੀਆਂ ਅਵਸਥਾਵਾਂ ਹਨ। ਤ੍ਰਿਧਾਭਿਆਨੀ=ਵਿਸ਼ਵ, ਤੈਜਸ, ਪ੍ਰਾਗ=ਜਾਗ੍ਰਤ, ਸੁਪਨ, ਸੁਖੋਪਤੀ ਦਾ ਅਭਿਮਾਨੀ ਅਰਥਾਤ ਤਿੰਨਾਂ ਅਵਸਥਾਵਾਂ ਦਾ ਅਭਿਮਾਨੀ, ਇਹ ਜੀਵ ਦਾ ਮਲਿਨ ਸਰੂਪ ਹੈ। ਮਲਿਨ ਸੁਜੀਵ ਅਰਥਾਤ ਅਵਿਦਿਆ ਉਪਾਧੀ ਕ੍ਰਿਤ ਭਾਵ ਜੀਵ ਦਾ ਮਲਿਨ ਸਰੂਪ ਜੋ ਹੈ, ਉਹ ਅਵਿਦਿਆ ਦੀ ਉਪਾਧਿ ਕਰਕੇ ਹੈ। ਇਹ ਜੀਵ ਦਾ ਵਾਚਯ ਅਰਥ ਹੈ।

**ਤੁਰੀਯਾ ਜਾਗ੍ਰਿਤਾਦਿ ਸਭਿਹਿਨ ਕਹੁ ਅਹੈ ਪ੍ਰਕਾਸ਼ੀ ਸਾਖੀ ਥੀਵ।**

ਜੋ ਤੁਰੀਆ, ਜਾਗ੍ਰਤ ਆਦਿਕ ਸਾਰੀਆਂ ਅਵਸਥਾਵਾਂ ਦਾ ਪ੍ਰਕਾਸ਼ ਕਰਨ ਵਾਲਾ ਸਾਖੀ ਹੈ। ਸਾਖੀ ਥੀਵ= ਉਸ ਸਾਖੀ ਵਿੱਚ ਹੀ ਇਹ ਸਾਰੀਆਂ ਅਵਸਥਾਵਾਂ ਪ੍ਰਕਾਸ਼ਮਾਨ ਹੋ ਰਹੀਆਂ ਹਨ ਅਰਥਾਤ ਇਹਨਾਂ ਸਭਨਾਂ ਨੂੰ ਪ੍ਰਕਾਸ਼ ਕਰਨ ਵਾਲਾ ਸਾਖੀ ਹੀ ਹੈ। ਭਾਵ ਸਾਖੀ ਦੀ ਸੱਤਾ ਕਰਕੇ, ਇਹ ਅਵਸਥਾਵਾਂ ਪ੍ਰਕਾਸ਼ਮਾਨ ਹੁੰਦੀਆਂ ਹਨ ਅਥਵਾ ਤੁਰੀਆ ਦਾ ਵੀ ਜੋ ਪ੍ਰਕਾਸ਼ਕ ਹੈ ਕਿਉਂਕਿ ਤੁਰੀਆ ਵੀ ਚੌਥੀ ਅਵਸਥਾ ਦਾ ਨਾਮ ਹੈ ਅਰਥਾਤ ਤੁਰੀਆ ਵੀ ਅਵਸਥਾਵਾਂ ਵਿੱਚ ਹੀ

ਗਿਣੀ ਗਈ ਹੈ। ਲੇਕਿਨ ਉਹ ਅਵਸਥਾਵਾਂ ਤੋਂ ਵੀ ਪਰੇ ਹੈ, ਇਹਨਾਂ ਨੂੰ ਪ੍ਰਕਾਸ਼ਣ ਵਾਲਾ ਹੈ। ਉਹ ਸਾਖੀ ਹੀ ਜੀਵ ਦਾ ਸ਼ੁੱਧ ਸਰੂਪ ਹੈ। ਇਹ ਜੀਵ ਦਾ ਲਖਜ ਅਰਥ ਹੈ।

**ਸੋ ਸਰੂਪ ਹੈ ਸੁੱਧ ਜੀਵ ਕੋ, ਬ੍ਰਹਮ ਰੂਪ ਲਖਿ ਆਨੰਦ ਸੀਵ।**

ਉਹ ਸਾਖੀ ਹੀ ਜੀਵ ਦਾ ਸੁੱਧ ਸਰੂਪ ਹੈ। ਉਸ ਬ੍ਰਹਮ ਸਰੂਪ ਨੂੰ ਜਾਣ ਕੇ, ਅਨੰਦ ਸਰੂਪ ਹੋ ਜਾਈਦਾ ਹੈ ਅਰਥਾਤ ਸੀਵ= ਕਲਿਆਣ ਸਰੂਪ ਹੋ ਜਾਈਦਾ ਹੈ।

**ਤੁਰੀਆ ਸਾਖੀ ਸਾਖੀ ਤੁਰੀਆ, ਯਾਂਤੇ ਏਕ ਰੂਪ ਲਖਿ ਲੀਵ। ੨੦।**

ਤੁਰੀਆ ਹੀ ਸਾਖੀ ਹੈ ਅਤੇ ਸਾਖੀ ਹੀ ਤੁਰੀਆ ਹੈ ਅਰਥਾਤ ਕੋਈ ਅੰਤਰ ਨਹੀਂ ਹੈ। ਇਸ ਕਰਕੇ ਇੱਕ ਰੂਪ ਜਾਣ ਲਉ। ਤੁਰੀਆ ਅਤੇ ਸਾਖੀ ਦੀ ਅਭੇਦਤਾ ਦਾ ਵਰਣਨ ਹੈ, ਅਵਸਥਾ ਦੇ ਭੇਦ ਕਰਕੇ ਸਾਖੀ ਪ੍ਰਕਾਸ਼ਕ ਹੈ ਵਾਸਤਵ ਅਭੇਦ ਹੈ।

**ਈਸ਼ੁਰ ਬ੍ਰਹਮਾਂ ਬਿਸ਼ਨ ਰੁੱਦ੍ਰ ਕਹੁ ਮੂਰਤਿ ਧਾਰੀ ਤ੍ਰਿਧਾ ਅਨੂਪ।**

ਬ੍ਰਹਮਾ ਬਿਸ਼ਨ ਅਤੇ ਰੁਦ੍ਰ ਇਹਨਾਂ ਤ੍ਰਿਧਾ=ਤਿੰਨਾਂ ਮੂਰਤੀਆਂ ਨੂੰ ਧਾਰਨ ਵਾਲਾ ਈਸ਼ਵਰ ਉਪਮਾ ਤੋਂ ਰਹਿਤ ਹੈ।

**ਬ੍ਰਹਮ ਸਰੂਪ ਸੁ ਤੁਰੀਯਾ ਜੀਵਹਿ ਈਸ਼ੁਰ ਤੁਰੀਯਾ ਬ੍ਰਹਮ ਸਰੂਪ।**

ਜੀਵ ਦਾ ਜਿਹੜਾ ਤੁਰੀਆ ਸਰੂਪ ਹੈ ਉਹ ਬ੍ਰਹਮ ਹੀ ਹੈ ਅਥਵਾ ਬ੍ਰਹਮ ਸਰੂਪ ਹੀ ਜੀਵ ਦਾ ਤੁਰੀਆ ਸਰੂਪ ਹੈ। ਈਸ਼ਰ ਦਾ ਜਿਹੜਾ ਤੁਰੀਆ ਸਰੂਪ ਹੈ, ਉਹ ਵੀ ਬ੍ਰਹਮ ਸਰੂਪ ਹੀ ਹੈ।

**ਈਸ਼ਵਰ ਅਤੇ ਜੀਵ ਦੀ ਤੁਰੀਆਵਸਥਾ ਰੂਪ ਸਮ ਸਰੂਪਤਾ ਹੋਣ ਕਰਕੇ:**

**ਈਸ਼ੁਰ ਜੀਵ ਏਕ ਇਮੁ ਜਾਨਹੁ।**

ਇਵੇਂ ਈਸ਼ਵਰ ਅਤੇ ਜੀਵ ਨੂੰ ਇਕ ਸਰੂਪ ਹੀ ਜਾਣੋ ਅਰਥਾਤ ਜਿਹੜੀ ਅਗਿਆਨ ਕਾਰਨ ਈਸ਼ੁਰ ਜੀਵ ਦੇ ਭੇਦ ਦੀ ਪ੍ਰਤੀਤੀ ਹੈ ਉਹ ਤੁਰੀਆਵਸਥਾ ਵਿੱਚ ਮੂਲ ਸਹਿਤ ਪ੍ਰਪੰਚ ਦੀ ਨਵਿਰਤੀ ਹੋਣ ਕਰਕੇ ਖਤਮ ਹੋ ਜਾਂਦੀ ਹੈ। ਜੀਵ ਈਸ਼ ਭੇਦ ਨਵਿਰਤ ਹੋ ਜਾਂਦਾ ਹੈ, ਜੀਵ ਆਪਣੇ ਮੂਲ ਨੂੰ ਪਛਾਣ ਲੈਂਦਾ ਹੈ ਭਾਵ ਸ਼ੁੱਧ ਸਰੂਪ ਬ੍ਰਹਮ ਵਿੱਚ ਇਸਥਿਤ ਹੋ ਜਾਂਦਾ ਹੈ ਅਤੇ ਜੀਵ ਦਾ ਤੇ ਈਸ਼੍ਵਰ ਦਾ ਅਸਲ ਸਰੂਪ ਬ੍ਰਹਮ ਹੀ ਹੈ।ਬ੍ਰਹਮ ਸਰੂਪ ਤੁਰੀਆਵਸਥਾ ਵਿੱਚ ਜੀਵ ਤੇ ਈਸ਼ਵਰ ਇੱਕ ਸਰੂਪ ਹੀ ਹਨ ਕੋਈ ਭੇਦ ਨਹੀਂ ਹੈ ਇਸ ਕਰਕੇ ਜੀਵ ਈਸ਼ ਇਕ ਰੂਪ ਜਾਣੋ ਲਖਜ ਅਰਥ ਕਰਕੇ ਜੀਵ ਈਸ਼ ਇੱਕ ਰੂਪ ਹਨ।

**ਦ੍ਵੈ ਤੁਰੀਯਾ ਹੀ ਇਨਕੋ ਰੂਪ।**

ਜੀਵ ਅਤੇ ਈਸ਼ ਇਹਨਾਂ ਦੋਵਾਂ ਦਾ ਤੁਰੀਆ ਰੂਪ ਇੱਕ ਹੀ ਹੈ ਭਾਵ ਜੋ ਦੋਵਾਂ ਦਾ ਜੀਵ ਦਾ ਤੇ ਈਸ਼ ਦਾ ਲਖਜ ਅਰਥ ਹੈ ਉਹ ਇਕ ਅਦ੍ਵੈਤ ਬ੍ਰਹਮ ਹੀ ਹੈ।

**ਸਾਖੀ ਕੋ ਸਰੂਪ ਨਿਰਵਿਕਲਪ ਸੋਈ ਬ੍ਰਹਮ ਜਾਨ ਸੁਖ ਰੂਪ।੨੧।**

ਸਾਖੀ ਦਾ ਜੋ ਸਰੂਪ ਹੈ ਉਹ ਨਿਰਵਿਕਲਪ ਹੈ ਭਾਵ ਵਿਕਲਪ ਰਹਿਤ ਹੈ, ਉਹ ਬ੍ਰਹਮ ਸੁਖ ਸਰੂਪ ਹੈ ਐਸਾ ਜਾਣ ਲਉ ਅਥਵਾ ਨਿਰਵਿਕਲਪ ਬ੍ਰਹਮ ਨੂੰ ਕਹਿੰਦੇ ਹਨ ਭਾਵ ਸਾਖੀ ਦਾ ਜੋ ਸਰੂਪ ਹੈ ਉਹ ਨਿਰਵਿਕਲਪ ਹੈ ਅਰਥਾਤ ਬ੍ਰਹਮ ਹੈ। ਉਸਨੂੰ ਬੁੱਧੀ ਅਥਵਾ ਅੰਤਸ਼ਕਰਣ ਦੀ ਉਪਾਧੀ ਕਰਕੇ, ਸਾਖੀ ਕਿਹਾ ਜਾਂਦਾ ਹੈ ਵਾਸਤਵ ਉਹ ਬ੍ਰਹਮ ਸਰੂਪ ਹੀ ਹੈ। ਉਸ ਨੂੰ ਸੁੱਖ ਸਰੂਪ= ਅਨੰਦ ਸਰੂਪ ਜਾਣੋ।

## ਕੂਟਸਥ ਦੇ ਤਿੰਨ ਅਰਥ

**ਅੰਤਸ਼ਕਰਣ ਦਾ ਅਧਿਸ਼ਠਾਨ ਕੂਟਸਥ ਸਾਖੀ ਹੀ ਜੀਵ ਦਾ ਸ਼ੁੱਧ ਸਰੂਪ ਹੈ, ਵੇਦਾਂਤ ਗ੍ਰੰਥਾਂ ਵਿੱਚ ਸਾਖੀ ਪ੍ਰਥਾਇ ਇਸ ਪ੍ਰਕਾਰ ਵਿਚਾਰ ਅੰਕਿਤ ਹਨ:**

ਇਕ ਹੀ ਦਰਖਤ ਦੇ ਉਤੇ ਦੋ ਪੰਛੀ ਬੈਠੇ ਹਨ। ਉਹਨਾਂ ਦੇ ਵਿੱਚੋਂ ਇੱਕ ਤਾਂ ਉਸ ਦਰਖਤ ਦੇ ਫਲ ਆਦਿਕ ਖਾਣ ਵਾਲਾ ਇਸ ਕਰਕੇ ਭੋਗਤਾ ਹੈ ਅਤੇ ਦੂਜਾ ਉਦਾਸੀਨ ਰਹਿੰਦਾ ਹੈ ਸਿਰਫ ਪ੍ਰਕਾਸ਼ਦਾ ਹੈ ਦ੍ਰਿਸਟਾ ਹੈ ਭੋਗਤਾ ਨਹੀਂ ਹੈ। ਇਥੇ ਦਰਖਤ ਰੂਪ ਤਾਂ ਸਰੀਰ ਹੈ, ਸ਼ੁਭ ਅਸ਼ੁਭ ਕਰਮਾਂ ਰੂਪੀ ਫਲ ਹੈ ਅਤੇ ਅੰਤਸ਼ਕਰਣ ਵਿੱਚ ਪ੍ਰਤਿਬਿੰਬਿਤ ਜੀਵ ਹੈ, ਭਾਵ ਜੀਵ ਰੂਪ ਪੰਛੀ ਹੈ ਇਹ ਸ਼ੁਭ ਅਸ਼ੁਭ ਕਰਮਾਂ ਦਾ ਭੋਗਤਾ ਹੈ ਅਤੇ ਦੂਜਾ ਪੰਛੀ ਪਹਿਲੇ ਪੰਛੀ ਨੂੰ ਸਿਰਫ ਪ੍ਰਕਾਸ਼ਦਾ ਹੈ ਅਤੇ ਖੁਦ ਉਦਾਸੀਨ ਨਿਰਲੇਪ ਰਹਿੰਦਾ ਹੈ। ਉਹ ਜੀਵ ਦਾ ਸ਼ੁੱਧ ਸਰੂਪ ਹੈ, ਅੰਤਸ਼ਕਰਣ ਦਾ ਅਧਿਸ਼ਨਾਨ ਹੈ ਉਸਨੂੰ ਕੂਟਸਥ ਕਿਹਾ ਜਾਂਦਾ ਹੈ ਸਾਖੀ (ਸਾਕਸ਼ੀ) ਵੀ ਉਸੇ ਦਾ ਹੀ ਨਾਮ ਹੈ।

ਅੰਤਸ਼ਕਰਣ ਵਿੱਚ ਤਿੰਨਾਂ ਗੁਣਾਂ ਦੇ ਘੱਟ ਵੱਧ ਹੋਣ ਕਾਰਨ ਅੰਤਸ਼ਕਰਣ ਦੀਆਂ ਬਿਰਤੀਆਂ ਦੇ ਵਿੱਚ ਜੋ ਉਤਰਾਅ ਚੜ੍ਹਾਅ ਆਉਂਦਾ ਹੈ। ਉਸਦਾ ਅਸਰ ਜੀਵ ਦੇ ਮਲਿਨ ਸਰੂਪ ਤੇ ਸੁਖ ਦੁਖ ਦੇ ਰੂਪ ਵਿੱਚ ਪੈਂਦਾ ਹੈ। ਪਰ ਜੀਵ ਦਾ ਸੁੱਧ ਸਰੂਪ ਆਤਮਾ ਹੈ ਆਤਮਾ ਨਿਰਵਿਕਾਰ ਰੂਪ ਵਿੱਚ ਸਥਿਤ ਰਹਿੰਦਾ ਹੈ। ਅੰਤਸ਼ਕਰਣ ਅਤੇ ਉਸ ਦੀਆਂ ਬਿਰਤੀਆਂ ਦਾ ਪ੍ਰਭਾਵ ਨਿਰਬਿਕਾਰ ਆਤਮਾ ਤੇ ਨਹੀਂ ਪੈਂਦਾ ਇਸ ਕਰਕੇ ਆਤਮਾ ਨੂੰ ਕੂਟਸਥ ਕਹਿੰਦੇ ਹਨ।

**ਅਚਾਰੀਆ ਲੋਕ ਕੂਟਸਥ ਦੇ ਅਰਥ ਇਸ ਪ੍ਰਕਾਰ ਕਰਦੇ ਹਨ। "ਕੂਟ"** ਨਾਮ ਹੈ ਲੌਹਾਰ ਦੀ ਅਹਿਰਣ ਦਾ ਅਤੇ **"ਸਥ"** ਨਾਮ ਹੈ ਸਥਿਤ ਦਾ ਭਾਵ ਜੋ ਅਹਿਰਣ ਦੀ ਤਰ੍ਹਾਂ ਸਥਿਤ ਹੋਵੇ ਉਸਨੂੰ ਕੂਟਸਥ ਕਹਿੰਦੇ ਹਨ। ਜਿਸ ਤਰ੍ਹਾਂ ਅਹਿਰਣ ਦੇ ਉਤੇ ਲੌਹਾਰ ਅਨੇਕ ਤਰ੍ਹਾਂ ਦੇ ਔਜ਼ਾਰ ਬਣਾਉਂਦਾ ਹੈ ਪਰ ਅਹਿਰਣ ਵਿੱਚ ਕੋਈ ਵਿਕਾਰ ਨਹੀਂ ਆਉਂਦਾ ਜਿਉਂ ਦਾ ਤਿਉਂ ਸਥਿਤ ਰਹਿੰਦਾ ਹੈ। ਉਸੇ ਤਰ੍ਹਾਂ ਮਨ ਰੂਪ ਲੌਹਾਰ ਵਿਸ਼ਯ ਰੂਪ ਪਦਾਰਥਾਂ ਨੂੰ ਆਤਮ ਸੱਤਾ ਰੂਪ ਅਹਿਰਣ ਦੇ ਉਤੇ ਬਣਾਉਦਾ ਹੈ ਭਾਵ ਉਸਦੀ ਸੱਤਾ ਨਾਲ ਹੀ ਸਭ ਕੁੱਝ ਕਰਦਾ ਹੈ ਕਿਉਂਕਿ ਆਤਮਾ ਦੀ ਸੱਤਾ ਤੋਂ ਬਿਨਾਂ ਮਨ ਆਦਿਕ ਕੋਈ ਵੀ ਇੰਦਰਯ ਕੁੱਝ ਵੀ ਕਰਨ ਲਈ ਸਮਰੱਥ ਨਹੀਂ ਹੁੰਦਾ ਭਾਵ ਆਤਮਾ ਦੀ ਸੱਤਾ ਕਰਕੇ ਹੀ ਮਨ ਆਦਿ ਅਤੇ ਇਹ ਇੰਦਰੇ ਸੱਤਾਵਾਨ ਹੁੰਦੇ ਹਨ। ਪ੍ਰੰਤੂ ਆਤਮਾ ਵਿਕਾਰਵਾਨ ਨਹੀਂ ਹੁੰਦਾ ਅਬਿਕਾਰੀ ਸਰੂਪ ਵਿੱਚ ਸਥਿਤ ਰਹਿੰਦਾ ਹੈ। ਵਿਕਾਰ ਵਿਕਾਰੀ ਭਾਵ ਸਿਰਫ ਇੰਦਰਿਆਂ ਅਤੇ ਸਥੂਲ ਸੂਖਮ ਤੱਤਾਂ ਦੇ ਸੰਘਾਤ ਦਾ ਹੀ ਧਰਮ ਹੈ।

ਆਤਮਾ ਅਥਵਾ ਕੂਟਸਥ ਦਾ ਧਰਮ ਨਹੀਂ ਹੈ।

ਕੂਟਸਥ ਦਾ ਦੂਜਾ ਅਰਥ ਇਸ ਪ੍ਰਕਾਰ ਹੈ। **"ਕੂਟ"** ਨਾਮ ਹੈ ਮਿਥਿਆ ਦਾ ਅਤੇ **"ਸਥ"** ਨਾਮ ਹੈ ਸਥਿਤ ਦਾ ਭਾਵ ਮਿਥਿਆ ਜੋ ਮਾਇਆ ਹੈ ਉਸਦੇ ਸਮੀਪ ਵਰਤੀ ਜੋ ਅਬਿਕਾਰੀ ਰੂਪ ਵਿੱਚ ਸਥਿੱਤ ਰਹੇ ਉਸਨੂੰ ਕੂਟਸਥ ਕਹਿੰਦੇ ਹਨ ਤਾਤਪਰਯ ਇਹ ਹੈ ਕਿ ਆਤਮਾ ਦੀ (ਸੰਨਿਧੀ ਮਾਤਰ) ਸੱਤਾ ਕਰਕੇ ਮਾਇਆ ਅਨੇਕ ਪ੍ਰਕਾਰ ਦੇ ਮਿਥਿਆ ਪਦਾਰਥਾਂ ਨੂੰ ਰਚਦੀ ਹੈ, ਅਥਵਾ ਅਨੇਕ ਤਰ੍ਹਾਂ ਦਾ ਜਗਤ ਰੂਪ ਪ੍ਰਪੰਚ ਰਚਦੀ ਹੈ। ਜੋ ਕਿ ਛਿੰਨ-ਛਿੰਨ ਦੇ ਵਿੱਚ ਬਦਲ ਰਿਹਾ ਹੈ, ਮਿਥਿਆ ਅਤੇ ਵਿਕਾਰਵਾਨ ਹੈ। ਪ੍ਰੰਤੂ ਆਤਮਾ ਦੇ ਵਿੱਚ ਕਿਸੇ ਵੀ ਪ੍ਰਕਾਰ ਦਾ ਵਿਕਾਰ ਵਿਕਾਰੀ ਭਾਵ ਉਤਪੰਨ ਨਹੀਂ ਹੁੰਦਾ, ਆਤਮਾ ਅਚੱਲ, ਅਟੱਲ, ਅਡੋਲ, ਨਿਰਵਿਕਾਰ ਸਰੂਪ ਹੈ ਇਸ ਕਰਕੇ ਆਤਮਾ ਨੂੰ ਕੂਟਸਥ ਕਿਹਾ ਜਾਂਦਾ ਹੈ। ਇਹ ਹੀ ਜੀਵ ਦਾ ਸ਼ੁੱਧ ਸਰੂਪ ਹੈ ਜਿਸਦਾ ਗਿਆਨ ਹੋਣ ਨਾਲ ਜੀਵ ਨੂੰ ਆਪਣੇ ਅਸਲ ਸਰੂਪ ਦਾ ਗਿਆਨ ਹੋ ਜਾਂਦਾ ਹੈ ਭਾਵ ਆਪਣੇ ਸ਼ੁੱਧ ਸਰੂਪ ਆਤਮਾ ਦਾ ਗਿਆਨ ਹੋ ਜਾਂਦਾ ਹੈ। **ਤੀਜਾ ਅਰਥ ਥੋੜਾ ਕਠਿਨ ਹੈ ਪਰ ਕਠਿਨ ਹੋਣ ਕਾਰਨ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ:**

ਬੁੱਧੀ ਅਥਵਾ ਵਿਅਸਟੀ ਅਗਿਆਨ ਦਾ ਜੋ ਅਧਿਸ਼ਠਾਨ ਚੇਤਨ ਹੈ ਉਸਨੂੰ ਕੂਟਸਥ ਕਹਿੰਦੇ ਹਨ। ਜਿਸ ਪੱਖ ਵਿੱਚ ਬੁੱਧੀ ਸਹਿਤ ਚੇਤਨ ਜੀਵ ਹੈ ਉਸ ਪੱਖ ਵਿੱਚ ਬੁਧੀ ਦੇ ਅਧਿਸ਼ਠਾਨ ਨੂੰ ਕੂਟਸਥ ਕਹਿੰਦੇ ਹਨ ਅਤੇ ਜਿਸ ਪੱਖ ਵਿੱਚ ਵਿਅਸਟੀ ਅਗਿਆਨ ਦਾ ਜੋ ਅਧਿਸ਼ਠਾਨ ਹੈ, ਉਸ ਪੱਖ ਵਿੱਚ ਵਿਅਸਟੀ ਅਗਿਆਨ ਦੇ ਅਧਿਸ਼ਠਾਨ ਨੂੰ ਕੂਟਸਥ ਕਹਿੰਦੇ ਹਨ। ਇਸ ਪ੍ਰਕਾਰ ਇਸ ਸਥਾਨ ਤੇ ਇਹ ਸਿਧਾਂਤ ਹੈ: ਕਿ ਜੀਵ ਪੁਣੇ ਦਾ ਜੋ ਵਿਸ਼ੇਸ਼ਣ ਹੈ, ਉਸਦੇ ਅਧਿਸ਼ਠਾਨ ਨੂੰ ਕੂਟਸਥ ਕਹਿੰਦੇ ਹਨ। ਉਹ ਕੂਟਸਥ ਅਜਨਮਾ ਹੈ ਭਾਵ ਉਤਪੱਤੀ ਰਹਿਤ ਹੈ। ਇਸ ਦਾ ਅਭਿਪ੍ਰਾਯ (ਮਤਲਬ) ਇਹ ਹੈ: ਜਿਸ ਤਰ੍ਹਾਂ ਬ੍ਰਹਮ ਤੋਂ ਭਿੰਨ ਚਿਦਾਭਾਸ ਉਤਪੰਨ ਹੁੰਦਾ ਹੈ ਭਾਵ ਆਪਣਾ ਸਰੂਪ ਭੁੱਲਕੇ ਆਪਣੇ ਆਪ ਨੂੰ ਕਰਤਾ ਭੋਗਤਾ ਜੀਵ ਮੰਨਦਾ ਹੈ। ਆਪਣੇ ਆਪ ਨੂੰ ਪ੍ਰਛਿੰਨ ਮੰਨਦਾ ਹੈ। ਉਸ ਤਰ੍ਹਾਂ ਕੂਟਸਥ ਉਤਪੰਨ ਨਹੀਂ ਹੁੰਦਾ ਕਿੰਤੂ ਬ੍ਰਹਮ ਸਰੂਪ ਹੀ ਹੈ। ਜਿਸ ਤਰ੍ਹਾਂ ਘਟਾਕਾਸ਼ ਮਹਾਂਕਾਸ਼ ਤੋਂ ਭਿੰਨ ਨਹੀਂ ਹੁੰਦਾ ਮਹਾਂਕਾਸ਼ ਰੂਪ ਹੀ ਹੁੰਦਾ ਹੈ। ਉਸੇ ਤਰ੍ਹਾਂ ਕੂਟਸਥ ਵੀ ਬ੍ਰਹਮ ਤੋਂ ਭਿੰਨ ਨਹੀਂ ਹੁੰਦਾ ਬ੍ਰਹਮ ਰੂਪ ਹੀ ਹੁੰਦਾ ਹੈ। ਇਹ ਕੂਟਸਥ ਹੀ ਆਤਮ ਪਦ ਦਾ ਲਖਯ ਅਰਥ ਹੈ ਇਸ ਨੂੰ ਪ੍ਰਤੱਯਕ ਅਤੇ ਨਿਜਰੂਪ ਵੀ ਕਹਿੰਦੇ ਹਨ ਅਤੇ ਜੀਵ ਸਾਖੀ ਵੀ ਇਸੇ ਦਾ ਨਾਮ ਹੈ। ਜੀਵ ਦਾ ਸ਼ੁੱਧ ਸਰੂਪ ਵੀ ਇਸੇ ਨੂੰ ਕਹਿੰਦੇ ਹਨ।

**ਦੋਹਰਾ: ਸੋ ਬ੍ਰਹਮ ਕਿਹ ਸੋਂ ਮਿਲਯੋ ਨਹਿੰ ਨਯਾਰੋ ਨਹਿੰ ਕਿਹ ਸਾਥ।**

ਉਹ ਬ੍ਰਹਮ ਕਿਸੇ ਨਾਲ ਨਾ ਤਾਂ ਮਿਲਿਆ ਹੀ ਹੋਇਆ ਹੈ, ਨਾ ਹੀ ਕਿਸੇ ਤੋਂ ਵੱਖਰਾ ਹੈ ਅਤੇ ਨਾ ਹੀ ਕਿਸੇ ਦੇ ਨਾਲ ਹੈ।

**ਨਿਰਵਿਕਲਪ ਸੋ ਬ੍ਰਹਮ ਹੈ ਉਰ ਜਨਾਇ ਗੁਰ ਨਾਥ।੨੨।**

ਵਿਕਲਪ ਰਹਿਤ ਉਹ ਬ੍ਰਹਮ ਹੈ, ਐਸਾ ਗੁਰੂ ਨੇ ਹਿਰਦੇ ਵਿੱਚ ਜਣਾਇਆ ਭਾਵ ਪ੍ਰਤੱਖ ਅਨੁਭਵ ਕਰਵਾਇਆ ਹੈ।

**ਬ੍ਰਹਮ ਰੂਪ ਆਨੰਦ ਹੈ, ਆਨੰਦ ਸੋ ਬ੍ਰਹਮ ਰੂਪ।**

ਬ੍ਰਹਮ ਰੂਪ ਹੀ ਅਨੰਦ ਹੈ ਅਤੇ ਅਨੰਦ ਹੀ ਬ੍ਰਹਮ ਰੂਪ ਹੈ।

**ਜਿਸ ਜਾਨੇ ਬੰਧਨ ਕਟੈਂ, ਮਿਟਹਿ ਅੰਧ ਤਮ ਕੂਪ।੨੩।**

ਜਿਸ ਬ੍ਰਹਮ ਦੇ ਸਰੂਪ ਨੂੰ ਜਾਣਨ ਦੇ ਨਾਲ ਬੰਧਨ ਕਟ ਜਾਂਦੇ ਹਨ ਅਤੇ ਅਗਿਆਨ ਰੂਪ ਖੂਹ ਭਾਵ ਅੰਨਾਂ ਖੂਹ ਮਿਟ ਜਾਂਦਾ ਹੈ।

**ਵਿਚਾਰ ਸਾਗਰ ਗ੍ਰੰਥ ਅੰਦਰ ਬ੍ਰਹਮ ਦੇ ਸਰੂਪ ਪ੍ਰਥਾਇ ਇਸ ਪ੍ਰਕਾਰ ਵਿਚਾਰ ਅੰਕਿਤ ਕੀਤੇ ਮਿਲਦੇ ਹਨ:**

## ਬ੍ਰਹਮ ਦਾ ਸਰੂਪ

ਬ੍ਰਹਿਮੰਡ ਦੇ ਬਾਹਰ ਅੰਦਰ ਜੋ ਮਹਾਂਕਾਸ਼ ਦੇ ਸਮਾਨ ਪਰਿਪੂਰਣ ਚੇਤਨ ਹੈ ਉਸਨੂੰ ਬ੍ਰਹਮ ਕਹਿੰਦੇ ਹਨ। ਉਹ ਬ੍ਰਹਮ ਨੇੜੇ ਭੀ ਨਹੀਂ ਹੈ ਅਤੇ ਦੂਰ ਭੀ ਨਹੀਂ ਹੈ ਕਿਉਂਕਿ ਜੋ ਵਸਤੂ ਆਪਣੇ ਤੋਂ ਭਿੰਨ ਹੋਵੇ ਅਤੇ ਦੇਸ਼ ਰੂਪ ਉਪਾਧਿ ਵਾਲੀ ਹੋਵੇ ਉਸੇ ਨੂੰ ਨੇੜੇ ਦੂਰ ਕਿਹਾ ਜਾ ਸਕਦਾ ਹੈ। ਬ੍ਰਹਮ ਭਿੰਨ ਨਹੀਂ ਹੈ ਕਿੰਤੂ ਸਾਰਿਆਂ ਦਾ ਆਤਮਾ ਹੈ ਅਤੇ ਦੇਸ਼ਾਦਿਕ ਸਰਬ ਉਪਾਧੀਆਂ ਤੋਂ ਰਹਿਤ ਹੈ। ਇਸ ਕਰਕੇ ਬ੍ਰਹਮ ਨੂੰ ਨੇੜੇ ਜਾਂ ਦੂਰ ਨਹੀਂ ਕਿਹਾ ਜਾ ਸਕਦਾ। ਵਿਆਪਕ ਵਸਤੂ ਦਾ ਨਾਮ ਬ੍ਰਹਮ ਹੈ ਸੋ ਵਿਆਪਕਤਾ ਦੋ ਪ੍ਰਕਾਰ ਦੀ ਹੈ। ਇੱਕ ਤਾਂ ਆਪੇਖਕ ਵਿਆਪਕਤਾ ਹੈ ਅਤੇ ਦੂਜੀ ਨਿਰਪੇਖਕ ਵਿਆਪਕਤਾ ਹੈ।

- **ਆਪੇਖਕ ਵਿਆਪਕਤਾ:** ਜੋ ਵਸਤੂ ਕਿਸੇ ਪਦਾਰਥ ਦੀ ਅਪੇਕਸ਼ਾ (ਤੁਲਨਾ) ਚ ਵਿਆਪਕ ਹੋਵੇ ਅਤੇ ਕਿਸੇ ਦੀ ਤੁਲਨਾ ਚ ਵਿਆਪਕ ਨਾ ਹੋਵੇ। ਉਸਦੇ ਵਿੱਚ ਆਪੇਖਯਕ ਵਿਆਪਕਤਾ ਕਹੀ ਜਾਂਦੀ ਹੈ। ਜਿਵੇਂ ਪ੍ਰਿਥਵੀ ਆਦਿਕ ਦੀ ਤੁਲਨਾ ਚ ਮਾਇਆ ਵਿਆਪਕ ਹੈ ਅਤੇ ਚੇਤਨ ਦੀ ਤੁਲਨਾ ਵਿੱਚ ਨਹੀਂ ਹੈ।
- **ਨਿਰਪੇਖਕ ਵਿਆਪਕਤਾ:** ਜੋ ਵਸਤੂ ਸਾਰਿਆਂ ਦੀ ਤੁਲਨਾ ਵਿੱਚ ਵਿਆਪਕ ਹੋਵੇ, ਉਸ ਵਿੱਚ ਜੋ ਵਿਆਪਕਤਾ ਹੈ ਉਸ ਨੂੰ ਨਿਰਪੇਖਯਕ ਵਿਆਪਕਤਾ ਕਹਿੰਦੇ ਹਨ। ਉਹ ਨਿਰਪੇਖਯਕ ਵਿਆਪਕਤਾ ਸਿਰਫ ਚੇਤਨ ਵਿੱਚ ਹੁੰਦੀ ਹੈ ਕਿਉਂਕਿ ਚੇਤਨ ਦੇ ਸਮਾਨ ਅਥਵਾ ਚੇਤਨ ਤੋਂ ਜ਼ਿਆਦਾ ਹੋਰ ਕੋਈ ਵਸਤੂ ਵਿਆਪਕ ਨਹੀਂ ਹੈ। ਸਿਰਫ ਚੇਤਨ ਹੀ ਸਭ ਤੋਂ ਜ਼ਿਆਦਾ ਵਿਆਪਕ ਹੈ। ਇਸ ਕਰਕੇ ਚੇਤਨ ਵਿੱਚ ਨਿਰਪੇਖਯਕ ਵਿਆਪਕਤਾ ਹੈ।

ਦੋਵੇਂ ਹੀ ਪ੍ਰਕਾਰ ਦੀ ਵਿਆਪਕਤਾ ਸਹਿਤ ਜੋ ਵਸਤੂ ਹੈ, ਉਹ ਬ੍ਰਹਮ ਸਬਦ ਦਾ ਵਾਚਯ ਹੈ ਅਤੇ ਦੋਨੋ ਪ੍ਰਕਾਰ ਦੀ ਵਿਆਪਕਤਾ ਮਾਇਆ ਵਸਿਸਟ ਵਿੱਚ ਹੈ। ਦੋਨੋਂ ਪ੍ਰਕਾਰ ਦੀ ਵਿਆਪਕਤਾ ਮਾਇਆ ਵਸਿਸਟ ਵਿੱਚ ਕਿਵੇਂ ਹੈ? ਦੱਸਦੇ ਹਾਂ:

ਵਸਿਸ਼ਟ ਵਿੱਚ ਜੋ ਮਾਇਆ ਅੰਸ਼ ਹੈ ਉਸ ਵਿੱਚ ਤਾਂ ਆਪੇਖਯਕ ਵਿਆਪਕਤਾ ਹੈ, ਅਤੇ ਜੋ ਚੇਤਨ ਅੰਸ਼ ਹੈ ਉਸ ਵਿੱਚ ਨਿਰਪੇਖਯਕ ਵਿਆਪਕਤਾ ਹੈ। ਬੇਸ਼ੱਕ ਮਾਇਆ ਵਸਿਸ਼ਟ ਚੇਤਨ ਵਿੱਚ ਨਿਰਪੇਖਯਕ ਵਿਆਪਕਤਾ ਨਹੀਂ ਬਣਦੀ। ਕਿਉਂਕਿ ਮਾਇਆ ਚੇਤਨ ਦੇ ਇਕ ਦੇਸ਼ ਵਿੱਚ ਹੈ। ਉਸ ਮਾਇਆ ਵਿਆਪਕ ਚੇਤਨ ਨਾਲੋਂ, ਸੁੱਧ ਚੇਤਨ ਦੀ ਵਿਆਪਕਤਾ ਅਧਿਕ ਹੈ। ਇਸ ਕਰਕੇ ਸੁੱਧ ਚੇਤਨ ਵਿੱਚ ਨਿਰਪੇਖਯਕ ਵਿਆਪਕਤਾ ਹੈ। ਫੇਰ ਵੀ ਮਾਇਆ ਵਸਿਸ਼ਟ

ਜੋ ਚੇਤਨ ਹੈ। ਉਹ ਪ੍ਰਮਾਰਥ ਦ੍ਰਿਸਟੀ ਤੋਂ ਸ਼ੁੱਧ ਚੇਤਨ ਤੋਂ ਭਿੰਨ ਨਹੀਂ ਹੈ ਵੱਖਰਾ ਨਹੀਂ ਹੈ, ਕਿੰਤੂ ਸ਼ੁੱਧ ਰੂਪ ਹੀ ਹੈ। ਇਸ ਕਰਕੇ ਮਾਇਆ ਵਸਿਸ਼ਟ ਵਿੱਚ ਵੀ ਜੋ ਸ਼ੁੱਧ ਅੰਸ਼ ਹੈ ਉਸ ਵਿੱਚ ਨਿਰਪੇਖਯਕ ਹੀ ਵਿਆਪਕਤਾ ਹੈ। ਇਸ ਰੀਤੀ ਨਾਲ ਮਾਇਆ ਵਸਿਸ਼ਟ ਹੀ ਬ੍ਰਹਮ ਸ਼ਬਦ ਦਾ ਵਾਚਯ ਅਰਥ ਬਣਦਾ ਹੈ ਅਤੇ ਸ਼ੁੱਧ ਚੇਤਨ, ਬ੍ਰਹਮ ਦਾ ਲਖਯ ਅਰਥ ਹੈ। ਇਸ ਕਰਕੇ ਈਸ਼ਵਰ ਸ਼ਬਦ ਅਤੇ ਬ੍ਰਹਮ ਸ਼ਬਦ ਦੋਹਾਂ ਦਾ ਅਰਥ ਸਮਾਨ ਹੀ ਪ੍ਰਤੀਤ ਹੁੰਦਾ ਹੈ ਭਿੰਨ ਅਰਥ ਨਹੀਂ। ਫੇਰ ਵੀ ਬ੍ਰਹਮ ਸ਼ਬਦ ਦਾ ਤਾਂ ਇਹ ਸੁਭਾਅ ਹੈ, ਬਹੁਤ ਥਾਵਾਂ ਤੇ ਲਖਯ ਅਰਥ ਨੂੰ ਬੋਧਨ ਕਰਦਾ ਹੈ ਭਾਵ ਲਖਯ ਅਰਥ ਦਾ ਬੋਧ ਕਰਾਉਂਦਾ ਹੈ ਅਤੇ ਕਿਸੇ ਸਥਾਨ ਤੇ ਵਾਚਯ ਅਰਥ ਨੂੰ ਕਹਿੰਦਾ ਹੈ ਭਾਵ ਵਾਚਯ ਅਰਥ ਦਾ ਬੋਧ ਕਰਾਉਂਦਾ ਹੈ। ਇੰਨਾ ਭੇਦ ਹੈ ਇਸ ਕਰਕੇ ਲਖਯ ਅਰਥ ਨੂੰ ਲੈ ਕੇ, ਬ੍ਰਹਮ ਸ਼ਬਦ ਦਾ ਅਰਥ ਸ਼ਾਸਤਰਕਾਰਾਂ ਨੇ ਭਿੰਨ ਨਿਰੂਪਣ ਕੀਤਾ ਹੈ।

## ਅਨੰਦਮਯ ਕੋਸ਼

**ਸ੍ਵੈਯਾ ਛੰਦ-ਇਸ਼ਟ ਕਹੈਂ ਪ੍ਰਿਯ ਬਸਤੁ ਕਿ ਦਰਸ਼ਨ ਸੀਸ ਇਹੀ ਪੰਛੀ ਕੋ ਜਾਨ।**

ਕਿਸੇ ਪਿਆਰੀ ਵਸਤੂ ਦੇ ਦਰਸ਼ਨ ਨਾਲ ਜੋ ਅਨੰਦ ਪ੍ਰਾਪਤ ਹੋਵੇ ਉਸ ਨੂੰ ਇਸਟ ਕਹੈਂ=ਇਸ਼ਟ ਕਹਿੰਦੇ ਹਨ। ਇਸ ਨੂੰ ਹੀ ਅਨੰਦਮਯ ਕੋਸ਼ ਰੂਪ ਪੰਛੀ ਦਾ ਸੀਸ=ਸਿਰ ਜਾਣੋ।

**ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ, ਭੋਗਨ ਹ੍ਵੈ ਪ੍ਰਮੋਦ ਪਰ ਆਨ।**

ਉਸ ਇਸਟ ਵਸਤੂ ਦੇ ਪ੍ਰਾਪਤ ਹੋ ਜਾਣ ਨਾਲ ਜੋ ਅਨੰਦ ਪ੍ਰਾਪਤ ਹੋਵੇ ਉਸਨੂੰ ਮੋਦ ਕਹਿੰਦੇ ਹਨ, ਇਸ ਨੂੰ ਉਸ ਪੰਛੀ ਦਾ ਸੱਜਾ ਖੰਭ ਸਮਝੋ। ਉਸ ਵਸਤੂ ਦੇ ਭੋਗ ਤੋਂ ਉਤਪੰਨ ਹੋਏ, ਵਿਸ਼ਿਆਨੰਦ=ਅਨੰਦ ਨੂੰ ਪ੍ਰਮੋਦ ਕਹਿੰਦੇ ਹਨ। ਇਸ ਨੂੰ ਉਸ ਅਨੰਦ ਮਯ ਕੋਸ਼ ਰੂਪ ਪੰਛੀ ਦਾ ਖੱਬਾ ਖੰਭ ਜਾਣ ਲਉ।

**ਹੋਨਿ ਅਨੰਦ ਸਰੂਪ ਕੋਸ਼ ਕੋ, 'ਬ੍ਰਹਮ' ਪੂਛ ਲਖੀਯਹਿ ਧਿਸ਼ਟਾਨ।**

ਅਨੰਦਮਯ ਕੋਸ਼ ਰੂਪ ਪੰਛੀ ਦਾ ਸਰੂਪ ਸੰਪੂਰਣ ਹੋਣ ਲਈ ਪ੍ਰਤਿਬਿੰਬ ਰੂਪ ਵਿਸ਼ਿਆਨੰਦ ਇਸਦਾ ਆਤਮਾ ਹੈ ਅਤੇ ਬਿੰਬਭੂਤ ਅਨੰਦ ਰੂਪ ਬ੍ਰਹਮ ਪੂਛ ਰੂਪ ਪ੍ਰਤਿਸ਼ਠਾ (ਆਧਾਰ) ਅਧਿਸ਼ਠਾਨ ਹੈ।

**ਬ੍ਰਹਮ ਅਵੈਵ ਭਯੋ ਨਹਿੰ ਸ਼ੰਕਹੁ ਆਸ਼੍ਰਿਤ ਤੇ ਕਹਿ ਪੁੰਛ ਸਮਾਨ।੨੪।**

ਉਹ ਬ੍ਰਹਮ ਸਾਅਵਯਵ ਹੋ ਗਿਆ ਹੈ ਨਹਿ ਸ਼ੰਕਹੁ=ਐਸਾ ਸ਼ੰਕਾ ਨ ਕਰੋ। ਆਸ਼੍ਰਿਤ ਤੇ =ਅਨੰਦਮਯ ਦਾ ਆਸਰਾ ਹੋਣ ਕਾਰਨ ਪੂਛ ਦੇ ਤੁਲ ਕਿਹਾ ਹੈ ਅਥਵਾ ਉਹ ਬ੍ਰਹਮ ਅਨੰਦਮਯ ਕੋਸ਼ ਰੂਪ ਪੰਛੀ ਦੀ ਪੂਛ ਦੇ ਸਮਾਨ ਕਹਿਣ ਕਰਕੇ ਅੰਗਾਂ ਵਾਲਾ ਹੋ ਗਿਆ ਹੈ ਕੋਈ ਐਸਾ ਸ਼ੰਕਾ ਨਾ ਕਰੇ ਇਸ ਕਰਕੇ ਬ੍ਰਹਮ ਨੂੰ ਇਸ ਦਾ ਅਧਿਸ਼ਠਾਨ ਕਿਹਾ ਹੈ। ਭਾਵ ਬ੍ਰਹਮ ਦੀ ਸੱਤਾ ਕਰਕੇ ਅਨੰਦਮਯ ਕੋਸ਼ ਦੀ ਅਨੁਭੂਤੀ ਹੁੰਦੀ ਹੈ ਬਿਨਾਂ ਸੱਤਾ ਤੋਂ ਨਹੀਂ, ਇਸ ਕਰਕੇ ਇਸ ਨੂੰ ਬ੍ਰਹਮ ਦੇ ਆਸ਼੍ਰਿਤ ਕਿਹਾ ਹੈ। ਪੰਛੀ ਦਾ ਤਾਂ ਸਿਰਫ ਰੂਪਕ ਅਲੰਕਾਰ ਹੈ। ਅਲੰਕਾਰ, ਕਾਵਿ ਗ੍ਰੰਥਾਂ ਦੇ ਗਹਿਣੇ ਹੁੰਦੇ ਹਨ ਸੁਖੈਨ ਕਠਿਨ ਦੋਵੇਂ ਤਰੀਕਿਆਂ ਨਾਲ ਬੋਧ ਕਰਾਉਣ ਲਈ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਇੱਥੇ ਪੰਛੀ ਦੇ

ਰੂਪਕ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ। ਅਨੰਦਮਯ ਕੋਸ਼ ਵਿੱਚ ਅਭਿਵਿਅਕਤ ਜੋ ਵਿਸ਼ੇਸ਼ ਅਨੰਦ ਹੈ ਉਸ ਵਿਸ਼ੇਸ਼ ਅਨੰਦ ਵਿੱਚ ਅਨੁਸਯੂਤ ਜੋ ਸਾਮਾਨਯ ਅਨੰਦ ਹੈ। ਉਹ ਵਿਸ਼ੇਸ਼ ਅਨੰਦ, ਸਾਮਾਨਯ ਅਨੰਦ ਦੇ ਆਕ੍ਰਿਤ ਹੋਣ ਕਾਰਨ ਹੈ ਭਾਵ ਵਿਸ਼ੇਸ਼ ਅਨੰਦ ਜੋ ਹੈ ਉਹ ਸਾਮਾਨਯ ਅਨੰਦ ਦੇ ਆਸਰੇ ਹੈ। ਵਿਸ਼ੇਸ਼ ਅਨੰਦ ਦਾ ਅਧਿਸ਼ਠਾਨ ਸਾਮਾਨਯ ਅਨੰਦ ਸਰੂਪ ਬ੍ਰਹਮ ਹੀ ਹੈ। ਇਸ ਕਰਕੇ ਉਸਦੇ ਆਸ੍ਰਿਤ ਕਿਹਾ ਜਾਂਦਾ ਹੈ।

**ਦੋਹਰਾ: ਕਾਰਣ ਇਹੀ ਸਰੀਰ ਹੈ ਬਜਸ਼੍ਰਿ ਜੀਵ ਇਕ ਕੇਰ।**

ਵਿਅਸਟੀ ਅਰਥਾਤ ਇਕ ਜੀਵ ਦਾ ਜੋ ਕਾਰਨ ਸਰੀਰ ਹੈ ਉਹ ਅਨੰਦਮਯ ਕੋਸ਼ ਹੀ ਹੈ।

**ਤਿਮ ਸਮਸ਼੍ਰਿ ਹੈ ਈਸ਼ ਕੋ ਅੰਤਰ ਸਭਿ ਤੇ ਹੇਰਿ।੨੫।**

ਉਸੇ ਤਰ੍ਹਾਂ ਸਾਰਿਆਂ ਸਰੀਰਾਂ ਦੇ ਕਾਰਨ ਸਰੀਰ ਨੂੰ ਇਕੱਠਾ ਕਰਕੇ ਸਮਸਟੀ ਕਹਿੰਦੇ ਹਨ। ਸਾਰੇ ਸਰੀਰਾਂ ਦੇ ਕਾਰਨ ਸਰੀਰ ਨੂੰ ਈਸ਼ਵਰ ਦਾ ਕਾਰਨ ਸਰੀਰ ਕਿਹਾ ਜਾਂਦਾ ਹੈ। ਈਸ਼ਵਰ ਦਾ ਜੋ ਕਾਰਨ ਸਰੀਰ ਹੈ। ਉਹ ਸਾਰੇ ਕਾਰਨ ਸਰੀਰਾਂ ਵਿੱਚ ਸਮਸਟੀ ਰੂਪ ਵਿੱਚ ਵਿਆਪਕ ਹੈ। ਜੀਵ ਅਤੇ ਈਸ਼ਵਰ ਦੇ ਕਾਰਨ ਸਰੀਰ ਵਿੱਚ ਇਹੀ ਅੰਤਰ ਹੈ। ਇੱਕ ਵਿਅਸਟੀ ਹੈ ਅਤੇ ਇਕ ਸਮਸਟੀ ਹੈ, ਉਪਾਧਿਕ੍ਰਿਤ ਹੈ।

**ਇਸ ਊਪਰ ਤ੍ਰੈ ਕੋਸ਼ ਜੋ ਜਾਨੋ ਲਿੰਗ ਸਰੀਰ।**

ਇਸ ਤੋਂ ਉਪਰ ਜੋ ਤਿੰਨ ਕੋਸ਼ ਹਨ ਉਹਨਾਂ ਨੂੰ ਲਿੰਗ ਸਰੀਰ ਭਾਵ ਸੂਖਮ ਸਰੀਰ ਦੇ ਅੰਤਰਗਤ ਜਾਣੋ।

**ਬਜਸ਼੍ਰਿ ਜੀਵ ਕੇ ਏਕ ਹੈ ਸਮਸ਼੍ਰਿ ਈਸ਼ ਕੋ ਧੀਰ ।੨੬।**

ਹੇ ਬੁੱਧੀਵਾਨ ਪੁਰਸ਼ੋ ! ਪ੍ਰਤੇਯਕ ਜੀਵ ਦੇ ਇੱਕ ਹਨ ਸਮਸਟਿ ਭਾਵ ਸਾਰੇ ਈਸ਼ਵਰ ਦੇ ਜਾਣੋ ਅਰਥਾਤ- ਸਾਰੇ ਕੋਸ਼ਾਂ ਦੇ ਸਮੂਹ ਨੂੰ ਈਸ਼ਵਰ ਦਾ ਇੱਕ ਕੋਸ਼ ਜਾਣੋ, ਭਾਵ ਅਨੰਦਮਯ ਕੋਸਾਂ ਦੇ ਸਮੂਹ ਨੂੰ ਈਸ਼ਵਰ ਦਾ ਅਨੰਦਮਯ ਕੋਸ਼, ਵਿਅਸਟੀ ਉਪਾਧਿ ਕਰਕੇ ਇਕ ਜੀਵ ਦਾ ਜੋ ਅਨੰਦਮਯ ਕੋਸ਼ ਹੈ ਅਤੇ ਸਮਸਟੀ ਉਪਾਧਿ ਕਰਕੇ ਸਾਰੇ ਜੀਵਾਂ ਦੇ ਜੋ ਅਨੰਦਮਯ ਕੋਸ਼ ਹਨ ਉਹਨਾਂ ਦੇ ਸਮੂਹ ਨੂੰ ਈਸ਼ਵਰ ਦਾ ਇੱਕ ਅਨੰਦਮਯ ਕੋਸ਼ ਕਿਹਾ ਜਾਂਦਾ ਹੈ।

## ਭਾਵ ਅਰਥ ਆਨੰਦਮਯ ਕੋਸ

ਅਨੰਦ ਮਯ ਕੋਸ਼ ਨੂੰ ਇੱਕ ਪੰਛੀ ਦੀ ਉਪਮਾ ਦਿੱਤੀ ਗਈ ਹੈ। ਪੰਛੀ ਦੀ ਉਪਮਾ ਕਿਉਂ ਦਿੱਤੀ ਗਈ ਹੈ ਇਹਨਾਂ ਪੰਜਾਂ ਹੀ ਕੋਸ਼ਾਂ ਨੂੰ ਪੰਛੀ ਦੀ ਉਪਮਾ ਇਸ ਕਰਕੇ ਦਿੱਤੀ ਗਈ ਹੈ ਕਿ ਇਹਨਾਂ ਕੋਸ਼ਾਂ ਦੇ ਸਰੂਪ ਨੂੰ ਸਮਝਣਾ ਜਗਿਆਸੂ ਲਈ ਸੌਖਾ ਹੋ ਜਾਵੇ। ਦੂਜਾ ਇਹਨਾਂ ਤੋਂ ਆਤਮਾ ਭਿੰਨ ਕਿਵੇਂ ਹੈ? ਅਰਥਾਤ ਵੱਖ ਕਿਵੇਂ ਹੈ? ਇਹ ਸਮਝ ਲੱਗ ਜਾਵੇ। ਜਿੰਨਾਂ ਸਮਾਂ ਇਹਨਾਂ ਪੰਜਾਂ ਕੋਸ਼ਾਂ ਨੂੰ ਅਨਾਤਮਾ ਕਰਕੇ ਨਹੀਂ ਜਾਣਦੇ ਉਨਾਂ ਸਮਾਂ ਆਤਮ ਸਰੂਪ ਨੂੰ ਨਹੀਂ ਜਾਣ ਸਕਦੇ। ਵਾਸਤਵ ਆਤਮਾ ਦੇ ਸਰੂਪ ਦਾ ਸਹੀ-ਸਹੀ ਗਿਆਨ ਹੋ ਸਕੇ ਇਸ ਕਰਕੇ ਪੰਜਾਂ ਕੋਸ਼ਾਂ ਨੂੰ ਪੰਛੀ ਦੇ ਰੂਪ ਵਿੱਚ ਉਪਮਾ ਦਿੱਤੀ ਗਈ ਹੈ। ਇਸ ਰੂਪਕ ਅਲੰਕਾਰ ਦੇ ਵਿੱਚ ਵੀ ਬਿਰਤੀਆਂ ਹੀ ਮੁੱਖ ਹਨ ਰੂਪਕ ਨਹੀਂ।

ਕਿਸੇ ਮਨ ਭਾਉਂਦੀ ਵਸਤੂ ਨੂੰ ਦੇਖਿਆ ਉਸਦੇ ਦਰਸ਼ਨ ਮਾਤਰ ਨਾਲ ਪ੍ਰਿਅ ਬਿਰਤੀ ਬਣ ਜਾਂਦੀ ਹੈ।

ਅੰਤਸ਼ਕਰਣ ਦੀ ਪ੍ਰਿਅ ਬਿਰਤੀ ਬਣਨ ਕਾਰਨ ਉਹ ਵਸਤੂ ਬਹੁਤ ਪਿਆਰੀ ਲੱਗੀ, ਹੁਣ ਉਸ ਪਿਆਰੀ ਵਸਤੂ ਦੇ ਦਰਸ਼ਨ ਮਾਤਰ ਨਾਲ ਜਿਹੜਾ (ਵਿਸ਼ੇਸ਼) ਅਨੰਦ ਅਨੁਭਵ ਹੋਇਆ, ਉਸ ਅਨੁਭਵ ਸੁੱਖ ਨੂੰ ਅੰਤਸ਼ਕਰਣ ਦੀ ਪ੍ਰਿਅ ਬਿਰਤੀ ਕਿਹਾ ਜਾਂਦਾ ਹੈ। ਇਸ ਪ੍ਰਿਅ ਵਸਤੂ ਦੀ ਜਦੋਂ ਪ੍ਰਾਪਤੀ ਹੁੰਦੀ ਹੈ। ਉਸ ਪ੍ਰਾਪਤੀ ਨਾਲ ਜੋ ਸੁੱਖ ਅਨੁਭਵ ਹੁੰਦਾ ਹੈ ਉਸ ਅਨੁਭਵ ਸੁੱਖ ਨੂੰ ਮੋਦ ਬਿਰਤੀ ਕਹਿੰਦੇ ਹਨ। ਹੁਣ ਜਦੋਂ ਪ੍ਰਾਪਤ ਵਸਤੂ ਭੋਗ ਵਿੱਚ ਆਉਂਦੀ ਹੈ ਅਤੇ ਉਸ ਤੋਂ ਜੋ ਸੁੱਖ ਅਨੁਭਵ ਹੁੰਦਾ ਹੈ ਉਸ ਅਨੁਭਵ ਸੁੱਖ ਨੂੰ ਪ੍ਰਮੋਦ ਬਿਰਤੀ ਕਹਿੰਦੇ ਹਨ। ਵਸਤੂ ਦੇ ਦਰਸ਼ ਤੋਂ ਜੋ ਅਨੰਦ ਅਨੁਭਵ ਹੋਇਆ ਉਹ ਪ੍ਰਿਅ, ਪ੍ਰਾਪਤੀ ਤੋਂ ਜੋ ਅਨੰਦ ਆਇਆ ਉਹ ਮੋਦ, ਭੋਗ ਤੋਂ ਜੋ ਅਨੰਦ ਮਹਿਸੂਸ ਹੋਇਆ ਉਸਨੂੰ ਪ੍ਰਮੋਦ ਕਹਿੰਦੇ ਹਨ। ਇਹ ਜਿਹੜਾ ਤਿੰਨਾਂ ਬਿਰਤੀਆਂ ਰਾਹੀਂ ਅਨੰਦ ਅਨੁਭਵ ਹੁੰਦਾ ਹੈ। ਇਸ ਦਾ ਅਧਿਸ਼ਠਾਨ ਕੀ ਹੈ ਭਾਵ ਆਸਰਾ ਕੀ ਹੈ? ਵਾਸਤਵ ਵਿੱਚ ਇਸਦਾ ਆਸਰਾ ਬ੍ਰਹਮ ਹੀ ਹੈ। ਸਿਵਾਏ ਬ੍ਰਹਮ ਦੇ ਹੋਰ ਕੁਝ ਵੀ ਨਹੀਂ ਹੈ ਜੋ ਕਿਸੇ ਵਿਸ਼ੇਸ਼ ਅਨੰਦ ਦਾ ਅਧਿਸ਼ਠਾਨ ਹੋਵੇ।

ਅਨੰਦਮਯ ਕੋਸ਼ ਰੂਪ ਵਿਸ਼ੇਸ਼ ਅਨੰਦ ਦੇ ਵਿੱਚ ਅਨੁਸਯੂਤ ਜੋ ਸਾਮਾਨਯ ਅਨੰਦ ਹੈ ਭਾਵ ਬ੍ਰਹਮਾਨੰਦ ਹੈ। ਉਹ ਬ੍ਰਹਮਾਨੰਦ ਤਾਂ ਸਾਮਾਨਯ ਅਨੰਦ ਹੀ ਹੈ। ਉਹ ਜਿਹੜਾ ਸਾਮਾਨਯ ਅਨੰਦ ਹੈ, ਇਨ੍ਹਾਂ ਅੰਤਸ਼ਕਰਣ ਦੀਆਂ ਬਿਰਤੀਆਂ ਵਿੱਚ ਅਭਿਵਿਅਕਤ ਹੋਣ ਕਰਕੇ ਵਿਸ਼ੇਸ਼ ਅਨੰਦ ਰੂਪ ਕਰਕੇ ਵਿਵਹਾਰਕ ਦ੍ਰਿਸ਼ਟੀ ਤੋਂ ਕਿਹਾ ਜਾਂਦਾ ਹੈ। ਕਿਉਂਕਿ ਜਿਤਨੇ ਵੀ ਵਿਸ਼ੇ ਸੁੱਖ ਹਨ, ਉਹਨਾਂ ਸਾਰੇ ਸੁੱਖਾਂ ਦਾ ਅਧਿਸ਼ਠਾਨ ਤਾਂ ਸਾਮਾਨਯ ਅਨੰਦ ਹੀ ਹੈ ਅਤੇ ਜੇਕਰ ਸਾਮਾਨਯ ਅਨੰਦ ਨਾ ਹੋਵੇ, ਕੋਈ ਵਿਸ਼ੇਸ਼ ਅਨੰਦ ਆ ਹੀ ਨਹੀਂ ਸਕਦਾ। ਇਸ ਕਰਕੇ ਸਾਮਾਨਯ ਅਨੰਦ ਸਰੂਪ ਬ੍ਰਹਮ ਦੇ ਆਸਰੇ ਹੀ ਸਾਰੇ ਵਿਸ਼ੇਸ਼ ਅਨੰਦ ਉਤਪੰਨ ਹੁੰਦੇ ਹਨ। ਚਾਹੇ ਉਹ ਕਿਸੇ ਵੀ ਪ੍ਰਕਾਰ ਦੇ ਹੋਣ। ਜਿੰਨੇ ਵੀ ਬਾਹਰੀ ਵਿਸ਼ੇ ਸੁੱਖ ਹਨ ਉਹਨਾਂ ਸਾਰੇ ਵਿਸ਼ੇ ਸੁੱਖਾਂ ਦੀ ਅਨੁਭੂਤੀ ਬ੍ਰਹਮ ਦੀ ਸੱਤਾ ਤੋਂ ਬਿਨਾਂ ਨਹੀਂ ਹੋ ਸਕਦੀ। ਇਹਨਾਂ ਸਾਰੀਆਂ ਬਿਰਤੀਆਂ ਵਿੱਚ ਉਤਪੰਨ ਜੋ ਵਿਸ਼ਿਆ ਨੰਦ ਹੈ ਉਹ ਬ੍ਰਹਮ ਦੀ ਸੱਤਾ ਕਰਕੇ ਹੀ ਹੈ, ਇਹਨਾਂ ਦੀ ਆਪਣੀ ਸੱਤਾ ਕਰਕੇ ਨਹੀਂ ਹੈ। ਸੋ ਅੰਤਸ਼ਕਰਣ ਵਿੱਚ ਅਵਿਦਿਆ ਦਾ ਕਾਰਜ ਇਹ ਬਿਰਤੀਆਂ ਹਨ, ਉਸ ਅਵਿਦਿਆ ਦਾ ਅਧਿਸ਼ਠਾਨ ਵੀ ਬ੍ਰਹਮ ਹੀ ਹੈ ਭਾਵ ਚੇਤਨ ਹੀ ਹੈ। ਅੰਤਸ਼ਕਰਣ ਵਿੱਚ ਪ੍ਰਤਿਬਿੰਬਤ ਚੇਤਨ ਨੂੰ ਪ੍ਰਿਅ ਬਿਰਤੀ ਕਿਹਾ ਜਾਂਦਾ ਹੈ ਉਸ ਤੋਂ ਅਧਿਕ ਜੋ ਪ੍ਰਤਿਬਿੰਬਤ ਚੇਤਨ ਹੈ ਉਸਨੂੰ ਮੋਦ ਬਿਰਤੀ ਕਿਹਾ ਜਾਂਦਾ ਹੈ। ਉਸ ਤੋਂ ਵੀ ਜ਼ਿਆਦਾ ਪ੍ਰਤਿਬਿੰਬਤ ਚੇਤਨ ਨੂੰ ਪ੍ਰਮੋਦ ਬਿਰਤੀ ਕਿਹਾ ਜਾਂਦਾ ਹੈ ਭਾਵ ਚੇਤਨ ਦੇ ਪ੍ਰਤਿਬਿੰਬ ਕਾਰਨ ਹੀ ਇਹ ਬਿਰਤੀਆਂ ਪ੍ਰਿਅ ਮੋਦ ਪ੍ਰਮੋਦ ਰੂਪ ਹੁੰਦੀਆਂ ਹਨ।

**ਸ਼ੰਕਾ:** ਇਹ ਜੋ ਅਨੰਦਮਯ ਕੋਸ਼ ਹੈ ਇਸ ਅਨੰਦਮਯ ਕੋਸ਼ ਨੂੰ ਵੀ ਆਤਮਾ ਦੇ ਸਰੂਪ ਦੇ ਸਮਾਨ ਜਾਣਾਂਗੇ ਭਾਵ ਆਤਮਾ ਹੀ ਮੰਨਾਂਗੇ ਜਾਂ ਆਤਮਾ ਅਤੇ ਇਸ ਕੋਸ਼ ਵਿੱਚ ਕੀ ਅੰਤਰ ਕੀ ਹੈ? ਉਹ ਵੀ ਦੱਸੋ। ਆਤਮਾ ਅਤੇ ਇਸ ਕੋਸ਼ ਵਿੱਚ ਕੋਈ ਅੰਤਰ ਹੈ ਉਹ ਦੱਸੋ?

**ਸਮਾਧਾਨ:** ਇਸ ਕੋਸ਼ ਨੂੰ ਆਤਮਾ ਦੇ ਸਮਾਨ ਸਰੂਪ ਵਾਲਾ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅਨੰਦਮਯ ਕੋਸ਼ ਦਾ ਸਰੂਪ ਉਦਭਵ ਅਤੇ ਅਭਿਭਵ ਵਾਲਾ ਹੈ। ਇਸ ਕਰਕੇ ਇਸਨੂੰ ਆਤਮਾ ਦੇ ਸਮਾਨ ਨਹੀਂ ਕਿਹਾ ਜਾ ਸਕਦਾ। ਉਦਭਵ

ਅਤੇ ਅਭਿਭਵ ਤੋਂ ਭਾਵ ਹੈ ਕਿ ਪ੍ਰਗਟ ਵੀ ਹੁੰਦਾ ਹੈ ਅਤੇ ਨਸ਼ਟ ਵੀ ਹੋ ਜਾਂਦਾ ਹੈ ਉਪਜਣ ਤੇ ਬਿਨਸਨ ਹਾਰ ਹੈ। ਲੇਕਿਨ ਆਤਮਾ ਜੋ ਉਹ ਉਦਭਵ ਅਤੇ ਅਭਿਭਵ ਸਰੂਪ ਵਾਲਾ ਨਹੀਂ ਹੈ। ਉਹ ਆਤਮਾ ਨਿਰਵਿਕਾਰ ਹੈ, ਸਮਾਨਯ ਹੈ ਇੱਕ ਹੈ। ਇਸ ਕਰਕੇ ਇਹ ਕੋਸ਼ ਉਪਜਣ ਬਿਨਸਨਹਾਰ ਹੋਣ ਕਾਰਨ ਬਿਕਾਰ-ਬਿਕਾਰੀ ਭਾਵ ਵਾਲਾ ਹੈ। ਆਤਮਾ ਇਸ ਤੋਂ ਭਿੰਨ ਇਸਦਾ ਵੀ ਅਧਿਸ਼ਠਾਨ ਆਸਰਾ ਸਤ ਚਿਤ ਅਨੰਦ ਸਰੂਪ ਹੈ।

ਇਹ ਅਨੰਦਮਯ ਕੋਸ਼ ਉਦਭਵ ਦੇ ਅਭਿਭਵ ਵਾਲਾ ਕਿਵੇਂ ਹੈ? ਇਹ ਵੀ ਦੱਸਦੇ ਹਾਂ। ਪ੍ਰਿਅ ਵਸਤੂ ਦੇਖੀ ਬਿਰਤੀ ਪ੍ਰਿਅ ਬਣ ਗਈ ਅਗਰ ਉਹ ਵਸਤੂ ਅਚਾਨਕ ਅੱਖਾਂ ਤੋਂ ਉਹਲੇ ਹੋ ਗਈ, ਜਿਹੜੀ ਪ੍ਰਿਅ ਬਿਰਤੀ ਬਣੀ ਸੀ ਅੰਤਸ਼ਕਰਣ ਵਿੱਚ ਉਹ ਬਿਰਤੀ ਨਸ਼ਟ ਹੋ ਗਈ। ਪ੍ਰਿਅ ਬਿਰਤੀ ਨਸ਼ਟ ਹੋਣ ਨਾਲ ਉਸ ਤੋਂ ਉਤਪੰਨ ਸੁੱਖ ਵੀ ਨਸ਼ਟ ਹੋ ਗਿਆ। ਜੇਕਰ ਵਸਤੂ ਪ੍ਰਾਪਤ ਹੋ ਗਈ ਤਾਂ ਮੋਦ ਬਿਰਤੀ ਬਣ ਗਈ ਜੇਕਰ ਪ੍ਰਾਪਤ ਨਾ ਹੋਈ ਤਾਂ ਮੋਦ ਬਿਰਤੀ ਨਹੀਂ ਬਣੀ। ਮੰਨ ਲਓ ਜੇਕਰ ਪ੍ਰਾਪਤ ਵੀ ਹੋ ਜਾਵੇ ਉਸ ਵਸਤੂ ਨੂੰ ਭੋਗ ਨਾ ਸਕੇ ਅਥਵਾ ਵਰਤ ਨ ਸਕੇ ਤਾਂ ਪ੍ਰਮੋਦ ਬਿਰਤੀ ਨਹੀਂ ਬਣੇਗੀ। ਜੇਕਰ ਵਰਤੋਂ ਵਿੱਚ ਆਵੇਗੀ ਤਾਂ ਹੀ ਅੰਤਸ਼ਕਰਣ ਦੀ ਬਿਰਤੀ ਪ੍ਰਮੋਦ ਸਰੂਪ ਬਣੇਗੀ। ਸੋ ਇਸ ਕਰਕੇ ਇਹ ਅਨੰਦਮਯ ਕੋਸ਼ ਉਦਭਵ ਅਭਿਭਵ ਵਾਲਾ ਭਾਵ ਉਤਪੰਨ ਨਸ਼ਟ ਹੋਣ ਵਾਲਾ ਹੈ ਅਤੇ ਜੋ ਬ੍ਰਹਮ ਸੁਖ ਹੈ ਉਹ ਉਤਪਤੀ ਨਾਸ਼ਵਾਨ ਨਹੀਂ ਹੈ। ਇਹ ਜੋ ਅਨੰਦਮਯ ਕੋਸ਼ ਹੈ ਇਹ ਵਿਸ਼ੇ ਸਾਪੇਕਸ਼ ਹੈ ਕਿਉਂਕਿ ਵਿਸ਼ੇ ਤੋਂ ਬਿਨਾਂ ਇਸ ਦੀ ਅਨੁਭੂਤੀ ਨਹੀਂ ਹੁੰਦੀ ਅਤੇ ਜੋ ਬ੍ਰਹਮ ਸੁਖ ਹੈ ਅਰਥਾਤ ਸਰੂਪ ਸੁਖ ਹੈ। ਉਹ ਵਿਸ਼ੇ ਸਾਪੇਕਸ਼ ਨਹੀਂ ਹੈ ਉਹ ਅਗਿਆਨ ਨਵਿਰਤੀ ਸਾਪੇਕਸ਼ ਹੈ ਭਾਵ ਉਸਦੇ ਵਾਸਤੇ ਕੋਈ ਵਿਸ਼ਾ ਨਹੀਂ ਚਾਹੀਦਾ ਸਿਰਫ ਅਗਿਆਨ ਦੀ ਨਵਿਰਤੀ ਚਾਹੀਦੀ ਹੈ ਅਤੇ ਜੋ ਵਿਸ਼ੇ ਸੁੱਖ ਹੈ, ਉਸਦੇ ਲਈ ਵਿਸ਼ਯ ਚਾਹੀਦਾ ਹੈ। ਅਨੰਦਮਯ ਕੋਸ਼ ਲਈ ਵੀ ਵਿਸ਼ਯ ਚਾਹੀਦਾ ਹੈ ਕਿਉਂਕਿ ਦ੍ਰਿਸਟੀ ਗੋਚਰ ਵਿਸ਼ਯ ਜੇਕਰ ਹੋਵੇਗਾ ਤਾਂ ਬਿਰਤੀ ਪ੍ਰਿਯ ਬਣੇਗੀ ਮੋਦ ਪ੍ਰਮੋਦ ਬਣੇਗੀ, ਇਸੇ ਨੂੰ ਵਿਸ਼ੇ ਸਾਪੇਕਸ਼ ਕਹਿੰਦੇ ਹਨ। ਜੇਕਰ ਵਿਸ਼ਯ ਦ੍ਰਿਸ਼ਟੀਗੋਚਰ ਨਾ ਹੋਵੇ ਤਾਂ ਵਿਸ਼ੇ ਦੇ ਨਾ ਹੋਣ ਕਾਰਨ ਪ੍ਰਿਅ ਬਿਰਤੀ ਕਦੇ ਬਣ ਨਹੀਂ ਸਕਦੀ, ਮੋਦ ਪ੍ਰਮੋਦ ਨੇ ਤਾਂ ਕੀ ਬਣਨਾ ਹੈ? ਅਖੀਰ ਵਿੱਚ ਨਿਚੋੜ ਇਹ ਹੈ ਕਿ ਇਹ ਬਿਰਤੀਆਂ ਸਾਰੀ ਜ਼ਿੰਦਗੀ ਬਣਦੀਆਂ ਰਹਿੰਦੀਆਂ ਹਨ ਅਤੇ ਖਤਮ ਹੁੰਦੀਆਂ ਰਹਿੰਦੀਆਂ ਹਨ। ਇਸ ਕਰਕੇ ਅਨੰਦਮਯ ਕੋਸ਼ ਵੀ ਉਤਪਤੀ ਨਾਸ਼ਵਾਨ ਹੈ ਸੰਸਾਰ ਦੇ ਹੀ ਅੰਤਰਗਤ ਹੈ। ਜੀਵ ਦੀ ਹੀ ਉਪਾਧਿ ਮੰਨਿਆ ਜਾਵੇਗਾ ਅਤੇ ਜੀਵ ਹੀ ਉਸਦਾ ਭੋਗਤਾ ਹੈ ਅਤੇ ਦੂਜੇ ਪਾਸੇ ਜੋ ਬ੍ਰਹਮ ਹੈ ਉਹ ਪੰਚ ਕੋਸ਼ਾਤੀਤ ਹੈ ਅਰਥਾਤ ਪੰਜਾਂ ਹੀ ਕੋਸ਼ਾਂ ਤੋਂ ਰਹਿਤ ਹੈ। ਸਿਰਫ ਅਗਿਆਨ ਨਵਿਰਤੀ ਨਾਲ ਉਪਲਕਸ਼ਿਤ ਹੁੰਦਾ ਹੈ ਜਾਣਿਆ ਜਾਂਦਾ ਹੈ। ਮੋਖ ਪੰਥ ਪ੍ਰਕਾਸ਼ ਗ੍ਰੰਥ ਅੰਦਰ ਚਾਰ ਕੋਸ਼ਾਂ ਦਾ ਜ਼ਿਕਰ ਪਹਿਲਾ ਆਉਂਦਾ ਹੈ ਅਤੇ ਇੱਥੇ ਅਨੰਦਮਯ ਕੋਸ਼ ਤੋਂ ਬਾਅਦ ਵਿੱਚ ਕਥਨ ਕੀਤਾ ਗਿਆ ਹੈ। **ਉਹ ਬ੍ਰਹਮ ਹੀ ਇਹਨਾਂ ਦਾ ਅਧਿਸ਼ਠਾਨ ਹੈ ਪੰਡਿਤ ਗੁਲਾਬ ਸਿੰਘ ਜੀ ਇਸ ਪ੍ਰਕਾਰ ਕਥਨ ਕਰਦੇ ਹਨ।**

**ਸੋ ਆਨੰਦਮਯ ਆਤਮ ਨਾਂਹੀ। ਤਾਂ ਕੀ ਗਣਨਾ ਕੋਸ਼ਨ ਮਾਂਹੀ।**
**ਪੂਰਬ ਚਾਰ ਕੋਸ਼ ਜੋ ਹਈਏ। ਪੰਚਮ ਕੋਸ਼ ਤਥਾ ਵਹਿ ਪਈਏ।**

**ਇਨ ਸਭਹੀ ਤੇ ਨਿਆਰੋ ਆਹੇ।ਮਨੀਸ਼ੀ ਆਤਮ ਭਾਖੇ ਤਾਹਿ।**

**ਮੋਖ ਪੰਥ ਪ੍ਰਕਾਸ**

ਕਿ ਉਹ ਅਨੰਦਮਯ ਕੋਸ਼ ਆਤਮਾ ਨਹੀਂ ਹੈ। ਉਸਦੀ ਗਿਣਤੀ ਸਿਰਫ ਕੋਸ਼ਾਂ ਦੇ ਵਿੱਚ ਹੀ ਹੈ। ਪਹਿਲੇ ਕਹੇ ਚਾਰ ਕੋਸ਼ ਜਿਸ ਪ੍ਰਕਾਰ ਨਾਸ਼ਵਾਨ ਹਨ ਇਸ ਪੰਜਵੇਂ ਕੋਸ਼ ਨੂੰ ਵੀ ਉਸੇ ਤਰ੍ਹਾਂ ਸਮਝੋ, ਆਤਮਾ ਇਹਨਾਂ ਸਾਰੇ ਕੋਸ਼ਾਂ ਤੋਂ ਨਿਆਰਾ ਹੈ ਇਹਨਾਂ ਦਾ ਆਸਰਾ ਹੈ, ਭਾਵ ਇਹਨਾਂ ਨੂੰ ਸੱਤਾ ਦੇਣ ਵਾਲਾ ਹੈ। ਬਿਬੇਕ ਬੁੱਧੀ ਵਾਲੇ ਮਹਾਤਮਾ ਐਸਾ ਕਥਨ ਕਰਦੇ ਹਨ।

**ਪੰਚ ਕੋਸ਼ ਮੇਂ ਆਤਮਾ ਵਯਾਪਕ ਏਕ ਸਮਾਨ।**

**ਰਹਿ ਅਸੰਗ ਸਾਕਸ਼ੀ ਤਿਸੇ ਭਾਵ ਵਿਲਯ ਕਾ ਗਯਾਨ। (ਵੇਦਾਂਤ ਗਿਆਨ)**

## ਅੰਨਮਯ ਕੋਸ਼

**ਕੋਸ਼ ਅੰਨਮਯ ਵਹਿਰ ਕੋ ਜਾਨਹੁ ਸਕਲ ਸਰੀਰ।**

**ਸਿਰ ਸਿਰ ਬਾਹੂ ਬਾਹੁ ਦ੍ਵੈ ਪ੍ਰਿਸ਼ਟ ਥਿਰੈ ਜਹਿਂ ਧੀਰ।੨੭।**

ਬਾਹਰ ਦਾ ਜੋ ਸਾਰਾ ਸਰੀਰ ਹੈ ਇਸ ਨੂੰ ਅੰਨਮਯ ਕੋਸ਼ ਜਾਣੋ। ਅਨੰਦਮਯ ਕੋਸ਼ ਦੇ ਰੂਪਕ ਵਾਂਗ ਸਿਰ ਦੀ ਥਾਂ ਤੇ ਸਿਰ ਭਾਵ ਪੰਛੀ ਦੇ ਸਿਰ ਦੀ ਥਾਂ ਤੇ ਸਿਰ, ਪਰਾਂ ਦੀ ਥਾਂ ਤੇ ਪਰ ਅਤੇ ਪੰਛੀ ਦੀ ਪੂਛ ਦੀ ਥਾਂ ਤੇ ਪੂਛ ਸਮਝੋ ਭਾਵ ਪ੍ਰਿਸ਼ਟ-ਪਿਛਲਾ ਹਿੱਸਾ ਪੂਛ ਦੀ ਥਾਂ ਤੇ ਪੂਛ ਧੀਰਜਵਾਨ ਪੁਰਖ ਕਥਨ ਕਰਦੇ ਹਨ।

**ਚੌਪਈ: ਪੰਚ ਕੋਸ਼ ਪੰਛੀ ਪੰਚ ਕਹੇ। ਬੀਚ ਬੇਦ ਕੇ ਸੰਤਨਿ ਲਹੇ।**

ਇਹ ਜੋ ਪੰਜ ਕੋਸ਼ਾਂ ਦੇ ਪੰਜ ਸਰੂਪ, ਪੰਜ ਪੰਛੀਆਂ ਦੇ ਅਲੰਕਾਰ ਵਿੱਚ ਕਹੇ ਹਨ। ਬੇਦਾਂ ਵਿੱਚ ਸੰਤ ਲੋਕ ਪ੍ਰਮਾਣ ਰੂਪ ਵਿੱਚ ਲਹੇ-ਪ੍ਰਾਪਤ ਕਰਦੇ ਹਨ।

**ਭਾਵ ਅਰਥ**

ਇਸ ਸਥੂਲ ਦੇਹ ਦਾ ਸਿਰ ਹੀ ਅੰਨਮਜ ਕੋਸ਼ ਰੂਪ ਪੰਛੀ ਦਾ ਸਿਰ ਹੈ। ਇਸ ਦੇਹ ਦਾ ਖੱਬਾ ਹੱਥ ਹੀ ਖੱਬਾ ਖੰਭ ਹੈ ਅਤੇ ਸੱਜਾ ਹੱਥ ਹੀ ਸੱਜਾ ਖੰਭ ਹੈ। ਇਸ ਸਰੀਰ ਦਾ ਧੜ ਹੀ ਉਸ ਕੋਸ਼ਾਤਮਕ ਪੰਛੀ ਦਾ ਉਦਰ ਹੈ ਭਾਵ ਧੜ ਹੈ ਜਿਸ ਨੂੰ ਆਤਮਾ ਸ਼ਬਦ ਨਾਲ ਕਿਹਾ ਹੈ।ਸਰੀਰ ਦਾ ਥਲੜਾ ਹਿੱਸਾ ਪੈਰਾਂ ਤੱਕ ਲੰਬਾ ਹੋਣ ਕਰਕੇ ਉਸ ਪੰਛੀ ਦੀ ਪੂਛ ਦੀ ਤਰ੍ਹਾਂ ਹੋਣ ਕਰਕੇ, ਉਸ ਪੰਛੀ ਦੀ ਪੂਛ ਕਿਹਾ ਗਿਆ ਹੈ ਕਿਉਂਕਿ ਪੈਰਾਂ ਤੇ ਹੀ ਅੰਨਮਯ ਕੋਸ਼ ਰੂਪ ਪੰਛੀ ਪ੍ਰਤਿਸਠਤ ਰਹਿੰਦਾ ਹੈ।

## ਪ੍ਰਾਣ ਮਯ ਕੋਸ਼

**ਪੰਚ ਕਰਮ ਇੰਦ੍ਰੀ ਪੰਚ ਪ੍ਰਾਨ, ਕੋਸ਼ ਪ੍ਰਾਣਮਯ ਜਾਨ ਸੁਜਾਨ।੨੮।**

ਪੰਜ ਕਰਮ ਇੰਦਰੀਆਂ ਅਤੇ ਪੰਜੇ ਹੀ ਪ੍ਰਾਣ, ਹੇ ਬੁਧੀਵਾਨੋਂ ! ਇਸ ਨੂੰ ਪ੍ਰਾਣਮਯ ਕੋਸ਼ ਕਰਕੇ ਜਾਣੋ।

**ਏਕ ਪ੍ਰਾਣ ਕੀ ਚਾਰਹੁੰ ਪੌਣ।ਸਿਰ ਇਕ ਪਰ ਦ੍ਵੈ ਪੂਛ ਇਕ ਤੌਨ।**

ਇਕ ਹੀ ਪ੍ਰਾਣ ਦੀਆਂ ਜੋ ਚਾਰ ਪੌਣਾਂ ਹਨ– ਉਹਦੇ ਵਿੱਚੋਂ ਇੱਕ ਪੌਣ ਸਿਰ, ਦੋ ਪੌਣਾਂ ਖੰਭ, ਇੱਕ ਚੌਥੀ ਜੋ ਹੈ, ਪੌਣ– ਉਸਨੂੰ ਪੂਛ ਜਾਣੋ।

**ਭਾਵ ਅਰਥ**

ਪੰਜ ਕਰਮ ਇੰਦਰੀਆਂ ਅਤੇ ਪੰਜ ਪ੍ਰਾਣ ਇਸ ਨੂੰ ਪ੍ਰਾਣਮਯ ਕੋਸ਼ ਕਿਹਾ ਜਾਂਦਾ ਹੈ। ਸਥੂਲ ਸਰੀਰ ਦੇ ਅੰਦਰ ਅਰਥਾਤ ਅੰਨਮਯ ਕੋਸ਼ ਦੇ ਅੰਦਰ ਪ੍ਰਾਣਮਯ ਕੋਸ਼ ਮੌਜੂਦ ਹੈ। ਜਿਵੇਂ ਅੰਨਮਯ ਕੋਸ਼ ਪੰਛੀ ਰੂਪ ਵਿੱਚ ਵਰਣਨ ਕੀਤਾ ਗਿਆ ਹੈ, ਉਸੇ ਤਰ੍ਹਾਂ ਪ੍ਰਾਣਮਯ ਆਦਿਕ ਬਾਕੀ ਕੋਸ਼ਾਂ ਨੂੰ ਵੀ ਜਾਣਨਾ ਜਿਸ ਤਰ੍ਹਾਂ ਅੰਨਮਯ ਦੇ ਅੰਦਰ ਪ੍ਰਾਣਮਯ ਕੋਸ਼ ਹੈ ਉਸੇ ਤਰ੍ਹਾਂ ਪ੍ਰਾਣਮਯ ਦੇ ਅੰਦਰ ਮਨੋਮਯ, ਮਨੋਮਯ ਦੇ ਅੰਦਰ ਵਿਗਿਆਨ ਮਯ ਅਤੇ ਵਿਗਿਆਨ ਮਯ ਦੇ ਅੰਦਰ ਅਨੰਦਮਯ ਕੋਸ਼ ਹੈ। ਇਥੇ ਪਹਿਲਾ ਅਨੰਦਮਯ ਦਾ ਜ਼ਿਕਰ ਕੀਤਾ ਗਿਆ ਹੈ ਕਿਉਂਕਿ ਅਨੰਦਮਯ ਕਾਰਣ ਸਰੀਰ ਹੋਣ ਕਾਰਨ, ਬਾਕੀ ਦੇ ਚਾਰ ਕੋਸ਼ਾਂ ਦਾ ਕਾਰਨ ਰੂਪ ਹੈ। ਇਸੇ ਕਰਕੇ ਉਸ ਦਾ ਪਹਿਲਾਂ ਕਥਨ ਕੀਤਾ ਗਿਆ ਹੈ।

ਹੁਣ ਰਹੀ ਗੱਲ ਪ੍ਰਾਣਮਯ ਕੋਸ਼ ਰੂਪ ਪੰਛੀ ਦੀ, ਮੁੱਖ ਰਾਹੀਂ ਲਿਆ ਜਾਣ ਵਾਲਾ ਪ੍ਰਾਣ ਇਸ ਦਾ ਸਿਰ ਹੈ। ਅਪਾਨ ਵਾਯੂ ਇਸ ਦਾ ਖੱਬਾ ਖੰਭ ਹੈ। ਪ੍ਰਾਣ, ਅਪਾਨ ਦੀ ਸੰਧੀ ਰੂਪ ਭਾਵ ਇਹਨਾਂ ਨੂੰ ਆਪਸ ਵਿੱਚ ਜੋੜਨ ਵਾਲਾ ਬਿਆਨ ਵਾਯੂ ਸੱਜਾ ਖੰਭ ਕਿਹਾ ਹੈ ਅਤੇ ਸਮਾਨ ਵਾਯੂ ਜਿਸਦੀ ਧੜ ਹੈ ਅਤੇ ਉਦਾਨ ਵਾਯੂ ਨੂੰ ਜਿਸ ਦੀ ਪੂਛ ਰੂਪ ਪ੍ਰਤਿਸਠਾ ਕਿਹਾ ਹੈ। ਇਸ ਉਦਾਨ ਵਾਯੂ ਦੇ ਸਰੀਰ ਵਿੱਚੋਂ ਨਿਕਲ ਜਾਣ ਕਾਰਨ, ਸਾਰਾ ਪ੍ਰਾਣਮਯ ਕੋਸ਼ ਹੀ ਸਰੀਰ ਵਿੱਚੋਂ ਬਾਹਰ ਨਿਕਲ ਜਾਂਦਾ ਹੈ। ਇਸ ਕਰਕੇ ਉਦਾਨ ਵਾਯੂ ਨੂੰ ਇਸ ਪ੍ਰਾਣਮਯ ਕੋਸ਼ ਰੂਪ ਪੰਛੀ ਦੀ ਪੂਛ ਰੂਪ ਪ੍ਰਤਿਸਠਾ ਕਿਹਾ ਹੈ।

## ਮਨੋਮਯ ਕੋਸ਼

**ਕਰਮ ਇੰਦ੍ਰੀਆਂ ਮਨ ਕੇ ਸਹਤਿ, ਕੋਸ਼–ਮਨੋਮਯ ਇਸ ਕੋ ਕਹਤਿ।੨੯।**

ਪੰਜੇ ਕਰਮ ਇੰਦ੍ਰੀਆਂ ਮਨ ਦੇ ਸੰਯੁਕਤ ਇਸਨੂੰ ਮਨੋਮਯ ਕੋਸ਼ ਕਹਿੰਦੇ ਹਨ।

**ਗਿਰਾ ਬੈਖਰੀ ਇਸ ਕੋ ਸਿਰ ਹੈ, ਪਸ਼ਯੰਤੀ ਮਧਮਾ ਜੁਗ ਪਰ ਹੈਂ।**

ਬੈਖਰੀ ਬਾਣੀ ਜੋ ਹੈ, ਉਹ ਇਸ ਦਾ ਸਿਰ ਹੈ ਪਸੰਤੀ ਤੇ ਮੱਧਮਾ ਦੋ ਪਰ ਹਨ। ਬੈਖਰੀ ਬਾਣੀ =ਜੋ ਜ਼ੁਬਾਨ ਨਾਲ ਬੋਲੀ ਜਾਂਦੀ ਹੈ। ਮਧਮਾ ਬਾਣੀ =ਜੋ ਕੰਠ ਵਿੱਚ ਹੁੰਦੀ ਹੈ। ਪਸੰਤੀ ਬਾਣੀ= ਜੋ ਹਿਰਦੇ ਵਿੱਚ ਹੁੰਦੀ ਹੈ।

**ਪਰਾ ਪੁੰਛ ਇਹ ਜਾਨ ਸੁਜਾਨ, ਭਯੋ ਬਿਹੰਗਮ ਇਸੀ ਬਿਧਾਨ।੩੦।**

ਹੇ ਸੁਜਾਨ ਪੁਰਖੋ ! ਪਰਾ ਬਾਣੀ ਜੋ ਨਾਭੀ ਵਿੱਚ ਹੁੰਦੀ ਹੈ। ਇਸ ਪਰਾ ਬਾਣੀ ਨੂੰ ਪੂਛ ਦੇ ਤੁਲ ਸਮਝੋ। ਇਸ ਵਿਧੀ ਨਾਲ ਇਹ ਪੰਛੀ ਦਾ ਸਰੂਪ ਸੰਪੂਰਨ ਹੋਇਆ ਹੈ ਅਥਵਾ ਇਸ ਤਰੀਕੇ ਨਾਲ ਇਹ ਮਨੋਮਯ ਕੋਸ਼ ਰੂਪ ਪੰਛੀ ਬਣਿਆ ਹੈ ਐਸਾ ਜਾਣੋ।

ਪੰਜ ਕਰਮ ਇੰਦਰੀਆਂ ਅਤੇ ਮਨ, ਇਸਨੂੰ ਮਨੋਮਯ ਕੋਸ਼ ਕਿਹਾ ਜਾਂਦਾ ਹੈ। ਇਸ ਮਨੋਮਯ ਕੋਸ਼ ਰੂਪ ਪੰਛੀ ਦਾ ਜੋ ਸਿਰ ਹੈ, ਉਹ ਬੈਖਰੀ ਬਾਣੀ ਹੈ। ਇਸ ਦਾ ਸੱਜਾ ਖੰਭ ਪਸੰਤੀ ਬਾਣੀ ਅਤੇ ਖੱਬਾ ਖੰਭ ਮੱਧਮਾ ਬਾਣੀ ਹੈ ਅਤੇ ਪੁਰਾ ਬਾਣੀ ਇਸ ਦੀ ਪੂਛ ਰੂਪ ਪ੍ਰਤਿਸਠਾ ਹੈ। ਇਸ ਪ੍ਰਕਾਰ ਮਨੋਮਯ ਕੋਸ਼ ਨੂੰ ਪੰਛੀ ਦੇ ਰੂਪਕ ਦੀ ਉਪਮਾ ਦੇ ਵਿੱਚ ਵਰਣਨ ਕੀਤਾ ਹੈ।

## ਬਿਗਯਾਨ ਮਯ ਕੋਸ਼

**ਪੰਚਹੁਂ ਇੰਦ੍ਰੈ ਗਜਾਨ ਸੁਹਾਇ। ਔਰ ਖਸ਼ਟਮੀ ਬੁੱਧਿ ਮਿਲਾਇ।**

ਇਹ ਸ਼ੋਭਨੀਕ ਜੋ ਪੰਜ ਗਿਆਨ ਇੰਦਰੇ ਹਨ। ਇਹਨਾਂ ਪੰਜਾਂ ਹੀ ਗਿਆਨ ਇੰਦਰਿਆਂ ਦੇ ਨਾਲ ਛੇਵੀਂ ਬੁੱਧੀ ਨੂੰ ਮਿਲਾ ਲਉ।

**ਕੋਸ਼ ਬਿਗਜਾਨ ਮਯੰ ਇਹ ਜਾਨੋ। ਤਿਨ ਸਮ ਇਹ ਪੰਛੀ ਪਹਿਚਾਨੋ।੩੧।**

ਇਸਨੂੰ ਬਿਗਯਾਨ ਮਯ ਕੋਸ਼ ਜਾਣੋ। ਤਿਨ ਸਮ=ਜੋ ਪਹਿਲਾਂ ਪੰਛੀ ਰੂਪ ਕੋਸ਼ ਕਹੇ ਗਏ ਹਨ ਉਹਨਾਂ ਵਾਂਗੂੰ ਇਸ ਨੂੰ ਵੀ ਪੰਛੀ ਪਹਿਚਾਣੋ।

**ਭਾਵ ਅਰਥ**

ਬਿਗਯਾਨ ਮਯ ਕੋਸ਼ ਰੂਪ ਪੰਛੀ ਦਾ ਸ਼ਰਧਾ ਹੀ ਸਿਰ ਹੈ। ਸੱਤ ਭਾਸਣ ਦੀ ਹੇਤੂ ਬਿਰਤੀ ਸੱਜਾ ਖੰਭ ਹੈ। ਸੱਤਯ (ਸਮਦਰਸਨ) ਖੱਬਾ ਖੰਭ ਹੈ। ਯੋਗ (ਚਿਤ ਦੀ ਇਕਾਗ੍ਰਤਾ) ਇਸ ਦੀ ਆਤਮਾ ਹੈ ਅਤੇ ਮਹਿਤੱਤ੍ਵ (ਸਮਸਟਿ ਬੁਧਿ) ਪੂਛ ਰੂਪ ਪ੍ਰਤਿਸ਼ਠਾ, ਬੱਲੀ ਦੇ ਆਧਾਰ ਪ੍ਰਿਥਵੀ ਵਾਂਗ, ਬੁੱਧੀ ਦਾ ਆਧਾਰ ਹੈ। ਪੰਜ ਗਿਆਨ ਇੰਦਰੇ ਅਤੇ ਛੇਵੀਂ ਬੁੱਧੀ ਇਸਨੂੰ ਵਿਗਿਆਨ ਮਯ ਕੋਸ਼ ਕਹਿੰਦੇ ਹਨ। ਵਿਗਿਆਨ ਮਯ ਕੋਸ਼ ਦੀਆਂ ਸ਼ਰਧਾ, ਸੱਤ ਭਾਸ਼ਣ, ਸਮਦਰਸ਼ਨ ਅਤੇ ਯੋਗ ਇਹ ਚਾਰ ਬਿਰਤੀਆਂ ਹਨ। ਸਮਦਰਸ਼ਨ ਭਾਵ ਸਮਾਨ ਦ੍ਰਿਸਟੀ ਦਾ ਹੋਣਾ (ਸ਼ਰਧਾ- ਆਸਤਿਕਤਾ, ਸਾਰੇ ਸ਼ਾਸਤਰੀ ਕਰਮਾਂ ਦਾ ਮੂਲ ਹੋਣ ਕਰਕੇ ਸ਼ਰਧਾ ਹੀ ਮੁੱਖ ਹੈ।)

**ਤੀਨ ਕੋਸ਼ ਜੋ ਕਰੇ ਬਖਾਨ। ਏ ਹੈ ਲਿੰਗ ਸ਼ਰੀਰ ਪਛਾਨ।**

ਇਹ ਜੋ ਤਿੰਨ ਕੋਸ਼ ਦੱਸੇ ਹਨ ਇਹਨਾਂ ਦੇ ਸਮੂਹ ਨੂੰ ਸੂਖਮ ਸਰੀਰ ਪਛਾਣੋ।

**ਪੰਚਹੁਂ ਕੋਸ਼ ਰੁ ਤੀਨ ਸਰੀਰ। ਬਰਨਨ ਕਰੇ ਲਖਹੁ ਉਰ ਧੀਰ।੩੨।**

**ਹੇ ਧੀਰਜਵਾਨੋ:** ਇੱਥੇ ਪੰਜ ਕੋਸ਼ ਅਤੇ ਤਿੰਨੇ ਸਰੀਰ ਹੀ ਸੰਖੇਪ ਮਾਤਰ ਵਰਣਨ ਕੀਤੇ ਹਨ। ਐਸਾ ਆਪਣੇ ਹਿਰਦੇ ਵਿੱਚ ਜਾਣੋ ਅਰਥਾਤ ਲਖਹੁ ਉਰ=ਆਪਣੇ ਹਿਰਦੇ ਵਿੱਚ ਇਹਨਾਂ ਨੂੰ ਇਹਨਾਂ ਦੇ ਸਰੂਪ ਸਹਿਤ ਜਾਣੋ ਕਿ ਇਹਨਾਂ ਦਾ ਵਾਸਤਵ ਸਰੂਪ ਕੀ ਹੈ ਭਾਵ ਇਹ ਪੰਜ ਕੋਸ਼ ਤਿੰਨੇ ਸਰੀਰ ਆਤਮਾ ਨਹੀਂ ਹਨ। ਆਤਮਾ ਦਾ ਸਰੂਪ ਕੈਸਾ ਹੈ ਅਗਲੀ ਪੰਕਤੀ ਵਿੱਚ ਦੱਸਦੇ ਹਨ।

**ਸਤਿ ਚੇਤਨ ਆਨੰਦ ਸਰੂਪ। ਸੂਖਮ ਤੇ ਸੂਖਮ ਅਨਰੂਪ।**

ਆਤਮਾ ਦਾ ਸਰੂਪ ਸੱਤ=ਤਿੰਨਾ ਸਮਿਆਂ ਵਿੱਚ ਨਾਸ਼ ਤੋਂ ਰਹਿਤ, ਚਿਤ=ਚੇਤਨ ਅਨੰਦ ਸਰੂਪ ਹੈ। ਰੂਪ ਰਹਿਤ ਹੈ ਸੂਖਮ ਤੋਂ ਵੀ ਸੂਖਮ ਹੈ। ਐਸਾ ਜੋ ਆਤਮਾ ਦਾ ਸਰੂਪ ਹੈ ਭਾਵ ਬ੍ਰਹਮ ਦਾ ਸਰੂਪ ਹੈ।

**ਇੰਦ੍ਰਜ ਥੂਲ ਬਿਸ਼ੈ ਕਿਮ ਹੋਇ?। ਬੁਧਿ ਸੂਖਮ ਤੇ ਲਖੀਏ ਸੋਇ।੩੩।**

ਇੰਦਰੇ ਸਥੂਲ ਹਨ ਉਹ ਇਹਨਾਂ ਸਥੂਲ ਇੰਦਰੀਆਂ ਦਾ ਵਿਸ਼ਯ ਕਿਵੇਂ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ। ਉਹ ਸੂਖਮ ਬੁੱਧੀ ਅਰਥਾਤ ਬਿਬੇਕ ਬੁਧੀ ਨਾਲ ਜਾਣਿਆ ਜਾਂਦਾ ਹੈ।

**ਤਿਸ ਕੇ ਢਿਗ ਵਰਤੀ ਬੁਧਿ ਏਕ। ਯਾਂਤੇ ਇਹ ਲਖਿ ਸਕੈ ਬਿਬੇਕ।**

ਬਿਬੇਕ-ਬੁੱਧੀ ਹੀ ਆਤਮਾ ਦੇ ਨਿਕਟ ਵਰਤਣ ਵਾਲੀ ਹੈ। ਢਿਗ ਬਿਰਤੀ=ਨਿਕਟ ਵਰਤਣ ਵਾਲੀ ਹੋਣ ਕਾਰਨ ਇਸ ਕਰਕੇ ਇਹ ਉਸ ਦਾ ਗਿਆਨ ਪ੍ਰਾਪਤ ਕਰ ਸਕਦੀ ਹੈ।

**ਰਚਜੋ ਜੁ ਮਨ ਕੋ ਮਹਿਦ ਪ੍ਰਵਾਹ। ਕਰਜੋ ਵਹਿਰ ਕੋ ਅੰਤਰ ਨਾਂਹਿ।੩੪।**

ਜਿਹੜਾ ਮਨ ਦਾ ਵੇਗ ਬਹੁਤ ਮਹਿਦ=ਵੱਡਾ ਹੈ। ਉਹ ਸਾਰਾ ਮਨੋ ਬਿਰਤੀਆਂ ਰੂਪ ਪ੍ਰਵਾਹ ਬਾਹਰਮੁਖੀ ਹੈ। ਅੰਤਰ ਮੁਖੀ ਨਹੀਂ ਹੈ।

**ਤਿਮ ਇੰਦ੍ਰੈ ਜੋ ਪੰਚਹੁੰ ਗਜਾਨ। ਇਨ ਕੋ ਭੀ ਕਿਯ ਵਹਿਰ ਪਯਾਨ।**

ਉਵੇਂ ਹੀ ਜਿਹੜੇ ਪੰਜੇ ਗਿਆਨ ਇੰਦਰੇ ਹਨ। ਇਹਨਾਂ ਨੂੰ ਵੀ ਮਨ ਨੇ ਬਾਹਰ ਵਿਸ਼ਿਆਂ ਵਿੱਚ ਸੁਭਾਵਿਕ ਤੌਰ ਤੇ ਵਰਤਣ ਵਾਲੇ ਕੀਤਾ ਹੋਇਆ ਹੈ। ਭਾਵ ਮਨ ਨੇ ਇਹਨਾਂ ਪੰਜੇ ਗਿਆਨ ਇੰਦ੍ਰਿਆਂ ਦਾ ਸੁਭਾਅ ਹੀ ਬਣਾ ਦਿੱਤਾ ਹੈ। ਵਾਰ-ਵਾਰ ਵਿਸ਼ਿਆਂ ਵੱਲ ਚਲੇ ਜਾਣਾ, ਵਿਸ਼ਿਆਂ ਵਿੱਚ ਪ੍ਰਵਿਰਤ ਹੋ ਜਾਣਾ ਜਿਸ ਤਰ੍ਹਾਂ ਮਨ ਦਾ ਪ੍ਰਵਾਹ ਬਾਹਰਮੁਖੀ ਹੈ ਉਸੇ ਤਰ੍ਹਾ ਪੰਜੇ ਗਿਆਨ ਇੰਦਰੇ ਵੀ ਬਾਹਰ ਨੂੰ ਹੀ ਪਯਾਨ = ਜਾਣਾ ਕਰਦੇ ਹਨ।

**ਪੰਚਹੁੰ ਵਿਸ਼ੈ ਵਹਿਰ ਕੋ ਗਹੈਂ। ਕਿਸ ਪ੍ਰਕਾਰ ਮਨ ਕੋ ਨਹਿੰ ਲਹੈਂ।੩੫।**

ਇਹ ਪੰਜੇ ਹੀ ਗਿਆਨ ਇੰਦਰੇ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਆਦਿਕ ਬਾਹਰੀ ਵਿਸ਼ਿਆਂ ਨੂੰ ਗਹੈ-ਗ੍ਰਹਿਣ ਕਰਦੇ ਹਨ। ਕਿਸੇ ਤਰੀਕੇ ਨਾਲ ਵੀ ਇਹ ਮਨ ਨੂੰ ਨਹੀਂ ਗ੍ਰਹਿਣ ਕਰਦੇ। ਭਾਵ ਜਿਵੇਂ ਬੁੱਧੀ ਮਨ ਦਾ ਵਿਸ਼ਾ ਨਹੀਂ ਹੈ ਉਸੇ ਤਰ੍ਹਾਂ ਮਨ ਵੀ ਇਹਨਾਂ ਗਿਆਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ। ਪ੍ਰੰਤੂ ਇਹਨਾਂ ਗਿਆਨ ਇੰਦਰਿਆਂ ਨੂੰ:

**ਮਨ ਸਵਧਾਨ ਹੋਇ ਇਨ ਪ੍ਰੇਰੈ। ਪ੍ਰੇਰਤਿ ਕੋ ਹਟਿ ਕਰਿ ਨਹਿੰ ਹੇਰੈਂ।**

ਮਨ ਸਾਵਧਾਨ ਹੋ ਕੇ ਵਿਸ਼ਿਆਂ ਵੱਲ ਪ੍ਰੇਰਦਾ ਹੈ ਅਤੇ ਮਨ ਵਿਸ਼ਿਆਂ ਪ੍ਰਤੀ ਪ੍ਰੇਰਨਾ ਇੰਨਾ ਸੂਖਮ ਤੇ ਸੁਚੇਤ ਹੋ ਕੇ ਇਹਨਾਂ ਇੰਦ੍ਰਿਆਂ ਨੂੰ ਕਰਦਾ ਹੈ ਕਿ ਇਹ ਇੰਦਰੇ ਮਨ ਦੇ ਪਰੇਰੇ ਹੋਏ ਵਿਸ਼ਿਆਂ ਵਿੱਚ ਗਲਤਾਨ ਤਾਂ ਹੋ ਜਾਂਦੇ ਹਨ ਪ੍ਰੰਤੂ ਇਸ ਪ੍ਰੇਰਨਾ ਕਰਨ ਵਾਲੇ ਮਨ ਨੂੰ ਨਹੀਂ ਦੇਖ ਸਕਦੇ ਅਥਵਾ ਇਹਨਾਂ ਦੀ ਪਕੜ ਵਿੱਚ ਮਨ ਦੀ ਦਿੱਤੀ ਪ੍ਰੇਰਨਾ ਹੀ ਆਉਂਦੀ ਹੈ ਪ੍ਰੰਤੂ ਪ੍ਰੇਰਕ ਮਨ ਨਹੀਂ।

**ਮਨ ਸੂਖਮ ਇੰਦ੍ਰੈ ਹੈਂ ਥੂਲ। ਯਾਂਤੇ ਇਨ ਕੋ ਬਿਸ਼ੈ ਨ ਮੂਲ।੩੬।**

ਮਨ ਸੂਖਮ ਹੈ ਅਤੇ ਇੰਦਰੇ ਸਥੂਲ ਹਨ। ਇਸ ਕਰਕੇ ਮਨ ਇਹਨਾਂ ਦੀ ਪਕੜ ਵਿੱਚ ਨਹੀਂ ਆਉਂਦਾ ਭਾਵ ਇਹਨਾਂ ਦਾ ਵਿਸ਼ਾ ਨਹੀਂ ਹੈ। ਮੂਲ ਤੋਂ ਭਾਵ ਹੈ ਰੱਤੀ ਭਰ ਵੀ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ। ਜਿਸ ਤਰ੍ਹਾਂ ਮਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ:

**ਤੈਸੇ ਮਨ ਕੋ ਬਿਸ਼ੈ ਨ ਆਤਮ।ਜਾਨ ਸਕੈ ਨਹਿਂ ਅਹੈ ਅਨਾਤਮ।**

ਉਸੇ ਤਰ੍ਹਾਂ ਮਨ ਦਾ ਵਿਸ਼ਾ ਆਤਮਾ ਨਹੀਂ ਹੈ। ਮਨ ਦੇ ਅਵਿਸ਼ੈ ਹੋਣ ਕਾਰਨ ਮਨ, ਆਤਮਾ ਨੂੰ ਜਾਣ ਨਹੀਂ ਸਕਦਾ। ਮਨ, ਆਤਮਾ ਨੂੰ ਕਿਉਂ ਨਹੀਂ ਜਾਣ ਸਕਦਾ, ਅਹੈ ਅਨਾਤਮ=ਕਿਉਂਕਿ ਮਨ ਅਨਾਤਮ ਵਸਤੂ ਹੈ **ਨਾ ਆਤਮਾ ਇਤਿ ਅਨਾਤਮਾ** ਜੋ ਆਤਮਾ ਨਾ ਹੋਵੇ ਉਸਨੂੰ ਅਨਾਤਮਾ ਕਿਹਾ ਜਾਂਦਾ ਹੈ। ਇਸ ਕਰਕੇ ਮਨ, ਆਤਮਾ ਦੇ ਤਲ ਤੇ ਅਤਿ ਸਥੂਲ ਹੈ ਅਤੇ ਆਤਮਾ ਅਤਿਅੰਤ ਸੂਖਮ ਹੈ। ਅਤਿ ਸਥੂਲ ਮਨ ਸੂਖਮ ਆਤਮਾ ਨੂੰ ਨਹੀਂ ਜਾਣ ਸਕਦਾ।

**ਸੂਖਮ ਆਤਮ ਮਨ ਹੈ ਥੂਲ। ਨਹੀਂ ਜਾਇ ਤਿਸਕੀ ਦਿਸ਼ ਭੂਲ।੩੭।**

ਆਤਮਾ ਸੂਖਮ ਹੈ ਅਤੇ ਮਨ ਸਥੂਲ ਹੈ ਇਸ ਕਰਕੇ ਭੁੱਲ ਕੇ ਵੀ ਮਨ ਆਤਮਾ ਵਾਲੇ ਪਾਸੇ ਨੂੰ ਨਹੀਂ ਜਾਂਦਾ ਅਰਥਾਤ ਆਤਮ ਸਰੂਪ ਦੀ ਵਿਚਾਰ ਵੱਲ ਨਹੀਂ ਜਾਂਦਾ ਹੈ।

**ਪੰਚਹੁਂ ਇੰਦ੍ਰੈ ਮਨ ਖ਼ਸ਼ਟਮ ਹੈ। ਵਹਿਰ ਮੁਖੀ ਇਹ ਕਰੇ ਪ੍ਰਥਮ ਹੈ।**

ਪੰਜੇ ਗਿਆਨ ਇੰਦਰੇ ਅਤੇ ਛੇਵਾਂ ਮਨ ਇਹ ਪ੍ਰਥਮ=ਪਹਿਲਾਂ ਤੋਂ ਹੀ ਭਾਵ ਉਤਪਤੀ ਕਾਲ ਤੋਂ ਹੀ ਬਾਹਰਮੁਖੀ ਹੀ ਕੀਤੇ ਗਏ ਹਨ ਅਥਵਾ ਰਚੇ ਗਏ ਹਨ ਭਾਵ ਇਹਨਾਂ ਦਾ ਮੂਲ ਸੁਭਾਅ ਹੀ ਬਾਹਰੀ ਪ੍ਰਵਿਰਤੀਆਂ ਵਿੱਚ ਖਚਿਤ ਰਹਿਣਾ ਹੈ।

**ਯਾਂਤੇ ਹਤਿ ਹੋਇ ਇਸ ਰੀਤਿ। ਤ੍ਰਿਪਤਹਿਂ ਨਹੀਂ ਧਾਵਤੇ ਨੀਤਿ।੩੮।**

ਇਸ ਰੀਤੀ ਨਾਲ ਵਿਸ਼ਿਆਂ ਵਿੱਚ ਖਚਿਤ ਹੋਏ ਇਹ ਨਾਸ਼ ਹੋ ਜਾਂਦੇ ਹਨ ਪ੍ਰੰਤੂ ਪੂਰੀ ਉਮਰ ਭਰ ਵਿਸ਼ਿਆਂ ਵੱਲ ਭੱਜ-ਭੱਜ ਕੇ ਭਾਵ ਵਿਸ਼ਿਆਂ ਨੂੰ ਭੋਗ-ਭੋਗ ਕੇ ਤ੍ਰਿਪਤ ਨਹੀਂ ਹੁੰਦੇ।

**ਬਿਨ ਸਤਿਗੁਰ ਕੀ ਸ਼ਰਨੀ ਪਰੇ। ਅੰਤਰਮੁਖੀ ਨ ਬ੍ਰਿਤ ਕੋ ਕਰੇ।**

ਬਿਨਾਂ ਸਤਿਗੁਰਾਂ ਦੀ ਸ਼ਰਨ ਵਿੱਚ ਪਰੇ=ਪਏ ਤੋਂ, ਇਹ ਜੀਵ ਬਿਕਾਰਾਂ ਵਿੱਚ ਲਿਪਾਇਮਾਨ ਬਿਰਤੀ ਨੂੰ ਵਿਸ਼ਿਆਂ ਵੱਲੋਂ ਵਰਜ ਕੇ ਅੰਤਰਮੁਖੀ ਆਪਣੇ ਸਰੂਪ ਵੱਲ ਨਹੀਂ ਕਰ ਸਕਦਾ।

**ਜਿਸ ਤੇ ਥਿਰ ਹੈ ਲਹੈਂ ਅਰਾਮ । ਪ੍ਰਾਪਤਿ ਹੋਹਿਂ ਅਪਨ ਧਨ ਧਾਮ।੩੯।**

ਜਿਸ ਤੇ ਭਾਵ ਜਿਸ ਗੁਰੂ ਦੀ ਸਰਣ ਵਿੱਚ ਆਉਣ ਕਰਕੇ ਥਿਰ ਹ੍ਵੈ= ਇਹ ਇੰਦਰੇ ਸਥਿਰ ਹੋ ਜਾਂਦੇ ਹਨ ਅਤੇ ਜੀਵ ਰੂਪ ਚਿਦਾਭਾਸ ਆਪਣੇ ਬਿੰਬਿ ਭੂਤ ਆਤਮ ਸਰੂਪ ਵਿੱਚ ਟਿਕ ਜਾਂਦਾ ਹੈ। ਫਿਰ ਆਪਣੇ ਸਰੂਪ ਦੇ ਸੁੱਖ ਨੂੰ ਅਨੁਭਵ ਕਰਦਾ ਹੈ। ਜਨਮਾਂ ਜਨਮਾਤਰਾਂ ਦੇ ਵਿਕਾਰਾਂ ਦੀ ਥਕਾਵਟ ਲਹਿ ਜਾਂਦੀ ਹੈ। ਸਰੂਪ 'ਚ ਸਥਿਤੀ ਰੂਪ ਆਰਾਮ

ਨੂੰ ਲਹੈ-ਪ੍ਰਾਪਤ ਕਰਦਾ ਹੈ ਅਥਵਾ ਇਹ ਮਨ ਆਦਿਕ ਇੰਦ੍ਰੇ ਲਹੈਂ- ਟਿਕਾਅ ਪ੍ਰਾਪਤ ਕਰਦੇ ਹਨ। ਗੁਰੂ ਕ੍ਰਿਪਾ ਸਦਕਾ ਹੀ ਜੀਵ ਨੂੰ ਸਰੂਪ ਰੂਪ ਘਰ ਤੇ ਅਨੰਦ ਰੂਪ ਧਨ ਦੀ ਪ੍ਰਾਪਤੀ ਹੁੰਦੀ ਹੈ, ਨਹੀਂ ਤਾਂ ਗੁਰੂ ਦੀ ਸ਼ਰਣ ਵਿੱਚ ਪਏ ਤੋਂ ਬਿਨਾਂ, ਬਿਰਤੀ ਦੀ ਬਾਹਰ ਮੁਖਤਾ ਹੋਣ ਕਾਰਨ:

**ਬਿਗਰ ਗਏ ਜਿਮ ਪਸੂ ਹਰਿਆਉ। ਜਿਤ ਕਿਤ ਦੌਰਤਿ ਸਹਿਜ ਸੁਭਾਉ।**

ਇਹ ਮਨ ਬੁਧੀ ਇੰਦਰੇ ਆਦਿਕ ਇਸ ਤਰ੍ਹਾਂ ਬਿਗੜ ਗਏ ਭਾਵ ਬਿਗੜ ਜਾਂਦੇ ਹਨ ਜਿਵੇਂ ਘਾਹ ਚੁਗਣ ਗਏ ਪਸ਼ੂ ਆਪ ਮੁਹਾਰੇ ਜਿਧਰ ਨੂੰ ਜੀਅ ਕਰਦਾ ਹੈ ਦੌੜਣ ਲੱਗ ਜਾਂਦੇ ਹਨ। ਇਹਨਾਂ ਮਨ ਬੁੱਧੀ ਆਦਿਕਾਂ ਦਾ ਵਿਸ਼ਿਆਂ ਵੱਲ ਨੂੰ ਹਰ ਸਮੇਂ ਜਿੱਥੇ ਕਿਥੇ ਭੱਜੇ ਰਹਿਣਾ:

**ਸਦਾ ਜੀਵ ਕੋ ਬਡ ਦੁਖਦਾਨੀ। ਮ੍ਰਿਗ ਤ੍ਰਿਸ਼ਨਾ ਕੇ ਹਰਨ ਸਮਾਨੀ।੪੦।**

ਸਦਾ ਹੀ ਜੀਵ ਨੂੰ ਦੁੱਖ ਦਾਨੀ-ਦੁੱਖ ਦੇਣ ਵਾਲਾ ਹੈ। ਵਿਸ਼ਿਆਂ ਵਿੱਚੋਂ ਤ੍ਰਿਪਤੀ ਕਦੇ ਹੁੰਦੀ ਨਹੀਂ ਇਸ ਕਰਕੇ ਮ੍ਰਿਗ ਤ੍ਰਿਸ਼ਨਾ ਦੇ ਜਲ ਸਮਾਨ, ਵਿਸ਼ਿਆਂ ਵਿੱਚ ਭਟਕਣ ਕਾਰਨ ਮਨ ਬੁੱਧੀ ਆਦਿਕ ਦੁਖ ਦੇਣ ਵਾਲੇ ਹਨ।

**ਜਿਮ ਕਸਤੂਰੀ ਮਿਰਗ ਪਲਾਵੈ। ਠਹਿਰਹਿ ਮੁਖ ਜਬਿ ਨਾਭਿ ਲਗਾਵੈ।**

ਜਿਸ ਤਰ੍ਹਾਂ ਕਸਤੂਰੀ ਦੀ ਵਾਸ਼ਨਾ ਹਿਰਨ ਨੂੰ ਪਲਾਵੈ- ਭਟਕਾਉਂਦੀ ਹੈ। ਹਿਰਨ ਭਟਕਦਾ-ਭਟਕਦਾ ਉਦੋਂ ਸਥਿਰ ਹੁੰਦਾ ਹੈ ਭਾਵ ਟਿਕਦਾ ਹੈ, ਜਦੋਂ ਆਪਣੀ ਨਾਭੀ ਨੂੰ ਮੁਖ ਲਗਾਵੈ- ਆਪਣਾ ਮੂੰਹ ਲਗਾ ਕੇ ਨਾਸਕਾ ਰਾਹੀਂ ਸੁਗੰਧੀ ਲੈ ਲੈਂਦਾ ਹੈ।

**ਤਿਮ ਹੀ ਬ੍ਰਹਮ ਕੋ ਜਬਿ ਇਹੁ ਜਾਨਹਿ। ਗਹੈ ਸਥਿਰਤਾ ਆਨੰਦ ਮਾਨਹਿ।੪੧।**

ਉਸੇ ਤਰ੍ਹਾਂ ਭਾਵ ਉਸ ਹਿਰਨ ਦੀ ਤਰ੍ਹਾਂ ਪੰਜਾਂ ਕੋਸ਼ਾਂ ਦੀ ਅਧੀਨਗੀ ਚ ਫਸਿਆ ਹੋਇਆ ਜੀਵ ਵਾਸਨਾਵਾਂ ਦੇ ਰਸ ਵਿੱਚ ਮਸਤ ਹੋਣ ਕਾਰਨ ਅਨੇਕ ਜਨਮ ਦੁੱਖ ਦਰਦ ਤਕਲੀਫਾਂ ਸਹਾਰਦਾ ਹੋਇਆ ਜਦੋਂ ਬ੍ਰਹਮ ਨੂੰ ਭਾਵ ਆਪਣੇ ਆਤਮ ਸਰੂਪ ਮੂਲ ਨੂੰ ਪਛਾਣ ਲੈਂਦਾ ਹੈ ਭਾਵ ਆਪਣੇ ਸਰੂਪ ਵਿੱਚ ਜਦੋਂ ਸਥਿਤ ਹੋ ਜਾਂਦਾ ਹੈ ਤਾਂ ਉਸ ਸਮੇਂ ਤ੍ਰਿੰਨੇ ਤ੍ਰਿਪੁਟੀਆਂ ਖਤਮ ਹੋ ਜਾਂਦੀਆਂ ਹਨ। ਜੀਵ, ਈਸ਼, ਬ੍ਰਹਮ, ਭੇਦ ਖਤਮ ਹੋ ਜਾਂਦਾ ਹੈ। ਬਿਰਤੀਆਂ ਸਹਿਤ ਅੰਤਸ਼ਕਰਣ ਲੈਅ ਹੋ ਜਾਂਦਾ ਹੈ। ਹਿਰਦੇ ਅੰਦਰ ਪਰਮ ਤੱਤ ਆਤਮ ਸਰੂਪ ਦਾ ਪ੍ਰਕਾਸ਼ ਭਾਵ ਆਤਮ ਗਿਆਨ ਹੋ ਜਾਂਦਾ ਹੈ। ਅਨਾਤਮ ਭਾਵ ਸਹਿਤ ਪ੍ਰਪੰਚ ਦੇ ਵਿਲੈਅ ਹੋ ਜਾਂਦਾ ਹੈ। ਸਿਰਫ ਇਕ ਆਤਮ ਭਾਵ ਸਰੂਪ ਸੁੱਖ ਹੀ ਰਹਿ ਜਾਂਦਾ ਹੈ। ਉਦੋਂ ਇਹ ਜੀਵ ਆਪਣੇ ਸ਼ੁੱਧ ਸਰੂਪ ਅਬਿਨਾਸੀ ਸਰੂਪ ਨੂੰ ਅਨੁਭਵ ਕਰਦਾ ਹੈ। ਜਿਸ ਸਰੂਪ ਵਿੱਚ ਨਾ ਤਿੰਨਾਂ ਕਾਲਾਂ ਵਿੱਚ ਜਗਤ ਹੈ ਨਾ ਪ੍ਰਪੰਚ ਹੈ, ਨਾ ਜਨਮ ਹੈ, ਨਾ ਮਰਨ ਹੈ, ਨਾ ਦੁੱਖ ਹੈ ਨਾ ਦ੍ਵੈਤ ਹੈ ਅਤੇ ਨਾ ਜਿੱਥੇ ਤਿੰਨੋਂ ਹੀ ਕਾਲ ਹਨ। ਉਦੋਂ ਗਹੈ ਸਥਿਰਤਾ= ਆਪਣੇ ਆਤਮ ਸਰੂਪ ਵਿੱਚ ਟਿਕ ਜਾਂਦਾ ਹੈ ਭਾਵ ਟਿਕਾਅ ਪ੍ਰਾਪਤ ਕਰ ਲੈਂਦਾ ਹੈ ਅਤੇ ਆਨੰਦ ਮਾਨਹਿ-ਆਪਣੇ ਸਰੂਪ ਭੂਤ ਅਨੰਦ ਨੂੰ ਮਾਣਦਾ ਹੈ। ਜਿਵੇਂ ਮਿਰਗ ਆਪਣੀ ਨਾਭੀ ਵਿੱਚ ਕਸਤੂਰੀ ਦੇ ਪ੍ਰਾਪਤੀ ਰੂਪ ਅਨੰਦ ਨੂੰ ਮਾਣਦਾ ਹੈ। ਉਵੇਂ ਹੀ ਜਦੋਂ ਇਹ ਜੀਵ ਆਪਣੇ ਆਤਮ ਸਰੂਪ ਬ੍ਰਹਮ ਨੂੰ ਜਾਣ ਲੈਂਦਾ ਹੈ ਭਾਵ ਜਦੋਂ ਇਸ ਨੂੰ

ਬ੍ਰਹਮ ਸਾਖਯਾਤਕਾਰ ਹੋ ਜਾਂਦਾ ਹੈ। ਉਦੋਂ ਇਹ ਆਪਣੇ ਸਰੂਪ ਵਿੱਚ ਸਥਿਰਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਅਨੰਦ ਸਰੂਪ ਬ੍ਰਹਮ ਦੀ ਅਵਧੀ ਨੂੰ ਮਾਣ ਲੈਂਦਾ ਹੈ।

**ਦੋਹਰਾ: ਵਸਤੁ ਵਿਚਾਰ ਧਿਆਵਤੇ ਮਨੁ ਪਾਵੈ ਬਿਸਰਾਮ।**

ਆਤਮ ਵਸਤੂ ਦੀ ਵਿਚਾਰ ਰੂਪ ਚਿੰਤਨ ਕਰਦਿਆਂ ਮਨ ਸੰਕਲਪ ਵਿਕਲਪ ਤੋਂ ਰਹਿਤ ਹੋ ਕੇ ਬ੍ਰਹਮ ਚਿੰਤਨ ਦੇ ਵਿੱਚ ਹੀ ਟਿਕ ਜਾਂਦਾ ਹੈ।

**ਰਸ ਸ੍ਵਾਦਿਤ ਸੁਖ ਊਪਜੈ ਅਨੁਭਵ ਜਾਂਕੋ ਨਾਮ।੪੨।**

ਉਸ ਸਮੇਂ ਬ੍ਰਹਮਾਨੰਦ ਰੂਪ ਸੁਆਦਤ ਰਸ ਭਾਵ ਅਨੰਦ ਰਸ ਉਤਪੰਨ ਹੁੰਦਾ ਹੈ ਉਸੇ ਨੂੰ ਸਰੂਪ ਸੁਖ ਕਹਿੰਦੇ ਹਨ। ਆਤਮਾਨੰਦ ਰੂਪ ਅਨੁਭਵ ਵੀ ਉਸੇ ਦਾ ਹੀ ਨਾਮ ਹੈ।

**ਭਾਵ ਅਰਥ**

**ਪੰਚ ਕੋਸ਼ ਤ੍ਰੈ ਅਵਸਥਾ ਕੇ ਮਧਿ ਜੋ ਆਤਮ ਪ੍ਰਕਾਸ਼ ਕਰੇ।**

**ਸੋਈ ਪੂਰਣ ਬ੍ਰਹਮ ਸੁਤੰਤਰ ਅਬਿਆਕ੍ਰਿਤ ਉਪਾਧਿ ਪਰੇ।**

**ਆਤਮ ਬ੍ਰਹਮ, ਬ੍ਰਹਮ ਸੋ ਆਤਮ, ਤਤ੍ਵਮਸਿ ਮਹਾਂਵਾਕ ਰਰੇ।**

**ਸਤਿਗੁਰ ਸੰਤ ਮਹੰਤ ਕਹੇਂ ਸਭ ਅਨੁਭਵ ਬਿਨਾਂ ਨ ਸੂਝ ਪਰੇ। (ਸ੍ਰੀ ਕਮਲਫੂਲ ਪ੍ਰਕਾਸ਼ ਗ੍ਰੰਥ)**

ਪੰਜ ਕੋਸ਼ ਤੇ ਤਿੰਨੇਂ ਅਵਸਥਾਵਾਂ ਨੂੰ ਪ੍ਰਕਾਸ਼ਣ ਵਾਲਾ ਆਤਮਾ ਹੀ ਹੈ। ਉਹ ਆਤਮਾ ਹੀ ਪੂਰਨ ਸੁਤੰਤਰ, ਬ੍ਰਹਮ ਸਰੂਪ ਹੈ। ਉਸ ਬ੍ਰਹਮ ਸਰੂਪ ਦੇ ਵਿੱਚ ਹੀ ਅਧਿਅਸਤ ਰੂਪ ਵਿੱਚ ਅਗਿਆਨ ਕਾਰਨ ਅਬਿਆਕ੍ਰਿਤ ਉਪਾਧਿ ਦਾ ਅਧਿਆਰੋਪ ਹੁੰਦਾ ਹੈ। ਪ੍ਰੰਤੂ ਆਤਮ ਪ੍ਰਮਾਤਮ ਇੱਕ ਰੂਪਤਾ ਬੋਧਕ ਵਾਕ, ਦ੍ਵੈਤ ਦਾ ਨਿਸ਼ੇਧ ਕਰਕੇ, ਇੱਕ ਅਦ੍ਵੈਤ ਸਰੂਪ ਦਾ ਬੋਧ ਕਰਾਉਂਦੇ ਹਨ। ਇਸ ਕਰਕੇ ਇੱਕ ਆਤਮ ਸਰੂਪ ਵਿੱਚ ਟਿਕਾਅ ਬ੍ਰਹਮ ਸਰੂਪ ਦੇ ਅਨੁਭਵ ਤੋਂ ਬਿਨਾਂ ਆਤਮਾ ਬ੍ਰਹਮ ਏਕਤ੍ਵ ਬੋਧਕ ਵਾਕਾਂ ਦਾ ਵਾਸਤਵ ਭਾਵ ਕੀ ਹੈ, ਗੂੜ ਰਹੱਸ ਕੀ ਹੈ? ਇਹ ਬ੍ਰਹਮ ਸਰੂਪ ਦੇ ਅਨੁਭਵ ਤੋਂ ਬਿਨਾਂ ਗਿਆਤ ਨਹੀਂ ਹੋ ਸਕਦਾ।

**ਅਦ੍ਵੈਤ ਸਿਧਾਂਤ ਗ੍ਰੰਥ ਅੰਦਰ ਬ੍ਰਹਮ ਅਨੁਭਵ ਦੀ ਅਵਸਥਾ ਦਾ ਕਥਨ ਇਸ ਪ੍ਰਕਾਰ ਲਿਖਿਆ ਮਿਲਦਾ ਹੈ।**

**ਜਹਾਂ ਜਾਗ੍ਰਤ ਸੁਪਨਾ ਨਹੀਂ ਸੁਖਪਤਿ ਨਾਹਿ ਸਮਾਧਿ।**

**ਸੋ ਸਰੂਪ ਹੈ ਆਤਮਾ, ਆਤਮਾ, ਸੋ ਅਨੁਭਵ ਕਰ ਸਾਧ।**

**ਨਿਰਾਕਾਰ ਸਾਕਾਰ ਨਹਿ, ਨਹਿ ਸੂਖਮ ਅਸਥੂਲ।**

**ਜੜ੍ਹ ਚੇਤਨ ਦੋਨੋਂ ਨਹੀਂ, ਨਹਿ ਤਰਵਰ ਨਹਿ ਮੂਲ।**

**ਧਯਾਤਾ ਧਯਾਨ ਨ ਧੇਯ ਕਛ, ਗੇ ਗਯਾਤਾ ਨਹੀਂ ਗਯਾਨ।**

**ਕ੍ਰਿਆ ਕਰਮ ਕਰਤਾ ਨਹੀਂ, ਕੇਵਲ ਪਦ ਨਿਰਬਾਨ।**

**ਸਭ ਵਿਕਲਪ ਕੇ ਤਿਆਗ ਤੇ, ਸ਼ੇਸ਼ ਰਹੇ ਜੋ ਸਾਰ।**

**ਕੇਵਲ ਅਨੁਭਵ ਮਾਤ੍ਰ ਜੋ, ਸੋ ਨਿਜ ਰੂਪ ਵਿਚਾਰ।**

**ਅਤੇ ਸਿਧਾਂਤ ਪੁਸ਼ਪਾਂਜਲੀ ਗ੍ਰੰਥ ਅੰਦਰ ਗਿਆਨ ਹੋਣ ਦੇ ਅਨੁਭਵ ਪ੍ਰਥਾਇ ਇਸ ਪ੍ਰਕਾਰ ਅੰਕਿਤ ਕੀਤਾ ਗਿਆ ਹੈ।**

**ਉਦੇ ਭਇਓ ਗਿਆਨ ਸੂਰ ਤੀਨ ਤਾਪ ਭਇਓ ਦੂਰ ਨਿਸਚੈ ਸਰਬਾਤਮ ਪੂਰ ਭੇਦ ਹੈ ਨਾ ਭਾਵ ਹੈ।**

**ਤੀਨ ਤੇ ਬਿਤ੍ਰੇਕ, ਸਦਾ ਬ੍ਰਹਮ ਬ੍ਰਿਤ ਏਕ, ਰਹੀ ਆਨ ਕੀ ਨ ਟੇਕ, ਭਇਓ ਸਹਿਜ ਹੀ ਸੁਭਾਵ ਹੈ।**

**ਕਲਨਾ ਗ੍ਰੰਥਿ ਛੂਟ ਪੜੀ, ਭਰਮ ਭੀਤਿ ਟੂਟ ਪੜੀ, ਅਹੰ ਪੋਟ ਫੂਟ ਪੜੀ, ਭਾਵ ਨ ਅਭਾਵ ਹੈ।**

**ਅਸਤਿ ਭਾਂਤਿ ਪ੍ਰਿਆ ਹੇਮਰਾਜ ਨਿਜ ਭਇਆ, ਗ੍ਰਿਹਨ ਨਹੀਂ ਰਹਿਆ, ਕੋਈ ਰੰਕ ਹੈ ਨ ਰਾਵ ਹੈ।**

ਅਖੀਰ ਵਿੱਚ ਕੁਝ ਵਿਚਾਰ ਅੰਕ੍ਰਿਤ ਕਰਕੇ ਸਮਾਪਤੀ ਕਰਦੇ ਹਾਂ ਕਈ ਵਾਰ ਕੀ ਹੁੰਦਾ ਹੈ ਕਿ ਬੇਅੰਤ ਗ੍ਰੰਥਾਂ ਦਾ ਅਧਿਐਨ ਕਰਨ ਨਾਲ ਜੋ ਅਨੁਭਵ ਬੁੱਧੀ ਨੂੰ ਹੁੰਦਾ ਹੈ ਜਾਂ ਜੀਵ ਨੂੰ ਹੁੰਦਾ ਹੈ ਉਸਨੂੰ ਹੀ ਬ੍ਰਹਮ ਅਨੁਭਵ ਸਮਝ ਕੇ ਵਿਦਵਾਨ ਲੋਕ ਭਰਮ ਵਿੱਚ ਪਏ ਰਹਿੰਦੇ ਹਨ। ਪ੍ਰੰਤੂ ਵਾਸਤਵ ਵਿੱਚ ਅੱਖਰੀ ਗਿਆਨ ਦੀ ਤੁਲਨਾ ਬ੍ਰਹਮ ਗਿਆਨ ਨਾਲ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਅੱਖਰੀ ਗਿਆਨ ਦੇ ਅਨੁਭਵ ਅਤੇ ਬ੍ਰਹਮ ਗਿਆਨ ਅਨੁਭਵ ਪ੍ਰਥਾਇ, ਪ੍ਰਮਾਰਥ ਚਿੰਤਨ ਵਿਧੀ ਗ੍ਰੰਥ ਅੰਦਰ ਸ੍ਰੀਮਾਨ ਪੰਡਤ ਗੰਗਾ ਨਾਥ ਜੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ।

**ਉਲਕਾ ਸ਼ਾਸਤਰ ਵਿਦਿਆ ਅਨੁਭਵ ਰਵਿ ਮਧਿਯਾਨ। ਆਨ ਗਿਆਨ ਪਟ ਬੀਜਨਾ ਬ੍ਰਹਮ ਗਿਆਨ ਵਤ ਭਾਨ।**

**ਮਹੰਤ ਦਿਆਲ ਸਿੰਘ ਜੀ (ਨਿਰਮਲ ਸੰਪ੍ਰਦਾਇ) ਦੁਆਰ ਰਚਿਤ ਗਿਆਨ ਭੂਮਿਕਾ ਗ੍ਰੰਥ ਅੰਦਰ ਅਨੁਭਵ ਗਿਆਨ ਬਾਰੇ ਇਸ ਪ੍ਰਕਾਰ ਵਰਣਨ ਮਿਲਦਾ ਹੈ:**

**ਅਜ ਤਾਂ ਅਪਣੇ ਆਪ ਦਾ ਮੈਂ ਵੀ ਨਜ਼ਾਰਾ ਵੇਖਯਾ।**

**ਲੱਖ ਚੌਰਾਸੀ ਗੇੜ ਸਾਰਾ ਦੂਰ ਹੂੰਦਾ ਵੇਖਯਾ।**

**ਦੂਈ ਦਾ ਪਰਦਾ ਜੋ ਸੀ ਦਿਲ ਤੋਂ ਓ ਸਾਰਾ ਉਠ ਗਿਆ।**

**ਸੁਣਿਆ ਦੁਨੀਆ ਦਾ ਜੋ ਸੀ ਪਰਲਾ ਕਿਨਾਰਾ ਵੇਖਯਾ।**

**ਵੇਖਦੇ ਹੀ ਸਾਰ ਮੂੰਹ ਤੋਂ ਹੇ ਅਖਰ ਕਹਿਣੇ ਲਗਾ।**

**ਤੂੰ ਹੈ ਮੇਰਾ ਮੈਂ ਹਾਂ ਤੇਰਾ ਇਹ ਇਸ਼ਾਰਾ ਵੇਖਯਾ।**

**ਚਮਕ ਉਸਦੀ ਨਾਲ ਹੁਣ ਤਾਂ ਵਰਨ ਸਾਰੇ ਦਬ ਗਏ।**

**ਹੋਯਾ ਸੂਰਜ ਲੋਪ ਨਾ ਕੁਝ ਚੰਨ ਤਾਰਾ ਵੇਖਯਾ।**

**ਜਗ ਤੋਂ ਜਦ ਦਿਲ ਤੋੜ ਕੇ ਕੀਤਾ ਏ ਆਪਣੇ ਵਲ ਮੈਂ।**

**ਆਪਣੇ ਪਰਾਯੇ ਦਾ ਪਿਆਰਾ ਰੂਪ ਪਯਾਰਾ ਵੇਖਯਾ**

**ਦਿਆਲ ਹੁਣ ਉਸ ਨਾਲ ਮਿਲਕੇ ਦੋਵੇਂ ਇਕੋਂ ਹੋ ਗਏ।**

**ਜਿਧਰ ਜਾਵਾਂ ਉਧਰ ਹੀ ਠਾਕੁਰ ਦ੍ਵਾਰਾ ਵੇਖਯਾ**

ਜੇਕਰ ਇਹਨਾਂ ਛੰਦਾਂ ਦੀ ਵਿਆਖਿਆ ਇਥੇ ਕਰਦੇ ਹਾਂ ਤਾਂ ਵਿਸਥਾਰ ਬਹੁਤ ਹੋ ਜਾਵੇਗਾ ਇਸੇ ਕਰਕੇ ਇਸ ਵਿਸ਼ੇ ਪ੍ਰਥਾਇ ਇਥੇ ਸਿਰਫ ਦੋ ਛੰਦ ਹੀ ਦਿੱਤੇ ਹਨ। ਜੇਕਰ ਪੂਰੇ ਟੀਕੇ ਅੰਦਰ ਇਸ ਤਰ੍ਹਾਂ ਛੰਦ ਜਿਆਦਾ ਪ੍ਰਮਾਣ ਰੂਪ ਵਿੱਚ ਵਰਤਦੇ ਹਾਂ ਤਾਂ ਗ੍ਰੰਥ ਬਹੁਤ ਵੱਡਾ ਹੋ ਜਾਵੇਗਾ ਕਿਉਂਕਿ ਦਾਸ ਕੋਲ ਬੇਅੰਤ ਬੇਸ਼ੁਮਾਰ ਕੀਮਤੀ ਛੰਦ ਨੋਟ ਹਨ। ਗੁਰੂ ਸਾਹਿਬ ਜੀ ਨੇ ਕ੍ਰਿਪਾ ਕੀਤੀ ਤਾਂ ਇੱਕ ਵੱਖਰਾ ਗ੍ਰੰਥ ਇਹਨਾਂ ਕੀਮਤੀ ਛੰਦਾਂ ਦਾ ਤਿਆਰ ਕਰਾਂਗੇ ਤਾਂ ਕਿ ਬੇਅੰਤ ਵਿਦਵਾਨ ਮਹਾਂਪੁਰਸ਼ਾਂ ਦੀ ਮਿਹਨਤ ਨੂੰ ਖਤਮ ਹੋਣ ਤੋਂ ਬਚਾਇਆ ਜਾ ਸਕੇ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਬਿਚਾਰ' ਪ੍ਰਸੰਗ ਬਰਨਨੰ**

**ਨਾਮ ਬਿਆਲੀਸਮੋ ਅੰਸੂ ।੪੨।**

**ਅਧਿਆਇ ੪੩**

# ਆਤਮ ਵਿਚਾਰ ਜਾਰੀ

**ਦੋਹਰਾ: ਅਥ ਕਰਤਾ : ਨਖ ਸ਼ਿਖ ਲੌਂ ਤਨ ਥੂਲ ਮਹਿਂ ਅਹੰ ਬਿਰਤਿ ਜਿਨ ਕੀਨਿ।**

ਪੈਰ ਦੇ ਨਹੁੰਆਂ ਤੋਂ ਲੈ ਕੇ ਸਿਖ =ਸਿਖਾ ਭਾਵ ਸਿਰ ਦੀ ਚੋਟੀ, ਉਪਰਲੇ ਹਿੱਸੇ ਤੱਕ ਅਥਵਾ ਸਿਰ ਤੋਂ ਲੈ ਕੇ ਪੈਰਾਂ ਤੱਕ ਇਸ ਸਥੂਲ ਸਰੀਰ ਵਿੱਚ ਮੈਂ ਭਾਵ ਵਾਲੀ ਬਿਰਤੀ ਜਿਸ ਨੇ ਧਾਰਨ ਕੀਤੀ ਹੋਈ ਹੈ ਅਰਥਾਤ ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਹੰਗਤਾ ਨਾਲ ਭਰਿਆ ਪਿਆ ਹੈ।

**ਸੋ ਕਰਤਾ ਲਖੀਯਹਿ ਰਿਦੇ ਚੀਨਹੁ ਸਿੱਖ ਪ੍ਰਬੀਨ ।੧।**

ਉਸ ਨੂੰ ਆਪਣੇ ਹਿਰਦੇ ਵਿੱਚ ਕਰਤਾ ਜਾਣ ਲਉ। ਹੇ ਗੁਰਸਿਖੋ ਹੰਗਤਾ ਮਮਤਾ ਬੁੱਧੀ ਧਾਰੀ ਜੀਵ ਨੂੰ ਹੀ ਕਰਤਾ ਕਿਹਾ ਜਾਂਦਾ ਹੈ ਐਸਾ ਨਿਸਚਾ ਧਾਰਨ ਕਰੋ।

## ਕ੍ਰਿਯਾ

**ਇੰਦ੍ਰਯ ਦ੍ਵਾਰਾ ਨਿਕਸਿਕੈ ਵਿਰਤਿ ਵਿਖਯ ਲੌਂ ਜਾਇ।**

ਜਦੋਂ ਅੰਤਸ਼ਕਰਣ ਦੀ ਬਿਰਤੀ ਅਥਵਾ ਅੰਤਸ਼ਕਰਣ ਬਿਰਤੀ ਰੂਪ ਹੋ ਕੇ ਇੰਦਰਿਆਂ ਦੁਆਰਾ ਬਾਹਰ ਨਿਕਲ ਕੇ ਵਿਸ਼ਿਆਂ ਵੱਲ ਨੂੰ ਜਾਵੇ।

**ਕ੍ਰਿਯਾ ਕਹੈਂ ਤਿਸ ਵਿਰਤਿਕੋ ਸਤਿਗੁਰ ਦੇਤਿ ਸੁਨਾਇ।੨।**

ਅੰਤਸ਼ਕਰਣ ਦੀ ਸੂਖਮ ਬਿਰਤੀ ਜਦੋਂ ਸਥੂਲ ਵਿਸ਼ਿਆਂ ਵੱਲ ਨੂੰ ਇੰਦਰਿਆਂ ਤੇ ਸਵਾਰ ਹੋ ਕੇ ਗਮਨ ਕਰਦੀ ਹੈ ਉਸ ਅਵਸਥਾ ਨੂੰ ਕਿਰਿਆ ਕਿਹਾ ਜਾਂਦਾ ਹੈ। ਸਤਿਗੁਰ= ਜੋ ਸਤ ਸਰੂਪ ਹੋ ਚੁੱਕੇ ਗੁਰੂ ਨੇ ਆਪਣੇ ਬਚਨਾ ਦੁਆਰਾ ਇਸ ਤਰ੍ਹਾਂ ਬੋਲ ਕੇ ਦੱਸਦੇ ਹਨ।

## ਕਰਮ

**ਬਿਖਯ ਅਹੈਂ ਸ਼ਬਦਾਦਿ ਜੇ ਸਭਿ ਕੇ ਸਹਿਜ ਸੁਭਾਇ।**

**ਤਿਨ ਸੰਗ ਬਜਾਪਹਿ ਵਿਰਤਿ ਜਬਿ ਕਹੀਯਹਿ ਕਰਮ ਬਨਾਇ।੩।**

ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕ ਜੋ ਵਿਸ਼ੇ ਹਨ। ਇਹਨਾਂ ਦੇ ਨਾਲ ਜਦੋਂ ਬਿਰਤੀ ਸਹਿਜ ਸੁਭਾਇ ਹੀ ਬਿਆਪੇ -ਬਿਆਪਤ ਹੋ ਜਾਏ, ਇਕ ਮਿਕ ਹੋ ਜਾਏ ਅਥਵਾ ਕਿਰਿਆ ਰੂਪ ਵਿੱਚ ਮਿਲੇ, ਉਸ ਸਮੇਂ ਬਿਰਤੀ ਦੁਆਰਾ ਹੋ ਰਹੀ ਕਿਰਿਆ ਨੂੰ ਹੀ ਕਰਮ ਕਿਹਾ ਜਾਂਦਾ ਹੈ ਅਥਵਾ ਇਹਨਾਂ ਸਬਦ ਆਦਿ ਵਿਸ਼ਿਆਂ ਨਾਲ ਜਦੋਂ ਬਿਰਤੀ

ਵਿਸ਼ਿਆਕਾਰ ਹੁੰਦੀ ਹੈ, ਉਸ ਸਮੇਂ ਵਿਸ਼ਿਆਕਾਰ ਬਿਰਤੀ ਸਹਿਤ ਵਿਸ਼ੇ ਨੂੰ ਕਰਮ ਕਿਹਾ ਜਾਂਦਾ ਹੈ।

## ਭਾਵ ਅਰਥ

ਇਹਨਾਂ ਤਿੰਨਾਂ ਵਿਸ਼ਿਆਂ ਵਿੱਚ ਬਿਰਤੀ ਸ਼ਬਦ ਵਾਰ-ਵਾਰ ਆਇਆ ਹੈ ਅਤੇ ਬਿਰਤੀ ਬਿਨਾਂ ਇਹ ਤਿੰਨੇ ਹੀ ਨਹੀਂ ਹੋ ਸਕਦੇ। ਨਾ ਤਾਂ ਕਿਰਿਆ ਹੋ ਸਕਦੀ ਹੈ, ਨਾ ਕਰਮ ਅਤੇ ਨਾ ਹੀ ਕੋਈ ਕਰਤਾ ਹੀ ਹੋ ਸਕਦਾ ਹੈ। ਬਿਰਤੀ ਕਿਸਨੂੰ ਕਹਿੰਦੇ ਹਨ? ਇਸ ਵਿਸ਼ੇ ਉਤੇ ਸਾਧੂ ਨਿਸਚਲ ਦਾਸ ਜੀ ਨੇ ਇਕ ਪੂਰਾ ਗ੍ਰੰਥ ਹੀ ਲਿਖ ਦਿੱਤਾ ਹੈ ਜਿਸਦਾ ਨਾਮ ਬਿਰਤੀ ਪ੍ਰਭਾਕਰ ਗ੍ਰੰਥ ਹੈ। **ਇਸ ਗ੍ਰੰਥ ਦੇ ਪਹਿਲੇ ਪ੍ਰਕਾਸ਼ ਅੰਦਰ ਬਿਰਤੀ ਦੀ ਪਰਿਭਾਸ਼ਾ ਇਸ ਪ੍ਰਕਾਰ ਕਥਨ ਕੀਤੀ ਗਈ ਹੈ:**

ਅੰਤਸ਼ਕਰਣ ਅਤੇ ਅਗਿਆਨ ਦੇ ਪਰਿਣਾਮ ਨੂੰ ਬਿਰਤੀ ਕਿਹਾ ਜਾਂਦਾ ਹੈ। ਬੇਸ਼ੱਕ ਕ੍ਰੋਧ ਸੁੱਖ ਆਦਿਕ ਵੀ ਅੰਤਸ਼ਕਰਣ ਦੇ ਹੀ ਪਰਿਣਾਮ ਹਨ ਅਤੇ ਅਕਾਸ਼ ਆਦਿਕ ਅਗਿਆਨ ਦੇ ਹੀ ਪਰਿਣਾਮ ਹਨ ਪ੍ਰੰਤੂ ਉਹਨਾਂ ਨੂੰ ਬਿਰਤੀ ਨਹੀਂ ਕਿਹਾ ਜਾਂਦਾ। ਲੇਕਿਨ ਵਿਸ਼ੇ ਨੂੰ ਪ੍ਰਕਾਸ਼ ਕਰਨ ਵਾਲਾ ਜ਼ਿਹੜਾ ਅੰਤਸਕਰਣ ਅਤੇ ਅਗਿਆਨ ਦਾ ਪਰਿਣਾਮ ਹੈ ਉਸਨੂੰ ਬਿਰਤੀ ਕਿਹਾ ਜਾਂਦਾ ਹੈ ਕਿਉਂਕਿ ਕ੍ਰੋਧ ਆਦਿਕ ਅਤੇ ਸੁੱਖ ਦੁੱਖ ਆਦਿਕ ਜਿਹੜੇ ਅੰਤਸ਼ਕਰਣ ਦੇ ਪਰਿਣਾਮ ਹਨ। ਉਹਨਾਂ ਨਾਲ ਕਿਸੇ ਪਦਾਰਥ ਦਾ ਪ੍ਰਕਾਸ਼ ਨਹੀਂ ਹੁੰਦਾ ਭਾਵ ਗਿਆਨ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਅਕਾਸ਼ ਆਦਿਕ ਨਾਲ ਵੀ ਕਿਸੇ ਵਿਸ਼ੇ ਦਾ ਪ੍ਰਕਾਸ਼ ਨਹੀਂ ਹੁੰਦਾ। ਇਸ ਕਰਕੇ ਇਹਨਾਂ ਕ੍ਰੋਧ ਸੁਖਾਦਿਕਾਂ ਨੂੰ ਬਿਰਤੀ ਨਹੀਂ ਕਿਹਾ ਜਾ ਸਕਦਾ। ਸਿਰਫ ਗਿਆਨ ਰੂਪ ਪਰਿਣਾਮ ਨਾਲ ਹੀ ਵਿਸ਼ੇ ਦਾ ਬੋਧ ਹੋ ਸਕਦਾ ਹੈ, ਇਸ ਕਰਕੇ ਉਸਨੂੰ ਹੀ ਬਿਰਤੀ ਕਿਹਾ ਜਾਂਦਾ ਹੈ। ਬੇਸ਼ੱਕ ਸੁਖ, ਦੁਖ, ਕਾਮ, ਤ੍ਰਿਪਤੀ, ਲਜਾ, ਭੈ ਆਦਿ ਜਿੰਨੇ ਵੀ ਅੰਤਸ਼ਕਰਣ ਦੇ ਪਰਿਣਾਮ ਹਨ ਉਹਨਾਂ ਸਾਰਿਆਂ ਨੂੰ ਅਨੇਕ ਥਾਵਾਂ ਤੇ ਬਿਰਤੀ ਸ਼ਬਦ ਦੁਆਰਾ ਵਿਵਹਾਰ ਰੂਪ ਵਿੱਚ ਵਰਤਿਆ ਗਿਆ ਹੈ, ਫੇਰ ਵੀ **ਤੱਤ੍ਵਅਨੁਸੰਧਾਨ** ਅਤੇ **ਅਦ੍ਵੈਤ ਕੌਸਤੁੰਭਾਦਿ ਗ੍ਰੰਥਾਂ** ਵਿੱਚ ਪ੍ਰਕਾਸ਼ਕ ਪਰਿਣਾਮ ਦਾ ਨਾਮ ਹੀ ਬਿਰਤੀ ਕਿਹਾ ਗਿਆ ਹੈ। ਇਸ ਕਰਕੇ ਅਦ੍ਵੈਤ ਮਤ ਵਿੱਚ ਅਗਿਆਨ ਅਤੇ ਅੰਤਸ਼ਕਰਣ ਦਾ ਗਿਆਨ ਰੂਪ ਪਰਿਣਾਮ ਹੀ ਬਿਰਤੀ ਸ਼ਬਦ ਦਾ ਪਰਿਭਾਸ਼ਿਕ ਅਰਥ ਹੈ। ਉਹ ਬਿਰਤੀ ਗਿਆਨ ਹੀ ਪ੍ਰਮਾ ਅਤੇ ਅਪ੍ਰਮਾ ਦੋ ਪ੍ਰਕਾਰ ਦਾ ਹੈ ਅੱਗੇ ਕਥਨ ਕੀਤਾ ਜਾਵੇਗਾ।

ਹੁਣ ਇਸ ਵਿਸ਼ੇ ਦੇ ਸੰਬੰਧ ਵਿੱਚ ਉਪਰ ਆਏ ਸਲੋਕਾਂ ਦਾ ਭਾਵ ਅਰਥ ਰੂਪ ਵਿੱਚ ਸਰਲ ਵਖਿਆਨ ਕਰਦੇ ਹਾਂ ਕਿ ਮਨ ਨੂੰ ਤਾਂ ਸਭ ਲੋਕ ਜਾਣਦੇ ਹੀ ਹਨ ਮੋਟੇ ਸ਼ਬਦਾਂ ਵਿੱਚ ਮਨ ਵੀ ਬਿਰਤੀ ਰੂਪ ਹੀ ਹੈ। ਅਸੀਂ ਕਿਸੇ ਵਸਤੂ ਨੂੰ ਜਿਸ ਗਿਆਨ ਦੁਆਰਾ ਜਾਣਦੇ ਹਾਂ ਉਹ ਵੀ ਬਿਰਤੀ ਹੀ ਕਿਹਾ ਜਾਂਦਾ ਹੈ ਅਥਵਾ ਕਿਸੇ ਵਿਸ਼ੇ ਨੂੰ ਜਿਸ ਗਿਆਨ ਦੁਆਰਾ ਜਾਣਦੇ ਹਾਂ ਉਸਨੂੰ ਵੀ ਬਿਰਤੀ ਹੀ ਕਿਹਾ ਜਾਂਦਾ ਹੈ । ਜਦੋਂ ਬਿਰਤੀ ਵਿੱਚ ਗੁਣ ਬੁੱਧੀ ਪੈਦਾ ਹੋ ਜਾਂਦੀ ਹੈ ਤਾਂ ਉਹ ਇੱਛਾ ਹੀ ਕਿਰਿਆ ਰੂਪ ਵਿੱਚ ਤਬਦੀਲ ਹੋ ਜਾਂਦੀ ਹੈ ਭਾਵ ਜਦੋਂ ਤੱਕ ਮਨ ਵਿੱਚ ਰਹਿੰਦੀ ਹੈ ਉਦੋਂ ਤੱਕ ਉਹ ਇੱਛਾ ਹੀ ਰਹਿੰਦੀ ਹੈ ਜਦੋਂ ਇੰਦਰਿਆਂ ਦੁਆਰਾ ਬਾਹਰ ਆ ਜਾਂਦੀ ਹੈ ਉਦੋਂ ਉਹ ਕਿਰਿਆ ਬਣ ਜਾਂਦੀ ਹੈ ਇਹ ਕਿਰਿਆ ਹੀ ਕਰਮ ਬਣ ਜਾਂਦੀ ਹੈ। ਜਿਸ ਅੰਤਸ਼ਕਰਣ ਵਿੱਚ ਇਹ ਕਿਰਿਆ ਹੋ ਰਹੀ ਹੈ ਉਹ ਕਰਤਾ ਬਣ ਜਾਂਦਾ ਹੈ। ਅੰਤਸ਼ਕਰਣ ਵਸ਼ਿਸ਼ਟ ਜੀਵ ਨੂੰ

ਕਰਤਾ ਕਿਹਾ ਜਾਂਦਾ ਹੈ।

## ਗਯਾਤਾ ਅਰ ਗਯਾਨ

**ਅਹੰ ਵਿਰਤਿ ਚਿਦਾਂਭਾਸ ਜੁਤਿ ਸੋ ਗਯਾਤਾ ਪਹਿਚਾਨ ॥**

**ਕ੍ਰਿਯਾ ਵਿਰਤਿ ਮਹਿਂ ਭਾਸ ਚਿਦ ਤਾਂਕੋ ਗਯਾਨ ਬਖਾਨ॥੪॥**

ਚੇਤਨ ਦੇ ਆਭਾਸ ਸਹਿਤ ਜੋ ਅਹੰ ਭਾਵ ਵਾਲੀ ਬਿਰਤੀ ਹੈ ਉਸ ਨੂੰ ਗਿਆਤਾ ਕਿਹਾ ਜਾਂਦਾ ਹੈ। ਚੇਤਨ ਦੇ ਆਭਾਸ ਸਹਿਤ ਜੋ ਕਿਰਿਆ ਵਾਲੀ ਬਿਰਤੀ ਹੈ ਉਸ ਨੂੰ ਗਿਆਨ ਕਹਿੰਦੇ ਹਨ।

**ਭਾਵ ਅਰਥ**

ਅਹੰ ਬਿਰਤੀ ਜਦੋਂ ਚਿਦਾਭਾਸ ਯੁਕਤ ਹੁੰਦੀ ਹੈ ਭਾਵ ਚੇਤਨ ਦੇ ਆਭਾਸ ਸਹਿਤ ਹੁੰਦੀ ਹੈ ਉਸਨੂੰ ਹੀ ਗਿਆਤਾ ਕਿਹਾ ਜਾਂਦਾ ਹੈ। ਜਿਹੜੀ ਅਹੰ ਭਾਵ ਵਾਲੀ ਬਿਰਤੀ ਸਾਡੇ ਅੰਦਰ ਵਾਰ-ਵਾਰ ਉਠਦੀ ਹੈ ਉਹ ਅਗਿਆਨ ਕਾਰਨ ਉਠਦੀ ਹੈ । ਉਹ ਅਹੰਕਾਰ ਭਾਵੇਂ ਦੇਹ ਦਾ ਹੋਵੇ, ਬੁੱਧੀ ਦਾ ਹੋਵੇ ਜਾਂ ਕਿਸੇ ਹੋਰ ਪ੍ਰਕਾਰ ਦਾ ਸਥੂਲ ਸੂਖਮ ਅਹੰਕਾਰ ਹੋਵੇ, ਉਹ ਮੈਂ ਪੁਣਾ ਅਗਿਆਨ ਕਰਕੇ ਹੀ ਪੈਦਾ ਹੁੰਦਾ ਹੈ, ਭਾਵ ਆਤਮਾ ਦੇ ਅਗਿਆਨ ਕਰਕੇ ਹੀ ਪੈਦਾ ਹੁੰਦਾ ਹੈ। ਜਿੰਨਾ ਚਿਰ ਆਤਮਾ ਦਾ ਅਗਿਆਨ ਹੈ, ਉਨਾਂ ਚਿਰ ਹੀ ਅਹੰ ਭਾਵ ਅਥਵਾ ਅਹੰਕਾਰ ਹੈ। ਉਸ ਅਹੰਕਾਰ ਵਾਲੀ ਬਿਰਤੀ ਵਿੱਚ ਜਦੋਂ ਚੇਤਨ ਦਾ ਆਭਾਸ ਪੈਂਦਾ ਹੈ, ਉਸੇ ਨੂੰ ਗਿਆਤਾ ਕਹਿੰਦੇ ਹਨ। ਜਾਣਨ ਵਾਲਾ ਵੀ ਉਸੇ ਨੂੰ ਕਹਿੰਦੇ ਹਨ। ਉਹੀ ਇੱਛਾ ਕਰਦਾ ਹੈ ਫਿਰ ਕਰਮ ਕਰਦਾ ਹੈ ਕਰਮ ਕਰਨ ਕਰਕੇ ਕਰਤਾ ਬਣ ਜਾਂਦਾ ਹੈ, ਉਹੀ ਫਲ ਭੋਗਦਾ ਹੈ ਤੇ ਫਲ ਭੋਗਣ ਕਰਕੇ ਭੋਗਤਾ ਬਣ ਜਾਂਦਾ ਹੈ।

ਵਿਸ਼ੇ ਵਿਸ਼ਯਕ ਜੋ ਬਿਰਤੀ ਹੈ ਅਤੇ ਬਿਰਤੀ ਉਪਹਿਤ ਜੋ ਚੇਤਨ ਹੈ ਉਸਨੂੰ ਗਿਆਨ ਕਹਿੰਦੇ ਹਨ। ਘੜੇ ਨੂੰ ਵਿਸ਼ੇ ਕਰਨ ਵਾਲੀ ਜੋ ਘਟ ਵਿਸ਼ਯਕ ਬਿਰਤੀ ਹੈ ਉਸ ਘਟ ਵਿਸ਼ਯਕ ਬਿਰਤੀ ਉਪਹਿਤ ਜੋ ਚੇਤਨ ਹੈ, ਉਸ ਘਟ ਵਿਸ਼ਯਕ ਬਿਰਤੀ ਉਪਹਿਤ ਚੇਤਨ ਨੂੰ ਗਿਆਨ ਕਹਿੰਦੇ ਹਨ। ਉਸ ਬਿਰਤੀ ਨੂੰ ਵੀ ਗਿਆਨ ਹੀ ਕਹਿੰਦੇ ਹਨ।

## ਗੇਯ ਅਰ ਪ੍ਰਮਾਤਾ

**ਕਰਮ ਵਿਰਤਿ ਮਹਿਂ ਭਾਸ ਚਿਦ ਇਸ ਜੁਤਿ ਗੇਯ ਸੁ ਹੋਇ।**

**ਗਯਾਤਾ ਪਰਮਾਤਾ ਅਹੈ ਇਕ ਕੇ ਆਖਯ ਦੋਇ ॥੫॥**

ਚੇਤਨ ਦੇ ਆਭਾਸ ਸਹਿਤ ਕਰਮ ਬਿਰਤੀ ਇਸ ਨੂੰ ਗੇਯ ਕਹਿੰਦੇ ਹਨ ਅਤੇ ਗਿਆਤਾ ਹੀ ਪ੍ਰਮਾਤਾ ਹੁੰਦਾ ਹੈ ਇਹ ਇਕ ਦੇ ਹੀ ਦੋ ਨਾਮ ਹਨ।

**ਗਯਾਨ ਕਹੈਂ ਪ੍ਰਮਾਣ ਕੋ ਗੇਯ ਪ੍ਰਮੇਯ ਸੁਜਾਨ।**

ਉਸੇ ਤਰ੍ਹਾਂ ਹੀ ਪ੍ਰਮਾਣ ਨੂੰ ਗਿਆਨ ਕਿਹਾ ਜਾਂਦਾ ਹੈ ਅਤੇ ਸ੍ਰੇਸ਼ਟ ਪੁਰਸ਼ ਗੇਯ ਨੂੰ ਪ੍ਰਮੇਯ ਕਹਿੰਦੇ ਹਨ।

### ਭਾਵ ਅਰਥ

ਜਿਸ ਵਸਤੂ ਦੀ ਪ੍ਰਾਪਤੀ ਲਈ ਕਰਮ ਹੋ ਰਿਹਾ ਹੈ, ਉਸ ਪ੍ਰਾਪਤੀ ਦੀ ਇੱਛਾ ਵਾਲੀ ਵਸਤੂ ਨੂੰ ਵੀ ਗੇਯ ਕਿਹਾ ਹੈ ਅਤੇ ਜੇਕਰ ਕਿਸੇ ਵਸਤੂ ਨੂੰ ਅਸੀਂ ਜਾਣਦੇ ਹਾਂ ਤਾਂ ਗਿਆਨ ਦੁਆਰਾ ਹੀ ਜਾਣਦੇ ਹਾਂ। ਗਿਆਨ ਤੋਂ ਬਿਨਾਂ ਕਿਸੇ ਵਸਤੂ ਨੂੰ ਜਾਣਿਆਂ ਨਹੀਂ ਜਾ ਸਕਦਾ। ਇਸ ਲਈ ਗਿਆਨ ਹੀ ਪ੍ਰਮਾਣ ਹੈ, ਪ੍ਰਮਾਣ ਤੋਂ ਭਾਵ ਪ੍ਰਮਾਣਿਤ ਕਰਨ ਵਾਲਾ, ਯਥਾਰਥ ਤਤ ਦੱਸਣ ਵਾਲਾ ਅਥਵਾ ਵਸਤੂ ਦੇ ਅਸਲੀ ਸਰੂਪ ਦਾ ਗਿਆਨ ਕਰਾਉਣ ਵਾਲਾ ਭਾਵ ਜਿਹੜਾ ਕਿਸੇ ਵਸਤੂ ਦੇ ਅਸਲ ਸਰੂਪ ਦਾ ਗਿਆਨ ਕਰਾਵੇ ਉਸਨੂੰ ਪ੍ਰਮਾਣ ਕਿਹਾ ਜਾਂਦਾ ਹੈ। ਜਿਸ ਵਸਤੂ ਨੂੰ ਅਸੀਂ ਪ੍ਰਮਾਣ ਦੁਆਰਾ ਜਾਣਦੇ ਹਾਂ ਉਸਨੂੰ ਪ੍ਰਮੇਯ ਕਿਹਾ ਜਾਂਦਾ ਹੈ।

## ਅਪ੍ਰਮਾ ਗਿਆਨ

**॥ਤ੍ਰਿਪੁਟੀ ਮੈਂ ਲਖਿ ਆਪ ਕੋ ॥ ਕਹੈਂ ਅਪਰਮਾ ਗਜਾਨ॥੬॥**

ਇਹ ਜੋ ਉਪਰ ਦੱਸੀ ਗਿਆਤਾ, ਗਿਆਨ, ਗੇਯ, ਪ੍ਰਮਾਤਾ, ਪ੍ਰਮਾਣ, ਪ੍ਰਮੇਯ ਵਾਲੀ ਦ੍ਵੈਤ ਰੂਪ ਤ੍ਰਿਪੁਟੀ ਹੈ। ਇਸ ਦ੍ਵੈਤ ਰੂਪ ਤ੍ਰਿਪੁਟੀ ਵਿੱਚ ਆਪਣੇ ਆਪ ਨੂੰ ਜਾਣਨਾ ਇਸ ਨੂੰ ਅਪ੍ਰਮਾ ਗਿਆਨ ਕਿਹਾ ਜਾਂਦਾ ਹੈ।

### ਭਾਵ ਅਰਥ

ਜਦੋ ਤੱਕ ਆਪਣੇ ਆਪ ਨੂੰ ਗਿਆਤਾ, ਗਿਆਨ, ਗੇਯ, ਰੂਪ ਤ੍ਰਿਪੁਟੀ ਦੇ ਵਿੱਚ ਜਾਣਦੇ ਹਾਂ ਭਾਵ ਅਨੁਭਵ ਕਰਦੇ ਹਾਂ, ਉਦੋਂ ਤੱਕ ਭਰਮ ਹੀ ਹੈ। ਗਿਆਤਾ, ਗਿਆਨ, ਗੇਯ, ਭਾਵ ਦੇ ਵਿੱਚ ਰਹਿਣਾ, ਕਿ ਮੈਂ ਗਿਆਤਾ ਹਾਂ, ਜਾਣਨ ਵਾਲਾ ਹਾਂ, ਤੇ ਜਗਤ ਅਥਵਾ ਬ੍ਰਹਮ ਜਾਣਨੇ ਜੋਗ ਹੈ। ਜਾਣਨੇ ਜੋਗ ਵਸਤੂ ਨੂੰ ਗੇਯ ਕਹਿੰਦੇ ਹਨ ਅਤੇ ਗਿਆਨ ਦੇ ਦੁਆਰਾ ਜਾਣਿਆ ਜਾਂਦਾ ਹੈ। ਜਾਗ੍ਰਤ, ਸੁਪਨ, ਸੁਖੋਪਤੀ ਇਹ ਵੀ ਤ੍ਰਿਪੁਟੀ ਹੈ, ਐਸੀਆਂ ਹੋਰ ਵੀ ਜਿੰਨੀਆਂ ਤ੍ਰਿਪੁਟੀਆਂ ਹਨ। ਜਿਤਨੀ ਦੇਰ ਇਹਨਾਂ ਵਿੱਚ ਆਪਣੇ ਆਪ ਨੂੰ ਮਿਲਿਆ ਹੋਇਆ ਮੰਨਦੇ ਹਾਂ ਭਾਵ ਇਹਨਾਂ ਤ੍ਰਿਪੁਟੀਆਂ ਵਿੱਚ ਇਕਮਿਕ ਹੋਇਆ ਅਨੁਭਵ ਕਰਦੇ ਹਾਂ। ਗਜਾਤਾ, ਗਯਾਨ, ਗੇਯ ਰੂਪ ਤ੍ਰਿਪੁਟੀ ਅਥਵਾ ਸਾਰੀਆਂ ਤ੍ਰਿਪੁਟੀਆਂ ਵਿੱਚ ਆਪਣੇ ਆਪ ਨੂੰ ਇਕਮਿਕ ਹੋਇਆ ਅਨੁਭਵ ਕਰਦੇ ਹਾਂ ਇਸੇ ਨੂੰ ਹੀ ਅਪ੍ਰਮਾ ਗਿਆਨ ਕਿਹਾ ਜਾਂਦਾ ਹੈ। ਭਰਮ ਗਿਆਨ ਵੀ ਇਸੇ ਦਾ ਹੀ ਨਾਮ ਹੈ।

## ਪ੍ਰਮਾ ਗਿਆਨ

**ਤ੍ਰਿਪੁਟੀ ਕੋ ਜੋ ਪ੍ਰਕਾਸ਼ ਹੀ ਅਰੁ ਸਭਿ ਕੋ ਧਿਸਠਾਨ॥**
**ਅਪਨੋ ਆਪ ਸੁ ਜਾਨਹੀ ਸੋ ਕਹਿੰ ਪ੍ਰਮਾ ਗਜਾਨ।੭।**

ਤ੍ਰਿਪੁਟੀ ਨੂੰ ਜੋ ਪ੍ਰਕਾਸ਼ ਰਿਹਾ ਹੈ ਅਤੇ ਜੋ ਸਭ ਦਾ ਆਸਰਾ ਹੈ, ਉਸ ਨੂੰ ਆਪਣਾ ਸਰੂਪ ਕਰਕੇ ਜਾਣਨਾ ਭਾਵ ਅਨੁਭਵ ਕਰਨਾ ਇਸ ਨੂੰ ਪ੍ਰਮਾ ਗਿਆਨ ਕਹਿੰਦੇ ਹਨ।

## ਪ੍ਰਮਾ ਗਯਾਨ

ਗਯਾਤਾ,ਗਯਾਨ, ਗੇਯ ਰੂਪ ਤ੍ਰਿਪੁਟੀ ਦਾ ਜੋ ਪ੍ਰਕਾਸ਼ਕ ਹੈ ਭਾਵ ਜੋ ਤ੍ਰਿਪੁਟੀ ਨੂੰ ਪ੍ਰਕਾਸ਼ ਕਰਨ ਵਾਲਾ ਹੈ। ਤ੍ਰਿਪੁਟੀ ਦਾ ਅਧਿਸ਼ਠਾਨ ਭਾਵ ਆਸਰਾ ਹੈ ਜਿਸ ਕਰਕੇ ਤ੍ਰਿਪੁਟੀ ਦੀ ਪ੍ਰਤੀਤੀ ਹੋ ਰਹੀ ਹੈ, ਉਸਨੂੰ ਪ੍ਰਮਾ ਕਹਿੰਦੇ ਹਨ, ਪ੍ਰਮਾ ਸ਼ਬਦ ਦਾ ਅਰਥ ਯਥਾਰਥ ਗਿਆਨ ਹੈ। ਇਥੇ ਆਤਮ ਵਿਚਾਰ ਪ੍ਰਕਰਣ ਵਿੱਚ ਪ੍ਰਮਾ ਅਤੇ ਅਪ੍ਰਮਾ ਦਾ ਜੋ ਅਰਥ ਹੈ ਉਹ ਇਸ ਪ੍ਰਕਾਰ ਹੈ ਕਿ ਅਪ੍ਰਮਾ ਤੋਂ ਭਾਵ ਤ੍ਰਿਪੁਟੀ ਸਹਿਤ ਜੋ ਆਤਮ ਗਿਆਨ ਹੈ, ਉਹ ਭਰਮ ਰੂਪ ਹੀ ਹੈ। ਜਦੋਂ ਤੱਕ ਤ੍ਰਿਪੁਟੀ ਗਿਆਨ ਦੇ ਵਿੱਚ ਆਪਣੇ ਆਪ ਨੂੰ ਮਿਲਿਆ ਹੋਇਆ ਅਨੁਭਵ ਕਰ ਰਹੇ ਹਾਂ ਕਿ ਮੈਂ ਗਿਆਤਾ ਹਾਂ, ਇਹ ਗੇਯ ਹੈ, ਗਿਆਨ ਦੇ ਦੁਆਰਾ ਮੈਂ ਇਸ ਨੂੰ ਜਾਣ ਰਿਹਾ ਹਾਂ। ਐਸੀ ਅਵਸਥਾ ਵਿੱਚ ਜਿੰਨਾਂ ਚਿਰ ਅਸੀਂ ਆਪਣੇ ਆਪ ਨੂੰ ਅਨੁਭਵ ਕਰ ਰਹੇ ਹਾਂ, ਉਨ੍ਹਾਂ ਚਿਰ ਅਸੀਂ ਭਰਮ ਵਿੱਚ ਹੀ ਰਹਾਂਗੇ। ਇਸ ਤ੍ਰਿਪੁਟੀ ਰੂਪ ਭਰਮ ਵਿੱਚ ਭਰਮੇ ਰਹਿਣਾ ਹੀ ਅਪ੍ਰਮਾ ਹੈ।

ਪ੍ਰਮਾ ਤੋਂ ਭਾਵ ਹੈ ਤ੍ਰਿਪੁਟੀ ਦਾ ਪ੍ਰਕਾਸ਼ਕ ਅਰਥਾਤ ਤ੍ਰਿਪੁਟੀ ਨੂੰ ਪ੍ਰਕਾਸ਼ ਕਰਨ ਵਾਲਾ, ਜੋ ਆਪਣੇ ਸਰੂਪ ਦਾ ਗਿਆਨ ਹੈ, ਅਧਿਸ਼ਠਾਨ ਰੂਪ ਹੋਣ ਕਰਕੇ ਉਹੀ ਪ੍ਰਮਾ ਹੈ। ਜਦੋਂ ਇਹਨਾਂ ਤਿੰਨਾਂ ਤ੍ਰਿਪੁਟੀਆਂ ਤੋਂ ਭਿੰਨ ਇਹਨਾਂ ਦਾ ਅਧਿਸ਼ਠਾਨ ਅਤੇ ਪ੍ਰਕਾਸ਼ ਕਰਨ ਵਾਲਾ, ਸੱਤਾ ਦੇਣ ਵਾਲਾ, ਚੇਤਨ ਮਾਤਰ ਆਪਣੇ ਆਪ ਨੂੰ ਅਨੁਭਵ ਕਰਦੇ ਹਾਂ, ਉਸ ਚੇਤਨ ਮਾਤਰ ਯਥਾਰਥ ਗਿਆਨ ਨੂੰ ਹੀ ਪ੍ਰਮਾ ਕਿਹਾ ਜਾਂਦਾ ਹੈ ਅਥਵਾ ਤ੍ਰਿਪੁਟੀ ਤੋਂ ਭਿੰਨ ਤ੍ਰਿਪੁਟੀ ਦਾ ਪ੍ਰਕਾਸ਼ਕ ਜੋ ਚੇਤਨ ਹੈ, ਉਹ ਚੇਤਨ ਹੀ ਪ੍ਰਮਾ ਹੈ।

**ਅੰਤਹਿਕਰਣ ਅਗਯਾਨ ਪਰਣਾਮ ਹੋਵੇ ਚਿਦਾਭਾਸ਼ ਕੇ ਸਹਿਤ ਬਿਰਤੀ ਕਹਾਵੇ।**
**ਪ੍ਰਮਾ ਅਪ੍ਰਮਾ ਬਿਰਤੀ ਕੇ ਭੇਦ ਜਾਨੋ ਕਹੇ ਨਯਾਇ ਵੇਦਾਂਤ ਸਿਧਾਂਤ ਗਾਵੇ।**
**ਪ੍ਰਮਾ ਬਿਰਤੀ ਖਟ ਪ੍ਰਮਾਣ ਕਰਕੇ ਬਣੇ ਪ੍ਰੋਖ ਅਪ੍ਰੋਖ ਦੋ ਭਾਂਤਿ ਆਵੇ॥**
**ਤਿਸੀ ਅਪ੍ਰਮਾ ਏਕ ਯਥਾਰਥੀ ਸੋ ਅਯਥਾਰਥੀ ਦੂਸਰੀ ਕੋ ਵਤਾਵੇ॥**

**(ਗ੍ਰੰਥ ਮਤ ਸੰਗ੍ਰਹਿ ਸੰਤ ਸੰਗਤ ਸਿੰਘ ਗਿਆਨੀ)**

**ਸ੍ਵੈਯਾ ਛੰਦ: ਮਹਾਂਵਾਕ ਵੇਦਾਂਤ ਕਿ ਸਤਿਗੁਰ ਤਿਸਕੋ ਹੋਨਿ ਯਥਾਰਥ ਗਯਾਨ॥**

ਬ੍ਰਹਮ ਨੇਸਟੀ ਬ੍ਰਹਮ ਸ੍ਰੋਤਰੀ ਸਤਿਗੁਰੂ, ਜਿਸ ਨੂੰ ਆਤਮ ਗਿਆਨ ਦੇਣ ਵਾਲੇ ਮਹਾਂਵਾਕਾਂ ਦੁਆਰਾ ਆਪਣੇ ਨਿਜ ਸਰੂਪ ਦਾ ਅਨੁਭਵ ਕਰਾਉਂਦੇ ਹਨ । ਉਸ ਨੂੰ ਇਹ ਯਥਾਰਥ ਗਿਆਨ ਹੁੰਦਾ ਹੈ ਭਾਵ ਪ੍ਰਮਾ ਗਿਆਨ ਹੁੰਦਾ ਹੈ ਅਥਵਾ ਆਪਣੇ ਆਪ ਦੀ ਅਸਲੀਅਤ ਦਾ ਪਤਾ ਲਗਦਾ ਹੈ ਕਿ ਮੇਰਾ ਸਰੂਪ ਨਾਸ਼ ਤੋਂ ਰਹਿਤ ਅਬਿਨਾਸ਼ੀ ਹੈ।

## ਚਾਰ ਅਨੁਬੰਧ ਚੱਲੇ

**ਅਧਿਕਾਰੀ ਜੁ ਚਤੁਸ੍ਰੈ ਸਾਧਨ ਵਿਖਯ ਜੀਵੇਸ੍ਵਰ ਇਕਤਾ ਜਾਨ।**

ਇਸ ਪ੍ਰਮਾ ਗਿਆਨ ਦਾ ਅਧਿਕਾਰੀ ਉਹ ਹੈ ਜੋ ਚਾਰ ਸਾਧਨ ਸੰਯੁਕਤ ਹੈ ਅਤੇ ਵਿਖਯ – ਵਿਸ਼ਾ ਜੀਵ ਅਤੇ

ਈਸ਼ਵਰ ਦੀ ਅਭੇਦਤਾ ਹੈ ਇਸ ਤਰ੍ਹਾਂ ਜਾਣ ਲਓ।

**ਬੋਧ ਬ੍ਰਹਮ ਬੋਧਕ ਵੇਦਾਂਤ ਸੁ ਇਹ ਸਬੰਧ ਨੀਕੇ ਪਹਿਚਾਨ।**

ਬੋਧ ਬ੍ਰਹਮ ਹੈ ਅਤੇ ਬੋਧਕ ਵੇਦਾਂਤ ਹੈ ਭਾਵ ਗਿਆਨ ਬ੍ਰਹਮ ਦਾ ਕਰਾਉਣਾ ਹੈ ਅਤੇ ਕਰਾਉਣਾ ਵੇਦਾਂਤ ਮਹਾਂਵਾਕਾਂ ਨੇ ਹੈ ਅਥਵਾ ਵੇਦਾਂਤ ਦੁਆਰਾ ਬ੍ਰਹਮ ਦਾ ਗਿਆਨ ਕਰਾਉਣਾ ਇਹ ਸੰਬੰਧ ਅਨੁਬੰਧ ਹੈ । ਇਸ ਨੂੰ ਚੰਗੀ ਤਰ੍ਹਾ ਸਮਝ ਲਉ।

**ਦੁਖ ਨਿਵਿਰਤਿ ਪਰਮਾਨੰਦ ਪ੍ਰਾਪਤਿ ਇਹੀ ਪ੍ਰਯੋਜਨ ਕਰਹਿਂ ਬਖਾਨ।੮।**

ਦੁਖ ਦੀ ਅਤਿਅੰਤਕ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਇਸ ਨੂੰ ਪ੍ਰਯੋਜਨ ਅਨੁਬੰਧ ਕਹਿੰਦੇ ਹਨ।

**ਦੋਹਰਾ : ਇਹ ਚਾਰੋਂ ਅਨੁਬੰਧ ਕੋ ਗਯਾਨ ਰਿਦੇ ਜਬ ਹੋਇ।**

**ਕਹੈਂ ਗਿਆਨ ਪ੍ਰਕਰਣ ਸੋ, ਸੰਤਨ ਕੇ ਮਤ ਜੋਇ।੯।**

ਇਹਨਾਂ ਚਾਰਾਂ ਹੀ ਅਨੁਬੰਧਾਂ ਦਾ ਗਿਆਨ ਜਦੋਂ ਹਿਰਦੇ ਵਿੱਚ ਚੰਗੀ ਤਰ੍ਹਾਂ ਹੋ ਜਾਂਦਾ ਹੈ। ਸੰਤਾਂ ਦੇ ਮਤ ਵਿੱਚ ਇਸ ਨੂੰ ਆਤਮ ਗਿਆਨ ਪ੍ਰਕਰਣ ਕਿਹਾ ਜਾਂਦਾ ਹੈ।

## ਚਾਰ ਅਨੁਬੰਧ ਭਾਵ ਅਰਥ

**ਨਹਿ ਅਨੁਬੰਧ ਪਛਾਨੈ ਜੌ ਲੌ।**

**ਹ੍ਵੈ ਨ ਪ੍ਰਵਿਰਤ ਸੁਘਰ ਨਰ ਤੌ ਲੌ। (ਵਿਚਾਰ ਸਾਗਰ ਗ੍ਰੰਥ)**

ਵਿਦਵਾਨ ਪੁਰਸ਼ ਜਿੰਨਾਂ ਚਿਰ ਇਹਨਾਂ ਚਾਰ ਅਨੁਬੰਧਾਂ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਲੈਂਦਾ, ਉਨ੍ਹਾਂ ਸਮਾਂ ਗ੍ਰੰਥ ਵਿੱਚ ਪ੍ਰਵਿਰਤ ਨਹੀਂ ਹੁੰਦਾ, ਭਾਵ ਜਿੰਨਾਂ ਸਮਾਂ ਇਹ ਨਹੀਂ ਸਮਝ ਲੈਂਦਾ ਕਿ ਗ੍ਰੰਥ ਪੜ੍ਹਨ ਦਾ ਅਥਵਾ ਵਿਚਾਰਨ ਦਾ ਅਧਿਕਾਰੀ ਕੌਣ ਹੈ, ਗ੍ਰੰਥ ਦਾ ਵਿਸ਼ਾ ਵਸਤੂ ਕੀ ਹੈ, ਗ੍ਰੰਥ ਦਾ ਸਬੰਧ ਕਿਸ ਨਾਲ ਹੈ, ਅਤੇ ਗ੍ਰੰਥ ਦਾ ਪ੍ਰਯੋਜਨ ਕੀ ਹੈ ਉਨ੍ਹਾਂ ਚਿਰ ਕਿਸੇ ਵੀ ਗ੍ਰੰਥ ਵਿੱਚ ਪ੍ਰਵਿਰਤ ਨਹੀਂ ਹੁੰਦਾ। ਇਹਨਾਂ ਚਾਰ ਅਨੁਬੰਧਾਂ ਵਿੱਚ ਪਹਿਲਾਂ ਅਧਿਕਾਰੀ ਅਨੁਬੰਧ ਹੈ, ਕਿ ਗ੍ਰੰਥ ਦਾ ਅਥਵਾ ਗ੍ਰੰਥ ਦੁਆਰਾ ਮਿਲਣ ਵਾਲੇ ਗਿਆਨ ਦਾ ਅਧਿਕਾਰੀ ਕੌਣ ਹੈ। ਵਿਵੇਕ ਵੈਰਾਗ, ਖਟ ਸੰਪਤੀ ਅਤੇ ਮੋਖ ਇੱਛਾ, ਇਹਨਾਂ ਚਾਰ ਸਾਧਨਾਂ ਵਿੱਚ ਜੋ ਪ੍ਰਪੱਕ ਹੈ, ਉਸਨੂੰ ਅਧਿਕਾਰੀ ਕਹਿੰਦੇ ਹਨ। ਇਹਨਾਂ ਚਾਰ ਸਾਧਨਾਂ ਦਾ ਵਿਸਥਾਰ ਕਵੀ ਜੀ ਨੇ ਪੰਜਵੀਂ ਰੁੱਤ ਵਿੱਚ ਖੁਦ ਹੀ ਵਿਸਥਾਰ ਸਹਿਤ ਦਿੱਤਾ ਹੋਇਆ ਹੈ।

ਦੂਸਰਾ ਵਿਸ਼ੈ ਅਨੁਬੰਧ ਹੈ। ਗ੍ਰੰਥ ਦਾ ਅਥਵਾ ਇਸ ਪ੍ਰਕਰਣ ਦਾ ਵਿਸ਼ਾ ਜੀਵ ਅਤੇ ਈਸ਼ਵਰ ਦੀ ਅਭੇਦਤਾ ਹੈ। ਭੇਦ ਦੀਆਂ ਬਾਧਕ ਅਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ ਜੀਵ ਈਸ਼ ਦੀ ਏਕਤਾ ਦਾ ਗਿਆਨ ਕਰਾਉਣਾ ਹੀ ਇਸ ਪ੍ਰਕਰਣ ਦਾ ਵਿਸ਼ਾ ਹੈ।

ਤੀਸਰਾ ਸੰਬੰਧ ਅਨੁਬੰਧ ਹੈ। ਜਿਵੇਂ ਗ੍ਰੰਥ ਦਾ ਅਤੇ ਗਿਆਨ ਦਾ ਜੰਨਯ ਜਨਕ ਭਾਵ ਸੰਬੰਧ ਹੁੰਦਾ ਹੈ। ਗ੍ਰੰਥ, ਗਿਆਨ ਨੂੰ ਪੈਦਾ ਕਰਨ ਵਾਲਾ ਹੈ ਅਤੇ ਗਿਆਨ, ਗ੍ਰੰਥ ਦੁਆਰਾ ਪੈਦਾ ਹੋਣ ਵਾਲਾ ਹੈ। ਇਸ ਕਰਕੇ ਗ੍ਰੰਥ ਦਾ ਅਤੇ ਗਿਆਨ ਦਾ ਪਿਤਾ ਪੁੱਤਰ ਦੀ ਨਿਆਂਈ, ਜੰਨਯ ਜਨਕ ਭਾਵ ਸੰਬੰਧ ਹੁੰਦਾ ਹੈ। ਇਸੇ ਤਰ੍ਹਾਂ ਬ੍ਰਹਮ ਦਾ, ਤੇ ਵੇਦਾਂਤ ਦਾ, ਬੋਧ ਬੋਧਕ ਭਾਵ

ਸੰਬੰਧ ਹੁੰਦਾ ਹੈ। ਅਰਥਾਤ ਬ੍ਰਹਮ ਦਾ ਬੋਧ, ਵੇਦਾਂਤ ਮਹਾਂਵਾਕ ਦੁਆਰਾ ਹੁੰਦਾ ਹੈ, ਭਾਵ ਬ੍ਰਹਮ ਸਰੂਪ ਹੋ ਚੁੱਕੇ ਸਤਿਗੁਰੂ ਦੁਆਰਾ ਜੋ ਮਹਾਂਵਾਕ ਸਿੱਖ ਨੂੰ ਆਤਮ ਗਿਆਨ ਦੇਣ ਵਾਲੇ ਹਨ। ਉਹਨਾਂ ਮਹਾਂਵਾਕਾਂ ਦੁਆਰਾ ਹੀ ਆਤਮ ਸਰੂਪ ਦਾ ਅਨੁਭਵ ਹੁੰਦਾ ਹੈ ਇਸ ਕਰਕੇ ਬ੍ਰਹਮ ਦਾ ਅਤੇ ਵੇਦਾਂਤ ਦਾ, ਬੋਧ ਬੋਧਕ ਭਾਵ ਸੰਬੰਧ ਹੈ। ਇਸੇ ਨੂੰ ਹੀ ਸੰਬੰਧ ਅਨੁਬੰਧ ਕਹਿੰਦੇ ਹਨ। ਅਥਵਾ ਗ੍ਰੰਥ ਦਾ ਸਬੰਧ ਜਿਸ ਵਿਸ਼ੇ ਨਾਲ ਹੁੰਦਾ ਹੈ ਉਸ ਵਿਸ਼ੇ ਨਾਲ ਸੰਬੰਧ ਹੋਣ ਕਰਕੇ ਇਸ ਨੂੰ ਸੰਬੰਧ ਅਨੁਬੰਧ ਕਿਹਾ ਜਾਂਦਾ ਹੈ।

ਚੌਥਾ ਪ੍ਰਯੋਜਨ ਅਨੁਬੰਧ ਹੈ। ਅਤਿਅੰਤਕ ਦੁਖ ਦੀ ਨਵਿਰਤੀ ਭਾਵ ਸਦਾ ਲਈ ਦੁੱਖ ਦਾ ਖਤਮ ਹੋ ਜਾਣਾ ਅਤੇ ਪਰਮਾਨੰਦ ਦੀ ਪ੍ਰਾਪਤੀ, ਵੇਦਾਂਤ ਦਾ ਪਰਮ ਪ੍ਰਯੋਜਨ ਹੈ। ਸਦਾ ਲਈ ਦੁੱਖ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਸਿਰਫ ਆਤਮਾ ਦੇ ਅਨੁਭਵ ਗਿਆਨ ਨਾਲ ਹੀ ਹੋ ਸਕਦੀ ਹੈ ਹੋਰ ਕੋਈ ਸਾਧਨ ਨਹੀਂ ਹੈ, ਜਿਸ ਦੁਆਰਾ ਇਸ ਪਰਮ ਪ੍ਰਯੋਜਨ ਦੀ ਸਿੱਧੀ ਹੋ ਸਕੇ।

## ਮਹਾਂਵਾਕ ਸਰੂਪ

**ਬ੍ਰਹਮ ਅਖੰਡ ਚੈਤਨ ਕੋ ਗਯਾਨ ਜਥਾਰਥ ਜਾਨ।**

**ਜਿਸੀ ਵਾਕਯ ਤੇ ਹੋਤ ਹੈ ਮਹਾਂਵਾਕ ਸੋ ਮਾਨ।੧੦।**

ਜਿਸ ਵਾਕ ਦੁਆਰਾ ਅਖੰਡ ਚੇਤਨ ਬ੍ਰਹਮ ਦਾ ਗਿਆਨ ਹੋਵੇ ਉਸ ਵਾਕ ਨੂੰ ਮਹਾਂਵਾਕ ਕਹਿੰਦੇ ਹਨ। ਅਥਵਾ ਅਖੰਡ ਇਕ ਰਸ ਜੋ ਚੇਤਨ ਸਰੂਪ ਬ੍ਰਹਮ ਹੈ ਉਸ ਦੇ ਗਿਆਨ ਨੂੰ ਯਥਾਰਥ ਗਿਆਨ ਜਾਣੋ ਅਤੇ ਜਿਸ ਵਾਕ ਦੁਆਰਾ ਇਹ ਪ੍ਰਮਾ ਗਿਆਨ ਹੁੰਦਾ ਹੈ, ਉਸ ਨੂੰ ਮਹਾਂਵਾਕ ਮੰਨੋ।

**ਚੌਪਈ : ਪ੍ਰਗਯਾਨਮਾਨੰਦ ਬ੍ਰਹਮ ਇਹ। ਮਹਾਂਵਾਕਯ ਰਿਗਬੇਦ ਬਿਖੇ ਕਹਿ।**

ਇਹ ਜੀਵ ਆਨੰਦ ਸਰੂਪ ਬ੍ਰਹਮ ਹੈ ਇਹ ਵਾਕ ਰਿਗਵੇਦ ਵਿੱਚ ਕਿਹਾ ਗਿਆ ਹੈ।

**ਅਹੰ ਬ੍ਰਹਮਾਸਮਿ ਜੁਜਰ ਬਖਾਨੇ। ਸ਼ਾਮਵੇਦ ਤਤ੍ਵੰਮਸਿ ਮਾਨੇ।੧੧।**

ਮੈਂ ਬ੍ਰਹਮ ਹਾਂ ਇਹ ਮਹਾਂਵਾਕ ਯੁਜਰ ਵੇਦ ਵਿੱਚ ਕਿਹਾ ਗਿਆ ਹੈ। ਤਤ ਤੂੰ ਅਸਿ-ਜੀਵ, ਈਸ਼, ਬ੍ਰਹਮ ਅਭੇਦ ਪ੍ਰਤਿਪਾਦਕ ਮਹਾਂਵਾਕ ਸ਼ਾਮਵੇਦ ਵਿੱਚ ਕਿਹਾ ਗਿਆ ਹੈ। ਅਥਵਾ ਸਾਮਵੇਦ ਇਸ ਤਰ੍ਹਾਂ ਮੰਨਦਾ ਹੈ ਕਿ ਜੀਵ ਈਸ਼ਵਰ ਅਤੇ ਬ੍ਰਹਮ ਵਿੱਚ ਕੋਈ ਭੇਦ ਨਹੀਂ ਹੈ।

**ਅਯੰ ਆਤਮਾ ਬ੍ਰਹਮ ਅਥਰਬਣ। ਮਹਾਂਵਾਕਯ ਏ ਚਾਰਹੁੰ ਸ਼੍ਰੁਤ ਗਣ ।**

ਇਹ ਆਤਮਾ ਬ੍ਰਹਮ ਹੈ ਇਹ ਮਹਾਂਵਾਕ ਅਥਰਬਣ ਬੇਦ ਵਿੱਚ ਕਿਹਾ ਗਿਆ ਹੈ ਇਥੇ ਤੱਕ ਇਹ ਚਾਰੇ ਹੀ ਬੇਦਾਂ ਦੇ ਚਾਰ ਮਹਾਂਵਾਕ ਕਹੇ ਗਏ ਹਨ।

## ਚਾਰ ਮਹਾਂਵਾਕ ਭਾਵ ਅਰਥ

ਇਹਨਾਂ ਚਾਰ ਮਹਾਂਵਾਕਾਂ ਦਾ ਜਿਸ ਤਰ੍ਹਾਂ ਇਥੇ ਅੱਖਰੀ ਅਰਥ ਵਿੱਚ ਅਰਥ ਕੀਤਾ ਗਿਆ ਹੈ ਕਿ ਤਤ੍ਵੰਮਸਿ

ਜੀਵ, ਈਸ, ਬ੍ਰਹਮ, ਅਭੇਦ ਸਰੂਪ ਹਨ ਅਥਵ ਅਹੰਬ੍ਰਹਮਾਸਮਿ ਮੈਂ ਬ੍ਰਹਮ ਹਾਂ ਇਤਿਆਦਿਕ ਇਹਨਾਂ ਦਾ ਅਰਥ ਉਪਨਿਸ਼ਦਾਂ ਅੰਦਰ ਇਸ ਤਰ੍ਹਾਂ ਸਿੱਧਾ ਸਿੱਧਾ ਨਹੀਂ ਆਉਂਦਾ ਕਿ ਕਿਸੇ ਨੂੰ ਕਹਿ ਦੇਣਾ ਤੂੰ ਬ੍ਰਹਮ ਹੈ, ਇਸ ਤਰ੍ਹਾਂ ਦਾ ਭਾਵ ਉਪਨਿਸ਼ਦਾ ਦਾ ਨਹੀਂ ਹੈ। ਇਹਨਾਂ ਮਹਾਂਵਾਕਾਂ ਦੀ ਲੰਮੀ ਚੌੜੀ ਦਾਰਸ਼ਨਿਕ ਵਿਆਖਿਆ ਹੈ ਉਸ ਵਿਆਖਿਆ ਵਿੱਚ ਭਾਗ ਤਿਆਗ ਲੱਖਣਾ ਰਾਹੀਂ ਇਹਨਾਂ ਦਾ ਅਰਥ ਸਿੱਧ ਕੀਤਾ ਜਾਂਦਾ ਹੈ। ਜੇਕਰ ਇਥੇ ਵਿਸਥਾਰ ਕਰਦੇ ਹਾਂ, ਤਾਂ ਇਕ ਗ੍ਰੰਥ ਇਹਨਾਂ ਮਹਾਂਵਾਕਾ ਦੀ ਵਿਆਖਿਆ ਦਾ ਹੀ ਤਿਆਰ ਹੋ ਜਾਵੇਗਾ। ਹੁਣ ਇਹਨਾਂ ਮਹਾਂਵਾਕਾਂ ਦਾ ਸਿੱਧਾ ਸਿੱਧਾ ਭਾਵ ਕੀ ਹੈ, ਉਹ ਇਥੇ ਵਰਣਨ ਕਰਦੇ ਹਾਂ, ਕਿ ਇਹਨਾਂ ਚਾਰ ਮਹਾਂਵਾਕਾਂ ਵਿੱਚ ਜਿਸ ਆਤਮ ਗਿਆਨ ਅਵਸਥਾ ਦਾ ਜਿਕਰ ਕੀਤਾ ਗਿਆ ਹੈ। ਉਸ ਅਵਸਥਾ ਦਾ ਜਿਕਰ ਪਿਛੇ ਬ੍ਰਹਮਾਕਾਰ ਬਿਰਤੀ ਦੇ ਪ੍ਰਕਰਣ ਅੰਦਰ, ਮੋਖ ਪੰਥ ਪ੍ਰਕਾਸ਼ ਗ੍ਰੰਥ, ਦੇ ਪ੍ਰਮਾਣਾਂ ਸਹਿਤ ਕਰ ਆਏ ਹਾਂ ਲੇਕਿਨ ਫੇਰ ਵੀ ਇਥੇ ਜਗਿਆਸੂਆਂ ਦੇ ਗਿਆਨ ਲਈ ਇਹ ਦੱਸ ਦਈਏ ਕਿ ਜਦੋਂ ਇਹ ਗਿਆਨ ਹੁੰਦਾ ਹੈ ਤਾਂ ਉਸ ਸਮੇਂ ਦੇਹ ਅਭਿਮਾਨ ਨਹੀਂ ਰਹਿੰਦਾ, ਜੇਕਰ ਕੋਈ ਦੇਹ ਅਭਿਮਾਨ ਕਰਕੇ ਅਹੰ ਬ੍ਰਹਮਾਸਮਿ ਕਹੇ, ਤਾਂ ਉਸ ਨੂੰ ਅਖੰਡਾਕਾਰ ਗਿਆਨ ਨਹੀਂ ਕਿਹਾ ਜਾ ਸਕਦਾ ਅਥਵਾ ਇਕ ਰਸ ਆਤਮ ਸਰੂਪ ਦਾ ਗਿਆਨ ਨਹੀਂ ਕਿਹਾ ਜਾ ਸਕਦਾ। ਵੇਦਾਂਤ, ਦੇਹ ਅਥਵਾ ਸੰਘਾਤ ਵਿੱਚ ਅਹੰ ਭਾਵ ਨੂੰ ਸਭ ਤੋਂ ਵੱਡਾ ਬੰਧਨ ਦਾ ਕਾਰਨ ਮੰਨਦਾ ਹੈ, ਕਿ ਦੇਹ ਅਧਿਆਸ ਹੀ ਜੰਮਣ ਮਰਣ ਆਦਿ ਬੰਧਨਾਂ ਦਾ ਕਾਰਨ ਹੈ, ਐਸਾ ਵੇਦਾਂਤ ਦਾ ਸਿਧਾਂਤ ਹੈ, ਤਾਂ ਫਿਰ ਉਪਨਿਸ਼ਦਾਂ ਵਿੱਚ ਆਈ ਅਹੰ ਬ੍ਰਹਮਾਸਮਿ ਦੇ ਗਿਆਨ ਵਾਲੀ ਬ੍ਰਹਮਾਕਾਰ ਬਿਰਤੀ ਨੂੰ, ਸਰੀਰ ਅਥਵਾ ਸੰਘਾਤ ਨਾਲ, ਅਨਾਤਮ ਪਦਾਰਥ ਰੂਪ ਪ੍ਰਪੰਚ ਨਾਲ ਜੋੜ ਕੇ, ਕਿਵੇਂ ਕਿਹਾ ਜਾ ਸਕਦਾ ਹੈ, ਕਿ ਮੈਂ ਬ੍ਰਹਮ ਹੂੰ ਐਸਾ ਦੇਹ ਰੂਪ ਸੰਘਾਤ ਨੂੰ ਕਿਹਾ ਗਿਆ ਹੈ।

ਨਿਚੋੜ ਇਹ ਹੈ ਕਿ ਜਦੋਂ ਜੀਵ ਭਾਵ ਦਾ ਮੂਲ ਕਾਰਨ ਅਗਿਆਨ ਨਵਿਰਤ ਹੋ ਜਾਂਦਾ ਹੈ ਅਤੇ ਬ੍ਰਹਮਾਕਾਰ ਬਿਰਤੀ ਦੁਆਰਾ ਹਿਰਦੇ ਅੰਦਰ ਆਤਮ ਸਰੂਪ ਦਾ ਸਾਖਯਾਤਕਾਰ ਹੋ ਜਾਂਦਾ ਹੈ, ਅਹੰ ਬ੍ਰਹਮਅਸਮਿ ਉਸ ਅਨੁਭਵ ਦਾ ਨਾਮ ਹੈ, ਸਰੀਰ ਮਨ ਬੁੱਧੀ ਆਦਿਕ ਦਾ ਨਹੀਂ, ਅਤੇ ਸਾਖਯਾਤਕਾਰ ਕਰਾ ਕੇ ਇਹ ਬਿਰਤੀ ਵੀ ਉਸੇ ਸਮੇਂ ਖਤਮ ਹੋ ਜਾਂਦੀ ਹੈ। ਵਿਸਥਾਰ ਲਈ ਬ੍ਰਹਮਾਕਾਰ ਬਿਰਤੀ ਪ੍ਰਕਰਣ ਦੇਖੋ। ਇਕ ਪੱਖ ਇਸ ਗਿਆਨ ਦਾ ਇਹ ਵੀ ਹੈ ਕਿ ਇਸ ਨੂੰ ਸੁਣ ਕੇ ਕੁਝ ਲੋਕ ਉਲਟਾ ਦੇਹ ਅਭਿਮਾਨ ਵਿੱਚ ਫਸ ਜਾਂਦੇ ਹਨ ਜੋ ਕਿ ਬੰਧਨ ਦਾ ਕਾਰਨ ਹੈ ਸ਼ਾਇਦ ਇਸੇ ਕਰਕੇ ਕਵੀ ਸੰਤੋਖ ਸਿੰਘ ਜੀ ਨੇ ਅੱਗੇ ਗੁਰਮਤਿ ਦੇ ਪ੍ਰਕਰਣ ਅੰਦਰ ਕਿਹਾ ਹੈ ਕਿ

**ਯਾਂਤੇ ਰੂਖੋ ਗਿਆਨ ਨ ਭਨਯੋ ਜਹਿਂ ਕਹਿਂ ਭਨਯੋ ਭਗਤਿ ਕੇ ਸਨਯੋ**

ਇਕੱਲਾ ਆਤਮ ਗਿਆਨ ਕਵੀ ਜੀ ਨੇ ਰੁੱਖਾ ਗਿਆਨ ਕਹਿ ਕੇ ਕਥਨ ਕੀਤਾ ਹੈ ਅਤੇ ਕਿਹਾ ਹੈ ਕਿ ਗੁਰੂ ਸਾਹਿਬਾਨਾਂ ਦੁਆਰਾ ਜਿਥੇ ਵੀ ਆਤਮ ਗਿਆਨ ਦਾ ਕਥਨ ਕੀਤਾ ਗਿਆ ਹੈ ਉਹ ਭਗਤੀ ਦੇ ਸਹਿਤ ਹੀ ਕਥਨ ਕੀਤਾ ਗਿਆ ਹੈ।

**ਮਹਾਂਵਾਕ ਤੇ ਗਿਆਨ ਅਖੰਡ ਹੋਵੈ, ਅੰਤਹਕਰਨ ਜੇ ਸ਼ੁੱਧ, ਨ ਮੈਲ ਹੋਈ।**
**ਬ੍ਰਹਮ ਗਿਆਨ ਤੇ ਨਾਂਹਿ ਕਰਤੱਬਯ ਰਹਿੰਦਾ, ਰਾਜ ਕਾਜ ਮੈਂ ਹੋਤ ਕੰਗਾਲ ਕੋਈ।**

**ਨਹੀਂ ਭੇਦ ਭਰਾਂਤਿ ਦਾ ਲੇਸ ਗਿਆਨੀ, ਜਾਤਿ ਪਾਤਿ ਜੋ ਮਾਤ ਨਾ ਜਾਣ ਲੋਈ।**

**ਹਰਖ ਸੋਗ ਨ ਲਾਭ ਅਲਾਭ ਕਰਕੇ, ਗਯਾਨਵਾਨ ਪਰਵਿਰਤ ਨਿਰਵਿਰਤ ਸੋਈ।**

**(ਗ੍ਰੰਥ ਮਤ ਸੰਗ੍ਰਹਿ ਸੰਤ ਸੰਗਤ ਸਿੰਘ ਜੀ ਨਿਰਮਲੇ)**

**ਇਹ ਚਾਰੋਂ ਹੀ ਜਪੁਜੀ ਬਿਖੇ । ਸ਼੍ਰੀ ਨਾਨਕ ਜੀ ਕਹਿ ਕਰਿ ਲਿਖੇ ।੧੨।**

ਇਹ ਚਾਰ ਹੀ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਵਾਰ ਕਹਿ ਕੇ ਲਿਖੇ ਹਨ ਅਥਵਾ ਜਿਸ ਪ੍ਰਕਾਰ ਇਹ ਮਹਾਂਵਾਕ ਬੇਦਾਂ ਵਿੱਚ ਕਥਨ ਕੀਤੇ ਮਿਲਦੇ ਹਨ । ਉਸੇ ਤਰ੍ਹਾਂ ਹੀ ਜਗਿਆਸੂਆਂ ਨੂੰ ਆਤਮ ਸਾਖਯਾਤਕਾਰ ਦੀ ਅਵਸਥਾ ਦੇਣ ਵਾਲੇ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਸ੍ਰੀ ਜਪੁਜੀ ਸਾਹਿਬ ਵਿੱਚ ਉਚਾਰ ਕੇ ਲਿਖੇ ਹਨ।

**ਤੂੰ ਸਦਾ ਸਲਾਮਤ ਨਿਰੰਕਾਰ। ਚਾਰ ਬਾਰ ਤੁਕ ਕਰੀ ਉਚਾਰ।**

ਇਹ ਆਤਮ ਸਾਖਯਾਤਕਾਰ ਬੋਧਕ ਤੁਕ ਚਾਰ ਬਾਰ ਉਚਾਰਨ ਕੀਤੀ ਹੈ।

**ਸ਼੍ਰਵਣ ਮਨਨ ਇਹ ਪੂਰਬ ਲਹਯੋ। ਪੰਚ ਪ੍ਰਵਾਣ ਨਿਧਿਜਾਸਣ ਕਹਯੋ ।੧੩।**

ਸ੍ਰਵਣ ਅਤੇ ਮੰਨਣ ਇਹ ਪਹਿਲਾਂ ਕਿਹਾ ਹੈ, ਫਿਰ ਪੰਚ ਪ੍ਰਵਾਣ ਵਾਲੀ ਪਉੜੀ ਵਿੱਚ ਨਿਧਿਆਸਣ ਦਾ ਸਰੂਪ ਕਿਹਾ ਹੈ।

**ਸਾਖਯਾਤ ਪਰ ਏ ਤੁਕ ਚਾਰ। ਚਾਰਹੁੰ ਮਹਾਂਵਾਕ ਨਿਰਧਾਰ ।**

ਇਹ ਚਾਰੇ ਤੁਕਾਂ ਅਭੇਦ ਗਿਆਨ ਉੱਤੇ ਕਹੀਆਂ ਹਨ, ਇਹਨਾਂ ਚਾਰਾਂ ਨੂੰ ਹੀ ਚਾਰ ਮਹਾਂਵਾਕ ਨਿਸਚੇ ਕਰਕੇ ਜਾਣ ਲਉ।

**ਪੁਨ ਸ਼੍ਰੀ ਅਰਜਨ ਤੁਕੈਂ ਬਨਾਈ। ਮਹਾਂਵਾਕ ਜਿਸ ਬਿਖੈ ਲਖਾਈ।੧੪।**

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਪੰਕਤੀਆਂ ਉਚਾਰਨ ਕੀਤੀਆਂ ਹਨ। ਜਿਨਾਂ ਵਿੱਚ ਮਹਾਂਵਾਕਾਂ ਨੂੰ ਜਣਾਇਆ ਹੈ। ਮਹਾਂਵਾਕ ਤੋਂ ਭਾਵ ਹੈ ਉਹ ਮਹਾਨ ਵਾਕ, ਜਿਸ ਦੁਆਰਾ ਪ੍ਰਮਾਤਮਾ ਦਾ ਗਿਆਨ ਹਿਰਦੇ ਵਿੱਚ ਪ੍ਰਤੱਖ ਹੁੰਦਾ ਹੋਵੇ।

**ਸਰਗੁਣ ਨਿਰਗੁਣ ਥਾਪੈ ਨਾਉ॥ ਦੁਹਮਿਲਿ ਏਕੈ ਕੀਨੋ ਥਾਉ॥**

**ਨਿਰਗੁਨ ਆਪਿ ਸਰਗੁਨ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ॥**

**ਮੈਂ ਨਾਹੀ ਪ੍ਰਭ ਸਭ ਕਿਛ ਤੇਰਾ॥ ਈਘੈ ਨਿਰਗੁਣ ਊਘੇ ਸਰਗੁਣ ਕੇਲ ਕਰਤ ਬਿਚਿ ਸੁਆਮੀ ਮੇਰਾ॥**

**ਚੌਪਈ: ਪੁਨ ਇਕਤਾ ਜਪੁਜੀ ਮਹਿੰ ਕਹੀ॥ ਸੋ ਮੈਂ ਕਰਉਂ ਸੁਨਾਵਨ ਸਹੀ॥**

**ਜੀਵ ਈਸ਼ ਇੱਕ ਬ੍ਰਹਮ ਸਰੂਪ, ਸਭਿ ਬਿਧਿ ਕੀਨ ਅਭੇਦ ਅਨੂਪ॥੧੫॥**

ਫਿਰ ਏਕਤਾ ਜਪੁਜੀ ਸਾਹਿਬ ਵਿੱਚ ਕਹੀ ਹੈ।ਉਸ ਨੂੰ ਮੈਂ ਸਹੀ ਤਰੀਕੇ ਨਾਲ ਸੁਣਾਉਂਦਾ ਹਾਂ। ਅਥਵਾ ਜਿਸ ਪ੍ਰਕਾਰ ਜਪੁਜੀ ਸਾਹਿਬ ਵਿੱਚ ਏਕਤਾ ਕਹੀ ਹੈ ਉਹ ਮੈਂ ਦੱਸਦਾ ਹਾਂ। ਜੀਵ ਅਤੇ ਈਸ਼ਵਰ ਅਭੇਦ ਅਵਸਥਾ ਵਿੱਚ ਇਕ ਸਰੂਪ

ਹੀ ਹਨ, ਭਾਵ ਬ੍ਰਹਮ ਸਰੂਪ ਹੀ ਹਨ। ਸਾਰੀਆਂ ਵਿਧੀਆਂ ਦੁਆਰਾ ਇਕ ਅਭੇਦ ਅਵਸਥਾ ਦਾ ਹੀ ਵਰਨਣ ਕੀਤਾ ਗਿਆ ਹੈ ਜੋ ਕਿ ਉਪਮਾਂ ਤੋਂ ਰਹਿਤ ਹੈ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥**

**ਚੌਪਈ : ਸਦਾ ਸਲਾਮਤਿ ਤੱਤ ਪਦ ਜਾਨ। ਤੂੰ ਤੇ ਪੂਰਬ ਅੰਨ੍ਵੈ ਠਾਨ।**

**ਤਤ ਤੂੰ ਦੋਨਹੁੰ ਹੈ ਨਿਰੰਕਾਰ । ਸਤ ਚੇਤਨ ਅਨੰਦ ਇਕ ਸਾਰ।੧੬।**

ਸਦਾ ਸਲਾਮਤ ਸ਼ਬਦ ਨੂੰ ਤਤ ਪਦ ਭਾਵ ਈਸ਼੍ਵਰ ਦਾ ਵਾਚਕ ਜਾਣ ਲਓ। ਤੂੰ ਸ਼ਬਦ ਦਾ ਅੰਨਵੈਂ ਕਰਕੇ ਪਹਿਲਾਂ ਤਤ ਪਦ ਲਾ ਲਓ, ਫਿਰ ਤੂੰ ਪਦ ਨਾਲ ਮਿਲਕੇ ਦੋਨੋਂ ਨਿਰੰਕਾਰ ਦਾ ਹੀ ਸਰੂਪ ਹਨ ਅਤੇ ਨਿਰੰਕਾਰ, ਸਤ ਚੇਤਨ ਅਨੰਦ ਸਰੂਪ ਦੋਵਾਂ ਵਿੱਚ ਇਕ ਰਸ ਵਿਆਪਕ ਹੈ। ਜੀਵ ਈਸ ਦੋਨਾਂ ਦੀਆਂ ਉਪਾਧੀਆਂ ਦਾ ਤਿਆਗ ਕਰਕੇ ਜੋ ਬਾਕੀ ਬਚਿਆ ਚੇਤਨ ਅੰਸ਼ ਹੈ ਉਹ ਦੋਨਾਂ ਵਿੱਚ ਇਕਸਾਰ ਭਾਵ ਬਰਾਬਰ ਹੈ।

**ਨਿਰਗੁਨ ਜੀਵ ਰੁ ਈਸ਼ਰ ਸਗੁਨਾ। ਚੇਤਨ ਕਲਾ ਦੁਹਨ ਸਮ, ਭਨਾ।**

ਨਿਰਗੁਣ ਜੋ ਬ੍ਰਹਮ ਹੈ ਉਹ ਹੀ ਸਰਗੁਣ ਹੋ ਕੇ ਜੀਵ ਈਸ਼ ਰੂਪ ਹੈ, ਨਾਮ ਰੂਪ ਉਪਾਧੀ ਕਰਕੇ ਜੀਵ ਈਸ਼ ਰੂਪ ਹੈ। ਚੇਤਨ ਅੰਸ਼ ਦੋਨਾਂ ਵਿੱਚ ਬਰਾਬਰ ਹੀ ਹੈ ਅਥਵਾ ਚੇਤਨ ਸੱਤਾ ਦੋਨਾਂ ਵਿੱਚ ਬਰਾਬਰ ਹੈ।

**ਨਦੀ ਈਸ਼ ਵਾਹਾ ਲਖਿ ਜੀਵ। ਪਰੇ ਸਮੁੰਦ੍ਰ ਰੂਪ ਜਲ ਥੀਵ।੧੭।**

ਨਾਮ ਰੂਪ ਉਪਾਧੀ ਕਰਕੇ ਈਸ਼ਵਰ ਨੂੰ ਨਦੀ ਰੂਪ ਜਾਣ ਲਉ ਅਤੇ ਜੀਵ ਨੂੰ ਨਾਲਾ ਰੂਪ ਜਾਣ ਲਉ। ਸਮੁੰਦਰ ਵਿੱਚ ਮਿਲ ਕੇ ਜਿਵੇਂ ਨਦੀਆਂ ਅਤੇ ਨਾਲੇ ਜਲ ਸਰੂਪ ਹੀ ਹੋ ਜਾਂਦੇ ਹਨ ਉਸੇ ਤਰ੍ਹਾਂ ਬ੍ਰਹਮ ਵਿੱਚ ਮਿਲਕੇ ਜੀਵ ਈਸ਼ ਆਦਿਕ ਜੋ ਉਪਾਧੀ ਹੈ ਉਹ ਮਿਟ ਜਾਂਦੀ ਹੈ ਬ੍ਰਹਮ ਸਰੂਪ ਹੀ ਬਾਕੀ ਰਹਿ ਜਾਂਦਾ ਹੈ ।

**ਇੱਤਜਾਦਿਕ ਲਿਹੁ ਇਹੋ ਅਰਥ ਵਿਚਾਰ। ਵਧੈ ਗ੍ਰੰਥ ਜਿ ਕਰਹੁੰ ਵਿਸਥਾਰ।**

**ਸੂਖਮ ਬਿਧਿ ਮੈਂ ਸਕਲ ਜਨਾਈ। ਮਹਾਂਵਾਕ ਇਮ ਦਏ ਦਿਖਾਈ ।੧੮।**

ਇਸ ਪ੍ਰਕਾਰ ਅਰਥਾਂ ਦੀ ਵਿਚਾਰ ਕਰ ਲਵੋ। ਇਸ ਵਿਸ਼ੇ ਪ੍ਰਥਾਇ ਬਰੀਕੀ ਨਾਲ ਮੈਂ ਸਾਰੀ ਵਿਧੀ ਦੱਸ ਦਿੱਤੀ ਹੈ। ਗੁਰੂ ਸਾਹਿਬ ਜੀ ਦੇ ਕਹੇ ਮਹਾਂਵਾਕ ਵੀ ਇੱਥੇ ਦਿਖਾ ਦਿੱਤੇ ਹਨ ਲੇਕਿਨ ਜੇਕਰ ਵਿਸਥਾਰ ਕਰਦੇ ਹਾਂ ਤਾਂ ਗ੍ਰੰਥ ਬਹੁਤ ਵਧ ਜਾਵੇਗਾ।

**ਸ਼੍ਰੀ ਗ੍ਰੰਥ ਸਾਹਿਬ ਮਹਿਂ ਔਰ। ਏਕ ਅਭੇਦ ਕਹਜੋ ਬਹੁ ਠੌਰ।**

**ਸੁਮਤਿ ਵੰਤਿ ਜੇ ਅਰਥ ਬਿਚਾਰਹਿਂ। ਮਹਾਂਵਾਕ ਇਸ ਬਿਧਿ ਨਿਰਧਾਰਹਿਂ ।੧੯।**

ਇਸ ਤੋਂ ਬਿਨਾਂ ਹੋਰ ਵੀ ਅਨੇਕ ਥਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਇੱਕ ਪ੍ਰਮਾਤਮਾ ਨਾਲ ਅਭੇਦ ਕਰਨ ਵਾਲੇ ਅਥਵਾ ਅਭੇਦ ਗਿਆਨ ਦੇਣ ਵਾਲੇ ਵਾਕ ਕਹੇ ਗਏ ਹਨ। ਸੂਖਮ ਬੁੱਧੀ ਵਾਲੇ ਗੁਰਮੁਖ ਜਦੋਂ ਅਰਥਾਂ ਦੀ

ਵਿਚਾਰ ਕਰਦੇ ਹਨ ਤਾਂ ਐਸੇ ਵਾਕਾਂ ਨੂੰ ਜੋ ਸਿੱਖ ਨੂੰ ਪ੍ਰਮਾਤਮਾ ਵਿੱਚ ਲੀਨ ਕਰਨ ਵਾਲੇ ਹਨ, ਗੁਰੂ ਸਾਹਿਬਾਨ ਦੇ ਮਹਾਂਵਾਕ ਹੀ ਮੰਨਦੇ ਹਨ। ਅਥਵਾ ਆਤਮ ਗਿਆਨ ਦੇਣ ਵਾਲੇ, ਮਹਾਂਵਾਕ ਹਨ ਇਹ ਹੀ ਨਿਰਣਾ ਕਰਦੇ ਹਨ।

## ਪ੍ਰਕ੍ਰਿਤਿਵਾਕ

**ਸ੍ਵੈਯਾ ਛੰਦ : ਨਹਿੰ ਬਿਨਾਸ਼ ਸੁਖ ਦੁਖ ਧ੍ਰਮਵੰਤ ਨ । ਸਾਧਕ ਨਹੀਂ ਮਮੁੱਖ ਨ ਕੋਇ।**

ਸੁਖੋਪਤੀ ਅਵਸਥਾ ਵਿੱਚ ਅੰਤਸ਼ਕਰਣ ਆਪਣੇ ਕਾਰਣ ਅਗਿਆਨ ਵਿੱਚ ਲੈ ਹੋ ਜਾਂਦਾ ਹੈ ਇਸ ਕਰਕੇ ਨਹਿ ਬਿਨਾਸ-ਉਤਪਤੀ ਬਿਨਾਸ ਆਦਿ ਜਿਹੜਾ ਵਿਵਹਾਰ ਹੈ ਉਹ ਤ੍ਰਿਪੁਟੀ ਦੇ ਅਭਾਵ ਹੋਣ ਕਾਰਨ ਪ੍ਰਤੀਤ ਨਹੀਂ ਹੁੰਦਾ, ਸੁੱਖ ਤੇ ਦੁੱਖ ਦੇ ਧਰਮ ਨੂੰ ਧਾਰਨ ਕਰਨ ਵਾਲਾ ਵੀ ਕੋਈ ਨਹੀਂ ਰਹਿੰਦਾ ਅਤੇ ਨਾ ਕੋਈ ਸਾਧਨਾਂ ਕਰਨ ਵਾਲਾ ਸਾਧਕ ਹੀ ਰਹਿੰਦਾ ਹੈ। ਨਾ ਕੋਈ ਮੁਕਤੀ ਦੀ ਇਛਾ ਰੱਖਣ ਵਾਲਾ ਮਮੋਖੀ ਹੀ ਰਹਿੰਦਾ ਹੈ, ਭਾਵ ਸੁਖੋਪਤੀ ਵਿੱਚ ਸਾਧਕ ਸਾਧਕ ਨਹੀਂ ਰਹਿੰਦਾ, ਮਮੋਖੀ, ਮਮੋਖੀ ਨਹੀਂ ਰਹਿੰਦਾ।

**ਮੁਕਤਿ ਨਿਵਿਰਤਿ ਨ ਬਿੱਦਜਾ ਕੋਈ॥ ਲੋਕ ਅਲੋਕ ਦੇਵ ਨਹਿੰ ਹੋਇ॥**

ਇਸ ਅਵਸਥਾ ਵਿੱਚ ਮੁਕਤੀ ਦਾ ਭਾਵ ਰੱਖਣ ਵਾਲਾ ਵੀ ਨਹੀਂ ਰਹਿੰਦਾ। ਅਗਿਆਨ ਨਵਿਰਤੀ ਦੀ ਇੱਛਾ ਰੱਖਣ ਵਾਲਾ ਵੀ ਨਹੀਂ ਰਹਿੰਦਾ ਅਤੇ ਨਾਂ ਹੀ ਵਿੱਦਿਆ ਦੁਆਰਾ ਪ੍ਰਾਪਤ ਕੀਤਾ ਹੋਇਆ ਗਿਆਨ ਹੀ ਰਹਿੰਦਾ ਹੈ ਅਥਵਾ ਵਿਦਵਾਨ ਪੁਰਸ਼ ਨੂੰ ਸੁਖੋਪਤੀ ਵਿੱਚ ਵਿੱਦਿਆ ਦਾ ਅਭਾਵ ਰਹਿੰਦਾ ਹੈ। ਕਰਮ ਦੁਆਰਾ ਪ੍ਰਾਪਤ ਹੋਣ ਵਾਲੇ ਲੋਕ ਅਲੋਕ ਹੋ ਜਾਂਦੇ ਹਨ ਅਤੇ ਦੇਵ ਅਦੇਵ ਹੋ ਜਾਂਦੇ ਹਨ।

**ਬੇਦਾਬੇਦਾ ਮਾਤਾਮਾਤਾ ਪਿਤਾਪਿਤਾ ਇਮ ਲਖੀਯਹਿ ਸੋਇ।**

ਬੇਦ ਅਬੇਦ ਹੋ ਜਾਂਦੇ ਹਨ ਭਾਵ ਪੜੇ ਹੋਏ ਗ੍ਰੰਥਾਂ ਦਾ ਗਿਆਨ ਅਤੇ ਸਬੰਧ, ਸੁਖੋਪਤੀ ਵਿੱਚ ਨਹੀਂ ਰਹਿੰਦਾ, ਜਨਮ ਦੇਣ ਵਾਲੀ ਮਾਂ ਅਤੇ ਜਨਕ ਪਿਤਾ ਦੋਨਾਂ ਦੀ ਉਪਾਧੀ ਦਾ ਸੁਖੋਪਤੀ ਅਵਸਥਾ ਵਿੱਚ ਅਭਾਵ ਹੋ ਜਾਂਦਾ ਹੈ। ਇਸ ਕਰਕੇ ਮਾਤਾ ਅਮਾਤਾ ਅਤੇ ਪਿਤਾ ਅਪਿਤਾ ਹੋ ਜਾਂਦਾ ਹੈ।

**ਸੁਖਪਤਿ ਮਹਿੰ ਨਹਿ ਜੀਵ ਬ੍ਰਹਮ ਹੈ ।ਜਿਸ ਤੇ ਨਹਿੰ ਸੰਸਾਰ ਕੋ ਜੋਇ।੨੦।**

ਗੂੜ੍ਹੀ ਨੀਂਦ ਵਿੱਚ ਜੀਵ ਬ੍ਰਹਮ ਦਾ ਭੇਦ ਵੀ ਨਹੀਂ ਰਹਿੰਦਾ, ਇਸ ਪ੍ਰਕਾਰ ਅੰਤਸਕਰਣ ਦਾ ਅਭਾਵ ਹੋਣ ਕਾਰਨ ਇਹ ਜੀਵ ਸੰਸਾਰ ਦੇ ਕਿਸੇ ਵੀ ਸੰਬਧ ਨੂੰ ਗ੍ਰਹਿਣ ਨਹੀਂ ਕਰਦਾ। ਅਥਵਾ ਜਿਸ ਤਰ੍ਹਾਂ ਸੁਖੋਪਤੀ ਵਿੱਚ ਸੰਸਾਰ ਨਾਲ ਕੋਈ ਸੰਬਧ ਨਹੀਂ ਬਣਦਾ, ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਅਵਸਥਾ ਹੈ ਜਿਸ ਵਿੱਚ ਸੰਸਾਰ ਦੀ ਦ੍ਰਿਸ਼ਟੀ ਨਹੀਂ ਬਣਦੀ ਬ੍ਰਹਮ ਦ੍ਰਿਸ਼ਟੀ ਹੀ ਰਹਿੰਦੀ ਹੈ।

### ਭਾਵ ਅਰਥ

ਗੂੜ੍ਹੀ ਨੀਂਦ ਦੀ ਅਵਸਥਾ ਵਿੱਚ ਪਿਤਾ ਅਪਿਤਾ ਹੋ ਜਾਂਦਾ ਹੈ, ਜਿਹੜਾ ਪੁੱਤਰ ਦੇ ਪ੍ਰਤੀ, ਪਿਤਾ ਭਾਵ ਹੁੰਦਾ ਹੈ, ਉਹ ਕਰਮ ਰੂਪ ਨਮਿੱਤ ਕਰਕੇ ਹੁੰਦਾ ਹੈ। ਕਰਮ ਕਾਰਨ ਹੈ ਪਿਤਾ ਅਤੇ ਪੁੱਤਰ ਦੇ ਸੰਬੰਧ ਵਿੱਚ, ਭਾਵ ਪਿਤਾ ਦਾ ਪੁੱਤਰ

ਪ੍ਰਤੀ ਜੋ ਮੋਹ ਹੈ ਉਸ ਮੋਹ ਦਾ ਕਾਰਨ ਵਾਸ਼ਨਾ ਹੈ। ਵਾਸ਼ਨਾ ਰੂਪ ਸੰਸਕਾਰ ਜਦੋਂ ਜਾਗ੍ਰਤ ਅਵਸਥਾ ਵਿੱਚ ਜਾਗਦੇ ਹਨ ਤਾਂ ਉਨ੍ਹਾਂ ਤੋਂ ਰਾਗ ਦ੍ਵੈਸ਼ ਆਦਿ ਪੈਦਾ ਹੁੰਦੇ ਹਨ ਫਿਰ ਜੀਵ ਰਾਗ ਦ੍ਵੈਸ਼ ਦੇ ਅਧੀਨ ਹੋਇਆ ਕਰਮ ਕਰਦਾ ਹੈ। ਕਰਮ ਕਾਰਨ ਹੀ ਪਿਤਾ ਪੁੱਤਰ ਆਦਿ ਸੰਬੰਧ ਬਣਦੇ ਹਨ ਭਾਵ ਮਾਤਾ ਪਿਤਾ ਦੇ ਗ੍ਰਹਿਸਥ ਰੂਪ ਕਰਮ ਕਾਰਨ ਹੀ ਸੰਤਾਨ ਉਤਪੱਤੀ ਹੁੰਦੀ ਹੈ। ਇਸ ਕਰਕੇ ਕਰਮ ਨੂੰ ਪਿਤਾ ਪੁੱਤਰ ਸੰਬੰਧ ਦਾ ਕਾਰਨ ਕਿਹਾ ਗਿਆ ਹੈ। ਜਿਸ ਵੇਲੇ ਜੀਵ ਸੁਖੋਪਤੀ ਅਵਸਥਾ ਵਿੱਚ ਚਲਾ ਜਾਂਦਾ ਹੈ, ਤਾਂ ਉਸ ਵੇਲੇ ਅੰਤਸ਼ਕਰਣ ਅਗਿਆਨ ਵਿੱਚ ਵਿਲੀਨ ਹੋ ਜਾਂਦਾ ਹੈ। ਜਦੋਂ ਅੰਤਸ਼ਕਰਣ ਹੀ ਵਿਲੀਨ ਹੋ ਗਿਆ ਤਾਂ ਅੰਤਸ਼ਕਰਣ ਵਿੱਚ ਪਏ ਜੋ ਵਾਸ਼ਨਾ ਰੂਪ ਸੰਸਕਾਰ ਹਨ ਤਾਂ ਉਹ ਵੀ ਆਪਣੇ ਆਪ ਹੀ ਵਿਲੀਨ ਹੋ ਜਾਂਦੇ ਹਨ। ਹੁਣ ਜਦੋਂ ਅੰਦਰ ਪਏ ਵਾਸਨਾ ਰੂਪ ਸੰਸਕਾਰ ਹੀ ਵਿਲੀਨ ਹੋ ਗਏ, ਤਾਂ ਫਿਰ ਰਾਗ ਦ੍ਵੈਸ਼ ਆਦਿ ਕਿਵੇਂ ਪੈਦਾ ਹੋ ਸਕਦੇ ਹਨ ? ਜਦੋਂ ਰਾਗ ਦ੍ਵੈਸ਼ ਹੀ ਨਹੀਂ ਫਿਰ ਕਰਮ ਕਿਸ ਤਰ੍ਹਾਂ ਹੋਣਗੇ ? ਹੁਣ ਜਦੋਂ ਕਰਮ ਹੀ ਨਹੀਂ ਤਾਂ ਫਿਰ ਕਰਮ ਕਾਰਨ ਜੋ ਸੰਬੰਧ ਬਣਦੇ ਹਨ ਉਹ ਕਿਵੇਂ ਕਹੇ ਜਾ ਸਕਦੇ ਹਨ ? ਇਸ ਕਰਕੇ ਸੁਖੋਪਤੀ ਵਿੱਚ ਇੰਦ੍ਰਿਆਂ ਸਹਿਤ ਅੰਤਸ਼ਕਰਣ ਦਾ ਅਭਾਵ ਹੋ ਜਾਂਦਾ ਹੈ, ਅੰਤਸ਼ਕਰਣ ਦਾ ਅਭਾਵ ਹੋਣ ਕਾਰਨ ਇਹ ਅਨੁਭਵ ਨਹੀਂ ਰਹਿੰਦਾ ਕਿ ਮੈਂ ਪਿਤਾ ਹਾਂ ਉਹ ਮੇਰਾ ਪੁੱਤਰ ਹੈ। ਜਦੋਂ ਅੰਤਸ਼ਕਰਣ ਹੀ ਨਹੀਂ ਰਿਹਾ ਤਾਂ ਫਿਰ ਇਹ ਅਨੁਭਵ ਵੀ ਕਿਵੇਂ ਕਰ ਸਕਦਾ ਹੈ, ਕਿ ਮੈਂ ਪਿਤਾ ਹਾਂ ਉਹ ਮੇਰੀ ਧੀ ਹੈ ਭਾਵ ਅੰਤਸ਼ਕਰਣ ਦੇ ਲੈਯ ਹੋਣ ਨਾਲ ਅੰਤਸ਼ਕਰਣ ਵਿੱਚ ਹੋਣ ਵਾਲੀਆਂ ਸਭ ਪ੍ਰਕਾਰ ਦੀਆਂ ਪ੍ਰਤੀਤੀਆਂ ਅਥਵਾ ਬਿਰਤੀਆਂ ਵੀ ਲੈਯ ਹੋ ਜਾਂਦੀਆਂ ਹਨ। ਇਸ ਕਰਕੇ ਗੂੜ੍ਹੀ ਨੀਂਦ ਵਿੱਚ ਜਾਗ੍ਰਤ ਅਵਸਥਾ ਵਾਂਗ ਕਿਸੇ ਵੀ ਤਰ੍ਹਾਂ ਦੀ ਪ੍ਰਤੀਤੀ ਅਥਵਾ ਗਿਆਨ ਜੀਵ ਨੂੰ ਅਨੁਭਵ ਨਹੀਂ ਹੁੰਦਾ। ਪਿਤਾ ਨੂੰ ਵੀ ਇਹ ਅਨੁਭਵ ਨਹੀਂ ਰਹਿੰਦਾ ਕਿ ਮੈਂ ਕਿਸੇ ਦਾ ਪਿਤਾ ਹਾਂ, ਇਸ ਕਰਕੇ ਇਹ ਕਿਹਾ ਗਿਆ ਹੈ ਕਿ ਸੁਖੋਪਤੀ ਅਵਸਥਾ ਵਿੱਚ ਪਿਤਾ ਅਪਿਤਾ ਹੋ ਜਾਂਦਾ ਹੈ ਇਸੇ ਤਰ੍ਹਾਂ ਪੁੱਤਰ ਅਪੁੱਤਰ ਹੋ ਜਾਂਦਾ ਹੈ ਮਾਤਾ ਅਮਾਤਾ ਹੋ ਜਾਂਦੀ ਹੈ। ਮਾਂ ਨੂੰ ਵੀ ਇਹ ਅਨੁਭਵ ਨਹੀਂ ਰਹਿੰਦਾ ਕਿ ਮੈਂ ਕਿਸੇ ਦੀ ਮਾਂ ਹਾਂ, ਇਸ ਕਰਕੇ ਸੁਖੋਪਤੀ ਅਵਸਥਾ ਵਿੱਚ ਮਾਤਾ ਅਮਾਤਾ ਹੋ ਜਾਂਦੀ ਹੈ ਇਸ ਪ੍ਰਕਾਰ ਉਪਨਿਸ਼ਦਾਂ ਦੇ ਅੰਦਰ ਕਿਹਾ ਗਿਆ ਹੈ।

ਕਰਮ ਉਪਾਸ਼ਨਾ ਆਦਿ ਕਰਕੇ ਪ੍ਰਾਪਤ ਹੋਣ ਵਾਲੇ ਜੋ ਲੋਕ ਹਨ ਉਹ ਲੋਕ ਸੁਖੋਪਤੀ ਵਿੱਚ ਅਲੋਕ ਹੋ ਜਾਂਦੇ ਹਨ ਅਤੇ ਦੇਵ ਅਦੇਵ ਹੋ ਜਾਂਦੇ ਹਨ। ਭਾਵ ਕਰਮ ਫਲ ਕਰਕੇ ਜੋ ਲੋਕ ਮਿਲਿਆ ਹੈ। ਉਸ ਲੋਕ ਦਾ ਅਨੁਭਵ ਸੁਖੋਪਤੀ ਵਿੱਚ ਨਹੀ ਰਹਿੰਦਾ ਦੇਵਤੇ ਸੁਖੋਪਤੀ ਅਵਸਥਾ ਵਿੱਚ ਦੇਵ ਨਹੀਂ ਰਹਿੰਦੇ ਭਾਵ ਉਹਨਾਂ ਨੂੰ ਆਪਣੇ ਦੇਵ ਸਰੂਪ ਦਾ ਅਨੁਭਵ ਨਹੀਂ ਰਹਿੰਦਾ ਅਥਵਾ ਚੌਦਾਂ ਇੰਦ੍ਰਿਆਂ ਦੇ ਜੋ ਚੌਦਾਂ ਦੇਵਤੇ ਹਨ ਉਹ ਅਦੇਵ ਹੋ ਜਾਂਦੇ ਹਨ ਜਾਗ੍ਰਤ ਅਵਸਥਾ ਵਾਂਗ ਅਨੁਭਵ ਵਿੱਚ ਨਹੀਂ ਆਉਂਦੇ, ਜਿਵੇਂ ਨੇਤ੍ਰ ਇੰਦਰੇ ਦਾ ਦੇਵਤਾ ਸੂਰਜ ਹੈ ਸੁੱਤੇ ਪਏ ਜੀਵ ਨੂੰ ਅਨੁਭਵ ਨਹੀਂ ਹੁੰਦਾ ਅਤੇ ਆਰਾਧਯ ਆਰਾਧਕ ਭਾਵ ਨਾ ਰਹਿਣ ਕਾਰਨ ਵੀ ਦੇਵ ਅਦੇਵ ਹੋ ਜਾਂਦੇ ਹਨ।

ਸੁਖੋਪਤੀ ਵਿੱਚ ਬੇਦ ਅਬੇਦ ਹੋ ਜਾਂਦੇ ਹਨ, ਬੇਦ ਦਾ ਅਥਵਾ ਕਿਸੇ ਵੀ ਗ੍ਰੰਥ ਦਾ ਅਨੁਭਵ ਨਹੀਂ ਰਹਿੰਦਾ, ਪੜ੍ਹਨ ਲਿਖਣ ਦੀ ਅਵਸਥਾ ਵੀ ਨਹੀਂ ਰਹਿੰਦੀ, ਪੜ੍ਹੇ ਵਿਚਾਰੇ ਗ੍ਰੰਥਾਂ ਦਾ ਬੋਧ ਅਤੇ ਸਿਮਰਤੀ ਵੀ ਨਹੀਂ ਰਹਿੰਦੀ। ਜਿਸ ਦਸ਼ਾ

ਵਿੱਚ ਗ੍ਰੰਥਾਂ ਦੇ ਇਕੱਠੇ ਕੀਤੇ ਗਿਆਨ ਦਾ ਅਨੁਭਵ ਵੀ ਨਹੀਂ ਰਹਿੰਦਾ ਉਸ ਦਸ਼ਾਂ ਨੂੰ ਹੀ ਉਪਨਿਸ਼ਦਾਂ ਨੇ ਕਿਹਾ ਹੈ ਕਿ ਸੁਖੋਪਤੀ ਅਵਸਥਾ ਵਿੱਚ ਬੇਦ ਅਬੇਦ ਹੋ ਜਾਂਦੇ ਹਨ।

ਸਿਰਫ ਇਥੇ ਹੀ ਬੱਸ ਨਹੀਂ ਇਸ ਅਵਸਥਾ ਵਿੱਚ ਜੀਵ ਅਤੇ ਬ੍ਰਹਮ ਦਾ ਜੋ ਵੱਖਰਾ-ਵੱਖਰਾ ਅਨੁਭਵ ਹੁੰਦਾ ਹੈ। ਕਿ ਮੈਂ ਜੀਵ ਹਾਂ ਅਤੇ ਉਹ ਬ੍ਰਹਮ ਹੈ। ਇਹ ਦ੍ਵੈਤ ਰੂਪ ਪ੍ਰਪੰਚ ਵੀ ਅਨੁਭਵ ਵਿੱਚ ਨਹੀਂ ਆਉਂਦਾ। ਜਿਸ ਕਰਕੇ ਸੁਖੋਪਤੀ ਸਥਿਤ ਜੀਵ ਦਾ ਸੰਸਾਰ ਨਾਲ ਕੋਈ ਸੰਬੰਧ ਨਹੀਂ ਰਹਿੰਦਾ।

ਛਾਂਦੋਗਯ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਸੁਖੋਪਤੀ ਵਿੱਚ ਅੰਧਾ, ਅੰਧਾ ਨਹੀਂ ਰਹਿੰਦਾ ਭਾਵ ਦ੍ਰਿਸ਼ਟੀ ਹੀਣ ਨੂੰ ਦ੍ਰਿਸ਼ਟੀ ਹੀਣ, ਹੋਣ ਦਾ ਬੋਧ ਨਹੀਂ ਰਹਿੰਦਾ। ਰੋਗੀ, ਰੋਗੀ ਨਹੀਂ ਰਹਿੰਦਾ ਅਰਥਾਤ ਦੇਹ ਅਭਿਮਾਨ ਕਾਰਨ ਜਿਤਨੇ ਵੀ ਦਰਦ ਜਾਗ੍ਰਤ ਵਿੱਚ ਉਤਪੰਨ ਹੁੰਦੇ ਹਨ ਉਹਨਾਂ ਵਿਚੋਂ ਸੁਖੋਪਤੀ ਵਿੱਚ ਇਕ ਵੀ ਨਹੀਂ ਹੁੰਦਾ, ਰੋਗ ਦੀ ਪੀੜਾ ਵੀ ਸੁਖੋਪਤੀ ਵਿੱਚ ਰੋਗੀ ਨੂੰ ਦੁਖੀ ਨਹੀਂ ਕਰਦੀ ਇਹ ਸਭ ਦਾ ਅਨੁਭਵ ਹੀ ਹੈ। ਸੁਖੋਪਤੀ ਅਵਸਥਾ ਦੇ ਅਨੰਦ ਦਾ ਅਨੁਭਵ, ਬਿਨਾਂ ਕਿਸੇ ਪ੍ਰਕਾਰ ਦੇ ਦੇਹ ਅਭਿਮਾਨ ਦੇ ਅਤੇ ਬਾਹਰੀ ਵਿਸ਼ੇ ਦੇ, ਸਭ ਨੂੰ ਅਨੁਭਵ ਸਿੱਧ ਹੀ ਹੈ।

ਲੇਕਿਨ ਇਸ ਸੁਖੋਪਤੀ ਅਵਸਥਾ ਦੇ ਪ੍ਰਸੰਗ ਤੋਂ ਕੋਈ ਇਹ ਨਾ ਸਮਝ ਲਵੇ ਕਿ ਸੁਖੋਪਤੀ ਵਿੱਚ ਜੀਵ ਆਤਮ ਨਿਸ਼ਠ ਹੋ ਜਾਂਦਾ ਹੈ। ਇਸ ਅਵਸਥਾ ਵਿਸ਼ੇਸ਼ ਦਾ ਸੁੱਖ ਅਲਪ ਹੈ, ਵਿਆਪਕ ਨਹੀਂ। ਜਾਗ੍ਰਤ ਅਵਸਥਾ ਹੋਣ ਤੇ ਨਹੀਂ ਰਹਿੰਦਾ ਇਸ ਸੁਖ ਦਾ ਅਭਾਵ ਹੋ ਜਾਂਦਾ ਹੈ। ਇਹ ਸੁਖੋਪਤੀ ਦਾ ਦ੍ਰਿਸ਼ਟਾਂਤ, ਬ੍ਰਹਮ ਸੁਖ ਕੈਸਾ ਹੈ, ਉਸ ਦਾ ਬੋਧ ਕਰਾਉਣ ਲਈ ਸਿਰਫ ਇੱਕ ਅੰਸ਼ ਲੈ ਕੇ ਦਿੱਤਾ ਜਾਂਦਾ ਹੈ, ਕਿ ਉਸ ਸਮੇਂ ਕੁਝ ਵੀ ਦ੍ਵੈਤ ਵਰਗਾ ਨਹੀਂ ਰਹਿੰਦਾ ਅਦ੍ਵੈਤ ਵਰਗਾ ਹੋਣ ਕਰਕੇ ਅਨੰਦ ਤੋਂ ਬਿਨਾਂ ਕੁੱਝ ਵੀ ਅਨੁਭਵ ਵਿੱਚ ਨਹੀਂ ਆਉਂਦਾ।

ਜਿਵੇਂ ਕਿਸੇ ਮਹਾਤਮਾ ਕੋਲ ਜਾਕੇ ਕਿਸੇ ਜਗਿਆਸੂ ਨੇ ਪੁਛਿਆ ਹੇ ਮਹਾਰਾਜ ਬ੍ਰਹਮ ਗਿਆਨ ਵਿੱਚ ਜਾ ਕੇ ਮਹਾਪੁਰਖ ਕੀ ਅਨੁਭਵ ਕਰਦੇ ਹਨ? ਤਾਂ ਮਹਾਤਮਾ ਨੇ ਦੱਸਿਆ ਕਿ ਭਾਈ ਜਿਵੇਂ ਇਕ ਆਮ ਆਦਮੀ ਸੁਖੋਪਤੀ ਅਵਸਥਾ ਵਿੱਚ ਜਾ ਕੇ ਸੰਸਾਰ ਅਤੇ ਸੰਸਾਰ ਦੇ ਸਾਰੇ ਗਿਆਨ ਅਨੁਭਵ ਨਹੀਂ ਕਰਦਾ ਭਾਵ ਮਾਇਆ ਰਚਿਤ ਪ੍ਰਪੰਚ ਅਤੇ ਪ੍ਰਪੰਚ ਦੇ ਸਾਰੇ ਬੋਧ ਮਿਟ ਜਾਂਦੇ ਹਨ। ਉਸੇ ਤਰ੍ਹਾਂ ਆਤਮ ਗਿਆਨੀ ਪੁਰਸ਼ ਨੂੰ ਜਾਗ੍ਰਤ ਅਵਸਥਾ ਦੇ ਵਿੱਚ ਹੀ ਮਾਇਆ ਅਤੇ ਮਾਇਆ ਰਚਿਤ ਪ੍ਰਪੰਚ ਅਨੁਭਵ ਵਿੱਚ ਨਹੀਂ ਆਉਂਦਾ ਅਰਥਾਤ ਸਭ ਮਾਇਕ ਬਿਰਤੀਆਂ ਦਾ ਅਭਾਵ ਹੋ ਜਾਂਦਾ ਹੈ, ਸਿਰਫ ਇਕ ਆਤਮਾ ਹੀ ਬਾਕੀ ਰਹਿ ਜਾਂਦਾ ਹੈ। ਉਸ ਆਤਮਾ ਦਾ ਅਨੁਭਵ ਹੀ ਬ੍ਰਹਮ ਗਿਆਨੀ ਮਹਾਂਪੁਰਸ਼ ਨੂੰ ਹਰ ਸਮੇਂ ਰਹਿੰਦਾ ਹੈ। ਬ੍ਰਹਮ ਗਿਆਨੀ ਅਤੇ ਆਤਮਾ ਦਾ ਅਨੁਭਵ ਇਹ ਦੋਨੋ ਵੱਖ-ਵੱਖ ਨਹੀਂ ਹਨ ਸਿਰਫ ਕਥਨ ਮਾਤਰ ਇਸ ਤਰਾਂ ਕਿਹਾ ਜਾਂਦਾ ਹੈ, ਕਿ ਬ੍ਰਹਮ ਗਿਆਨੀ ਨੂੰ ਆਤਮਾ ਦਾ ਸਾਖਯਾਤਕਾਰ ਹੁੰਦਾ ਹੈ। ਵਾਸਤਵ ਵਿੱਚ ਬ੍ਰਹਮ ਗਿਆਨੀ ਸਰੂਪ ਹੀ ਹੁੰਦਾ ਹੈ।

**ਦੋਹਰਾ:ਇਤਿਜਾਦਿਕ ਜੇ ਵਾਕਜ ਹੈਂ ਅਰਥ ਨ ਜਿਹ ਬਿਬਚਾਰ।**
**ਵਾਕ ਪ੍ਰਕਿਰਤ ਪਛਾਨਿਯੇ ਜਿਨ ਕੋ ਇਮ ਨਿਰਧਾਰ।੨੧।**

ਜੋ ਵਾਕ ਦ੍ਵੈਤ ਦੇ ਲਖਾਇਕ ਨ ਹੋਣ ਇਸ ਤਰਾਂ ਦੇ ਜਿਹੜੇ ਵਾਕ ਹੁੰਦੇ ਹਨ ਉਹਨਾਂ ਵਾਕਾਂ ਨੂੰ ਪ੍ਰਾਕ੍ਰਿਤ ਵਾਕ ਕਹਿੰਦੇ ਹਨ ਇਸ ਪ੍ਰਕਾਰ ਨਿਰਣਾ ਕਰਕੇ ਜਾਣ ਲਉ।

## ਸਵਿਕਲਪ ਵਾਕਜ

**ਸ੍ਵੈਯਾ ਛੰਦ। ਜਿਸ ਤੇ ਭੂਤ ਭਏ ਸਭਿ ਉਤਪਤ ਪੁਨ ਜਿਸ ਤੇ ਜੀਵਤਿ ਥਿਤ ਹੋਇ।**

ਜਿਸ ਪ੍ਰਮਾਤਮਾ ਤੋਂ ਇਹ ਸਾਰੇ ਜੀਵ ਪੈਦਾ ਹੁੰਦੇ ਹਨ ਅਤੇ ਜਿਸ ਦੇ ਆਸਰੇ ਇਹ ਸਾਰੇ ਜੀਵ ਰਹੇ ਹਨ ਜਿਸ ਕਰਕੇ ਟਿਕ ਰਹੇ ਹਨ। ਅਥਵਾ ਜਿਸ ਪ੍ਰਮਾਤਮਾ ਤੋਂ ਇਹ ਸਾਰੇ ਤੱਤ ਪੈਦਾ ਹੁੰਦੇ ਹਨ ਅਤੇ ਤੱਤਾਂ ਤੋਂ ਉਤਪਤੀ ਹੋ ਕੇ ਜਿਸ ਦੇ ਆਸਰੇ ਸਾਰੇ ਜੀਵ ਜਿਉਂਦੇ ਤੇ ਟਿਕਦੇ ਹਨ।

**ਅੰਤ ਸਮੈ ਸਭ ਲੈ ਹ੍ਵੈਂ ਤਿਸ ਮਹਿੰ ਕਰ ਨਿਸ਼ਚੈ ਉਰਧਾਰਹੁ ਸੋਇ।**

ਮਹਾਂ ਪ੍ਰਲਯ ਦੇ ਸਮੇਂ ਇਹ ਸਾਰੇ ਜੀਵ ਉਸ ਪ੍ਰਮਾਤਮਾ ਵਿੱਚ ਹੀ ਲੈਯ ਹੋ ਜਾਦੇ ਹਨ। ਇਸ ਵਿਚਾਰ ਨੂੰ ਆਪਣੇ ਹਿਰਦੇ ਵਿੱਚ ਚੰਗੀ ਤਰ੍ਹਾਂ ਧਾਰਨ ਕਰ ਲਵੋ।

**ਪ੍ਰਮਾਣ: ਜਾਗ੍ਰਤਿ ਸੁਪਨ ਕੂਲ ਉਭਿਯਨਿ ਮਹਿੰ ਮਹਾਂ ਮਤਿਸ ਬਿਚਰਤਿ ਲਖਿ ਜੋਇ।**

ਸੁਖੋਪਤੀ ਰੂਪ ਨਦੀ ਹੈ, ਜਾਗ੍ਰਤ ਅਤੇ ਸੁਪਨ ਅਵਸਥਾ ਰੂਪ ਦੋ ਕਿਨਾਰੇ ਹਨ। ਇਸ ਸੁਖੋਪਤੀ ਰੂਪ ਨਦੀ ਵਿੱਚ ਮਹਾਂਮਤਸ ਭਾਵ ਜੀਵ ਰੂਪ ਮਗਰਮੱਛ ਵਿਚਰਦਾ ਹੈ ਇਸ ਤਰ੍ਹਾਂ ਜਾਣ ਲਉ। ਕਦੇ ਜਾਗ੍ਰਤ ਰੂਪ ਕਿਨਾਰੇ ਤੇ ਹੁੰਦਾ ਹੈ, ਕਦੇ ਸੁਪਨ ਰੂਪ ਕਿਨਾਰੇ ਤੇ ਹੁੰਦਾ ਹੈ, ਕਦੇ ਸੁਖੋਪਤੀ ਰੂਪ ਨਦੀ ਵਿੱਚ ਬਿਚਰਦਾ ਹੈ। ਜਿਸ ਆਤਮਾ ਦੀ ਸੱਤਾ ਕਰਕੇ ਇਹ ਜੀਵ ਤਿੰਨਾਂ ਅਵਸਥਾਵਾਂ ਵਿੱਚ ਵਿਚਰਦਾ ਹੈ।

**ਤਿਸ ਆਤਮ ਤੇ ਨਭ ਸੰ ਭੂਤੰ ਵਾਕਜ ਇਤਿਜਾਦਿ ਸਵਿਕਲਪ ਓਇ।੨੨।**

ਉਸ ਆਤਮਾਂ ਤੋਂ ਹੀ ਅਕਾਸ਼ ਆਦਿ ਸੂਖਮ ਅਤੇ ਸਥੂਲ ਤੱਤ ਪੈਦਾ ਹੁੰਦੇ ਹਨ ਉਸ ਆਤਮਾ ਦੀ ਸੱਤਾ ਕਰਕੇ ਉਤਪੱਤੀ ਸਥਿਤੀ ਪ੍ਰਲਯ ਨੂੰ ਪ੍ਰਾਪਤ ਹੁੰਦੇ ਹਨ ਐਸੇ ਜੋ ਉਤਪੱਤੀ, ਸਥਿਤੀ, ਪ੍ਰਲਯ, ਵਿਸ਼ਯਕ ਵਾਕ ਹੁੰਦੇ ਹਨ ਉਨ੍ਹਾਂ ਨੂੰ ਸਵਿਕਲਪ ਵਾਕ ਕਹਿੰਦੇ ਹਨ।

**ਭਾਵ ਅਰਥ**

ਉਤਪੱਤੀ ਸਥਿਤੀ ਅਤੇ ਪ੍ਰਲਯ ਦਾ ਗਿਆਨ ਜਿਹਨਾਂ ਵਾਕਾਂ ਦੁਆਰਾ ਹੁੰਦਾ ਹੈ ਉਹਨਾਂ ਨੂੰ ਸਵਿਕਲਪ ਵਾਕ ਕਹਿੰਦੇ ਹਨ। ਜਿਸ ਤੋਂ ਸ੍ਰਿਸਟੀ ਉਤਪੰਨ ਹੁੰਦੀ ਹੈ ਉਸੇ ਦੁਆਰਾ ਹੀ ਪਾਲਣ ਪੋਸ਼ਣ ਅਤੇ ਸੰਘਾਰ ਹੁੰਦਾ ਹੈ ਅਥਵਾ ਸ੍ਰਿਸਟੀ ਤੋਂ ਲੈ ਕੇ ਜੀਵ ਈਸਵਰ ਤੱਕ ਮਾਇਆ ਅਥਵਾ ਮਾਇਆ ਰਚਿਤ ਪ੍ਰਪੰਚ ਬਾਰੇ ਕੁਝ ਵੀ ਦੱਸਣਾ ਹੋਵੇ ਇਹ ਸਭ ਕੁੱਝ ਜਿਨਾਂ ਵਾਕਾਂ ਦੁਆਰਾ ਦੱਸਿਆ ਜਾਂਦਾ ਹੈ ਉਨਾਂ ਵਾਕਾਂ ਨੂੰ ਸਵਿਕਲਪ ਵਾਕ ਕਹਿੰਦੇ ਹਨ। ਭਾਵੇਂ ਉਹ ਇਕੱਲਾ ਜੀਵ ਦਾ ਸਰੂਪ ਦੱਸ ਰਹੇ ਹੋਣ ਜਾਂ ਈਸ਼ਵਰ ਅਥਵਾ ਪ੍ਰਪੰਚ ਆਦਿ ਦਾ ਐਸੇ ਸਮੂਹ ਵਾਕਾਂ ਨੂੰ ਸਵਿਕਲਪ ਵਾਕ ਹੀ ਕਿਹਾ ਜਾਂਦਾ ਹੈ।

# ਨਿਰਵਿਕਲਪ ਵਾਕ

**ਚੌਪਈ:- ਸਤਜੰ ਗਜਾਨ ਮਨੰਤੰ ਬ੍ਰਹਮ। ਅਯੰ ਵਿਗਜਾਨ ਰੂਪ ਬਿਨ ਭਰਮ।**

ਉਹ ਬ੍ਰਹਮ ਸਤ ਗਿਆਨ ਅਤੇ ਅਨੰਤ ਸਰੂਪ ਹੈ ਇਸ ਵਿੱਚ ਕੋਈ ਭਰਮ ਨਹੀਂ ਹੈ।

**ਪ੍ਰਾਨ ਰਿਦਜੰਤਰ ਜੋਤੀ ਜੋਇ।ਨਿਰਵਿਕਲਪ ਵਾਕਜ ਅਸ ਹੋਇ।੨੩।**

ਪ੍ਰਾਣਾਂ ਅਤੇ ਹਿਰਦੇ ਅੰਦਰ ਜੋ ਜੋਤੀ ਪ੍ਰਕਾਸ਼ਮਾਨ ਹੋ ਰਹੀ ਹੈ ਐਸੀ ਪਰਮ ਜੋਤ ਦਾ ਅਭੇਦ ਗਿਆਨ ਦੇਣ ਵਾਲੇ ਜੋ ਵਾਕ ਹੁੰਦੇ ਹਨ ਉਹਨਾ ਨੂੰ ਨਿਰਵਿਕਲਪ ਵਾਕ ਕਿਹਾ ਜਾਂਦਾ ਹੈ।

**ਦੋਹਰਾ : ਨਿਰਵਿਕਲਪ ਆਦਿਕ ਲਖੋ ਮਹਾਂਵਾਕਜ ਤੇ ਆਨ।**

**ਵਾਕ ਅਵਾਂਤਰ ਜਾਨ ਸਭਿ ਜੈਸੇ ਕਰੇ ਬਖਾਨ।੨੪।**

**ਅਰਥ :** ਮਹਾਂਵਾਕਾਂ ਤੋਂ ਬਿਨਾਂ ਨਿਰਵਿਕਲਪ ਆਦਿ ਜਿਤਨੇ ਵੀ ਵਾਕ ਹਨ। ਇਹਨਾਂ ਨੂੰ ਅਵਾਂਤਰ ਵਾਕ ਜਾਣ ਲਉ । ਜਿਵੇਂ ਇਹ ਕਥਨ ਕੀਤੇ ਹਨ ਇਸ ਤਰਾਂ ਕਥਨ ਕੀਤੇ ਵਾਕਾਂ ਨੂੰ ਅਵਾਂਤਰ ਵਾਕ ਕਹਿੰਦੇ ਹਨ।

**ਭਾਵ ਅਰਥ**

ਜਿਹਨਾਂ ਵਾਕਾਂ ਦੁਆਰਾ ਜੀਵ ਅਤੇ ਬ੍ਰਹਮ ਦੇ ਅਭੇਦ ਦਾ ਪ੍ਰਤਿਪਾਦਨ ਕੀਤਾ ਜਾਂਦਾ ਹੈ, ਉਹਨਾਂ ਵਾਕਾਂ ਨੂੰ ਨਿਰਵਿਕਲਪ ਵਾਕ ਕਿਹਾ ਜਾਂਦਾ ਹੈ ਅਥਵਾ ਜੀਵ ਨੂੰ ਬ੍ਰਹਮ ਦੇ ਸਰੂਪ ਦਾ ਗਿਆਨ ਦੇਣ ਵਾਲੇ ਜੋ ਵਾਕ ਹੁੰਦੇ ਹਨ ਉਹਨਾ ਨੂੰ ਨਿਰਵਿਕਲਪ ਵਾਕ ਕਿਹਾ ਜਾਂਦਾ ਹੈ। ਵਿਕਲਪ ਜਗਤ ਹੈ ਅਤੇ ਨਿਰਵਿਕਲਪ ਬ੍ਰਹਮ ਹੈ, ਵਿਕਲਪ ਦੇ ਵਿੱਚ ਰਹਿੰਦਿਆਂ ਨਿਰਵਿਕਲਪ ਦਾ ਗਿਆਨ ਬਿਨਾਂ ਨਿਰਵਿਕਲਪ ਵਾਕਾਂ ਤੋਂ ਭਾਵ ਨਿਰਵਿਕਲਪ ਦਾ ਗਿਆਨ ਦੇਣ ਵਾਲੇ ਵਾਕਾਂ ਤੋਂ ਨਹੀਂ ਹੋ ਸਕਦਾ ਹੈ। ਇਸ ਕਰਕੇ ਜਿਹੜੇ ਵਾਕ ਸੰਸਾਰ ਤੋਂ ਪਾਰ ਦਾ ਗਿਆਨ ਦਿੰਦੇ ਹਨ ਅਥਵਾ ਬੈਖਰੀ ਬਾਣੀ ਦੁਆਰਾ ਪਰਾ ਦਾ ਗਿਆਨ ਦਿੰਦੇ ਹਨ ਉਨਾਂ ਵਾਕਾਂ ਨੂੰ ਨਿਰਵਿਕਲਪ ਵਾਕ ਕਿਹਾ ਜਾਂਦਾ ਹੈ।

# ਕਰਮ ਕਾਂਡ

ਵੇਦਾਂਤ ਮਤ ਵਿੱਚ ਕਰਮ ਕਾਂਡ ਕਿਸ ਨੂੰ ਕਹਿੰਦੇ ਹਨ ? ਉਹ ਇਥੇ ਦੱਸਣ ਲੱਗੇ ਹਨ।

**ਦੋਹਰਾ: ਕਾਮਜਕ ਕਰਮ ਨਿਖਿੱਧ ਬਿਨ ਨਿੱਤ ਨਮਿੱਤ ਜਿ ਦੋਇ।**

**ਕਰਮ ਪ੍ਰਾਯਸ਼ਚਿਤ ਤੀਨ ਗਿਨ ਕਰਮ ਕਾਂਡ ਇਹ ਹੋਇ।੨੫।**

ਕਿਸੇ ਇੱਛਾ ਦੀ ਪੂਰਤੀ ਲਈ ਕੀਤੇ ਜਾਣ ਵਾਲੇ ਕਰਮਾਂ ਨੂੰ ਕਾਮਯਕ ਕਰਮ ਕਹਿੰਦੇ ਹਨ। ਨਖਿਧ-ਪਾਪ ਕਰਮ ਅਤੇ ਇਹਨਾਂ ਦੋਨਾਂ ਕਰਮਾਂ ਤੋਂ ਬਿਨਾਂ, ਨਿਤ ਕਰਮ ਅਤੇ ਨਮਿਤ ਕਰਮ ਜੋ, ਦੋ ਹਨ ਭਾਵ ਕਾਮਯ ਕਰਮ ਤੇ ਨਖਿਧ ਕਰਮ ਤੇ ਬਿਨਾਂ ਨਿਤ ਕਰਮ ਅਤੇ ਨਮਿਤ ਨੂੰ ਦੂਸਰੇ ਕਰਮ ਵਿੱਚ ਜਾਣ ਲਉ। ਤੀਸਰਾ ਪ੍ਰਾਸਚਿਤ ਗਿਣ ਲਓ, ਇਹਨਾਂ ਦੇ ਸਮੂਹ ਨੂੰ ਕਰਮ ਕਾਂਡ ਕਹਿੰਦੇ ਹਨ।

**ਸ੍ਵੈਯਾ ਛੰਦ- ਨਿੱਤਜ ਕਰਮ ਸੰਧਜਾ ਬੰਦਨਾਦਿਕ, ਸੁਤ ਜਨਮਾਦਿ ਨਮਿੱਤਜਕ ਜਾਨ।**

ਸੰਧਯਾ ਬੰਦਨਾ ਆਦਿਕ ਨਿਤ ਕਰਮ ਹਨ: ਪੁੱਤਰ ਪ੍ਰਾਪਤੀ ਆਦਿਕ ਲਈ ਕੀਤੇ ਜਾਣ ਵਾਲੇ ਨਮਿਤ ਕਰਮ ਕਹੇ ਜਾਂਦੇ ਹਨ ਅਥਵਾ ਮਨੋਕਾਮਨਾ ਦੀ ਪੂਰਤੀ ਲਈ ਕੀਤੇ ਜਾਣ ਵਾਲੇ ਕਰਮਾਂ ਨੂੰ ਨਮਿਤ ਕਰਮ ਕਹਿੰਦੇ ਹਨ।

**ਪ੍ਰਾਯਸ਼ਚਿਤ ਕ੍ਰਿਛ ਚੰਦ੍ਰਾਯਨ ਆਦਿਕ ਕਲਮਲ ਛੈ ਸਾਧਨ ਪਹਿਚਾਨ।**

ਪਾਪ ਕਰਮਾਂ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਕੀਤੇ ਜਾਣ ਵਾਲੇ ਜੋ ਸਾਧਨ ਹਨ ਕ੍ਰਿਸ਼ ਚੰਦ੍ਰਾਯਣ ਆਦਿਕ ਉਹਨਾਂ ਨੂੰ ਪ੍ਰਾਸ਼ਚਿਤ ਕਰਮ ਪਹਿਚਾਣੋ।

**ਅਗਨੀ ਜੋਤਿਸ਼ਟੋਮਾਦਿਕ ਜੇ ਕਾਮਕ ਐਸੇ ਬੇਦ ਬਖਾਨ।**

ਅਗਨੀ ਹੋਤ੍ਰੀ ਜੋਤਿਸ਼ ਆਦਿਕ ਦੁਆਰਾ ਦੱਸੇ ਭਾਵ ਕਿਸੇ ਕਾਮਨਾਂ ਦੀ ਪੂਰਤੀ ਲਈ ਜੋ ਕਰਮ ਹਨ ਉਹਨਾਂ ਨੂੰ ਬੇਦਾਂ ਨੇ ਕਾਮਕ ਕਰਮ ਕਿਹਾ ਹੈ।

**ਹਨਨਿ ਬ੍ਰਹਮਾਦਿਕ ਇਹ ਨਖਿੱਧ ਹੈ ਕਰਮ ਪੰਚ ਏ ਜਾਨ ਸੁਜਾਨ।੨੬।**

ਬ੍ਰਾਹਮਣ ਆਦਿਕਾਂ ਨੂੰ ਮਾਰਨਾਂ ਅਥਵਾ ਕਿਸੇ ਵੀ ਜੀਵ ਨੂੰ ਮਾਰ ਦੇਣਾ ਇਹ ਨਖਿਧ ਕਰਮ ਹਨ। ਹੇ ਸ੍ਰੇਸ਼ਟ ਪੁਰਸ਼ੋ ਇਹ ਪੰਜ ਭੇਦ ਕਰਮ ਕਾਂਡ ਦੇ ਜਾਣੋ।

**ਦੋਹਰਾ:- ਕਿੰਵਾ ਚਾਰਹੁੰ ਵਰਣ ਕੋ ਆਸ਼੍ਰਮ ਧਰਮ ਜਿਤੇਕ।**

**ਕਰਮ ਕਾਂਡ ਸੋ ਜਾਨੀਯਹਿ ਭਾਖਤਿ ਸੁਮਤਿ ਬਿਬੇਕ।੨੭।**

ਕਿੰਵਾ-ਅਥਵਾ ਸਨਾਤਨ ਮੱਤ ਅਨੁਸਾਰ ਜੋ ਚਾਰ ਵਰਣ ਹਨ ਅਤੇ ਉਹਨਾਂ ਦੇ ਜਿੰਨੇ ਵੀ ਧਰਮ ਹਨ। ਉਹਨਾਂ ਨੂੰ ਕਰਮ ਕਾਂਡ ਕਹਿੰਦੇ ਹਨ। ਸਿਮ੍ਰਿਤੀਆਂ ਵਿੱਚ ਰਿਸ਼ੀ ਮੁਨੀ ਇਸ ਤਰਾਂ ਕਥਨ ਕਰਦੇ ਹਨ।

ਹੁਣ ਵੇਦਾਂਤ ਮੱਤ ਅਨੁਸਾਰ ਉਪਾਸਨਾ ਦਾ ਸਰੂਪ ਕਥਨ ਕਰਦੇ ਹਨ।

## ਉਪਾਸਨਾ

**ਸ੍ਵੈਯਾ ਛੰਦ॥ ਤ੍ਰਿਗੁਣ ਰੂਪ: ਬਿਧਿ, ਬਿਸ਼ਨ, ਰੁਦ੍ਰ ਜੋ, ਬ੍ਰਹਮਾਤਮ ਲਖਿ ਚਿਤਵਨ ਤੀਨ।**

ਤਿੰਨ ਗੁਣ ਰੂਪ ਭਾਵ ਸਤੋ, ਰਜੋ, ਤਮੋ ਗੁਣ ਰੂਪ ਅਥਵਾ ਬ੍ਰਹਮਾ, ਬਿਸ਼ਨੂੰ ਤੇ ਸ਼ਿਵ ਜੋ ਹਨ। ਬ੍ਰਹਮ ਆਤਮਾ ਜੋ ਇਹਨਾਂ ਤਿੰਨਾ ਦਾ ਅਧਿਸ਼ਠਾਨ ਆਦਿ ਰੂਪ ਹੈ। ਵੇਦਾਂਤ ਮਤ ਅਨੁਸਾਰ ਉਸ ਬ੍ਰਹਮ ਆਤਮਾ ਨੂੰ ਹੀ ਤਿੰਨ ਗੁਣ ਰੂਪ ਜਾਣ ਕੇ ਚੇਤੇ ਕਰਨਾ ਇਹ ਉਪਾਸ਼ਨਾ ਹੈ।

**ਅਬਿਜਾਕ੍ਰਿਤ ਕਿ ਵੈਸ਼੍ਵਾਨਰ ਕੋ ਹਿਰਣਗਰਭ ਆਤਮ ਚਿਤ ਚੀਨ।**

ਅੱਬਿਆਕ੍ਰਿਤ, ਵੈਸ਼ਵਾਨਰ, ਹਿਰਣਗਰਭ ਇਹ ਤਿੰਨੇ ਈਸ਼ਰ ਦੇ ਸ਼ਰੀਰ ਹਨ। ਇਹਨਾਂ ਨੂੰ ਚੇਤਨ ਆਤਮਾ ਜਾਣ ਕੇ ਚਿੰਤਨ ਕਰਨਾ।

**ਚਿਤਵਹਿ ਏਕ ਆਤਮਾ ਇਨ ਪ੍ਰਤਿ, ਕਿਧੌਂ ਉਪਾਸਹਿ ਸਗੁਣ ਪ੍ਰਬੀਨ।**

ਇਹਨਾਂ ਪ੍ਰਤੀ ਇਕ ਆਤਮ ਭਾਵ ਧਾਰਨ ਕਰੇ ਜਾਂ ਸਰਗੁਣ ਦੀ ਉਪਾਸ਼ਨਾ ਕਰੇ।

**ਅਹੰ ਬ੍ਰਹਮਾਸਮਿ ਚਿਤੰਨ ਕਿੰਵਾ, ਨ੍ਰਿਗੁਣ ਉਪਾਸ ਭਾਵ ਇਕ ਭੀਨ।੨੮।**

ਮੈਂ ਬ੍ਰਹਮ ਸਰੂਪ ਦਾ ਐਸਾ ਚਿੰਤਨ ਕਰੇ ਅਥਵਾ ਇਕ ਭਾਵ ਵਿੱਚ ਭਿੱਜ ਕੇ ਇਕ ਰਸ ਨਿਰਗੁਣ ਦੀ ਉਪਾਸ਼ਨਾ ਕਰੇ।

## ਅਥ ਪੱਖਜਾਂਤਰ

**ਸ੍ਵੈਯਾ ਛੰਦ: ਅਕਾਰ, ਉਕਾਰ, ਮਕਾਰ, ਨਾਦਵਿੰਦ, ਬਿਧਿ, ਹਰਿ, ਸ਼ਿਵ ਕਿ ਸਦਾਸ਼ਿਵ ਜਾਨ।**

ਅਕਾਰ ਤੋਂ ਭਾਵ ਬ੍ਰਹਮਾ, ਉਕਾਰ ਤੋਂ ਭਾਵ ਬਿਸਨੂੰ, ਮਕਾਰ ਤੋਂ ਭਾਵ ਸਿਵ ਅਤੇ ਅਰਧ ਮਾਤਰਾ ਤੋਂ ਭਾਵ ਸਦਾ ਸ਼ਿਵ ਭਾਵ ਪ੍ਰਮਾਤਮਾ ਜਾਣ ਕੇ ਉਪਾਸ਼ਨਾ ਕਰੇ।

**ਛਿਤ, ਅਪ, ਤੇਜ, ਵਾਯੁ, ਨਭ, ਰਵਿ ਸਸਿ, ਪੁਰਖ ਸ ਏਤਤ ਆਤਮ ਮਾਨ।**

ਧਰਤੀ, ਪਾਣੀ, ਅੱਗ, ਹਵਾ, ਅਕਾਸ਼, ਸੂਰਜ, ਚੰਦਰਮਾ, ਪੁਰਖ ਅਤੇ ਵੈਰਾਟ ਇਹਨਾਂ ਸਾਰਿਆਂ ਨੂੰ ਆਤਮਾ ਮੰਨ ਕੇ ਉਪਾਸ਼ਨਾ ਕਰੇ।

**ਇਕ ਉਪਾਸਜ ਅਰੁ ਕਰਿ ਉਪਾਸਨਾ, ਬ੍ਰਹਮ ਆਤਮਾ ਏਕ ਸਮਾਨ।**

ਇਕ ਉਪਾਸਯ ਹੈ ਅਤੇ ਇਕ ਉਪਾਸ਼ਨਾ ਕਰਨ ਵਾਲਾ ਹੈ। ਬ੍ਰਹਮ ਆਤਮਾ ਜੋ ਹੈ ਉਹ ਇਕ ਸਮਾਨ ਭਾਵ ਇਕ ਰਸ ਇਹਨਾਂ ਸਾਰਿਆਂ ਵਿੱਚ ਵਿਆਪਕ ਹੈ।

**ਇਕ ਪ੍ਰਤੀਕ ਉਪਾਸਨਾ ਕਿੰਵਾ ਕਹੈਂ, ਅਪਰ ਸੁਨੀਅਹਿ ਦੈ ਕਾਨ।੨੯।**

ਇਕ ਪ੍ਰਤੀਕ ਉਪਾਸਨਾ ਹੈ ਕਿਸੇ ਵਸਤੂ ਅਥਵਾ ਮੂਰਤ ਦੀ, ਬ੍ਰਹਮ ਭਾਵਨਾ ਕਰਕੇ ਉਪਾਸਨਾ ਕਰਨੀ ਐਸਾ ਵੇਦਾਂਤ ਅੰਦਰ ਲਿਖਿਆ ਮਿਲਦਾ ਹੈ ਧਿਆਨ ਦੇ ਕੇ ਸੁਣੋ।

## ਲਯ ਚਿੰਤਨ

**ਅਥਵਾ ਵਿਲੈ ਅਕਾਰ ਉਕਾਰੇ, ਵਿਲੈ ਉਕਾਰ ਮਕਾਰ ਮਝਾਰ।**

**ਅਰਧ ਮਾਤ੍ਰ ਮਹਿਂ ਕਰਿ ਮਕਾਰ ਲੇ, ਅਰਧਮਾਤ੍ਰ ਕੋ ਪੁਰਖ ਉਦਾਰ।**

ਅਥਵਾ ਅਕਾਰ ਵਿੱਚ ਉਕਾਰ ਨੂੰ ਲੀਨ ਕਰੇ, ਅਤੇ ਉਕਾਰ ਨੂੰ ਮਕਾਰ ਵਿੱਚ, ਮਕਾਰ ਨੂੰ ਅਰਧ ਮਾਤ੍ਰਾ ਵਿੱਚ ਅਤੇ ਅਰਧ ਮਾਤ੍ਰਾ ਨੂੰ ਪੁਰਖ ਵਿੱਚ ਲੈਅ ਕਰੇ।

**ਪੁਰਖ ਪ੍ਰਮਾਤਮ ਏਵ ਤਿਸ਼੍ਰਤੇ, ਬ੍ਰਹਮ ਆਤਮਾ ਸ਼ੇਖ ਬਿਚਾਰ।**

ਪੁਰਖ ਨੂੰ ਪ੍ਰਮਾਤਮਾ ਵਿੱਚ ਸਥਿਤ ਕਰੇ। ਹੁਣ ਬ੍ਰਹਮ ਆਤਮਾ ਹੀ ਬਾਕੀ ਰਹਿ ਗਿਆ ਹੈ ਐਸਾ ਵਿਚਾਰ ਕਰੇ।

**ਇਤਿ ਉਪਾਸਨਾ ਨਰ ਕੁਰਯਾਤਹਿ, ਭਿੰਨ ਭਿੰਨ ਲੀਜਹਿ ਉਰਧਾਰ।੩0।**

ਇਸ ਪ੍ਰਕਾਰ ਜੀਵ ਉਪਾਸਨਾ ਕਰੇ, ਵੱਖੋ ਵੱਖ ਤਰੀਕੇ ਨਾਲ ਜੋ ਉਪਾਸਨਾ ਦੇ ਭੇਦ ਹਨ ਉਹਨਾਂ ਨੂੰ ਜਾਣ ਲਵੋ।

# ਅਥ ਗਿਆਨ ਕਾਂਡ

**ਸ੍ਵੈਯਾ ਛੰਦ: ਸਤਜੰ ਗਜਾਨ ਮਨੰਤੰ ਬ੍ਰਹਮ ਜੁ ਤੱਤ੍ਵਮਸਜਾਦਿ ਵਾਕਜ ਜੇ ਚਾਰ।**

ਬ੍ਰਹਮ ਸੱਤ ਸਰੂਪ ਹੈ ਗਿਆਨ ਸਰੂਪ ਹੈ ਅਤੇ ਅਨੰਤ ਹੈ। ਤਤ ਤ੍ਵੰ ਅਸਿ ਆਦਿਕ ਜੋ ਚਾਰ ਮਹਾਂਵਾਕ ਹਨ।

**ਸਰਬਾਤਮ ਬ੍ਰਹਮ ਬ੍ਰਹਮਸ੍ਰਬਾਤਮ ਅਦੁਤੀ ਦ੍ਵੈਤ ਨਾਸਤੀ ਧਾਰ।**

ਸਾਰਿਆ ਦੇ ਅੰਦਰ ਜੋ ਆਤਮਾ ਪ੍ਰਕਾਸ਼ਮਾਨ ਹੈ ਉਹ ਬ੍ਰਹਮ ਹੀ ਹੈ ਅਥਵਾ ਬ੍ਰਹਮ ਹੀ ਸਭ ਦੇ ਅੰਦਰ ਆਤਮਾ ਰੂਪ ਹੋਕੇ ਪ੍ਰਕਾਸ਼ਮਾਨ ਹੋ ਰਿਹਾ ਹੈ। ਉਹ ਬ੍ਰਹਮ ਕਿਸ ਤਰ੍ਹਾ ਸਭ ਦੇ ਅੰਦਰ ਬਿਰਾਜਮਾਨ ਹੋ ਰਿਹਾ ਹੈ ਭਾਵ ਅਦੁਤੀ-ਦ੍ਵੈਤ ਰਹਿਤ ਹੋ ਕੇ ਹੋ ਰਿਹਾ ਹੈ। ਦ੍ਵੈਤ ਨਾਸਤਿ- ਨਹੀਂ ਹੈ ਦ੍ਵੈਤ ਜਿਸ ਵਿੱਚ, ਸਾਰਿਆਂ ਵਿੱਚ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਵਿੱਚ ਸਾਰੇ ਹਨ। ਇਹ ਨਿਰਧਾਰਣ ਕਰ ਲਉ।

**ਸਤਜੰ ਗਜਾਨ ਮਨੰਤ ਆਤਮਾ, ਬ੍ਰਹਮ ਏਕ ਅੱਦ੍ਵੈ ਨਿਰਧਾਰ।**

ਆਤਮਾ ਦਾ ਸਰੂਪ ਵੀ ਮਹਾਂਵਾਕਾਂ ਵਿੱਚ ਸੱਤ ਗਿਆਨ ਅਤੇ ਅਨੰਤ ਕਿਹਾ ਗਿਆ ਹੈ। ਉਸ ਆਤਮਾ ਨੂੰ ਹੀ ਇਕ ਅਦ੍ਵੈਤ ਸਰੂਪ ਬ੍ਰਹਮ ਨਿਸਚੇ ਕਰੋ।

**ਸਤਜੰ ਸਤਜੰ ਗਜਾਨੰ ਗਜਾਨੰ, ਇਕੰ ਅਨੰਤ ਮਨੰਤ ਬਿਚਾਰ।੩੧।**

ਬ੍ਰਹਮ ਵੀ ਸੱਤ ਹੈ ਆਤਮਾ ਵੀ ਸੱਤ ਹੈ। ਬ੍ਰਹਮ ਵੀ ਗਿਆਨ ਸਰੂਪ ਹੈ ਆਤਮਾ ਵੀ ਗਿਆਨ ਸਰੂਪ ਹੈ। ਬ੍ਰਹਮ ਵੀ ਅਨੰਤ ਹੈ ਆਤਮਾ ਵੀ ਅਨੰਤ ਹੈ। ਆਤਮਾ ਅਤੇ ਬ੍ਰਹਮ ਅਭੇਦ ਹਨ, ਭਿੰਨ ਭਿੰਨ ਨਹੀਂ ਹਨ ਐਸਾ ਭਾਵ ਧਾਰਨ ਕਰਨਾ ਅਥਵਾ ਵਾਸਤਵ ਅਭੇਦ ਹਨ ਇਕ ਹੀ ਪਰਮ ਤੱਤ੍ਵ ਨੂੰ ਆਤਮਾ ਅਤੇ ਬ੍ਰਹਮ ਦੋ ਨਾਵਾਂ ਨਾਲ ਵਿਵਹਾਰ ਮਾਤਰ ਕਥਨ ਕੀਤਾ ਜਾਂਦਾ ਹੈ।

**ਇਕ ਮੇਵਾ ਦੁਤੀਯੰ ਬ੍ਰਹਮੰ ਨੇਹ ਨਾਨਾਸਤਿ ਕਿੰਚਨ ਸੋਇ।**

ਇਕ ਅਦ੍ਵੈਤ ਸਰੂਪ ਜੋ ਬ੍ਰਹਮ ਹੈ ਕਿੰਚਤ ਮਾਤਰ ਵੀ ਉਸ ਵਿੱਚ ਨਾਨਾਪੁਣਾਂ ਨਹੀਂ ਹੈ ਅਥਵਾ ਪ੍ਰਪੰਚ ਅੰਦਰ ਜੋ ਨਾਨਾਪਣ ਨਜ਼ਰ ਆ ਰਿਹਾ ਹੈ ਇਹ ਨਾਨਾਪਣ ਬ੍ਰਹਮ ਵਿੱਚ ਰੰਚਕ ਮਾਤ੍ਰ ਵੀ ਨਹੀਂ ਹੈ।

**ਕਰਮ ਉਪਾਸਨ ਦੁਊ ਬਿਵਰਜਤਿ, ਪੁਰਖ ਸਾਧਜ ਤੇ ਬਰਜਤਿ ਹੋਇ।**

ਕਰਮ ਅਤੇ ਉਪਾਸ਼ਨਾ, ਗਿਆਨ ਕਾਂਡ ਵਿੱਚ ਵਿਸ਼ੇਸ਼ ਕਰਕੇ ਵਰਜਿਤ ਹਨ ਇਸ ਕਰਕੇ ਪੁਰਖ ਸਾਧਣੇ ਤੋਂ ਵਰਜਿਤ ਰਹੇ ਭਾਵ ਨਾ ਕਰੇ।

**ਕੇਵਲ ਗਜਾਨ ਮਾਤ੍ਰ ਹੀ ਤਿਸ਼੍ਰਤਿ ਗਜਾਨ ਕਾਂਡ ਕੌ ਲੱਛਨ ਜੋਇ।**

ਜਿਥੇ ਸਿਰਫ ਗਿਆਨ ਮਾਤ੍ਰ ਹੀ ਸਥਿਤ ਰਹਿੰਦਾ ਹੈ ਅਥਵਾ ਆਤਮ ਗਿਆਨ ਦੇ ਵਿੱਚ ਹੀ ਟਿਕ ਜਾਣਾ ਏਹੀ ਗਿਆਨ ਕਾਂਡ ਦਾ ਲੱਛਣ ਹੈ।

**ਗਜਾਨ ਕਾਂਡ ਉਪਨਿਸ਼ਦ ਕਹੈਂ ਸਭਿ ਵੇਦ ਅੰਤ ਵੇਦਾਂਤਕ ਹੋਇ।੩੨।**

ਇਸ ਗਿਆਨ ਕਾਂਡ ਨੂੰ ਸਾਰੀਆਂ ਉਪਨਿਸ਼ਦਾਂ ਹੀ ਕਥਨ ਕਰਦੀਆਂ ਹਨ। ਬੇਦਾਂ ਦਾ ਅਖੀਰ ਹੋਣ ਕਾਰਨ ਵੇਦਾਂਤ ਵੀ ਕਿਹਾ ਜਾਂਦਾ ਹੈ।

**ਜਹਿਂ ਲੌ ਪੁਰਖ ਸਾਧਯ ਕਰਤੱਬਜੰ, ਪੁਰਬ ਮਿਮਾਂਸਾ ਕਰਹਿਂ ਬਖਾਨ।**

ਜਿਥੇ ਤੱਕ ਇਨਸਾਨ ਦੇ ਸਾਧਣੇ ਜੋਗ ਕਰਤੱਬ ਭਾਵ ਕਰਮ ਹਨ ਉਸਨੂੰ ਪੂਰਬ ਮਿਮਾਂਸਾਂ ਕਿਹਾ ਜਾਂਦਾ ਹੈ।

**ਤਹਿਂ ਲਗ ਸ਼ਬਦ ਬੇਦ ਇਹ ਕਹੀਯਹਿ।**

ਉਥੇ ਤੱਕ ਜੋ ਕਥਨ ਕੀਤਾ ਮਿਲਦਾ ਹੈ ਉਸਨੂੰ ਬੇਦ ਕਿਹਾ ਜਾਂਦਾ ਹੈ।

**ਜਹਾਂ ਜਾਨਿ ਵੋ ਜਾਨ ਸੁਜਾਨ।**

ਲੇਕਿਨ ਜਿਥੇ ਜਾਣਨ ਯੋਗ ਤੱਤ੍ਵ ਦੀ ਵਿਚਾਰ ਆਰੰਭ ਹੁੰਦੀ ਹੈ ਅਥਵਾ ਜਿਸ ਵਿਚਾਰ ਦੁਆਰਾ ਜਾਣਨ ਯੋਗ ਤੱਤ੍ਵ ਨੂੰ ਜਾਣਿਆ ਜਾਂਦਾ ਹੈ।

**ਸੋ ਵੇਦਾਂਤ ਭਾਖੀਯਹਿ ਆਖਯ, ਇਸੀ ਪ੍ਰਕਾਰ ਭੇਦ ਪਹਿਚਾਨ।**

ਉਸਨੂੰ ਵੇਦਾਂਤ ਕਿਹਾ ਜਾਂਦਾ ਹੈ ਇਸ ਪ੍ਰਕਾਰ ਬੇਦ ਸ਼ਬਦ ਅਤੇ ਵੇਦਾਂਤ ਸ਼ਬਦ ਦਾ ਰਹੱਸ ਜਾਣ ਲਓ।

**ਕਵਿ ਸੰਤੋਖ ਸਿੰਘ ਲਖਿ ਸਰੂਪ ਕੋ, ਸਗਰੇ ਸਫਲ ਤਬਹਿ ਮਨ ਮਾਨ।੩੩।**

ਮਹਾਂ ਕਵਿ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਪੁਰਖ ਆਪਣੇ ਸਰੂਪ ਨੂੰ ਜਾਣ ਲੈਂਦਾ ਹੈ ਭਾਵ ਸਾਖਯਾਤਕਾਰ ਕਰ ਲੈਂਦਾ ਹੈ ਅਥਵਾ ਬ੍ਰਹਮ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ। ਉਦੋਂ ਇਹ ਕਰਮ ਉਪਾਸਨਾ ਗਿਆਨ ਆਦਿਕ ਸਾਰੇ ਹੀ ਸਫਲ ਹਨ ਭਾਵ ਸਭ ਕਰਤੱਬ ਪੂਰੇ ਹੋ ਜਾਂਦੇ ਹਨ ਕੁਝ ਵੀ ਕਰਨਾ ਬਾਕੀ ਨਹੀਂ ਰਹਿੰਦਾ। ਇਸ ਪ੍ਰਕਾਰ ਦਾ ਸਿਧਾਂਤ ਆਪਣੇ ਮਨ ਵਿੱਚ ਜਾਣ ਲਵੋ।

## ਨਿਚੋੜ

ਗਿਆਨ ਕਾਂਡ ਬੇਦ ਦਾ ਉਹ ਹਿੱਸਾ ਹੈ ਜਿਸ ਵਿੱਚ ਸਿਰਫ ਇਕ ਅਦ੍ਵੈਤ ਸਰੂਪ ਆਤਮਾ ਦੀ ਵਿਚਾਰ ਕੀਤੀ ਗਈ ਹੈ ਅਤੇ ਜੀਵ ਨੂੰ ਆਤਮਾ ਅਥਵਾ ਬ੍ਰਹਮ ਦਾ ਗਿਆਨ ਕਿਵੇਂ ਹੋਵੇ? ਇਹ ਸਾਰੀ ਵਿਚਾਰ ਗਿਆਨ ਕਾਂਡ ਵਿੱਚ ਹੀ ਆਈ ਹੈ। ਗਿਆਨ ਕਾਂਡ ਵਿੱਚ ਆਤਮਾ ਪ੍ਰਮਾਤਮਾ ਵਿਸ਼ਯਕ ਵਿਚਾਰਾਂ ਬਹੁਤ ਹੀ ਸੂਖਮ ਹਨ ਜੋ ਕਿ ਸਥੂਲ ਬੁਧੀ ਦੀ ਪਕੜ ਤੋਂ ਬਾਹਰ ਦੀਆਂ ਹਨ ਅਤੇ ਆਤਮਾ ਦਾ ਗਿਆਨ ਵੀ ਸਿਰਫ ਵਿਵੇਕ ਬੁੱਧੀ ਅਤੇ ਗੁਰੂ ਕ੍ਰਿਪਾ ਦੁਆਰਾ ਹੀ ਹੁੰਦਾ ਹੈ, ਐਸਾ ਗਿਆਨ ਕਾਂਡ ਦਾ ਸਿਧਾਂਤ ਹੈ।

**ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**

**'ਗਜਾਨ ਬਿਚਾਰ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋ ਅੰਸੂ ।੪੩।**

## ਅਧਿਆਇ ੪੪

# ਜੋਗ ਵਿਚਾਰ ਨਿਰਣੈ

**ਅਥ ਯੋਗ- ਸ੍ਵੈਯਾ ਛੰਦ -ਅੰਗ ਜੋਗ ਕੇ ਅਸ਼ਟ ਗਿਨੀਜਹਿ ਜਮ,ਅਰ, ਨੇਮ ਸੁ ਆਸਨ, ਤੀਨ।**

ਯੋਗ ਦੇ ਅੱਠ ਅੰਗ ਯੋਗ ਗ੍ਰੰਥਾਂ ਵਿੱਚ ਗਿਨੀਜਹ ਭਾਵ ਗਿਣੇ ਅਥਵਾ ਕਥਨ ਕੀਤੇ ਜਾਂਦੇ ਹਨ। ਜੋਗ ਦਾ ਪਹਿਲਾ ਅੰਗ ਯਮ, ਤੀਜਾ ਨੇਮ ਅਤੇ ਤੀਜਾ ਆਸਨ ਹੈ।

**ਪ੍ਰਾਣਾਯਾਮ ਰੁ ਪ੍ਰਤਜਾਹਾਰਹਿ, ਔਰ ਧਾਰਨਾ ਧਜਾਨ, ਪ੍ਰਬੀਨ।**

ਹੇ ਸਿਆਣੇ ਪੁਰਸੋ- ਚੌਥਾ ਪ੍ਰਾਣਾਯਾਮ, ਪੰਜਵਾ ਪ੍ਰਤਯਾਹਾਰ, ਛੇਵਾਂ ਧਾਰਨਾ, ਸੱਤਵਾਂ ਧਯਾਨ ਹੈ।

**ਅਸ਼ਟਮ ਅੰਗ ਸਮਾਧਿ, ਲਖੀਜੈ, ਪੂਰਬ ਯਮ: ਪੰਦਰਾਂ ਬਿਧਿ ਚੀਨ।**

ਜੋਗ ਦਾ ਸਭ ਤੋਂ ਮਹੱਤਵਪੂਰਨ ਅਤੇ ਅੱਠਵਾਂ ਅੱਗ ਸਮਾਧੀ ਜਾਣ ਲਉ। ਹੁਣ ਪਹਿਲਾ ਜੋ ਯਮ ਕਿਹਾ ਹੈ ਉਸਨੂੰ ਪੰਦਰਾਂ ਤਰ੍ਹਾਂ ਦਾ ਜਾਣ ਲਉ।

**ਲਯ, ਵਿਖੇਪ, ਪਰਮਾਦਿ, ਜੁ ਨਿੰਦ੍ਰਾ, ਇਨ ਚਾਰਨ ਤੇ ਮਨ ਹੁਇ ਹੀਨ।੧।**

ਲਯ, ਵਿਖੇਪ, ਪ੍ਰਮਾਦਿ ਅਤੇ ਜਿਹੜੀ ਨਿੰਦ੍ਰਾ ਹੈ ਇਹਨਾਂ ਚਾਰਾਂ ਤੋਂ ਜਦੋਂ ਮਨ ਰਹਿਤ ਹੋ ਜਾਵੇ ।

**ਜਥਾ ਲਾਭ ਸੰਤੁਸ਼ਟ ਰਹਿਨ ਦ੍ਵੈ, ਮੌਨ ਤਜਨਿ ਮਿਥਜਾ ਬਚ ਹੋਇ।**

ਦੂਜਾ ਯਮ ਹੈ, ਸੰਤੋਖ ਭਾਵ ਜੋ ਮਿਲੇ ਉਸੇ ਵਿੱਚ ਸੰਤੁਸ਼ਟ ਰਹਿਣਾ, ਖੁਸ਼ ਰਹਿਣਾ । ਯਮ ਦਾ ਤੀਜਾ ਅੰਗ ਮੌਨ ਹੈ ਹਰ ਪ੍ਰਕਾਰ ਦੇ ਮਿਥਜਾ ਬਚਨਾਂ ਦਾ ਤਿਆਗ ਕਰ ਦੇਣਾ। ਇਸੇ ਨੂੰ ਯੋਗ ਮੱਤ ਅੰਦਰ ਮੌਨ ਮੰਨਿਆ ਜਾਂਦਾ ਹੈ।

**ਸ਼ਬਦਾਦਿਕ ਕੇ ਵਿਖਯ ਤਯਾਗਨਿ ਇੰਦ੍ਰਯ ਨਿਗ੍ਰਹਿ ਯਾਂਕੋ ਜੋਇ।**

ਚੌਥਾ ਅੰਗ ਇੰਦ੍ਰਯ ਨਿਗ੍ਰਹਿ ਹੈ ਅਰਥਾਤ ਸ਼ਬਦਾਇਕ ਜੋ ਵਿਸ਼ੇ ਹਨ ਇਹਨਾਂ ਦਾ ਇੰਦਰੇ ਜਦੋਂ ਤਿਆਗ ਕਰ ਦੇਣ, ਇਸ ਨੂੰ ਇੰਦ੍ਰਯ ਨਿਗ੍ਰਹਿ ਜਾਣੋ।

**ਦਯਾ ਭੂਤ ਪ੍ਰਾਣੀ ਸੰਗ ਵੈਰ ਨ, ਆਰਜਵ ਬਿਨਾ ਕੁਟਲਤਾ ਜੋਇ।**

ਪੰਜਵਾਂ ਅੰਗ ਦਇਆ ਹੈ, ਪੰਜਾ ਤੱਤਾਂ ਤੋਂ ਉਤਪੰਨ ਹੋਏ ਕਿਸੇ ਵੀ ਪ੍ਰਾਣੀ ਨਾਲ ਵੈਰ ਨਾ ਕਰਨਾ, ਛੇਵਾਂ ਅੰਗ ਆਰਜਵ ਹੈ ਆਰਜਵ ਤੋਂ ਭਾਵ ਹੈ ਕੁਟਿਲਤਾ ਤੋਂ ਰਹਿਤ ਹੋਣਾ।

**ਦਾਖਣ ਵਿਵਹਾਰਨ ਮਹਿਂ ਚਾਤੁਰ, ਆਗ੍ਰਹਿ ਕੋ ਤਯਾਗਨੋ ਸੋਇ।੨।**

ਸੱਤਵਾਂ ਅੰਗ ਦਾਖਣ ਹੈ ਇਸ ਦਾ ਮਤਲਬ ਹੈ ਵਿਵਹਾਰਾਂ ਦੇ ਵਿੱਚ ਕੁਸ਼ਲ ਹੋਣਾ ਅਤੇ ਹਠ ਦਾ ਤਿਆਗੀ ਹੋਣਾ ਜਾਂ ਤਿਆਗ

ਕਰਨਾ।

**ਮਨ ਤੇ ਕਰੈ ਨ ਦੰਭ ਕਮਾਵੈ, ਇਕ ਲਾਲਸ ਕਰਿਬੇ ਕਲਜਾਨ।**

ਯਮ ਦੇ ਅੱਠਵੇਂ ਅੰਗ ਨੂੰ ਨਿਰਦੰਭਤਾ ਕਹਿੰਦੇ ਹਨ, ਮਨ ਕਰਕੇ ਦੰਭ ਨਾਂ ਕਰਨਾ ਭਾਵ ਪਾਖੰਡ ਨਾ ਕਰਨਾ। ਸਿਰਫ ਇਕ ਆਪਣੇ ਕਲਿਆਣ – ਮੋਖ ਦੀ ਇੱਛਾ ਰੱਖਣੀ।

**ਪਰਾਰਬਧ ਕਰਿ ਪ੍ਰਾਪਤ ਹੋਇ ਜੁ, ਤਿਸਕੋ ਬਰਤੈ ਆਨੰਦ ਮਾਨਿ।**

ਆਪਣੀ ਪ੍ਰਾਰਬਧ ਅਨੁਸਾਰ ਜੋ ਵੀ ਪਦਾਰਥ ਮਿਲਣ ਉਹਨਾਂ ਨੂੰ ਖਿੜੇ ਮੱਥੇ ਪ੍ਰਵਾਣ ਕਰਨਾ ਭਾਵ ਮਨ ਦੀ ਪ੍ਰਸੰਨਤਾ ਨਾਲ ਵਰਤੋਂ ਵਿੱਚ ਲਿਆਉਣਾ।

**ਹੇਰਿ ਪਦਾਰਥ ਅਪਰਨ ਕੇ ਢਿਗ, ਨਹਿੰ ਮਤਸ੍ਰ ਕੋ ਧਰਹੁ ਸੁਜਾਨ।**

ਹੇ ਸੂਝਵਾਨ ਯੋਗੀ–ਦੂਸਰਿਆਂ ਪਾਸ ਸੰਸਾਰਿਕ ਪਦਾਰਥ ਅਥਵਾ ਯੋਗ ਸਿਧੀ ਆਦਿਕ ਅੰਤਰੀਵ ਪਦਾਰਥ ਦੇਖਕੇ ਉਹਨਾਂ ਨਾਲ ਕਦੇ ਵੀ ਈਰਖਾ ਨਾ ਕਰੋ।

**ਆਸਤੱਕਜ ਜੋ ਗ੍ਰੰਥ ਮੁਕਤਿ ਦੇ, ਤਿਨ ਮਹਿੰ ਵਿਸ਼ਵਾਸ਼ੀ ਮਨ ਜਾਨ।੩।**

ਨੌਵਾਂ ਅੰਗ ਆਸਤਿਕਤਾ ਹੈ, ਭਾਵ ਜਿਹੜੇ ਗ੍ਰੰਥ ਮੁਕਤੀ ਦੇ ਦੇਣ ਵਾਲੇ ਹਨ ਅਥਵਾ ਪ੍ਰਮਾਤਮਾ ਦੇ ਗਿਆਨ ਦੁਆਰਾ ਮੁਕਤੀ ਦੇਣ ਵਾਲੇ ਹਨ, ਉਹਨਾਂ ਗ੍ਰੰਥਾਂ ਵਿੱਚ ਮਨ ਦਾ ਦ੍ਰਿੜ ਵਿਸ਼ਵਾਸੀ ਹੋਣਾ ਅਤੀ ਜਰੂਰੀ ਹੈ ਇਸ ਗਲ ਨੂੰ ਆਪਣੇ ਮਨ ਵਿੱਚ ਚੰਗੀ ਤਰ੍ਹਾਂ ਜਾਣ ਲਉ।

**ਕੋਮਲਤਾ ਕੋ ਕਹੈਂ ਮਾਰਦਵ, ਉਰ ਨਿਸ਼ਕ੍ਰੋਧ ਛਿਮਾ ਇਸ ਨਾਮ।**

ਯਮ ਦਾ ਦਸਵਾਂ ਅੰਗ ਮਾਰਦਵ ਹੈ ਇਸ ਦਾ ਭਾਵ ਹੈ ਕਿ ਮਨ, ਬਚਨ, ਕਰਮਾਂ ਕਰਕੇ ਕੋਮਲਤਾ ਦਾ ਧਾਰਨੀ ਹੋਣਾ। ਗਿਆਰਵੇਂ ਦਾ ਨਾਮ ਖਿਮਾਂ ਹੈ ਦਿਲ ਦੇ ਕ੍ਰੋਧ ਤੋਂ ਰਹਿਤ ਹੋਣ ਨੂੰ ਖਿਮਾਂ ਕਹਿੰਦੇ ਹਨ।

**ਰਜ ਤਮ ਗੁਣ ਬਿਨ ਅੰਤਸ਼ ਕਰਣੰ, ਭਾਵ ਸ਼ੁੱਧ ਭਾਖਹਿੰ ਅਭਿਰਾਮ।**

ਬਾਰਵੇਂ ਯਮ ਦਾ ਨਾਮ ਸ਼ੁੱਧ ਭਾਵ ਹੈ, ਅੰਤਸ਼ਕਰਣ ਰਜੋ ਗੁਣ ਅਤੇ ਤਮੋ ਗੁਣ ਦੇ ਪ੍ਰਭਾਵ ਤੋਂ ਰਹਿਤ ਹੋ ਜਾਣਾ ਇਸੇ ਨੂੰ ਸ਼ੁੱਧ ਭਾਵ ਵਾਲਾ ਅੰਤਸ਼ਕਰਣ ਕਹਿੰਦੇ ਹਨ। ਅਥਵਾ ਸਤੋ ਗੁਣੀ ਹਿਰਦੇ ਨੂੰ ਭਾਵ ਸ਼ੁੱਧ ਅੰਤਸ਼ਕਰਣ ਕਹਿੰਦੇ ਹਨ।

**ਪਰ ਕੋ ਪੀਰ ਨ ਦੇ ਬਚ ਕ੍ਰਮ ਤੇ ਨਾਮ ਅਹਿੰਸਾ ਲਖਿ ਸੁਖ ਧਾਮ।**

ਤੇਰਵੇਂ ਅੰਗ ਦਾ ਨਾਮ ਅਹਿੰਸਾ ਹੈ, ਕਿਸੇ ਦੂਸਰੇ ਨੂੰ ਕਰਮਾਂ ਕਰਕੇ ਅਤੇ ਬਚਨਾਂ ਕਰਕੇ ਕੋਈ ਤਕਲੀਫ ਨਾ ਦੇਣੀ ਇਸ ਨੂੰ ਅਹਿੰਸਾ ਕਹਿੰਦੇ ਹਨ ਇਹ ਅਹਿੰਸਾ ਸੁਖਾਂ ਦਾ ਘਰ ਹੈ ਐਸਾ ਨਿਸ਼ਚੇ ਕਰ ਲਉ।

**ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ, ਮੈਥੁਨ ਤਜਾਗਨਿ ਹ੍ਵੈ ਨਿਸ਼ਕਾਮ।੪।**

ਯਮ ਦਾ ਚੌਦਵਾਂ ਅੰਗ ਬ੍ਰਹਮਚਰਜ ਹੈ ਭਾਵ ਅੱਠ ਪ੍ਰਕਾਰ ਦੇ ਕਾਮ ਨੂੰ ਤਿਆਗ ਕੇ, ਕਾਮ ਇੱਛਾ ਤੋਂ ਰਹਿਤ ਹੋ ਜਾਣਾ, ਇਸ ਨੂੰ ਬ੍ਰਹਮ ਚਰਜ ਕਹਿੰਦੇ ਹਨ।

**ਸਿਮਰਣ, ਸ਼੍ਰਵਣ, ਕੇਲ ਅਰ ਦੇਖਣ, ਗੁਹਜ ਭਾਖਣ, ਸੰਕਲਪ ਸੁ ਕੀਨ।**

**ਅੱਧਿਵਸਾਯੰ, ਕ੍ਰਿਯਾ ਨਿਵਰਤੈ, ਇਹ ਮੈਥੁਨ ਅਸ਼ਟਾਂਗ ਬਿਹੀਨ।**

ਹੁਣ ਅੱਠ ਪ੍ਰਕਾਰ ਦੇ ਕਾਮ ਬਾਰੇ ਲਿਖਦੇ ਹਨ: ਬੁਰੀ ਭਾਵਨਾ ਆਪਣੇ ਹਿਰਦੇ ਅੰਦਰ ਰੱਖ ਕੇ ਕਿਸੇ ਇਸਤਰੀ ਨੂੰ ਬਾਰ ਬਾਰ ਚੇਤੇ ਕਰਨਾ, ਇਸਤਰੀ ਦੀਆਂ ਗੱਲਾਂ ਸੁਣਨੀਆ, ਕੇਲਾਂ ਕਰਨੀਆਂ, ਇਸਤਰੀ ਨੂੰ ਤੱਕਣਾ, ਗੱਲਾਂ ਕਰਨੀਆਂ ਇਸਤਰੀ ਨਾਲ, ਚਿਤ ਵਿੱਚ ਇਸਤਰੀ ਮਿਲਾਪ ਦਾ ਸੰਕਲਪ ਪੱਕਾ ਕਰਨਾ, ਮੈਥੁਨ ਬਾਰੇ ਫੁਰਨੇ ਕਰਨੇ, ਕਾਮ ਕਿਰਿਆ ਵਿੱਚ ਵਰਤਣਾ। ਕਾਮ ਦੇ ਇਹਨਾਂ ਅੱਠ ਅੱਗਾਂ ਤੋਂ ਰਹਿਤ ਹੋਣਾ ਇਸੇ ਨੂੰ ਹੀ ਬ੍ਰਹਮਚਰੀਆ ਕਹਿੰਦੇ ਹਨ।

**ਜਨਮ ਰੋਗ ਦੁਖ ਤਥਾ ਜਰਾ ਦੁਖ ਤ੍ਰੈ ਕੋ ਚਿਤਵਨ ਸਿੰਮ੍ਰਤ ਚੀਨ।**

**ਮਨ ਤਨ ਪ੍ਰਾਣ ਰਿਖੀਕਿਨ ਦੁਖ ਤੇ ਨਿਸ਼ਚਲ ਰਹੈ ਸੁ ਧ੍ਰਿਤ ਪ੍ਰਬੀਨ।੫।**

ਜਨਮ ਲੈਣ ਲਈ ਹੋਇਆ ਦੁੱਖ, ਕਿਸੇ ਰੋਗ ਤੋਂ ਹੋਇਆ ਦੁੱਖ ਅਤੇ ਬੁਢਾਪੇ ਦਾ ਦੁੱਖ ਇਹਨਾਂ ਤਿੰਨਾਂ ਨੂੰ ਚੇਤੇ ਰੱਖਣਾ ਇਸ ਨੂੰ ਯਮ ਦਾ ਪੰਦਰਵਾਂ ਅੰਗ ਸਿਮ੍ਰਤੀ ਜਾਣ ਲਉ। ਮਨ ਸ਼ਰੀਰ ਪ੍ਰਾਣਾਂ ਅਤੇ ਇੰਦ੍ਰਿਆਂ ਦੇ ਉਤੇ ਕੋਈ ਦੁੱਖ ਆ ਪਏ ਉਸ ਸਮੇਂ ਸਹਿਜ ਵਿੱਚ ਰਹਿਣਾ ਇਸੇ ਨੂੰ ਸਿਆਣੇ ਲੋਕ ਧੀਰਜ ਕਹਿੰਦੇ ਹਨ। ਇਹ ਵੀ ਪੰਦਰਵੇਂ ਯਮ ਦਾ ਹੀ ਸਰੂਪ ਹੈ।

**ਯਮ ਦਸ ਪੰਚ ਕਹੇ ਇਕਿ ਅੰਗਹਿ।**

ਯੋਗ ਦਾ ਪਹਿਲਾ ਅੰਗ ਯਮ ਹੈ, ਯਮ ਦੇ ਅੱਗੇ ਪੰਦਰਾ ਅੰਗ ਕਥਨ ਕੀਤੇ ਹਨ।

**ਦੂਸਰ ਅੰਗ ਨੇਮ ਅਠ ਸਾਤ।**

ਹੁਣ ਅੱਗੇ ਯੋਗ ਦਾ ਦੂਜਾ ਅੰਗ, ਨੇਮ ਸ਼ੁਰੂ ਹੋ ਰਿਹਾ ਹੈ, ਇਸ ਦੂਜੇ ਅੰਗ ਦੇ ਵੀ ਪੰਦਰਾਂ ਹੀ ਅੰਗ ਹਨ।

**ਸਮੈ ਉਚਿਤ ਅਸ਼ਨਾਨ ਕਰੈ ਜਲ, ਜੋਗ ਸਾਧਜ ਇਸ ਸੌਚ ਸੁ ਗਾਤ।**

ਨਿਸਚਿਤ ਸਮੇਂ ਅਨੁਸਾਰ ਇਸ਼ਨਾਨ ਕਰੇ, ਫਿਰ ਜੋਗ ਸਾਧਨਾ ਵਿੱਚ ਪ੍ਰਵਿਰਤ ਹੋਵੇ ਇਸ ਨਾਲ ਸਰੀਰ ਦੀ ਸ਼ੁੱਧੀ ਹੁੰਦੀ ਹੈ। ਇਹ ਨੇਮ ਦਾ ਪਹਿਲਾ ਅੰਗ ਹੈ, ਇਸਨੂੰ ਇਸ਼ਨਾਨ ਕਹਿੰਦੇ ਹਨ।

**ਅੰਤਹਕਰਣ ਕਰਨ ਸੌਚ ਇਮ ਜਾਨੋ ਭਾਵ ਸ਼ੁੱਧ ਯਮ ਤੇ ਹੁਇ ਜਾਤਿ।**

ਨੇਮ ਦਾ ਦੂਜਾ ਅੰਗ ਹੈ ਅੰਤਸਕਰਣ ਦੀ ਪਵਿੱਤਰਤਾ ਹੈ, ਯੋਗ ਦੇ ਉਚ ਗ੍ਰੰਥਾਂ ਦੇ ਕਥਨ ਅਨੁਸਾਰ ਇਹ ਅੰਤਸ਼ਕਰਨ ਦੀ ਸ਼ੁੱਧੀ, ਯਮ ਦੇ ਬਾਰਵੇਂ ਅੰਗ ਭਾਵ ਸ਼ੁੱਧੀ ਦੇ ਨਾਲ ਹੀ ਹੋ ਜਾਂਦੀ ਹੈ ਜਿਸ ਨੂੰ ਪਹਿਲਾਂ ਕਥਨ ਕਰ ਆਏ ਹਾਂ।

**ਜੋਗ ਸਾਧਿਬੇ ਮਹਿਂ ਪ੍ਰਭੁ ਪੂਜਨ ਕ੍ਰਿਤੂ ਨਾਮ ਨੇਮ ਸੁ ਬੱਖਜਾਤ।੬।**

ਨੇਮ ਦਾ ਤੀਜਾ ਅੰਗ ਕ੍ਰਿਤੂ ਨਾਮ ਕਰਕੇ ਜਾਣਿਆ ਜਾਂਦਾ ਹੈ। ਜਿਸ ਦਾ ਭਾਵ ਹੈ ਜੋਗ ਸਾਧਨਾ ਦੀ ਸਫਲਤਾ ਲਈ ਪ੍ਰਭੂ ਦਾ ਪੂਜਨਾ ਕਰਨਾ ਅਥਵਾ ਆਪਣੇ ਇਸਟ ਦੇਵ ਦੀ ਪੂਜਾ ਕਰਨੀ।

**ਸੱਤਜ ਅਰਥਲੇ ਕਹੈ ਸੱਤਜ ਸੋ, ਪ੍ਰਣਵ ਜਾਪ ਕੋ ਜਪੁ ਕਹਿਯੰਤਿ।**

ਨੇਮ ਦਾ ਚੌਥਾ ਅੰਗ ਸੱਤ ਹੈ, ਸਤ ਬਚਨ ਕਹੇ ਭਾਵ ਜੋ ਬਚਨ ਕਹੇ ਉਹ ਬਚਨ ਸੱਚਾ ਹੀ ਹੋਵੇ ਅਤੇ ਪੰਜਵਾ ਅੰਗ ਜਪ ਹੈ, ਭਾਵ ਪ੍ਰਣਵ ਦਾ ਜਾਪ ਕਰਨਾ ਜਾਂ ਓਮ ਸ਼ਬਦ ਦਾ ਜਾਪ ਕਰਨਾ, ਯੋਗ ਮੱਤ ਅੰਦਰ ਇਸਨੂੰ ਜਪ ਕਿਹਾ ਜਾਂਦਾ ਹੈ।

**ਜਠਰਾਗਨ ਮਹਿਂ ਜੁਗਤ ਅਹਾਰੰ ਹੋਮਹਿ ਭਲੇ ਹੋਮ ਲਖਿਯੰਤਿ।**

ਛੇਵਾਂ ਨੇਮ ਹੋਮ ਹੈ ਭਾਵ ਉਦਰ ਦੇ ਵਿੱਚ ਜੋ ਅਗਨੀ ਹੈ ਉਸ ਦੇ ਵਿੱਚ ਸ਼ੁੱਧ ਭੋਜਨ ਰੂਪ ਹੋਮ ਅਰਪਣ ਕਰਨਾ ਤਾਂ ਕਿ ਉਹ ਭੋਜਨ ਸਰੀਰ ਅਥਵਾ ਮਨ ਵਿਚ ਕੋਈ ਵਿਕਾਰ ਉਤਪੰਨ ਨਾ ਕਰੇ, ਇਸਨੂੰ ਹੋਮ ਕਹਿੰਦੇ ਹਨ। ਅਥਵਾ ਜਠਰਾਗਨੀ ਵਿੱਚ ਯੁਕਤੀ ਸਹਿਤ ਬਣਿਆ ਭੋਜਨ, ਅਰਪਣ ਕਰਨਾ ਇਸ ਨੂੰ ਨੇਮ ਦਾ ਛੇਵਾ ਅੰਗ ਹੋਮ ਕਹਿੰਦੇ ਹਨ।

**ਤਰਪਣ ਜਲ ਪੀਵਹਿ ਸੁਰਸਰਿਕੇ, ਇੰਦ੍ਰੀ ਨਿੱਗ੍ਰਹਿ ਤਪੁ ਸੁ ਤਪੰਤਿ।**

ਸੱਤਵਾਂ ਅੰਗ ਤਰਪਣ ਹੈ, ਗੰਗਾ ਨਦੀ ਦਾ ਜਲ ਛਕਣਾ ਇਸ ਨੂੰ ਤਰਪਣ ਕਹਿੰਦੇ ਹਨ, ਤੇ ਇੰਦਰਿਆਂ ਨੂੰ ਵਿਸ਼ੇ ਵਿਕਾਰਾਂ ਵੱਲੋਂ ਰੋਕਣਾ ਤਪ ਦਾ ਤਾਪਣਾ ਕਹਿੰਦੇ ਹਨ ਅਥਵਾ ਇੰਦਰਿਆਂ ਨੂੰ ਵਿਸ਼ਿਆ ਵੱਲੋਂ ਰੋਕ ਕੇ ਅੰਤਰਮੁਖੀ ਕਰਨਾ ਇਸ ਨੂੰ ਤਪ ਕਹਿੰਦੇ ਹਨ।

**ਮਮੁਖੀ ਕੋ ਉਪਦੇਸ਼ਨਿ ਦਾਨ ਸੁ, ਤਤਿੱਖਜਾ ਰਾਗ ਰੁ ਦ੍ਵੈਖ ਸਹੰਤਿ।੭।**

ਮੁਕਤੀ ਦੀ ਇੱਛਾ ਵਾਲੇ ਪੁਰਖ ਨੂੰ ਯਥਾਰਥ ਉਪਦੇਸ਼ ਦੇਣਾ ਯੋਗ ਦਾ ਨੌਵਾਂ ਨੇਮ ਦਾਨ ਕਿਹਾ ਜਾਂਦਾ ਹੈ। ਪ੍ਰੇਮ ਤੇ ਈਰਖਾ ਨੂੰ ਸਮ ਸਹਿਣ ਕਰਨਾ ਇਸਨੂੰ ਯੋਗ ਦਾ ਦਸਵਾਂ ਨੇਮ ਤਤਿਖਯਾ ਜਾਣੋ।

**ਖਾਇ ਅਹਾਰ ਸੂਰ ਸੁਰ ਬ੍ਰਤ ਸੋ, ਖਾਇ ਅਯੁਕਤਿ ਨ ਇਹ ਉਪਵਾਸ।**

ਜਦੋਂ ਸੂਰਜ ਵਾਲੀ ਸੁਰ-ਸੱਜੀ ਸੁਰ, ਚੱਲਦੀ ਹੋਵੇ ਭਾਵ ਨੱਕ ਦੇ ਸੱਜੇ ਪਾਸੇ ਰਾਹੀਂ ਸੁਆਸ ਆ ਰਹੇ ਹੋਣ ਉਸ ਵੇਲੇ ਭੋਜਨ ਦੇ ਛੱਕਣ ਨੂੰ ਗਿਆਰਾਵਾਂ ਨੇਮ ਵਰਤ ਕਿਹਾ ਜਾਂਦਾ ਹੈ। ਅਯੋਗ ਵਸਤੂ ਨਾ ਖਾਵੇ ਇਹ ਉਪਵਾਸ ਹੈ।

**ਨਿਰਅਗਨੀ ਸੋ ਅਗਨ ਨ ਤਾਪਹਿ ਇਸਤ੍ਰੀ ਬਰਜਨ ਸੰਗ ਨ ਤਾਸ।**

ਤੇਰਵਾਂ ਨੇਮ ਨਿਰਅਗਨੀ ਹੈ, ਭਾਵ ਅੱਗ ਦਾ ਨਾ ਸੇਕਣਾ, ਇਸਤਰੀ ਦਾ ਸੰਗ ਨਾ ਕਰਨਾ ਇਹ ਇਸਤਰੀ ਵਰਜਨ ਚੌਦਵਾਂ ਅੰਗ ਹੈ।

**ਮਾਦਕ ਬਰਜਣ ਭੰਗ ਆਦਿ ਜੇ ਪਾਨਿ ਨ ਕਰਹਿ ਅਮਲ ਨਿਰਜਾਸ।**

ਪੰਦਰਵਾਂ ਮਾਦਕ ਬਰਜਣ ਕਿਹਾ ਜਾਂਦਾ ਹੈ ਭੰਗ ਆਦਿਕ ਜਿਹੜੇ ਨਸ਼ੇ ਹਨ ਇਹਨਾਂ ਦਾ ਅਮਲ ਨਾ ਕਰਨਾ ਐਸਾ ਨਿਸ਼ਚਾ ਧਾਰਨ ਕਰੇ।

**ਇਹ ਪੰਦ੍ਰਾਂ ਗਿਨ ਨੇਮ ਕਹੇ ਸਭਿ ਅੰਗ ਜੋਗ ਕੋ ਦੁਤਿਯ ਪ੍ਰਕਾਸ਼।੮।**

ਇਹ ਜੋ ਪੰਦਰਾਂ ਨੇਮ ਹਨ ਸਾਰੇ ਇੱਕ-ਇੱਕ ਕਰਕੇ ਗਿਣ ਕੇ ਦੱਸੇ ਹਨ ਜੋਗ ਦੇ ਦੂਸਰੇ ਅੰਗ ਨੇਮ ਦਾ ਪ੍ਰਕਾਸ਼ ਕੀਤਾ ਹੈ ਭਾਵ ਯੋਗ ਦੇ ਦੂਸਰੇ ਅੰਗ ਨੇਮ ਦਾ ਵਿਸਥਾਰ ਸਹਿਤ ਗਿਆਨ ਦਿੱਤਾ ਹੈ।

**ਲਖ ਚੌਰਾਸੀ ਜੋਨਿ ਜੀਵ ਕੀ ਬੈਠਕ ਤਿਤੀ ਸੁ ਆਸਨ ਜਾਨਿ।**

ਚੌਰਾਸੀ ਲੱਖ ਜੀਵਾਂ ਦੀਆਂ ਜਿੰਨੀਆਂ ਬੈਠਕਾਂ ਹਨ ਭਾਵ ਜਿੰਨੇ ਬੈਠਣ ਦੇ ਢੰਗ ਹਨ, ਉਨੇ ਹੀ ਆਸਣ ਜਾਣ ਲਉ।

**ਤਿਨ ਮਹਿਂ ਸਾਰ ਚੁਰਾਸੀ ਲਖੀਯਹਿ, ਸਾਰ ਇਨਹੁਂ ਮਹਿਂ ਖੋੜਸ ਮਾਨ।**

ਤਿਨ ਮਹਿ- ਉਹਨਾਂ ਵਿੱਚ ਭਾਵ ਉਪਰ ਦੱਸੇ ਚੌਰਾਸੀ ਲੱਖ ਆਸਣਾਂ ਦੇ ਵਿੱਚ ਸਿਰਫ ਚੌਰਾਸੀ ਆਸਣ ਹੀ ਸ੍ਰੇਸ਼ਟ ਜਾਣੇ ਜਾਂਦੇ ਹਨ। ਇਹਨਾਂ ਚੌਰਾਸੀ ਆਸਣਾਂ ਦੇ ਵਿੱਚੋਂ ਵੀ ਸੋਲਾਂ ਆਸਣਾ ਨੂੰ ਹੀ ਉਤਮ ਮੰਨਿਆ ਜਾਂਦਾ ਹੈ।

**ਸ੍ਵਸਤ, ਪਦਮ, ਗੋਮੁਖ, ਅਰ, ਹੰਸੰ, ਆਸਨ ਚਾਰ ਬ੍ਰਹਮਾ ਕੇ ਸਜਾਨ।**

ਸ੍ਵਸਤ, ਪਦਮ, ਗੋਮੁਖ ਅਤੇ ਹੰਸ ਇਹ ਜਿਹੜੇ ਚਾਰ ਆਸਣ ਹਨ ਇਹਨਾਂ ਨੂੰ ਬ੍ਰਹਮਾ ਜੀ ਦੇ ਆਸਣ ਜਾਣ ਲਉ।

**ਗਰੁੜ, ਨਾਗ, ਕੂਰਮ, ਨਰਸਿੰਘਹਿ, ਚਾਰਹੁਂ ਬਿਸ਼ਨੁ ਕੇਰ ਪਹਿਚਾਨ।੯।**

ਗਰੁੜ, ਨਾਗ, ਕੂਰਮ ਅਤੇ ਨਰਸਿੰਘ ਇਹ ਚਾਰੇ ਆਸਣ ਬਿਸ਼ਨੂ ਜੀ ਦੇ ਪਹਿਚਾਣ ਲਉ।

**ਵੀਰ ਮਯੂਰ ਵੱਜ ਸਿੱਧ ਚਾਰਹੁਂ ਰੁਦ੍ਰਾਸਨ ਇਹ ਕਰੈ ਬਨਾਇ।**

ਵੀਰ, ਮਯੂਰ, ਵੱਜਰ, ਸਿਧ ਚਾਰੇ ਆਸਣ ਸ਼ਿਵ ਜੀ ਦੇ ਦੱਸੇ ਹਨ।

**ਹੋਤਿ ਭਗਾਸਨ ਕਹੈਂ ਸ਼ਕਤਿ ਕੋ ਸ਼ਿਵ ਕੋ ਪਸਚਮਤਾਨ ਸੁਹਾਇ।**

ਤੇਰਵੇਂ ਆਸਣ ਨੂੰ ਸ਼ਕਤੀ ਦਾ ਆਸਣ ਕਹਿੰਦੇ ਹਨ। ਚੌਦਵੇਂ ਪਸਚਮਤਾਨ ਆਸਣ ਨੂੰ ਸ਼ਿਵ ਜੀ ਦਾ ਸੋਭਨੀਕ ਆਸਣ ਮੰਨਿਆ ਜਾਂਦਾ ਹੈ।

**ਧਨੁਖ ਉਤਾਨ ਦੋਇ ਇਹ ਸਭਿ ਕੇ ਸੋਲਹਿ ਆਸਨ ਦਏ ਬਤਾਇ।**

ਧਨੁਖ ਅਤੇ ਉਤਾਨ ਇਹ ਦੋਵੇਂ ਸਭ ਦੇ ਭਾਵ ਸਾਰਿਆਂ ਦੇ ਹਨ। ਇਹ ਸੋਲਾਂ ਆਸਣਾਂ ਦੇ ਨਾਮ ਦੱਸ ਦਿੱਤੇ ਹਨ।

**ਪਖਜਾਂਤਰ ਖੋੜਸ ਮਹਿਂ ਚਾਰੰਹੁ ਹੈ ਸ੍ਰੇਸ਼ਟ ਸੋ ਦੇਉਂ ਸੁਨਾਇ ।੧੦।**

ਪਖਜਾਂਤਰ ਸੋਲਾਂ ਵਿੱਚੋਂ ਵੀ ਚਾਰ ਹੀ ਸ਼੍ਰੇਸ਼ਟ ਹਨ ਉਹਨਾਂ ਬਾਰੇ ਦੱਸ ਦਿੰਦਾ ਹਾਂ ਸੁਣਾ ਕੇ।

**ਸਿੰਘ, ਪਦਮ, ਸਿੱਧ, ਭੱਦ੍ਰ ਚਾਰ ਗਿਨ, ਇਨ ਮਹਿਂ ਦ੍ਵੈ ਸ੍ਰੇਸ਼ਟ ਲਖਿਯੰਤਿ।**

ਸਿੰਘ,ਪਦਮ, ਸਿਧ, ਭੱਦ੍ਰ ਇਹ ਜੋ ਚਾਰ ਆਸਣ ਗਿਣੇ ਹਨ। ਇੰਨ੍ਹਾਂ ਵਿੱਚੋਂ ਵੀ ਦੋ ਆਸਣ ਹੀ ਸ੍ਰੇਸ਼ਟ ਜਾਣੇ ਜਾਂਦੇ ਹਨ।

**ਸਿੱਧ, ਪਦਮ, ਇਨ ਦ੍ਵੈ ਮਹਿਂ ਸਿਧ ਬਰ ਇਸ ਪ੍ਰਕਾਰ ਆਸਨ ਕਰਿਯੰਤ।**

ਸਿਧ ਅਤੇ ਪਦਮ ਇਹਨਾਂ ਦੋਨਾਂ ਆਸਣਾ ਵਿੱਚੋਂ ਸਿਧ ਆਸਣ ਸ਼੍ਰੇਸ਼ਟ ਮੰਨਿਆ ਜਾਂਦਾ ਹੈ ਇਸ ਤਰ੍ਹਾਂ ਆਸਣ ਕੀਤੇ ਜਾਂਦੇ ਹਨ।

## ਪ੍ਰਾਣਾਯਾਮ

**ਪ੍ਰਾਣਾਯਾਮ ਤ੍ਰਿਧਾ, ਇਕ ਉੱਤਮ, ਮੱਧਜਮ, ਅਰੁ ਕਨਿਸ਼ਟ ਜਨਿਯੰਤ।**

ਉਤਮ ਮੱਧਮ ਅਤੇ ਕਨਿਸ਼ਟ ਤਿੰਨ ਤਰ੍ਹਾਂ ਦਾ ਪ੍ਰਾਣਾਯਮ ਜਾਣਿਆ ਜਾਂਦਾ ਹੈ।

**ਦ੍ਵਾਦਸ਼ ਮਾਤ੍ਰ ਚੰਦ ਕਰਿ ਪੂਰੈ, ਕੁੰਭਕ ਸ਼ਕਤਿ ਪ੍ਰਮਾਣ ਰਖੰਤਿ।੧੧।**

ਜਦੋਂ ਚੰਦਰਮਾ ਦੀ ਸੁਰ ਚੱਲੇ, ਨੱਕ ਦੇ ਖੱਬੇ ਹਿੱਸੇ ਨਾਲ ਬਾਰਾਂ ਵਾਰ ਓਅੰਕਾਰ ਦਾ ਉਚਾਰਨ ਕਰਦਿਆਂ ਪੂਰੀ ਸ਼ਕਤੀ ਨਾਲ ਅੰਦਰ ਨੂੰ ਖਿਚੇ ਤੇ ਟਿਕਾ ਰੱਖੇ ਇਸ ਨੂੰ ਕੁੰਭਕ ਕਹਿੰਦੇ ਹਨ।

**ਰੇਚੈ ਖੋੜਸ ਮਾਤ੍ਰ ਸੂਰਜ ਕਰਿ ਪ੍ਰਾਣਾਯਾਮ ਕਨਿਸ਼ਟ ਪਛਾਨ॥**

ਬਾਰਾਂ ਵਾਰ ਓਅੰਕਾਰ ਦਾ ਉਚਾਰਨ ਕਰ ਅੰਦਰ ਖਿਚੇ ਗਏ ਸੁਆਸ ਨੂੰ ਸੋਲਾਂ ਵਾਰ ਓਅੰਕਾਰ ਦਾ ਉਚਾਰਨ ਕਰਕੇ, ਸੂਰਜ ਸੁਰ ਦੁਆਰਾ ਭਾਵ ਸੱਜੇ ਪਾਸੇ ਰਾਹੀਂ ਛੱਡਣਾ ਇਸਨੂੰ ਰੇਚਕ ਕਹਿੰਦੇ ਹਨ ਇਸ ਨੂੰ ਕਨਿਸਟ ਪ੍ਰਣਾਯਾਮ ਪਛਾਣੋ।

**ਇਸੈ ਕਰਹਿ ਦੁਗੁਨੀ ਕਹਿ ਮੱਧਜਮ, ਤ੍ਰਿਗੁਣੀ ਮਾਤ੍ਰ ਸੁ ਉੱਤਮ ਜਾਨਿ।**

ਇਸ ਉਪਰ ਦੱਸੀ ਕੁੰਭਕ ਤੇ ਰੇਚਕ ਕਿਰਿਆ ਨੂੰ ਦੁਗੁਨੀ ਭਾਵ ਬਾਰਾਂ ਦੀ ਥਾਂ ਚੌਵੀ ਅਤੇ ਸੋਲਾਂ ਦੀ ਥਾਂ ਬੱਤੀ ਬਾਰ ਕਰਨ ਨੂੰ ਮੱਧਯਮ ਅਤੇ ਤਿੰਨ ਗੁਣਾਂ ਵਧਾ ਲੈਣ ਨੂੰ ਉਤਮ ਪ੍ਰਾਣਾਯਾਮ ਕਹਿੰਦੇ ਹਨ।

**ਉਠੈ ਬਿਰਤਿ ਇਕ ਗ੍ਰਹਣ ਕਰੈ ਤਿਹ, ਪ੍ਰੱਤਜਾਹਾਰ ਨਾਮ ਪਹਿਚਾਨ।**

ਇਕ ਬਿਰਤੀ ਉਠੀ ਉਸਨੂੰ ਉਸੇ ਵੇਲੇ ਪਕੜ ਲਿਆ ਭਾਵ ਰੋਕ ਲੈਣਾ ਇਸ ਦਾ ਨਾਮ ਪ੍ਰਤਿਆਹਾਰ ਪਛਾਣੋ।

**ਬਿਧਿ, ਹਰਿ, ਹਰ ਕੀ, ਕੈ ਪੰਜ ਤਤ ਕੀ ਕਰਣ ਧਾਰਣਾ ਇਸੈ ਬਖਾਨ।੧੨।**

ਬ੍ਰਹਮਾ, ਸ਼ਿਵ, ਵਿਸ਼ਨੂੰ ਅਥਵਾ ਪੰਜਾਂ ਤੱਤਾਂ ਵਿੱਚ ਆਪਣੇ ਆਪ ਨੂੰ ਟਿਕਾਉਣ-ਲੀਨ ਕਰਨ ਦਾ ਅਭਿਆਸ ਕਰਨਾ ਇਸੇ ਨੂੰ ਧਾਰਨਾ ਕਿਹਾ ਜਾਂਦਾ ਹੈ।

**ਏਕ ਬਿਖੈ ਬ੍ਰਿਤ ਟਿਕਹਿ ਧਜਾਨ ਸੋ ਲਖਹੁ, ਸਮਾਧੀ ਦੋਇ ਪ੍ਰਕਾਰ।**

ਇਕ ਵਿੱਚ ਬਿਰਤੀ ਦੇ ਟਿਕ ਜਾਣ ਨੂੰ ਧਿਆਨ ਕਿਹਾ ਜਾਂਦਾ ਹੈ ਅਥਵਾ ਇਕ ਰਸ ਬਿਤੀ ਦੇ ਟਿਕ ਜਾਣ ਨੂੰ ਧਿਆਨ ਕਿਹਾ ਜਾਦਾ ਹੈ। ਧਿਆਨ ਦੀ ਪਰਿਪੱਕ ਅਵਸਥਾ ਨੂੰ ਸਮਾਧੀ ਕਿਹਾ ਜਾਂਦਾ ਹੈ ਅਤੇ ਸਮਾਧੀ ਦੋ ਪ੍ਰਕਾਰ ਦੀ ਕਹੀ ਜਾਂਦੀ ਹੈ।

**ਇਕ ਸਵਿਕਲਪ ਦੁਤੀ ਨਿਰਵਿਕਲਪ, ਅੰਗ ਜੋਗ ਕੇ ਅਸ਼ਟ ਵਿਚਾਰ।**

ਇਕ ਸਵਿਕਲਪ ਦੂਜੀ ਨਿਰਵਿਕਲਪ ਹੈ ਇੱਥੇ ਤੱਕ ਜੋਗ ਦੇ ਅੱਠ ਅੰਗ, ਜੋਗ ਗ੍ਰੰਥਾਂ ਵਿੱਚ ਕਥਨ ਕੀਤੇ ਮਿਲਦੇ ਹਨ, ਉਹਨਾਂ ਜੋਗ ਦੇ ਅੱਠਾਂ ਦੀ ਅੰਗਾਂ ਦੀ ਵਿਚਾਰ ਕੀਤੀ ਹੈ।

**ਸ਼੍ਰੋਤ੍ਰ, ਤੁਚਾ, ਚਖੁ, ਜੀਹ, ਰੁ ਨਾਸਾ ਗਜਾਨਿੰਦ੍ਰੀ ਏਹ ਪੰਚ ਉਚਾਰ।**

ਕੰਨ, ਚਮੜੀ, ਅੱਖ, ਜੀਭ ਤੇ ਨਾਸਕਾ ਇਹ ਪੰਜ ਗਿਆਨ ਇੰਦਰੀਆਂ ਹਨ।

**ਵਾਕ, ਪਾਨ, ਪਦ, ਗੁਦਾ, ਉਪਸਥੰ ਪੰਚ ਕਰਮ ਇੰਦ੍ਰੇ ਉਰਧਾਰ।੧੩।**

ਵਾਕ, ਹੱਥ, ਪੈਰ ਅਤੇ ਦੋਨੋ ਗੁਪਤ ਇੰਦਰੇ ਜੋ ਹਨ ਇਹਨਾਂ ਨੂੰ ਕਰਮ ਇੰਦਰੇ ਕਿਹਾ ਜਾਂਦਾ ਹੈ। ਐਸਾ ਹਿਰਦੇ ਵਿੱਚ

ਧਾਰਨ ਕਰੋ।

**ਸ਼ਬਦ, ਸਪਰਸ, ਰੂਪ, ਰਸ, ਗੰਧਜੰ ਬਿਖਯ ਪੰਚ ਗਯਾਨਿੰਦ੍ਰੀ ਕੇਰ।**

ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਇਹ ਪੰਜ ਗਿਆਨ ਇੰਦਰਿਆਂ ਦੇ ਪੰਜ ਵਿਸ਼ੇ ਹਨ।

**ਕਹਿਣ ਗ੍ਰਹਣ ਗਤਿ ਅਨੰਦ ਬਿਸਰਗੰ ਕਰਮੇਂਦ੍ਰੀ ਕੇ ਬਿਖਯ ਬਡੇਰ।**

ਬੋਲਣਾ, ਗ੍ਰਹਿਣ ਕਰਨਾ, ਚਲਣਾ, ਕਾਮ ਰਸ ਅਤੇ ਮਲ ਤਿਆਗ ਇਹ ਕਰਮ ਇੰਦ੍ਰੀਆਂ ਦੇ ਬਡੇਰ ਭਾਵ ਸਥੂਲ ਵਿਸ਼ੇ ਹਨ।

**ਮਨ, ਬੁਧ ਚਿਤ, ਅਹੰਕਾਰ ਚਤੁਸ਼ਟੈ ਅੰਤਸ਼ਕਰਣ ਰੂਪ ਇਹ ਹੇਰਿ।**

ਮਨ,ਬੁਧੀ, ਚਿਤ, ਅਹੰਕਾਰ ਇਹਨਾਂ ਚਾਰਾਂ ਦੇ ਨਾਲ ਅੰਤਸ਼ਕਰਣ ਦਾ ਰੂਪ ਬਣਦਾ ਹੈ ਭਾਵ ਮਨ ਬੁਧੀ ਚਿਤ ਅਹੰਕਾਰ ਅੰਤਸ਼ਕਰਣ ਦਾ ਸਰੂਪ ਹੈ ਇਸ ਤਰ੍ਹਾਂ ਜਾਣੋ।

**ਸੰਕਲਪ, ਨਿਸ਼ਚੈ, ਅਨੁਸੰਧਾਨੰ, ਗਰਵ, ਜਥਾਕ੍ਰਮ ਬਿਖਯ ਨਿਬੇਰ।੧੪।**

ਫੁਰਨੇ ਕਰਨਾ, ਨਿਸ਼ਚੇ ਕਰਨਾ, ਚਿੰਤਨ ਕਰਨਾ, ਅਹੰਕਾਰ ਕਰਨਾ ਜਥਾ ਕਰਮ - ਉਪਰ ਦੱਸੇ ਅਨੁਸਾਰ ਮਨ, ਬੁਧ ਆਦਿਕ ਚੌਹਾਂ ਦੇ ਵਿਸ਼ਿਆਂ ਦਾ ਨਿਬੇਰ-ਨਿਬੇੜਾ ਕਰਕੇ ਦੱਸ ਦਿੱਤਾ ਹੈ।

**ਦਿਸ਼ਾ, ਪੌਨ, ਰਵਿ, ਜਲ ਪਤਿ, ਛਿਤ, ਸੁਰ, ਅਗਨੀ, ਇੰਦ੍ਰ, ਉਪਿੰਦ੍ਰ ਬਖਾਨ।**
**ਪ੍ਰਜਾਪਤੀ, ਮ੍ਰਿੱਤਜੂ, ਸਸਿ, ਬ੍ਰਹਮਾ, ਖੇਤ੍ਰੱਰਾ, ਰੁਦ੍ਰ, ਦੇਵਤਾ ਜਾਨ।**

ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ ਅਤੇ ਅੰਤਸ਼ਕਰਣ ਦੇ ਦੇਵਤਿਆਂ ਦੇ ਇਹ ਨਾਮ ਹਨ। ਪਿੱਛੇ ਵੇਦਾਂਤ ਪ੍ਰਕਰਣ ਵਿੱਚ ਵਿਸਥਾਰ ਸਹਿਤ ਕਥਨ ਕਰ ਆਏ ਹਾਂ ਉਥੇ ਦੇਖ ਲੈਣਾ।

**ਪ੍ਰਾਨ, ਅਪਾਨ, ਸਮਾਨ, ਉਦਾਨੰ, ਬਜਾਨ, ਨਾਗ, ਕੂਰਮ, ਪਹਿਚਾਨ।**
**ਕਿਰਕਲ, ਦੇਵੰਦੱਤ, ਧਨੰਜਯ, ਇਹ ਦਸ ਬਯਸ਼੍ਰ ਗਿਨੀਜੈ ਪ੍ਰਾਨ।੧੫।**

ਪ੍ਰਾਣ, ਅਪਾਨ, ਸਮਾਨ, ਉਦਾਨ, ਬਯਾਨ, ਨਾਗ, ਕੂਰਮ, ਕੀਰਕਲ, ਦੇਵਦੱਤ, ਧਨੰਜਯ ਇਹ ਦਸ ਨਾਮ ਪ੍ਰਾਣਾਂ ਦੇ ਗਿਣ ਲਵੋ।

**ਕ੍ਰਿਯਾ ਸ਼ਕਤਿ ਨੇ ਪ੍ਰਾਨ ਸਮਸ਼ਟੇ, ਕਾਰਨ ਸੂਖਮ ਥੂਲ ਸਰੀਰ।**

ਕਿਰਿਆ ਸ਼ਕਤੀ ਕਰਕੇ ਸਮਸ਼ਟੇ=ਸਾਰੇ ਜਿਹੜੇ ਪ੍ਰਾਣ ਹਨ, ਕਾਰਨ, ਸੂਖਮ ਅਤੇ ਸਥੂਲ ਸਰੀਰ ਵਿੱਚ ਅਲੱਗ-ਅਲੱਗ ਕਿਰਿਆ ਕਰਦੇ ਹਨ।

**ਵੈਰਾਟ ਸੂਤ੍ਰ ਅੱਬਿਜਾਕ੍ਰਿਤ ਜੇਈ ਇਹੀ ਸਮਸ਼ਟਿ ਸਰੀਰ ਗੰਭੀਰ।**

ਵੈਰਾਟ, ਸੂਤ੍ਰਾਤਮਾ, ਅੱਬਿਆਕ੍ਰਿਤ ਇਹ ਈਸ਼ਵਰ ਦੇ ਤਿੰਨ ਸਰੀਰ ਹਨ। ਜਦੋਂ ਡੂੰਘਾਈ ਨਾਲ ਵਿਚਾਰ ਕਰਕੇ ਦੇਖਦੇ ਹਾਂ, ਤਾਂ ਸਮੂਹ ਸੂਖਮ, ਸਥੂਲ ਅਤੇ ਕਾਰਨ ਸਰੀਰਾਂ ਨੂੰ ਹੀ ਵੈਰਾਟ, ਸੂਤ੍ਰਾਤਮਾ, ਅੱਬਿਆਕ੍ਰਿਤ ਕਿਹਾ ਜਾਂਦਾ ਹੈ।

**ਅਭਿਮਾਨੀ ਵਿਸ਼੍ਵ, ਤੇਜਸ, ਪ੍ਰਾਗਹਿ ਇਹ ਬਯਸ਼ਟਿ ਕੇ ਤੀਨ ਸਧੀਰ।**

ਹੇ ਬੁਧੀਵਾਨ ਗੁਰਸਿਖੋ ਜੀਵਾਂ ਦੇ ਜੋ ਪ੍ਰਤੇਯਕ-ਇਕ ਇਕ ਸਰੀਰ ਹਨ, ਉਹਨਾਂ ਸਰੀਰਾਂ ਦੀਆਂ ਜਾਗ੍ਰਤ, ਸੁਪਨ, ਸਖੋਪਤੀ ਤਿੰਨੇ ਹੀ ਅਵਸਥਾਵਾਂ ਦੇ ਅਭਿਮਾਨੀ ਵੀ ਤਿੰਨ ਹੀ ਹਨ ਭਾਵ ਜਾਗ੍ਰਤ ਅਵਸਥਾ ਦੇ ਅਭਿਮਾਨੀ ਜੀਵ ਨੂੰ ਵਿਸ਼ਵ, ਸੁਪਨ ਦੇ ਅਭਿਮਾਨੀ ਜੀਵ ਨੂੰ ਤੈਜ਼ਸ, ਅਤੇ ਸੁਖੋਪਤੀ ਦੇ ਅਭਿਮਾਨੀ ਜੀਵ ਨੂੰ ਪ੍ਰਾਗ ਕਿਹਾ ਜਾਂਦਾ ਹੈ।

**ਈਸ੍ਵਰ ਹਿਰਣਗਰਭ ਬੈਸ੍ਵਾਨਰ ਇਹ ਸਮਸ਼ਟਿ ਅਭਿਮਾਨੀ ਬੀਰ।੧੬।**

ਜਿਵੇਂ ਬਯਸਟਿ ਭੇਦ ਕਰਕੇ ਤਿੰਨੇ ਸਰੀਰਾਂ ਦੇ ਅਭਿਮਾਨੀ ਜੀਵ ਦਾ ਨਾਮ ਵਿਸ਼ਵ, ਤੈਜਸ, ਪ੍ਰਾਗ ਹੈ। ਉਸੇ ਤਰ੍ਹਾਂ ਸਮਸ਼ਟਿ ਭੇਦ ਕਰਕੇ ਤਿੰਨੇ ਸਰੀਰਾਂ ਦੇ ਅਭਿਮਾਨੀ ਦਾ ਨਾਮ ਈਸ਼ਵਰ, ਹਿਰਣਗਰਭ, ਬੈਸ੍ਵਾਨਰ ਹੈ।

**ਬਯਸ਼ਟਿ ਸਮਸ਼ਟ ਅਧਯਸੁ ਲਖਹੁ ਦ੍ਵੈ ਜਿਮ ਸਰਪਾਦਿ ਜੇਵਰੀ ਮਾਂਹ।**

ਸਮਸਟੀ ਬਿਅਸਟੀ ਉਪਾਧਿ ਕ੍ਰਿਤ ਜੀਵ, ਈਸ਼ਵਰ ਆਦਿਕ ਇਹ ਦੋਵੇਂ ਭੇਦ ਆਤਮਾ ਵਿੱਚ ਅਧਿਅਸਤ ਹਨ ਭਾਵ ਕਲਪਿਤ ਹਨ, ਜਿਵੇਂ ਰੱਸੀ ਵਿੱਚ ਸੱਪ ਕਲਪਿਤ ਹੁੰਦਾ ਹੈ ਇਸ ਵਿਚਾਰ ਨੂੰ ਹਿਰਦੇ ਵਿੱਚ ਚੰਗੀ ਤਰ੍ਹਾਂ ਜਾਣ ਲਵੋ।

**ਸੀਪ ਬਿਖੈ ਰੂਪੋ ਜਿਮ ਕਲਪਤਿ ਤਿਮ ਬ੍ਰਹਮਾਤਮ ਚੇਤਨ ਆਹਿ।**

ਜਿਸ ਪ੍ਰਕਾਰ ਸਿੱਪੀ ਵਿੱਚ ਚਾਂਦੀ ਦਾ ਭਰਮ ਪੈ ਜਾਂਦਾ ਹੈ ਵਾਸਤਵ ਸਿੱਪੀ ਵਿੱਚ ਚਾਂਦੀ ਨਹੀਂ ਹੁੰਦੀ, ਇਹ ਸਿੱਪੀ ਵਿੱਚ ਚਾਂਦੀ ਦਾ ਕਲਪਿਤ ਰੂਪ ਹੁੰਦਾ ਹੈ। ਜਿਵੇਂ ਰੱਸੀ ਵਿੱਚ ਸੱਪ, ਸਿੱਪੀ ਵਿੱਚ ਚਾਂਦੀ ਅਧਿਅਸਤ ਰੂਪ ਵਿੱਚ ਭਾਸ਼ਦੇ ਹਨ, ਕਲਪਿਤ ਰੂਪ ਵਿੱਚ ਭਾਸ਼ਦੇ ਹਨ ਠੀਕ ਉਸੇ ਤਰ੍ਹਾਂ ਬ੍ਰਹਮ ਸਰੂਪ ਆਤਮਾ ਵਿੱਚ ਚੇਤਨ ਦੀ ਸੱਤਾ ਕਰਕੇ ਹੀ ਜੀਵ ਅਤੇ ਈਸ਼ਵਰ, ਸਮਸ਼ਟੀ, ਬਿਅਸਟੀ ਭੇਦ ਕਰਕੇ ਅਧਿਅਸਤ ਰੂਪ ਵਿੱਚ ਹੀ ਭਾਸ਼ਦੇ ਹਨ ਵਾਸਤਵਿਕਤਾ ਵਿੱਚ ਨਹੀਂ ਹੈ

**ਅੱਗਜਾਨ ਕਰਿ ਕਲਪਤਿ ਸਭਿ ਜਗ, ਅਧਿਸ਼੍ਟਾਨਿ ਆਤਮ ਇਕ ਚਾਹਿ।**

ਇਹ ਸਾਰਾ ਜਗਤ ਹੀ ਮਾਇਆ ਕਰਕੇ ਅਧਿਸ਼ਠਾਨ ਭਾਵ ਆਸਰਾ ਰੂਪ ਬ੍ਰਹਮ ਵਿੱਚ ਅਧਿਅਸਤ ਭਾਵ ਕਲਪਿਤ ਹੈ। ਇਹ ਜਿਤਨਾ ਵੀ ਅਗਿਆਨ ਅਥਵਾ ਮਾਇਆ ਕ੍ਰਿਤ ਕਲਪਿਤ ਪ੍ਰਪੰਚ ਹੈ ਇਸ ਸਭ ਦਾ ਆਸਰਾ ਇੱਕ ਬ੍ਰਹਮ ਹੀ ਹੈ।

**ਨਹੀਂ ਜੇਵਰੀ ਜਾਨਹਿ ਜੌ ਲਗ ਤੌ ਲਗ ਕਲਪ ਕਲਪ ਦੁਖ ਪਾਹਿ।੧੭।**

ਜਦੋਂ ਤੱਕ ਜੀਵ ਨੂੰ ਰੱਸੀ ਦਾ ਗਿਆਨ ਨਹੀਂ ਹੋ ਜਾਂਦਾ ਉਦੋਂ ਤੱਕ ਜੀਵ ਭੁਲੇਖੇ ਕਾਰਨ ਕਲਪਿਤ ਸੱਪ ਦੇ ਡਰ ਕਰਕੇ ਕਲਪਦਾ ਰਹਿੰਦਾ ਹੈ ਤੇ ਦੁੱਖ ਪਾਉਂਦਾ ਰਹਿੰਦਾ ਹੈ। ਉਸੇ ਤਰ੍ਹਾਂ ਤਿੰਨੇ ਸਰੀਰਾਂ ਵਿੱਚ ਵਿਦਮਾਨ ਆਤਮਾ ਦੇ ਸਰੂਪ ਦਾ ਗਿਆਨ ਜਿੰਨਾਂ ਚਿਰ ਨਹੀਂ ਹੋ ਜਾਂਦਾ ਉਨਾ ਚਿਰ ਇਹ ਜੀਵ ਕਲਪਦਾ ਕਲਪਦਾ ਦੁਖ ਭੋਗਦਾ ਰਹਿੰਦਾ ਹੈ।

## ਪ੍ਰਲਯ

**ਤਤਪੰਚੀਕ੍ਰਿਤ ਪੰਚ ਅਪੰਚਿਕ੍ਰਿਤ ਜਬਿ ਸਗਰੇ ਲੈਤਾ ਕਹੁ ਪਾਇਂ।**

ਜਦੋਂ ਪੰਚੀਕ੍ਰਿਤ ਪੰਜੇ ਤੱਤ ਅਪੰਚੀਕ੍ਰਿਤ ਤੱਤਾਂ ਵਿੱਚ ਮਿਲ ਕੇ ਲੀਨਤਾ ਪ੍ਰਾਪਤ ਕਰਦੇ ਹਨ ਅਥਵਾ ਜਦੋਂ ਪੰਚੀਕ੍ਰਿਤ ਤੱਤ,ਅਪੰਚੀਕ੍ਰਿਤ ਤੱਤਾਂ ਵਿੱਚ ਸਾਰੇ ਦੇ ਸਾਰੇ ਲੀਨ ਹੋ ਜਾਂਦੇ ਹਨ।

**ਭੂਤ ਅਪ੍ਰੰਚੀਕ੍ਰਿਤ ਪੁਨ ਸਾਰੇ ਅੱਬਿਜਾਕ੍ਰਿਤ ਮੈਂ ਲੈ ਹੁਇ ਜਾਹਿਂ।**

ਫਿਰ ਸਾਰੇ ਅਪੰਚੀਕ੍ਰਿਤ ਤੱਤ ਅੱਬਿਆਕ੍ਰਿਤ ਵਿੱਚ ਲੈ ਹੋ ਜਾਂਦੇ ਹਨ।

**ਭੂਤ ਸਥੂਲ ਹੋਇਂ ਲੈ ਜਬਹੂੰ ਯਾਕੋ ਪ੍ਰਲੈ ਰੈਨ ਦਿਨ ਨਾਇ।**

ਜਦੋਂ ਸਥੂਲ ਤੱਤ ਸੂਖਮ ਤੱਤਾਂ ਵਿੱਚ ਲੀਨ ਹੁੰਦੇ ਹਨ ਇਸ ਨੂੰ ਦਿਨ ਰਾਤ ਦੀ ਪ੍ਰਲੈ ਕਿਹਾ ਜਾਂਦਾ ਹੈ।

**ਸੂਖਮ ਭੂਤ ਹੋਤਿ ਲਯ ਜਾਨਹੁ ਪ੍ਰਾਕ੍ਰਿਤ ਪ੍ਰਲੈ ਸੁ ਨਾਮ ਕਹਾਇ।੧੮।**

ਸਤ ਚਿਤ ਅਨੰਦ ਸਰੂਪ ਬ੍ਰਹਮ ਦੇ ਗਿਆਨ ਹੋ ਜਾਣ ਨਾਲ ਮਾਇਆ ਆਦਿਕ ਸਭ ਪ੍ਰਪੰਚ ਦਾ ਜਦੋਂ ਅਭਾਵ ਹੋ ਜਾਂਦਾ ਹੈ ਅਥਵਾ ਜਦੋਂ ਆਤਮਾ ਦਾ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਉਸ ਵੇਲੇ ਅਗਿਆਨ ਰਚਿਤ ਪ੍ਰਪੰਚ ਦੀ ਪ੍ਰਤੀਤੀ ਹੋਣੀ ਬੰਦ ਹੋ ਜਾਂਦੀ ਹੈ। ਅਭਾਵ ਤੋਂ ਮਤਲਬ ਹੈ ਪ੍ਰਪੰਚ ਦੀ ਪ੍ਰਤੀਤੀ ਦਾ ਖਤਮ ਹੋ ਜਾਣਾ।

**ਬ੍ਰਹਮ ਸੱਚਿਦਨੰਦ ਗਜਾਨ ਤੇ ਸਭਿ ਕੋ ਜਬਿ ਅਭਾਵ ਹੁਇ ਜਾਇ।**

**ਸੀਪ ਰੱਜੂ ਕੋ ਗਜਾਨ ਹੋਇ ਜਬਿ ਰੂਪਾ ਸਰਪ ਨਹੀਂ ਜਿਸ ਭਾਇ।**

ਜਿਵੇਂ ਸਿੱਪੀ ਤੇ ਰੱਸੀ ਦਾ ਜਦੋਂ ਗਿਆਨ ਹੋ ਜਾਂਦਾ ਹੈ ਤਾਂ ਫਿਰ ਚਾਂਦੀ ਅਤੇ ਸੱਪ ਦਾ ਭਰਮ ਦੁਬਾਰਾ ਨਹੀਂ ਹੁੰਦਾ ਉਸੇ ਤਰ੍ਹਾਂ ਜਦੋਂ ਆਤਮਾ ਦਾ ਗਿਆਨ ਹੋ ਜਾਂਦਾ ਹੈ ਤਾ ਫਿਰ ਆਤਮਾ ਵਿੱਚ ਅਨਾਤਮਾ ਦਾ ਅਧਿਆਸ ਦੁਬਾਰਾ ਨਹੀਂ ਹੁੰਦਾ ਭਾਵ ਸਭ ਪ੍ਰਪੰਚ ਆਦਿ ਦਾ ਅਭਾਵ ਜਦੋਂ ਹੋ ਜਾਂਦੀ ਹੈ ਤਾਂ ਇਸ ਦਾ ਅਧਿਆਸ ਦੁਬਾਰਾ ਨਹੀਂ ਹੁੰਦਾ।

**ਤਥਾ ਅਧਜਸ਼ਟ ਗਜਾਨ ਤੇ ਨਾਨਾ ਹੁਇ ਅਭਾਵ ਸਭਿ ਦ੍ਵੈਤ ਬਿਲਾਇ।**

ਉਸੇ ਤਰ੍ਹਾਂ ਅਧਿਸ਼ਠਾਨ ਦਾ ਗਿਆਨ ਹੋ ਜਾਣ ਨਾਲ, ਨਾਨਾ ਪੁਣੇ ਦਾ ਅਭਾਵ ਹੋ ਜਾਂਦਾ ਹੈ ਅਤੇ ਸਾਰੀ ਦ੍ਵੈਤ ਖਤਮ ਹੋ ਜਾਂਦੀ ਹੈ ਅਥਵਾ ਆਤਮਾ ਦਾ ਗਿਆਨ ਜਦੋਂ ਹੋ ਜਾਂਦਾ ਹੈ ਦ੍ਵੈਤ ਕਾਰਨ ਦਿਸ ਰਿਹਾ ਅਨੇਕ ਪੁਣਾ ਮਿਟ ਕੇ, ਇਕ ਆਤਮ ਸਰੂਪ ਦਾ ਅਨੁਭਵ ਹੀ ਰਹਿ ਜਾਂਦਾ ਹੈ। ਇਕ ਵਾਰ ਜਦੋਂ ਆਤਮਾ ਵਿੱਚ ਅਨਾਤਮਾ ਦੇ ਅਧਿਆਸ ਦੀ ਨਵਿਰਤੀ ਹੋ ਜਾਵੇ ਤਾਂ ਦੁਬਾਰਾ ਉਸਦੀ ਪ੍ਰਤੀਤੀ ਨਹੀਂ ਹੋਇਆ ਕਰਦੀ।

**ਗਜਾਨ ਪ੍ਰਲੈ ਇਸ ਨਾਮ ਕਹਿਤ ਹੈਂ ਸਤਿਗੁਰ ਉਪਦੇਸ਼ਨਿ ਤੇ ਪਾਇ।੧੯।**

ਇਸ ਨੂੰ ਗਿਆਨ ਪ੍ਰਲੈ ਕਹਿੰਦੇ ਹਨ, ਇਸ ਦੀ ਪ੍ਰਤੀਤੀ ਅਥਵਾ ਅਨੁਭਵ ਸਤ ਸਰੂਪ ਹੋ ਚੁੱਕੇ ਗੁਰੂਆਂ ਦੁਆਰਾ ਦਿੱਤੇ ਗਏ ਬ੍ਰਹਮ ਗਿਆਨ ਉਪਦੇਸ਼ ਦੁਆਰਾ ਹੁੰਦਾ ਹੈ।

## ਉਤਪਤਿ

**ਭੂਤ ਅਪੰਚੀਕ੍ਰਿਤ ਜੁਤਿ ਕਾਰਜ ਪੰਚੀਕ੍ਰਿੱਤ ਸਕਾਰਜ ਹੋਇ।**

ਜਦੋਂ ਪੰਜ ਸੂਖਮ ਤੱਤ ਜੁਤਿ ਕਾਰਜ-ਹਰਕਤ ਵਿੱਚ ਆਉਂਦੇ ਹਨ ਤਾਂ ਇਹਨਾ ਦਾ ਪੰਜੀਕਰਣ ਹੁੰਦਾ ਹੈ ਅਥਵਾ ਪੰਚੀਕ੍ਰਿਤ ਹੁੰਦੇ ਹਨ।

**ਇਨ ਕੋ ਉਪਜਨ ਆਦਿ ਪੁਰਖ ਤੇ ਉਤਪਤਿ ਨਾਮ ਜਾਨੀਏ ਸੋਇ।**

ਇਹਨਾਂ ਦਾ ਆਦਿ ਪੁਰਖ-ਪਰਮਾਤਮਾ ਤੋਂ ਉਤਪੰਨ ਹੋਣਾ ਅਤੇ ਸੂਖਮ ਸਥੂਲ ਤੱਤਾਂ ਦੁਆਰਾ ਸ੍ਰਿਸਟੀ ਦਾ ਹੋਂਦ ਵਿੱਚ ਆਉਂਣਾ ਇਸ ਨੂੰ ਉਤਪੱਤੀ ਕਹਿੰਦੇ ਹਨ ਅਥਵਾ ਯੋਗ ਮੱਤ ਵਿੱਚ ਇਸਨੂੰ ਉਤਪੱਤੀ ਕਹਿੰਦੇ ਹਨ।

## ਸਥਿਤੀ

**ਉਪਜਿ ਪ੍ਰਪੰਚ ਥਿਰੈ ਬਿਧਿ ਬਯ ਲਗ ਇਸਕੋ ਨਾਮ ਸਥਿਤ ਤੂੰ ਜੋਇ।**

ਆਦਿ ਪੁਰਖ ਤੋਂ ਪੈਦਾ ਹੋ ਕੇ ਬ੍ਰਹਮਾ ਜੀ ਦੀ ਉਮਰ ਤੱਕ ਇਹ ਸੰਸਾਰ ਟਿਕਿਆ ਰਹਿੰਦਾ ਹੈ ਭਾਵ ਨਾਸ਼ ਨਹੀਂ ਹੁੰਦਾ ਇਸੇ ਦਾ ਨਾਮ ਤੁਸੀ ਸ ਥਿਤੀ ਜਾਣ ਲਉ।

**ਸਥਿਤਿ ਅਵਾਂਤਰ ਭੇਦ ਜੁ ਬਿਧਿਨਿਸਦਿਨ ਬਿਧਿ ਪ੍ਰਲੈ ਕਹੈਂ ਸਭਿ ਕੋਇ।੨੦।**

ਬ੍ਰਹਮਾ ਜੀ ਦੀ ਰਾਤ, ਪਰਲੈ ਅਤੇ ਦਿਨ ਸਥਿਤੀ, ਇਸ ਤਰ੍ਹਾਂ ਵੀ ਸਾਰੇ ਕਹਿੰਦੇ ਹਨ ਬ੍ਰਹਮਾ ਦੇ ਦਿਨ ਨੂੰ ਅਵਾਂਤਰ ਸਥਿਤੀ ਅਤੇ ਰਾਤ ਨੂੰ ਅਵਾਂਤਰ ਪ੍ਰਲੈ ਕਹਿੰਦੇ ਹਨ।

**ਪੂਰਣ ਆਯੂ ਬ੍ਰਹਮਾ ਲੈ ਹੁਇ ਦੁਤੀ ਪ੍ਰਲੈ ਸਭਿ ਕੋ ਛੈ ਜਾਨਿ।**

ਜਦੋਂ ਬ੍ਰਹਮਾ ਜੀ ਦੀ ਉਮਰ ਪੂਰੀ ਹੋ ਜਾਂਦੀ ਹੈ ਉਸ ਸਮੇਂ ਦੂਸਰੀ ਪ੍ਰਲੈ ਆਉਂਦੀ ਹੈ ਇਸ ਪਰਲੋ ਵਿੱਚ ਸਭ ਦਾ ਨਾਸ਼ ਹੋ ਜਾਂਦਾ ਹੈ ਇਸ ਤਰ੍ਹਾਂ ਜਾਣ ਲਉ।

**ਜਿਸ ਮਹਿੰ ਉਤਪਤਿ, ਸਥਿਤ ਨ ਪਰਲੈ, ਤ੍ਰਿਤੀ ਹੋਤਿ ਹੈ ਪ੍ਰਲੈ ਗਯਾਨ।**

ਤੀਸਰੀ ਪ੍ਰਲੈ ਨੂੰ ਗਿਆਨ ਪ੍ਰਲੈ ਕਿਹਾ ਜਾਂਦਾ ਹੈ ਇਸ ਗਿਆਨ ਪਰਲੈ ਵਿੱਚ ਨਾਂ ਤਾਂ ਉਤਪਤੀ ਹੀ ਹੁੰਦੀ ਹੈ, ਨਾਂ ਸਥਿਤੀ ਹੀ ਹੁੰਦੀ ਹੁੰਦੀ ਹੈ, ਨਾ ਪ੍ਰਲੈ ਹੀ ਹੁੰਦੀ ਹੈ।

**ਮੁਕਤਿ ਕਾਲ ਅੱਦ੍ਵੈਤ ਅਖੰਡ ਇਕ ਐਸੋ ਰੂਪ ਤਾਂਹਿ ਪਹਿਚਾਨ।**

ਗਿਆਨ ਪਰਲੈ ਦਾ ਸਰੂਪ ਇਸ ਪ੍ਰਕਾਰ ਪਛਾਣੋ ਕਿ ਮੁਕਤੀ ਦਾ ਉਹ ਸਮਾਂ ਜੋ ਦ੍ਵੈਤ ਤੋਂ ਰਹਿਤ ਹੈ, ਇਕ ਰਸ ਰਹਿਣ ਵਾਲਾ ਉਸਦਾ ਸਰੂਪ ਹੈ।

**ਜੌਂ ਲਗ ਵਿੱਦਯਾ ਗਯਾਨਨ ਉਪਜੈ ਕਾਲ ਅਖੰਡ ਅਵਿੱਦਯਾ ਮਾਨ।੨੧।**

ਜਦੋਂ ਤੱਕ ਆਪਣੇ ਸਰੂਪ ਦਾ ਗਿਆਨ ਹਿਰਦੇ ਵਿੱਚ ਉਤਪੰਨ ਨਹੀਂ ਹੋ ਜਾਂਦਾ ਉਦੋਂ ਤੱਕ ਅਵਿਦਿਆ ਨੂੰ ਇੱਕ ਰਸ ਮੰਨੋ ਭਾਵ ਉਨਾਂ ਸਮਾਂ ਅਵਿਦਿਆ ਬਣੀ ਰਹਿੰਦੀ ਹੈ।

**ਸੰਚਿਤ, ਪਰਾਰਬਧ, ਕ੍ਰਿਯਮਾਣ ਜੁ ਤ੍ਰਿਧਾ ਕਰਮ ਜਾਵਤ ਨਹਿੰ ਗਯਾਨ।**

ਸੰਚਿਤ ਕਰਮ, ਪਰਾਰਬਧ ਕਰਮ, ਕਿਰੇਮਾਨ ਕਰਮ, ਇਹ ਜੋ ਤਿੰਨ ਪ੍ਰਕਾਰ ਦੇ ਕਰਮ ਹਨ। ਇਹ ਉਨਾਂ ਚਿਰ ਹੀ ਹਨ ਜਿੰਨਾਂ ਚਿਰ ਗਿਆਨ ਨਹੀਂ ਹੋ ਜਾਂਦਾ ਅਰਥਾਤ ਜਿੰਨਾਂ ਸਮਾਂ ਅਵਿਦਿਆ ਰਹੇਗੀ ਕਰਮ ਗੇੜ ਵੀ ਬਣਿਆ ਰਹੇਗਾ।

**ਭੂਤ ਭਵਿੱਖਜਤਿ ਬਰਤਮਾਨ ਕੋ ਇਹ ਪ੍ਰਤਿਬੰਧ ਲਏ ਪਹਿਚਾਨ।**

ਪਹਿਲਾਂ ਬੀਤ ਚੁੱਕੇ ਸਮੇਂ ਵਿੱਚ, ਵਰਤਮਾਨ ਵਿੱਚ ਅਤੇ ਅੱਗੇ ਆਉਣ ਵਾਲੇ ਸਮੇਂ ਵਿੱਚ ਵੀ ਅਵਿਦਿਆ ਅਧੀਨ ਹੋਣ ਵਾਲੇ ਇਹ ਤਿੰਨੇ ਕਰਮ, ਜੀਵ ਲਈ ਸਰੂਪ ਦੇ ਗਿਆਨ ਦੀ ਪ੍ਰਾਪਤੀ ਵਿੱਚ ਪ੍ਰਤਿਬੰਧ –ਰੁਕਾਵਟਾਂ ਪਾਉਣ ਵਾਲੇ ਹਨ, ਇਸ ਤਰ੍ਹਾਂ ਪਛਾਣ ਲਵੋ।

## ਆਭਾਸ

**ਤ੍ਰਿਗੁਣੀ ਮਾਯਾ ਲਿਏ ਚੈਤੰਨ ਮਹਿੰ ਜੀਵ ਸੁਭਾਵ ਗਜਾਨ ਬਿਨ ਜਾਨ।**

ਤ੍ਰਿਗੁਣੀ ਮਾਯਾ= ਰਜੋ ਗੁਣੀ, ਤਮੋ ਗੁਣੀ ਅਤੇ ਸਤੋ ਗੁਣੀ ਇਹਨਾਂ ਤਿੰਨਾਂ ਗੁਣਾ ਵਾਲੀ ਜੋ ਮਾਇਆ ਹੈ ਜਿੰਨਾਂ ਸਮਾਂ ਜੀਵ ਇਸ ਦੇ ਪ੍ਰਭਾਵ ਅਧੀਨ ਰਹਿੰਦਾ ਹੈ । ਉਨਾਂ ਸਮਾਂ ਜੀਵ ਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ।

**ਸਤ ਰਜ ਤਮ ਗੁਣ ਤੀਨਹੁ ਤਬਿਲੌਂ ਜਬਲੌਂ ਗਜਾਨ ਨ ਭਯੋ ਮਹਾਨ।੨੨।**

ਇਹ ਤਿੰਨੇ ਗੁਣ ਅਥਵਾ ਤ੍ਰੈਗੁਣੀ ਮਾਇਆ ਉਨਾਂ ਸਮਾਂ ਹੀ ਜੀਵ ਨੂੰ ਵਿਆਪਦੀ ਹੈ ਜਿੰਨਾ ਚਿਰ ਜੀਵ ਨੂੰ ਆਤਮ ਸਾਖਿਆਤਕਾਰ ਨਹੀਂ ਹੋ ਜਾਂਦਾ, ਸਭ ਤੋਂ ਮਹਾਨ ਗਿਆਨ ਆਪਣੇ ਆਤਮਾ ਦੇ ਪ੍ਰਤੱਖ ਅਨੁਭਵ ਹੋ ਜਾਣ ਨੂੰ ਕਹਿੰਦੇ ਹਨ।

**ਗੁਣ ਕੀ ਪਰਵਿਰਤਨ ਤੇ ਰਹਿਤ ਨ, ਭਿੰਨ ਲਖਹਿ ਨਿਜ, ਨਿਰਗੁਣ ਸੋਇ।**

ਜਿੰਨਾ ਸਮਾਂ ਅੰਤਸਕਰਣ ਅਥਵਾ ਜੀਵ ਤਿੰਨਾਂ ਗੁਣਾਂ ਦੀਆਂ ਪ੍ਰਵਿਰਤੀਆਂ ਤੋਂ ਰਹਿਤ ਨਹੀਂ ਹੋ ਜਾਂਦਾ ਉਨਾਂ ਸਮਾਂ ਇਹ ਜੀਵ ਆਪਣੇ ਆਪ ਨੂੰ ਉਸ ਨਿਰਗੁਣ ਤੋਂ ਵੱਖਰਾ ਜਾਣਦਾ ਹੈ।

**ਪ੍ਰਸ਼ਨ:– ਅਭਿੰਨ ਹੋਣ ਦਾ ਗਿਆਨ ਕਿੰਨਾ ਸਮਾਂ ਨਹੀਂ ਹੁੰਦਾ?**

ਉੱਤਰ– ਜਿੰਨਾ ਸਮਾਂ ਇਹ ਤਿੰਨਾਂ ਗੁਣਾਂ ਦੀ ਪ੍ਰਵਿਰਤੀ ਤੋਂ ਰਹਿਤ ਨਹੀਂ ਹੋ ਜਾਂਦਾ।

**ਜਬਹਿ ਤ੍ਰਿਗੁਨ ਮਹਿੰ ਚਿੰਤਨ ਅਪਨਿ ਪੌ ਲਖਿ ਅੱਗਜਾਨ ਤੇ, ਸਰਗੁਣ ਹੋਇ।**

ਜਦੋਂ ਇਹ ਆਪਣੇ ਆਪ ਨੂੰ ਤਿੰਨਾਂ ਗੁਣਾਂ ਵਿੱਚ ਮਿਲਿਆ ਅਨੁਭਵ ਕਰਦਾ ਹੈ ਭਾਵ ਆਪਣੇ ਆਪ ਨੂੰ ਤਿੰਨ ਗੁਣ ਰੂਪ ਮੰਨ ਕੇ ਚਿੰਤਨ ਕਰਦਾ ਹੈ ਇਸ ਨੂੰ ਅਗਿਆਨ ਕਰਕੇ ਚਿੰਤਨ ਕਰਦਾ ਜਾਣੋ ਅਤੇ ਅਗਿਆਨ ਕਰਕੇ ਹੀ ਇਹ ਸਰਗੁਣ– ਤਿੰਨਾਂ ਗੁਣਾਂ ਦੇ ਸਹਿਤ ਹੁੰਦਾ ਹੈ ਅਰਥਾਤ ਆਪਣੇ ਆਪ ਨੂੰ ਤ੍ਰੈਗੁਣੀ ਮਾਇਆ ਰੂਪ ਮੰਨ ਕੇ ਚਿੰਤਨ ਕਰਦਾ ਹੈ।

**ਨਾਸ਼ਵੰਤ ਅਕਾਰ ਪਛਾਨਹੁ, ਨਿਰਾਕਾਰ ਅਬਿਨਾਸ਼ੀ ਜੋਇ।**

ਜਿੰਨੇ ਵੀ ਅਕਾਰ ਹਨ ਸਭ ਨਾਸ਼ਵੰਤ ਹਨ ਜੋ ਨਾਸ਼ ਤੋਂ ਰਹਿਤ ਹੈ ਉਹ ਸਿਰਫ ਨਿਰਾਕਾਰ– ਆਕਾਰ ਰਹਿਤ ਬ੍ਰਹਮ ਹੀ ਹੈ।

**ਕਵਿ ਸੰਤੋਖ ਸਿੰਘ, ਕਹਿੰ ਸਤਿਗੁਰ ਜੀ ਸਾਰ ਗ੍ਰਹਿਣ ਬਿਨ ਸਾਰਸਖੋਇ।੨੩।**

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਕਥਨ ਕਰਦੇ ਹਨ ਕਿ ਭਾਈ ਸਿੱਖੋ ਸਤਿਗੁਰੂ ਜੀ ਵੀ ਇਹ ਬਚਨ ਕਰਦੇ ਹਨ ਕਿ ਸਾਰ

ਗ੍ਰਹਿਣ ਬਿਨ-ਅਸਲ ਤੱਤ ਦੀ ਪ੍ਰਾਪਤੀ ਤੋਂ ਬਿਨਾਂ ਜੀਵ ਉਸ ਅਸਲ ਤੱਤ ਦੇ ਰਸ ਨੂੰ ਖੋ ਲੈਂਦਾ ਹੈ ਭਾਵ ਸਮਾਂ ਸੀ ਪਰਮ ਤੱਤ ਦੇ ਰਸ ਨੂੰ ਪ੍ਰਾਪਤ ਦਾ ਲੇਕਿਨ ਕਰ ਨਹੀਂ ਸਕਿਆ, ਗਵਾ ਲਿਆ ਸਮਾਂ ਵੀ ਤੇ ਆਤਮ ਰਸ ਵੀ।

**ਚੌਪਈ: ਤਨ, ਇੰਦ੍ਰੈ, ਮਨ, ਪ੍ਰਾਣ ਅਨਾਤਮ।**

**ਲਖਹੁ ਅਕਾਰ ਅੱਗਜਾਨ ਸਹਿਤ ਤਮ।**

ਤਨ, ਇੰਦਰੇ, ਮਨ ਤੇ ਪ੍ਰਾਣ ਇਹ ਸਾਰੇ ਅਨਾਤਮਾ ਹਨ। ਇਹ ਜਿਤਨੇ ਵੀ ਅਕਾਰ ਹਨ ਇਹ ਸਾਰੇ ਅਗਿਆਨਤਾ ਦੇ ਹਨੇਰੇ ਕਰਕੇ ਸੱਤ ਪ੍ਰਤੀਤ ਹੋ ਰਹੇ ਹਨ। ਲੇਕਿਨ ਸੱਤ ਤਾਂ ਸਿਰਫ:-

**ਨਿਰੰਕਾਰ ਸਾਖੀ ਬ੍ਰਹਮਾਤਮ।**

ਉਹ ਨਿਰੰਕਾਰ ਅਕਾਰ ਰਹਿਤ ਬ੍ਰਹਮ ਆਤਮਾ ਹੀ ਹੈ ਜਿਹੜਾ ਇਹਨਾਂ ਸਾਰਿਆਂ ਦਾ ਸਾਖੀ-ਪ੍ਰਕਾਸ਼ਕ ਹੈ।

**ਆਪਨ ਪੌ ਜਾਨਹਿ ਜੁ ਅਨਾਤਮ।੨੪।**

ਇਹ ਜੀਵ ਜੋ ਹੈ ਅਨਾਤਮ ਤਨ ਇੰਦਰੇ ਆਦਿਕਾਂ ਨੂੰ ਹੀ ਆਪਣਾ ਸਰੂਪ ਮੰਨਦਾ ਰਹਿੰਦਾ ਹੈ। ਇਸ ਕਰਕੇ ਅਗਲੇ ਸੋਰਠੇ ਵਿੱਚ ਕਥਨ ਕਰਦੇ ਹਨ:

**ਸੋਰਠਾ: ਚਿਤ ਬ੍ਰਹਮ ਨਿਜ ਲਖਿ, ਨਾਂਹਿ ਸੋ ਅਕਾਰ ਨਿਰਕਾਰ ਨਹਿਂ॥**

ਹੇ ਜੀਵ ਆਪਣੇ ਆਪ ਨੂੰ ਚੇਤਨ ਬ੍ਰਹਮ ਸਰੂਪ ਜਾਣ, ਉਸ ਚੇਤਨ ਸਰੂਪ ਦਾ ਕੋਈ ਅਕਾਰ ਨਹੀਂ ਹੈ ਅਤੇ ਕੋਈ ਕਾਰਨ ਵੀ ਨਹੀਂ ਹੈ।

**ਕਿਯੋ ਅਪਨ ਪੌ ਨਾਂਹਿ ਬਿਸਰ ਪਰਜੋ ਜੋ ਆਪ ਹੀ॥੨੫।**

ਜਦੋਂ ਤੈਨੂੰ ਆਪ ਹੀ ਆਪਣਾ ਸਰੂਪ ਬਿਸਰ ਪਰਜੋ ਭਾਵ ਭੁੱਲ ਗਿਆ ਤਾਂ ਹੀ ਤੂੰ ਆਪਣੇ ਆਪ ਨੂੰ ਬ੍ਰਹਮ ਸਰੂਪ ਅਨੁਭਵ ਨਹੀਂ ਕੀਤਾ।

**ਭਾਵ ਅਰਥ**

ਇਸ ਚੌਪਈ ਅਤੇ ਸੋਰਠੇ ਅੰਦਰ ਕਵੀ ਜੀ ਨੇ ਜੀਵ ਦੀ ਅੰਤਰਦਸ਼ਾ ਬਿਆਨ ਕੀਤੀ ਹੈ ਕਿ ਇਹ ਜੀਵ ਅਗਿਆਨ ਕਾਰਨ ਆਪਣੇ ਆਪ ਨੂੰ ਸਰੀਰ ਆਦਿ ਮੰਨਣ ਲੱਗ ਪੈਂਦਾ ਹੈ। ਇਸ ਨੂੰ ਖੁਦ ਹੀ ਅਗਿਆਨ ਕਰਕੇ ਆਪਣੇ ਸਰੂਪ ਦਾ ਬੋਧ ਨਹੀਂ ਰਹਿੰਦਾ ਜਿਸ ਕਰਕੇ ਇਹ ਬ੍ਰਹਮ ਸਰੂਪ ਹੁੰਦੇ ਹੋਏ ਵੀ ਆਪਣੇ ਨਿਜ ਸਰੂਪ ਨੂੰ ਅਨੁਭਵ ਨਹੀਂ ਕਰ ਪਾਉਂਦਾ। ਇਥੇ ਕਵੀ ਜੀ ਜੀਵ ਨੂੰ ਇਹੀ ਕਹਿਣਾ ਚਾਹੁੰਦੇ ਹਨ ਕਿ ਤੂੰ ਆਪਣੇ ਆਪ ਨੂੰ ਬ੍ਰਹਮ ਸਰੂਪ ਅਨੁਭਵ ਕਰ, ਇਹੀ ਤੇਰਾ ਅਸਲ ਸਰੂਪ ਹੈ।

**ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**

**'ਵਿਚਾਰ ਨਿਰਨੈ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋ ਅੰਸੂ ।੪੪।**

## ਅਧਿਆਇ ੪੫

# ਵੇਦਾਂਤ ਵਿਚਾਰ

## ਗੁਰੂ

**ਦੋਹਰਾ :ਈਸ਼ਰ ਮੂਰਤ ਗਜਾਨ ਕੀ ਸਿਖ ਸੰਸਾਰ ਤੇ ਪਾਰ।**

**ਸੋ ਸਤਿਗੁਰ ਉਤਮ ਅਧਿਕ ਇਤਰ ਗੁਰੂ ਵਿਵਹਾਰ।੧।**

ਜੋ ਗੁਰੂ ਸੰਸਾਰ ਉਤੇ ਈਸ਼੍ਵਰ ਦੇ ਗਿਆਨ ਦੀ ਪ੍ਰਤੱਖ ਮੂਰਤ ਹੋਇਆ ਹੈ ਭਾਵ ਜੋ ਗੁਰੂ ਬ੍ਰਹਮ ਸਰੂਪ ਹੋਇਆ ਹੈ। ਉਹ ਸਤਿਗੁਰੂ ਸਿੱਖ ਨੂੰ ਸੰਸਾਰ ਤੋਂ ਪਾਰ ਉਤਾਰਨ ਵਿੱਚ ਬਹੁਤ ਹੀ ਜਿਆਦਾ ਸ਼੍ਰੇਸ਼ਠ ਹੈ। ਬਾਕੀ ਜੋ ਗੁਰੂ ਹਨ ਭਾਵ ਬ੍ਰਹਮ ਗਿਆਨ ਬਿਹੀਨ ਜੋ ਗੁਰੂ ਹਨ ਉਹ ਸਭ ਵਿਵਹਾਰ ਮਾਤਰ ਹੀ ਹਨ।

## ਸਿੱਖ

**ਚੌਪਈ: ਬਿਬੇਕ, ਵਿਰਾਗ, ਮਮੁਖਤਾ, ਤੀਨ॥ ਖਟਧਾ ਚਤੁਰਥ, ਸਮ, ਦਮ, ਚੀਨ।**

**ਉਪਰਤਿ, ਤਤਿੱਖਜਾ, ਸ਼ਰਧਾ, ਕਰੈ॥ ਸਮਾਧਾਨ ਚਾਤਸ਼ਟੈ ਧਰੇ।੨।**

ਬਿਬੇਕ, ਵੈਰਾਗ, ਮੋਖ ਇੱਛਾ, ਅਤੇ ਚੌਥੀ ਖਟ ਸੰਪੱਤੀ ਸਮ ਦਮ, ਉਪਰਤੀ, ਤਤਿਖਯਾ, ਸ਼ਰਧਾ, ਸਮਾਧਾਨ, ਇਹ ਜੋ ਸਾਧਨ ਚਤੁਸਟੈ ਹਨ ਇਹਨਾਂ ਨੂੰ ਧਾਰਨ ਕਰੋ।

**ਸਿੱਖ ਸੋਈ ਲਹਿ ਕੱਲਜਾਣ॥ ਅਪਰ ਦੇਹ ਪੋਖਨਿ ਕੇ ਜਾਨਿ।**

ਉਹ ਸਿੱਖ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਇਸ ਪ੍ਰਕਾਰ ਜਾਣ ਲਉ। ਬਾਕੀ ਦੇ ਸਿੱਖਾਂ ਨੂੰ ਸਰੀਰ ਦੇ ਪਾਲਣਹਾਰੇ ਹੀ ਸਮਝੋ।

## ਉਪਦੇਸ਼

**ਹੋਇ ਬਿਚਾਰ ਆਤਮਾ ਨਾਤਮ। ਗਜਾਨ ਸਰੂਪ ਪਾਇ ਉਰ ਹਾਤਮ।੩।**

ਜਿਸ ਵਿੱਚ ਆਤਮਾ ਦਾ ਸਰੂਪ ਕੈਸਾ ਹੈ ਅਤੇ ਅਨਾਤਮਾ ਕੀ ਹੈ? ਇਹ ਵਿਚਾਰ ਹੋਵੇ। ਆਤਮਾ ਅਨਾਤਮਾ ਦੇ ਵਿਚਾਰ ਦੁਆਰਾ ਹਿਰਦੇ ਵਿੱਚੋਂ ਅਗਿਆਨ ਮਿਟ ਜਾਵੇ ਤੇ ਆਪਣੇ ਸਰੂਪ ਦੇ ਗਿਆਨ ਨੂੰ ਸਿੱਖ ਪ੍ਰਾਪਤ ਕਰ ਲਵੇ।

**ਸਿੱਖ ਕੇ ਨਾਸ਼ਹਿ ਬੰਧ ਕਲੇਸ੍ਹ। ਤਿਸ ਕੋ ਨਾਮ ਭਨੈਂ ਉਪਦੇਸ਼।**

ਹਿਰਦੇ ਵਿੱਚੋਂ ਅਗਿਆਨ ਦਾ ਨਾਸ਼ ਹੋਕੇ ਸਿੱਖ ਦੇ ਸਾਰੇ ਬੰਧਨ ਅਤੇ ਕਲੇਸ਼ ਖਤਮ ਹੋ ਜਾਣ ਉਸ ਆਤਮ ਗਿਆਨ ਪ੍ਰਦਾਇਕ ਵਿਚਾਰ ਅਥਵਾ ਮਹਾਂਵਾਕ ਨੂੰ ਉਪਦੇਸ਼ ਕਹਿੰਦੇ ਹਨ।

# ਦੀਖਜਾ

**ਬਿਮਲ ਗਜਾਨ ਦੇ ਗੁਰ ਭਵ ਹਾਨਾ॥ ਇਹ ਦੀਖਜਾ ਸਭਿ ਕਸ਼ਟ ਮਿਟਾਨਾ॥੪॥**

ਬਿਮਲ ਗਿਆਨ= ਅਵਿੱਦਿਆ ਮਲ ਰਹਿਤ ਗਿਆਨ ਦੇ ਕੇ ਬ੍ਰਹਮ ਨਿਸ਼ਠ ਗੁਰੂ, ਜਨਮ ਮਰਨ ਆਦਿ ਸਾਰੇ ਕਸ਼ਟ ਖਤਮ ਕਰ ਦਿੰਦੇ ਹਨ। ਅਸਲ ਵਿੱਚ ਇਸ ਦਾ ਨਾਮ ਹੀ ਦੀਖਿਆ ਹੈ।

# ਮੰਤ੍ਰ

**ਮੰਤ੍ਰ ਸ਼ਿਰੋਮਣਿ ਕਹਿਂ ਸਤਿਨਾਮ। ਜਿਸ ਕੇ ਸਿਮਰਣ ਲਹਿ ਸੁਖ ਧਾਮ।**

ਕਵੀ ਸੰਤੋਖ ਸਿੰਘ ਜੀ ਕਥਨ ਕਰਦੇ ਹਨ ਕਿ ਮੰਤ੍ਰਾਂ ਵਿੱਚੋਂ ਸਿਰੋਮਣੀ ਮੰਤ੍ਰ, ਸਤਿਨਾਮ ਮੰਤ੍ਰ ਨੂੰ ਹੀ ਕਹਿੰਦੇ ਹਨ। ਜਿਸ ਦਾ ਸਿਮਰਨ ਕਰਨ ਨਾਲ ਸੁਖ ਧਾਮ-ਸੁਖ ਸਰੂਪ ਬ੍ਰਹਮ ਰੂਪ ਘਰ ਪ੍ਰਾਪਤ ਕਰ ਲਈਦਾ ਹੈ।

**ਵੇਦਾਂਤਮੱਤ ਵਿੱਚ ਮੰਤ੍ਰ ਕਿਸ ਨੂੰ ਕਹਿੰਦੇ ਹਨ ?**

**ਹੁਣ ਵੇਦਾਂਤੀਆਂ ਦੇ ਅਦ੍ਵੈਤ ਵਾਕ ਰੂਪ ਮੰਤ੍ਰ ਦਾ ਨਿਰਣਾ ਕਰ ਰਹੇ ਹਨ।**

**(ਅਥਵਾ) ਅੱਦ੍ਵੈਤ ਵਾਕ ਤੱਤ੍ਵੰਮਸਿ ਜੋਇ। ਤੂੰ ਹੈ ਬ੍ਰਹਮ ਸੁਨੈ ਸਿੱਖ ਸੋਇ॥੫।**

ਅਦ੍ਵੈਤ ਵਾਕ ਜਿਸ ਵਿੱਚ ਦ੍ਵੈਤ ਨਾ ਹੋਵੇ, ਉਹ ਵਾਕ ਤਤ ਤ੍ਵੰ ਅਸਿ ਜੋ ਹੈ। ਜੀਵ ਈਸ਼ ਬ੍ਰਹਮ ਸਭ ਉਪਾਧੀਆਂ ਤੋਂ ਰਹਿਤ ਕੇਵਲ ਅਦ੍ਵੈਤ ਦਾ ਪ੍ਰਤਿਪਾਦਕ ਜੋ ਮਹਾਂਵਾਕ ਹੈ ਉਸਨੂੰ ਅਦ੍ਵੈਤ ਵਾਕ ਕਹਿੰਦੇ ਹਨ। ਇਹ ਵਾਕ ਸਭ ਉਪਾਧੀਆਂ ਦਾ ਤਿਆਗ ਕਰਕੇ ਸਿਰਫ ਅਦ੍ਵੈਤ ਬ੍ਰਹਮ ਦਾ ਬੋਧ ਕਰਵਾਉਂਦਾ ਹੈ। ਕਿ ਬ੍ਰਹਮ ਤੂੰ ਹੈ ਐਸੇ ਮਹਾਂਵਾਕ ਨੂੰ ਮੁਕਤੀ ਦੀ ਇੱਛਾ ਰੱਖਣ ਵਾਲਾ ਜਦੋਂ ਸੁਣੇ।

**ਅਹੰ ਬ੍ਰਮਾਸਮਿ ਬਹੁਰ ਉਚਾਰੇ। ਮਹਾਵਾਕਜ ਏਹ ਮੰਤ੍ਰ ਸੁ ਧਾਰੇ।**

ਮੈਂ ਬ੍ਰਹਮ ਸਰੂਪ ਹਾਂ ਫਿਰ ਉਚਾਰਨ ਕਰੇ ਇਹ ਜਿਹੜਾ ਮਹਾਂਵਾਕ ਹੈ ਇਸ ਨੂੰ ਹੀ ਮੰਤ੍ਰ ਰੂਪ ਵਿੱਚ ਧਾਰਨ ਕਰੇ ਭਾਵ ਕਿ ਆਪਣੇ ਅੰਦਰ ਬਿਰਾਜਮਾਨ ਬ੍ਰਹਮ ਸਰੂਪ ਦਾ ਚਿੰਤਨ ਕਰੇ।

# ਵਰਣ

**ਲਏ ਪ੍ਰਕਿਰਤਿ ਸਤਿਗੁਣ ਦ੍ਵਿਜ ਜਾਤਿ। ਸਤ ਰਜ ਮਿਸ਼੍ਰਤ ਛੱਤ੍ਰੀ ਭਾਂਤਿ।੬।**

**ਰਜ ਤਮ ਲਏ ਪ੍ਰਕ੍ਰਿਤ ਤਨ ਬੈਸ। ਤਮ ਪ੍ਰਕ੍ਰਿਤਿ ਤੇ ਸੂਦ੍ਰਨ ਹੈਸ।**

**ਤ੍ਰਿਗੁਣੀ ਪ੍ਰਕ੍ਰਿਤੀ ਚਾਰ ਵਰਣ ਗਣ। ਇਕ ਇਕ ਬਰਣ ਮਹਿਂ ਚਾਰਹੁਂ ਬਰਣ।੭।**

ਸਨਾਤਨ ਮੱਤ ਅਨੁਸਾਰ ਪ੍ਰਕ੍ਰਿਤੀ ਵਿੱਚ ਸਤੋਗੁਣ ਦੀ ਪ੍ਰਮੁੱਖਤਾ ਨੂੰ ਲੈ ਕੇ ਬ੍ਰਹਮਣ ਜਾਤੀ ਦੀ ਉਤਪੱਤੀ ਹੁੰਦੀ ਹੈ ਐਸਾ ਮੰਨਿਆ ਗਿਆ ਹੈ। ਜਦੋਂ ਸਤੋ ਗੁਣ ਤੇ ਰਜੋ ਗੁਣ ਮਿਲੇ ਹੋਏ ਹੋਣ ਉਸ ਤੋਂ ਛੱਤ੍ਰੀਆਂ ਦੀ ਉਤਪੱਤੀ ਮੰਨੀ ਹੈ। ਰਜੋ ਗੁਣ ਅਤੇ ਤਮੋ ਗੁਣ ਜਦੋ ਪ੍ਰਕ੍ਰਿਤੀ ਵਿੱਚ ਮਿਸ਼ਰਤ ਹੁੰਦੇ ਹਨ ਉਦੋਂ ਪ੍ਰਕ੍ਰਿਤੀ ਬੈਸ ਤਨ ਧਾਰਨ ਕਰਦੀ ਹੈ। ਨਿਰੇ ਤਮੋ ਗੁਣ ਵਾਲੀ ਪ੍ਰਕ੍ਰਿਤੀ ਸੂਦਰ ਤਨ ਰੂਪ ਵਿਕਾਰ ਨੂੰ ਧਾਰਨ ਕਰਦੀ ਹੈ ਐਸਾ ਸਨਾਤਨ ਮੱਤ ਵਾਲਿਆਂ ਦਾ ਮੰਨਣਾ ਹੈ। ਇਹ ਜੋ

ਤਿੰਨ ਗੁਣਾਂ ਵਾਲੀ ਪ੍ਰਕ੍ਰਿਤੀ ਹੈ ਇਸ ਵਿਚੋਂ ਚਾਰ ਵਰਣ ਉਪਰ ਦੱਸੇ ਅਨੁਸਾਰ ਜਾਣ ਲਉ। ਜਾਤੀ ਕਰਕੇ ਜੋ ਵਰਣ ਬਣੇ ਮੰਨੇ ਗਏ ਹਨ ਉਸ ਇੱਕ ਇੱਕ ਵਰਣ ਵਿੱਚ ਚਾਰ ਚਾਰ ਵਰਣ ਹੀ ਜਾਣ ਲਵੋ। ਅਥਵਾ ਜੈਸੇ ਕਿਸੇ ਦੇ ਕਰਮ, ਵੈਸਾ ਉਸ ਦਾ ਵਰਣ ਕਰਮਾਂ ਅਨੁਸਾਰ ਜਾਣ ਲੈਣਾ।

**ਸਿਧਾਂਤ : ਅਥਵਾ ਵਰਣ ਦੋਇ ਇਸ ਢਾਲ । ਬ੍ਰਹਮਨ ਆਦਿ ਅੰਤ ਚੰਡਾਲ ।੮।**

ਜਾਂ ਵਰਣ ਸਿਰਫ ਦੋ ਹੀ ਮੰਨ ਲਉ ਪਹਿਲਾਂ ਬ੍ਰਾਹਮਣ ਤੇ ਦੂਸਰਾ ਚੰਡਾਲ।

**ਬ੍ਰਹਮ ਅਭਿਮਾਨੀ ਬ੍ਰਹਮਣ ਕਹੀਏ। ਤਨ ਅਭਿਮਨਿ ਚੰਡਾਲ ਸੁ ਲਹੀਏ।**

ਬ੍ਰਹਮ ਨੂੰ ਜਾਨਣ ਵਾਲਾ ਬ੍ਰਾਹਮਣ ਕਿਹਾ ਜਾਂਦਾ ਹੈ। **"ਬ੍ਰਹਮ ਜਨੰਤਿ ਇਤਿ ਬ੍ਰਹਮਣਾਂ"** ਬ੍ਰਾਹਮਣ ਉਹ ਹੈ ਜੋ ਬ੍ਰਹਮ ਨੂੰ ਜਾਣਦਾ ਹੈ ਅਥਵਾ ਜਿਸ ਨੇ ਬ੍ਰਹਮ ਨੂੰ ਜਾਣ ਲਿਆ ਹੈ ਅਤੇ ਦੂਜਾ ਜਿਹੜਾ ਸਰੀਰ ਦਾ ਹੀ ਅਭਿਮਾਨੀ ਹੈ ਅਥਵਾ ਦੇਹ ਅਧਿਆਸ ਵਿੱਚ ਫਸਿਆ ਹੋਇਆ ਹੈ ਉਸ ਨੂੰ ਚੰਡਾਲ ਜਾਣ ਲਉ।

**ਬ੍ਰਹਮਣ ਸੋ ਜੋ ਬ੍ਰਹਮ ਜਾਨਾਤਿ, ਬੇਦ ਗ੍ਰੰਥ ਭਾਖਤਿ ਬੱਖਜਾਤਿ ।**

ਬ੍ਰਾਹਮਣ ਉਹ ਹੈ ਜਿਸ ਨੇ ਬ੍ਰਹਮ ਨੂੰ ਜਾਣ ਲਿਆ ਹੈ, ਬੇਦ ਅਥਵਾ ਸ਼ਾਸਤ੍ਰ ਆਦਿ ਗ੍ਰੰਥ ਇਸ ਗੱਲ ਨੂੰ ਸਪਸ਼ਟ ਬਿਆਨ ਕਰਦੇ ਹਨ।

**ਆਸ਼੍ਰਮ: ਆਸ਼੍ਰਮ ਬ੍ਰਹਮਚਾਰੀ ਚੱਤ੍ਵਾਸ । ਗ੍ਰਹਸਥ ਬਾਨ ਪ੍ਰਸਥੰ ਸੰਨਜਾਸ।੯।**

ਆਸ਼੍ਰਮ ਚਾਰ ਹਨ ਪਹਿਲਾ ਬ੍ਰਹਮਚਾਰੀ, ਦੂਜਾ ਗ੍ਰਿਹਿਸਥ, ਤੀਜਾ ਬਾਨ ਪ੍ਰਸਥ, ਅਤੇ ਚੌਥਾ ਸੰਨਿਆਸ ਹੈ।

**ਅਤਿ ਵਰਣਾਸ਼੍ਰਮ : ਉਲੰਘਹਿ ਵਰਣਾਸ਼੍ਰਮ ਅਭਿਮਾਨ,ਅਤਿ ਵਰਣਾਸ਼੍ਰਮਵਾਨ ਸੁ ਜਾਨ।**

ਜਦੋਂ ਕੋਈ ਵਰਣ ਆਸ੍ਰਮ ਦੇ ਅਭਿਮਾਨ ਤੋਂ ਉਪਰ ਉਠ ਜਾਂਦਾ ਹੈ ਉਸ ਨੂੰ ਅਤੀ ਵਰਣਆਸ੍ਰਮ ਵਾਲਾ ਜਾਣ ਲਉ।

**ਅਤਿ ਵਰਣਾਸ਼੍ਰਮੀਯ ਬਿਭਚਾਰ ਨ।**

ਅਤੀ ਵਰਣ ਆਸ੍ਰਮ ਵਾਲਾ ਉਹ ਹੈ, ਜੋ ਬ੍ਰਹਮ ਭਾਵ ਵਿਚ ਟਿਕ ਗਿਆ ਹੈ ਭਾਵ ਜੋ ਚਲਾਇ ਮਾਨ ਨਹੀਂ ਹੁੰਦਾ ਅਥਵਾ ਜੋ ਵਿਕਾਰ ਰਹਿਤ ਹੈ।

## ਨਿਚੋੜ

ਇਹ ਜੋ ਵਿਚਾਰ ਕਵੀ ਜੀ ਨੇ ਇਥੇ ਕਥਨ ਕੀਤੀ ਹੈ, ਇਸ ਦਾ ਸੰਬੰਧ ਸਨਾਤਨ ਮਤ ਦੇ ਪੁਰਾਣੇ ਗ੍ਰੰਥਾਂ ਦੇ ਨਾਲ ਹੈ। ਸਿਮ੍ਰਿਤੀਆਂ ਆਦਿਕ ਦੇ ਵਿੱਚ ਜਿਸ ਜਿਸ ਪ੍ਰਕਾਰ ਦੇ ਕਥਨ ਮਿਲਦੇ ਹਨ ਉਹਨਾਂ ਨੂੰ ਇਥੇ ਸੰਖੇਪ ਕਰਕੇ ਕਥਨ ਕੀਤਾ ਗਿਆ ਹੈ। ਇਥੇ ਆਈ ਵਿਚਾਰ ਨੂੰ ਗੁਰਮਤ ਦੇ ਸਿਧਾਂਤਾਂ ਤੋਂ ਵੱਖਰਾ ਕਰਕੇ ਜਾਣਿਆ ਜਾਵੇ। ਕਿਉਂਕਿ ਗੁਰਮਤ ਜਾਤਾਂ ਵਰਣਾ ਨੂੰ ਛੱਡ ਕੇ ਸਭ ਇਨਸਾਨਾਂ ਨੂੰ ਬਰਾਬਰ ਮੰਨਦੀ ਹੈ ਅਤੇ ਇਹ ਜੋ ਜਾਤਾਂ ਵਰਣਾ ਦੀ ਵਿਚਾਰ ਉਪਰ ਦੱਸੀ ਗਈ ਹੈ। ਇਸ ਨੂੰ ਮਹਾਂ ਕਵਿ ਭਾਈ ਸੰਤੋਖ ਸਿੰਘ ਜੀ ਦੀ ਵਿਚਾਰਧਾਰਾ ਨ ਸਮਝਿਆ ਜਾਵੇ।**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।**

## ਧਰਮ

**ਬ੍ਰਹਮ ਨਿਸ਼ਠ ਆਤਮ ਧ੍ਰਮ ਧਾਰਨ ।੧੦।**

ਆਤਮਾ ਹੀ ਬ੍ਰਹਮ ਹੈ ਐਸੀ ਨਿਸ਼ਠਾ ਦਾ ਧਾਰਨ ਕਰਨਾ ਹੀ ਧਰਮ ਹੈ ਅਥਵਾ ਅਨਾਤਮਾ ਦੇ ਧਰਮਾਂ ਦਾ ਤਿਆਗ ਕਰਕੇ ਆਤਮਾ ਦੇ ਧਰਮ ਧਾਰਨ ਕਰਨ ਵਾਲਾ ਹੋ ਜਾਣਾ ਅਥਵਾ ਬ੍ਰਹਮ ਨਿਸ਼ਠ ਹੋ ਜਾਣਾ ਹੀ ਅਸਲ ਧਰਮ ਹੈ।

## ਅਧਰਮ

**ਧਰਮ ਆਤਮਾ ਤੇ ਜਬ ਹੀਨ ਰਹੈ ਅਨਾਤਮ ਧਰਮੰ ਲੀਨ ।ਇਹ ਅਧਰਮ ਕਰੀਜੈ ਬਰਣ ।**

ਜਦੋਂ ਇਹ ਜੀਵ, ਆਤਮ ਨਿਸ਼ਠਾ ਰੂਪ ਧਰਮ ਤੋਂ ਰਹਿਤ ਹੋ ਜਾਂਦਾ ਹੈ। ਅਤੇ ਅਨਾਤਮਾ ਦੇ ਧਰਮਾਂ ਵਿੱਚ ਡੁਬਿਆ ਰਹਿੰਦਾ ਹੈ ਇਸੇ ਨੂੰ ਹੀ ਅਧਰਮ ਕਿਹਾ ਜਾਂਦਾ ਹੈ।

## ਮਰਣ

**ਸਤਿਨਾਮ ਸਿਮਰਣ ਨਹਿੰ ਮਰਣ।੧੧।**

ਸੱਚੇ ਪ੍ਰਮਾਤਮਾ ਦੇ ਨਾਮ ਦਾ ਬਿਸਰ ਜਾਣਾ ਹੀ ਮੌਤ ਹੈ।

**ਅਥਵਾ ਸਚੁਦਾਨੰਦ ਸਰੂਪ। ਨਿਹ ਸਿਮਰਣ ਸੋ ਮਰਣ ਕੁਰੂਪ।**

ਜਾਂ ਸੱਤ ਚਿੱਤ ਅਨੰਦ ਸਰੂਪ ਆਤਮਾ ਦਾ ਚਿੰਤਨ ਜਿੱਥੇ ਨਹੀ ਹੈ ਉਹ ਕਰੂਪ-ਸਰੂਪ ਤੋਂ ਉਲਟ ਅਨਾਤਮਾ ਵਿੱਚ ਖਚਤ ਹੋਣਾ ਹੀ ਮਰਣ ਹੈ। ਆਪਣੇ ਸਰੂਪ ਦੇ ਚਿੰਤਨ ਤੋਂ ਰਹਿਤ ਹੋ ਜਾਣਾ ਹੀ ਬੁਰੀ ਮੌਤ ਹੈ ਭਾਵ ਵਾਰ-ਵਾਰ ਮਰਨ ਦੇ ਚੱਕਰ ਚ ਪਾਉਣ ਵਾਲੀ ਮੌਤ ਹੈ।

## ਜਨਮ

**ਸੱਤਿਨਾਮ ਲਿਵ ਅਹੰ ਬ੍ਰਹਮਾਸਮਿ।ਇਸ ਵਿਦਜਾ ਕੀ ਉਤਪਤਿ ਜਨਮ।੧੨।**

ਸੱਚੇ ਨਾਮ ਵਿੱਚ ਸੁਰਤ ਦਾ ਲੀਨ ਹੋਣਾ ਬ੍ਰਹਮਾਕਾਰ ਬਿਰਤੀ ਦਾ ਅੰਤਸ਼ਕਰਣ ਵਿੱਚ ਉਦੇ ਹੋਣਾ, ਐਸੀ ਬ੍ਰਹਮਾਕਾਰ ਬਿਰਤੀ ਰੂਪ ਵਿੱਦਿਆ ਦਾ ਪੈਦਾ ਹੋਣਾ ਹੀ ਅਸਲ ਜਨਮ ਹੈ।

## ਬਿਖ, ਅੰਮ੍ਰਿਤ

**ਹ੍ਵੈ ਸੰਸਾਰ ਕੀ ਪ੍ਰਾਪਤਿ ਜੋਇ। ਨਿਜ ਸਰੂਪ ਬਿਸਰਹਿ ਬਿਖ ਸੋਇ।**

ਨਿਜ ਸਰੂਪ ਆਤਮਾ ਦਾ ਬਿਸਰ ਜਾਣਾ ਹੀ, ਵਾਰ-ਵਾਰ ਜਨਣ ਮਰਨ ਰੂਪ ਸੰਸਾਰ ਦੀ ਪ੍ਰਾਪਤੀ ਦਾ ਕਾਰਨ ਹੈ ਅਤੇ ਆਪਣੇ ਸਰੂਪ ਦਾ ਬਿਸਰ ਜਾਣਾ ਹੀ ਜੀਵ ਲਈ ਬਿਖ ਭਾਵ ਜ਼ਹਿਰ ਸਮਾਨ ਹੈ।

**ਹੁਇ ਜੁ ਗਜਾਨ ਤੇ ਸਫੁਰਣ ਸਰੂਪ, ਸੋਈ ਅੰਮ੍ਰਿਤ ਮੋਖ ਅਨੂਪ।੧੩।**

ਬ੍ਰਹਮ ਗਿਆਨ ਹੋਣ ਨਾਲ ਜਿਹੜਾ ਆਪਣੇ ਸਰੂਪ ਦਾ ਬੋਧ ਸੰਫੁਰਣ ਹੁੰਦਾ ਹੈ ਭਾਵ ਆਪਣੇ ਅਸਲ ਸਰੂਪ ਦਾ ਅਨੁਭਵ

ਹੁੰਦਾ ਹੈ। ਉਸ ਆਤਮ ਸਰੂਪ ਦੇ ਅਨੁਭਵ ਨੂੰ ਹੀ ਅੰਮ੍ਰਿਤ ਕਿਹਾ ਜਾਂਦਾ ਹੈ। ਜਿਸਦੀ ਮਹਿਮਾ ਕਥਨ ਤੋਂ ਬਾਹਰ ਹੈ ਮੁਕਤੀ ਵੀ ਉਸੇ ਦਾ ਹੀ ਨਾਮ ਹੈ।

## ਗੁਣ, ਦੋਖ

**ਬਿਨ ਬਿਵਹਾਰ ਆਤਮਾ ਦੇਖ। ਇਹੀ ਬਡੋ ਗੁਣ ਸੁਮਤਿ ਪਰੇਖ।**

ਆਤਮਾ ਨੂੰ ਬਿਵਹਾਰ ਰਹਿਤ ਦੇਖਣਾ ਭਾਵ ਤ੍ਰਿਗੁਣ ਅਤੀਤ ਜਾਣਨਾ ਇਸੇ ਨੂੰ ਸ੍ਰੇਸ਼ਠ ਬੁੱਧੀ ਵਾਲੇ ਵੱਡਾ ਗੁਣ ਮੰਨਦੇ ਹਨ।

**ਤ੍ਰਿਗੁਣ ਸਮੇਤ ਆਤਮਾ ਪਿਖੇ ॥ ਬਡੋ ਦੋਖ ਗਜਾਨੀ ਇਹ ਲਖੇ॥੧੪॥**

ਤਿੰਨਾਂ ਗੁਣਾਂ ਦੀ ਉਪਾਧੀ ਵਾਲਾ ਆਤਮਾ ਨੂੰ ਦੇਖਣਾ ਅਥਵਾ ਤਿੰਨਾਂ ਗੁਣਾਂ ਦੇ ਸਹਿਤ ਜੋ ਸਰੀਰ ਹੈ ਇਸ ਨੂੰ ਹੀ ਆਤਮਾ ਕਰਕੇ ਦੇਖਦੇ ਰਹਿਣਾ। ਇਸ ਨੂੰ ਹੀ ਆਤਮ ਗਿਆਨੀ ਪੁਰਖ ਵੱਡਾ ਦੋਖ ਕਰਕੇ ਜਾਣਦੇ ਹਨ।

## ਜਸ, ਅਪਜਸ

**ਗਜਾਨ ਭਏ ਤੇ ਜੀਵਨ ਮੁਕਤਿ । ਸੁਜਸ ਬਿਸਾਲ ਇਹੀ ਹੁਇ ਜੁਗਤਿ ।**

ਆਪਣੇ ਸਰੂਪ ਦਾ ਗਿਆਨ ਹੋ ਜਾਣ ਨਾਲ ਜੀਵ ਨੂੰ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਸਦਾ ਬਹੁਤ ਵੱਡਾ ਜੱਸ ਹੋ ਜਾਂਦਾ ਹੈ। ਵੱਡਾ ਜੱਸ ਪ੍ਰਾਪਤ ਕਰਨ ਦੀ ਵੀ ਇਹੀ ਜੁਗਤੀ ਹੈ।

**ਜੀਵਨ ਮੁਕਤਿ ਨ ਆਤਮ ਗਜਾਨ । ਸੋਈ ਅਪਜਸ ਮਹਿਦ ਮਹਾਨ ।੧੫।**

ਜੀਵਨ ਮੁਕਤੀ ਦੇ ਦੇਣ ਵਾਲਾ ਆਤਮ ਗਿਆਨ ਨਾ ਹੋਣਾ ਇਹੀ ਵੱਡੇ ਤੋਂ ਵੱਡਾ ਅਪਜੱਸ ਹੈ।

## ਪੰਡਤ ਸੰਤ

**ਦੋਹਰਾ : ਬੁੱਧਿ ਰਹਹਿ ਬ੍ਰਹਮ ਭਾਵ ਮਹਿੰ ਬ੍ਰਹਮਾਦਿ ਸ਼ੇਖ ਪ੍ਰਯੰਤ ।**

**ਇਕਤਾ ਮਹਿੰ ਨਿਸ਼ਚਾ ਲਹੈ ਸੋਈ ਪੰਡਤਿ, ਸੰਤ ।੧੬।**

ਜਿਸ ਦੀ ਬੁੱਧੀ ਹਰ ਸਮੇਂ ਬ੍ਰਹਮ ਭਾਵ ਵਿੱਚ ਟਿਕੀ ਰਹਿੰਦੀ ਹੈ। ਬ੍ਰਹਮਾ ਆਦਿਕ ਤੋਂ ਲੈ ਕੇ ਸੇਖ ਨਾਗ ਤੱਕ ਭਾਵ ਬ੍ਰਹਮਾਤਮਾ ਨੂੰ ਬ੍ਰਹਮਾ ਤੋਂ ਲੈ ਕੇ ਸੇਖ ਨਾਗ ਤੱਕ ਇਕ ਰਸ ਬਿਰਾਜਮਾਨ ਸਮਝਣ ਵਾਲਾ ਹੀ ਆਤਮਾ ਦੀ ਇਕ ਰੂਪਤਾ ਵਿੱਚ ਨਿਸ਼ਚਾ ਪ੍ਰਾਪਤ ਕਰਦਾ ਹੈ ਆਪਣੇ ਆਤਮ ਸਰੂਪ ਵਿੱਚ ਸਥਿਤੀ ਨੂੰ ਪ੍ਰਾਪਤ ਹੋਣ ਵਾਲਾ ਹੀ ਪੰਡਤ ਹੈ ਤੇ ਸੰਤ ਹੈ।

## ਰੋਗੀ ਅਰੋਗੀ

**ਚੌਪਈ : ਹੰਮਮਤਾ ਅਭਿਮਾਨੀ ਥੀਵ ਰੋਗੀ ਸੋ ਸੰਸਾਰੀ ਜੀਵ ।**

ਜਿਹੜਾ ਜੀਵ ਹੰਗਤਾ ਮਮਤਾ ਕਰਕੇ ਅਭਿਮਾਨੀ ਹੈ ਉਹ ਸੰਸਾਰ ਵਿੱਚ ਰਹਿਣ ਵਾਲਾ ਜੀਵ ਰੋਗੀ ਹੈ।

**ਅਹੰ ਮਮਤਾਭਿਮਾਨ ਤੈ ਹੀਨ, ਗਜਾਨ ਸਰੂਪ ਅਰੋਗੀ ਚੀਨ ।੧੭।**

ਜੋ ਹੰਗਤਾ ਮਮਤਾ ਅਭਿਮਾਨ ਤੋਂ ਰਹਿਤ ਹੈ ਅਥਵਾ ਹੋ ਚੁੱਕਾ ਹੈ ਅਤੇ ਜਿਸ ਨੇ ਆਪਣੇ ਆਤਮ ਸਰੂਪ ਨੂੰ ਜਾਣ ਲਿਆ ਹੈ,

ਅਸਲ ਅਰਥਾਂ ਵਿੱਚ ਉਸ ਨੂੰ ਹੀ ਰੋਗ ਰਹਿਤ ਜਾਣੋ।

**ਬੁੱਧਿ ਅਨਾਤਮ ਮਹਿਂ ਸੋ ਰੋਗੀ । ਬ੍ਰਹਮਬੁਧਿ ਤਿਹ ਜਾਨ ਅਰੋਗੀ**

ਜਿਸ ਦੀ ਬੁੱਧੀ ਅਨਾਤਮ ਪਦਾਰਥਾਂ ਵਿੱਚ ਖਚਿਤ ਰਹਿੰਦੀ ਹੈ, ਉਹ ਰੋਗੀ ਹੈ। ਅਤੇ ਜਿਸ ਦੀ ਬੁੱਧੀ ਬ੍ਰਹਮ ਦੇ ਪ੍ਰਕਾਸ਼ ਵਾਲੀ ਹੋਈ ਹੈ ਅਥਵਾ ਜਿਸਦੀ ਬੁੱਧੀ ਬਿਬੇਕ ਵਾਲੀ ਹੋਈ ਹੈ ਉਹ ਹੀ ਅਰੋਗੀ ਹੈ।

## ਧਨੀ ਨਿਰਧਨੀ

**ਆਤਮ ਧਨ ਪ੍ਰਾਪਤ ਸੋ ਧਨੀ । ਬਿਨ ਆਤਮ ਪਾਏ ਨਿਰਧਨੀ ।੧੮।**

ਜਿਸ ਨੂੰ ਆਤਮ ਸਾਖਯਾਤਕਾਰ ਰੂਪ ਧਨ ਦੀ ਪ੍ਰਾਪਤੀ ਹੋ ਚੁੱਕੀ ਹੈ ਉਹ ਧਨੀ ਹੈ। ਜਿਸ ਨੂੰ ਆਤਮ ਸਾਖਯਾਤਕਾਰ ਰੂਪ ਧਨ ਦੀ ਪ੍ਰਾਪਤੀ ਨਹੀਂ ਹੋਈ ਉਹੀ ਨਿਰਧਨੀ ਹੈ ਭਾਵ ਸਰੂਪ ਰੂਪ ਧਨ ਤੋਂ ਰਹਿਤ ਹੈ।

## ਨਿਸ਼ਕਾਮਤਾ

**ਜਗਿਜਾਸੀ ਨਰ ਚਹੈ ਜੁ ਸ਼ੇਯ । ਊੱਤਮ ਕਰਮ ਕਰੈ ਹਿਤ ਦੇਯ।**

**ਨਹਿਂ ਅਭਿਲਾਖਾ ਫਲ ਕੀ ਕਰੈ।ਹੁਇ ਨਿਸ਼ਕਾਮ ਬ੍ਰਿਤ ਦ੍ਰਿਢ ਧਰੈ।੧੯।**

ਜਿਹੜਾ ਜਗਿਆਸੂ ਪੁਰਖ ਚਾਹੁੰਦਾ ਹੈ ਕਿ ਮੈਂ ਜਨਮ ਮਰਣ ਆਦਿਕ ਬੰਧਨਾਂ ਤੋਂ ਮੁਕਤ ਹੋ ਜਾਵਾਂ ਉਹ ਹਿਰਦੇ ਦੀ ਭਾਵਨਾ ਸਹਿਤ ਉੱਤਮ ਕਰਮ ਕਰੇ ਅਥਵਾ ਸ਼ਾਸਤ੍ਰ ਵਿਹਿਤ ਕਰਮ ਕਰੇ। ਲੇਕਿਨ ਫਲ ਦੀ ਇੱਛਾ ਨਾ ਰੱਖੇ ਐਸੀ ਬਿਰਤੀ ਨੂੰ ਜਦੋਂ ਦ੍ਰਿੜਤਾ ਨਾਲ ਧਾਰਨ ਕਰਦਾ ਹੈ ਤਾਂ ਉਹ ਜਗਿਆਸੂ, ਨਿਸ਼ਕਾਮ ਹੋ ਜਾਂਦਾ ਹੈ ਇਹ ਨਿਸ਼ਕਾਮਤਾ ਹਿਰਦੇ ਦੀ ਸੁੱਧੀ ਦੁਆਰਾ ਗਿਆਨ ਦੇਣ ਵਾਲੀ ਹੈ।

## ਪੰਚ ਕਰਮ

**ਕਰਿਬੇ ਕਰਮ ਪੰਚ ਪਰਕਾਰ । ਇੱਕਤੌਂ ਨਿਤ ਕਰਮ ਹਿਤਧਾਰ ।**

**ਮੱਜਨ ਗੁਰਬਾਣੀ ਕੋ ਪਠਨਾ, ਸੰਧਿਜਾਦਿਕ ਸੱਤਿਨਾਮ ਸੁ ਰਟਨਾ ।੨੦।**

ਹੁਣ ਪੰਜ ਪ੍ਰਕਾਰ ਦੇ ਜੋ ਕਰਮ ਕੀਤੇ ਜਾਂਦੇ ਹਨ ਉਹਨਾਂ ਪ੍ਰਥਾਇ ਵਿਚਾਰ ਚੱਲੀ ਹੈ। ਇੱਕ ਤਾਂ ਨਿੱਤ ਕਰਮ ਹਨ ਜਿਹੜੇ ਹਿਤਧਾਰ- ਦਿਲ ਵਿੱਚ ਦ੍ਰਿੜ ਇਰਾਦਾ ਧਾਰ ਕੇ ਹਰ ਰੋਜ ਕੀਤੇ ਜਾਂਦੇ ਹਨ। ਜਿਵੇਂ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਫਿਰ ਗੁਰਬਾਣੀ ਦਾ ਪਾਠ ਕਰਨਾ ਭਾਵ ਨਿਤਨੇਮ ਕਰਨਾ, ਸਤਿਨਾਮ ਦਾ ਸਿਮਰਨ ਕਰਨਾ ਅਤੇ ਸੰਧਿਆ ਵੇਲੇ ਰਹਿਰਾਸ ਸਾਹਿਬ ਦ੍ਰਿੜ ਨਿਸ਼ਚੇ ਸਹਿਤ ਹਰ ਰੋਜ਼ ਕਰਨਾ ਇਹ ਗੁਰਮਤ ਦੇ ਨਿੱਤ ਕਰਮ ਹਨ ਅਥਵਾ ਇਹ ਗੁਰੂ ਘਰ ਦੀ ਨਿੱਤ ਦੀ ਮਰਿਆਦਾ ਹੈ।

**ਸ਼੍ਰਾਧ ਆਦਿ ਨੈਮਿੱਤਜਕ ਅਹੈ । ਕਿਹ ਨਮਿੱਤ ਤੇ ਕਰਨ ਜੁ ਲਹੈ ।**

ਸਨਾਤਨ ਮਤ ਵਿੱਚ ਜਿਵੇਂ ਸ੍ਰਾਧ ਆਦਿਕ ਕਰਮ ਹਨ ਜਿਹੜੇ ਕਿਸੇ ਦੇ ਨਮਿਤ ਕੀਤੇ ਜਾਂਦੇ ਹਨ। ਉਹਨਾਂ ਨੂੰ ਨਮਿਤ ਕਰਮ ਰਹਿੰਦੇ ਹਨ।

**ਪ੍ਰਾਸ਼ਚਿਤਾਦਿਕ ਤ੍ਰਿਤੀਓ ਧਰੈ। ਬਰਤ ਚੰਦ੍ਰਾਇਣਾਦਿ ਜਿ ਕਰੈਂ ।੨੧।**

ਤੀਜੇ ਪ੍ਰਾਸ਼ਚਿਤ ਕਰਮ ਹਨ, ਜਿਹੜੇ ਕਰਮ, ਪਾਪ ਆਦਿਕ ਕਰਮਾਂ ਦੇ ਪਸਚਾਤਾਪ ਕਰਨ ਲਈ ਕੀਤੇ ਜਾਂਦੇ ਹਨ। ਉਹਨਾਂ ਕਰਮਾਂ ਨੂੰ ਪ੍ਰਾਸ਼ਚਿਤ ਕਰਮ ਕਿਹਾ ਜਾਂਦਾ ਹੈ। ਜਿਵੇਂ ਬਰਤ ਅਤੇ ਚੰਦ੍ਰਾਇਣ ਆਦਿਕ ਕਰਮ ਪਸਚਾਤਾਪ ਕਰਨ ਲਈ ਕੀਤੇ ਜਾਂਦੇ ਹਨ।

**ਚਤੁਰਥ ਹੈਂ ਉਪਾਸਨਾ ਰੂਪ, ਪੂਜਨ ਅਪਨੋ ਇਸ਼ਟ ਅਨੂਪ।**

ਚੌਥੇ ਉਪਾਸਨਾ ਰੂਪ ਕਰਮ ਹਨ, ਆਪਣੇ ਇਸਟ-ਗੁਰੂ ਦੀ ਪੂਜਾ ਕਰਨੀ ਇਹ ਜਾਣ ਕੇ ਕਿ ਮੇਰਾ ਗੁਰੂ ਉਪਮਾ ਤੋਂ ਰਹਿਤ ਪ੍ਰਮਾਤਮ ਸਰੂਪ ਹੈ।

**ਇਹ ਚਾਰਹੁੰ ਸ਼ੁਭ ਕਰੈ ਸਦੀਵ, ਹੁਇ ਨਿਸ਼ਕਾਮ ਭਲੇ ਨਿਰ ਨੀਵ।੨੨।**

ਇਹ ਚਾਰੇ ਸ਼ੁਭ ਕਰਮ ਸਦਾ ਹੀ ਕਰਦਾ ਰਹੇ। ਇਹਨ੍ਹਾਂ ਸ਼ੁਭ ਕਰਮਾਂ ਨੂੰ ਕਰਦਾ ਕਰਦਾ ਹਿਰਦੇ ਦੀ ਨਿਮਰਤਾ ਸਹਿਤ ਨਿਸ਼ਕਾਮ ਹੋ ਜਾਵੇ ਅਥਵਾ ਇੱਛਾ ਰਹਿਤ ਹੋ ਜਾਵੇ।

**ਪਰਮੇਸ਼ੁਰ ਕੈ ਸਤਿਗੁਰ ਪਾਸ, ਅਰਪਹਿ ਸਕਲ ਕਰਮ ਨਿਰਜਾਸ।**

ਨਿਸ਼ਕਾਮ ਹੋ ਕੇ ਆਪਣੇ ਸਾਰੇ ਸ਼ੁਭ ਕਰਮ ਪ੍ਰਮਾਤਮਾ ਜਾਂ ਆਪਣੇ ਗੁਰੂ ਨੂੰ ਅਰਪਣ ਕਰੇ ਇਹੀ ਕਰਮ ਬੰਧਨ ਤੋਂ ਬਚਣ ਦਾ ਸਾਰ ਤੇ ਨਿਚੋੜ ਹੈ।

**ਕਰਮ ਪੰਚਮੋ ਨਖਿਧ ਪਛਾਨ, ਆਦਿਕ ਪਰ ਇਸਤ੍ਰੀ ਰਤਿ ਠਾਨਿ।੨੩।**

ਪੰਜਵੇਂ ਨਖਿਧ ਕਰਮ ਹਨ, ਪਰ ਨਾਰੀ ਗਮਨ ਅਥਵਾ ਗਮਨ ਇੱਛਾ ਅਤੇ ਨੀਚ ਕਰਮ ਆਦਿਕ ਜਿੰਨੇ ਵੀ ਕਰਮ ਹਨ ਸਾਰਿਆਂ ਨੂੰ ਨਖਿਧ ਕਰਮ ਹੀ ਪਛਾਣੋ।

**ਇਨ ਕੋ ਅੰਗੀਕਾਰ ਨ ਕਰੈ । ਜੋ ਨਰ ਸ਼੍ਰੇਯ ਚਾਹ ਕੋ ਧਰੈ ।**

ਇਹ ਜਿਹੜੇ ਨਖਿਧ ਕਰਮ ਹਨ, ਇਹਨਾਂ ਨੂੰ ਅੰਗੀਕਾਰ ਨਾ ਕਰੇ ਭਾਵ ਇਹਨਾਂ ਦਾ ਤਿਆਗ ਕਰੇ ਜਿਹੜਾ ਪੁਰਖ ਆਪਣਾ ਕਲਿਆਣ-ਭਲਾ ਚਾਹੁੰਦਾ ਹੈ ਅਥਵਾ ਜਿਹੜਾ ਕਰਮ ਬੰਧਨ ਤੋਂ ਮੁਕਤੀ ਦੀ ਇੱਛਾ ਰੱਖਦਾ ਹੈ।

**ਭਗਤਿਜੱਗ ਕਰਿ ਜਬਿ ਨਿਸ਼ਕਾਮ, ਸ਼ੁੱਧ ਅੰਤਹਕਰਣ ਹੁਇ ਅਭਿਰਾਮ।੨੪।**

ਭਗਤੀ ਅਤੇ ਜੱਗ ਆਦਿ ਕਰਮ ਕਰਨ ਨਾਲ ਜਦੋਂ ਹਿਰਦਾ ਕਾਮਨਾਵਾਂ ਤੋਂ ਰਹਿਤ ਹੋ ਜਾਂਦਾ ਹੈ ਤਾਂ ਉਦੋਂ ਅੰਤਸ਼ਕਰਣ ਸ਼ੁੱਧ ਹੋ ਜਾਂਦਾ ਹੈ ਅਤੇ ਹਿਰਦਾ, ਸੁੰਦਰ ਹੋ ਜਾਂਦਾ ਹੈ ਅਥਵਾ ਨਿਸ਼ਕਾਮ ਹੋਇਆ ਹਿਰਦਾ ਸੁੰਦਰ ਅਤੇ ਸ਼ੁੱਧ ਹੋ ਜਾਂਦਾ ਹੈ ਭਾਵ ਸ਼ੁਭ ਗੁਣਾ, ਰੂਪ ਸੁੰਦਰਤਾ ਵਾਲਾ ਹੋ ਜਾਂਦਾ ਹੈ।

**ਜਥਾ ਮਲੀਨ ਬਸਤ੍ਰ ਬਹੁ ਕਾਰੇ। ਉੱਜਲ ਸਾਬਣ ਸਾਥ ਪਖਾਰੇ ।**

**ਇਮ ਉਪਾਇ ਤੇ ਮਨ ਸ਼ੁਧਿ ਜਬੈ। ਈਸ਼ ਪ੍ਰਸੰਨ ਹੋਤਿ ਹੈ ਤਬੈ ।੨੫।**

ਜਿਵੇਂ ਮੈਲ ਨਾਲ ਮਲੀਣ ਹੋਏ ਕੱਪੜੇ ਸਾਬਣ ਨਾਲ ਧੋਣ ਕਰਕੇ ਸਾਫ ਹੋ ਜਾਂਦੇ ਹਨ। ਇਸੇ ਤਰ੍ਹਾਂ ਨਿਸ਼ਕਾਮ ਕਰਮ

ਅਤੇ ਉਪਾਸ਼ਨਾ ਆਦਿ ਉਪਾਇ ਕਰਨ ਨਾਲ ਜਦੋਂ ਮਨ ਸ਼ੁੱਧ ਹੋ ਜਾਂਦਾ ਹੈ ਤਾਂ ਉਦੋਂ ਗੁਰੂ ਅਥਵਾ ਪ੍ਰਮਾਤਮਾ ਜੀਵ ਦੇ ਉਤੇ ਪ੍ਰਸੰਨ ਹੁੰਦੇ ਹਨ।

## ਚਾਰ ਸਾਧਨ

**ਚਾਰਹੁੰ ਸਾਧਨ ਉਰ ਉਪਜਾਵੈ । ਸੁਧਰੇ ਖੇਤ ਅੰਨ ਜਿਮ ਪਾਵੈ ।**

ਖੇਤ ਨੂੰ ਤਿਆਰ ਕਰਕੇ ਜਿਵੇਂ ਖੇਤ ਵਿੱਚ ਬੀਜ ਪਾਇਆ ਜਾਂਦਾ ਹੈ ਫਿਰ ਅੰਨ ਪ੍ਰਾਪਤ ਹੁੰਦਾ ਹੈ। ਠੀਕ ਉਸੇ ਤਰ੍ਹਾਂ ਹਿਰਦੇ ਰੂਪ ਖੇਤ ਨੂੰ ਤਿਆਰ ਕਰਕੇ ਚਾਰ ਸਾਧਨ ਰੂਪ ਬੀਜ ਪਾਵੇ ਫਿਰ ਚਾਰ ਸਾਧਨ ਰੂਪ ਬੀਜ ਦਾ ਫਲ ਹਿਰਦੇ ਵਿਚ ਪੈਦਾ ਹੋਵੇਗਾ ਅਥਵਾ ਚਾਰ ਸਾਧਨ ਰੂਪ ਬੀਜ ਹਿਰਦੇ ਰੂਪ ਖੇਤ ਵਿੱਚ ਉਪਜਾਵੇ।

**ਇਕ ਬੈਰਾਗ ਫੁਰੈ ਮਨ ਐਸੇ। ਵਿਸ਼ਟਾ ਕਾਗ ਸੁਰਗ ਸੁਖ ਤੈਸੇ।੨੬।**

ਇਹਨਾਂ ਵਿਚੋਂ ਪਹਿਲਾਂ ਸਾਧਨ ਵੈਰਾਗ ਹੈ। ਇਹ ਵੈਰਾਗ ਇਸ ਪ੍ਰਕਾਰ ਹਿਰਦੇ ਵਿੱਚ ਸੰਫੁਰਣ ਹੋਵੇ ਕਿ ਸੁਰਗ ਦੇ ਸੁੱਖ ਕਾਂ ਦੀ ਵਿਸਟਾ ਸਮਾਨ ਜਾਪਣ।

**ਲੋਕ ਪ੍ਰਲੋਕ ਵਿਸ਼ਯ ਸੁਖ ਜੇਤੇ, ਬਮਨ ਸਮਾਨ ਨ ਭਾਵੈਂ ਤੇਤੇ ।**

ਇਸ ਲੋਕ ਵਿੱਚ ਅਤੇ ਪ੍ਰਲੋਕ ਵਿੱਚ ਜਿੰਨੇ ਵੀ ਵਿਸ਼ੇ ਸੁੱਖ ਹਨ ਭਾਵ ਵਿਸ਼ਿਆਂ ਤੋਂ ਪੈਦਾ ਹੋਣ ਵਾਲੇ ਸੁੱਖ ਹਨ ਉਹ ਸਾਰੇ ਹੀ ਵਿਸ਼ੇ ਸੁੱਖ ਉਲਟੀ ਵਾਂਗ ਦਿਲ ਨੂੰ ਚੰਗੇ ਨਾ ਲੱਗਣ। ਵਿਸ਼ੇ ਅਥਵਾ ਵਿਸ਼ੇ ਤੋਂ ਪੈਦਾ ਹੋਣ ਵਾਲੇ ਸੁੱਖਾਂ ਪ੍ਰਤੀ ਅੰਦਰੋਂ ਪਕੜ ਦਾ ਖਤਮ ਹੋ ਜਾਣਾ ਇਸੇ ਨੂੰ ਹੀ ਵੈਰਾਗ ਕਿਹਾ ਜਾਂਦਾ ਹੈ।

**ਤੱਤ ਮਿਥਿਆ ਕੋ ਫੁਰੈ ਬਿਚਾਰ ।ਸਾਧਨ ਦੁਤਿਯ ਬਿਬੇਕ ਉਚਾਰ।੨੭।**

ਤੱਤ ਕੀ ਹੈ, ਅਸਲ ਕੀ ਹੈ, ਸੱਤ ਕੀ ਹੈ ਅਤੇ ਮਿਥਿਆ ਕੀ ਹੈ ਨਾਸ਼ਵਾਨ ਕੀ ਹੈ, ਝੂਠ ਕੀ ਹੈ ? ਭਾਵ ਆਤਮਾ ਹੀ ਸੱਤ ਹੈ ਬਾਕੀ ਸਭ ਅਨਾਤਮ ਪਦਾਰਥ ਮਿਥਿਆ ਹਨ ਐਸੀ ਵਿਚਾਰ ਜਦੋਂ ਉਤਪੰਨ ਹੋਵੇ ਉਸਨੂੰ ਦੂਸਰਾ ਸਾਧਨ ਵਿਵੇਕ ਕਹਿੰਦੇ ਹਨ।

**ਰੂਪ ਜਥਾਰਥ ਆਤਮ ਜਾਨੇ। ਸਦਾ ਸੱਤ ਹੈ ਤੱਤ ਪਛਾਨੇ ।**

ਆਤਮਾ ਦੇ ਸਰੂਪ ਨੂੰ ਯਥਾਰਥ-ਜੈਸਾ ਹੈ ਵੈਸਾ ਹੀ ਜਾਣੇ ਭਾਵ ਆਤਮਾ ਸਦਾ ਹੀ ਸੱਤ ਸਰੂਪ ਹੈ ਐਸਾ ਮੰਨੇ, ਇਸੇ ਨੂੰ ਤੱਤ ਕਿਹਾ ਜਾਂਦਾ ਹੈ।

**ਸਾਚ ਝੂਠ ਹ੍ਵੈ ਇਕ ਹੀ ਬਿਖੈ । ਮਿਥਿਆ ਨਾਮ ਇਸੀ ਕੋ ਲਖੈ ।੨੮।**

ਸੱਚ ਅਤੇ ਝੂਠ ਇੱਕ ਹੀ ਪਦਾਰਥ, ਆਤਮ ਵਿਚਾਰ ਵਿੱਚ ਆ ਜਾਂਦੇ ਹਨ ਭਾਵ ਇਕ ਆਤਮ ਗਿਆਨ ਦੇ ਲੱਛਣ ਦੁਆਰਾ ਹੀ ਵਿਚਾਰਿਆ ਜਾਂਦਾ ਹੈ ਕਿ ਆਤਮਾ ਸੱਚ ਹੈ ਅਤੇ ਅਨਾਤਮਾ ਝੂਠ ਹੈ, ਅਨਾਤਮ ਤੋਂ ਭਾਵ ਪ੍ਰਪੰਚ ਹੈ ਇਸ ਪ੍ਰਪੰਚ ਨੂੰ ਹੀ ਮਿਥਿਆ ਨਾਮ ਕਰਕੇ ਜਾਣਿਆ ਜਾਂਦਾ ਹੈ।

**ਜਬ ਅਧਿਸ਼ਠਾਨ ਸਾਚ ਕਰਿ ਜਾਨਾ । ਤਿਸ ਮਹਿਂ ਕਲਪਿਤ ਝੂਠ ਪਛਾਨਾ ।**

ਜਦੋਂ ਅਧਿਸ਼ਠਾਨ ਨੂੰ ਸੱਚ ਕਰਕੇ ਜਾਣ ਲਿਆ ਅਤੇ ਅਧਿਸ਼ਠਾਨ ਵਿੱਚ ਜੋ ਕਲਪਿਤ ਹੈ ਅਧਿਅਸਤ ਹੈ ਉਸਨੂੰ ਮਿਥਿਆ ਝੂਠ ਕਰਕੇ ਮੰਨ ਲਿਆ।

**ਰਜੁ ਮਹਿਂ ਸਰਪ, ਸੀਪ ਮਹਿਂ ਰੂਪਾ । ਭੂਖਨ ਹੇਮ ਬਿਖੈ ਅਨਰੂਪਾ ।੨੯।**

ਜਿਵੇਂ ਰੱਸੀ ਵਿੱਚ ਸੱਪ ਦਾ ਭਰਮ ਕਲਪਿਤ ਹੈ, ਸਿੱਪੀ ਵਿੱਚ ਚਾਂਦੀ ਦਾ ਭੁਲੇਖਾ ਕਲਪਿਤ ਹੈ। ਇਕ ਹੀ ਪਦਾਰਥ ਸੋਨੇ ਵਿੱਚ ਅਨੇਕ ਗਹਿਣਿਆਂ ਦਾ ਭਰਮ ਕਲਪਿਤ ਹੈ।

**ਤਿਮ ਆਤਮ ਸਤਿ ਰੂਪ ਮਝਾਰਾ । ਦੇਹਾਦਿਕ ਪਰਪੰਚ ਪਸਾਰਾ ।**

ਉਸੇ ਤਰ੍ਹਾਂ ਹੀ ਸੱਤ ਸਰੂਪ ਆਤਮਾ ਦੇ ਵਿੱਚ ਦੇਹ ਆਦਿਕ ਜਿੰਨਾਂ ਵੀ ਦ੍ਰਿਸ਼ਮਾਨ ਅਤੇ ਅਦ੍ਰਿਸ਼ ਪ੍ਰਪੰਚ ਦਾ ਪਸਾਰਾ ਹੈ ਇਹ ਝੂਠਾ ਹੈ-ਨਾਸ਼ਵਾਨ ਹੈ ਕਲਪਿਤ ਹੈ।

**ਇਮ ਤਤ ਮਿਥਿਆ ਕਰਨ ਵਿਚਾਰ । ਸਾਧਨ ਦੁਤਿਯ ਬਿਬੇਕ ਬਿਚਾਰ ।੩੦।**

ਇਸ ਪ੍ਰਕਾਰ ਤੱਤ ਕੀ ਹੈ ਅਤੇ ਮਿਥਿਆ ਕੀ ਹੈ ? ਐਸੀ ਵਿਚਾਰ ਕਰਨੀ ਇਹ ਗਿਆਨ ਪ੍ਰਾਪਤੀ ਵਿੱਚ ਦੂਜਾ ਸਾਧਨ ਮੰਨਿਆ ਜਾਂਦਾ ਹੈ ਇਸੇ ਦਾ ਨਾਮ ਹੀ ਬਿਬੇਕ ਹੈ।

**ਜਿਤਿਕ ਬਾਸਨਾ ਮਨ ਮਹਿਂ ਜੋਇ । ਤਜਾਗਣ ਤਿਨਹੁ ਨਾਮ ਸਮ ਹੋਇ ।**

ਮਨ ਵਿੱਚ ਜਿਤਨੀਆਂ ਵੀ ਵਾਸ਼ਨਾਵਾਂ ਉਤਪੰਨ ਹੁੰਦੀਆਂ ਹਨ ਉਹਨਾਂ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰ ਦੇਣਾ ਇਸੇ ਦਾ ਨਾਮ ਸਮ ਹੈ।

**ਬਿਸ਼ਿਯਨ ਸਭਿ ਤੇ ਰੁਕੈ ਰਿਖੀਕ । ਇਹ ਦਮ ਨਾਮ ਕਹੈਂ ਮਤਿ ਨੀਕ ॥੩੧॥**

ਸਭ ਪ੍ਰਕਾਰ ਦੇ ਵਿਸ਼ਿਆਂ ਵੱਲੋਂ ਇੰਦਰਿਆਂ ਦਾ ਰੁਕ ਜਾਣਾ ਇਸੇ ਦਾ ਨਾਮ ਦਮ ਹੈ ਅਥਵਾ ਚੰਗੀ ਮੱਤ ਵਾਲੇ ਇਸੇ ਨੂੰ ਹੀ ਦਮ ਕਹਿੰਦੇ ਹਨ।

**ਪ੍ਰਾਪਤ ਭਏ ਆਨ ਕਰਿ ਬਿਸੈ । ਫੁਰੈ ਨ ਤ੍ਰਿਸ਼ਨਾ ਮਨ ਮਹਿਂ ਜਿਸੈ ।**

ਸਭ ਪ੍ਰਕਾਰ ਦੇ ਵਿਸ਼ੇ ਪ੍ਰਾਪਤ ਵੀ ਹੋਣ ਪ੍ਰੰਤੂ ਜਿਸ ਮਨ ਵਿੱਚ ਇਹਨਾਂ ਵਿਸ਼ਿਆਂ ਨੂੰ ਭੋਗਣ ਦੀ ਤ੍ਰਿਸ਼ਨਾ ਪੈਦਾ ਨਾ ਹੋਵੇ।

**ਅੰਗੀਕਾਰ ਨ ਕਰਿਬੇ ਭਾਵੈਂ, ਨਾਮ ਉਪਰਤਿ, ਇਸੀ ਕੋ ਗਾਵੈਂ ॥੩੨॥**

ਮਨ ਵਿੱਚ ਇਹਨਾਂ ਵਿਸ਼ਿਆਂ ਨੂੰ ਸਵੀਕਾਰ ਕਰਨਾ ਚੰਗਾ ਨਾ ਲਗਦਾ ਹੋਵੇ ਉਸ ਮਨ ਦੀ ਐਸੀ ਅਵਸਥਾ ਦਾ ਨਾਮ ਹੀ ਉਪਰਤੀ ਦੱਸਿਆ ਜਾਂਦਾ ਹੈ।

**ਸੀਤ ਉਸ਼ਨ ਆਦਿਕ ਦੁਖ ਸਾਰੇ । ਸਹੈ ਤਤਿੱਖਜਾ ਨਾਮ ਉਚਾਰੇ ।**

ਸਰਦੀ ਗਰਮੀ ਆਦਿਕ ਕਰਕੇ ਜਿੰਨੇ ਵੀ ਦੁਖ ਹਨ ਇਹਨਾਂ ਨੂੰ ਸਹਿਣ ਕਰਨਾ ਇਸੇ ਦਾ ਨਾਮ ਤਤਖਿਆ ਹੈ।

**ਇਸ਼ਟ ਦੇਵ ਮਹਿਂ ਰਿਦੈ ਲਗਾਇ । ਸਮਾਧਾਨ ਇਸ ਨਾਮ ਕਹਾਇ ॥੩੩॥**

ਆਪਣੇ ਇਸ਼ਟ ਪ੍ਰਮਾਤਮਾ ਸਰੂਪ ਗੁਰੂ ਵਿੱਚ ਹਿਰਦੇ ਕਰਕੇ ਇਕਾਗਰਤਾ ਬਣਾਉਣੀ ਇਸੇ ਨੂੰ ਸਮਾਧਾਨ ਕਿਹਾ ਜਾਂਦਾ ਹੈ।

**ਗੁਰੂ ਬਚਨ ਪਰ ਸਾਚ ਪ੍ਰਤੀਤ । ਸ਼ਰਧਾ ਨਾਮ ਕਹੈਂ ਸੁਧਿ ਚੀਤ ।**

ਆਪਣੇ ਗੁਰੂ ਦੇ ਬਚਨਾਂ ਨੂੰ ਸੱਚ ਕਰਕੇ ਜਾਣਨਾ, ਗੁਰੂ ਬਚਨਾਂ ਉਤੇ ਪੂਰਾ ਭਰੋਸਾ ਰੱਖਣਾ ਅਤੇ ਆਪਣਾ ਹਿਰਦਾ ਆਪਣੇ ਗੁਰੂ ਪ੍ਰਤੀ ਸੁੱਧ ਰੱਖਣਾ ਇਸੇ ਨੂੰ ਪਵਿੱਤਰ ਹਿਰਦੇ ਵਾਲੇ ਮਹਾਤਮਾ ਜਨ ਸ਼ਰਧਾ ਕਥਨ ਕਰਦੇ ਹਨ।

**ਖਸਟ ਸੰਪਦਾ ਭਨੀ ਸੁਨਾਇ । ਸਾਧਨ ਤ੍ਰਿਤੀ ਰਿਦੇ ਹੁਇ ਆਇ ।੩੪।**

ਇਹ ਖਟ ਸੰਪਤੀ ਰੂਪ ਤੀਜਾ ਸਾਧਨ ਕਥਨ ਕਰਕੇ ਸੁਣਾ ਦਿੱਤਾ ਹੈ ।ਜਿਸ ਦੇ ਹਿਰਦੇ ਵਿੱਚ ਇਹ ਤਿੰਨ ਸਾਧਨ ਵੱਸ ਜਾਂਦੇ ਹਨ ਅਥਵਾ ਜਿਹੜਾ ਹਿਰਦਾ ਇਹਨਾਂ ਤਿੰਨਾਂ ਸਾਧਨਾਂ ਦੇ ਸਹਿਤ ਹੋ ਜਾਂਦਾ ਹੈ, ਉਹ ਹੀ ਚੌਥੇ ਸਾਧਨ ਮੋਖ ਇਛਾ ਦਾ ਅਧਿਕਾਰੀ ਬਣਦਾ ਹੈ।

**ਛੁਧਿਤਿ ਤ੍ਰਿਖਤਿ ਕੋ ਅੰਨ ਰੁ ਪਾਨੀ । ਇਨ ਬਿਨ ਨਹਿਂ ਭਾਵੈ ਕੁਛ ਪ੍ਰਾਨੀ ।**

**ਤਥਾ ਆਤਮਾ ਪ੍ਰਾਪਤਿ ਕਾਂਖਾ । ਨਾਮ ਮੁਮੁਖਤਾ ਇਸਕੋ ਭਾਖਾ।੩੫।**

ਜਿਵੇਂ ਭੁਖੇ ਪਿਆਸੇ ਪ੍ਰਾਣੀ ਨੂੰ ਭੋਜਨ ਅਤੇ ਪਾਣੀ ਦੀ ਪ੍ਰਾਪਤੀ ਦੀ ਹੀ ਇੱਛਾ ਹੁੰਦੀ ਹੈ। ਅੰਨ ਪਾਣੀ ਤੋਂ ਬਿਨ੍ਹਾਂ ਉਸਨੂੰ ਕੁਝ ਵੀ ਚੰਗਾ ਨਹੀਂ ਲਗਦਾ, ਇੰਨੀ ਇੱਛਾ ਹੀ ਪ੍ਰਾਣੀ ਨੂੰ ਆਪਣੇ ਆਤਮ ਸਰੂਪ ਸਾਖਯਾਤਕਾਰ ਦੀ ਹੋਵੇ ਇਸ ਨੂੰ ਹੀ ਮੋਖ ਇਛਾ ਅਥਵਾ ਮਮੁਖਤਾ ਕਹਿੰਦੇ ਹਨ।

**ਜਬਿ ਏ ਚਾਰੋਂ ਸਾਧਨ ਪਾਏ, ਸਤਿਗੁਰ ਸ਼ਰਣਿ ਰਹਹਿ ਅਧਿਕਾਏ ।**

ਜਦੋਂ ਇਹ ਮੁਕਤੀ ਦੀ ਇੱਛਾ ਰੱਖਣਾ ਵਾਲਾ ਜੀਵ ਚਾਰ ਸਾਧਨਾਂ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ। ਫਿਰ ਚਾਰ ਸਾਧਨ ਸਹਿਤ ਹੋ ਕੇ ਲੰਮਾਂ ਸਮਾਂ ਸੱਚੇ ਗੁਰੂ ਦੀ ਸਰਣ ਵਿੱਚ ਰਹਿੰਦਾ ਹੈ।

**ਸ਼੍ਰੋਤ੍ਰੀ ਬ੍ਰਹਮ ਨਿਸ਼ਠੀ ਗੁਰ ਪੂਰਾ ।**

ਬ੍ਰਹਮ ਸ੍ਰੋਤ੍ਰੀ ਅਤੇ ਬ੍ਰਹਮ ਨਿਸ਼ਠ ਭਾਵ ਸ਼ਾਸਤ੍ਰ ਗਿਆਤਾ ਅਤੇ ਆਤਮ ਗਿਆਤਾ ਜੋ ਪੂਰਨ ਗੁਰੂ ਹੈ।

**ਤਿਸ ਤੇ ਲਹੈ ਪਰਮ ਪਦ ਸੂਰਾ ।੩੬।**

ਤਿਸ ਪੂਰੇ ਗੁਰੂ ਪਾਸੋਂ ਅਪ੍ਰੋਖ ਗਿਆਨ ਰੂਪ ਪਰਮਪਦ ਪ੍ਰਾਪਤ ਕਰਦਾ ਹੈ । ਸੂਰਾ=ਮਨ ਇੰਦ੍ਰੇ ਆਦਿਕਾਂ ਨੂੰ ਜਿੱਤ ਕੇ ਵਸ ਵਿੱਚ ਕਰਨ ਵਾਲਾ ਸੂਰਮਾ ਹੀ ਗੁਰੂ ਕ੍ਰਿਪਾ ਦੁਆਰਾ ਪਰਮ ਪਦਵੀ ਨੂੰ ਪ੍ਰਾਪਤ ਕਰਦਾ ਹੈ।

**ਕੇਵਲ ਸ਼੍ਰੋਤ੍ਰੀ ਤੇ ਕੱਲਜਾਨ, ਪਾਇ ਗਜਾਨ ਨਹਿਂ ਹ੍ਵੈ ਦੁਖ ਹਾਨ ।**

**ਕੇਵਲ ਬ੍ਰਹਮ ਨਿਸ਼ਠ ਥੇ ਨਾਂਹੀ, ਇਸ ਪਰ ਜੁਗਤ ਸੁਨਹੁ ਸ਼੍ਰੁਤਿ ਮਾਂਹੀ।੩੭।**

ਸਿਰਫ, ਸਾਸ਼ਤ੍ਰ ਗਿਆਤਾ ਜੋ ਗੁਰੂ ਹੈ, ਉਸ ਬ੍ਰਹਮ ਸ੍ਰੋਤ੍ਰੀ ਗੁਰੂ ਪਾਸੋਂ ਸ਼ਾਸਤ੍ਰ ਦਾ ਗਿਆਨ ਤਾਂ ਪ੍ਰਾਪਤ ਕੀਤਾ ਜਾ

ਸਕਦਾ ਹੈ ਪ੍ਰੰਤੂ ਕਲਿਆਣ-ਮੁਕਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਇਸ ਕਰਕੇ ਸਦਾ ਲਈ ਦੁੱਖਾਂ ਦੀ ਨਵਿਰਤੀ ਵੀ ਨਹੀਂ ਹੁੰਦੀ, ਸਿਰਫ ਬ੍ਰਹਮ ਨੇਸਟੀ ਗੁਰੂ ਪਾਸੋਂ ਵੀ ਕਲਿਆਣ ਨਹੀਂ ਹੁੰਦੀ ਐਸਾ ਸ਼ਾਸ਼ਤਰਾਂ ਦਾ ਮੱਤ ਹੈ ਇਸ ਕਰਕੇ ਇਸ ਵਿਸ਼ੇ ਤੇ ਸ੍ਰਤੀ ਪ੍ਰਮਾਣ ਵੀ ਸੁਣ ਲਵੋ :

**ਬੇਦ ਸ਼ਾਸ਼ਤ੍ਰ ਸਭਿ ਹੀ ਪਢਿ ਲਹਜੋ । ਬ੍ਰਹਮ ਸਾਖਜਾਤਕਾਰ ਨਹਿੰ ਭਯੋ ।**

**ਸੋ ਸ਼੍ਰੋਤ੍ਰੀ ਸੰਸੇ ਕਰ ਦੂਰ । ਹੋਇ ਨ ਅਨੁਭਵ ਆਤਮ ਆਤਮ ਪੂਰ।੩੮।**

ਜਿਸ ਗੁਰੂ ਨੇ ਬੇਦ ਸ਼ਾਸਤ੍ਰ-ਧਰਮ ਗ੍ਰੰਥ ਭਾਵ ਕਰਮ, ਉਪਾਸਨਾ, ਆਤਮ ਗਿਆਨ ਭਰਪੂਰ ਗ੍ਰੰਥ ਸਾਰੇ ਹੀ ਪੜ੍ਹ ਲਏ ਹੋਣ ਪ੍ਰੰਤੂ ਅਜੇ ਆਤਮ ਸਾਖਯਾਤਕਾਰ ਨਾ ਹੋਇਆ ਹੋਵੇ ਭਾਵ ਪ੍ਰਕਾਸ਼ ਸਰੂਪ ਆਤਮਾ ਦਾ ਪ੍ਰਤੱਖ ਅਨੁਭਵ ਨਾ ਹੋਇਆ ਹੋਵੇ, ਉਹ ਗੁਰੂ ਆਪਣੇ ਸਾਰੇ ਸੰਸੇ ਤਾਂ ਦੂਰ ਕਰ ਚੁੱਕਾ ਹੁੰਦਾ ਹੈ ਭਾਵ ਉਸ ਨੂੰ ਕੋਈ ਸੰਸਾ ਨਹੀਂ ਰਹਿੰਦਾ। ਅਥਵਾ ਕਰਮ, ਉਪਾਸਨਾ, ਗਿਆਨ, ਜੀਵ ਈਸ, ਬ੍ਰਹਮ ਮਾਇਆ ਆਦਿਕ ਕਿਸੇ ਵੀ ਵਿਸ਼ੇ ਪ੍ਰਥਾਇ ਕੋਈ ਵੀ ਸੰਸਾ ਨਹੀਂ ਰਿਹਾ, ਜਿਸ ਗੁਰੂ ਨੇ ਸਾਰੇ ਹੀ ਸੰਸੇ ਦੂਰ ਕਰ ਲਏ ਹਨ। ਪ੍ਰੰਤੂ ਅਜੇ ਤੱਕ ਪੂਰਨ ਰੂਪ ਵਿੱਚ ਆਤਮਾ ਦਾ ਅਨੁਭਵ ਨਹੀਂ ਹੋਇਆ ਉਹ ਕਿਸੇ ਨੂੰ ਆਤਮ ਗਿਆਨ ਅਥਵਾ ਮੁਕਤੀ ਨਹੀਂ ਦੇ ਸਕਦਾ

**ਸਰਿਤਾ ਪਾਰ ਉਤਰਨੇ ਹਾਰ । ਆਇ ਪਿਖਜੋ ਅੰਧਾ ਕਰਨਧਾਰ ।**

**ਪਾਰ ਕਰਾਰ ਦ੍ਰਿਸ਼ਟਿ ਨਹਿੰ ਆਵੈ । ਆਪ ਤਰੈ ਨਹਿ ਅਪਰ ਤਰਾਵੈ ।੩੯।**

ਜਿਵੇਂ ਕਿਸੇ ਰਾਹੀ ਨੇ ਕੋਈ ਨਦੀ ਪਾਰ ਕਰਨੀ ਹੋਵੇ ਤੇ ਨਦੀ ਕੰਢੇ ਖੜ੍ਹ ਕੇ ਦੇਖੇ ਕਿ ਕੋਈ ਮਲਾਹ ਮਿਲੇ ਲੇਕਿਨ ਜਿਹੜਾ ਮਲਾਹ ਨਦੀ ਕੰਢੇ ਮਿਲੇ ਉਹ ਅੰਨ੍ਹਾਂ ਹੋਵੇ ਉਸ ਨੂੰ ਨਾਂ ਤਾਂ ਇੱਧਰਲਾ ਕਿਨਾਰਾ ਹੀ ਨਜਰ ਆਉਂਦਾ ਹੋਵੇ ਨਾ ਉਧਰਲਾ ਕਿਨਾਰਾ ਹੀ ਦਿਖਦਾ ਹੋਵੇ, ਨਾ ਉਹ ਆਪ ਹੀ ਤਰ ਸਕਦਾ ਹੈ ਨਾਂ ਹੀ ਕਿਸੇ ਨੂੰ ਤਾਰ ਸਕਦਾ ਹੈ।

**ਪਿੰਗ ਗੁੰਗ ਹੈ ਕੇਵਟ ਦੂਜਾ । ਸੋ ਭੀ ਮਿਲੇ, ਨ ਕਾਰਜ ਪੂਜਾ ।**

**ਬ੍ਰਹਮ ਨਿਸ਼ਟ ਤੌਂ ਕਿਮ ਹੁਇ ਗਯੋ । ਬੇਦ ਸਾਸਤ੍ਰ ਕੋ ਲਖਤਿ ਨ ਭਯੋ ।੪੦।**

ਦੂਜਾ ਮਲਾਹ ਪਿੰਗਲਾ ਤੇ ਗੁੰਗਾ ਹੈ ਉਹ ਵੀ ਇਸ ਕਾਰਜ ਨੂੰ ਪੂਰਾ ਨਹੀਂ ਕਰ ਸਕਦਾ। ਇਸ ਤਰ੍ਹਾਂ ਦਾ ਸ਼ਾਸਤਰਾਂ ਦਾ ਸਿਧਾਂਤ ਹੈ। ਬ੍ਰਹਮ ਨਿਸ਼ਠ ਤਾਂ ਕਿਸੇ ਤਰ੍ਹਾਂ ਹੋ ਗਿਆ ਲੇਕਿਨ ਬੇਦਾਂ ਸ਼ਾਸ਼ਤਰਾਂ ਦਾ ਗਿਆਤਾ ਨ ਹੋਇਆ, ਸਾਸਤ੍ਰ ਗਿਆਤਾ ਨਾ ਹੋਣ ਕਾਰਨ ਸਾਸਤ੍ਰ ਉਕਤ ਸੰਕਾ ਸਮਾਧਾਨ ਨਹੀਂ ਕਰ ਸਕਦਾ।

**ਸੋ ਭੀ ਦੇਯ ਨ ਸਕਹੀ ਸ੍ਰੇਯ ।ਕਹਿਬੇ ਕੀ ਸਮਰੱਥ ਨ ਜੇਯ ।**

ਸਾਸ਼ਤ੍ਰ ਉਕਤੀ ਦੁਆਰਾ ਜਿਸ ਵਿੱਚ ਕਹਿਣ ਦੀ ਸਮਰੱਥਾ ਨਹੀਂ ਹੈ ਭਾਵ ਉਪਦੇਸ਼ ਕਰਨ ਦੀ ਸਮਰੱਥਾ ਨਹੀਂ ਹੈ ਉਹ ਵੀ ਮੁਕਤੀ ਨਹੀਂ ਦੇ ਸਕਦਾ।

**ਆਪ ਤਰਨਿ ਕੋ ਸਮਰਥ ਦੋਊ, ਅਪਰ ਤਰਾਇ ਸਕਹਿੰ ਨਹਿ ਕੋਊ ।੪੧।**

ਆਪ ਤਰਨ ਨੂੰ ਤਾਂ ਦੋਵੇਂ ਹੀ ਸਮਰੱਥ ਹੁੰਦੇ ਹਨ ਪਰ ਕਿਸੇ ਹੋਰ ਨੂੰ ਤਰਾ ਨਹੀਂ ਸਕਦੇ ਐਸਾ ਮੱਤ ਪੁਰਾਣੇ ਸਮੇਂ ਤੋਂ

ਸ਼ਾਸਤਰਾਂ ਵਿੱਚ ਲਿਖਿਆ ਮਿਲਦਾ ਹੈ।

**ਯਾਂਤੇ ਸੁਨਹੁ ਖਾਲਸਾ ਸ੍ਰੋਨ !। ਹਮਰੇ ਗੁਰੂ ਸਕਲ ਗੁਨ ਭੌਨ ।**

ਭਾਈ ਦਇਆ ਸਿੰਘ ਜੀ ਕਹਿੰਦੇ ਹਨ, ਇਸ ਕਰਕੇ ਖਾਲਸਾ ਜੀ ਧਿਆਨ ਦੇ ਕੇ ਸੁਣੋ ਸਾਡੇ ਸਤਿਗੁਰੂ ਜੀ ਸਾਰੇ ਹੀ ਗੁਣਾਂ ਦਾ ਘਰ ਹਨ।

**ਭਾਵ ਅਰਥ**

ਭਾਈ ਦਇਆ ਸਿੰਘ ਜੀ ਸਿੰਘਾਂ ਨੂੰ ਸਾਸਤ੍ਰਾਂ ਦੇ ਬਾਰੇ ਦੱਸਦੇ, ਦੱਸਦੇ ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਮਾ ਭਗਤੀ ਵਿੱਚ ਮਗਨ ਹੋ ਕੇ, ਸਿੱਖਾਂ ਨੂੰ ਆਪਣੇ ਸਮਰੱਥ ਗੁਰੂ ਦੀ ਕਲਾ ਦਾ ਗਿਆਨ ਕਰਾਉਂਦੇ ਹਨ, ਕਿ ਖਾਲਸਾ ਜੀ ਸਾਡੇ ਸਤਿਗੁਰੂ ਜੀ ਸਰਬ ਕਲਾ ਸਮਰੱਥ ਹਨ।

**ਸ਼੍ਰੋਤ੍ਰੀ, ਬ੍ਰਹਮਨਿਸ਼ੀ, ਹਿਤਕਾਰੀ । ਕਰਹਿਂ ਕ੍ਰਿਪਾ ਤੇ ਸ਼੍ਰੇਯ ਹਮਾਰੀ ।੪੨।**

ਸਾਡੇ ਸਤਿਗੁਰੂ ਜੀ ਸਰਬ ਧਰਮ ਗ੍ਰੰਥਾਂ ਦੇ ਗਿਆਤਾ ਵੀ ਹਨ ਬ੍ਰਹਮ ਨਿਸ਼ਠ ਵੀ ਹਨ। ਆਪਣੇ ਸਿੱਖਾਂ ਨੂੰ ਆਤਮ ਗਿਆਨ ਦੇ ਕੇ ਹਿਤ ਕਰਨ ਵਾਲੇ ਵੀ ਹਨ। ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਾਡੀ ਭਾਵ ਆਪਣੇ ਸਿੱਖਾਂ ਦੀ ਕਲਿਆਣ ਕਰਨ ਵਾਲੇ ਹਨ।

**ਇਸ਼ਟ ਦੇਵ ਭੀ ਇਹੀ ਹਮਾਰੇ । ਸਤਿਗੁਰ ਰੂਪ ਪ੍ਰਤਾਪੀ ਭਾਰੇ ।**
**ਅਹੈ ਜਗਤਪਤਿ ਕੇ ਅਵਤਾਰ । ਚਾਰ ਪਦਾਰਥ ਦੇਤਿ ਉਦਾਰ।੪੩।**

ਐਸੇ ਵੱਡੇ ਪ੍ਰਤਾਪ ਵਾਲੇ ਸਤਿਗੁਰੂ ਜੀ ਸਾਡੇ ਇਸ਼ਟ ਦੇਵ ਹਨ ਅਤੇ ਗੁਰੂ ਸਾਹਿਬ ਖੁਦ ਜਗਤ ਨੂੰ ਸਾਜਣ ਵਾਲੇ ਨਿਰੰਕਾਰ ਜੀ ਦਾ ਸਰੂਪ ਹੋ ਕੇ ਜਗਤ ਤੇ ਆਏ ਹਨ। ਜੋ ਚਾਰ ਪਦਾਰਥ ਬਖਸ਼ਦਿਆਂ ਸਮਾਂ ਨਹੀਂ ਲਾਉਂਦੇ ਉਦਾਰਤਾ ਨਾਲ ਬਖਸ਼ ਦਿੰਦੇ ਹਨ।

**ਇਨ ਕੀ ਸ਼ਰਨ ਨ ਤਿਜਾਗਨ ਜੋਗ । ਗ੍ਰਿਹਸਤ ਭੋਗ ਮਹਿਂ ਦੇਤੇ ਜੋਗ ।**
**ਨਿਜ ਕਰੁਨਾ ਬਲ ਤੇ ਕਲਿਆਨ । ਦੇਤਿ ਸਿੱਖ ਉਰ ਬ੍ਰਹਮ ਗਿਆਨ ।੪੪।**

ਖਾਲਸਾ ਜੀ ਐਸੇ ਸਤਿਗੁਰਾਂ ਦੀ ਸਰਣ ਬਿਲਕੁਲ ਵੀ ਤਿਆਗਣ ਵਾਲੀ ਨਹੀਂ ਹੈ ਜੋ ਆਪਣੇ ਸਿੱਖਾਂ ਨੂੰ ਗ੍ਰਿਹਸਤ ਦੇ ਵਿੱਚ ਹੀ ਵੱਡੇ ਵੱਡੇ ਜੋਗੀਆਂ ਦੇ ਸਮਾਨ ਜੋਗ ਭਾਵ ਜੁੜਨ ਵਾਲੀ ਅਵਸਥਾ ਬਖਸ਼ਣਹਾਰ ਹਨ। ਆਪਣੀ ਕ੍ਰਿਪਾ ਸ਼ਕਤੀ ਦੁਆਰਾ ਕਲਿਆਣ–ਬ੍ਰਹਮਗਿਆਨ ਸਿੱਖ ਨੂੰ ਹਿਰਦੇ ਵਿੱਚ ਬਖਸ਼ ਦਿੰਦੇ ਹਨ।

**ਦਸ ਪਤਿਸ਼ਾਹ ਇਸੀ ਬਿਧਿ ਭਏ । ਕੋਟਨ ਸਿੱਖ ਉਧਾਰਨਿ ਕਏ ।**
**ਗੁਰੂ ਰੂਪ ਹ੍ਵੈ ਹਰਿ ਅਵਤਾਰ । ਤੁਮ ਕੋ ਪ੍ਰਾਪਤ ਭਏ ਓਦਾਰ।੪੫।**

ਭਾਈ ਦਇਆ ਸਿੰਘ ਜੀ ਉਪਦੇਸ਼ ਕਰਦੇ ਹਨ ਕਿ ਭਾਈ ਸਿੱਖੋ ! ਦਸੇ ਹੀ ਸਤਿਗੁਰੂ ਇਸੇ ਤਰ੍ਹਾਂ ਹੀ ਕਲਿਆਣ ਕਰਨ ਵਾਲੇ ਹੋਏ ਹਨ ਜਿੰਨ੍ਹਾਂ ਨੇ ਕਰੋੜਾਂ ਹੀ ਸਿੱਖਾਂ ਦਾ ਉਧਾਰ ਕੀਤਾ ਹੈ। ਸਾਡੇ ਸਤਿਗੁਰੂ ਜੀ ਤਾਂ ਆਪ ਪ੍ਰਮਾਤਮਾ ਦੇ

ਅਵਤਾਰ ਹਨ ਜੋ ਕਿ ਸਾਨੂੰ ਗੁਰੂ ਰੂਪ ਵਿੱਚ ਪ੍ਰਾਪਤ ਹੋਏ ਹਨ।

**ਭਲੇ ਭਾਗ ਅਪਨੇ ਮਨ ਜਾਨੋਂ । ਇਨ ਕੌਂ ਸੰਗ ਸਦਾ ਤੁਮ ਠਾਨੋ ।**

**ਤਨ ਮਨ ਅਰਪਹੁ ਬਨਿ ਕਰਿ ਦਾਸ । ਜਗ ਸਾਗਰ ਉਬਰਹੁ ਅਨਯਾਸ ।੪੬।**

ਐਸੇ ਸਤਿਗੁਰਾਂ ਦੀ ਤੁਸੀ ਸਦਾ ਹੀ ਸੰਗਤ ਕਰਦੇ ਰਹੋ ਇਸ ਨੂੰ ਆਪਣੇ ਚੰਗੇ ਭਾਗ ਹੀ ਸਮਝੋ ਕਿਉਂਕਿ ਬਿਨ੍ਹਾਂ ਭਾਗਾਂ ਤੋਂ ਐਸੇ ਸਤਿਗੁਰਾਂ ਦੀ ਸੰਗਤ ਨਹੀਂ ਮਿਲਦੀ। ਇਸ ਕਰਕੇ ਆਪਣਾ ਤਨ ਮਨ ਧਨ ਸਭ ਕੁਝ ਅਰਪਣ ਕਰਕੇ ਸੱਚੇ ਸੇਵਕ ਬਣ ਜਾਓ ਅਤੇ ਜਦੋਂ ਸੱਚੇ ਦਾਸ ਬਣ ਜਾਵੋਂਗੇ ਤਾਂ ਸੰਸਾਰ ਸਾਗਰ ਤੋਂ ਅਨਾਯਾਸ-ਬਿਨ੍ਹਾਂ ਕਿਸੇ ਵਿਸ਼ੇਸ਼ ਉਦਮ ਦੇ ਭਾਵ ਉਗਾਰ ਤਪ ਆਦਿਕ ਦੇ ਗੁਰੂ ਕਲਗੀਧਰ ਪਿਤਾ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਤਰ ਜਾਉਗੇ।

### ਨਿਚੋੜ

ਇਸ ਪ੍ਰਸੰਗ ਤੋਂ ਪ੍ਰਤੀਤ ਹੁੰਦਾ ਹੈ ਕਿ ਇੰਨੇ ਵਿਸ਼ਿਆਂ ਦਾ ਗਿਆਨ ਸਿੱਖਾਂ ਨੂੰ ਦੇ ਕੇ ਭਾਈ ਦਇਆ ਸਿੰਘ ਜੀ ਜਦੋਂ ਦੀਵਾਨ ਦੀ ਸਮਾਪਤੀ ਕਰਨ ਲੱਗੇ ਸੀ ਤਾਂ ਉਸ ਵੇਲੇ ਦਸਮੇਸ਼ ਪਿਤਾ ਜੀ ਦੇ ਪ੍ਰੇਮ ਰੰਗ ਵਿੱਚ ਐਸੇ ਰੰਗੇ ਗਏ ਕਿ ਸਿੱਖਾਂ ਨੂੰ ਆਪਣੇ ਸਮਰੱਥ ਗੁਰੂ ਦੀ ਮਹਿਮਾਂ ਸੁਣਾਂ ਕੇ ਨਿਹਾਲ ਕਰ ਦਿੱਤਾ ਅਤੇ ਆਪ ਦਸ਼ਮੇਸ਼ ਜੀ ਦੇ ਨਿਰੰਕਾਰੀ ਨੂਰ ਨਾਲ ਲਬਾ ਲਬ ਭਰ ਗਏ। ਦੀਵਾਨ ਦੀ ਸਮਾਪਤੀ ਤੇ ਹਰ ਸਿੱਖ ਦੀ ਜ਼ੁਬਾਨ ਅਤੇ ਹਰ ਸਿੱਖ ਦੇ ਦਿਲ ਵਿੱਚ ਇਕੋ ਹੀ ਸ਼ਬਦ ਸੀ ਧੰਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਧੰਨ ਨੇ ਭਾਈ ਦਇਆ ਸਿੰਘ ਜੀ ਜਿੰਨ੍ਹਾਂ ਦੀ ਗੁਰੂ ਭਗਤੀ ਨੇ ਸਾਡੇ ਨਿਸ਼ਚੇ ਨੂੰ ਹੋਰ ਵੀ ਪਰਪੱਕ ਕੀਤਾ ਹੈ । ਇਸ ਅਧਿਆਇ ਦੀ ਇਥੇ ਸਮਾਪਤੀ ਇਹ ਸਾਖ ਭਰਦੀ ਹੈ ਕਿ ਇਸ ਅਧਿਆਇ ਵਿੱਚ ਆਈ ਵਿਚਾਰ ਇਕ ਹੀ ਦਿਨ ਦੇ ਦੀਵਾਨ ਵਿੱਚ ਹੋਈ ਹੈ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ 'ਸੂਖਮ ਵਿਚਾਰ' ਬਰਨਨੰ ਨਾਮ ਪੈਤਾਲੀਸਮੋ ਅੰਸੂ ।੪੫।**

## ਅਧਿਆਇ ੪੬

# ਗੁਰਮਤਿ ਦੇ ਸਾਧਨਾਂ ਦਾ ਵਰਣਨ

**ਦੋਹਰਾ : ਐਸੇ ਸਤਿਗੁਰ ਪਾਸਿ ਤੇ ਲਹਤਿ ਜੀਵ ਕੱਲਜਾਨ ।**

**ਜਸ ਦੇਖਤਿ ਅਧਿਕਾਰਿ ਜਨ ਤਸ ਉਪਦੇਸ਼ ਬਖਾਨ ।**

ਜਿਹੜੇ ਐਸੇ ਸਤਿਗੁਰੂ ਹਨ ਉਹਨਾਂ ਦੇ ਕੋਲੋਂ ਅਨੇਕ ਜੀਵ ਮੁਕਤੀ ਪ੍ਰਾਪਤ ਕਰਦੇ ਹਨ। ਉਹ ਜੈਸਾ ਅਧਿਕਾਰੀ ਦੇਖਦੇ ਹਨ ਉਸਨੂੰ ਵੈਸਾ ਹੀ ਉਪਦੇਸ਼ ਕਰਦੇ ਹਨ।

**ਭਾਵ ਅਰਥ**

ਸਤਿਗੁਰੂ ਜੀ ਸਿੱਖ ਦੇ ਹਿਰਦੇ ਦੀ ਅਵਸਥਾ ਅਨੁਸਾਰ ਉਪਦੇਸ਼ ਕਰਦੇ ਹਨ। ਹੁਣ ਇੱਕ ਅਧਿਕਾਰੀ ਹੈ ਜਿਸ ਨੂੰ ਸਤਿਨਾਮੁ ਵਾਹਿਗੁਰੂ ਜਾਂ ਮੂਲਮੰਤ੍ਰ ਤੋਂ ਸ਼ੁਰੂ ਕਰਾਉਣਾ ਪੈਂਦਾ ਹੈ ਕਿ ਭਾਈ ਮੂਲ ਮੰਤ੍ਰ ਦਾ ਜਾਪ ਕਰਿਆ ਕਰੋ, ਇਕ ਅਧਿਕਾਰੀ ਨੂੰ ਜਾਪ ਤੋਂ ਪਹਿਲਾਂ ਸੇਵਾ ਤੇ ਲਾਉਣਾ ਪੈਂਦਾ ਹੈ, ਉਸਨੂੰ ਸੇਵਾ ਤੇ ਲਾਉਂਦੇ ਹਨ ਇਕ ਅਧਿਕਾਰੀ ਐਸਾ ਵੀ ਹੁੰਦਾ ਹੈ ਜਿਸਦਾ ਸਫ਼ਰ ਪਹਿਲਾਂ ਹੀ ਤੈਅ ਕੀਤਾ ਹੁੰਦਾ ਹੈ ਭਾਵ ਉਸਦੀ ਪ੍ਰਾਰਬਧ ਵਿੱਚ ਹੀ ਹੁੰਦਾ ਹੈ, ਲੇਕਿਨ ਸਰੂਪ ਦਾ ਗਿਆਨ ਅਜੇ ਬਾਕੀ ਰਹਿੰਦਾ ਹੁੰਦਾ ਹੈ ਉਸ ਨੂੰ ਸਿੱਧਾ ਹੀ ਸਰੂਪ ਦਾ ਚਿੰਤਨ ਕਰਾ ਦਿੰਦੇ ਹਨ ਇਸ ਕਰਕੇ ਹੀ ਇਥੇ ਕਿਹਾ ਗਿਆ ਹੈ ਕਿ ਗੁਰੂ ਸਾਹਿਬ ਜੀ ਜੈਸਾ ਅਧਿਕਾਰੀ ਦੇਖਦੇ ਹਨ ਉਸ ਨੂੰ ਵੈਸਾ ਹੀ ਉਪਦੇਸ਼ ਕਰ ਬਖਸ਼ਦੇ ਹਨ।

**ਚੌਪਈ : ਖਟ ਗੁਣ ਸਹਿਤ ਗੁਰੂ ਭਗਵਾਨ ।ਜਥਾ ਬਿਸ਼ਨ ਕੇ ਮਹਦ ਮਹਾਨ ।**

**ਯਾਂਤੇ ਨਿਜ ਸ਼ਕਤੀ ਤੇ ਲਖੈ । ਗੁਨ ਅਵਗੁਨ ਜੱਗਜਾਸੀ ਬਿਖੈ ।੨।**

ਜਿਵੇਂ ਭਗਵਾਨ ਵਿਸ਼ਨੂੰ ਜੀ ਦੇਵਤਿਆਂ ਦੇ ਵਿਚੋਂ ਵੱਡੇ ਅਤੇ ਮਹਾਨ ਦੇਵਤੇ ਹਨ ਉਸੇ ਤਰ੍ਹਾਂ ਹੀ ਛੇ ਗੁਣ ਦੇ ਸਹਿਤ ਸਾਡੇ ਗੁਰੂਦੇਵ ਜੀ ਵੀ ਗੁਰੂਆਂ ਦੇ ਵਿਚੋਂ ਸਭ ਤੋਂ ਵੱਡੇ ਗੁਰੂ ਹਨ ਅਤੇ ਸਭ ਤੋਂ ਮਹਾਨ ਹਨ। ਛੇ ਗੁਣਾਂ ਦੇ ਸਹਿਤ ਗੁਰੂ ਭਗਵਾਨ ਸਰੂਪ ਹਨ ਅਤੇ ਅਨੰਤ ਸ਼ਕਤੀਆਂ ਦੇ ਮਾਲਕ ਹਨ।ਇਸ ਕਰਕੇ ਕਿਸ ਜਗਿਆਸੂ ਵਿੱਚ ਕਿਹੜੇ ਕਿਹੜੇ ਗੁਣ ਹਨ ਅਤੇ ਕਿਹੜੇ ਕਿਹੜੇ ਔਗੁਣ ਹਨ ਗੁਰੂ ਸਾਹਿਬ ਜੀ ਆਪਣੀ ਸ਼ਕਤੀ ਦੁਆਰਾ ਹੀ ਜਾਣ ਲੈਂਦੇ ਹਨ।

**ਜਥਾ ਜਰਾਹ ਹੋਤਿ ਮਤਵੰਤਾ । ਘਾਵ ਮਝਾਰ ਬਿਕਾਰ ਲਹੰਤਾ ।**

**ਤੌ ਮੇਲਨ ਅਉਖਧ ਨਹਿ ਲਾਵੈ । ਮੇਲੇ ਤੇ ਨਸੂਰ ਰਹਿ ਜਾਵੈ ।੩।**

ਜਿਵੇਂ ਇਕ ਸਿਆਣਾ ਵੈਦ ਅਥਵਾ ਡਾਕਟਰ ਜਦੋਂ ਜਖ਼ਮ ਵਿੱਚ ਕੋਈ ਕਮੀ ਦੇਖਦਾ ਹੈ ਤਾਂ ਉਹ ਵੈਦ ਉਸ ਜਖ਼ਮ ਨੂੰ ਮੇਲਣ ਲਈ ਕੋਈ ਦਵਾਈ ਆਦਿਕ ਨਹੀਂ ਲਾਉਂਦਾ ਕਿਉਂਕਿ ਉਹ ਜਾਣਦਾ ਹੈ ਜੇਕਰ ਇਸੇ ਤਰ੍ਹਾਂ ਜਖ਼ਮ ਬੰਦ ਕਰ

ਦਿੱਤਾ ਤਾਂ ਨਾਸੁਰ-ਜਖ਼ਮ ਖਰਾਬ ਹੋ ਕੇ ਉਸ ਵਿੱਚ ਪੱਸ ਆਦਿਕ ਪੈ ਜਾਵੇਗੀ ਜਖ਼ਮ ਠੀਕ ਨਹੀਂ ਹੋਵੇਗਾ।

**ਟੂਟਜੋ ਅਸਥੀ ਆਦਿ ਬਿਕਾਰ । ਤਿਸਕੋ ਪੂਰਬ ਲੇਤਿ ਨਿਕਾਰ ।**

**ਪੁਨਹ ਘਾਵ ਮੇਲਤਿ ਸੁਖਦੇਤਿ। ਕਾਚ ਜਰਾਹ ਹੋਤਿ ਦੁਖ ਹੇਤ।੪।**

ਕਿਸੇ ਹੱਡੀ ਆਦਿਕ ਦੇ ਟੁੱਟਣ ਕਰਕੇ ਜਿਹੜਾ ਵਿਕਾਰ ਪੈਦਾ ਹੋਇਆ ਹੁੰਦਾ ਹੈ, ਪਹਿਲਾਂ ਉਸ ਵਿਕਾਰ ਨੂੰ ਠੀਕ ਕਰ ਲੈਂਦਾ ਹੈ। ਫਿਰ ਜਖਮ ਨੂੰ ਮੇਲਦਾ ਹੈ ਭਾਵ ਟਾਂਕੇ ਵਗੈਰਾ ਲਾਉਂਦਾ ਹੈ। ਸਹੀ ਵਿਧੀ ਦੁਆਰਾ ਕੀਤਾ ਇਲਾਜ ਇਨਸਾਨ ਨੂੰ ਸੁੱਖ ਦਿੰਦਾ ਹੈ, ਜਿਹੜਾ ਕੱਚਾ ਵੈਦ ਹੁੰਦਾ ਹੈ ਹਮੇਸ਼ਾ ਹੀ ਦੁੱਖ ਦੇਣ ਦਾ ਕਾਰਨ ਬਣਦਾ ਹੈ।

**ਇਮ ਹਮਰੇ ਸਤਿਗੁਰ ਗੁਨ ਵੰਤੇ । ਸਿਖ ਕੋ ਨੀਕੀ ਬਿਧਿ ਪਰਖੰਤੇ ।**

**ਜਿਸ ਕਰ ਪਾਵਹਿਂ ਜਨ ਕਲਿਆਨ । ਇਮ ਉਪਦੇਸ਼ਤਿ ਹੈ ਹਿਤ ਠਾਨਿ ।੫।**

ਇਸ ਪ੍ਰਕਾਰ ਇਕ ਚੰਗੇ ਸਿਆਣੇ ਗੁਣਵਾਨ ਵੈਦ ਦੀ ਤਰ੍ਹਾਂ ਸਾਡੇ ਸਤਿਗੁਰੂ ਜੀ ਇਲਾਹੀ ਗੁਣਾਂ ਅਥਵਾ ਸ਼ਕਤੀਆਂ ਵਾਲੇ ਹਨ। ਸਿੱਖ ਦੇ ਮਨ ਦੀ ਅਵਸਥਾ ਨੂੰ ਚੰਗੀ ਤਰ੍ਹਾਂ ਦ੍ਰਿਸ਼ਟੀ ਮਾਤਰ ਨਾਲ ਹੀ ਪਰਖ ਲੈਂਦੇ ਹਨ। ਫਿਰ ਜਿਸ ਉਪਦੇਸ਼ ਦੇ ਨਾਲ ਸਿੱਖ ਦਾ ਕਲਿਆਣ ਹੋ ਸਕੇ ਹਿਤ ਠਾਨਿ- ਸਿਖ ਦਾ ਭਲਾ ਕਰਮ ਵਾਲਾ ਉਪਦੇਸ਼ ਕਰਦੇ ਹਨ ਭਾਵ ਇਸ ਤਰ੍ਹਾਂ ਦਾ ਉਪਦੇਸ਼ ਕਰਦੇ ਹਨ ਜਿਸ ਉਪਦੇਸ਼ ਨਾਲ ਸਿੱਖ ਦਾ ਭਲਾ ਹੋਵੇ ਅਥਵਾ ਗੁਰੂ ਸਾਹਿਬ ਇਸ ਤਰ੍ਹਾਂ ਹਿਤ ਠਾਨਿ - ਸਿੱਖ ਦੀ ਮੁਕਤੀ ਦਾ ਹੇਤੂ ਜਾਣ ਉਪਦੇਸ਼ ਕਰਦੇ ਹਨ ਜਿਸ ਉਪਦੇਸ਼ ਨੂੰ ਕਮਾਉਣ ਦੇ ਨਾਲ ਸਿੱਖ ਮੁਕਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

## ਅਧਿਕਾਰੀ

**ਜਿਨਕੀ ਬ੍ਰਿਤਿ ਸੁਖ ਦੁਖ ਮਹਿਂ ਭਾਰੀ । ਰਾਗ ਦ੍ਵੈਖ ਕੇ ਨਿਤ ਅਨੁਸਾਰੀ।**

**ਸੁਤ ਬਿਤ ਆਦਿ ਪਦਾਰਥ ਸਾਰੇ । ਇਨ ਹਿਤ ਬੈਸ ਬਿਤਾਇ ਬਿਚਾਰੇ ।੬।**

ਜਿਨ੍ਹਾਂ ਦੀ ਬਿਰਤੀ ਹਮੇਸ਼ਾ ਹੀ ਸੁੱਖਾਂ ਅਤੇ ਦੁੱਖਾਂ ਵਿੱਚ ਹੀ ਫਸੀ ਰਹਿੰਦੀ ਹੈ ਜਿਹੜੇ ਮੋਹ ਅਤੇ ਈਰਖਾ ਦੇ ਹਰ ਰੋਜ ਹੀ ਅਨੁਸਾਰੀ ਚਲਦੇ ਹਨ ਭਾਵ ਕਦੇ ਸੁਖੀ ਹੋ ਗਏ ਕਦੇ ਦੁਖੀ ਹੋ ਗਏ ਕਿਸੇ ਨੂੰ ਪਿਆਰ ਤੇ ਕਿਸੇ ਨੂੰ ਈਰਖਾ ਕਰਨ ਲੱਗ ਗਏ। ਪੁੱਤਰ, ਪੈਸਾ ਅਤੇ ਸਾਰੇ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਹੀ, ਜਿਹੜੇ ਪੁਰਖ ਆਪਣੀ ਉਮਰ ਬਤੀਤ ਕਰਦੇ ਹਨ। ਜਦੋਂ ਸਤਿਗੁਰੂ ਜੀ ਇਸ ਤਰ੍ਹਾਂ ਸਿੱਖ ਦੀ ਅਵਸਥਾ ਦੇਖਦੇ ਹਨ ਤਾਂ ਉਸ ਨੂੰ ਉਪਦੇਸ਼ ਕਰਦੇ ਹਨ।

## ਸੇਵਾ

**ਤਿਸਕੋ ਕਹੈਂ ਕਰਹੁ ਧ੍ਰਮਕਾਰ । ਸੇਵਹੁ ਸਿੱਖਨਿ ਦੇਹੁ ਅਹਾਰ ।**

**ਜਥਾ ਸ਼ਕਤਿ ਦਿਹੁ ਛਾਦਨ ਆਛੇ । ਚਾਂਪਹੁ ਪਗ ਕਰੀਐ ਸਿਖ ਬਾਂਛੇ ।੭।**

ਪਦਾਰਥਾਂ ਦੀ ਪਕੜ ਵਿੱਚ ਫਸੇ ਸਿੱਖ ਨੂੰ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਭਾਈ! ਧਰਮ ਦੀ ਕ੍ਰਿਤ ਕਰੋ। ਗੁਰਸਿੱਖਾਂ ਦੀ ਸੇਵਾ ਕਰੋ, ਲੰਗਰ ਪ੍ਰਸ਼ਾਦਾ ਆਦਿ ਛਕਾਉ, ਆਪਣੇ ਵਿੱਤ ਅਨੁਸਾਰ ਦਸਵੰਧ ਕੱਢ ਕੇ, ਸਿੱਖਾਂ ਨੂੰ ਬਸਤਰ

ਅਰਪਣ ਕਰੋ, ਉਹਨਾਂ ਦੇ ਚਰਨਾਂ ਦੀ ਸੇਵਾ ਕਰੋ ਭਾਵ ਥੱਕੇ ਸਿੱਖਾਂ ਦੀ ਮੁੱਠੀ-ਚਾਪੀ ਕਰੋ ਅਤੇ ਗੁਰਸਿੱਖਾਂ ਦੇ ਬਚਨਾਂ ਅਨੁਸਾਰ ਚੱਲੋ।

**ਮਰਦਨ ਕਰਿ ਇਸਨਾਨ ਕਰਾਵਹੁ । ਬਸਤ੍ਰ ਪਖਾਰਹੁ ਸੁੱਧ ਬਨਾਵਹੁ ।**

**ਹਾਂਕਹੁ ਪੌਨ ਸ੍ਵੇਦ ਜਬਿ ਹੋਇ । ਝਾਰਹੁ ਪਨਹੀ ਪਗ ਕੋ ਧੋਇ ।੮।**

ਬਜ਼ੁਰਗ ਸਿੱਖਾਂ ਦੇ ਸਰੀਰ ਨੂੰ ਚੰਗੀ ਤਰ੍ਹਾਂ ਮਲ ਕੇ ਇਸ਼ਨਾਨ ਕਰਾਉ, ਬਸਤਰ ਧੋ ਕੇ ਸਾਫ ਕਰੋ, ਜਦੋਂ ਗਰਮੀ ਵਿੱਚ ਮੁੜ੍ਹਕਾ ਆਇਆ ਦੇਖੋ ਪੱਖਾ ਝੱਲੋ, ਗੁਰੂ ਘਰ ਜਾ ਕੇ, ਸਿੱਖ ਸੰਗਤਾਂ ਦੇ ਜੋੜੇ ਝਾੜੋ ਅਤੇ ਘਰ ਆਏ ਸਿੱਖਾਂ ਦੇ ਚਰਨ ਧੋ ਕੇ ਭਾਵਨਾ ਨਾਲ ਸੇਵਾ ਕਰੋ।

**ਜੂਠੇ ਭਾਂਵਨਿ ਮਾਂਞਨ ਕਰਹੁ ।ਸੀਤਲ ਨੀਰ ਕੂਪ ਤੇ ਭਰਹੁ ।**

**ਰਦਧਾਵਨ ਕੋ ਅਰਪਹੁ ਆਨਿ । ਕਰਹ ਰਸੋਈ ਸੁੱਧ ਮਹਾਨ ।੯।**

ਜੂਠੇ ਬਰਤਨਾਂ ਦੀ ਸੇਵਾ ਕਰੋ, ਸੰਗਤ ਦੇ ਛਕਣ ਲਈ ਠੰਢਾ ਜਲ ਖੂਹ ਤੋਂ ਭਰ ਕੇ ਲਿਆਉ। ਬਾਹਰੋਂ ਦਾਤਣ ਕਰਨ ਲਈ ਲਿਆ ਕੇ, ਸੰਗਤ ਨੂੰ ਦਿਉ ਅਤੇ ਰਸੋਈ ਬੜੀ ਸ਼ੁੱਧਤਾ ਨਾਲ ਤਿਆਰ ਕਰੋ।

**ਇੱਤਜਾਦਿਕ ਸੇਵਾ ਬਹੁ ਭਾਂਤਿ । ਸਿਖਨ ਕੀ ਕੀਜਹਿ ਦਿਨ ਰਾਤਿ ।**

ਇਸ ਪ੍ਰਕਾਰ ਗੁਰੂ ਦੇ ਸਿੱਖਾਂ ਦੀ ਅਨੇਕ ਤਰ੍ਹਾਂ ਦੀ ਸੇਵਾ ਦਿਨ-ਰਾਤ ਹੀ ਕਰਦੇ ਰਹੋ।

## ਗੁਰਬਾਣੀ

**ਸਤਿਗੁਰ ਗਿਰਾ ਸੀਖਿ ਨਿਤਿ ਪਠੋ । ਸੱਤਿਨਾਮ ਕਹੁ ਮੁਖ ਤੇ ਰਟੋ ।੧੦।**

ਸਤਿਗੁਰਾਂ ਦੀ ਬਾਣੀ ਦਾ ਸ਼ੁੱਧ ਉਚਾਰਨ ਸਿੱਖ ਕੇ, ਹਰ ਰੋਜ਼ ਨਿੱਤਨੇਮ ਅਨੁਸਾਰ ਪਾਠ ਕਰੋ। ਸੱਚੇ ਵਾਹਿਗੁਰੂ ਦਾ ਨਾਮ ਹਰ ਵੇਲੇ ਆਪਣੀ ਰਸਨਾ ਨਾਲ ਜਪਦੇ ਰਹੋ।

**ਨਿਜ ਨਿਜ ਧਰਮ ਰਹੁਹ ਸਾਵਧਾਨ ।**

## ਇਸ਼ਨਾਨ

**ਬਡੀ ਰਾਤਿ ਤੇ ਕਰਿ ਅਸ਼ਨਾਨ ।**

ਆਪਣੇ-ਆਪਣੇ ਧਰਮ ਅਥਵਾ ਮਰਿਆਦਾ ਵਿੱਚ ਸੁਚੇਤ ਰਹੋ, ਭਾਵ ਮਨ ਬਚਨ ਅਤੇ ਕਰਮਾ ਕਰਕੇ ਗੁਰੂ ਮਰਿਆਦਾ ਅਤੇ ਫਰਜਾਂ ਪ੍ਰਤੀ ਸਾਵਧਾਨ ਰਹੋ। ਅੰਮ੍ਰਿਤ ਵੇਲੇ ਜਾਗੋ ਤੇ ਇਸ਼ਨਾਨ ਕਰੋ।

## ਦਇਆ

**ਛੁਧਤਿ ਕਿ ਨਗਨ ਬਿਨਾ ਧਨ ਕੋਇ ।ਦਿਹੁ ਭੋਜਨ ਛਾਦਨ ਤਿਸ ਜੋਇ ।੧੧।**

ਆਰਥਿਕ ਪੱਖੋਂ ਕਮਜ਼ੋਰੀ ਹੋਣ ਕਰਕੇ, ਜੇਕਰ ਕੋਈ ਭੁੱਖਾ ਹੈ ਜਾਂ ਕੱਪੜਿਆਂ ਤੋਂ ਬਿਨਾਂ ਹੈ ਤਾਂ ਉਸ ਭੁੱਖੇ ਨੂੰ ਬਿਨਾਂ

ਕਿਸੇ ਪ੍ਰਕਾਰ ਦੇ ਵਿਤਕਰੇ ਤੋਂ ਭੋਜਨ ਦਿਉ ਅਤੇ ਬਸਤਰ-ਹੀਣ ਨੂੰ ਕੱਪੜੇ ਆਦਿਕ ਦਿਉ।

**ਦੇਖਿ ਦੁਖੀ ਕੇ ਦਇਆ ਉਪਾਵਹੁ । ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ ।**

**ਕਰਨ ਦਇਆ ਕੋ ਪੁੰਨ ਘਨੇਰਾ । ਦਇਆ ਕਰਤਿ ਹੁਇ ਬਡਿਹੁੰ ਬਡੇਰਾ ।੧੨।**

ਕਿਸੇ ਨੂੰ ਦੁਖੀ ਦੇਖੋ ਤਾਂ ਉਸ ਤੇ ਤਰਸ ਕਰੋ, ਜਥਾ ਸ਼ਕਤਿ-ਆਪਣੇ ਵਿੱਤ ਅਨੁਸਾਰ ਮਦਦ ਕਰਕੇ, ਉਸਦਾ ਦੁੱਖ ਦੂਰ ਕਰੋ ਕਿਉਂਕਿ ਕਿਸੇ ਵੀ ਜੀਵ ਤੇ ਦਇਆ ਕਰਨਾ ਬਹੁਤ ਵੱਡਾ ਪੁੰਨ ਕਰਮ ਹੈ। ਦੁਖੀਆਂ ਤੇ ਦਇਆ ਕਰਨ ਵਾਲਾ ਵੱਡਿਆਂ ਨਾਲੋਂ ਵੀ ਵੱਡਾ ਹੋ ਜਾਂਦਾ ਹੈ।

**ਜੇ ਜੇ ਬਡੇ ਦਯਾ ਉਰ ਧਾਰੈਂ । ਮਨ ਕੋਮਲ ਤੇ ਕਸ਼ਟ ਨਿਵਾਰੈਂ।**

**ਕਰਹਿੰ ਦੀਨ ਕੋ ਸੁਖੀ ਬਿਸਾਲਾ । ਆਦਿ ਪ੍ਰਮੇਸ਼ੁਰ ਬਡੇ ਕ੍ਰਿਪਾਲਾ ।੧੩।**

ਜਿਹੜੇ-ਜਿਹੜੇ ਵੱਡੇ ਪੁਰਖ ਹਿਰਦੇ ਕਰਕੇ, ਦਇਆਲੂ ਸੁਭਾਅ ਦੇ ਧਾਰਨੀ ਹੁੰਦੇ ਹਨ, ਆਪਣੇ ਕੋਮਲ ਮਨ ਨਾਲ ਕਿਸੇ ਦਾ ਦੁਖ ਨਹੀਂ ਦੇਖ ਸਕਦੇ ਆਪਣੇ ਵਿੱਤ ਅਨੁਸਾਰ ਮਦਦ ਕਰਕੇ, ਕਿਸੇ ਦੁਖੀ ਦਾ ਦੁੱਖ ਦੂਰ ਕਰਕੇ ਉਸ ਨੂੰ ਬਹੁਤ ਜ਼ਿਆਦਾ ਸੁਖੀ ਕਰ ਦਿੰਦੇ ਹਨ। ਆਦਿ ਪੁਰਖ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਹਨਾਂ ਦਇਆ ਕਰਨ ਵਾਲੇ ਪੁਰਖਾਂ ਤੇ ਬਹੁਤ ਕ੍ਰਿਪਾ ਕਰਦੇ ਹਨ ਅਥਵਾ ਆਦਿ ਪੁਰਸ਼ ਪ੍ਰਮੇਸ਼ਰ ਉਹਨਾਂ ਤੇ ਅਥਾਹ ਮਿਹਰ ਕਰਦੇ ਹਨ।

## ਸਚ

**ਸਚੁ ਬੋਲਹੁ ਸੁਖਿ ਦੇਤਿ ਬਡੇਰਾ ॥ ਤਜਹੁ ਕੂਰ ਦੁਖ ਦਾਯ ਘਨੇਰਾ ॥**

ਗੁਰਸਿੱਖੋ! ਸੱਚ ਬੋਲਣਾ ਬਹੁਤ ਜ਼ਿਆਦਾ ਸੁਖਦਾਈ ਹੁੰਦਾ ਹੈ। ਇਸ ਕਰਕੇ ਹਮੇਸ਼ਾ ਸੱਚ ਬੋਲੋ ਤੇ ਝੂਠ ਦਾ ਤਿਆਗ ਕਰ ਦਿਉ ਕਿਉਂਕਿ ਝੂਠ ਸਦਾ ਹੀ ਬਹੁਤਿਆਂ ਦੁੱਖਾਂ ਦੇ ਦੇਣ ਵਾਲਾ ਹੁੰਦਾ ਹੈ ਭਾਵ ਝੂਠ ਸਦਾ ਹੀ ਦੁਖਦਾਈ ਹੁੰਦਾ ਹੈ।

## ਮੈਤ੍ਰੀ ਭਾਵ

**ਪਰ ਸੁਖਿ ਪਿਖਿ ਤਪਤਉ ਉਰ ਨਾਂਹੀ ।**

**ਪਾਪ ਬਿਅਰਥ ਹੋਤਿ ਸਿਰ ਤਾਹੀ ।੧੪।**

ਕਿਸੇ ਦੂਜੇ ਦੇ ਸੁੱਖਾਂ ਨੂੰ ਦੇਖ ਕੇ, ਆਪਣਾ ਹਿਰਦਾ ਨਹੀਂ ਤਪਾਉਣਾ ਚਾਹੀਦਾ ਭਾਵ ਕਿਸੇ ਨੂੰ ਸੁਖੀ ਦੇਖ ਕੇ, ਸੜਨਾ ਨਹੀਂ ਚਾਹੀਦਾ ਕਿਉਂਕਿ ਪਰਾਏ ਸੁੱਖ ਨੂੰ ਦੇਖ ਦੁਖੀ ਹੋਣਾ ਵਿਅਰਥ- ਬਿਨਾਂ ਮਤਲਬ ਦਾ ਪਾਪ ਆਪਣੇ ਸਿਰ ਲੈਣਾ ਹੁੰਦਾ ਹੈ ਅਥਵਾ ਉਸ ਦੇ ਸਿਰ ਬਿਨਾਂ ਪਾਪ ਕੀਤਿਆਂ ਹੀ ਪਾਪ ਦਾ ਭਾਰ ਪੈਂਦਾ ਹੈ।

**ਇਕ ਤੌਂ ਰਿਦਾ ਤਪਹਿ ਦੁਖ ਪਾਵੈ। ਪਿਖਹੁ ਭਲੇ ਕੁਛ ਹਾਥ ਨ ਆਵੈ।**

**ਪੁਨ ਪਰਮੇਸ਼ੁਰ ਕੋਪ ਕਰੰਤਾ। ਮੋਹਿ ਦਿਯੋ ਪਿਖਿ ਏਹ ਜਰੰਤਾ।੧੫।**

ਇਕ ਤਾਂ ਹਿਰਦਾ ਈਰਖਾ ਨਾਲ ਸੜਦਾ ਹੈ ਤੇ ਦੁੱਖ ਪਾਉਂਦਾ ਹੈ ਤੇ ਈਰਖਾ ਕਰਨ ਨਾਲ ਕੁਝ ਵੀ ਹੱਥ ਨਹੀਂ ਆਉਂਦਾ

ਇਹ ਚੰਗੀ ਤਰ੍ਹਾ ਵਿਚਾਰ ਲਉ। ਫਿਰ ਪ੍ਰਮੇਸ਼ਰ ਵੀ ਗੁੱਸੇ ਹੁੰਦੇ ਹਨ ਕਿ ਮੇਰੇ ਦਿੱਤੇ ਹੋਏ ਨੂੰ ਦੇਖ ਕੇ ਇਹ ਫਜੂਲ ਹੀ ਸੜਦਾ ਰਹਿੰਦਾ ਹੈ।

## ਤਯਾਗਣੇ ਜੋਗ ਕਰਮ

**ਇੱਤਯਾਦਿਕ ਇਸ ਮਹਿੰ ਬਹੁ ਦੋਖ। ਲਾਲਚ ਤਜੈ ਧਰੈ ਸੰਤੋਖ ।**

**ਪਰਤ੍ਰਿਯ ਪਰ ਧਨ ਪਰ ਕੀ ਅੰਸ। ਨਹਿ ਲਿਹੁ, ਲੇਹਿ ਜੁ ਕਰਹਿ ਬਿਧੁੰਸ।੧੬।**

ਇਸ ਪ੍ਰਕਾਰ ਇਸ ਵਿੱਚ ਬਹੁਤ ਜਿਆਦਾ ਦੋਸ਼ ਹਨ, ਪਰਾਏ ਸੁਖ ਦੇਖ ਕੇ ਸੜਨਾ ਫਿਰ ਲਾਲਚ ਕਰਨਾ, ਇਸ ਦਾ ਤਿਆਗ ਕਰਕੇ ਸਬਰ ਕਰਨਾ ਚਾਹੀਦਾ ਹੈ। ਪਰ ਇਸਤਰੀ ਪਰਾਇਆ ਧਨ ਅਤੇ ਪਰ ਅੰਸ਼ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਜੋ ਇਹਨਾਂ ਤੋਂ ਗੁਰੇਜ ਨਹੀਂ ਕਰਦੇ ਉਹਨਾਂ ਦਾ ਇਹ ਨਾਸ਼ ਕਰ ਦਿੰਦੇ ਹਨ।

## ਖਿਮਾ

**ਅਪਨੇ ਤੇ ਨਿਰਬਲ ਕੋ ਜਾਨਿ। ਤਿਸ ਪਰ ਕੋਪ ਨ ਕਰਹੁ ਸੁਜਾਨ।**

ਸ੍ਰੇਸ਼ਟ ਮੱਤ ਵਾਲੇ ਜਦੋਂ ਕਿਸੇ ਨੂੰ ਆਪਣੇ ਤੋਂ ਕਮਜੋਰ ਦੇਖਦੇ ਹਨ ਤਾਂ ਉਹ ਉਸ ਉਤੇ ਗੁੱਸਾ ਨਹੀਂ ਕਰਦੇ ਅਥਵਾ ਹੇ ਸੁਜਾਨ ਪੁਰਸ਼ੋ ਜਦੋਂ ਕਿਸੇ ਨੂੰ ਆਪਣੇ ਤੋਂ ਕਮਜਰ ਜਾਣੋ ਤਾ ਉਸ ਉਤੇ ਕ੍ਰੋਧ ਨਾ ਕਰੋ।

## ਨਿਰਅਭਿਮਾਨਤਾ

**ਬਿਦਿਆ ਕੈ ਸਰੂਪ ਹੈ ਤਨ ਕੋ। ਬੁਧਿ ਬਿਸਾਲ ਕੈ ਦੀਰਘ ਧਨ ਕੋ।੧੭।**

ਬਹੁਤ ਵਿਦਿਆ ਵਾਲਾ ਹੋ ਜਾਣਾ ਜਾਂ ਬਹੁਤ ਸੁੰਦਰ ਸਰੀਰ ਵਾਲਾ ਹੋਣਾ, ਬਹੁਤ ਜਿਆਦਾ ਬੁਧੀਵਾਨ ਹੋ ਜਾਣਾ ਜਾਂ ਬਹੁਤ ਜਿਆਦਾ ਮਾਇਆਧਾਰੀ ਹੋ ਜਾਣਾ।

**ਇੱਤਯਾਦਿਕ ਤੇ ਗਰਬ ਨ ਧਰੀਯਹਿ । ਦਾਤਾ ਈਸ਼ੁਰ ਏਕ ਬਿਚਰੀਅਹਿ ।**

ਵਿਦਿਆ, ਬੁੱਧੀ, ਸੁੰਦਰ ਸਰੀਰ ਅਤੇ ਮਾਇਆ ਇਤਿਆਦਿਕ ਵਸਤੂਆਂ ਦੇ ਪ੍ਰਾਪਤ ਹੋ ਜਾਣ ਤੇ ਹੰਕਾਰ ਧਾਰਨ ਨਹੀਂ ਕਰਨਾ ਚਾਹੀਦਾ। ਇਹਨਾਂ ਸਭ ਵਸਤੂਆਂ ਦਾ ਦਾਤਾ ਇੱਕ ਪ੍ਰਮਾਤਮਾ ਨੂੰ ਹੀ ਜਾਣਨਾ ਚਾਹੀਦਾ ਹੈ ਕਿ ਇਹ ਸਭ ਪ੍ਰਮੇਸ਼ਰ ਦੀਆਂ ਹੀ ਦਾਤਾਂ ਹਨ।

**ਤੀਰਥ ਬਰਤ ਆਦਿ ਕਰਿ ਕਰਮ, ਨਹਿੰ ਅਭਿਮਾਨ ਧਰਹੁ ਜੁਤਿ ਸਰਮ ।੧੮।**

**ਕਰਹਿ ਸੁ ਕਰਮ ਧਰਹਿ ਅਭਿਮਾਨ । ਨਿਫਲ ਜਾਤਿ ਜਿਉ ਗਜ ਇਸ਼ਨਾਨ ।**

ਤੀਰਥਾਂ ਤੇ ਜਾਕੇ ਇਸ਼ਨਾਨ ਪੁੰਨ ਦਾਨ ਆਦਿ ਕਰਮ ਕਰਕੇ ਅਤੇ ਬੁਰੇ ਕਰਮਾਂ ਤੋਂ ਸੰਕੋਚ ਰੂਪ ਬਰਤ ਆਦਿਕ ਰੱਖਕੇ ਬੜੀ ਮਿਹਨਤ ਨਾਲ ਕੀਤੇ ਕਰਮਾਂ ਦਾ ਅਹੰਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਇਹਨਾਂ ਸ਼੍ਰੇਸਟ ਕਰਮਾਂ ਨੂੰ ਕਰਕੇ ਜੇਕਰ ਅਹੰਕਾਰ ਕਰਦੇ ਹਾਂ ਤਾਂ ਅਭਿਮਾਨ ਕਰਨ ਨਾਲ ਇਹਨਾਂ ਦਾ ਫਲ ਨਸ਼ਟ ਹੋ ਜਾਂਦਾ ਹੈ ਜਿਵੇਂ ਹਾਥੀ ਦਾ ਇਸ਼ਨਾਨ ਭਾਵ ਹਾਥੀ ਦਾ ਇਸ਼ਨਾਨ ਕਰਾਉ ਉਹ ਉਸੇ ਸਮੇਂ ਮਿੱਟੀ ਸਰੀਰ ਤੇ ਪਾਉਣੀ ਸ਼ੁਰੂ ਕਰ ਦਿੰਦਾ ਹੈ ਤੇ ਇਸ਼ਨਾਨ

ਬਿਰਥਾ ਚਲਾ ਜਾਂਦਾ ਹੈ। ਇਸੇ ਤਰ੍ਹਾਂ ਸ਼ੁਭ ਕਰਮਾਂ ਰੂਪ ਇਸ਼ਨਾਨ ਕਰਨ ਤੋਂ ਬਾਅਦ ਬਿਬੇਕ ਹੀਣ ਪੁਰਸ਼ ਰੂਪ ਹਾਥੀ, ਅਹੰਕਾਰ ਰੂਪ ਮਿੱਟੀ, ਹਿਰਦੇ ਰੂਪ ਸਰੀਰ ਤੇ ਪਾ ਕੇ ਸ਼ੁਭ ਕਰਮਾਂ ਰੂਪ, ਇਸ਼ਨਾਨ ਦੇ ਫਲ ਨੂੰ ਨਸ਼ਟ ਕਰ ਲੈਂਦਾ ਹੈ।

**ਅਪਨੋ ਜਸ ਪਰਨਿੰਦ ਨ ਕਹੈ । ਕਹੈ ਤ ਇਸਤੇ ਭੀ ਅਘ ਲਹੈ ।੧੯।**

ਆਪਣੀ ਵਡਿਆਈ ਅਤੇ ਪਰਾਏ ਦੀ ਨਿੰਦਾ ਨਾ ਕਰੇ। ਜੇਕਰ ਐਸਾ ਕਰਦਾ ਹੈ ਤਾਂ ਫਿਰ ਇਸ ਤੋਂ ਵੀ ਪਾਪ ਹੀ ਪ੍ਰਾਪਤ ਕਰਦਾ ਹੈ।

**ਦਾਨ ਕਰਜੋ ਮੁਖ ਤੇ ਨਹਿ ਭਾਖੈ । ਸਦਾ ਛੁਪਾਵਨ ਕੋ ਅਭਿਲਾਖੈ।**

ਪੁੰਨ ਦਾਨ ਕਰਕੇ ਗਾਉਂਦਾ ਨਾ ਫਿਰੇ ਕਿ ਮੈਂ ਐਨਾ ਦਾਨ ਕਰਦਾ ਹਾਂ। ਹਮੇਸ਼ਾ ਇਹ ਇੱਛਾ ਰੱਖੇ ਦਿਲ ਵਿੱਚ ਕਿ ਮੇਰੇ ਕੀਤੇ ਦਾਨ ਬਾਰੇ ਬਹੁਤੇ ਲੋਕਾਂ ਨੂੰ ਪਤਾ ਨਾ ਚੱਲੇ, ਦਾਨ ਕਰਕੇ ਛੁਪਾਉਂਦਾ ਰਹੇ ਤਾਂ ਕਿ ਹਿਰਦੇ ਵਿੱਚ ਅਭਿਮਾਨ ਨਾ ਪੈਦਾ ਹੋਵੇ।

## ਮਿਠਾ ਬੋਲਣਾ

**ਮਧੁਰ ਕਹੈ ਸਭਿ ਕੋ ਤ੍ਰਿਪਤਾਵੈ । ਫੀਕਾ ਬੋਲ ਨ ਕਿਸੀ ਦੁਖਾਵੈ ।੨੦।**

ਪਿਆਰ ਵਾਲੇ ਸ਼ਬਦ ਬੋਲੇ ਤਾਂ ਕਿ ਸਭ ਦੇ ਹਿਰਦੇ ਨੂੰ ਸੁਣ ਕੇ ਠੰਢ ਪੈ ਜਾਵੇ ਲੇਕਿਨ ਕੌੜੇ ਬੋਲ ਬੋਲ ਕੇ ਕਿਸੇ ਦਾ ਦਿਲ ਨ ਦੁਖਾਵੇ ॥

## ਧਰਮ ਕਿਰਤ, ਵੰਡ ਛਕਣਾ

**ਧਰਮ ਕ੍ਰਿਤ ਕਰ ਦਰਬ ਕਮਾਵੈ । ਬੰਟ ਅਤਿੱਥਨਿ ਕੋ ਪੁਨ ਖਾਵੈ ।**

ਦਸਾਂ ਨੌਹਾਂ ਦੀ ਕਿਰਤ ਕਰਕੇ ਪੈਸਾ ਮਾਇਆ ਕਮਾਵੇ, ਲੋੜਵੰਦਾਂ ਨੂੰ ਵਿਚੋਂ ਵੰਡ ਕੇ ਫਿਰ ਖੁਦ ਉਸ ਮਾਇਆ ਨਾਲ ਨਿਰਵਾਹ ਕਰੇ।

## ਸ੍ਵਛਤਾ

**ਉਪਰ ਬਸਤ੍ਰ ਨ ਰਖੈ ਮਲੀਨ । ਤਿਮ ਕਾਯਾ ਕੋ ਨਿਤ ਮਲਹੀਨ ।੨੧।**

ਸਰੀਰ ਦੇ ਉਤੇ ਮੈਲੇ ਬਸਤਰ ਨ ਪਹਿਨੇ, ਸਾਫ ਸੁਥਰੇ ਕੱਪੜੇ ਧਾਰਨ ਕਰੇ ਉਸੇ ਤਰ੍ਹਾਂ ਸਰੀਰ ਨੂੰ ਵੀ ਪਵਿੱਤਰ ਮੈਲ ਅਦਿਕ ਤੋਂ ਰਹਿਤ ਰੱਖੇ।

## ਕੁਸੰਗ

**ਚੋਰ, ਜਾਰ, ਬਟਪਾਰ, ਜੁਆਰੀ। ਕ੍ਰਿਤਘਨ ਬੰਚਕ ਛਲੀ ਕੁਚਾਰੀ ।**

**ਸੁਪਨੇ ਮਹਿਂ ਭੀ ਇਨ ਕੀ ਸੰਗਤਿ। ਕਰੇ ਨ ਕਬਿਹੂੰ ਥਿਰ ਨ ਪੰਗਤਿ ।੨੨।**

ਚੋਰ, ਜਾਰ-ਜਿਹੜੇ ਆਪਣੇ ਮਿੱਤਰਾਂ ਦੇ ਪਰਿਵਾਰਾਂ ਤੇ ਮਾੜੀ ਨਜ਼ਰ ਰੱਖਦੇ ਹਨ। ਲੁਟੇਰੇ, ਜੂਆ ਖੇਡਣ ਵਾਲੇ,

ਅਕ੍ਰਿਤਘਣ- ਕਿਸੇ ਦੇ ਪਰਉਪਕਾਰ ਨੂੰ ਵਿਸਾਰ ਦੇਣ ਵਾਲੇ, ਠੱਗ, ਛਲ ਕਰਨ ਵਾਲੇ ਮਾੜੇ ਕਰਮਾਂ ਵਿੱਚ ਲਿਪਤ ਰਹਿਣ ਵਾਲੇ ਸੁਪਨੇ ਦੇ ਵਿੱਚ ਵੀ ਇਹਨਾਂ ਉਪਰ ਦੱਸੇ ਬੰਦਿਆਂ ਦੀ ਸੰਗਤ ਨਾ ਕਰੇ ਭਾਵ ਇਹੋ ਜਿਹੇ ਲੋਕਾਂ ਤੋਂ ਦੂਰ ਹੀ ਰਹੇ। ਇਕੱਲੀ ਸੰਗਤ ਹੀ ਨਹੀਂ ਇਹਨਾਂ ਦੇ ਨਾਲ ਪੰਗਤ ਵੀ ਸਾਂਝੀ ਨਾ ਕਰੇ ਭਾਵ ਐਸੇ ਲੋਕਾਂ ਨਾਲ ਬੈਠ ਕੇ ਪ੍ਰਸ਼ਾਦਾ ਆਦਿਕ ਵੀ ਨਹੀਂ ਛਕਣਾ ਚਾਹੀਦਾ।

**ਬਿਸਿਯਨਿ ਤੇ ਬਿਸ਼ਈ ਨਰ ਬੁਰੋ । ਲਖਿ ਦੁਰਜਨ ਤਤਛਿਨ ਪਰਹਰੋ ।**

**ਜਥਾ ਅਗਨਿ ਤੇ ਲੋਹ ਤਪਾਯੋ । ਦਿਪਤਿ, ਜਾਤਿ ਨਹਿਂ ਹਾਥ ਛੁਵਾਯੋ ।੨੩।**

ਵਿਸ਼ਿਆਂ ਨਾਲੋਂ ਵਿਸ਼ਈ ਬੰਦੇ ਮਾੜੇ ਹੁੰਦੇ ਹਨ, ਜਦੋਂ ਪਤਾ ਚੱਲੇ ਕਿ ਇਹ ਮਾੜੇ ਬੰਦੇ ਹਨ ਉਸੇ ਵੇਲੇ ਉਹਨਾਂ ਦੀ ਮਿਤ੍ਰਤਾ ਦਾ ਤਿਆਗ ਕਰ ਦਿਉ। ਜਿਵੇਂ ਅੱਗ ਦੇ ਸੇਕ ਨਾਲ ਲੋਹਾ ਗਰਮ ਹੋ ਕੇ ਲਾਲ ਹੋ ਜਾਂਦਾ ਹੈ ਉਸ ਭਖਦੀ ਭੱਠੀ ਤੇ ਪਈ ਤਪਦੀ ਲੋਹ ਨੂੰ ਹੱਥ ਨਹੀਂ ਲਾਇਆ ਜਾਂਦਾ ਕਿ ਕਿਤੇ ਸਾੜ ਨਾ ਦੇਵੇ, ਇਸੇ ਤਰ੍ਹਾਂ ਬੁਰਿਆਂ ਦੀ ਸੰਗਤ ਤਪਦੀ ਤਵੀ ਦੇ ਸਮਾਨ ਹੁੰਦੀ ਹੈ ਜਿਹੜਾ ਵੀ ਇਸ ਬੁਰਿਆਈ ਰੂਪ ਤਪਦੀ ਲੋਹ ਦੀ ਛੋਹ ਪ੍ਰਾਪਤ ਕਰਦਾ ਹੈ ਉਸ ਦੀ ਆਪਣੀ ਪ੍ਰਤਿਭਾ, ਇਜਤ, ਇਮਾਨਦਾਰੀ ਅਤੇ ਸ਼ਖਸ਼ੀਅਤ ਨੂੰ ਸਾੜਕੇ ਦਾਗੀ ਕਰ ਦਿੰਦੀ ਹੈ।

## ਸਤਿਸੰਗ

**ਜਨ ਸੁਸੀਲ ਕੀ ਸੰਗਤ ਕਰੀਏ । ਜਿਨ ਮਿਲਿਤੇ ਅਵਗੁਨ ਪਰਹਰੀਏ ।**

ਸ਼ਾਂਤ ਸੁਭਾ ਪੁਰਖਾਂ ਦੀ ਸੰਗਤ ਕਰੋ ਜਿਹਨਾਂ ਨੂੰ ਮਿਲਣ ਦੇ ਨਾਲ ਹੀ ਔਗਣ ਤਿਆਗੇ ਜਾਂਦੇ ਹਨ।

## ਕਥਾ ਸ੍ਰਵਣ

**ਸੁਨੀਅਹਿ ਅਵਤਾਰਨ ਇਤਿਹਾਸ । ਸਤਿਗੁਰ ਦਸ ਜਿਮ ਕਰੇ ਬਿਲਾਸ ।੨੪।**

ਦਸ ਸਰੀਰ ਧਾਰਨ ਕਰਕੇ ਜਿਵੇਂ ਸਤਿਗੁਰਾਂ ਨੇ ਕੌਤਕ ਕੀਤੇ ਹਨ ਉਹ ਦਸਾਂ ਹੀ ਅਵਤਾਰ ਸਰੂਪ ਸਤਿਗੁਰਾਂ ਦੀ ਕਥਾ ਇਤਿਹਾਸ ਰੂਪ ਵਿੱਚ ਸਰਵਣ ਕਰੋ।

**ਬਹੁਰ ਬ੍ਰਹਮ ਕੋ ਨਿਰਨੈ ਜਹਾਂ। ਸੂਖਮ ਬੁਧਿ ਕਰਿ ਸੁਨੀਅਹਿ ਤਹਾਂ ।**

ਫਿਰ ਜਿਥੇ ਬ੍ਰਹਮ ਦਾ ਨਿਰਣਾ ਹੁੰਦਾ ਹੋਵੇ ਭਾਵ ਪ੍ਰਮਾਤਮਾ ਦਾ ਸਰੂਪ ਕੈਸਾ ਹੈ ਉਸਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਐਸੀ ਵਿਚਾਰ ਹੁੰਦੀ ਹੋਵੇ, ਉਥੇ ਉਸ ਵਿਚਾਰ ਨੂੰ ਸੂਖਮ ਬੁੱਧੀ ਨਾਲ ਸੁਣੇ।

## ਸ੍ਰੀ ਅੰਮ੍ਰਿਤਸਰ ਯਾਤਰਾ

**ਸ੍ਰੀ ਅੰਮ੍ਰਿਤਸਰ ਮੱਜਨ ਕਰੀਏ । ਜਨਮ ਜਨਮ ਕੇ ਅਘ ਪਰ ਹਰੀਏ।੨੫।**

ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਯਾਤਰਾ ਭਾਵਨਾ ਸਹਿਤ ਕਰਨੀ ਅਤੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨਾ ਜਿਸ ਇਸ਼ਨਾਨ ਕਰਨ ਨਾਲ ਜਨਮਾਂ ਜਨਮਾਤਰਾਂ ਦੇ ਪਾਪ ਨਸ਼ਟ ਹੋ ਜਾਂਦੇ ਹਨ।

**ਭਾਵ ਅਰਥ**

ਬਹੁਤ ਸਾਰੇ ਲੋਕਾਂ ਨੂੰ ਇਸ ਬਚਨ ਦੇ ਉਤੇ ਸ਼ਰਧਾ ਨਹੀਂ ਬਣਦੀ, ਜੇਕਰ ਨਹੀਂ ਬਣਦੀ ਤਾਂ ਨਾ ਬਣੇ ਕੋਈ ਗੱਲ ਨਹੀਂ? ਲੇਕਿਨ ਗੁਰੂ ਦੇ ਸਿੱਖ ਦੀ ਭਾਵਨਾ ਜਰੂਰ ਬਣਨੀ ਚਾਹੀਦੀ ਹੈ ਕਿਉਂਕਿ ਸਿੱਖ ਦੀ ਸਮਰੱਥ ਗੁਰੂ ਦੇ ਬਚਨਾ ਤੇ ਭਾਵਨਾ ਹੋਣੀ ਜਰੂਰੀ ਹੈ। ਭਾਵਨਾ ਵਾਲਿਆ ਤੇ ਸਤਿਗੁਰੂ ਜੀ ਦੀ ਕ੍ਰਿਪਾ ਜਰੂਰ ਹੁੰਦੀ ਹੈ। ਮਹਾਰਾਜ ਜੀ ਦਾ ਬਾਣੀ ਵਿੱਚ ਬਚਨ ਹੈ ਕਿ **॥ਰਾਮਦਾਸ ਸਰੋਵਰਿ ਨਾਤੇ ॥ਸਭਿ ਉਤਰੇ ਪਾਪ ਕਮਾਤੇ॥** ਗੁਰੂ ਸਾਹਿਬ ਜੀ ਦੇ ਬਚਨ ਦੀ ਕਲਾ ਬਚਨ ਮੰਨਣ ਵਾਲਿਆ ਤੇ ਵਰਤਦੀ ਹੈ ਨਾ ਕਿ ਸ਼ੰਕੇ ਕਰਨ ਵਾਲਿਆ ਤੇ, ਇਸ ਕਰਕੇ ਹਰ ਸਿੱਖ ਦੇ ਹਿਰਦੇ ਵਿੱਚ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਸਤਿਗੁਰਾਂ ਦੇ ਬਚਨ ਅਤੇ ਬਚਨਾਂ ਦਾ ਫਲ ਅਟੱਲ ਹੈ।

**ਹਰਿ ਮੰਦਿਰ ਦਰਸਹੁ ਦਰਬਾਰ । ਹੋਤਿ ਸਦਾ ਗੁਰ ਗਿਰਾ ਉਚਾਰ ।**

ਅੰਮ੍ਰਿਤ ਸਰੋਵਰ ਦੇ ਇਸ਼ਨਾਨ ਤੋਂ ਬਾਅਦ ਸੱਚਖੰਡ ਸ੍ਰੀ ਹਰਿ ਮੰਦਰ ਸਾਹਿਬ ਜੀ ਦੇ ਦਰਸ਼ਨ ਕਰੇ ਜਿਥੇ ਹਰ ਸਮੇਂ ਸਤਿਗੁਰਾਂ ਦੀ ਬਾਣੀ ਦਾ ਉਚਾਰ-ਕੀਰਤਨ ਹੁੰਦਾ ਹੈ।

**ਸਹਿਤ ਅਦਬ ਕੇ ਬੈਠਹਿ ਮਾਂਹਿ ।ਗੁਰ ਬਿਨ ਮਨ ਨ ਡੁਲਾਵੈ ਕਾਂਹਿ ।੨੬।**

ਨਮਸਕਾਰ ਕਰਕੇ ਅਦਬ ਸਹਿਤ ਸ੍ਰੀ ਦਰਬਾਰ ਸਾਹਿਬ ਵਿੱਚ ਬੈਠ ਜਾਵੇ।ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸ਼ਰਣ ਤੋਂ ਬਿਨ੍ਹਾਂ ਕਿਤੇ ਵੀ ਆਪਣਾ ਮਨ ਨ ਡੁਲਾਵੇ, ਇਕਾਗਰ ਚਿਤ ਹੋ ਕੇ ਬੈਠੇ।

**ਸਤਿਗੁਰ ਜੋਤਿ ਜਾਗਤੀ ਜਹਾਂ। ਨਿਤ ਪ੍ਰਤਿ ਸਾਦਰ ਦਰਸਹੁ ਤਹਾਂ ।**

**ਕਿਧੌਂ ਪੁਰਬ ਕੇ ਦਿਨ ਚਲਿ ਜਾਵਹੁ, ਕਿਧੌਂ ਖਸਟਮੇਂ ਮਾਸ ਸਿਧਾਵਹੁ ।੨੭।**

ਭਾਵ ਸ੍ਰੀ ਹਰਿਮੰਦਰ ਸਾਹਿਬ ਵਿੱਚ ਜਿਥੇ ਸਤਿਗੁਰਾਂ ਦੇ ਪ੍ਰਕਾਸ਼ ਦੀ ਜੋਤ ਹਰ ਵੇਲੇ ਜਗ ਮਗਾਉਂਦੀ ਹੈ ਹਰ ਰੋਜ਼ ਆਦਰ ਸਹਿਤ, ਭਾਵਨਾ ਸਹਿਤ ਜਾ ਕੇ ਦਰਸ਼ਨ ਕਰੋ। ਜੇਕਰ ਹਰ ਰੋਜ਼ ਨਹੀਂ ਜਾ ਸਕਦੇ ਤਾਂ ਕਿਸੇ ਗੁਰਪੁਰਬ ਵਾਲੇ ਦਿਨ ਚਲੇ ਜਾਉ, ਜੇਕਰ ਗੁਰਪੁਰਬ ਨੂੰ ਵੀ ਨਹੀਂ ਜਾ ਸਕਦੇ ਦੂਰ ਹੋਣ ਕਾਰਨ ਤਾਂ ਛੇ ਮਹੀਨੇ ਬਾਅਦ ਜਰੂਰ ਜਾਵੋ।

**ਅਧਿਕ ਦੂਰ ਹੁਇ ਸੰਮਤ ਮਾਂਹਿ ।ਸਤਿਗੁਰ ਘਰ ਕੋ ਦਰਸਹਿ ਜਾਹਿ ।**

ਜੇਕਰ ਬਹੁਤ ਜ਼ਿਆਦਾ ਦੂਰ ਦੇ ਰਹਿਣ ਵਾਲੇ ਹੋਵੋ ਤਾਂ ਸਾਲ ਵਿੱਚ ਇਕ ਵਾਰ ਜਰੂਰ ਜਾ ਕੇ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਦੇ ਜ਼ਰੂਰ ਦਰਸ਼ਨ ਕਰੋ।

**ਤਨ ਮਨ ਤੇ ਗੁਰ ਸਿੱਖ ਹੁਇ ਕਰਿਕੇ, ਗਯੋ ਨ ਦਰਸ਼ਨ ਅੰਮ੍ਰਿਤਸਰ ਕੇ ।੨੮।**

ਸਰੀਰ ਕਰਕੇ ਅਤੇ ਮਨ ਕਰਕੇ ਗੁਰੂ ਦਾ ਸਿੱਖ ਹੋ ਕੇ ਜਿਹੜਾ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਨਹੀਂ ਗਿਆ।

**ਕਿਉਂ ਤਿਨ ਜਨਮ ਧਰਜੋ ਜਗ ਆਇ, ਨਿਸ਼ਫਲ ਭਯੋ ਗਯੋ ਪਛੁਤਾਇ।**

ਉਹਨਾਂ ਨੇ ਜਗਤ ਤੇ ਜਨਮ ਲੈ ਕੇ ਕੀ ਖੱਟਿਆ ਹੈ ਕਿਉਂਕਿ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਤੋਂ ਬਿਨਾਂ ਨਿਹਫਲ ਜਨਮ ਗਵਾ ਲਿਆ ਹੈ।

**ਜੇ ਦਰਸਹਿੰ ਅਰੁ ਸਰੁਵਰੁ ਮੱਜੈਂ, ਪਾਇ ਪਦਾਰਥ ਸਭਿ ਅਘ ਭੱਜੈਂ ।੨੯।**

ਜਿਹੜੇ ਗੁਰਸਿੱਖ ਅਥਵਾ ਸ਼ਰਧਾਲੂ ਭਾਵਨਾ ਸਹਿਤ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਅਤੇ ਅੰਮ੍ਰਿਤ ਸਰਵੋਰ ਵਿੱਚ ਇਸ਼ਨਾਨ ਕਰਦੇ ਹਨ ਉਹ ਸਭ ਪਦਾਰਥ ਪ੍ਰਾਪਤ ਕਰਦੇ ਹਨ ਅਤੇ ਉਹਨਾਂ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ।

**ਅਸ ਉਪਦੇਸ਼ ਪ੍ਰਥਮ ਗੁਰ ਕਰੈਂ, ਅੰਤਹ ਕਰਣ ਸੁੱਧਤਾ ਧਰੈ ।**

**ਸਤਿਨਾਮ ਸਿਮਰਤ ਜਨ ਜੋਇ, ਹਰਿ ਗੁਰ ਸੰਗ ਪ੍ਰੇਮ ਜਿਸ ਹੋਇ ।੩0।**

ਇਸ ਤਰ੍ਹਾਂ ਦਾ ਉਪਦੇਸ਼ ਪਹਿਲਾਂ ਗੁਰੂ ਸਾਹਿਬ ਜੀ ਕਰਦੇ ਹਨ ਜਿਸਨੂੰ ਮੰਨਣ ਨਾਲ ਸਿੱਖ ਦਾ ਹਿਰਦਾ ਸ਼ੁੱਧ ਹੋ ਜਾਂਦਾ ਹੈ। ਜਦੋਂ ਸ਼ੁੱਧ ਹਿਰਦੇ ਨਾਲ ਕੋਈ ਸਤਿਨਾਮ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਹੈ ਤਾਂ ਉਸ ਦਾ ਪ੍ਰੇਮ ਗੁਰੂ ਅਤੇ ਪ੍ਰਮਾਤਮਾ ਦੇ ਨਾਲ ਹੋ ਜਾਂਦਾ ਹੈ।

## ਭਗਤੀ

**ਤਿਸੈ ਨਿਤਾਪ੍ਰਤਿ ਭਗਤਿ ਦ੍ਰਿੜਾਵੈਂ, ਭਾਣਾ ਮੰਨਣ ਕੋ ਸਿਖਰਾਵੈਂ।**

ਫਿਰ ਉਸਨੂੰ ਹਰ ਰੋਜ ਭਗਤੀ ਕਰਨ ਵਿੱਚ ਭਾਵ ਸਿਮਰਨ ਕਰਨ ਵਿੱਚ ਪਰਪੱਕ ਕਰਦੇ ਹਨ ਅਤੇ ਪ੍ਰਮੇਸ਼ਰ ਦੀ ਰਜਾ ਵਿੱਚ ਰਹਿਣਾ ਸਿਖਾਉਂਦੇ ਹਨ।

**ਕਸ਼ਟ ਆਪਦਾ ਪਰੈ ਜਿ ਕੋਈ । ਕਿਧੌਂ ਸਰੀਰ ਬਿਖੈ ਰੁਜ ਹੋਈ ।੩੧।**

ਬਿਪਤਾ ਪੈਣ ਕਰਕੇ ਜੇਕਰ ਕੋਈ ਤਕਲੀਫ਼ ਝੱਲਣੀ ਪੈ ਜਾਵੇ ਜਾਂ ਸਰੀਰ ਵਿੱਚ ਕੋਈ ਰੋਗ ਪੈਦਾ ਹੋ ਜਾਵੇ ਉਸ ਰੋਗ ਕਰਕੇ ਦੁਖ ਸਹਿਣਾ ਪੈ ਜਾਵੇ।

**ਬਿੱਪਰੈ ਸੁਤ ਬਿਤ ਆਦਿਕ ਮਾਂਹੀ। ਪਰਾਰਬਧ ਕਰਿ ਹੁਇ ਕੁਛ ਜਾਹੀ ।**

ਪੈਸੇ ਅਤੇ ਪੁੱਤ ਆਦਿਕ ਨਾਲ ਕੁਝ ਉਲਟਾ ਹੋ ਜਾਵੇ ਉਹ ਪ੍ਰਾਰਬਧ ਕਰਕੇ ਹੀ ਕੁਝ ਹੋਇਆ ਹੈ ਐਸਾ ਮੰਨਣਾ।

**ਪ੍ਰਭੁ ਮਹਿਂ ਦੋਸ਼ ਅਰੋਪੇ ਕੋਇ ਨ । ਨੀਕੋ ਲਖੈ, ਦੀਨ ਮਨ ਹੋਇ ਨ ।੩੨।**

ਪ੍ਰਮਾਤਮਾ ਨੂੰ ਕੋਈ ਦੋਸ਼ ਨ ਦੇਵੇ, ਜੋ ਹੋਇਆ ਮੇਰੇ ਕਰਮਾਂ ਕਰਕੇ ਹੋਇਆ, ਇਹ ਸਮਝ ਕੇ ਭਲਾ ਹੀ ਜਾਣੇ ਅਤੇ ਮਨ ਨੂੰ ਦੁਖੀ ਨਾ ਕਰੇ।

**ਭਲਾ ਕਰਹਿ ਪਰਮੇਸਰ ਮੇਰਾ। ਅਘ ਫਲ ਨਿਬਰਹਿ, ਮੈਂ ਨਿਤ ਚੇਰਾ ।**

**ਇੱਤਜਾਦਿਕ ਬਹੁ ਰਿਦੈ ਮਝਾਰ। ਹਰਖੈ ਈਸ਼ੁਰ ਕ੍ਰਿਤਿ ਬਿਚਾਰ ।੩੩।**

ਪ੍ਰਮਾਤਮਾ ਮੇਰਾ ਭਲਾ ਹੀ ਕਰ ਰਿਹਾ ਹੈ ਮੇਰੇ ਕੀਤੇ ਮਾੜੇ ਕਰਮਾਂ ਦਾ ਫਲ ਨਿਬੜ ਰਿਹਾ ਹੈ। ਮੈਂ ਤੁਹਾਡਾ ਸਦਾ ਹੀ ਦਾਸ ਹਾਂ ਇਸ ਪ੍ਰਕਾਰ ਆਪਣੇ ਹਿਰਦੇ ਵਿੱਚ ਵਿਚਾਰ ਕਰੇ ਅਤੇ ਪ੍ਰਮਾਤਮਾ ਦੇ ਕੀਤੇ ਤੇ ਖੁਸ਼ ਰਹੇ।

**ਕਰਨੈ ਹਾਰ ਨ ਦੂਜਾ ਕੋਈ, ਜੇ ਹਰਿ ਕਰੈ ਤ ਬੁਰੀ ਨ ਹੋਈ ।**

ਵਾਹਿਗੁਰੂ ਤੋਂ ਬਿਨਾਂ ਦੂਜਾ ਕੋਈ ਕੁਝ ਕਰਨ ਵਾਲਾ ਨਹੀਂ ਹੈ ਜੋ ਵਾਹਿਗੁਰੂ ਜੀ ਕਰਦੇ ਨੇ ਉਹ ਕਦੇ ਬੁਰਾ ਨਹੀਂ ਹੋ

ਸਕਦਾ।

**ਇਹ ਨਿਸ਼ਚਾ ਗੁਰ ਭਲੇ ਟਿਕਾਵੈਂ, ਈਸ਼ੁਰ ਕੀ ਕ੍ਰਿਤਿ ਪਰ ਹਰਿਖਾਵੈ ।੩੪।**

ਇਹ ਵਿਸ਼ਵਾਸ਼ ਗੁਰੂ ਸਾਹਿਬ ਜੀ ਸਿੱਖ ਦੇ ਹਿਰਦੇ ਵਿੱਚ ਭਲੀ ਪ੍ਰਕਾਰ ਹੀ ਟਿਕਾ ਦਿੰਦੇ ਹਨ। ਜਿਸ ਕਰਕੇ ਸਿੱਖ ਵਾਹਿਗੁਰੂ ਦੇ ਕੀਤੇ ਤੇ ਹਮੇਸ਼ਾ ਪ੍ਰਸੰਨ ਰਹਿੰਦਾ ਹੈ।

**ਨਿਸ ਦਿਨ ਲਿਵਲਾਵਨ ਸਤਿਨਾਮ। ਪੁਨ ਉਪਦੇਸ਼ੈ ਇਹ ਅਭਿਰਾਮ ।**

ਫਿਰ ਗੁਰੂ ਸਾਹਿਬ ਇਹ ਸੁੰਦਰ ਉਪਦੇਸ਼ ਕਰਦੇ ਹਨ ਕਿ ਦਿਨ ਰਾਤ ਹਰ ਵੇਲੇ ਸਤਿਨਾਮ ਦੇ ਸਿਮਰਨ ਵਿੱਚ ਵਿਰਤੀ ਨੂੰ ਜੋੜ ਕੇ ਰੱਖੋ। ਭਾਵ ਹਰ ਵੇਲੇ ਵਿਰਤੀ ਵਾਹਿਗੁਰੂ ਦੇ ਸਿਮਰਨ ਵਿੱਚ ਜੋੜ ਕੇ ਰੱਖੋ।

**ਉਠਤਿ ਬੈਠਤਿ ਸੋਵਤਿ ਚਾਲਹੁ। ਕ੍ਰਿਤਿ ਕਰਿਬੇ ਮਹਿਂ ਨਾਮ ਸੰਭਾਲਹੁ ।੩੫।**

ਉਠਦਿਆਂ ਬੈਠਦਿਆਂ ਚਲਦਿਆਂ ਸਉਂਦਿਆ ਅਤੇ ਕੰਮ ਕਾਰ ਕਰਦਿਆਂ ਹਰ ਵੇਲੇ ਸੁਰਤ ਦੁਆਰਾ ਨਾਮ ਦੇ ਅਭਿਆਸੀ ਬਣੋ।

**ਹਾਥ ਪਾਵ ਤੇ ਕਾਰ ਸੁਧਾਰਹੁ। ਮਨ ਤੇ ਮੁਖ ਤੇ ਨਾਮ ਉਚਾਰਹੁ ।**

ਹੱਥਾਂ ਪੈਰਾਂ ਨਾਲ ਧਰਮ ਦੀ ਕ੍ਰਿਤ ਕਰੋ ਅਥਵਾ ਕੰਮ ਕਰੋ ਮਨ ਵਿੱਚ ਹਮੇਸ਼ਾ ਵਾਹਿਗੁਰੂ ਨੂੰ ਵਸਾ ਕੇ ਰੱਖੋ ਅਤੇ ਮੁਖ ਦੁਆਰਾ ਹਰ ਵੇਲੇ ਸਿਮਰਨ ਕਰਦੇ ਰਹੋ।

**ਸਨੇ ਸਨੇ ਤਨਹੰਤਾ ਤਜਾਗਨ। ਪੁਨ ਉਪਦੇਸ਼ ਕਰਤਿ ਇਮ ਲਾਗਨ ।੩੬।**

ਹੌਲੀ-ਹੌਲੀ ਸਰੀਰ ਦਾ ਅਭਿਮਾਨ ਤਿਆਗਣ ਦਾ ਹੁਕਮ ਕਰਦੇ ਹਨ ਅਤੇ ਫਿਰ ਇਸ ਤਰ੍ਹਾਂ ਦਾ ਉਪਦੇਸ਼ ਕਰਨ ਲਗਦੇ ਹਨ ਕਿ:

**ਸਭਿ ਮਹਿ ਰਮਜੋ ਏਕ ਪ੍ਰਭੁ ਮੇਰਾ ।ਸ਼ੱਤ੍ਰ ਮਿੱਤ੍ਰ ਅਰ ਠਾਕੁਰ ਚੇਰਾ ।**

**ਯਾਂਤੇ ਰਾਗ ਦ੍ਵੈਖ ਕੋ ਤਜਾਗਹੁ । ਨੀਂਦ ਅਵਿੱਦਜਾ ਤਜਿ ਕਰਿ ਜਾਗਹੁ ।੩੭।**

ਸਾਰਿਆਂ ਦੇ ਵਿੱਚ ਇਕ ਮੇਰਾ ਪ੍ਰਭੂ ਹੀ ਵਿਆਪਕ ਹੈ ਵਸਿਆ ਹੋਇਆ ਹੈ। ਦੁਸ਼ਮਣਾਂ ਵਿੱਚ ਵੀ ਮਿਤ੍ਰਾਂ ਵਿੱਚ ਵੀ, ਕੀ ਮਾਲਕ ਤੇ ਕੀ ਸੇਵਕ, ਸਭ ਵਿੱਚ ਮੇਰਾ ਪ੍ਰਭੂ ਹੀ ਬਿਰਾਜਮਾਨ ਹੈ। ਇਸ ਕਰਕੇ ਕਿਸੇ ਨਾਲ ਪਿਆਰ ਕਰਨਾ ਤੇ ਕਿਸੇ ਨਾਲ ਈਰਖਾ ਕਰਨੀ ਇਸ ਨੂੰ ਤਿਆਗ ਦਿਉ। ਅਗਿਆਨਤਾ ਦੀ ਨੀਂਦ ਵਿੱਚੋਂ ਜਾਗ ਜਾਉ। ਤਿਆਗ ਦਿਉ ਅਗਿਆਨਤਾ ਦੀ ਨੀਂਦ ਨੂੰ ਅਤੇ ਜਾਗ ਜਾਉ ਕਣ ਕਣ ਵਿੱਚ ਬਿਰਾਜਮਾਨ ਪ੍ਰਭੂ ਦੇ ਦਰਸ਼ਨ ਕਰਕੇ।

**ਗੁਰ ਕੀ ਗਿਰਾ ਬਿਚਾਰਹੁ ਨੀਕੇ ।ਜਿਸ ਤੇ ਭਲੇ ਹੋਤਿ ਇਸ ਜੀਕੇ ।**

ਗੁਰੂ ਦੀ ਬਾਣੀ ਨੂੰ ਚੰਗੀ ਤਰ੍ਹਾਂ ਵਿਚਾਰੋ। ਜਿਸ ਦੇ ਨਾਲ ਇਸ ਜੀਕੇ ਅਥਵਾ ਜੀਵਾਂ ਦੇ ਜੀਵਨ ਦੇ ਭਲੇ ਹੁੰਦੇ ਹਨ।

**ਕੀਰਤਨ ਕਰਹੁ ਪ੍ਰੇਮ ਕੋ ਸੀਂਚ, ਲਖਹੁ ਸਕਲ ਗੁਨ ਪ੍ਰਭ ਕੇ ਬੀਚ ।੩੮।**

ਕੋਈ ਐਸਾ ਗੁਣ ਨਹੀਂ ਜੋ ਪ੍ਰਮਾਤਮਾ ਵਿੱਚ ਨਾ ਹੋਵੇ, ਇਹ ਜਾਣਕੇ, ਅਥਵਾ ਸਕਲ ਗੁਨ ਨਿਧਾਨ ਪ੍ਰਮਾਤਮਾ ਨੂੰ

ਜਾਣਕੇ, ਹਿਰਦੇ ਨੂੰ ਪ੍ਰੇਮ ਨਾਲ ਭਰਕੇ ਉਸ ਦੀਆਂ ਵਡਿਆਈਆਂ ਰੂਪ ਕੀਰਤਨ ਕਰੋ।

**ਆਦਿ ਸਰੀਰ ਪਦਾਰਥ ਸਾਰੇ । ਜਿਸ ਪ੍ਰਭ ਦੀਨੇ ਹਿਮੈ ਬਾਚਾਰੇ ।**

**ਅਸ ਈਸ਼ਰ ਕਿਉਂ ਰਿਦੇ ਬਿਸਾਰਹੁ । ਨਿਸ ਬਾਸਰ ਮਨ ਜੀਹ ਸੰਭਾਰਹੁ ।੩੯।**

ਇਹ ਸਰੀਰ ਅਤੇ ਸਭ ਤਰ੍ਹਾਂ ਦੇ ਪਦਾਰਥ ਜਿਸ ਪ੍ਰਮਾਤਮਾ ਨੇ ਸਾਨੂੰ ਦਿਤੇ ਹਨ ਉਸ ਐਸੇ ਮਾਲਕ ਨੂੰ ਆਪਣੇ ਮਨ ਵਿਚੋਂ ਕਿਉਂ ਬਿਸਾਰੀਏ, ਐਸੀ ਵਿਚਾਰ ਕਰੋ। ਦਿਨ ਰਾਤ, ਮਨ ਕਰਕੇ ਅਤੇ ਰਸਨਾ ਕਰਕੇ ਉਸਦਾ ਨਾਮ ਜਪਦੇ ਰਹੋ।

**ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਮਾਹਿ, ਭਗਤਿ ਉਪਦੇਸ਼ ਅਧਿਕ ਅਧਿਕਾਹਿ ।**

**ਇਕ ਤੌਂ ਸੱਤਿਨਾਮ ਕੋ ਸਿਮਰਨ ।ਲਿਵ ਲਗਾਇ, ਨਹਿੰ ਤਜਾਗਹਿ ਨਿਸ ਦਿਨ ।੪੦।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਭਗਤੀ ਕਰਨ ਦਾ ਉਪਦੇਸ਼ ਬਹੁਤ ਹੀ ਦ੍ਰਿੜ ਕਰਵਾਇਆ ਗਿਆ ਹੈ। ਇਕ ਤਾਂ ਸਤਿਨਾਮ ਦਾ ਸਿਮਰਨ ਕਰਨਾ, ਬਿਰਤੀ ਹਰ ਵੇਲੇ ਸਿਮਰਨ ਵਿੱਚ ਲੀਨ ਰੱਖਣੀ, ਦਿਨ ਰਾਤ ਕਿਸੇ ਵੇਲੇ ਵੀ ਸਿਮਰਨ ਦਾ ਤਿਆਗ ਨਹੀਂ ਕਰਨਾ।

**ਦੁਤੀਏ ਭਾਣਾ ਪ੍ਰਭ ਕੋ ਮਾਨੇ, ਪ੍ਰਭੁ ਕ੍ਰਿਤ ਤੇ ਉਰ ਹਰਖ ਸੁ ਠਾਨੇ ।**

ਦੂਜਾ ਪ੍ਰਮਾਤਮਾ ਦਾ ਭਾਣਾ ਮੰਨੇ ਪ੍ਰਭੂ ਦੇ ਕੀਤੇ ਹੋਏ ਨੂੰ ਖਿੜੇ ਮੱਥੇ ਪ੍ਰਵਾਨ ਕਰੇ।

**ਤ੍ਰਿਤੀਏ ਤਨ ਹੰਤਾ ਕੋ ਤਜਾਗੇ । ਤਜਿ ਕੂਰੇ ਸਚ ਪਰ ਅਨੁਰਾਗੇ ।੪੧।**

ਤੀਜਾ ਦੇਹ ਅਭਿਮਾਨ ਨੂੰ ਤਿਆਗੇ, ਛੱਡ ਦੇਵੇ ਝੂਠੇ ਪਦਾਰਥਾਂ ਅਥਵਾ ਝੂਠੇ ਲੋਕਾਂ ਨੂੰ ਅਤੇ ਸਚ ਪ੍ਰਤੀ ਪ੍ਰੇਮ ਧਾਰਨ ਕਰੇ।

**ਇਨ ਤੀਨਹੁ ਮੈਂਹਿ ਪਰਪਕ ਹੋਇ । ਬ੍ਰਹਮ ਗਜਾਨ ਅਧਿਕਾਰੀ ਸੋਇ ।**

ਇਹਨਾਂ ਤਿੰਨਾਂ ਵਿੱਚ ਜੋ ਜਿਹੜਾ ਜਗਿਆਸੂ ਪਰਪੱਕ ਹੋ ਜਾਂਦਾ ਹੈ। ਉਹ ਹੀ ਬ੍ਰਹਮ ਗਿਆਨ ਦਾ ਅਧਿਕਾਰੀ ਬਣਦਾ ਹੈ।

**ਫੁਰਹਿੰ ਚਤੁਸ਼ਟੈ ਸਾਧਨ ਰਿਦੈ, ਲਖੈਂ ਉਚਿਤ ਉਪਦੇਸ਼ਨਿ ਤਦੈ ।੪੨।**

ਬਿਬੇਕ, ਵੈਰਾਗ, ਖਟ ਸੰਪਤੀ ਅਤੇ ਮੋਖ ਇੱਛਾ ਇਹ ਜੋ ਆਤਮ ਗਿਆਨ ਦੇ ਚਾਰ ਸਾਧਨ ਹਨ। ਇਹ ਭਗਤੀ ਕਰਨ ਵਾਲੇ ਦੇ ਅੰਦਰ ਆਪਣੇ ਆਪ ਹੀ ਸੰਫੁਰਨ ਹੋ ਜਾਂਦੇ ਹਨ ਭਾਵ ਸੁਤੇ ਸਿੱਧ ਜਗਿਆਸੂ ਦੇ ਹਿਰਦੇ ਵਿੱਚ ਪ੍ਰਗਟ ਹੋ ਜਾਂਦੇ ਹਨ। ਜਦੋਂ ਭਗਤੀ ਕਰਨ ਵਾਲੇ ਜਗਿਆਸੂ ਦੇ ਹਿਰਦੇ ਵਿੱਚ ਇਹ ਸਾਧਨ ਆਪਣੇ ਆਪ ਪ੍ਰਗਟ ਹੋਏ, ਅੰਤਰਜਾਮੀ ਸਤਿਗੁਰੂ ਜੀ ਦੇਖਦੇ ਹਨ ਤਾਂ ਉਸ ਵੇਲੇ ਸਿੱਖ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਬਖਸ਼ਿਸ਼ ਕਰਦੇ ਹਨ।

**ਸ਼ਰਣ ਪਰਜੋ ਸਿੱਖ ਕੋ ਪਹਿਚਾਨ,ਪਰੇ ਕੁਬੰਧਨ ਕਰੈ ਪ੍ਰਹਾਨ ।**

ਸਿੱਖ ਨੂੰ ਸਮਰਪਿਤ ਹੋਇਆਂ ਜਾਣ ਕੇ ਅਥਵਾ ਸ਼ਰਣ ਪਏ ਸਿੱਖ ਤੇ ਤਰੁੱਠ ਕੇ ਉਹਦੇ ਉੱਤੇ ਪਏ ਜੋ ਭੈੜੇ ਬੰਧਨ ਹਨ ਜਨਮ, ਮਰਨ, ਸੁਖ, ਦੁਖ ਆਦਿ ਸਾਰਿਆਂ ਨੂੰ ਖਤਮ ਕਰ ਦਿੰਦੇ ਹਨ। ਆਪਣੇ ਇਕ ਹੀ ਮਹਾਂਵਾਕ ਦੇ ਨਾਲ ਭਾਵ

ਨਿਹਾਲ ਸਿੱਖਾ ਨਿਹਾਲ ਕਹਿ ਕੇ ਸਿੱਖ ਦੇ ਸਾਰੇ ਬੰਧਨ ਕੱਟ ਦਿੰਦੇ ਹਨ।

**ਅਸ ਦਸ ਗੁਰ ਸਾਚੇ ਪਤਿਸ਼ਾਹ । ਸਿਮਰਹੁ ਵਾਹਿਗੁਰੁ ਗੁਰ ਵਾਹਿ ।੪੩।**

ਐਸੇ ਜੋ ਦਸ ਗੁਰੂ ਸਾਹਿਬ ਜੀ ਹਨ ਉਹ ਸੱਚੇ ਪਾਤਸ਼ਾਹ ਅਸਚਰਜ ਸਰੂਪ ਹਨ। ਅਸਚਰਜ ਕਰਨ ਵਾਲੇ ਸਤਿਗੁਰਾਂ ਦਾ ਬਖਸ਼ਿਆ ਹੋਇਆ ਵਾਹਿਗੁਰੂ ਜੀ ਦਾ ਸਿਮਰਨ ਕਰੋ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**

**'ਉਪਦੇਸ਼' ਪ੍ਰਸੰਗ ਬਰਨੰਨ ਨਾਮ ਛਿਤਾਲੀਸਮੋ ਅੰਸੂ।੪੬।**

# ਅਧਿਆਇ ੪੭

## ਬ੍ਰਹਮ ਗਿਆਨ ਉਪਦੇਸ਼

**ਦੋਹਰਾ : ਚਾਰਹੁੰ ਸਾਧਨ ਪਾਇਕੈ ਸਤਿਗੁਰ ਸ਼ਰਣਿ ਸਿਧਾਇ ।**

**ਪਰਖੈਂ ਮਹਾਂ ਸੁਜਾਨ ਤਬਿ ਬ੍ਰਹਮ ਬਿਦਿਆ ਸਿਖਰਾਇ ।੧।**

ਬਿਬੇਕ ਵੈਰਾਗ ਖਟ ਸੰਪੱਤੀ ਮੋਖ ਇੱਛਾ ਆਦਿ ਚਾਰ ਸਾਧਨ ਪ੍ਰਾਪਤ ਕਰਕੇ ਫਿਰ ਸਤਿਗੁਰਾਂ ਦੀ ਸਰਣ ਵਿੱਚ ਜਾਵੇ, ਜਦੋਂ ਚਾਰ ਸਾਧਨਾਂ ਦੇ ਸਹਿਤ ਹੋ ਕੇ ਸਿੱਖ ਪੂਰਨ ਗੁਰੂ ਦੀ ਸਰਣ ਵਿੱਚ ਜਾਂਦਾ ਹੈ ਤਾਂ ਫਿਰ ਉਸ ਵੇਲੇ ਗੁਰੂ ਸਰਣ ਆਏ ਸਿੱਖ ਦੇ ਹਿਰਦੇ ਦੀ ਅਵਸਥਾ ਦੀ ਪਰਖ ਕਰਦੇ ਹਨ ਗੁਰੂ ਦ੍ਰਿਸ਼ਟੀ ਵਿੱਚ ਖਰਾ ਉਤਰਨ ਵਾਲੇ ਨੂੰ ਬ੍ਰਹਮ ਪ੍ਰਾਪਤੀ ਦੇ ਦੇਣ ਵਾਲੀ ਬ੍ਰਹਮ ਵਿੱਦਿਆ ਸਿਖਾਉਂਦੇ ਹਨ।

**ਚੌਪਈ : ਚਾਰ ਪ੍ਰਕਾਰ ਅਹੈ ਬ੍ਰਹਮ ਗਯਾਨ । ਸ੍ਰਵਣ ਮੰਨਨ ਨਿਧਯਾਸਨ ਜਾਨ ।**

ਕਵੀ ਜੀ ਕਥਨ ਕਰਦੇ ਹਨ ਕਿ ਬ੍ਰਹਮ ਗਿਆਨ ਚਾਰ ਪ੍ਰਕਾਰ ਦਾ ਹੈ। ਪਹਿਲਾ ਬ੍ਰਹਮ ਦੀ ਵਿਚਾਰ ਸ੍ਰਵਣ ਕਰਨੀ, ਦੂਜਾ ਫਿਰ ਉਸ ਬ੍ਰਹਮ ਵਿਚਾਰ ਦਾ ਹਿਰਦੇ ਵਿੱਚ ਮੰਨਣ ਕਰਨਾ, ਤੀਜਾ ਹਿਰਦੇ ਵਿੱਚ ਟਿਕਾਉਣ ਲਈ ਵਾਰ-ਵਾਰ ਅਭਿਆਸ ਅਥਵਾ ਚਿੰਤਨ ਕਰਨਾ।

**ਚੌਥੇ ਸਾਖਯਾਤ ਗੁਰ ਕਹੈਂ, ਜਿਸ ਕੋ ਪਾਇ ਨ ਜਗ ਮਹਿੰ ਬਹੈ ॥੨॥**

ਚੌਥਾ ਬ੍ਰਹਮ ਗਿਆਨ ਸਾਖਯਾਤਕਾਰ ਹੈ, ਬ੍ਰਹਮ ਸਰੂਪ ਦੇ ਪ੍ਰਤੱਖ ਅਨੁਭਵ ਨੂੰ ਗੁਰੂ ਸਾਹਿਬ ਜੀ ਸਾਖਯਾਤਕਾਰ ਕਹਿੰਦੇ ਹਨ। ਜਿਸ ਨੂੰ ਪ੍ਰਾਪਤ ਕਰਕੇ ਸਿੱਖ ਮੁੜਕੇ ਜਗਤ ਦੇ ਜੰਮਣ ਮਰਣ ਰੂਪ ਪ੍ਰਵਾਹ ਵਿੱਚ ਨਹੀਂ ਵਹਿੰਦਾ ਭਾਵ ਜਿਹੜਾ ਪ੍ਰਵਾਹ ਨਿਰੰਤਰ ਵਹਿ ਰਿਹਾ ਹੈ ਕਦੇ ਜੰਮ ਪਏ ਕਦੇ ਮਰ ਗਏ ਇਸ ਵਿੱਚ ਨਹੀਂ ਵਹਿੰਦਾ।

## ਸ਼੍ਰਵਣ

**ਪ੍ਰਥਮ ਸ੍ਰਵਣ ਖਟ ਲਿੰਗ ਪ੍ਰਕਾਰ, ਜਿਸ ਤੇ ਚੇਤਨ ਅਦੁਤਿ ਮਝਾਰ ।**

**ਤਾਤਪਰਯ ਕੋ ਨਿਸ਼ਚੈ ਹੋਇ । ਸ੍ਰੀ ਸਤਿਗੁਰੂ ਸ਼੍ਰਵਣ ਕਹਿ ਸੋਇ ।੩।**

ਪਹਿਲਾ ਸ੍ਰਵਣ ਹੈ, ਜੋ ਛੇ ਪ੍ਰਕਾਰ ਦਾ ਹੈ ਅਥਵਾ ਜਿਸਦੇ ਛੇ ਚਿੰਨ ਹਨ। ਜਿਸ ਸ੍ਰਵਣ ਵਿਚਾਰ ਨਾਲ ਅਦੁਤੀ=ਇੱਕ ਅਦ੍ਵੈਤ ਸਰੂਪ ਜੋ ਬ੍ਰਹਮ ਹੈ ਉਸਦੇ ਸਰੂਪ ਦਾ ਨਿਰਣਾ ਹੋਵੇ ਅਤੇ ਤਾਤਪਰਯ=ਨਿਚੋੜ ਰੂਪ ਸਿਧਾਂਤ ਵਿੱਚ ਪਰਪੱਕਤਾ ਹੋਵੇ ਉਸ ਨੂੰ ਸਤਿਗੁਰੂ ਜੀ ਸ੍ਰਵਣ ਕਹਿੰਦੇ ਹਨ।

**ਇਕ ਉਪਕਰਮ ਅਰ ਉਪਾਸੰਹਾਰ ।ਦੂਜੇ ਕੋ ਅੱਭਯਾਸ ਉਚਾਰ ।**

**ਸ਼੍ਰਵਣ ਅਪੂਰਬਤਾ ਲਖਿ ਤੀਨ । ਫਲ ਪੁਨ ਅਰਥਬਾਦ ਕੋ ਚੀਨ ।੪।**

**ਉਪਪਤਿ ਖਸ਼ਟਮ ਕਰਹਿਂ ਉਚਾਰਨ ।**

ਇਕ ਤਾਂ ਉਪਕ੍ਰਮ ਅਤੇ ਉਪਸੰਹਾਰ ਹੈ ਅਤੇ ਦੂਜੇ ਨੂੰ ਅਭਿਆਸ ਕਿਹਾ ਜਾਂਦਾ ਹੈ। ਤੀਜੇ ਦਾ ਨਾਮ ਅਪੂਰਬਤਾ ਜਾਣੋ ਚੌਥਾ ਫਲ ਹੈ ਤੇ ਪੰਜਵੇਂ ਨੂੰ ਅਰਥਵਾਦ ਪਹਿਚਾਣ ਲਵੋ। ਸ੍ਰਵਣ ਦੇ ਛੇਵੇਂ ਚਿੰਨ ਨੂੰ ਉਪਪਤੀ ਕਿਹਾ ਜਾਂਦਾ ਹੈ।

**ਅਬਿ ਇਨਕੇ ਕਰਿ ਅਰਥ ਬਿਚਾਰਨ ।**

ਹੁਣ ਇਹਨਾਂ ਸ੍ਰਵਣ ਦੇ ਚਿੰਨ੍ਹਾਂ ਦੇ ਅਰਥ ਦੀ ਵਿਚਾਰ ਆਰੰਭ ਕਰਦੇ ਹਾਂ।

**ਅਰਥ ਜੁ ਆਦਿ, ਗ੍ਰੰਥ ਮਹਿਂ ਧਰਨਾ । ਤਿਸ ਕੋ ਪ੍ਰਤਿ ਪਾਦਨ ਬਹੁ ਕਰਨਾ ।੫।**

ਜੋ ਅਰਥ ਗ੍ਰੰਥ ਦੇ ਅਰੰਭ ਵਿੱਚ ਰੱਖਣਾ, ਫਿਰ ਉਸੇ ਦਾ ਪ੍ਰਤਿਪਾਦਨ ਪੂਰੇ ਗ੍ਰੰਥ ਵਿੱਚ ਕਰਨਾ ਭਾਵ ਵਾਰ-ਵਾਰ ਉਸੇ ਵਿਸ਼ੇ ਨੂੰ ਚੰਗੀ ਤਰ੍ਹਾ ਸਮਝਾਉਣ ਲਈ ਕਥਨ ਕਰਨਾ।

**ਤਿਸੀ ਅਰਥ ਮੁਹਿਂ ਹੋਹਿ ਸਮਾਪਤਿ । ਉਪਕ੍ਰਮ ਉਪਸੰਹਾਰ ਜਾਨ ਚਿਤ ।**

ਉਸੇ ਹੀ ਅਰਥ ਵਿੱਚ ਗ੍ਰੰਥ ਦੀ ਸਮਾਪਤੀ ਹੋਵੇ ਭਾਵ ਜਿਸ ਵਿਸ਼ੇ ਦੀ ਵਿਚਾਰ ਗ੍ਰੰਥ ਦੇ ਆਰੰਭ ਵਿੱਚ ਸ਼ੁਰੂ ਹੋਵੇ ਉਸੇ ਵਿਸ਼ੇ ਦੀ ਵਿਚਾਰ ਤੇ ਗ੍ਰੰਥ ਦੀ ਸਮਾਪਤੀ ਵੀ ਹੋਵੇ, ਇਸੇ ਨੂੰ ਹੀ ਉਪਕ੍ਰਮ ਉਪਸੰਹਾਰ ਕਿਹਾ ਜਾਂਦਾ ਹੈ। ਇਸ ਵਿਚਾਰ ਨੂੰ ਆਪਣੇ ਹਿਰਦੇ ਵਿੱਚ ਚੰਗੀ ਤਰ੍ਹਾਂ ਜਾਣ ਲਉ।

**ਸ਼੍ਰੀ ਨਾਨਕ ਜੀ ਕੀਨ ਬਨਾਇ । ਉਦਾਹਰਣ ਸੁਨਿ ਲਿਹੁ ਸੁਖ ਪਾਇ।੬।**

ਇਸ ਉਪਕ੍ਰਮ=ਉਪਸੰਹਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੀ ਬਾਣੀ ਵਿੱਚ ਵੀ ਰੱਖਿਆ ਹੈ। ਸੁਣੋ ਇੱਕ ਪ੍ਰਮਾਣ ਦਿੰਦਾ ਹਾਂ ਜਿਸ ਨੂੰ ਸੁਣ ਕੇ ਤੁਹਾਡੇ ਹਿਰਦੇ ਨੂੰ ਸੁੱਖ ਪ੍ਰਾਪਤ ਹੋਵੇਗਾ।

**ਆਦਿ ਸਚੁ ਜੁਗਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।**

**ਚੋਪਈ : ਆਦਿ ਜਗਤ ਕੇ ਸੱਚ ਦਿਖਾਯੋ ।ਅੰਤ ਸਕਲ ਕੇ ਸਚ ਬਤਾਯੋ**

ਜਗਤ ਦੇ ਅਰੰਭ ਵਿੱਚ ਵੀ ਸੱਚ ਸਰੂਪ ਪ੍ਰਮਾਤਮਾ ਹੀ ਦੱਸਿਆ ਹੈ ਅਤੇ ਸਮੂਹ ਪ੍ਰਪੰਚ ਦੇ ਅੰਤ ਵਿੱਚ ਵੀ ਸੱਚ ਸਰੂਪ ਨਿਰੰਕਾਰ ਹੀ ਰਹੇਗਾ ਇਸ ਪ੍ਰਕਾਰ ਦੱਸਿਆ ਗਿਆ ਹੈ।

**ਆਦਿ ਅੰਤ ਮਹਿਂ ਬਰਨਜੋ ਏਕ ।ਉਪਕ੍ਰਮ ਉਪ ਸੰਹਾਰ ਬਿਬੇਕ ।੭।**

ਇਸ ਜਗਤ ਦੇ ਆਰੰਭ ਅਤੇ ਅੰਤ ਵਿੱਚ ਇੱਕ ਪ੍ਰਮਾਤਮਾ ਦਾ ਹੀ ਵਰਣਨ ਕੀਤਾ ਗਿਆ ਹੈ। ਇਹ ਉਪਕ੍ਰਮ ਉਪਸੰਹਾਰ ਦਾ ਗਿਆਨ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਕਥਨ ਕੀਤਾ ਹੈ।

## ਅੱਭਜਾਸ

**ਜੋਗ ਨਿਰੂਪਣ ਕੇ ਜੋ ਅਹੈ ।ਵਸਤੁ ਅਦੁਤੀ ਜੁ ਚੇਤਨ ਲਹੈ ।**

**ਬਾਰ ਬਾਰ ਤਿਸ ਕਰਹਿ ਪ੍ਰਕਾਸ਼ਾ ।ਗ੍ਰੰਥ ਬਿਖੈ ਸੋ ਲਖਿ ਅੱਭਜਾਸਾ ।੮।**

ਜੋ ਨਿਰੂਪਣ ਕਰਨ ਦੇ ਜੋਗ ਹੈ ਉਹ ਅਦੁਤੀ ਵਸਤੂ ਚੇਤਨ ਹੀ ਹੈ ਭਾਵ ਕਥਨ ਕਰਨ ਯੋਗ ਜੇਕਰ ਕੋਈ ਵਸਤੂ ਜਾਂ

ਵਿਸ਼ਾ ਹੈ ਉਹ ਬ੍ਰਹਮ ਹੀ ਹੈ ਹੋਰ ਕੋਈ ਨਹੀਂ, ਗ੍ਰੰਥ ਦੇ ਵਿੱਚ ਵਾਰ-ਵਾਰ ਚੇਤਨ ਦੇ ਗਿਆਨ ਦਾ ਹੀ ਪ੍ਰਕਾਸ਼ ਕਰਨਾ ਇਸੇ ਨੂੰ ਹੀ ਅਭਿਆਸ ਕਿਹਾ ਜਾਂਦਾ ਹੈ।

**ਜਪੁਜੀ ਬਿਖੈ ਨਿਰੂਪਣ ਕਰਿਓ । ਬਾਰਹਿ ਬਾਰ ਅਰਥ ਕੋ ਧਰਿਓ ।**

ਸ੍ਰੀ ਜਪੁਜੀ ਸਾਹਿਬ ਵਿੱਚ ਜੋ ਅਰੰਭ ਵਿੱਚ ਕਿਹਾ ਗਿਆ ਹੈ ਉਸ ਅਰਥ ਨੂੰ ਹੀ ਵਾਰ-ਵਾਰ ਨਿਰੂਪਣ ਕੀਤਾ ਹੈ, ਭਾਵ ਉਸੇ ਅਰਥ ਨੂੰ ਹੀ ਵਾਰ-ਵਾਰ ਰੱਖਿਆ ਹੈ।

**ਸਾਚਾ ਸਾਹਿਬੁ ਸਾਚੁ ਨਾਇ ॥ ਥਾਪਿਆ ਨ ਜਾਇ ਕੀਤਾ ਨ ਹੋਇ॥**

**ਇੱਤਜਾਦਿਕ ਪਉੜੀ ਬਹੁ ਮਾਂਹਿ, ਬਰਨਨ ਕਰਜੋ ਸੱਚੁ ਸੁਖ ਪਾਹਿ ॥੯॥**

ਇਸ ਪ੍ਰਕਾਰ ਬਹੁਤ ਪਉੜੀਆਂ ਵਿੱਚ ਸੱਚ ਸਰੂਪ ਪ੍ਰਮਾਤਮਾ ਦਾ ਵਰਣਨ ਕੀਤਾ ਗਿਆ ਹੈ ਜਿਸ ਤੋਂ ਸੁੱਖ ਪ੍ਰਾਪਤ ਹੁੰਦਾ ਹੈ।

## ਅਪੂਰਵਤਾ

**ਜੋ ਪ੍ਰਤਿ ਪਾਦਜ ਅਦੁਤੀ ਵਸਤੁ ਹੁਇ । ਪ੍ਰਮਾਣਾਂਤਰ ਕਹਿੰ ਅਬਿਸ਼ੈ ਸੁਇ ।**

ਸ੍ਰਵਣ ਦਾ ਤੀਜਾ ਅੰਗ ਅਪੂਰਬਤਾ ਹੈ। ਪ੍ਰਤਿਪਾਦਨ ਕਰਨ ਦੇ ਯੋਗ ਜੋ ਅਦੁਤੀ ਵਸਤੂ ਹੁੰਦੀ ਹੈ ਭਾਵ ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੁੰਦਾ ਉਸਨੂੰ ਅਦੁਤੀ ਕਹਿੰਦੇ ਹਨ। ਉਸ ਦਾ ਕਿਸੇ ਪ੍ਰਤੱਖ ਆਦਿ ਪ੍ਰਮਾਣ ਦੁਆਰਾ ਕਥਨ ਕੀਤਾ ਜਾਏ ਇਹ ਨਹੀਂ ਹੋ ਸਕਦਾ ਕਿਉਂਕਿ ਉਹ ਪ੍ਰਮਾਣਾਂ ਕਰਕੇ ਅਵਿਸ਼ੇ-ਛੇ ਪ੍ਰਮਾਣਾਂ ਦੀ ਪਕੜ ਤੋਂ ਬਾਹਰ ਹੈ ਉਹ ਪਰਮ ਸੱਤ ਇਕ ਹੀ ਹੈ ਹੋਰ ਦੂਜਾ ਉਹਦੇ ਸਮਾਨ ਕੋਈ ਨਹੀਂ ਹੈ।ਇਸੇ ਕਰਕੇ ਉਹ ਦ੍ਵੈਤ ਰੂਪ ਪ੍ਰਪੰਚ ਵਿੱਚ ਬੌਧਿਕਤਾ ਦੁਆਰਾ ਪ੍ਰਗਟ ਹੋਏ ਪ੍ਰਮਾਣਾਂ ਦੇ ਅਵਿਸ਼ੇ ਹੈ।

**ਸ਼੍ਰਵਣ ਅਪੂਰਬਤਾ ਲਖਿ ਤੀਜਾ।ਸੱਚ ਏਕ ਹੈ ਅਵਰ ਨ ਬੀਜਾ।੧0।**

ਸ੍ਰਵਣ ਦਾ ਤੀਜਾ ਅੰਗ ਅਪੂਰਬਤਾ ਹੈ। ਅਪੂਰਬਤਾ ਤੋਂ ਭਾਵ ਹੈ ਜਿਸ ਵਰਗਾ ਕੋਈ ਹੋਰ ਨਾ ਹੋਵੇ, ਇਸੇ ਕਰਕੇ ਅਖੀਰਲੀ ਪੰਕਤੀ ਵਿੱਚ ਕਥਨ ਕੀਤਾ ਗਿਆ ਹੈ ਕਿ ਉਹ ਪਰਮ ਸੱਤ ਇੱਕ ਹੀ ਹੈ ਉਹਦੇ ਵਰਗਾ ਹੋਰ ਕੋਈ ਹੈ ਹੀ ਨਹੀਂ। ਉਹ ਜੋ ਪਰਮ ਸਤ ਰੂਪ ਅਦੁਤੀ ਵਸਤੂ ਹੈ ਉਹ ਕਿਸੇ ਪ੍ਰਮਾਣ ਦੇ ਦਾਇਰੇ ਵਿੱਚ ਨਹੀਂ ਆਉਂਦੀ। ਉਹ ਇਹਨਾਂ ਛੇ ਪ੍ਰਮਾਣਾਂ ਦੇ ਅਵਿਸ਼ੇ ਹੈ।

**ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥**

**ਕਹਿਣਾ ਕਥਨੁ ਨ ਜਾਈ ਉਦਾਰ ।ਵਾਰਿਆ ਨ ਜਾਵਾ ਏਕ ਵਾਰ ।**

ਉਹ ਪ੍ਰਮਾਤਮਾ ਇੰਨਾ ਵੱਡਾ ਹੈ ਕਿ ਕੋਈ ਵੀ ਉਸਦਾ ਸੰਪੂਰਨ ਰੂਪ ਵਿੱਚ ਕਥਨ ਨਹੀਂ ਕਰ ਸਕਦਾ, ਉਸਦਾ ਪੂਰਨ ਰੂਪ ਵਿੱਚ ਕਥਨ ਕਰਨਾ ਤਾਂ ਇੱਕ ਪਾਸੇ ਰਿਹਾ ਮਹਾਰਾਜ ਸਾਹਿਬ ਜੀ ਕਹਿੰਦੇ ਹਨ ਕਿ ਉਸਦਾ ਇਕ ਰੋਮ ਜਿੰਨਾ ਕੁ ਵੀ ਕੋਈ ਕਥਨ ਨਹੀਂ ਕਰ ਸਕਦਾ।

**ਪ੍ਰਤੱਛ ਪ੍ਰਮਾਣਆਦਿ ਸਭਿਹਿਨ ਤੇ। ਬਿਸ਼ੈ ਨ ਹੋਇ ਸਕਹਿ ਜਿਨ ਕਿਨ ਤੇ ।੧੧।**

ਇਹ ਜੋ ਪ੍ਰਤੱਖ ਆਦਿ ਸਾਰੇ ਪ੍ਰਮਾਣ ਹਨ ਇਹਨਾਂ ਦੇ ਵਿਚੋਂ ਕਿਸੇ ਵੀ ਪ੍ਰਮਾਣ ਕਰਕੇ ਉਹ ਬ੍ਰਹਮ ਵਿਸ਼ੇ ਨਹੀਂ ਹੋ ਸਕਦਾ ਭਾਵ ਉਹ ਕਿਸੇ ਪ੍ਰਮਾਣ ਦੀ ਪਕੜ ਵਿੱਚ ਨਹੀਂ ਆ ਸਕਦਾ।

## ਫਲ

**ਪ੍ਰਤਿਪਾਦਨ ਕਰਿਬੇ ਕੇ ਜੋਗ, ਆਤਮ ਗਜਾਨ ਕਹੈਂ ਸਭ ਪ੍ਰਭੁ ਲੋਗ ।**

ਇਕ ਆਤਮ ਗਿਆਨ ਹੀ ਪ੍ਰਤਿਪਾਦਨ ਕਰਨ ਦੇ ਯੋਗ ਹੈ ਭਾਵ ਵਿਸਥਾਰ ਸਹਿਤ ਕਥਨ ਕਰਨ ਦੇ ਯੋਗ ਹੈ। ਐਸੇ ਮਹਾਤਮਾ ਅਥਵਾ ਆਤਮ ਗਿਆਨੀ ਲੋਕ ਆਪਣੀ ਬਾਣੀ ਵਿੱਚ ਵਖਿਆਨ ਕਰਦੇ ਹਨ:

**ਤਿਸੀ ਗਜਾਨ ਕੋ ਜੋ ਅਨੁਸ਼ਠਾਨ । ਸੇਵਨ ਕਰਨੋ ਮਹਿਦ ਮਹਾਨ ।੧੨।**

ਉਸ ਆਤਮ ਗਿਆਨ ਦਾ ਵਿਧੀਵਤ ਆਪਣੇ ਹਿਰਦੇ ਵਿੱਚ ਚਿੰਤਨ ਕਰਨਾ ਹੀ ਕਰਮ ਉਪਾਸਨਾ ਆਦਿ ਤੋਂ ਵੱਡਾ ਹੈ ਤੇ ਮਹਾਨ ਹੈ ਅਥਵਾ ਉਸ ਆਤਮ ਗਿਆਨ ਦਾ ਆਪਣੇ ਹਿਰਦੇ ਅੰਦਰ ਅਨੁਸ਼ਠਾਨ ਗੁਰੂ ਦੁਆਰਾ ਦੱਸੇ ਗਏ ਵਿਧੀ ਵਿਧਾਨ ਅਨੁਸਾਰ ਸੇਵਨ-ਚਿੰਤਨ ਕਰਨਾ ਹੀ ਸਭ ਤੋਂ ਸ੍ਰੇਸ਼ਠ ਹੈ।

**ਚੌਥੇ ਸ਼੍ਰਵਣ ਪ੍ਰਯੋਜਨ ਸੋਇ ।ਫਲ ਭੀ ਨਾਮ, ਸੁਨਹੁਂ ਜਿਮ ਹੋਇ ।**

ਸ੍ਰਵਣ ਦੇ ਚੌਥੇ ਅੰਗ ਦਾ ਜੋ ਪ੍ਰਯੋਜਨ ਹੈ ਉਹ ਹੈ ਨਾਮ ਦੇ ਸੁਣਨ ਦਾ ਫਲ ਸ਼ਬਦ ਦੇ ਸੁਣਨ ਦਾ ਫਲ ਜਿਵੇਂ ਪ੍ਰਾਪਤ ਹੁੰਦਾ ਹੈ ਉਹ ਵੀ ਸੁਣੋ।

**ਗੁਰਮੁਖਿ ਨਾਦੰ ਗੁਰਮੁਖਿ ਵੇਦੰ । ਗੁਰਾ ਇੱਕ ਦੇਹਿ ਬੁਝਾਇਵ ਭੇਦੰ।੧੩।**

ਗੁਰਾਂ ਦੇ ਮੁੱਖ ਤੋਂ ਸੁਣਿਆ ਜੋ ਨਾਦ-ਸ਼ਬਦ ਭਾਵ ਆਤਮ ਗਿਆਨ ਉਪਦੇਸ਼, ਗੁਰਮੁਖਿ ਵੇਦੰ- ਸੁਣ ਕੇ ਸ਼ਬਦ ਗੁਰਾਂ ਦੇ ਮੁੱਖ ਤੋਂ ਸਮਝਿਆ ਕਿ ਇਕ ਆਤਮ ਗਿਆਨ ਦੇਣ ਵਾਲੇ ਗੁਰੂ ਹੀ ਸ੍ਰੇਸ਼ਠ ਹਨ ਬਾਕੀ ਸਭ ਗੌਣ ਹਨ, ਕਿਉਂ ਗੌਣ ਹਨ ? ਕਿਉਂਕਿ ਹੋਰ ਕਿਸੇ ਤੋਂ ਆਵਾ ਗਵਨ ਨਹੀਂ ਮਿਟਦਾ ਇਸ ਕਰਕੇ ਹੀ ਗੂਰੂ ਨੂੰ ਮੁਖ ਜਾਣੇ । ਐਸੇ ਜੋ ਗੁਰੂ ਹਨ, ਉਹ ਹੀ ਇਕ ਅਦ੍ਵੈਤ ਸਰੂਪ ਪ੍ਰਮਾਤਮਾ ਜੋ ਸਾਰਿਆਂ ਦੇ ਵਿੱਚ ਸਮਾਇਆ ਹੋਇਆ ਹੈ ਇਸ ਬੂਝ ਨੂੰ ਬੁਝਾ ਦਿੰਦੇ ਹਨ ਭਾਵ ਕਣ ਕਣ ਵਿੱਚ ਬਿਰਾਜਮਾਨ ਪ੍ਰਮਾਤਮਾ ਦਾ ਪ੍ਰਤੱਖ ਅਨੁਭਵ ਕਰਾ ਦਿੰਦੇ ਹਨ।

**ਨਿਤ ਸਤਿਗੁਰ ਕੀ ਸੇਵਾ ਕਰਨੀ । ਗੁਰ ਤੇ ਗਯਾਨ ਪ੍ਰਾਪਤੀ ਬਰਨੀ ।**
**ਮੁਕਤਿ ਦੇਤਿ ਹੈ ਆਤਮ ਗਜਾਨ । ਇੱਤਜਾਦਿਕ ਜਹਿਂ ਕੀਨ ਬਖਾਨ ।੧੪।**

ਇਸ ਪ੍ਰਕਾਰ ਕਥਨ ਕੀਤਾ ਮਿਲਦਾ ਹੈ ਕਿ ਹਰ ਰੋਜ਼ ਪੂਰਨ ਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਗੁਰੂ ਕ੍ਰਿਪਾ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ। ਅਥਵਾ ਨਿਤ ਦੇ ਨੇਮ ਅਨੁਸਾਰ ਗੁਰੂ ਸੇਵਾ ਵਿੱਚ ਤੱਤਪਰ ਰਹਿਣ ਨਾਲ ਗੁਰੂ ਤੋਂ ਗਿਆਨ ਪ੍ਰਾਪਤ ਹੁੰਦਾ ਹੈ ਇਸ ਤਰ੍ਹਾਂ ਗੁਰਬਾਣੀ ਵਿੱਚ ਕਥਨ ਕੀਤਾ ਮਿਲਦਾ ਹੈ ਅਤੇ ਗੁਰੂ ਦੁਆਰਾ ਪ੍ਰਾਪਤ ਆਤਮ ਗਿਆਨ ਹੀ ਮੁਕਤੀ ਦਿੰਦਾ ਹੈ ਭਾਵ ਜਨਮ ਮਰਣ ਰੂਪ ਬੰਧਨਾਂ ਤੋਂ ਛੁਟਕਾਰਾ ਕਰਵਾਉਂਦਾ ਹੈ, ਇਤਿਆਦਿਕ ਜਿਥੇ ਕਥਨ

ਕੀਤਾ ਮਿਲਦਾ ਹੈ, ਉਸ ਨੂੰ ਫਲ ਕਹਿੰਦੇ ਹਨ।

## ਅਰਥਵਾਦ

**ਪੰਚਮ ਅਰਥਵਾਦ ਸੁਨਿ ਲੱਛਨ । ਜੋ ਭਾਖਤਿ ਹੈ ਗਜਾਨ ਬਿੱਚਛਨ ।**

ਪੰਜਵਾਂ ਸ੍ਰਵਣ ਦਾ ਚਿੰਨ ਅਰਥਵਾਦ ਹੈ ਹੁਣ ਉਸ ਦੇ ਲੱਛਣ ਸੁਣੋ, ਜੋ ਅਰਥਵਾਦ ਦਾ ਗਿਆਨ ਵਿਦਵਾਨ ਲੋਕ ਕਥਨ ਕਰਦੇ ਹਨ।

**ਬਰਨਣ ਜੋਗ ਵਸਤੁ ਹੈ ਜੋਇ ।ਤਿਸ ਮਹਿਂ ਤਿਸ ਕੀ ਉਸਤਤ ਹੋਇ ।੧੫।**

ਵਰਣਨ ਕਰਨ ਜੋਗ ਜੋ ਵਸਤੂ ਹੈ। ਤਿਸ ਮਹਿਂ- ਅਰਥਵਾਦ ਵਿੱਚ ਤਿਸਕੀ-ਉਸ ਵਰਣਨ ਜੋਗ ਵਸਤੂ ਦੀ ਉਸਤਤ ਹੁੰਦੀ ਹੈ।

**ਨਾਨਕ ਨਿਰਗੁਣਿ ਗੁਣ ਕਰੇਇ । ਗੁਣ ਵੰਤਿਆ ਜੋ ਹੁਇ ਗੁਣ ਦੇਇ ।**

**ਤੇਹਾ ਕੋਇ ਨ ਸੁਝਈ ਪਰੇ, ਜੇ ਤਿਸ ਕੋ ਗੁਣੁ ਕੋਇ ਕਰੇ ।੧੬।**

ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਉਹ ਪ੍ਰਮਾਤਮਾ, ਗੁਣਾਂ ਤੋਂ ਰਹਿਤ ਜੋ ਪੁਰਖ ਹਨ, ਉਨ੍ਹਾਂ ਨੂੰ ਗੁਣਾਂ ਵਾਲੇ ਕਰਦਾ ਹੈ ਅਤੇ ਜੋ ਗੁਣਾਂ ਵਾਲੇ ਹਨ ਉਹਨਾਂ ਨੂੰ ਹੋਰ ਗੁਣ ਦਿੰਦਾ ਹੈ। ਐਸਾ ਕੋਈ ਨਜਰ ਨਹੀਂ ਆਉਂਦਾ ਜਿਹੜਾ ਉਸ ਪ੍ਰਮਾਤਮਾ ਨੂੰ ਗੁਣ ਦੇ ਸਕੇ ਭਾਵ ਪ੍ਰਮਾਤਮਾ ਤੇ ਕੋਈ ਉਪਕਾਰ ਕਰ ਸਕੇ।

**ਸਭ ਤੇ ਗਜਾਨਵਾਨ ਹੁਇ ਦੀਹਾ । ਤਿਸ ਪਰ ਕੋ ਉਪਕਾਰ ਕਰੀਹਾ ।**

ਜਿਸ ਨੂੰ ਆਪਣੇ ਆਤਮ ਸਰੂਪ ਦਾ ਗਿਆਨ ਹੋ ਜਾਂਦਾ ਹੈ ਉਹ ਹੀ ਸਭ ਤੋਂ ਵੱਡਾ ਹੁੰਦਾ ਹੈ। ਉਸ ਬ੍ਰਹਮ ਗਿਆਨੀ ਦੇ ਉਤੇ ਕੌਣ ਹੈ ਜਿਹੜਾ ਪਰਉਪਕਾਰ ਕਰ ਸਕਦਾ ਹੈ।

**ਚਹੈ ਸੁ ਕਰੈ ਆਪ ਸਮਰੱਥ, ਬ੍ਰਹਮਗਿਜਾਨੀ ਕੈ ਸਭਿ ਕਿਛ ਹੱਥ।੧੭।**

ਉਸ ਬ੍ਰਹਮ ਗਿਆਨੀ ਦੇ ਹੱਥ ਵਿੱਚ ਪ੍ਰਮਾਤਮਾ ਦੀਆਂ ਸਾਰੀਆਂ ਬਖਸ਼ਿਸ਼ਾਂ ਆ ਜਾਂਦੀਆਂ ਹਨ ਉਹ ਜੋ ਚਾਹੇ ਕਰ ਸਕਦਾ ਹੈ ਉਹ ਸਭ ਕੁਝ ਕਰਨ ਦੇ ਸਮਰੱਥ ਹੋ ਜਾਂਦਾ ਹੈ।

**ਉਪਪਤਿ ਖਸਟਮ ਸ੍ਰਵਣ ਸੁ ਲੱਛਨ ।ਕਹਤਿ ਬੰਦ ਸਤਿਗੁਰੂ ਬਿਚੱਛਨ ।**

ਹੁਣ ਸ੍ਰਵਣ ਦੇ ਛੇਵੇਂ ਚਿੰਨ੍ਹ ਉਪਪਤੀ ਦੇ ਲੱਛਣ ਸੁਣੋ ਜੋ ਲੱਛਣ ਸੱਤ ਸਰੂਪ ਹੋ ਚੁੱਕੇ ਗੁਰੂ, ਬੇਦ ਸ਼ਾਸਤ੍ਰ ਅਤੇ ਵਿਦਵਾਨ ਲੋਕ ਬੜੇ ਸੁੰਦਰ ਤਰੀਕੇ ਨਾਲ ਕਥਨ ਕਰਦੇ ਹਨ।

**ਜੋ ਪ੍ਰਕਰਨ ਕਰਿਕੈ ਸ਼ੁਭ ਅਰਥ, ਪ੍ਰਤਿਪਾਦਨ ਕੇ ਜੋਗ ਸਮਰਥ ।੧੮।**

ਜੋ ਪ੍ਰਕਰਣ ਦੇ ਅਨੁਸਾਰ ਸ੍ਰੇਸ਼ਠ ਅਰਥ ਹੁੰਦਾ ਹੈ। ਉਸ ਅਰਥ ਨੂੰ ਬਿਆਨ ਕਰਨ ਵਿੱਚ ਅਥਵਾ ਕਥਨ ਕਰਨ ਵਿੱਚ ਜੋ ਸਮਰੱਥ ਹੋਵੇ ਉਸ ਜੁਗਤੀ ਨੂੰ ਉਪਪਤੀ ਕਹਿੰਦੇ ਹਨ।

**ਦੋਹਰਾ : ਤਿਸੀ ਅਰਥ ਸਿਧ ਕਰਨ ਮੈਂ ਤਿਸੀ ਪ੍ਰਕਰਣ ਮਝਾਰ।**

**ਸ੍ਰਵਣ ਕਰੀ ਹੈ ਜੁਗਤਿ ਜੋ, ਸੋ ਉਪਪਤੀ ਬਿਚਾਰ ।੧੯।**

ਉਸੇ ਅਰਥ ਨੂੰ ਸਿਧ ਕਰਨ ਲਈ, ਉਸੇ ਪ੍ਰਕਰਣ ਵਿੱਚ ਜੋ ਜੁਗਤੀ ਸ੍ਰਵਣ ਕੀਤੀ ਹੈ ਉਸੇ ਨੂੰ ਹੀ ਉਪਪਤੀ ਕਿਹਾ ਜਾਂਦਾ ਹੈ ਇਸ ਤਰ੍ਹਾਂ ਵਿਚਾਰ ਲਵੋ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**

**ਨਦੀਆ ਅਤੈ ਵਾਹ ਪਵਹਿ ਸਮੁੰਦ ਨ ਜਾਣੀਅਹਿ ॥ ਸਮੁੰਦਿ ਸਾਹ ਸੁਲਤਾਨ॥**

**(ਸ੍ਰੀ ਜਪੁਜੀ ਸਾਹਿਬ)**

**ਚੌਪਈ : ਨਦੀ ਈਸ਼ ਹੈ, ਜੀਵ ਸੁ ਵਾਹਾ, ਦੋਨਹੁੰ ਮਿਲੇ ਉਦਧਿ ਬ੍ਰਹਮ ਮਾਂਹਾ ।**

ਈਸ਼ਵਰ ਰੂਪ ਨਦੀ ਹੈ ਅਤੇ ਜੀਵ ਰੂਪ ਨਾਲਾ ਹੈ ਇਹ ਦੋਵੇਂ ਜਦੋਂ ਬ੍ਰਹਮ ਰੂਪ ਸਮੁੰਦਰ ਵਿੱਚ ਮਿਲ ਜਾਂਦੇ ਹਨ।

**ਨਾਮ ਨਦੀ ਵਾਹਾ ਮਿਟ ਜਾਇਂ । ਤਿਮ ਹੀ ਈਸ਼ ਜੀਵ ਨ ਰਹਾਇ ।੨੦।**

ਜਦੋਂ ਨਦੀ ਅਤੇ ਨਾਲਾ ਸਮੁੰਦਰ ਵਿੱਚ ਮਿਲ ਜਾਂਦੇ ਹਨ ਉਦੋਂ ਇਹਨਾਂ ਦੇ ਨਦੀ ਅਤੇ ਨਾਲੇ ਦਾ ਉਪਾਧਿ ਕ੍ਰਿਤ ਨਾਮ ਮਿਟ ਜਾਂਦਾ ਹੈ। ਸਮੁੰਦਰ 'ਚ ਮਿਲ ਕੇ ਸਮੁੰਦਰ ਹੀ ਹੋ ਜਾਂਦੇ ਹਨ ਉਸੇ ਤਰ੍ਹਾਂ ਹੀ ਬ੍ਰਹਮ ਰੂਪ ਸਮੁੰਦਰ ਵਿੱਚ ਲੀਨ ਹੋ ਜਾਣ ਨਾਲ ਜੀਵ ਤੇ ਈਸ਼ ਦੀ ਉਪਾਧਿ ਨਹੀਂ ਰਹਿੰਦੀ ਅਥਵਾ ਉਸੇ ਤਰ੍ਹਾਂ ਹੀ ਬ੍ਰਹਮ ਵਿੱਚ ਅਭੇਦ ਹੋ ਕੇ ਜੀਵ ਈਸ਼ ਆਦਿ ਨਹੀਂ ਰਹਿੰਦੇ।

**ਸਿੰਧੁ ਰੂਪ ਬਨਿ ਸਿੰਧੁ ਕਹਾਵੈਂ, ਤਥਾ ਬ੍ਰਹਮ ਸੋਂ ਦ੍ਵੈ ਮਿਲਿ ਜਾਵੈਂ ।**

ਜਿਵੇਂ ਅਨੇਕ ਨਦੀਆਂ ਨਾਲੇ ਸਮੁੰਦਰ ਰੂਪ ਬਣ ਕੇ ਸਮੁੰਦਰ ਹੀ ਕਹਾਉਂਦੇ ਹਨ ਉਸੇ ਤਰ੍ਹਾਂ ਹੀ ਜਦੋਂ ਬ੍ਰਹਮ ਰੂਪ ਸਮੁੰਦਰ ਵਿੱਚ ਈਸ਼ਵਰ ਰੂਪ ਨਦੀ ਅਤੇ ਜੀਵ ਰੂਪ ਨਾਲਾ ਦੋਵੇਂ ਮਿਲ ਜਾਂਦੇ ਹਨ ਤੇ ਬ੍ਰਹਮ ਰੂਪ ਹੀ ਕਹਾਉਂਦੇ ਹਨ।

**ਕੋਟ ਜਤਨ ਤੇ ਨਜਾਰੇ ਹੋਇਂ ਨ, ਮਿਲੇ ਵਿਭੇਦ ਸਕੈ ਕਰਿ ਕੋਇ ਨ॥੨੧।**

ਇਕ ਵਾਰ ਬ੍ਰਹਮ ਵਿੱਚ ਮਿਲ ਜਾਣ ਤੋਂ ਬਾਅਦ ਕੋਈ ਕਰੋੜਾਂ ਹੀ ਜਤਨ ਕਰੇ ਅਲੱਗ ਨਹੀਂ ਕਰ ਸਕਦਾ ਕਿਉਂਕਿ ਜਦੋਂ ਬ੍ਰਹਮ ਰੂਪ ਸਮੁੰਦਰ 'ਚ ਸਮਾ ਜਾਈਦਾ ਹੈ ਫਿਰ ਕੋਈ ਜੁਦਾ ਨਹੀਂ ਕਰ ਸਕਦਾ।

**ਜੁਕਤਿ ਉਕਤਿ ਇਕਤਾ ਮਹਿਂ ਐਸੇ । ਉਪਪਤਿ ਸ਼੍ਰਵਣ ਰੂਪ ਲਖਿ ਤੈਸੇ ।**

**ਬੇਦ ਛਾਂਦੋਗ ਖਸ਼ਟਮੇਂ ਧਜਾਇ । ਤਹਾਂ ਕਰੇ ਖਟ ਸ਼੍ਰਵਣ ਬਨਾਇ ।੨੨।**

ਜੀਵ, ਈਸ਼, ਬ੍ਰਹਮ ਦੇ ਇਕਤਾ-ਅਭੇਦਤਾ ਵਿੱਚ ਉਕਤਿ-ਉੱਪਰ ਕਥਨ ਕੀਤੀ ਜੁਗਤੀ ਇਸ ਪ੍ਰਕਾਰ ਹੈ ਭਾਵ ਜਿਵੇਂ ਉੱਪਰ ਕਥਨ ਕਰ ਆਏ ਹਾਂ। ਜਿਵੇਂ ਉੱਪਰ ਦੱਸੀ ਜੁਗਤੀ ਹੈ ਉਵੇਂ ਹੀ ਛੇਵੇਂ ਸ੍ਰਵਣ ਉਪਪਤੀ ਦਾ ਸਰੂਪ ਜਾਣ ਲਉ। ਇਹ ਛੇ ਪ੍ਰਕਾਰ ਦੇ ਸ੍ਰਵਣ ਦਾ ਜੋ ਸਰੂਪ ਇਥੇ ਦੱਸਿਆ ਗਿਆ ਹੈ ਉਹ ਛਾਂਦੋਗਜ ਉਪਨਿਸ਼ਦ ਦੇ ਅੱਠਵੇਂ ਅਧਿਆਇ ਵਿੱਚ ਵੀ ਕਥਨ ਕੀਤਾ ਗਿਆ ਹੈ।

**ਸੋ ਜਪੁਜੀ ਮਹਿਂ ਗੁਰੂ ਦਿਖਾਏ । ਸ਼੍ਰਵਣ ਪੌੜੀਆਂ ਚਾਰ ਬਣਾਏ ।**

**ਸ਼੍ਰਵਣ ਮਹਾਤਮ ਕੋ ਦਿਖਰਾਯੋ । ਸ਼੍ਰਵਣ ਰੂਪ ਕੋ ਨਹੀਂ ਬਤਾਯੋ ।੨੩।**

ਉਹ ਸ੍ਰਵਣ ਦੇ ਚਿੰਨ੍ਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਸਾਹਿਬ ਵਿਚ ਚਾਰ ਪਉੜੀਆਂ ਸ੍ਰਵਣ ਦੀਆਂ ਕਥਨ ਕਰਕੇ ਬਣਾਏ ਹਨ। ਜਿਹਨਾਂ ਪਉੜੀਆਂ ਵਿੱਚ ਸ੍ਰਵਣ ਦਾ ਮਹਾਤਮ ਪ੍ਰਤੱਖ ਕਰਕੇ ਦਿਖਾਇਆ ਹੈ ਲੇਕਿਨ ਸ੍ਰਵਣ ਦਾ ਸਰੂਪ ਉੱਥੇ ਨਹੀਂ ਦੱਸਿਆ।

**ਸੋ ਖਟ ਰੂਪ ਪ੍ਰਗਟ ਦਿਖਰਾਏ । ਸਿਖ ਮੁਮੋਖੀ ਕੋ ਸਮਝਾਏ ।**

ਮੁਕਤੀ ਦੀ ਇੱਛਾ ਰੱਖਣ ਵਾਲੇ ਸਿੱਖਾਂ ਨੂੰ ਸਮਝਾਉਣ ਦੇ ਲਈ ਉਹ ਛੇ ਰੂਪ ਅਸੀਂ ਇਥੇ ਪ੍ਰਗਟ ਕਰਕੇ ਦਿਖਾ ਦਿਤੇ ਹਨ ।

## ਮੰਨਣ

**ਮਨਨ ਗਯਾਨ ਕੋ ਭੇਦ ਬਤਾਵਤਿ । ਜਿਸ ਕੇ ਕਰੇ ਪਰਮ ਗਤਿ ਪਾਵਤਿ ।੨੪।**

ਹੁਣ ਮੰਨਣ ਗਿਆਨ ਦੇ ਭੇਦ-ਰਹੱਸ ਨੂੰ ਦੱਸਦੇ ਹਾਂ ਜਿਸ ਮੰਨਣ ਦੇ ਕਰਨੇ ਨਾਲ ਪਰਮ ਗਤੀ ਦੀ ਪ੍ਰਾਪਤੀ ਹੁੰਦੀ ਹੈ।

**ਮਨਨ ਕਰੇ ਮਨ ਹੋਤਿ ਬਿਲਾਇ । ਜੋ ਮਨ ਦ੍ਵੈਤ ਰਹਯੋ ਲਪਟਾਇ ।**

ਜਿਹੜਾ ਮਨ ਹਰ ਸਮੇਂ ਦ੍ਵੈਤ ਅਥਵਾ ਦ੍ਵੈਤ ਰੂਪ ਪ੍ਰਪੰਚ ਵਿੱਚ ਹੀ ਫਸਿਆ ਰਹਿੰਦਾ ਸੀ ਉਹ ਮਨ ਮੰਨਣ ਕਰਨ ਦੇ ਨਾਲ ਵਿਲੀਨ ਹੋ ਜਾਂਦਾ ਹੈ ਵਿਲੀਨ ਤੋਂ ਭਾਵ ਹੈ ਵਿਸ਼ੇਸ਼ ਕਰਕੇ ਆਪਣੇ ਸੰਕਲਪ ਵਿਕਲਪ ਆਦਿ ਸਰੂਪ ਕਰਕੇ ਲੀਨ ਹੋ ਜਾਂਦਾ ਹੈ। ਲੇਕਿਨ ਲੀਨ ਕਿਸ ਵਿੱਚ ਹੁੰਦਾ ਹੈ ਉਹ ਦੱਸਦੇ ਹਨ।

**ਸਤ ਚੇਤਨ ਆਨੰਦ ਅਪਾਰ । ਬ੍ਰਹਮ ਆਤਮਾ ਹੀਨ ਬਿਕਾਰ ।੨੫।**

ਸਭ ਪ੍ਰਕਾਰ ਦੇ ਵਿਕਾਰਾਂ ਤੋਂ ਰਹਿਤ ਅਥਵਾ ਦੁੱਧ ਦੇ ਪਰਿਣਾਮ ਦਹੀਂ ਵਾਂਗ, ਜਗਤ ਰੂਪ ਵਿਕਾਰ ਤੋਂ ਰਹਿਤ, ਪਾਰਾਵਾਰ ਤੋਂ ਰਹਿਤ, ਸਤ, ਚਿਤ, ਅਨੰਦ ਰੂਪ ਜੋ ਬ੍ਰਹਮ ਸਰੂਪ ਆਤਮਾ ਹੈ ਉਸ ਪਰਮ ਤਤ੍ਵ ਵਿੱਚ ਮਨ ਦਾ ਵਿਲੈ ਹੋ ਜਾਂਦਾ ਹੈ ਅਥਵਾ ਸਤ, ਚਿਤ, ਅਨੰਦ ਸਰੂਪ ਬ੍ਰਹਮ ਆਤਮਾ ਵਿੱਚ ਮੰਨਣ ਕਰਨ ਨਾਲ ਮਨ ਦਾ ਵਿਲੈ ਹੋ ਜਾਂਦਾ ਹੈ।

ਹੁਣ ਆਤਮਾ ਦਾ ਸਰੂਪ ਕੈਸਾ ਹੈ ਉਸਦੇ ਬਾਰੇ ਕਥਨ ਕਰਦੇ ਹਨ।

**ਇਕ ਰਸ ਸਦਾ, ਬਾਲ ਨਹਿਂ ਤਰੁਣ । ਨਹੀਂ ਜਰਾ ਤੇ ਜਰ ਜਰ ਮਰਣ ।**

**ਜੜ ਸੋ ਨਹੀਂ ਨਹੀਂ, ਦੁਖ ਰੂਪ । ਏਕ ਆਤਮਾ ਅਚਲ ਅਨੂਪ ।੨੬।**

ਉਹ ਆਤਮਾ ਇਕ ਹੀ ਹੈ, ਉਸਦੀ ਉਪਮਾਂ ਕਥਨ ਨਹੀਂ ਕੀਤੀ ਜਾ ਸਕਦੀ, ਉਹ ਸਦਾ ਇਕ ਰਸ ਰਹਿੰਦਾ ਹੈ, ਬਾਕੀ ਸਭ ਪਦਾਰਥ ਚਲਾਇਮਾਨ ਹਨ, ਪਰ ਉਹ ਆਤਮਾ ਜਿਉਂ ਦੀ ਤਿਉਂ ਇਕ ਰਸ ਹੀ ਰਹਿੰਦੀ ਹੈ। ਨਾ ਉਸ ਦਾ ਕਦੇ ਜਨਮ ਹੁੰਦਾ ਹੈ, ਨਾ ਉਸ ਤੇ ਕਦੇ ਬਚਪਨ ਆਉਂਦਾ ਹੈ, ਨਾ ਕਦੇ ਜਵਾਨੀ ਹੀ ਆਉਂਦੀ ਹੈ, ਨਾ ਉਹ ਬੁਢਾਪੇ ਵਾਲਾ ਹੋ

ਕੇ ਕ੍ਰਿਝ-ਕ੍ਰਿਝ ਕੇ ਮਰਦਾ ਹੈ। ਉਹ ਜੜ੍ਹ ਸਰੂਪ ਵੀ ਨਹੀਂ ਅਤੇ ਉਹ ਦੁੱਖ ਰੂਪ ਵੀ ਨਹੀਂ ਹੈ।

**ਤੀਨ ਸਰੀਰਨ ਤੇ ਨਿਤ ਭਿੰਨ । ਸਾਖੀ ਰੂਪ, ਨਹੀਂ ਪਰਛਿੰਨ ।**

**ਥੂਲ ਦੇਹਿ ਬਿਨਸਤਿ ਅਰੁ ਜਨਮਹਿ, ਆਤਮ ਜਿਉਂ ਕਾ ਤਿਉਂ ਲਖਿ ਮਨ ਮਹਿ ।੨੭।**

ਆਤਮਾ ਤਿੰਨਾਂ ਸਰੀਰਾਂ ਤੋਂ ਸਦਾ ਹੀ ਵੱਖਰਾ ਹੈ, ਇਹਨਾਂ ਸਰੀਰਾਂ ਵਾਂਗ ਪਰਛਿੰਨ ਨਹੀਂ ਹੈ ਭਾਵ ਉਤਪੱਤੀ ਨਾਸਵਾਨ ਨਹੀਂ ਹੈ, ਇਹਨਾਂ ਨੂੰ ਸੱਤਾ ਦੇਣ ਵਾਲਾ ਦ੍ਰਿਸ਼ਟਾ ਰੂਪ ਹੈ। ਸਥੂਲ ਸਰੀਰ ਨਾਸ ਵੀ ਹੁੰਦਾ ਹੈ ਅਤੇ ਜੰਮਦਾ ਵੀ ਹੈ ਲੇਕਿਨ ਆਤਮਾ ਜਿਉਂ ਦੀ ਤਿਉਂ ਰਹਿੰਦੀ ਹੈ ਭਾਵ ਸਥੂਲ ਸਰੀਰ ਦੇ ਜੰਮਣ ਮਰਣ ਨਾਲ ਆਤਮਾ ਦਾ ਜੰਮਣਾ ਮਰਣਾ ਨਹੀਂ ਹੁੰਦਾ। ਆਪਣੇ ਮਨ ਵਿੱਚ ਆਤਮਾ ਦਾ ਸਰੂਪ ਸਦਾ ਸਥਿਰ ਰਹਿਣ ਵਾਲਾ ਜਾਣ ਲਉ।

**ਅਵਨੀ ਕੈ ਸਿਹਜਾ ਪਰ ਪਰੈ । ਥੂਲ ਦੇਹ ਜੜ ਸਮਸਰ ਥਿਰੈ।**

ਜਦੋਂ ਨੀਂਦ ਆਉਂਦੀ ਹੈ ਉਸ ਵੇਲੇ ਇਹ ਸਥੂਲ ਸਰੀਰ ਭਾਵੇਂ ਧਰਤੀ ਤੇ ਪਿਆ ਹੋਵੇ ਭਾਵੇਂ ਸੁੰਦਰ ਸੇਜਾ ਤੇ ਪਿਆ ਹੋਵੇ ਜੜ੍ਹ ਸਮਾਨ ਹੀ ਹੋ ਜਾਂਦਾ ਹੈ।

**ਆਤਮ ਲਿੰਗ ਦੇਹ ਪਰਕਾਸ਼ੈ, ਅਨਿਕ ਪ੍ਰਕਾਰਨਿ ਸੁਪਨਾ ਭਾਸ਼ੈ ।੨੮।**

ਜਦੋਂ ਇਹ ਸਰੀਰ ਜੜ੍ਹ ਸਮਾਨ ਸੇਜਾ ਤੇ ਪਿਆ ਹੁੰਦਾ ਹੈ ਉਸ ਵੇਲੇ ਵੀ ਆਤਮਾ ਸੂਖਮ ਸਰੀਰ ਨੂੰ ਪ੍ਰਕਾਸ਼ਦੀ ਹੈ ਭਾਵ ਸੱਤਾ ਦਿੰਦੀ ਹੈ ਤਾਂ ਹੀ ਸੁਪਨ ਅਵਸਥਾ ਬਣਦੀ ਹੈ ਅਨੇਕ ਤਰ੍ਹਾਂ ਦੇ ਸੁਪਨੇ ਪ੍ਰਤੀਤ ਹੁੰਦੇ ਹਨ।

**ਸੁਪਨੇ ਕੇਰ ਪਦਾਰਥ ਭਾਰੇ ਅਰੁ ਸੁਪਨੇ ਪਰਕਾਸ਼ਹਿ ਸਾਰੇ।**

ਸੁਪਨਾ ਅਤੇ ਸੁਪਨੇ ਵਿੱਚ ਪ੍ਰਤੀਤ ਹੋਣ ਵਾਲੇ ਵੱਡੇ ਵੱਡੇ ਪਦਾਰਥ ਅਥਵਾ ਸੁਪਨਾਵਸਥਾ ਦਾ ਪ੍ਰਪੰਚ ਇਹਨਾਂ ਸਾਰਿਆਂ ਨੂੰ ਆਤਮਾ ਹੀ ਪ੍ਰਕਾਸ਼ ਕਰਦਾ ਹੈ। ਭਾਵ ਸੁਪਨੇ ਦੀ ਅਤੇ ਸੁਪਨੇ ਦੇ ਪਦਾਰਥਾਂ ਦੀ ਪ੍ਰਤੀਤੀ ਅਤੇ ਅਨੁਭਵ ਆਤਮਾ ਦੀ ਸੱਤਾ ਕਰਕੇ ਹੀ ਹੁੰਦਾ ਹੈ।

**ਜਬਿ ਸੁਖਪਤੀ ਅਵਸਥਾ ਹੋਇ । ਤਬੈ ਅਭਾਵ ਲਿੰਗ ਤਨ ਹੋਇ ।੨੯।**

ਜਦੋਂ ਸੁਖੋਪਤੀ ਅਵਸਥਾ ਵਿੱਚ ਜੀਵ ਚਲਾ ਜਾਂਦਾ ਹੈ ਭਾਵ ਗੂੜ੍ਹੀ-ਨੀਂਦ ਦੀ ਅਵਸਥਾ ਜਦੋਂ ਹੋ ਜਾਂਦੀ ਹੈ। ਉਸ ਵੇਲੇ ਸੂਖਮ ਸਰੀਰ ਦਾ ਅਭਾਵ ਹੋ ਜਾਂਦਾ ਹੈ ਭਾਵ ਸੂਖਮ ਸਰੀਰ ਦੀ ਪ੍ਰਤੀਤੀ ਵੀ ਉਸ ਵੇਲੇ ਨਹੀਂ ਰਹਿੰਦੀ ।

**ਜੀਵ ਆਤਮਾ ਇੰਦ੍ਰ ਸਰੂਪ, ਇੰਦ੍ਰਾਣੀ ਲੇ ਬੁੱਧਿ ਅਨੂਪ ।**

**ਰਿਦੇ ਸਦਨ ਮਹਿਂ ਲਹਿ ਬਿਸਰਾਮ, ਤਬਿ ਲੌ ਸੁਖਪਤਿ ਹੈ ਸੁਖ ਧਾਮ ।੩੦।**

ਚਿਦਾਭਾਸ਼ ਰੂਪ ਜੋ ਜੀਵਾਤਮਾ ਹੈ ਉਹ ਮਾਨੋ ਇੰਦ੍ਰ ਦੇ ਸਮਾਨ ਹੈ ਅਤੇ ਅਨੁਪਮ ਜੋ ਬੁੱਧੀ ਹੈ ਉਹ ਇੰਦ੍ਰਾਣੀ ਦੇ ਸਮਾਨ ਹੈ। ਸੁਖੋਪਤੀ ਅਵਸਥਾ ਦੇ ਸਮੇਂ ਹਿਰਦੇ ਰੂਪ ਘਰ ਵਿੱਚ ਜੀਵਾਤਮਾ ਰੂਪ ਇੰਦ੍ਰ ਅਤੇ ਬੁੱਧੀ ਰੂਪ ਇੰਦ੍ਰਾਣੀ ਬਿਸ਼੍ਰਾਮ ਕਰਦੇ ਹਨ ਜਿੰਨਾਂ ਸਮਾਂ ਇਹ ਬਿਸਰਾਮ ਕਰਦੇ ਹਨ ਉਦੋਂ ਤੱਕ ਇਹ ਸੁਖੋਪਤੀ ਅਵਸਥਾ, ਸੁੱਖ ਦਾ ਸਥਾਨ ਹੁੰਦੀ ਹੈ ਭਾਵ ਜੀਵ ਨੂੰ ਸੁਖ ਦੇਣ ਵਾਲੀ ਹੁੰਦੀ ਹੈ।

**ਬਹੁਰ ਉਠਹਿ ਲੈ ਕੇ ਨਿਜਾਰਾਨੀ ॥ ਸਰਬ ਸਰੀਰ ਕਰਹਿ ਸਵਧਾਨੀ ॥**

**ਜਾਗ੍ਰਤਿ ਅਵਸਥਾ ਕੋ ਜਬਿ ਪਾਇ । ਗਹੈ ਬਿਸ਼ੈ ਕੋ ਸਹਿਜ ਸੁਭਾਇ ।੩੧।**

ਫੇਰ ਜਦੋਂ ਸੁਖੋਪਤੀ ਅਵਸਥਾ ਵਿਚੋਂ ਆਪਣੀ ਬੁੱਧੀ ਰੂਪ ਇੰਦ੍ਰਾਣੀ ਨੂੰ ਲੈ ਕੇ ਉਠਦਾ ਹੈ ਤਾਂ ਸਾਰੇ ਸਰੀਰ ਨੂੰ ਸਾਵਧਾਨ ਕਰਦਾ ਹੈ ਅਤੇ ਜਾਗ੍ਰਤ ਅਵਸਥਾ ਵਿੱਚ ਆ ਕੇ ਇਹ ਜੀਵਾਤਮਾ ਰੂਪ ਰਾਜਾ ਸਹਿਜ ਸੁਭਾਇ ਹੀ ਵਿਸ਼ਿਆਂ ਨੂੰ ਗ੍ਰਹਿਣ ਕਰਦਾ ਹੈ ਭਾਵ ਵਿਸ਼ੇ ਵਿਕਾਰਾਂ ਵਿੱਚ ਪ੍ਰਵਿਰਤ ਹੋ ਜਾਂਦਾ ਹੈ।

**ਲਹੈ ਸਥਿਰਤਾ ਲੋਚਨ ਦਾਏ । ਬੁੱਧਿ ਇੰਦ੍ਰਾਣੀ ਥਿਰ ਹ੍ਵੈ ਬਾਏ।**

ਉਸ ਵੇਲੇ ਇਹ ਜੀਵਾਤਮਾ ਸੱਜੇ ਨੇਤ੍ਰ ਵਿੱਚ ਨਿਵਾਸ ਰੱਖਦਾ ਹੈ ਅਤੇ ਬੁਧੀ ਰੂਪ ਇੰਦ੍ਰਾਣੀ ਦਾ ਨਿਵਾਸ ਖੱਬੇ ਨੇਤ੍ਰ ਵਿੱਚ ਰਹਿੰਦਾ ਹੈ।

**ਇੰਦ੍ਰਯ ਬਿਸ਼ੈ ਪ੍ਰਕਾਸ਼ਨਿ ਠਾਨੈ, ਸੁਪਨ ਸੁਖੋਪਤਿ ਤਬਿ ਦ੍ਵੈ ਹਾਨੈ ।੩੨।**

ਜਦੋਂ ਸੁਪਨ ਅਵਸਥਾ ਅਤੇ ਸੁਖੋਪਤੀ ਅਵਸਥਾ ਦੋਨਾਂ ਦਾ ਅਭਾਵ ਹੋ ਜਾਂਦਾ ਹੈ ਭਾਵ ਜਦੋਂ ਨਾ ਸੁਪਨਾ ਰਹੇ ਨਾ ਸੁਖੋਪਤੀ ਅਵਸਥਾ ਰਹੇ। ਉਦੋਂ ਜਾਗ੍ਰਤ ਅਵਸਥਾ ਵਿੱਚ ਇਹ ਜੀਵਾਤਮਾ ਇੰਦ੍ਰਿਆਂ ਅਤੇ ਵਿਸ਼ਿਆਂ ਦਾ ਪ੍ਰਕਾਸ਼ ਕਰਦਾ ਹੈ ਭਾਵ ਇੰਦਰੇ ਅਤੇ ਵਿਸ਼ੇ ਦੋਨਾਂ ਦਾ ਗਿਆਨ ਕਰਾਉਂਦਾ ਹੈ ਅਥਵਾ ਇੰਦ੍ਰਿਆਂ ਦਾ ਅਤੇ ਇੰਦ੍ਰਿਆਂ ਦੁਆਰਾ ਵਿਸ਼ਿਆਂ ਦਾ ਗਿਆਨ ਕਰਾਉਂਦਾ ਹੈ।

**ਯਾਂਤੇ ਮਿੱਥਜਾਤੀਨ ਅਵਸਥਾ । ਮਿੱਥਜਾ ਤੀਨ ਸਰੀਰ ਬਿਵਸਥਾ ।**

ਇਸ ਕਰਕੇ ਜਾਗ੍ਰਤ, ਸੁਪਨ, ਸੁਖੋਪਤੀ ਇਹ ਤਿੰਨੇ ਅਵਸਥਾਵਾਂ ਖਿਨ ਭੰਗਰ-ਨਾਸ਼ਵਾਨ ਹਨ, ਮਿਥਿਆ ਹਨ ਅਤੇ ਸਥੂਲ ਸੂਖਮ, ਕਾਰਨ ਇਹਨਾਂ ਤਿੰਨਾਂ ਸਰੀਰਾਂ ਦਾ ਵਿਵਸਥਾ-ਢਾਂਚਾ ਵੀ ਮਿਥਿਆ ਹੈ ਭਾਵ ਇਹ ਤਿੰਨੇ ਸਰੀਰ ਵੀ ਮਿਥਿਆ ਹਨ।

**ਬਾਰੰਬਾਰ ਬਿਚਾਰਨ ਐਸੇ । ਮਨਨ ਬਿਚਾਰ ਨਾਮ ਇਸ ਹੈਸੇ ।੩੩।**

ਇਸ ਪ੍ਰਕਾਰ ਵਾਰ ਵਾਰ ਵਿਚਾਰ ਕਰਨੀ ਇਸ ਵਿਚਾਰ ਦਾ ਨਾਮ ਹੀ ਮੰਨਣ ਹੈ।

**ਮਨ ਕੀ ਬ੍ਰਿਤਾਂ ਪੰਚਾਬਿਧਿ ਹੋਇ ॥ ਇਕ ਪ੍ਰਮਾਨ ਵਿਪਰਜੈ ਦੋਇ ।**

**ਵਿਕਲਪ ਨਿੰਦ੍ਰਾ ਸਿੰਮ੍ਰਿਤ ਜਾਨਿ ॥ਸੁਨਹੁ ਸਰੂਪ ਜੁ ਬ੍ਰਿਤਿ ਪ੍ਰਮਾਨ ।੩੪।**

ਮਨ ਦੀਆਂ ਪੰਜ ਤਰ੍ਹਾਂ ਦੀਆਂ ਬਿਰਤੀਆਂ ਹਨ। ਪਹਿਲੀ ਪ੍ਰਮਾਣ ਬ੍ਰਿਤੀ ਹੈ ਦੂਜੀ ਵਿਪਰਜੈ ਬ੍ਰਿਤੀ ਹੈ ਤੀਜੀ ਵਿਕਲਪ, ਚੌਥੀ ਨਿੰਦ੍ਰਾ ਤੇ ਪੰਜਵੀਂ ਸਮ੍ਰਿਤੀ ਬ੍ਰਿਤੀ ਹੈ। ਪਹਿਲੀ ਜੋ ਪ੍ਰਮਾਣ ਬ੍ਰਿਤੀ ਹੈ ਉਸ ਦਾ ਸਰੂਪ ਕੈਸਾ ਹੈ ਹੁਣ ਉਸ ਪ੍ਰਮਾਣ ਬਿਰਤੀ ਦੇ ਸਰੂਪ ਬਾਰੇ ਸੁਣੋ।

# ਪ੍ਰਮਾਣ

**ਅੰਤਹਿਕਰਣ ਬ੍ਰਿਤਿ ਹੈ ਜੋਇ ।ਇੰਦ੍ਰਯ ਦ੍ਵਾਰਾ ਨਿਕਰੈ ਸੋਇ ।**

**ਨਾਨਾ ਘਟ ਪਟ ਧਰੇ ਪਦਾਰਥ । ਤਿਨਹਿ ਜਾਨਿਬੋ ਹੋਇ ਜਥਾਰਥ ।੩੫।**

ਜਿਹੜੀ ਅੰਤਸ਼ਕਰਣ ਦੀ ਬਿਰਤੀ ਹੈ, ਉਹ ਬਿਰਤੀ ਇੰਦ੍ਰਿਆਂ ਦੁਆਰਾ ਬਾਹਰ ਗਮਨ ਕਰਦੀ ਹੈ ਅਤੇ ਅਨੇਕ ਤਰ੍ਹਾਂ ਦੇ ਪਦਾਰਥਾਂ ਨੂੰ ਵਿਸ਼ੇ ਕਰਦੀ ਹੈ। ਜਿਵੇ ਘੜਾ ਪਿਆ ਦੇਖਿਆ ਤੇ ਘੜੇ ਦਾ ਗਿਆਨ ਕਰ ਲਿਆ, ਕੱਪੜਾ ਪਿਆ ਦੇਖਿਆ ਤੇ ਕੱਪੜੇ ਦਾ ਗਿਆਨ ਕਰ ਲਿਆ ਇਸ ਨੂੰ ਪ੍ਰਮਾਣ ਬ੍ਰਿਤੀ ਕਹਿੰਦੇ ਹਨ ਅਥਵਾ ਅੰਤਸ਼ਕਰਣ ਦੀ ਬਿਰਤੀ ਇੰਦ੍ਰਿਆਂ ਦੁਆਰਾ ਬਾਹਰ ਗਈ ਤੇ ਅਨੇਕ ਘਟ ਪਟ ਆਦਿ ਪਦਾਰਥ ਦੇਖੇ ਉਹਨਾਂ ਦੇ ਅਸਲ ਰੂਪ ਦਾ ਗਿਆਨ ਕਰ ਲਿਆ। ਉਹਨਾਂ ਪਦਾਰਥਾਂ ਦੇ ਅਸਲ ਸਰੂਪ ਦਾ ਜੋ ਗਿਆਨ, ਬ੍ਰਿਤੀ ਦੁਆਰਾ ਅੰਤਸਕਰਣ ਨੂੰ ਹੋਇਆ ਉਸ ਗਿਆਨ ਕਰਾਉਣ ਵਾਲੀ ਬਿਰਤੀ ਨੂੰ ਪ੍ਰਮਾਣ ਬਿਰਤੀ ਕਿਹਾ ਜਾਂਦਾ ਹੈ।

# ਵਿਪਰਜੈ

**ਦੁਤੀ ਵਿਪਰਜੈ ਇਸ ਕੋ ਕਹੈਂ ॥ਰੱਜੂ ਪਰੀ ਸਰਪ ਤਿਸ ਲਹੈ॥**

ਦੂਜੀ ਵਿਪਰਜੈ ਬਿਰਤੀ ਹੈ, ਰੱਸੀ ਪਈ ਹੋਵੇ ਲੇਕਿਨ ਸੱਪ ਦੀ ਪ੍ਰਤੀਤੀ ਹੋਣ ਲੱਗ ਪਏ ਅਥਵਾ ਪਈ ਹੋਵੇ ਰੱਸੀ ਲੱਗੇ ਇਵੇਂ ਕਿ ਸੱਪ ਪਿਆ ਹੈ। ਇਸ ਬ੍ਰਿਤੀ ਨੂੰ ਹੀ ਵਿਪਰਜੈ ਬਿਰਤੀ ਕਿਹਾ ਜਾਂਦਾ ਹੈ ਅਥਵਾ ਜਿਹੜੀ ਬਿਰਤੀ ਅਸਲੀਅਤ ਤੋਂ ਉਲਟ ਗਿਆਨ ਕਰਾਵੇ, ਹੈ ਤਾਂ ਜੀਵ, ਬ੍ਰਹਮ ਸਰੂਪ ਹੀ ਲੇਕਿਨ ਜੀਵ ਪ੍ਰਤੀਤ ਕਰਾ ਰਹੀ ਹੈ। ਸਰੂਪ ਤੋਂ ਉਲਟ ਗਿਆਨ ਕਰਾਉਣ ਵਾਲੀ ਹੋਣ ਕਾਰਨ ਇਸ ਬਿਰਤੀ ਨੂੰ ਵਿਪਰਜੈ ਕਿਹਾ ਜਾਂਦਾ ਹੈ।

# ਵਿਕਲਪ

**ਬ੍ਰਿਤਿ ਵਿਕਲਪ ਰੂਪ ਇਹ ਮਾਨ ।ਸ਼ਬਦ ਅਰਥ ਕੋ ਲੀਜੈ ਜਾਨਿ ।੩੬।**

**ਤਾਤਪਰਯ ਮਹਿਂ ਰਹੈ ਸੰਦੇਹਿ, ਨਿਹਚੈ ਭਯੋ ਨ ਲਖੀਅਹਿ ਏਹ ।**

ਤੀਜੀ ਵਿਕਲਪ ਬਿਰਤੀ ਹੈ ਇਸ ਬਿਰਤੀ ਦਾ ਸਰੂਪ ਇਹ ਮੰਨ ਲਉ ਕਿ ਸ਼ਬਦ ਦੇ ਅਰਥ ਨੂੰ ਜਾਣ ਲੈਣਾ ਲੇਕਿਨ ਤਾਤਪਰਜ-ਸਿਧਾਂਤ ਨੂੰ ਸਮਝਣ ਵਿੱਚ ਸੰਸਾ ਰਹਿਣਾ ਭਾਵ ਸ਼ਬਦ ਦੇ ਅਰਥ ਦੇ ਅਸਲ ਭਾਵ ਨੂੰ ਗ੍ਰਹਿਣ ਕਰਨ ਵਿੱਚ ਸੰਦੇਹ ਰਹਿਣਾ, ਪੱਕਾ ਪ੍ਰਪੱਕ ਨਿਸ਼ਚਾ ਨਾ ਬਣਨਾ, ਇਸ ਨੂੰ ਵਿਕਲਪ ਬਿਰਤੀ ਜਾਣ ਲਉ।

# ਨਿੰਦ੍ਰਾ

**ਅਭਾਵ ਗਯਾਨ ਕੋ ਆਸ਼੍ਰੈ ਬ੍ਰਿਤਿ, ਨਿੰਦ੍ਰਾ ਬ੍ਰਿਤਿ ਕਹਿਂ ਸਮਝਹੁ ਚਿਤ ।੩੭।**

ਹੁਣ ਨਿੰਦ੍ਰਾ ਦਾ ਸਰੂਪ ਦੱਸਦੇ ਹਨ ਜਿਹੜੀ ਬਿਰਤੀ ਅਭਾਵ ਗਿਆਨ ਦਾ ਆਸਰਾ ਹੁੰਦੀ ਹੈ ਭਾਵ ਸੁਖੋਪਤੀ ਅਵਸਥਾ ਵਿੱਚ ਅੰਤਸ਼ਕਰਣ ਤੋਂ ਲੈ ਕੇ ਪ੍ਰਪੰਚ ਤੱਕ ਦੇ ਅਭਾਵ ਪ੍ਰਤੀਤ ਨਾ ਹੋਣ ਦਾ ਗਿਆਨ ਕਰਾਉਂਦੀ ਹੈ ਉਸਨੂੰ ਆਪਣੇ ਚਿੱਤ

ਵਿੱਚ ਨਿੰਦ੍ਰਾ ਬਿਰਤੀ ਜਾਣ ਲਉ।

**ਨੇਤ੍ਰ ਹੋਇ ਸੰਜੋਗ ਪਦਾਰਥਾਂ ਸੇ ਅੰਤਹਰਕਣ ਕੀ ਬ੍ਰਿਤ ਵਿਵਹਾਰ ਜਾਵੇ।**

**ਚਿਦਾਭਾਸ਼ ਕੇ ਸਹਿਤ ਸੋ ਬਿਰਤ ਹੈ ਜੀ ਜਿਮੇ ਜੋਗ ਪਦਾਰਥਾਕਾਰ ਪਾਵੇ।**

**ਬਿਰਤ ਜਾਇ ਆਵਰਣ ਕੋ ਭੰਗ ਕਰਦੀ ਚਿਦਾਭਾਸ਼ ਪ੍ਰਕਾਸ਼ ਤੇ ਵਸੂਤ ਆਵੈ**

**ਕਹੀ ਰੀਤ ਸਮਾਨ ਵੇਦਾਂਤ ਕੇਰੀ ਸੁਣੋ ਔਰ ਵਾਰੀਕ ਸਿਧਾਂਤ ਗਾਏ। (ਸ੍ਰੀ ਮੱਤ ਗ੍ਰੰਥ ਸੰਗ੍ਰਹਿ)**

**ਜਾਗ੍ਰਤ ਸੁਪਨ ਜੁ ਬ੍ਰਿਤਿ ਅਭਾਵ। ਕਰਣਹਾਰ ਸੁ ਤਮ ਗੁਣ ਭਾਵ।**

ਜਿਹੜੀ ਬਿਰਤੀ ਜਾਗ੍ਰਤ ਅਤੇ ਸੁਪਨ ਦਾ ਗਿਆਨ ਦੇਣ ਵਾਲੀਆਂ ਬਿਰਤੀਆਂ ਦਾ ਅਭਾਵ ਕਰਕੇ ਤਮੋ ਗੁਣ ਨੂੰ ਗ੍ਰਹਿਣ ਕਰਦੀ ਹੈ ਅਥਵਾ ਤਮੋ ਗੁਣ ਦਾ ਭਾਵ ਗ੍ਰਹਿਣ ਕਰਦੀ ਹੈ।

**ਸੁਖਪਤਿ ਤਮ ਗੁਣ ਗ੍ਰਹਿਣ ਜੁ ਕਰੈ। ਨਿੰਦ੍ਰਾ ਬ੍ਰਿਤਿ ਨਾਮ ਤਿਸ ਰਰੈਂ।੩੮।**

ਸੁਖੋਪਤੀ ਅਵਸਥਾ ਵਿੱਚ ਜਿਹੜੀ ਬਿਰਤੀ ਤਮੋ ਗੁਣ ਨੂੰ ਗ੍ਰਹਿਣ ਕਰਦੀ ਹੈ ਉਸ ਬਿਰਤੀ ਨੂੰ ਨਿੰਦ੍ਰਾ ਬਿਰਤੀ ਕਿਹਾ ਜਾਂਦਾ ਹੈ।

## ਸਿਮਰਤੀ

**ਪ੍ਰਥਮ ਸਮੇਂ ਕੁਛ ਅਨੁਭਵ ਕੀਨ ।ਅਪਰ ਸਮੈਂ ਚਿਤਵੈ ਸਤ ਚੀਨ ।**

**ਜਥਾ ਭਨੈ ਇਹ ਨਰ ਹੈ ਸੋਈ । ਪੂਰਬ ਪਿਖਯੋ ਥਾਵ ਕਿਸ ਜੋਈ ।੩੯।**

ਪਹਿਲਾਂ ਬੀਤ ਚੁੱਕੇ ਸਮੇਂ ਵਿੱਚ ਕੁੱਝ ਅਨੁਭਵ ਕੀਤਾ ਹੋਵੇ ਅਤੇ ਬਾਅਦ ਵਿੱਚ ਕਿਸੇ ਹੋਰ ਸਮੇਂ ਉਸ ਨੂੰ ਯਾਦ ਕਰਕੇ ਸੱਤ ਕਰਕੇ ਜਾਣੇ। ਜਿਵੇਂ ਕੋਈ ਕਹੇ ਕਿ ਇਹ ਬੰਦਾ ਪਹਿਲਾਂ ਕਿਸੇ ਥਾਂ ਦੇਖਿਆ ਹੋਇਆ ਹੈ। ਇਸ ਸੰਸਕਾਰ ਤੋਂ ਉਤਪੰਨ ਹੋਏ ਗਿਆਨ ਨੂੰ ਸਿੰਮ੍ਰਿਤੀ ਕਿਹਾ ਜਾਂਦਾ ਹੈ। ਸੰਸਕਾਰ ਜੰਨਯਮ ਗਯਾਨਮ ਸਿੰਮ੍ਰਤੀ ।

**ਜਿਸ ਕਰਕੇ ਚਿਤ ਕਰਨਾ ਇਹ ਹੋਇ ।ਸਿੰਮ੍ਰਿਤਿ ਬ੍ਰਿੱਤਿ ਜਾਨੀਅਹਿ ਸੋਇ ।**

ਜਿਸ ਪਹਿਲਾਂ ਦੇ ਸੰਸਕਾਰ ਕਰਕੇ ਇਹ ਚੇਤਾ ਆਉਂਦਾ ਹੈ ਕਿ ਇਹ ਬੰਦਾ ਪਹਿਲਾਂ ਕਿਤੇ ਦੇਖਿਆ ਹੋਇਆ ਹੈ ਉਸ ਸੰਸਕਾਰ ਦੁਆਰਾ ਪੈਦਾ ਹੋਏ ਗਿਆਨ ਨੂੰ ਸਿੰਮ੍ਰਿਤੀ ਕਿਹਾ ਜਾਂਦਾ ਹੈ ਅਥਵ ਉਸ ਨੂੰ ਸਿੰਮ੍ਰਿਤੀ ਬਿਰਤੀ ਜਾਣ ਲਉ।

## ਸਥਿਤੀ

**ਪੰਚ ਬ੍ਰਿਤਾਂ ਬਿਨ ਚਿਤ ਹੁਇ ਜਾਵੈ । ਆਤਮ ਕੇ ਸਰੂਪ ਦਿਸ਼ ਧਾਵੈ ।੪੦।**

**ਮਨ ਪ੍ਰਵਾਹ ਜਬਿ ਇਸ ਬਿਧਿ ਹੋਇ । ਨਾਮ ਸਥਿਤੀ ਬਖਾਨੈਂ ਸੋਇ।**

ਜਦੋਂ ਅੰਤਸ਼ਕਰਣ ਇਨ੍ਹਾਂ ਪੰਜਾਂ ਬਿਰਤੀਆਂ ਤੋਂ ਰਹਿਤ ਹੋ ਜਾਵੇ ਅਤੇ ਆਪਣੇ ਆਤਮ ਸਰੂਪ ਵੱਲ ਨੂੰ ਅੰਤਰਮੁਖੀ ਹੋ ਕੇ ਜਾਵੇ ਅਥਵਾ ਅੰਤਸ਼ਕਰਣ ਦੀ ਬਿਰਤੀ ਆਤਮ ਪ੍ਰਾਇਣ ਹੋਵੇ।ਮਨ ਦਾ ਪ੍ਰਵਾਹ ਜਦੋਂ ਇਸ ਤਰ੍ਹਾਂ ਅੰਤਰਮੁਖੀ ਹੋਵੇ,

ਉਸਨੂੰ ਸਥਿਤੀ ਕਹਿੰਦੇ ਹਨ।

## ਅੱਭਜਾਸ

**ਇਸਥਿਤਿ ਪ੍ਰਾਪਤਿ ਹੇਤ ਪ੍ਰਯਾਸ ।ਤਿਸ ਕੋ ਨਾਮ ਲਖੋ ਅੱਭਜਾਸ ।੪੧।**

ਅੰਤਸਕਰਣ ਦੀਆਂ ਬਿਰਤੀਆਂ ਦਾ ਆਤਮ ਸਰੂਪ ਵਿੱਚ ਟਿਕਾਅ ਹੋਵੇ ਇਸ ਲਈ ਜੋ ਪ੍ਰਯਤਨ ਕੀਤਾ ਜਾਂਦਾ ਹੈ ਉਸਦਾ ਨਾਮ ਅਭਿਆਸ ਜਾਣ ਲਉ ਅਥਵ ਟਿਕਾਅ ਦੀ ਪ੍ਰਾਪਤੀ ਲਈ ਜੋ ਯਤਨ ਕੀਤਾ ਜਾਂਦਾ ਹੈ ਉਸ ਨੂੰ ਅਭਿਆਸ ਕਹਿੰਦੇ ਹਨ।

**ਸੋ ਅਭਜਾਸ ਹੈ ਦੋਇ ਪ੍ਰਕਾਰ । ਏਕ ਅਲਪ ਦੂਸਰ ਦ੍ਰਿੜ੍ਹ ਧਾਰਿ ।**

ਉਹ ਅਭਿਆਸ ਦੋ ਤਰ੍ਹਾਂ ਦਾ ਹੈ ਇੱਕ ਅਲਪ ਹੈ ਅਤੇ ਦੂਜਾ ਦ੍ਰਿੜ੍ਹ ਹੈ।

**ਕਬਿ ਕਬਿ ਆਤਮ ਕੋ ਅਭਜਾਸੈ । ਇਹ ਤੌਂ ਅਲਪ ਨਾਮ ਕਹੁ ਭਾਸੈ ।੪੨।**

ਕਦੇ ਕਦੇ ਆਤਮਾ ਦੇ ਚਿੰਤਨ ਰੂਪ ਅਭਿਆਸ ਨੂੰ ਕਰਨਾ ਅਥਵਾ ਆਤਮ ਸਰੂਪ ਪ੍ਰਾਪਤੀ ਲਈ ਯਤਨ ਕਰਨਾ ਇਸ ਨੂੰ ਅਲਪ ਅਭਿਆਸ ਕਿਹਾ ਜਾਂਦਾ ਹੈ ਅਥਵਾ ਆਤਮ ਚਿੰਤਨ ਕਰਨਾ ਲੇਕਿਨ ਲਗਾਤਾਰ ਨਾ ਕਰਨਾ, ਕਦੇ ਕਰ ਲਿਆ ਕਦੇ ਨਾ ਕੀਤਾ, ਇਸ ਨੂੰ ਅਲਪ ਅਭਿਆਸ ਕਹਿੰਦੇ ਹਨ।

**ਸਾਦਰ,ਦੀਰਘ ਕਾਲ, ਨਿਰੰਤਰ, ਸੋ ਦ੍ਰਿੜ੍ਹ ਭੂਮਿ ਰੂਪ ਲਖਿ ਅੰਤਰ ।**

ਲੰਮਾ ਸਮਾਂ ਲਗਾਤਾਰ ਬਹੁਤ ਪ੍ਰੇਮ ਸਹਿਤ ਅਭਿਆਸ ਕਰਨਾ ਇਸ ਨੂੰ ਦ੍ਰਿੜ੍ਹ ਅਵਸਥਾ ਰੂਪ ਅਭਿਆਸ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦ੍ਰਿੜ੍ਹ ਅਭਿਆਸ ਦਾ ਸਰੂਪ ਆਪਣੇ ਹਿਰਦੇ ਅੰਦਰ ਜਾਣ ਲਉ।

## ਵੈਰਾਗ

**ਮਿਟੀ ਪ੍ਰੀਤ ਵਿਸ਼ਿਯਨਿ ਤੇ ਜਬੈ । ਨਾਮ ਵਿਰਾਗ ਹੋਤਿ ਹਿਯ ਤਬੈ ।੪੩।**

ਜਦੋਂ ਵਿਸ਼ੇ ਵਿਕਾਰਾਂ ਵਿਚੋਂ ਪ੍ਰੀਤ ਖਤਮ ਹੋ ਜਾਵੇ ਉਸ ਵੇਲੇ ਹਿਰਦੇ ਦੀ ਐਸੀ ਅਵਸਥਾ ਨੂੰ ਵੈਰਾਗ ਕਹਿੰਦੇ ਹਨ ਅਥਵਾ ਹਿਰਦੇ ਦੀ ਉਸ ਅਵਸਥਾ ਦਾ ਨਾਮ ਵੈਰਾਗ ਹੈ।

**ਸੋ ਵੈਰਾਗ ਹੈ ਚਾਰ ਪ੍ਰਕਾਰ । ਇਕ ਯਤਮਾਨ ਵਿਤ੍ਰੇਕ ਬਿਚਾਰ ।**

**ਇਕ ਇੰਦ੍ਰੈ ਅਰੁ ਵਸੀਕਾਰ ਕਹਿੰ । ਇਨ ਕੇ ਲੱਛਨ ਭਨੌਂ ਜਥਾ ਲਹਿ ।੪੪।**

ਉਹ ਵੈਰਾਗ ਚਾਰ ਤਰ੍ਹਾਂ ਦਾ ਹੈ, ਪਹਿਲਾਂ ਯਤਮਾਨ ਦੂਸਰਾ ਵਿਤ੍ਰੇਕ ਹੈ, ਤੀਸਰਾ ਏਕ ਇੰਦ੍ਰੈ ਅਤੇ ਚੌਥਾ ਵਸੀਕਾਰ ਕਿਹਾ ਜਾਂਦਾ ਹੈ ਅਥਵਾ ਚੌਥੇ ਨੂੰ ਵਸੀਕਾਰ ਕਹਿੰਦੇ ਹਨ। ਹੁਣ ਇਹਨਾਂ ਦੇ ਲੱਛਣ ਕਥਨ ਕਰਦਾ ਹਾਂ ਜਿਵੇਂ ਮੈਂ ਇਹਨਾਂ ਦੇ ਲੱਛਣਾਂ ਨੂੰ ਸਮਝਿਆ ਹੈ।

## ਯਤਮਾਨ

**ਦੁੱਖ ਰੂਪ ਸੰਸਾਰ ਪਛਾਨਾ, ਸੰਤਨ ਸੇਵਾ ਰੁਚੀ ਮਹਾਨਾ**

**ਸੱਤਿ ਰੂਪ ਪਰਮੇਸ਼ਰ ਪਾਊਂ, ਬੰਧਨ ਕਰਮ ਪਏ ਛੁਟਕਾਊਂ ।੪੫।**

**ਇਸ ਕੋ ਯੱਤਿਮਾਨ ਮਨ ਜਾਨਿ, ਸੰਤਨ ਸੰਗਤ ਕੀਨ ਮਹਾਨ ।**

ਜਿਸਨੇ ਸੰਸਾਰ ਨੂੰ ਦੁੱਖ ਰੂਪ ਜਾਣ ਲਿਆ ਹੈ, ਪ੍ਰਮਾਤਮਾ 'ਚ ਲੀਨ ਹੋਏ ਸੰਤਾਂ ਦੀ ਸੇਵਾ ਵਿੱਚ ਬਹੁਤ ਭਾਵਨਾ ਰੱਖਦਾ ਹੈ। ਸਤ ਸਰੂਪ ਪ੍ਰਮਾਤਮਾ ਦੀ ਮੈਨੂੰ ਪ੍ਰਾਪਤੀ ਹੋ ਜਾਵੇ ਅਤੇ ਮੈਂ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਵਾਂ, ਮਨ ਦੀ ਇਸ ਅਵਸਥਾ ਨੂੰ ਯਤਮਾਨ ਵੈਰਾਗ ਜਾਣ ਲਵੋ ਅਥਵਾ ਇਸਨੂੰ ਆਪਣੇ ਮਨ ਵਿੱਚ ਯਤਮਾਨ ਵੈਰਾਗ ਜਾਣ ਲਵੋ। ਜਿਸਦੇ ਹਿਰਦੇ ਵਿੱਚ ਇਹ ਵੈਰਾਗ ਪੈਦਾ ਹੋ ਜਾਂਦਾ ਹੈ, ਉਹ ਲੰਮਾ ਸਮਾਂ ਸਤ ਪੁਰਖਾ ਦੀ ਸੰਗਤ ਕਰੇ, ਉਸ ਨਾਲ ਅਗਲੀ ਅਵਸਥਾ ਇਸ ਪ੍ਰਕਾਰ ਬਣਦੀ ਹੈ।

## ਵਿੱਤ੍ਰੇਕ

**ਲਗਜੋ ਬਿਚਾਰਨ ਗੁਨ ਅਰੁ ਦੋਖ, ਦੋਖ ਤਜੋਂ, ਕਿਸ ਗੁਨ ਤੇ ਮੋਖ? ।੪੬।**

**ਸਤਿ ਸੰਤੋਖ ਆਦਿ ਬਿਰਧਾਵੈ । ਕਾਮ ਕ੍ਰੋਧ ਮੋਹ ਆਦਿ ਘਟਾਵੈ।**

**ਇਹ ਵੈਰਾਗ ਵਿੱਤ੍ਰੇਕ ਪਛਾਨ ।**

ਲੰਮਾ ਸਮਾਂ ਸਤਿਸੰਗਤ ਕਰਨ ਕਰਕੇ ਜਦੋਂ ਇਹ ਪ੍ਰਾਣੀ ਗੁਣ ਅਤੇ ਦੋਖ ਦੀ ਵਿਚਾਰ ਕਰਨ ਲੱਗ ਜਾਵੇ ਕਿ ਮੇਰੇ ਲਈ ਚੰਗਾ ਕੀ ਹੈ ਅਤੇ ਮਾੜਾ ਕੀ ਹੈ? ਔਗੁਣਾਂ ਨੂੰ ਮਾੜੇ ਸਮਝ ਕੇ, ਕਹੇ ਕਿ ਮੈਂ ਇਹਨਾਂ ਨੂੰ ਤਿਆਗ ਦੇਣ ਹੈ ਤੇ ਮੈਂ ਕਿਹੜੇ ਗੁਣ ਧਾਰਨ ਕਰਾਂ ਕਿ ਮੇਰੀ ਮੁਕਤੀ ਹੋ ਜਾਵੇ? ਕ੍ਰੋਧ, ਕਾਮ ਆਦਿਕਾਂ ਨੂੰ ਦੋਸ਼ ਰੂਪ ਜਾਣ ਕੇ ਘਟਾਉਣ ਲੱਗ ਪਵੇ ਅਤੇ ਸਤ, ਸੰਤੋਖ ਅਤੇ ਦਇਆ ਨੂੰ ਵਧਾਉਣ ਲੱਗ ਪਵੇ। ਹਿਰਦੇ ਦੀ ਇਸ ਅਵਸਥਾ ਦਾ ਨਾਮ ਵਿੱਤ੍ਰੇਕ ਵੈਰਾਗ ਪਛਾਣ ਲਵੋ ।

## ਏਕ ਇੰਦ੍ਰੈ ਵੈਰਾਗ

**ਇਕ ਇੰਦ੍ਰੀ ਕੋ ਸੁਨਿ ਦੈ ਕਾਨ ।੪੭।**

**ਵਹਿਰ ਬਿਸ਼ੈ ਗੁਨ ਤਜਾਗਨ ਕੀਨ । ਮਨ ਮਹਿ ਤਨਕ ਹੋਇ ਲਿਵਲੀਨ ।**

ਹੁਣ ਇਸ ਤੋਂ ਅਗਲੇ ਏਕ ਇੰਦ੍ਰੈ ਵੈਰਾਗ ਨੂੰ ਧਿਆਨ ਦੇ ਕੇ ਸੁਣੋ। ਬਾਹਰੋਂ ਇੰਦ੍ਰਿਆਂ ਦੇ ਵਿਸ਼ਿਆਂ ਦਾ ਤਿਆਗ ਕਰ ਦਿੱਤਾ ਲੇਕਿਨ ਮਨ ਵਿੱਚ ਅਜੇ ਵੀ ਵਿਸ਼ਿਆਂ ਪ੍ਰਤੀ ਪਕੜ ਪੈਦਾ ਹੁੰਦੀ ਹੈ। ਇਸ ਨੂੰ ਏਕ ਇੰਦ੍ਰੈ ਵੈਰਾਗ ਕਹਿੰਦੇ ਹਨ।

## ਵਸੀਕਾਰ

**ਵਸੀਕਾਰ ਕੋ ਸੁਨਿ ਇਸ ਬੇਰੇ ।ਬਿਸ਼ੈ ਭੋਗ ਜੁਗ ਲੋਕਨਿ ਕੇਰੇ ।੪੮।**

ਹੁਣ ਇਸ ਵੇਲੇ ਸੁਣੋ ਵਸੀਕਾਰ ਵੈਰਾਗ ਕਿਸ ਨੂੰ ਕਹਿੰਦੇ ਹਨ ? ਇਸ ਲੋਕ ਦੇ ਅਤੇ ਪ੍ਰਲੋਕ ਦੇ ਅਥਵਾ ਦੋਹਾਂ ਲੋਕਾਂ ਦੇ ਜਿੰਨੇ

ਵੀ ਵਿਸ਼ੇ ਹਨ ਅਤੇ ਵਿਸ਼ਿਆਂ ਦੇ ਭੋਗ ਹਨ ।

**ਸ਼ਬਦ,ਸਪਰਸ਼, ਰੂਪ, ਰਸ, ਗੰਧ ।ਇਨ ਤੇ ਛੂਟਿ ਗਯੋ ਮਨ ਬੰਧ ।**

ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਜੋ ਇੰਦ੍ਰਿਆਂ ਦੇ ਭੋਗ ਦੇ ਵਿਸ਼ੇ ਹਨ, ਇਹਨਾਂ ਨੇ ਮਨ ਨੂੰ ਬੰਨ੍ਹ ਕੇ ਆਪਣੇ ਵਿੱਚ ਡੁਬੋਇਆ ਪਿਆ ਸੀ। ਉਹ ਮਨ ਦੇ ਬੰਧਨ ਖੁਲ ਗਏ ਅਤੇ ਮਨ ਇਹਨਾਂ ਤੋਂ ਬਾਹਰ ਆ ਗਿਆ ਭਾਵ ਇਹਨਾਂ ਤੋਂ ਮਨ ਦਾ ਛੁਟਕਾਰਾ ਹੋ ਗਿਆ ਹੈ

**ਬਾਇਸ ਵਿਸ਼ਟਾ ਸਮ ਸਭ ਬਿਸ਼ੇ ॥ਬਮਨ ਸਰਸ ਨਹਿੰ ਭਾਵਤਿ ਜਿਸੇ ।੪੯।**

ਮਨ ਦਾ ਇਹਨਾਂ ਤੋਂ ਛੁਟਕਾਰਾ ਹੋਣ ਤੋਂ ਬਾਅਦ ਇਹ ਵਿਸ਼ੇ ਮਨ ਨੂੰ ਕਾਂ ਦੀ ਬਿਸ਼ਟਾ ਦੇ ਸਮਾਨ ਜਾਪਦੇ ਹਨ ਅਤੇ ਇਸ ਤਰ੍ਹਾਂ ਪ੍ਰਤੀਤ ਹੁੰਦੇ ਹਨ ਜਿਵੇਂ ਅਣਪਚਿਆ ਭੋਜਨ ਜਦੋਂ ਸਰੀਰ ਚੋ ਬਾਹਰ ਨਿਕਲ ਜਾਂਦਾ ਹੈ ਤਾਂ ਸਰੀਰ ਨੂੰ ਆਰਾਮ ਮਿਲਦਾ ਹੈ ਪਰ ਜੋ ਬਾਹਰ ਨਿਕਲਿਆ ਹੈ, ਉਹ ਮਨ ਨੂੰ ਚੰਗਾ ਨਹੀਂ ਲੱਗਦਾ। ਇਸਨੂੰ ਵਸੀਕਾਰ ਵੈਰਾਗ ਕਹਿੰਦੇ ਹਨ।

**ਅਸ ਵੈਰਾਗ ਸੰਗ ਮਨ ਜੀਤ । ਗਹੇ ਸਥਿਰਤਾ ਆਤਮ ਨੀਤ ।**

ਫਿਰ ਐਸੇ ਵਿਸ਼ਿਆਂ ਨੂੰ ਤਿਆਗ ਕੇ ਇਸ ਵੈਰਾਗ ਨੂੰ ਧਾਰਨ ਕਰਨ ਵਾਲੇ ਮਨ ਦੀ ਜਿੱਤ ਹੋ ਜਾਂਦੀ ਹੈ ਅਤੇ ਇਹ ਮਨ ਫੇਰ ਆਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ ਭਾਵ ਅਭੇਦ ਹੋ ਜਾਂਦਾ ਹੈ ਅਤੇ ਆਤਮ ਸਰੂਪ ਵਿੱਚ ਸਥਿਰਤਾ ਪ੍ਰਾਪਤ ਕਰ ਲੈਂਦਾ ਹੈ ਇਹੋ ਜਿਹਾ ਮਨ ਫੇਰ ਕਦੇ ਵੀ ਡੋਲਦਾ ਨਹੀਂ।

**ਬ੍ਰਹਮ ਗਜਾਨ ਸੂਰਜ ਕੇ ਸੰਗ ।ਤਮ ਅੱਗਜਾਨ ਸਕਲ ਦੇ ਭੰਗ ।੫0।**

ਬ੍ਰਹਮ ਗਿਆਨ ਰੂਪ ਸੂਰਜ ਦੇ ਚੜ੍ਹ ਜਾਣ ਕਰਕੇ ਅਗਿਆਨ ਰੂਪ ਅੰਧੇਰੇ ਨਾਸ਼ ਹੋ ਜਾਂਦਾ ਹੈ। ਭਾਵ ਬ੍ਰਹਮ ਗਿਆਨ ਦੇ ਪ੍ਰਕਾਸ਼ ਕਰਕੇ ਅੰਤਸ਼ਕਰਣ ਵਿੱਚੋਂ ਸੰਪੂਰਨ ਅਗਿਆਨ ਖਤਮ ਹੋ ਜਾਂਦਾ ਹੈ।

**ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**
**'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋ ਅੰਸੂ॥੪੭॥**

## ਅਧਿਆਇ ੪੮

# ਬ੍ਰਹਮ ਗਿਆਨ ਉਪਦੇਸ਼

## ਨਿੱਧਿਜਾਸਨ

**ਦੋਹਰਾ: ਕਰਤਿ ਮਨਨ ਨੀਕੀ ਬਿਧਿਨ ਪੁਨ ਨਿਧਿਜਾਸਨ ਹੋਤਿ।**

**ਰਾਤ ਦਿਨਸ ਅੱਭਜਾਸ ਤੇ ਪੁਨ ਸੱਖਜਾਤ ਉਦੋਤ।੧।**

ਬਹੁਤ ਜ਼ਿਆਦਾ ਲਗਨ ਦੇ ਨਾਲ ਗੁਰੂ ਉਪਦੇਸ਼ ਨੂੰ ਕਮਾਉਣਾ ਫਿਰ ਉਸ ਦੇ ਮੰਨਣ ਕਰਨ ਦੇ ਨਾਲ ਨਿਧਿਆਸਣ ਹੁੰਦਾ ਹੈ। ਇਸ ਪ੍ਰਕਾਰ ਦਿਨ ਰਾਤ ਦੇ ਅਭਿਆਸ ਨਾਲ ਸਾਖਜਾਤ-ਸਰੂਪ ਗਿਆਨ ਪ੍ਰਤੱਖ ਰੂਪ ਵਿੱਚ ਉਦੋਤ-ਪ੍ਰਗਟ ਹੁੰਦਾ ਹੈ।

**ਚੌਪਈ: ਸੁਨਿਯਹਿ ਨਿਧਜਾਸਨ ਕੋ ਲੱਛਨ। ਜਿਮ ਭਾਖਤਿ ਹੈਂ ਸੰਤ ਬਿਚੱਛਨ।**

ਹੁਣ ਨਿਧਿਆਸਣ ਦਾ ਲੱਛਣ ਦੱਸਦੇ ਹਾਂ ਜਿਵੇਂ ਉੱਤਮ ਮਹਾਂਪੁਰਖ ਲੋਕ ਦੱਸਦੇ ਹਨ। ਇਸ ਨਿਧਿਆਸਣ ਦੇ ਲੱਛਣ ਨੂੰ ਧਿਆਨ ਨਾਲ ਸੁਣੋ।

**ਦੇਹਾਦਿਕ ਪ੍ਰਤੀਤ ਕਰਿ ਜੋਇ।ਖੰਡੀ ਜਾਇ ਨ ਕਿਸ ਤੇ ਸੋਇ।੨।**

ਜਿਹੜੀ ਬਿਰਤੀ, ਦੇਹ ਆਦਿਕਾਂ ਨੂੰ ਵਿਸ਼ੇ ਕਰਦੀ ਹੈ ਅਥਵਾ ਇਹਨਾਂ ਨੂੰ ਅਨੁਭਵ ਕਰਦੀ ਹੈ, ਉਹ ਬਿਰਤੀ ਕਿਸੇ ਦੁਆਰਾ ਵੀ ਖੰਡੀ ਨਹੀਂ ਜਾ ਸਕਦੀ ਭਾਵ ਉਸ ਦਾ ਖੰਡਨ ਨਹੀਂ ਕੀਤਾ ਜਾ ਸਕਦਾ ਅਥਵਾ ਉਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

**ਬ੍ਰਿਤਿ ਸਰੂਪ ਅੱਭਜਾਸਨ ਭਈ। ਕਿਸ ਤੇ ਨਸ਼ਟ ਹੋਤਿ ਨਹਿਂ ਜੁਈ।**

ਤੇ ਉਹੀ ਬਿਰਤੀ ਜਦੋਂ ਸਰੂਪ ਦੀ ਅਭਿਆਸਣ ਹੋ ਜਾਵੇ ਭਾਵ- ਦੇਹ ਆਦਿਕਾਂ ਨੂੰ ਵਿਸ਼ੇ ਕਰਨ ਵਾਲੀ ਬਿਰਤੀ ਜਦੋਂ ਆਤਮ ਸਰੂਪ ਪ੍ਰਾਇਣ ਹੋ ਜਾਵੇ, ਆਪਣੇ ਸਰੂਪ ਚਿੰਤਨ ਦੀ ਅਭਿਆਸਣ ਹੋ ਜਾਵੇ, ਐਸੀ ਜੋ ਬਿਰਤੀ ਹੈ ਉਸਨੂੰ ਕੋਈ ਨਸ਼ਟ ਨਹੀਂ ਕਰ ਸਕਦਾ ਭਾਵ ਸਰੂਪ ਵੱਲੋਂ ਮੋੜ ਕੇ, ਵਿਸ਼ਿਆਂ ਵੱਲ ਪ੍ਰਵਿਰਤ ਨਹੀਂ ਕਰ ਸਕਦਾ।

**ਮੋਹ ਆਦਿਕ ਜੋ ਅਖਿਲ ਵਿਕਾਰ। ਇਨ ਬਿਘਨਨਿ ਤੇ ਰਹਿ ਇਕ ਸਾਰ।੩।**

ਕਾਮ, ਕ੍ਰੋਧ, ਲੋਭ, ਮੋਹ ਆਦਿਕ ਜਿੰਨੇ ਵੀ ਵਿਕਾਰ ਹਨ। ਇਹ ਬਿਕਾਰ ਹੀ ਬਿਰਤੀ ਦੇ ਟਿਕਾਅ ਵਿੱਚ ਵੱਡੇ ਬਿਘਨ ਪਾਉਣ ਵਾਲੇ ਹਨ। ਇਹਨਾਂ ਬਿਘਨਾਂ ਦੇ ਪ੍ਰਭਾਵ ਤੋਂ ਰਹਿਤ ਹੋ ਕੇ, ਇਹ ਬਿਰਤੀ ਸਦਾ ਇਕ ਰਸ ਬਣੀ ਰਹਿੰਦੀ ਹੈ ਅਥਵਾ ਮੋਹ ਅਦਿਕ ਵਿਕਾਰਾਂ ਕਰਕੇ ਜਿੰਨੇ ਵੀ ਬਿਘਨ ਸਰੂਪ ਚਿੰਤਨ ਦੇ ਅਭਿਆਸ ਵਿੱਚ ਰੁਕਾਵਟ ਬਣਦੇ ਹਨ। ਇਹ

ਬਿਰਤੀ ਉਹਨਾਂ ਸਾਰੇ ਬਿਘਨਾਂ ਕਰਕੇ ਖਿੰਡਦੀ ਨਹੀਂ ਸਗੋਂ ਇਕ ਰਸ ਟਿਕੀ ਰਹਿੰਦੀ ਹੈ।

**ਸਤਿ ਸੰਤੋਖ ਆਦਿ ਗੁਨ ਪਾਇ। ਬ੍ਰਹਮ ਬਿਖੈ ਬ੍ਰਿਤਿ ਲਾਗਤਿ ਜਾਇ।**

ਇਹ ਅੰਤਰਮੁਖੀ ਹੋਈ ਬਿਰਤੀ ਸਤ, ਸੰਤੋਖ, ਦਇਆ, ਧਰਮ ਆਦਿ ਦੈਵੀ ਗੁਣ ਹਿਰਦੇ ਵਿੱਚ ਪ੍ਰਾਪਤ ਕਰਕੇ, ਬ੍ਰਹਮ ਚਿੰਤਨ ਵਿੱਚ ਲਗਦੀ ਜਾਂਦੀ ਹੈ ਭਾਵ ਜਿਵੇਂ-ਜਿਵੇਂ ਬਿਰਤੀ ਸਰੂਪ ਦਾ ਚਿੰਤਨ ਕਰਦੀ ਹੈ, ਉਵੇਂ-ਉਵੇਂ ਬਿਰਤੀ ਦੀ ਇਕਾਗਰਤਾ ਵਧਦੀ ਜਾਂਦੀ ਹੈ। ਹਿਰਦੇ ਵਿੱਚ ਸ਼ੁਭ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਬਿਰਤੀ ਜ਼ਿਆਦਾ ਸਮਾਂ ਬ੍ਰਹਮ ਪ੍ਰਾਇਣ ਰਹਿਣੀ ਸ਼ੁਰੂ ਹੋ ਜਾਂਦੀ ਹੈ।

**ਅਲਖ ਲਖਨ ਕੇ ਹਿਤ ਅਨੁਰਾਗੀ। ਪ੍ਰਥਮ ਲਖਯੋ ਤਿਸ ਤੇ ਹੁਇ ਤਜਾਗੀ।੪।**

ਜੋ ਜਾਣਨ ਤੋਂ ਰਹਿਤ ਵਸਤੂ ਹੈ, ਉਸ ਬ੍ਰਹਮ ਨੂੰ ਜਾਣਨ ਲਈ ਭਾਵ ਆਪਣੇ ਆਤਮ ਸਰੂਪ ਨੂੰ ਜਾਣਨ ਲਈ ਇਹ ਬਿਰਤੀ ਹਰ ਸਮੇਂ ਵੈਰਾਗੀ ਰਹਿਣ ਲੱਗ ਪੈਂਦੀ ਹੈ। ਜਿਹੜੇ ਪ੍ਰਪੰਚ ਨੂੰ ਇਹ ਪਹਿਲਾਂ ਜਾਣ ਚੁੱਕੀ ਹੈ, ਉਸ ਨੂੰ ਤੁੱਛ ਜਾਣ ਕੇ ਤਿਆਗ ਦਿੰਦੀ ਹੈ।

ਸ਼ੰਕਾ: ਲੇਕਿਨ ਆਪਣੇ ਆਤਮ ਸਰੂਪ ਨੂੰ ਇਹ ਬਿਰਤੀ ਕਿਸ ਪ੍ਰਕਾਰ ਜਾਣ ਸਕਦੀ ਹੈ?

**ਸਮਾਧਾਨ: ਕਾਰਨ ਕਾਰਜ ਇਕਤਾ ਕਰਨੀ।ਜਲ ਤਰੰਗ ਕੀ ਰੀਤੀ ਬਰਨੀ।**

ਕਾਰਨ ਬ੍ਰਹਮ ਹੈ ਕਾਰਜ ਜਗਤ ਰੂਪ ਪ੍ਰਪੰਚ ਹੈ।ਇਸ ਕਾਰਨ ਅਤੇ ਕਾਰਜ ਦੀ ਏਕਤਾ ਦਾ ਗਿਆਨ ਕਰਨ ਲਈ ਜਲ ਤਰੰਗਾਂ ਦੀ ਰੀਤੀ ਮਹਾਂਪੁਰਖ ਲੋਕਾਂ ਨੇ ਕਥਨ ਕੀਤੀ ਹੈ ਭਾਵ ਜਲ ਅਤੇ ਤਰੰਗਾਂ ਅਲੱਗ-ਅਲੱਗ ਨਹੀਂ ਹਨ। ਜਿਵੇਂ ਪਾਣੀ ਤੋਂ ਭਿੰਨ ਤਰੰਗਾਂ ਦੀ ਆਪਣੀ ਕੋਈ ਸੱਤਾ ਨਹੀਂ ਹੈ, ਬ੍ਰਹਮ ਅਤੇ ਜਗਤ ਨੂੰ ਵੀ ਇਸੇ ਤਰ੍ਹਾਂ ਹੀ ਜਾਣੋ। ਬ੍ਰਹਮ ਤੋਂ ਭਿੰਨ ਜਗਤ ਦੀ ਵੀ ਕੋਈ ਆਪਣੀ ਸੱਤਾ ਨਹੀਂ ਹੈ ਭਾਵ ਬ੍ਰਹਮ ਦੀ ਸੱਤਾ ਤੋਂ ਬਿਨਾਂ ਜਗਤ ਹੋ ਹੀ ਨਹੀਂ ਸਕਦਾ।

**ਆਦਿ ਉਕਾਰ ਬਰਣ ਜੇ ਨਾਨਾ।ਮੱਸੂ ਬਿਨਾ ਨਹੀਂ ਕੁਛ ਆਨਾ।੫।**

ਜਿਸ ਪ੍ਰਕਾਰ ਸਿਆਹੀ ਤੋਂ ਬਿਨਾਂ ਕਿਸੇ ਵੀ ਭਾਸ਼ਾ ਦੇ ਅਨੇਕ ਅੱਖਰ ਕੁੱਝ ਵੀ ਨਹੀਂ ਭਾਵ ਸਿਆਹੀ ਤੋਂ ਬਿਨਾਂ ਅੱਖਰਾਂ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ ਉਸੇ ਤਰ੍ਹਾਂ ਬ੍ਰਹਮ ਸੱਤਾ ਤੋਂ ਬਿਨਾਂ ਜਗਤ ਦੀ ਆਪਣੀ ਕੋਈ ਹੋਂਦ ਨਹੀਂ ਹੁੰਦੀ। ਇਸ ਪ੍ਰਕਾਰ ਜਗਤ ਵਿੱਚ ਚੇਤਨ ਸੱਤਾ ਦੀ ਵਿਆਪਕਤਾ ਨੂੰ ਦੇਖਦੇ ਹੋਏ ਦੋਹਾਂ ਦੀ ਏਕਤਾ ਕਰਨੀ।

**ਅੰਤਹਿ ਕਰਣ ਬ੍ਰਿਤਿ ਉਠਿ ਜਬੈ।ਹ੍ਵੈ ਅਨਸੂਤ ਚਿੰਤਨ ਕੇ ਤਬੈ।**

ਜਦੋਂ ਅੰਤਸ਼ਕਰਣ ਵਿੱਚੋਂ ਬਿਰਤੀ ਉੱਠਦੀ ਹੈ। ਉਦੋਂ ਉਸ ਬਿਰਤੀ ਵਿੱਚ ਚੇਤਨ ਅਨੁਸੂਤ-ਸਮਾਇਆ ਹੋਇਆ ਹੁੰਦਾ ਹੈ। ਇਸੇ ਨੂੰ ਹੀ ਬਿਰਤੀ ਉਪਹਿਤ ਚੇਤਨ ਕਹਿੰਦੇ ਹਨ।

**ਨਿਕਸੀ ਬਾਹਿਰ ਲੋਚਨ ਦੁਆਰੇ।ਗੇਯ ਪਦਾਰਥ ਆਗੇ ਸਾਰੇ।੬।**

ਉਹ ਅੰਤਸ਼ਕਰਣ ਦੀ ਬਿਰਤੀ ਜਦੋਂ ਨੇਤ੍ਰਾਂ ਦੁਆਰੇ ਬਾਹਰ ਗਮਨ ਕਰਦੀ ਹੈ। ਬਾਹਰ ਜਿੰਨੇ ਵੀ ਜਾਣਨੇ ਯੋਗ ਪਦਾਰਥ ਹਨ।

**ਤਦਾਕਾਰ ਤਿਨ ਕੇ ਸੰਗ ਹੋਇ।ਪ੍ਰਾਪਤਿ ਗਜਾਨ ਤਬਹਿ ਤਿਹ ਸੋਇ।**

ਉਹਨਾਂ ਪਦਾਰਥਾਂ ਦੇ ਨਾਲ ਬਿਰਤੀ ਇਕਮਿਕ ਹੋ ਜਾਂਦੀ ਹੈ ਭਾਵ ਪਦਾਰਥਾਕਾਰ ਹੋ ਜਾਂਦੀ ਹੈ ਉਸ ਵੇਲੇ ਬਿਰਤੀ ਰਾਹੀਂ ਅੰਤਸ਼ਕਰਣ ਨੂੰ ਉਹਨਾਂ ਪਦਾਰਥਾਂ ਦਾ ਗਿਆਨ ਹੁੰਦਾ ਹੈ।

**ਬ੍ਰਿਤ ਅਵਛਿੰਨ ਚਿਤ ਘਟ ਅਵਛਿਨ ਚਿਤ॥ਦੋਨਹੁਂ ਕੇ ਅਵਰਨ ਸੰਘਾਰ ਕਿਤ॥੭॥**

ਬਿਰਤੀ ਉਪਹਿਤ ਚੇਤਨ ਅਤੇ ਘਟ ਉਪਹਿਤ ਚੇਤਨ ਜਦੋਂ ਇਹ ਦੋਵੇਂ ਚੇਤਨ ਇਕੱਠੇ ਹੁੰਦੇ ਹਨ ਤਾਂ ਇਹਨਾਂ ਦੋਵਾਂ ਵਿੱਚ ਜੋ ਆਵਰਨ ਸੀ, ਉਹ ਖਤਮ ਹੋ ਜਾਂਦਾ ਹੈ।

**ਭਾਵ ਅਰਥ**

ਬਿਰਤੀ ਸਥਿਤ ਚੇਤਨ ਤੋਂ ਭਾਵ ਹੈ ਉਹ ਚੇਤਨ ਜੋ ਬਿਰਤੀ ਵਿੱਚ ਮਿਲਿਆ ਹੋਇਆ ਹੁੰਦਾ ਹੈ। ਘਟ ਸਥਿਤ ਜਾਂ ਉਪਹਿਤ ਚੇਤਨ ਤੋਂ ਭਾਵ ਹੈ। ਉਹ ਚੇਤਨ ਹੈ ਜਿਹੜਾ ਘੜੇ ਜਾਂ ਕਿਸੇ ਵੀ ਪਦਾਰਥ ਦੇ ਨਾਲ ਮਿਲਿਆ ਹੋਇਆ ਹੁੰਦਾ ਹੈ। ਜਦੋਂ ਅੰਤਸ਼ਕਰਣ ਦੀ ਬਿਰਤੀ ਉਸ ਪਦਾਰਥ ਜਾਂ ਘੜੇ ਤੱਕ ਪਹੁੰਚਦੀ ਹੈ ਤਾਂ ਉਹ ਦੋਵੇਂ ਚੇਤਨ ਇਕ ਹੋ ਜਾਂਦੇ ਹਨ ਅਤੇ ਦੋਵਾਂ ਵਿੱਚ ਜੋ ਪੜਦਾ ਸੀ ਉਹ ਖਤਮ ਹੋ ਜਾਂਦਾ ਹੈ।

**ਜਬਿ ਇਕਤਾ ਕੋ ਪ੍ਰਾਪਤ ਹੋਇ। ਬਿਖੈ ਅਨੇਕ ਗਜਾਨ ਲਹਿ ਸੋਇ।**

ਜਦੋਂ ਬਿਰਤੀ ਉਪਹਿਤ ਚੇਤਨ ਅਤੇ ਘਟ ਉਪਹਿਤ ਚੇਤਨ ਇਕੱਠੇ ਹੁੰਦੇ ਹਨ ਤਾਂ ਉਹ ਬਿਰਤੀ ਅਨੇਕ ਹੀ ਵਿਸ਼ਿਆਂ ਦਾ ਗਿਆਨ ਪ੍ਰਾਪਤ ਕਰਦੀ ਹੈ।

**ਭਾਵ ਅਰਥ**

ਬਿਰਤੀ ਜਿਸ-ਜਿਸ ਪਦਾਰਥ ਤੱਕ ਪਹੁੰਚਦੀ ਰਹਿੰਦੀ ਹੈ, ਉਸ-ਉਸ ਪਦਾਰਥ ਦਾ ਗਿਆਨ ਪ੍ਰਾਪਤੀ ਕਰਦੀ ਜਾਂਦੀ ਹੈ, ਇਸ ਤਰ੍ਹਾਂ ਅਨੇਕ ਵਿਸ਼ਿਆਂ ਦਾ ਗਿਆਨ ਪ੍ਰਾਪਤ ਕਰਦੀ ਹੈ।

**ਤ੍ਰਿਪੁਟੀ ਗਜਾਤਾ ਗੇਯ ਰੁ ਗਜਾਨ। ਮਿਲਤੋ ਬ੍ਰਹਮ ਸਭਿ ਬਿਖੈ ਸਮਾਨ।੮।**

ਗਿਆਤਾ,ਗਿਆਨ, ਗੇਯ ਰੂਪ ਜੋ ਤ੍ਰਿਪੁਟੀ ਹੈ। ਗਿਆਤਾ ਜਾਣਨ ਵਾਲਾ ਅਤੇ ਗਿਆਨ ਦੇ ਦੁਆਰਾ ਗੇਯ-ਪਦਾਰਥ ਜੋ ਹੈ, ਉਸ ਨੂੰ ਜਾਣਦਾ ਹੈ। ਇਹਨਾਂ ਤਿੰਨਾਂ ਦੇ ਵਿੱਚ ਬ੍ਰਹਮ-ਚੇਤਨ ਇਕ ਰਸ ਵਿਆਪਕ ਹੈ ਭਾਵ ਮਿਲਿਆ ਹੋਇਆ ਹੈ।

**ਜਥਾਤਾਲ ਮਹਿਂ ਨੀਰ ਬਿਸਾਲਾ। ਕੂਲ ਕੇ ਦ੍ਵਾਰਾ ਹ੍ਵੈ ਕਰਿ ਚਾਲਾ।**

**ਕਜਾਰੀ ਰੂਪ ਬਨਹਿ ਸੋ ਜਾਇ । ਤੀਨਹੁ ਮਹਿਂ ਅਕਾਸ਼ ਇਕ ਭਾਇ।੯।**

ਜਿਵੇਂ ਤਲਾਬ ਵਿੱਚ ਬਹੁਤ ਜ਼ਿਆਦਾ ਪਾਣੀ ਇਕੱਠਾ ਹੋ ਜਾਂਦਾ ਹੈ। ਉਹ ਪਾਣੀ ਕੂਲ-ਦੋ ਕਿਨਾਰਿਆਂ ਵਾਲੀ ਨਾਲੀ ਅਥਵਾ ਖਾਲ ਦੇ ਰਾਹੀਂ ਬਾਹਰ ਨਿਕਲ ਕੇ, ਕਿਸੇ ਕਿਆਰੀ ਵਿੱਚ ਪੈ ਕੇ ਕਿਆਰੀ ਦਾ ਆਕਾਰ ਹੀ ਲੈ ਲੈਂਦਾ ਹੈ ਭਾਵ ਕਿਆਰੀ ਰੂਪ ਹੀ ਬਣ ਜਾਂਦਾ ਹੈ। ਲੇਕਿਨ ਤਲਾਬ ਕੂਲ ਅਤੇ ਕਿਆਰੀ ਇਹਨਾਂ ਤਿੰਨਾਂ ਵਿੱਚ ਅਕਾਸ਼ ਇਕ ਰਸ ਹੀ

ਵਿਆਪਕ ਹੁੰਦਾ ਹੈ।

**ਤਾਲ, ਕੂਲ, ਕਿਜਾਰੀ ਮੈਂ ਨਭ ਹੈ। ਤਿਮ ਤ੍ਰਿਪੁਟੀ ਮਹਿਂ ਬ੍ਰਹਮ ਸੁ ਲਭ ਹੈ।**
**ਬਜਾਪਕ ਹੈ ਆਕਸ਼ ਕੀ ਨਜਾਇ। ਸਭਿਨਿ ਪ੍ਰਕਾਸ਼ਹਿ ਸਭਿਨੀ ਥਾਂਇ।੧੦।**

ਜਿਸ ਪ੍ਰਕਾਰ ਤਲਾਬ, ਖਾਲ ਅਤੇ ਕਿਆਰੀ ਵਿੱਚ ਆਕਾਸ਼ ਇਕ ਸਮਾਨ ਵਿਆਪਕ ਹੈ, ਉਸੇ ਤਰ੍ਹਾਂ ਆਕਾਸ਼ ਵਾਂਗ ਹੀ ਗਯਾਤਾ, ਗਯਾਨ, ਗੇਯ ਰੂਪ ਤ੍ਰਿਪੁਟੀ ਵਿੱਚ ਬ੍ਰਹਮ ਇਕ ਰਸ ਵਿਆਪਕ ਹੈ ਭਾਵ ਮਿਲਿਆ ਹੋਇਆ ਹੈ। ਉਹ ਚੇਤਨ ਹੀ ਆਕਾਸ਼ ਵਾਂਗ ਵਿਆਪਕ ਹੋ ਕੇ, ਸਾਰਿਆਂ ਪਦਾਰਥਾਂ ਨੂੰ ਅਥਵਾ ਸਾਰੀਆਂ ਤ੍ਰਿਪੁਟੀਆਂ ਨੂੰ ਸਭ ਥਾਵਾਂ ਤੇ ਵਿਆਪਕ ਹੋ ਕੇ ਪ੍ਰਕਾਸ਼ ਕਰਦਾ ਹੈ।

**ਅੰਤਹਿ ਕਰਣ ਬ੍ਰਿਤਿ ਇਸ ਕੇਰ। ਅਹੈ ਪ੍ਰਕਾਸ਼ਕ ਦੁਹਨ ਬਡੇਰ ।**

ਅੰਤਸ਼ਕਰਣ ਅਤੇ ਅੰਤਸ਼ਕਰਣ ਦੀ ਬਿਰਤੀ ਇਹਨਾਂ ਦੋਹਾਂ ਦਾ ਚੇਤਨ ਹੀ ਪ੍ਰਕਾਸ਼ਕ ਹੈ ।

**ਭਾਵ ਅਰਥ**

ਅੰਤਸ਼ਕਰਣ ਅਤੇ ਬਿਰਤੀ ਇਹ ਦੋਵੇਂ ਚੇਤਨ ਤੋਂ ਸੱਤਾ ਪ੍ਰਾਪਤ ਕਰਕੇ ਹੀ ਹਰਕਤ ਵਿੱਚ ਆਉਂਦੇ ਹਨ, ਇਹਨਾਂ ਵਿੱਚ ਖੁਦ ਆਪਣੀ ਕੋਈ ਸੱਤਾ ਨਹੀਂ ਹੁੰਦੀ, ਇਸ ਕਰਕੇ ਇਥੇ ਅੰਤਸ਼ਕਰਣ ਅਤੇ ਬਿਰਤੀ ਦੋਹਾਂ ਦਾ ਪ੍ਰਕਾਸ਼ਕ ਆਤਮਾ ਹੀ ਹੈ ਇਸ ਪ੍ਰਕਾਰ ਕਿਹਾ ਗਿਆ ਹੈ।

**ਅਹੰਬ੍ਰਿਤਾਦਿ ਬਿਨਾਂ ਕਿਸ ਕੋਇ ਨ। ਆਤਮ ਕੋ ਪ੍ਰਕਾਸ਼ ਸਿਧੈ ਹੋਇ ਨ।੧੧।**

ਅਹੰ ਭਾਵ ਵਾਲੀ ਬਿਰਤੀ ਤੋਂ ਬਿਨਾਂ ਉਥੇ ਕਿਸੇ ਨੂੰ ਹੋਰ ਕੁਝ ਅਨੁਭਵ ਨਹੀਂ ਹੁੰਦਾ ਤੇ ਆਤਮਾ ਨੂੰ ਪ੍ਰਕਾਸ਼ ਕਰਨ ਵਾਲਾ ਕੋਈ ਹੋਰ ਸਿੱਧ ਨਹੀਂ ਹੁੰਦਾ ਭਾਵ ਕਿ ਕੋਈ ਆਤਮਾ ਨੂੰ ਪ੍ਰਕਾਸ਼ ਕਰਦਾ ਹੋਵੇ, ਇਸ ਤਰ੍ਹਾਂ ਕਿਸੇ ਵੀ ਸਿਧਾਂਤ ਅਨੁਸਾਰ ਸਿੱਧ ਨਹੀਂ ਹੁੰਦਾ।

**ਭਾਵ ਅਰਥ**

ਪਿਛਲੀਆਂ ਦੋ ਪੰਕਤੀਆਂ ਵਿੱਚ ਅੰਤਸ਼ਕਰਣ ਅਤੇ ਅੰਤਸ਼ਕਰਣ ਦੀਆਂ ਬਿਰਤੀਆਂ ਦਾ ਪ੍ਰਕਾਸ਼ਕ ਚੇਤਨ ਹੀ ਕਿਹਾ ਗਿਆ ਹੈ। ਇੱਥੇ ਉਹ ਗੱਲ ਸਿੱਧ ਕਰਨ ਲਈ ਹੀ ਇਹ ਕਿਹਾ ਗਿਆ ਹੈ ਕਿ ਅੰਤਸ਼ਕਰਣ ਦੀ ਬਿਰਤੀ ਤੋਂ ਬਿਨ੍ਹਾਂ ਅੰਤਸ਼ਕਰਣ ਵਿੱਚ ਕੁਝ ਹੋਰ ਅਨੁਭਵ ਨਹੀਂ ਹੁੰਦਾ ਭਾਵ ਬਿਰਤੀ ਨੂੰ ਵਿਸ਼ੇ ਦਾ ਗਿਆਨ ਕਰਾਉਣ ਵਾਲਾ ਅਥਵਾ ਪ੍ਰਕਾਸ਼ ਕਰਨ ਵਾਲਾ ਆਤਮਾ ਤੋਂ ਬਿਨਾਂ ਕੋਈ ਹੋਰ ਅਨੁਭਵ ਦੁਆਰਾ ਮੰਨਣ ਵਿੱਚ ਨਹੀਂ ਆਉਂਦਾ ਤੇ ਆਤਮਾ ਨੂੰ ਕੋਈ ਪ੍ਰਕਾਸ਼ ਕਰੇ ਅਥਵਾ ਬਿਰਤੀ ਪ੍ਰਕਾਸ਼ ਕਰੇ ।ਇਸ ਤਰ੍ਹਾਂ ਕਿਸੇ ਵੀ ਪ੍ਰਮਾਣ ਜਾਂ ਅਨੁਭਵ ਦੁਆਰਾ ਸਿੱਧ ਨਹੀਂ ਹੋ ਸਕਦਾ

**ਅਹੰਬ੍ਰਿਤਾਦਿ ਜੁਗਤ ਚਿਤ ਹੋਇ। ਤਬਹਿ ਪ੍ਰਕਾਸ਼ ਹੋਤਿ ਹੈ ਸੋਇ ।**

ਜਦੋ ਮੈਂ ਭਾਵ ਵਾਲੀ ਬਿਰਤੀ ਚੇਤਨ ਦੇ ਅਭਾਸ ਸਹਿਤ ਹੁੰਦੀ ਹੈ, ਫਿਰ ਹੀ (ਉਸ) ਬਿਰਤੀ ਨੂੰ ਵਿਸ਼ੇ ਦਾ ਗਿਆਨ ਹੁੰਦਾ ਹੈ।

**ਬਜਾਪਕ ਅਪਰ ਪ੍ਰਕਾਸ਼ਕ ਭਾਵ। ਵਾਸਤਵ ਬ੍ਰਹਮ ਮਹਿਂ ਨਹੀਂ ਲਖਾਵ।੧੨।**

ਇਕ ਵਿਆਪਕਪੁਣਾ ਅਤੇ ਦੂਜਾ ਪ੍ਰਕਾਸ਼ਕ ਪੁਣਾ ਹੈ। ਇਹ ਦੋਵੇਂ ਅਸਲੀਅਤ ਵਿੱਚ ਬ੍ਰਹਮ ਦੇ ਸਰੂਪ ਵਿੱਚ ਨਹੀਂ ਜਾਣੇ ਜਾਂਦੇ ਅਥਵਾ ਜੋ ਪ੍ਰਪੰਚ ਵਿੱਚ ਵਿਆਪਕਤਾ ਦੀ ਦ੍ਰਿਸ਼ਟੀ ਤੋਂ ਵਿਆਪਕ ਪੁਣਾ ਪ੍ਰਤੀਤ ਹੁੰਦਾ ਹੈ ਅਤੇ ਜੋ ਪ੍ਰਪੰਚ ਨੂੰ ਪ੍ਰਕਾਸ਼ ਕਰਨ ਕਰਕੇ ਪ੍ਰਕਾਸ਼ਕ ਪੁਣਾ ਪ੍ਰਤੀਤ ਹੁੰਦਾ ਹੈ। ਇਹ ਦੋਵੇਂ ਹੀ ਵਾਸਤਵ ਵਿੱਚ ਬ੍ਰਹਮ ਦੇ ਸਰੂਪ ਵਿੱਚ ਨਹੀਂ ਹਨ।

**ਵਾਸਤਵ ਆਤਮ ਤਤ ਨਿਰੰਕਾਰ।ਨਿਰਵਿਕਲਪ ਅਰੁ ਬਿਨਾ ਵਿਕਾਰ।**

ਅਸਲ ਵਿੱਚ ਤਾਂ ਜੋ ਆਤਮ ਤੱਤ ਹੈ ਉਹ ਅਕਾਰ ਰਹਿਤ ਹੈ, ਵਿਕਲਪ ਰਹਿਤ ਹੈ ਅਤੇ ਵਿਕਾਰ ਰਹਿਤ ਹੈ। ਅਥਵਾ ਵਾਸਤਵ ਤਾਂ ਆਤਮ ਤੱਤ ਹੀ ਹੈ, ਜੋ ਅਕਾਰ ਰਹਿਤ ਹੈ। ਵਿਕਲਪ ਮਾਇਆ ਅਥਵਾ ਪ੍ਰਪੰਚ ਤੋਂ ਵੀ ਰਹਿਤ ਹੈ ਅਤੇ ਕਿਸੇ ਪ੍ਰਕਾਰ ਦਾ ਵਿਕਾਰ-ਬਦਲਾਅ ਵੀ ਉਸ ਆਤਮ ਤੱਤ ਵਿੱਚ ਨਹੀਂ ਹੈ।

**ਅਹੰ ਅਹੰ ਕੀ ਬ੍ਰਿਤੀ ਜੁ ਸਬੈ। ਹੋਇ ਸਬੰਧ ਤਦਾਤਮ ਜਬੈ।੧੩।**

ਮੈਂ ਭਾਵ ਵਾਲੀਆਂ ਜਿੰਨੀਆਂ ਵੀ ਬਿਰਤੀਆਂ ਹਨ। ਜਦੋਂ ਇਹ ਚੇਤਨ ਦੇ ਅਭਾਸ਼ ਸਹਿਤ ਹੁੰਦੀਆਂ ਹਨ, ਉਸ ਵੇਲੇ ਇਹਨਾਂ ਦਾ ਚੇਤਨ ਦੇ ਨਾਲ ਤਦਾਤਮ ਸੰਬੰਧ ਹੁੰਦਾ ਹੈ।

**ਜਥਾ ਲੋਹੇ ਕੇ ਗੋਲੇ ਸੰਗ।ਅਗਨਿ ਤਦਾਤਮ ਹੁਇ ਇਕ ਰੰਗ ।**

**ਪਾਇ ਅਗਨਿ ਕੇ ਗੁਨ ਕੋ ਲੋਹਾ ।ਤ੍ਰਿਣ ਆਦਿਕ ਕੋ ਦਾਹਿਤ ਓਹਾ।੧੪।**

ਜਿਵੇਂ ਲੋਹੇ ਦਾ ਗੋਲਾ ਅਗਨੀ ਦਾ ਸੰਗ ਕਰਕੇ, ਅਗਨੀ ਦੇ ਤੇਜ ਗੁਣ ਦੇ ਸਹਿਤ ਹੋ ਜਾਂਦਾ ਹੈ ਭਾਵ ਲੋਹਾ ਤੇ ਅਗਨੀ ਇਕ ਰੂਪ ਹੋ ਜਾਂਦੇ ਹਨ। ਅਗਨੀ ਦੇ ਤੇਜ ਗੁਣ ਨੂੰ ਪਾ ਕੇ, ਉਹੀ ਲੋਹਾ ਘਾਹ ਫੂਸ ਆਦਿਕਾਂ ਨੂੰ ਸਾੜ ਦਿੰਦਾ ਹੈ। ਲੋਹੇ ਦਾ ਉਸ ਸਮੇਂ ਅੱਗ ਨਾਲ ਤਦਾਤਮ ਸੰਬੰਧ ਹੁੰਦਾ ਹੈ।

**ਆਤਮ ਅਹੰ ਸਬੰਧ ਕੋ ਪਾਇ।ਬਜਾਪਕ ਅਪਰ ਪ੍ਰਕਾਸ਼ਕ ਤਾਇ।**

ਜਦੋਂ ਬਿਰਤੀ ਦਾ ਆਤਮਾ ਨਾਲ ਤਦਾਤਮ ਸੰਬੰਧ ਹੁੰਦਾ ਹੈ, ਉਦੋਂ ਬਿਰਤੀ 'ਚ ਅਰੂੜ ਚੇਤਨ ਬਿਰਤੀ ਨੂੰ ਪ੍ਰਕਾਸ਼ ਕਰਦਾ ਹੈ, ਅਰਥਾਤ ਬਿਰਤੀ ਵਿੱਚ ਵਿਆਪਕ ਹੋ ਕੇ, ਬਿਰਤੀ ਨੂੰ ਪ੍ਰਕਾਸ਼ ਕਰਦਾ ਹੈ। ਬਿਰਤੀ ਅਥਵਾ ਪ੍ਰਪੰਚ ਵਿੱਚ ਵਿਆਪਕ ਹੋ ਕੇ ਪ੍ਰਕਾਸ਼ ਕਰਨ ਕਰਕੇ ਬ੍ਰਹਮ ਵਿੱਚ ਵਿਆਪਕ ਤੇ ਪ੍ਰਕਾਸ਼ਕ-ਪੁਣਾ ਪ੍ਰਤੀਤ ਹੁੰਦਾ ਹੈ, ਜੋ ਵਾਸਤਵ ਵਿੱਚ ਨਿਰਵਿਕਲਪ ਬ੍ਰਹਮ ਵਿੱਚ ਨਹੀਂ ਹੈ।

**ਇੱਤਜਾਦਿਕ ਨਿਤਪ੍ਰਤੀ ਬਿਚਾਰੈ।ਨਿੱਧਜਾਸਨ ਕੋ ਨੀਕੇ ਧਾਰੈ।੧੫।**

ਇਸ ਤਰ੍ਹਾਂ ਦੀ ਹਰ ਰੋਜ਼ ਵਿਚਾਰ ਕਰੇ ਇਸੇ ਨੂੰ ਹੀ ਨਿਧਿਆਸਣ ਕਿਹਾ ਜਾਂਦਾ ਹੈ। ਇਸ ਨਿਧਿਆਸਣ ਨੂੰ ਚੰਗੀ ਤਰ੍ਹਾਂ ਆਪਣੇ ਹਿਰਦੇ ਵਿੱਚ ਧਾਰਨ ਕਰੇ।

**ਤੀਨ ਸਰੀਰਨਿ ਤੇ ਮੈਂ ਨਜਾਰੋ। ਤੀਨ ਅਵਸਥਾ ਸਾਖੀ ਧਾਰੋ।**

ਤਿੰਨਾਂ ਸਰੀਰਾਂ ਤੋਂ ਮੈਂ ਨਿਆਰਾ ਹਾਂ ਅਤੇ ਤਿੰਨੇ ਹੀ ਅਵਸਥਾਵਾਂ ਦਾ ਮੈਂ ਸਾਖੀ-ਪ੍ਰਕਾਸ਼ਕ ਹਾਂ। ਇਸ ਪ੍ਰਕਾਰ ਨਿਸ਼ਚਾ

ਧਾਰਨ ਕਰੇ।

**ਨਿੱਤ ਸੁੱਧ ਹੈ ਗਜਾਨ ਸਰੂਪ।ਇਕ ਰਸ ਅਚਲ ਅਨੰਦ ਅਨੂਪ।੧੬।**

ਉਹ ਜਿਹੜਾ ਤਿੰਨੇ ਸਰੀਰਾਂ ਅਤੇ ਅਵਸਥਾਵਾਂ ਦਾ ਪ੍ਰਕਾਸ਼ਕ ਸਾਖੀ ਆਤਮਾ ਹੈ, ਉਹ ਗਿਆਨ ਸਰੂਪ ਹੈ ਨਿਤ ਹੈ ਅਤੇ ਸ਼ੁੱਧ-ਮਾਇਆ ਦੀ ਕਾਲਖ ਤੋਂ ਰਹਿਤ ਹੈ ਜੋ ਅਚੱਲ-ਕਦੇ ਚਲਾਇਮਾਨ ਨਹੀਂ ਹੁੰਦਾ, ਇਕ ਰਸ ਰਹਿੰਦਾ ਹੈ ਅਤੇ ਅਨੰਦ ਸਰੂਪ ਹੈ ਅਨੂਪ-ਉਸ ਦੀ ਉਪਮਾ ਕਥਨ ਨਹੀਂ ਕੀਤੀ ਜਾ ਸਕਦੀ।

**ਇਸ ਬਿਧਿ ਪ੍ਰੋਖ ਗਜਾਨ ਹੁਇ ਆਵੈ। ਤਨ ਅਭਿਮਾਨ ਖੀਨ ਹੁਇ ਜਾਵੈ।**

ਇਸ ਤਰ੍ਹਾਂ ਪ੍ਰੋਖ ਗਿਆਨ ਹੋ ਜਾਂਦਾ ਹੈ ਅਤੇ ਸਰੀਰ ਦਾ ਅਭਿਮਾਨ ਖਤਮ ਹੋ ਜਾਂਦਾ ਹੈ।

**ਅਰੁ ਜਬਿ ਮਨਨ ਨਿੱਧਜਾਸਨ ਦ੍ਵਾਰਾ।ਹੋਤਿ ਭਯੋ ਸੱਖਜਾਤ ਉਦਾਰਾ।੧੭।**

ਅਤੇ ਜਦੋਂ ਸ੍ਰਵਣ ਮੰਨਣ ਨਿਧਿਆਸਣ ਕਰਨ ਦੇ ਨਾਲ ਉਦਾਰਾ= ਗੁਰੂ ਕ੍ਰਿਪਾ ਦੇ ਨਾਲ ਸਾਖਯਾਤਕਾਰ ਹੋ ਜਾਂਦਾ ਹੈ।

**ਬ੍ਰਹਮਾਕਾਰ ਬ੍ਰਿੱਤਿ ਦ੍ਰਿੜ ਭਈ। ਮੂਲ ਅਵਿੱਦਜਾ ਛੈ ਹੁਇ ਗਈ।**

**ਤਨ ਅਭਿਮਾਨ ਕਹਾਂ ਪੁਨ ਰਹੈ।ਅਪਨ ਸਰੂਪ ਜਥਾਰਥ ਲਹੈ।੧੮।**

ਬ੍ਰਹਮਾਕਾਰ ਬਿਰਤੀ ਜਦੋਂ ਪ੍ਰਪੱਕ ਹੋ ਜਾਂਦੀ ਹੈ। ਉਦੋਂ ਜਨਮ ਮਰਨ ਆਦਿ ਦਾ ਮੂਲ ਕਾਰਨ ਅਵਿਦਿਆ ਨਾਸ਼ ਹੋ ਜਾਂਦੀ ਹੈ। ਸਰੀਰ ਦਾ ਅਭਿਮਾਨ ਫਿਰ ਕਿੱਥੇ ਰਹਿੰਦਾ ਹੈ? ਇਹ ਜੀਵ ਆਪਣੇ ਅਸਲ ਸਰੂਪ ਆਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

**ਉਰ ਸਿਮਰਣ ਆਤਮ ਵਿੱਗਜਾਨ।ਗਜਾਨ ਵਿੱਗਜਾਨ ਪ੍ਰਕਾਸ਼ ਮਹਾਨ।**

ਹਿਰਦੇ ਵਿੱਚ ਸਿਮਰਨ-ਚਿੰਤਨ ਅਥਵਾ ਨਿਧਿਆਸਣ ਕਰਨ ਦੇ ਨਾਲ, ਆਤਮ ਸਰੂਪ ਦਾ ਅਪ੍ਰੋਖ ਗਿਆਨ ਹੋ ਜਾਂਦਾ ਹੈ। ਗਿਆਨ-ਪ੍ਰੋਖ ਗਿਆਨ ਅਤੇ ਵਿਗਯਾਨ-ਅਪ੍ਰੋਖ ਗਿਆਨ ਮਹਾਨ ਵੱਡਾ ਅਥਵਾ ਪਰਮ ਪ੍ਰਕਾਸ਼ ਹੋ ਜਾਂਦਾ ਹੈ।

## ਛੇ ਪ੍ਰਮਾਣ ਚੱਲੇ

**ਖਟ ਪ੍ਰਮਾਣ ਕਰਿ ਲਹਜੋ ਪ੍ਰਕਾਸ਼।ਤਿਨ ਤੇ ਭਈ ਅਵਿੱਦਜਾ ਨਾਸ਼।੧੯।**

ਬਿਨਾਂ ਪ੍ਰਮਾਣ ਨਾ ਸਿਧਯਤੇ, ਛੇ ਪ੍ਰਮਾਣਾਂ ਕਰਕੇ ਸਰੂਪ ਸਿੱਧੀ ਰੂਪ ਆਤਮ ਗਿਆਨ ਪ੍ਰਾਪਤ ਕੀਤਾ ਹੈ। ਇਹਨਾਂ ਛੇ ਪ੍ਰਮਾਣਾਂ ਕਰਕੇ ਆਤਮ ਗਿਆਨ ਹੋਣ ਕਰਕੇ ਅਵਿੱਦਿਆ ਨਾਸ਼ ਹੋ ਗਈ ਹੈ।

**ਅਪਨ ਮੋਹ ਕਾਰਜ ਕਹੁ ਕਰਿਬੇ।ਨਹੀਂ ਅਵਿੱਦਜਾ ਸਮਰਥ ਧਰਿਬੇ।**

ਆਤਮ ਗਿਆਨ ਹੋਣ ਤੋਂ ਬਾਅਦ ਅਵਿੱਦਿਆ ਵਿੱਚ ਇਹ ਸਮਰੱਥਾ ਨਹੀਂ ਰਹਿੰਦੀ ਕਿ ਅਵਿੱਦਿਆ ਆਪਣਾ ਮੋਹ ਅਥਵਾ ਪਕੜ ਪੈਦਾ ਕਰਕੇ ਆਪਣੇ ਅਧੀਨ ਕਰਕੇ ਕੋਈ ਕਾਰਜ ਆਤਮ ਗਿਆਨੀ ਤੋਂ ਕਰਾ ਸਕੇ ਭਾਵ ਆਤਮ ਗਿਆਨੀ ਨੂੰ ਅਵਿੱਦਿਆ ਅਤੇ ਇਸ ਦੇ ਕਾਰਜ ਮੋਹ ਆਦਿਕਾਂ ਦਾ ਲੇਪ ਨਹੀਂ ਲਗਦਾ। ਬ੍ਰਹਮ ਗਿਆਨੀ ਨਿਰਲੇਪ ਰਹਿੰਦਾ ਹੈ।

**ਸੋ ਪ੍ਰਮਾਣ ਖਟ ਸੁਨਿ ਚਿਤ ਲਾਇ ।ਜਿਸ ਤੇ ਸੰਸੇ ਸਭਿ ਬਿਨਸਾਇ।੨0।**

ਉਹਨਾਂ ਛੇ ਪ੍ਰਮਾਣਾਂ ਦੀ ਵਿਚਾਰ ਚਿੱਤ ਲਾ ਕੇ ਸੁਣੋ, ਜਿਸ ਦੇ ਸੁਣਨ ਨਾਲ ਸਾਰੇ ਸੰਸੇ ਨਵਿਰਤ ਹੋ ਜਾਂਦੇ ਹਨ।

## ਸ਼ਬਦ ਪ੍ਰਮਾਣ

**ਬੇਦ ਰੁ ਸਤਿਗੁਰ ਸ਼ਬਦ ਜੁ ਸੁਨਿ ਕਰਿ। ਮਹਾਂਵਾਕ ਤੇ ਨਿਰਨੈ ਉਰ ਧਰਿ।**

**ਸਬਦ ਪ੍ਰਮਾਣ ਇਹੀ ਇਕ ਜਾਨ। ਬ੍ਰਹਮ ਆਤਮਾ ਨਿਰਨੈ ਠਾਨਿ।੨੧।**

ਬੇਦ ਅਤੇ ਆਤਮ ਗਿਆਨੀ ਗੁਰੂ ਤੋਂ ਮਹਾਂਵਾਕ ਰੂਪ ਸ਼ਬਦ ਸੁਣਕੇ ਮਹਾਂਵਾਕ ਤੋਂ ਭਾਵ ਜੀਵ ਆਤਮਾ ਅਭੇਦ ਵਿਸ਼ਯਕ ਵਾਕ ਸੁਣਕੇ ਉਹਨਾਂ ਦਾ ਨਿਰਣਾ ਕਰਕੇ ਹਿਰਦੇ ਵਿੱਚ ਧਾਰਨ ਕਰਨਾ, ਬ੍ਰਹਮ ਅਤੇ ਆਤਮਾ ਨੂੰ ਇਕ ਰੂਪ ਨਿਰਣੇ ਕਰਕੇ ਮੰਨਣਾ, ਇਸੇ ਨੂੰ ਸ਼ਬਦ ਪ੍ਰਮਾਣ ਕਹਿੰਦੇ ਹਨ।

### ਭਾਵ ਅਰਥ

ਆਪਣੇ ਧਰਮ ਗ੍ਰੰਥਾਂ ਦੇ ਉਹ ਸ਼ਬਦ ਸੁਣਕੇ, ਜਿਹੜੇ ਦਸ ਪਾਤਸ਼ਾਹੀਆਂ ਨੇ ਆਪ ਗੁਰਤਾ ਗੱਦੀ ਤੇ ਬਿਰਾਜਮਾਨ ਹੋ ਕੇ ਆਪਣੇ ਸਿੱਖਾਂ ਨੂੰ ਬਖਸ਼ੇ ਹਨ। ਭਾਵੇਂ ਉਹ ਸ਼ਬਦ ਬਾਣੀ ਰੂਪ ਵਿੱਚ ਹੋਣ ਜਾਂ ਇਤਿਹਾਸਕ ਤੇ ਯਥਾਰਥ ਰੂਪ ਵਿੱਚ ਮਿਲਦੇ ਹੋਣ। ਸਾਨੂੰ ਉਹਨਾਂ ਨੂੰ ਸਤਿਗੁਰਾਂ ਦੇ ਮਹਾਂਵਾਕ ਮੰਨ ਕੇ ਉਹਨਾਂ ਮਹਾਂਵਾਕਾਂ ਤੇ ਨਿਸ਼ਚਾ ਧਾਰਨ ਕਰਨਾ ਚਾਹੀਦਾ ਹੈ। ਆਤਮਾ ਅਤੇ ਪ੍ਰਮਾਤਮਾ ਦਾ ਜੋ ਗਿਆਨ ਗੁਰੂ ਸਾਹਿਬ ਜੀਆਂ ਨੇ ਦਿੱਤਾ ਹੈ ਉਸ ਨੂੰ ਹਿਰਦੇ ਵਿੱਚ ਧਾਰਨ ਕਰਨਾ ਚਾਹੀਦਾ ਹੈ। ਇਹੀ ਸਿੱਖਾਂ ਲਈ ਸ਼ਬਦ ਪ੍ਰਮਾਣ ਹੈ ਭਾਵ ਗੁਰਬਾਣੀ ਦੇ ਮਹਾਂਵਾਕਾਂ ਦੁਆਰਾ ਪ੍ਰਮਾਤਮਾ ਦਾ ਗਿਆਨ ਪ੍ਰਾਪਤ ਕਰਨਾ ਹੀ ਸ਼ਬਦ ਪ੍ਰਮਾਣ ਹੈ।

## ਅਨੁਮਾਨ ਪ੍ਰਮਾਣ

**ਦੂਸਰ ਜੋ ਅਨੁਮਾਨ ਕਹਿਤ ਹੈਂ। ਚਿੰਨ੍ਹ ਦੇਖਿ ਕਰਿ ਵਸਤੁ ਲਹਤਿ ਹੈਂ।**

**ਮਨ ਚੱਖਜਾਦਿ ਸੁਤੇ ਜੜ ਜੋਇ। ਜਿਸਤੇ ਗਜਾਨ ਪਾਇ ਸਭਿ ਕੋਇ।੨੨।**

ਦੂਜਾ ਜਿਹੜਾ ਅਨੁਮਾਨ ਪ੍ਰਮਾਣ ਹੈ ਹੁਣ ਉਸ ਨੂੰ ਕਥਨ ਕਰਦੇ ਹਨ। ਕਿਸੇ ਚਿੰਨ੍ਹ ਨੂੰ ਦੇਖ ਕੇ, ਵਸਤੂ ਦਾ ਅੰਦਾਜ਼ਾ ਲਗਾਉਣਾ ਜਿਵੇਂ ਧੂੰਏ ਤੋਂ ਅੱਗ ਦਾ ਅੰਦਾਜ਼ਾ ਲੱਗ ਜਾਂਦਾ ਹੈ। ਮਨ ਅਤੇ ਗਿਆਨ ਇੰਦਰੇ ਤਾਂ ਖੁਦ ਸਾਰੇ ਜੜ੍ਹ ਹਨ ਇਹਨਾਂ ਵਿੱਚ ਆਪਣੀ ਕੋਈ ਸੱਤਾ ਨਹੀਂ ਹੈ।ਜਿਸ ਦੀ ਸੱਤਾ ਕਰਕੇ ਇਹ ਗਿਆਨ ਪ੍ਰਾਪਤ ਕਰਦੇ ਹਨ ।

**ਸੋ ਆਤਮ ਹੈ-ਜਾਨਜੌ ਜਾਇ। ਸਾਖੀ ਤੀਨ ਅਵਸਥਾ ਗਾਇ।**

**ਨਿਤ ਸੁਧ ਸੱਤਿ ਜੁ ਪਰਮਾਨੰਦ।ਸ਼੍ਰਵਣ ਕਰਜੋ ਜੋ ਪ੍ਰਥਮ ਬਿਲੰਦ।੨੩।**

ਉਹ ਆਤਮਾ ਹੈ, ਇਸ ਪ੍ਰਕਾਰ ਅਨੁਮਾਨ ਦੁਆਰਾ ਜਾਣਿਆ ਜਾਂਦਾ ਹੈ। ਉਹ ਆਤਮਾ ਹੀ ਸਾਖੀ-ਦ੍ਰਿਸ਼ਟਾ ਹੈ ਤਿੰਨੇ ਹੀ ਅਵਸਥਾਵਾਂ ਦਾ ਇਸ ਪ੍ਰਕਾਰ ਗਾ ਕੇ ਕਥਨ ਕੀਤਾ ਜਾਂਦਾ ਹੈ। ਜੋ ਪਹਿਲਾਂ ਤੁਸੀਂ ਬਹੁਤ ਵਿਸਥਾਰ ਸਹਿਤ ਸ੍ਰਵਣ ਕਰ ਚੁੱਕੇ ਹੋ ਕਿ ਉਹ ਆਤਮਾ ਨਿੱਤ ਹੈ ਸ਼ੁਧ ਸੱਤ ਤੇ ਪਰਮ ਅਨੰਦ ਸਰੂਪ ਹੈ।

**ਸ਼ਬਦ, ਸਪਰਸ਼,ਰੂਪ,ਰਸ,ਗੰਧ।ਜਿਸ ਤੇ ਲਖਤਿ ਇੰਦ੍ਰੈ ਸੰਬੰਧ।**

**ਸੋ ਆਤਮ ਸਾਖੀ ਹੈ ਕੋਇ ।ਇਮ ਜਬਿ ਸਮਝ ਬਿਲੋਕਨ ਹੋਇ।੨੪।**

ਸ਼ਬਦ,ਸਪਰਸ਼, ਰੂਪ, ਰਸ ਤੇ ਗੰਧ ਇਹ ਜੋ ਪੰਜ ਗਿਆਨ ਇੰਦ੍ਰਿਆਂ ਦੇ ਪੰਜ ਵਿਸ਼ੇ ਹਨ ਜਿਸਦੀ ਸੱਤਾ ਕਰਕੇ ਇਹ ਇੰਦਰੇ ਵਿਸ਼ਿਆਂ ਦੇ ਨਾਲ ਹੋਏ ਸੰਬੰਧ ਨੂੰ ਅਨੁਭਵ ਕਰਦੇ ਹਨ। ਉਹ ਕੋਈ ਆਤਮਾ ਜ਼ਰੂਰ ਹੈ ਜਿਹੜਾ ਸਾਖੀ-ਪ੍ਰਕਾਸ਼ਕ ਹੈ ਅਥਵਾ ਦ੍ਰਿਸ਼ਟਾ ਹੈ। ਇਸ ਤਰ੍ਹਾਂ ਸਮਝ ਕੇ ਜਦੋਂ ਆਪਣੇ ਅੰਦਰ ਵੱਲ ਨੂੰ ਦੇਖਦੇ ਹਾਂ ਕਿ ਇੰਦ੍ਰਿਆਂ ਦੇ ਪਿੱਛੇ ਕੋਈ ਹੈ, ਜੋ ਇਹਨਾਂ ਨੂੰ ਵੀ ਦ੍ਰਿਸ਼ਟਾ ਹੋ ਕੇ ਦੇਖ ਰਿਹਾ ਹੈ।

**ਇਸ ਕੋ ਨਾਮ ਜਾਨ ਅਨੁਮਾਨ ।**

ਇਸ ਪ੍ਰਕਾਰ ਅਨੁਮਾਨ ਦੁਆਰਾ ਆਤਮਾ ਦਾ ਨਿਰਣਾ ਕਰਨਾ, ਇਸਨੂੰ ਅਨੁਮਾਨ ਪ੍ਰਮਾਣ ਕਹਿੰਦੇ ਹਨ ਅਥਵਾ ਇਸੇ ਦਾ ਨਾਮ ਅਨੁਮਾਨ ਹੈ।

**ਸ੍ਰਵਣ ਉਪਰੰਤ ਮਨਨਿ ਇਸ ਜਾਨ।**

ਪਹਿਲਾ ਸ੍ਰਵਣ ਕਰਨਾ ਫਿਰ ਇਸਦਾ ਮੰਨਣ ਕਰਨਾ ਜਾਣ ਲਉ ਭਾਵ ਜੋ ਉੱਪਰ ਦੱਸਿਆ ਹੈ ਉਸਦਾ ਮੰਨਣ ਕਰਨ ਦੀ ਗੱਲ ਕਹੀ ਗਈ ਹੈ। ਇੱਥੇ ਤੱਕ ਅਨੁਮਾਨ ਪ੍ਰਮਾਣ ਹੀ ਹੈ।

## ਅਥ ਉਪਮਾਨ ਪ੍ਰਮਾਣ

**ਸੱਤਿ, ਨਿਰੰਸ, ਅਨੰਤ, ਅਖੰਡ, ਵਹਿਰੰਤਰ ਪੂਰਨ ਬ੍ਰਹਿਮੰਡ ।੨੫।**

ਉਹ ਜੋ ਅੰਤ ਰਹਿਤ ਅਖੰਡ ਸੱਤ ਸਰੂਪ ਬ੍ਰਹਮ ਹੈ ਨਿਰੰਸ਼-ਕਿਸੇ ਦੀ ਅੰਸ਼ ਨਹੀਂ ਹੈ, ਭਾਵ ਕਿਸੇ ਦੀ ਅੰਸ਼ ਤੋਂ ਪੈਦਾ ਨਹੀਂ ਹੋਇਆ, ਉਹ ਖੁਦ ਵਹਿਰੰਤਰ-ਬਾਹਰ ਅੰਦਰ ਸਾਰੇ ਬ੍ਰਹਿਮੰਡਾਂ ਵਿੱਚ ਪਰਿਪੂਰਨ ਹੈ।

**ਬਜਾਪਕ ਹੈ ਅਕਾਸ਼ ਕੀ ਨਜਾਈਂ, ਘਟ ਮਟ ਮਹਿੰ ਲਖੀਏ ਸਭਿ ਥਾਈਂ ।**

ਅਕਾਸ਼ ਵਾਂਗੂੰ ਸੰਪੂਰਨ ਬ੍ਰਹਿਮੰਡਾਂ ਵਿੱਚ ਵਿਆਪਕ ਹੈ। ਘਟ-ਘੜਿਆਂ ਅਤੇ ਮਟ-ਘਰਾਂ ਵਿੱਚ ਜਿਵੇਂ ਸਭ ਥਾਵਾਂ ਤੇ ਅਕਾਸ਼ ਸਮਾਨ ਰੂਪ ਵਿੱਚ ਸਮਾਇਆ ਹੋਇਆ ਜਾਣਿਆ ਜਾਂਦਾ ਹੈ। ਉਸੇ ਤਰ੍ਹਾਂ ਬ੍ਰਹਮ ਵੀ ਸੰਪੂਰਨ ਬ੍ਰਹਿਮੰਡਾਂ ਵਿੱਚ ਵਿਆਪਕ ਹੈ।

**ਇਹ ਉਪਮਾਨ ਪ੍ਰਮਾਣ ਲਖੀਜੈ, ਜਹਿੰ ਦੂਸਰ ਕੀ ਸਮ ਜਾਨੀਜੈ ।੨੬।**

ਜਿੱਥੇ ਕਿਸੇ ਦੂਜੇ ਦੀ ਉਪਮਾ ਦੇ ਕੇ ਜਣਾਇਆ ਜਾਵੇ, ਉਸਨੂੰ ਉਪਮਾਨ ਪ੍ਰਮਾਣ ਕਹਿੰਦੇ ਹਨ। ਇਸ ਪ੍ਰਕਾਰ ਜਾਣ ਲਉ।

## ਅਰਥਾਪਤੀ ਪ੍ਰਮਾਣ

**ਇਹ ਨਰ ਦੀਖਤ ਪੀਨ ਮਹਾਨ। ਦਿਨ ਮਹਿੰ ਭੋਜਨ ਕਰੈ ਨ ਖਾਨ।**

ਦੋ ਬੰਦਿਆਂ ਵਿੱਚ ਆਪਸ 'ਚ ਗੱਲ ਹੋ ਰਹੀ ਹੈ ਕਿ ਇਹ ਬੰਦਾ ਦਿਨ ਵਿੱਚ ਭੋਜਨ ਆਦਿਕ ਕੁੱਝ ਵੀ ਖਾਂਦਾ ਪੀਂਦਾ ਨਹੀਂ ਲੇਕਿਨ ਦਿਖਦਾ ਬੜਾ ਮੋਟਾ-ਤਾਜ਼ਾ ਹੈ।

**ਇਸ ਤੇ ਲਖੀਯਤਿ ਨਿਸ ਮੈਂ ਖਾਇ। ਦੇਹ ਪੀਨਤਾ ਦੇਤਿ ਜਨਾਇ।੨੭।**

ਇਸ ਤੋਂ ਇਹ ਜਾਣਿਆ ਜਾਂਦਾ ਹੈ ਕਿ ਇਹ ਬੰਦਾ ਰਾਤ ਨੂੰ ਰੱਜ ਕੇ ਖਾਂਦਾ ਹੋਵੇਗਾ ਕਿਉਂਕਿ ਇਸਦੇ ਸਰੀਰ ਦੀ ਤਾਕਤ ਇਸ ਦੇ ਰਾਤ ਦੇ ਖਾਣੇ ਦੀ ਵਿਥਿਆ ਨੂੰ ਜਣਾ ਰਹੀ ਹੈ।

**ਜੋ ਇਹ ਰਾਤ ਅਹਾਰ ਨ ਖਾਇ।ਨਹਿ ਸਰੀਰ ਮੋਟਾ ਹੁਇ ਜਾਇ।**

ਜੇਕਰ ਇਹ ਰਾਤ ਦੇ ਸਮੇਂ ਭੋਜਨ ਨਾ ਖਾਂਦਾ ਹੋਵੇ, ਤਾਂ ਫਿਰ ਇਸ ਦਾ ਸਰੀਰ ਦਿਨ ਪ੍ਰਤਿ ਦਿਨ ਮੋਟਾ ਨਾ ਹੁੰਦਾ ਜਾਵੇ।

**ਯਾਂਤੇ ਨਿਸ ਮਹਿਂ ਭੋਜਨ ਖਾਯੋ।ਯਹਿ ਨਿਸ਼ਚੈ ਨਿਰਨੈ ਠਹਿਰਾਯੋ।੨੮।**

ਇਸ ਕਰਕੇ ਇਸਨੇ ਜਿੰਨਾ ਸਮਾਂ ਦਿਨ ਵਿੱਚ ਭੋਜਨ ਨਹੀਂ ਖਾਇਆ ਉਨ੍ਹਾਂ ਸਮਾਂ ਇਹ ਬੰਦਾ ਰਾਤ ਦੇ ਸਮੇਂ ਭੋਜਨ ਖਾਂਦਾ ਰਿਹਾ ਹੈ। ਇਹ ਨਿਸ਼ਚਾ ਉਪਰ ਕਹੀ ਗੱਲ ਦਾ ਨਿਰਣਾ ਕਰਕੇ ਕੀਤਾ ਗਿਆ ਹੈ।

**ਤਿਮ ਆਤਮ ਕੇ ਵਿਖੈ ਵਿਚਾਰੈ।ਜਾਗ੍ਰਤਿ ਆਦਿ ਪਦਾਰਥ ਸਾਰੈ।**

ਜਿਵੇਂ ਉੱਪਰ ਵਿਚਾਰ ਕੀਤੀ ਗਈ ਹੈ ਉਸੇ ਤਰ੍ਹਾਂ ਹੀ ਵਿਚਾਰ ਕਰੇ ਕਿ ਆਤਮਾ ਦੇ ਵਿੱਚ ਹੀ ਇਹ ਜਾਗ੍ਰਤ ਅਵਸਥਾ ਆਦਿ ਸਾਰੇ ਪਦਾਰਥ ਆ ਜਾਂਦੇ ਹਨ, ਭਾਵ ਆਤਮਾ ਦੀ ਸੱਤਾ ਕਰਕੇ ਇਹ ਸਾਰੇ ਪਦਾਰਥ ਸੱਤਾਵਾਨ ਹੁੰਦੇ ਹਨ।

**ਜਿਸ ਆਤਮ ਕਰਿ ਜਾਨੇ ਜਾਂਹਿ॥ਸੁਖਪਤਿ ਆਦਿ ਅਭਾਵ ਜਿ ਆਹਿਂ।੨੯।**

ਜਿਸ ਆਤਮਾ ਦੀ ਸੱਤਾ ਕਰਕੇ ਹੀ ਇਹ ਸਾਰੇ ਜਾਗ੍ਰਤ, ਸੁਪਨ ਆਦਿ ਦੇ ਪਦਾਰਥ ਜਾਣੇ ਜਾਂਦੇ ਹਨ ਅਤੇ ਸੁਖੋਪਤੀ ਵਿੱਚ ਜਦੋਂ ਇਹਨਾਂ ਦਾ ਅਭਾਵ ਹੋ ਜਾਂਦਾ ਹੈ।

**ਸੋ ਆਤਮ ਹੀ ਕਰਿ ਸਿੱਧ ਹੋਇ।ਸਿੱਧ ਕਰਤਾ ਹੈ ਅਪਰ ਨ ਕੋਇ।**

ਉਸ ਅਭਾਵ ਦੀ ਅਵਸਥਾ ਦਾ ਗਿਆਨ ਵੀ ਆਤਮਾ ਕਰਕੇ ਹੀ ਹੁੰਦਾ ਹੈ ਭਾਵ ਅੰਤਸ਼ਕਰਣ ਦੇ ਵਿਲੈ ਹੋਣ ਤੇ ਜੀਵ ਦੇ ਅਨੁਭਵ ਵਿੱਚ ਕੁੱਝ ਵੀ ਨਹੀਂ ਆ ਸਕਦਾ, ਅਭਾਵ ਵੀ ਨਹੀਂ ਆ ਸਕਦਾ। ਜੇਕਰ ਅਭਾਵ ਸਿੱਧ ਹੁੰਦਾ ਹੈ ਤਾਂ ਉਹ ਆਤਮਾ ਦੀ ਸੱਤਾ ਕਰਕੇ ਹੀ ਸਿੱਧ ਹੁੰਦਾ ਹੈ। ਇਸ ਅਭਾਵ ਪਦਾਰਥ ਨੂੰ ਸਿੱਧ ਕਰਨ ਵਾਲਾ ਆਤਮਾ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੋ ਸਕਦਾ।

**ਜੇ ਕਰਿ ਹ੍ਵੈ ਨ ਆਤਮਾ ਪਰੈ।ਆਦਿ ਅਭਾਵ ਸਿੱਧ ਕਿਮ ਕਰੈ?।੩੦।**

ਜੇਕਰ ਆਤਮਾ ਇਹਨਾਂ ਦੇ ਪਰੈ ਪਿੱਛੇ ਸੱਤਾ ਦੇਣ ਵਾਲਾ ਨਾ ਹੋਵੇ ਤਾਂ ਸੁਖੋਪਤੀ ਅਵਸਥਾ ’ਚ ਅੰਤਸ਼ਕਰਣ ਦੇ ਅਭਾਵ ਆਦਿ ਨੂੰ ਕੋਈ ਕਿਵੇਂ ਸਿੱਧ ਕਰ ਸਕਦਾ ਹੈ?

**ਕਾਰਜ ਜਿਸ ਕੋ ਜਗਤ ਪ੍ਰਤੱਛ।ਅਰਥਾਪਤਿ ਵਿਖੈ ਇਮ ਲੱਛ।**

ਜਿਸ ਆਤਮਾ ਦਾ ਪ੍ਰਤੱਖ ਕਾਰਜ ਇਹ ਜਗਤ ਹੈ। ਅਰਥਾਪਤੀ ਪ੍ਰਮਾਣ ਵਿੱਚ ਇਸ-ਇਸ ਪ੍ਰਕਾਰ ਲੱਛਣ ਜਾਣ ਲਉ।

## ਅਈ ਤੇਜਕ ਪ੍ਰਮਾਣ

**ਕਹਜੋ ਕਿਸੀ ਨੇ ਇਸ ਤਰੁ ਵਿਖੈ, ਯੱਖਜ ਬਸਤਿ ਹੈ, ਕਿਸ ਨਹਿਂ ਪਿਖੈ॥੩੧॥**

ਜਿਵੇਂ ਕਿਸੇ ਨੇ ਕਿਹਾ ਕਿ ਇਸ ਰੁੱਖ ਦੇ ਉਤੇ ਇਕ ਜੱਖਯ-ਪ੍ਰੇਤ ਵੱਸਦਾ ਹੈ ਲੇਕਿਨ ਕਿਸੇ ਨੂੰ ਦਿਖਦਾ ਨਹੀਂ ਅਥਵਾ ਕਿਸੇ ਨੇ ਕਦੇ ਦੇਖਿਆ ਨਹੀਂ।

**ਜਾਨਜੋਂ ਜਾਇ ਨ ਕਿਯ ਅਨੁਮਾਨ।ਨਹਿੰ ਕਿਹ ਸ਼ਾਸਤ੍ਰਹਿ ਕੀਨ ਬਖਾਨ।**

ਨਾ ਤਾਂ ਉਸਦੇ ਬਾਰੇ ਕੁਝ ਜਾਣਿਆ ਹੀ ਜਾ ਸਕਦਾ ਹੈ। ਨਾ ਕੋਈ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਵੇਂ ਦਾ ਹੋਵੇਗਾ ? ਅਤੇ ਨਾ ਹੀ ਕਿਸੇ ਸ਼ਾਸਤ੍ਰ ਵਿੱਚ ਉਹਦੇ ਉਥੇ ਰਹਿਣ ਬਾਰੇ ਕੁਝ ਲਿਖਿਆ ਹੀ ਮਿਲਦਾ ਹੈ।

**ਪਰੰਪਰਾ ਸੁਨਿਬੇ ਮਹਿੰ ਆਵੈ।ਅਈਤੇਜਕ ਪਰਮਾਣ ਕਹਾਵੈ।੩੨।**

ਪਰੰਪਰਾ ਰੂਪ ਵਿੱਚ ਹੀ ਸੁਨਣ ਵਿੱਚ ਆਉਂਦਾ ਹੈ ਭਾਵ ਸਭ ਨੇ ਕਿਸੇ ਨਾ ਕਿਸੇ ਤੋਂ ਉਸਦੇ ਬਾਰੇ ਸੁਣਿਆ ਹੀ ਹੈ, ਜਿੱਥੇ ਕਿਸੇ ਵਸਤੂ ਬਾਰੇ ਐਸਾ ਵਖਿਆਨ ਹੋਵੇ ਉਸਨੂੰ ਅਈਤੇਜਕ ਪ੍ਰਮਾਣ ਕਹਿੰਦੇ ਹਨ।

**ਤਿਮ ਆਤਮ ਇਹ ਕਹੈਂ ਸਨਾਤਨ।ਪਰੰਪਰਾ ਸਭਿ ਕਥੈਂ ਪੁਰਾਤਨ।**

ਉਸੇ ਤਰ੍ਹਾਂ ਹੀ ਆਤਮਾ ਦੇ ਬਾਰੇ ਪੁਰਾਤਨ ਸਮੇਂ ਤੋਂ ਹੀ ਪਰੰਪਰਾ ਰੂਪ ਵਿੱਚ ਵੀ ਇਹ ਹੀ ਕਿਹਾ ਜਾਂਦਾ ਹੈ ਕਿ ਆਤਮਾ ਸਭ ਤੋਂ ਸਨਾਤਨ ਹੈ ਭਾਵ ਆਤਮਾ ਤੋਂ ਪੁਰਾਤਨ ਕੁਝ ਵੀ ਨਹੀਂ।

**ਸੱਤਿ ਪਰਾਤਮ ਈਸ਼ੁਰ ਜੋਇ।ਸਭਿ ਕੋ ਅਹੈ ਆਤਮਾ ਸੋਇ ।੩੩।**

ਜੋ ਸੱਤ ਸਰੂਪ ਪ੍ਰਮਾਤਮਾ ਈਸ਼ਰ-ਸਭ ਨੂੰ ਪੈਦਾ ਕਰਨ ਵਾਲਾ ਹੈ। ਉਹ ਪ੍ਰਮਾਤਮਾ ਹੀ ਸਭ ਦਾ ਆਤਮਾ ਹੈ। ਇਸ ਪਰੰਪਰਾ ਰੂਪ ਦੇ ਕਥਨ ਦੁਆਰਾ ਆਤਮਾ ਦੇ ਸਭ ਤੋਂ ਪੁਰਾਤਨ ਹੋਣ ਦਾ ਗਿਆਨ ਹੁੰਦਾ ਹੈ। ਇਸ ਨੂੰ ਹੀ ਅਈਤੇਜਕ ਪ੍ਰਮਾਣ ਕਿਹਾ ਜਾਂਦਾ ਹੈ।

## ਪ੍ਰਤੱਖ ਪ੍ਰਮਾਣ

**ਅਬਿ ਪ੍ਰਤੱਖਜ ਸੁਨਿ ਨੀਕੇ ਉਰਿਧਰਿ ।**

ਹੁਣ ਪ੍ਰਤੱਖ ਪ੍ਰਮਾਣ ਦਾ ਕਥਨ ਕਰਦੇ ਹਾਂ। ਉਸਨੂੰ ਚੰਗੀ ਤਰ੍ਹਾਂ ਧਿਆਨ ਦੇ ਨਾਲ ਦਿਲ ਵਿੱਚ ਧਾਰਨ ਕਰਨ ਲਈ ਸੁਣੋ।

**ਅੰਤਹਕਰਣ ਕੀ ਬ੍ਰਿਤਿ ਨਿਕਲ ਕਰਿ, ਇੰਦ੍ਰਯ ਦੁਆਰਾ ਵਹਿਰ ਪ੍ਰਕਾਸ਼ੈ**

**ਸਾਥ ਪਦਾਰਥ ਮਿਲਿ ਕਰਿ ਭਾਸੈ ।੩੪।**

ਅੰਤਸ਼ਕਰਣ ਦੀ ਬਿਰਤੀ ਬਾਹਰ ਨਿਕਲ ਕੇ ਇੰਦ੍ਰਿਆਂ ਦੁਆਰਾ ਬਾਹਰ ਦੇ ਪਦਾਰਥਾਂ ਤੱਕ ਪਹੁੰਚ ਕੇ, ਪਦਾਰਥਾਕਾਰ ਹੋ ਕੇ ਭਾਸਦੀ ਹੈ ਭਾਵ ਪਦਾਰਥਾਕਾਰ ਹੋਈ ਪ੍ਰਤੀਤ ਹੁੰਦੀ ਹੈ ਅਤੇ ਅੰਤਸ਼ਕਰਣ ਨੂੰ ਵਿਸ਼ੇ ਦਾ ਗਿਆਨ ਕਰਵਾਉਂਦੀ ਹੈ।

**ਸਤਿ ਚਿਤ ਅਨੰਦ ਬਿਖੈ ਪ੍ਰਤੱਛ ।ਅਸਤਿ ਭਾਂਤਿ ਪ੍ਰਿਯ ਆਤਮ ਲੱਛ।**

ਸਤ ਚਿਤ ਅਨੰਦ ਸਰੂਪ ਜੋ ਬ੍ਰਹਮ ਹੈ। ਉਸ ਬ੍ਰਹਮ ਚੇਤਨ ਵਿੱਚ ਜਦੋਂ ਇਹ ਬਿਰਤੀ ਲੀਨ ਹੋ ਜਾਂਦੀ ਹੈ ਭਾਵ ਜਦੋਂ ਸਾਖਯਾਤਕਾਰ ਦਾ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਅਤੇ ਅਸਤੀ ਭਾਂਤਿ ਪ੍ਰਿਅ ਰੂਪ ਜੋ ਆਤਮਾ ਦੇ ਲੱਛਣ ਹਨ।

**ਇਹ ਤੀਨਹੁਂ ਜਿਤ ਕਿਤ ਦ੍ਰਿਸ਼ਟਾਵੈਂ।ਇਨ ਬਿਹੀਨ ਕਿਛੁ ਕਿਤ ਨ ਜਨਾਵੈ।੩੫।**

ਅਸਤੀ ਭਾਂਤਿ ਪ੍ਰਿਯ ਇਹ ਤਿੰਨੋਂ ਆਤਮਾ ਦੇ ਲੱਛਣ ਜਿੱਥੇ ਕਿੱਥੇ ਭਾਵ ਜਿੱਧਰ ਵੀ ਬਿਰਤੀ ਜਾਂਦੀ ਹੈ ਨਜ਼ਰ ਆਉਂਦੇ ਹਨ। ਇਹਨਾਂ ਤੋਂ ਬਿਨਾਂ ਕਿਤੇ ਵੀ ਕੁਝ ਜਣਾਉਂਦੀ ਨਹੀਂ ਭਾਵ ਬਿਰਤੀ ਦ੍ਵੈਤ ਦੀ ਜਣਾਇਕ ਨਹੀਂ ਰਹਿੰਦੀ।

**ਅਸਤੀ ਹੈ ਸੁ ਪਦਾਰਥ ਸਾਚੁ। ਚਿਤ ਭਾਂਤੀ ਪਰਕਾਸ਼ ਉਬਾਚ।**

**ਪਾਇ ਪਦਾਰਥ ਪ੍ਰਿਯ ਆਨੰਦ। ਇਹ ਤੀਨਹੁਂ ਸਭਿ ਮਹਿਂ ਬਰਤੰਦ।੩੬।**

ਅਸਤੀ ਤੋਂ ਭਾਵ ਹੈ ਪਦਾਰਥ ਸੱਚਾ ਹੈ ਅਤੇ ਭਾਂਤਿ ਤੋਂ ਭਾਵ ਹੈ ਕਿ ਪਦਾਰਥ ਦਾ ਪ੍ਰਕਾਸ਼ ਹੋ ਰਿਹਾ ਹੈ, ਪ੍ਰਤੀਤਿ ਦਾ ਵਿਸ਼ਾ ਹੋ ਰਿਹਾ ਹੈ। ਪ੍ਰਿਯ ਤੋਂ ਭਾਵ ਪਦਾਰਥ ਦੀ ਪ੍ਰਾਪਤੀ ਨਾਲ ਅਨੰਦ ਪ੍ਰਾਪਤ ਹੋ ਰਿਹਾ ਹੈ। ਇਸ ਤਰ੍ਹਾਂ ਇਹ ਤਿੰਨੋਂ ਆਤਮਾ ਦੇ ਲੱਛਣ ਸਾਰਿਆਂ ਵਿੱਚ ਵਰਤ ਰਹੇ ਹਨ।

## ਤਿੰਨ ਭੇਦ

**ਨਿਰਾਵੈਵ ਬ੍ਰਹਮ ਭਲੇ ਪਛਾਨੈ।ਤੀਨੋ ਭੇਦ ਤਿਸੀ ਤੇ ਹਾਨੈ।**

ਉਹ ਬ੍ਰਹਮ ਨਿਰ-ਅਵਯਵ-ਅੰਗਾਂ ਤੋਂ ਰਹਿਤ ਹੈ ਸ੍ਵੈਯੰ ਪ੍ਰਕਾਸ਼ ਰੂਪ ਹੈ। ਤਿੰਨ ਤਰ੍ਹਾਂ ਦੇ ਭੇਦ ਬ੍ਰਹਮ ਨੂੰ ਸਿਰਫ ਨਿਰਾਵੈਵ ਕਹਿਣ ਨਾਲ ਨਾਸ਼ ਹੋ ਜਾਂਦੇ ਹਨ।

**ਇਕ ਤਰੁ ਤੇ ਜਿਮਹੈ ਤਰ ਆਨ।ਭੇਦ ਸਜਾਤੀ ਲੀਜੈ ਜਾਨ।੩੭।**

ਜਿਵੇਂ ਇਕ ਦਰੱਖਤ ਤੋਂ ਦੂਜਾ ਦਰੱਖਤ ਵੱਖਰਾ ਹੈ ਇਸ ਨੂੰ ਸਜਾਤੀ ਭੇਦ ਜਾਣ ਲਉ। ਜਿਵੇਂ ਇਕ ਸੇਬ ਦਾ ਰੁੱਖ ਹੈ ਤੇ ਦੂਜਾ ਅੰਬ ਦਾ ਰੁੱਖ ਹੈ, ਦੋਵੇਂ ਹਨ ਤਾਂ ਰੁੱਖ। ਲੇਕਿਨ ਸੇਬ ਤੇ ਅੰਬ ਦਾ ਫਰਕ ਪੈ ਗਿਆ ਇਸ ਨੂੰ ਸਜਾਤੀ ਭੇਦ ਕਹਿੰਦੇ ਹਨ।

**ਇਕ ਬ੍ਰਹਮ ਤੇ ਦੂਸਰ ਬ੍ਰਹਮ ਨਾਂਹੀ। ਭੇਦ ਸਜਾਤੀ ਤੌ ਹੁਇ ਕਾਂਹੀ।**

ਇਕ ਬ੍ਰਹਮ ਤੋਂ ਬਿਨਾਂ ਬ੍ਰਹਮ ਦੇ ਸਜਾਤੀ ਕੋਈ ਦੂਜਾ ਬ੍ਰਹਮ ਤਾਂ ਹੈ ਨਹੀਂ ਫਿਰ ਸਜਾਤੀ ਭੇਦ ਕਿਵੇਂ ਹੋ ਸਕਦਾ ਹੈ? ਅਥਵਾ ਰੱਬ ਦੇ ਸਜਾਤੀ ਕੋਈ ਹੋਰ ਰੱਬ ਨਹੀਂ ਹੈ ਇਸ ਕਰਕੇ ਪ੍ਰਮਾਤਮਾ ਸਜਾਤੀ ਭੇਦ ਤੋਂ ਰਹਿਤ ਹੈ ਤਾਂ ਹੀ ਉਸ ਨੂੰ ਸਿਰਫ ਇਕ ਕਥਨ ਕੀਤਾ ਜਾਂਦਾ ਹੈ।

**ਇਕ ਤਰ ਪਾਥਰ ਦੂਸਰ ਲਹਯੋ।ਭੇਦ ਵਿਜਾਤੀ ਹੈ ਇਮ ਕਹਯੋ।੩੮।**

ਇਕ ਰੁੱਖ ਤੇ ਦੂਜਾ ਪੱਥਰ ਹੋਵੇ ਇਹਨਾਂ ਦੋਹਾਂ ਵਿਚ ਜਿਹੜਾ ਫਰਕ ਹੈ ਉਸ ਨੂੰ ਵਿਜਾਤੀ ਭੇਦ ਕਹਿੰਦੇ ਹਨ।

**ਬ੍ਰਹਮ ਕੇ ਅਪਰ ਨਹੀਂ ਤਿਸ ਪਾਸ।ਯਾਂਤੇ ਭੇਦ ਬਿਜਾਤੀ ਨਾਸ਼।**

ਬ੍ਰਹਮ ਤੋਂ ਬਿਨਾਂ ਹੋਰ ਕੋਈ ਬ੍ਰਹਮ ਦੇ ਸਮਾਨ ਵਿਜਾਤੀ ਬ੍ਰਹਮ ਵੀ ਨਹੀਂ ਹੈ। ਜਿਵੇਂ ਰੁੱਖ ਦੇ ਕੋਲ ਪੱਥਰ ਉਵੇਂ ਬ੍ਰਹਮ ਦੇ ਸਮਾਨ ਬ੍ਰਹਮ ਤੋਂ ਬਿਨ੍ਹਾਂ ਵਿਜਾਤੀ ਸੱਤਾ ਵਾਲੀ ਕੋਈ ਵਸਤੂ ਨਹੀਂ ਹੈ ਅਥਵਾ ਰੱਬ ਦੇ ਵਿਜਾਤੀ ਕੋਈ ਹੋਰ ਰੱਬ ਨਹੀਂ ਹੈ। ਇਸ ਕਰਕੇ ਵਿਜਾਤੀ ਭੇਦ ਵੀ ਨਾਸ਼ ਹੋ ਜਾਂਦਾ ਹੈ।

**ਤਰੁ ਕੇ ਹੈਂ ਸਕੰਧ ਅਰੁ ਸ਼ਾਖਾ। ਭੇਦ ਸੁਗਤਿ ਦਲ ਆਦਿਕ ਭਾਖਾ।੩੯।**

ਇੱਕ ਰੁੱਖ ਦੇ ਹੀ ਟਾਹਣੇ ਪੱਤੇ ਫਲ ਆਦਿਕ ਭੇਦ ਹਨ, ਇਸ ਨੂੰ ਸ੍ਵੈਗਤ ਭੇਦ ਕਿਹਾ ਜਾਂਦਾ ਹੈ।

**ਇਹ ਭੀ ਭੇਦ ਨਹੀਂ ਬ੍ਰਹਮ ਮਾਂਹੀ।**

ਇਹ ਸ੍ਵੈਗਤ ਭੇਦ ਵੀ ਬ੍ਰਹਮ ਦੇ ਵਿੱਚ ਨਹੀਂ ਹੈ ਕਿਉਂਕਿ ਬ੍ਰਹਮ ਨਿਰ ਅਵਯਵ ਹੈ। ਭਾਵ ਬ੍ਰਹਮ ਅੰਗਾਂ ਤੋਂ ਰਹਿਤ ਹੈ।

**ਲਖਯੋ ਅਭੇਦ ਆਤਮਾ ਜਾਂਹੀ।**

ਜਿਸ ਨੇ ਇਹਨਾਂ ਤਿੰਨਾਂ ਭੇਦਾਂ ਤੋਂ ਰਹਿਤ ਹੋ ਕੇ, ਆਪਣੇ ਆਤਮ ਸਰੂਪ ਨੂੰ ਜਾਣ ਲਿਆ ਹੈ ਭਾਵ ਆਪਣੇ ਆਪ ਨੂੰ ਅਭੇਦ ਅਨੁਭਵ ਕਰ ਲਿਆ ਹੈ।

**ਇਕ ਅਖੰਡ ਸਚਿਦਾਨੰਦ ਰੂਪ । ਬੁਧਿ ਸੂਖਮ ਤੇ ਲਖਯੋ ਅਨੂਪ।੪੦।**

ਇਕ ਅਖੰਡ ਸਤ ਚਿਤ ਅਨੰਦ ਸਰੂਪ ਉਪਮਾ ਰਹਿਤ ਬ੍ਰਹਮ ਨੂੰ ਬਿਬੇਕ ਬੁਧਿ ਦੇ ਪ੍ਰਗਟ ਹੋਣ ਨਾਲ ਜਾਣ ਲਿਆ ਹੈ ਕਿ ਉਹ ਇਕ ਰਸ ਬ੍ਰਹਮ ਹੀ ਮੇਰਾ ਸਰੂਪ ਹੈ।

**ਮਿਲਯੋ ਅਨੰਦ ਬ੍ਰਿੱਤਿ ਮਹਿਂ ਸੋਈ। ਜਨਮ ਮਰਨ ਕੇ ਸੰਕਟ ਖੋਈ।**

ਉਹ ਅਨੰਦ ਸਰੂਪ ਬ੍ਰਹਮ ਹੀ ਬਿਰਤੀ ਵਿੱਚ ਮਿਲਿਆ ਹੋਇਆ ਹੁੰਦਾ ਹੈ। ਉਹ ਅਗਿਆਨ ਨਵਿਰਤੀ ਦੁਆਰਾ ਜਨਮ ਮਰਨ ਆਦਿ ਸੰਕਟ ਨਾਸ਼ ਕਰਨ ਵਾਲਾ ਹੈ।

**ਖਸ਼ਟ ਪ੍ਰਮਾਣਨਿ ਕਰਿ ਕਰ ਜਿਸ ਆਪਤਿ॥ ਭਾਈ ਆਤਮਾ ਕੀ ਸੁਧਿ ਪ੍ਰਾਪਤਿ।੪੧।**

ਇਹਨਾਂ ਉਪਰ ਕਥਨ ਕੀਤੇ ਛੇ ਪ੍ਰਮਾਣਾਂ ਕਰਕੇ ਅਥਵਾ ਬ੍ਰਹਮ ਨਿਸ਼ਠ, ਬ੍ਰਹਮ ਸ੍ਰੋਤ੍ਰੀ ਅਚਾਰਿਆਂ ਦੁਆਰਾ ਛੇ ਪ੍ਰਮਾਣਾਂ ਦੇ ਸ੍ਰਵਣ ਮੰਨਣ ਨਿਧਿਆਸਣ ਕਰਨ ਕਰਕੇ ਜਿਸ ਨੂੰ ਆਤਮਾ ਅਨੁਭੂਤੀ ਰੂਪ ਸੁਧਿ=ਸੋਝੀ ਪ੍ਰਾਪਤ ਹੋਈ ਹੈ।

**ਤਿਸੈ ਅਵਿੱਦਜਾ ਉਪਜੇ ਨਾਂਹਿ। ਨਾਸ਼ ਭਈ ਤੇ ਨਹਿਂ ਉਪਜਾਹਿ।**

ਉਸਨੂੰ ਦੁਬਾਰਾ ਅਵਿਦਿਆ ਪੈਦ ਨਹੀਂ ਹੁੰਦੀ ਭਾਵ ਜਿਸ ਦੀ ਅਵਿਦਿਆ ਇਕ ਵਾਰ ਨਾਸ਼ ਹੋ ਗਈ, ਉਸਦੇ ਅੰਤਸ਼ਕਰਣ ਦੇ ਵਿੱਚ ਦੁਬਾਰਾਅਵਿੱਦਿਆ ਪੈਦਾ ਨਹੀਂ ਹੁੰਦੀ ਭਾਵ ਇਕ ਵਾਰ ਨਾਸ਼ ਹੋਣ ਤੋਂ ਬਾਅਦ ਦੁਬਾਰਾ ਪੈਦਾ ਨਹੀਂ ਹੁੰਦੀ।

**ਅਜਾ ਅਵਿੱਦਜਾ ਤਾਂਤੇ ਨਾਇ। ਬਿਨਸੀ ਜਨਮ ਨਹੀਂ ਪੁਨ ਪਾਇ।੪੨।**

ਅਵਿੱਦਿਆ ਦਾ ਅਜਾ-ਅਜਨਮਾ ਨਾਮ ਇਸੇ ਕਰਕੇ ਹੈ ਕਿ ਜਦੋਂ ਇਹ ਇਕ ਵਾਰ ਨਾਸ਼ ਹੋ ਜਾਵੇ, ਮੁੜਕੇ ਇਸਦਾ ਜਨਮ ਨਹੀਂ ਹੁੰਦਾ ਭਾਵ ਹਿਰਦੇ ਵਿੱਚ ਦੁਬਾਰਾ ਪੈਦਾ ਨਹੀਂ ਹੁੰਦੀ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**
**'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋ ਅੰਸੂ॥੪੮॥**

## ਅਧਿਆਇ ੪੯

# ਬ੍ਰਹਮ-ਗਿਆਨ ਉਪਦੇਸ਼

ਭਾਈ ਦਇਆ ਸਿੰਘ ਜੀ ਨੇ ਜਦੋਂ ਦੀਵਾਨ ਵਿੱਚ ਛੇ ਪ੍ਰਮਾਣਾਂ ਦੁਆਰਾ ਆਤਮ ਗਿਆਨ ਹੋਣਾ ਦੱਸਿਆ ਹੈ ਤਾਂ ਉਸ ਵੇਲੇ ਭਾਈ ਦਇਆ ਸਿੰਘ ਜੀ ਨੂੰ ਸਿੰਘਾਂ ਨੇ ਬਿਬੇਕ-ਬੁੱਧੀ ਨਾਲ ਪੁੱਛਿਆ :

**ਬਿਸ਼ੈ ਪ੍ਰਮਾਣਨਿ ਕੋ ਭਯੋ ਕਹਜੋ ਅਬਿਸ਼ੈ ਸਰੂਪ।**

ਜਿਸ ਬ੍ਰਹਮ ਦੇ ਸਰੂਪ ਨੂੰ ਛੇ ਪ੍ਰਮਾਣਾਂ ਦੇ ਅਬਿਸ਼ੈ ਕਿਹਾ ਜਾਂਦਾ ਹੈ ਕਿ ਬ੍ਰਹਮ ਨੂੰ ਕਿਸੇ ਵੀ ਪ੍ਰਮਾਣ ਦੁਆਰਾ ਪ੍ਰਮਾਣ ਦਾ ਵਿਸ਼ਾ ਬਣਾ ਕੇ ਸਿੱਧ ਨਹੀਂ ਕੀਤਾ ਜਾ ਸਕਦਾ। ਲੇਕਿਨ ਆਪ ਜੀ ਦੇ ਕਥਨ ਅਨੁਸਾਰ ਉਹ ਬ੍ਰਹਮ ਇਹਨਾਂ ਪ੍ਰਮਾਣਾਂ ਦੇ ਵਿਸ਼ੇ ਹੋ ਗਿਆ ਹੈ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ।

**ਇਹ ਸੰਸੈ ਬੂਝਨਿ ਕਰਯੋ ਸੁਨਿ ਕੈ ਗਾਥ ਅਨੂਪ।੧।**

ਭਾਈ ਦਇਆ ਸਿੰਘ ਜੀ ਤੋਂ ਉਪਮਾ ਰਹਿਤ ਪ੍ਰਸੰਗ ਸੁਣਕੇ ਭਾਵ ਜਿਸਦੀ ਉਪਮਾ ਨਹੀਂ ਕੀਤੀ ਜਾ ਸਕਦੀ ਉਹ ਪ੍ਰਸੰਗ ਸੁਣਕੇ ਸਿੰਘਾਂ ਨੇ ਪੁੱਛਿਆ ਹੈ ਕਿ ਭਾਈ ਸਾਹਿਬ ਜੀ ਸਾਡੇ ਮਨ ਦੇ ਵਿੱਚ ਇਹ ਸੰਸਾ ਹੈ ।

**ਚੌਪਈ: ਸ਼ੰਕਾ ਕਰੀ ਖਾਲਸੇ ਜਬੈ। ਦਯਾ ਸਿੰਘ ਬੋਲਜੋ ਸ਼ੁਭ ਤਬੈ।**

ਜਦੋਂ ਗੁਰੂ ਕੇ ਖਾਲਸੇ ਨੇ ਇਹ ਸ਼ੰਕਾ ਜ਼ਾਹਰ ਕੀਤੀ ਹੈ ਤਾਂ ਫਿਰ ਭਾਈ ਦਇਆ ਸਿੰਘ ਜੀ ਬੜੇ ਪਿਆਰ ਨਾਲ ਬੋਲੇ ਹਨ।

**ਵਿਧਿ ਮੁਖ ਸਿਖ ਜਨਾਇਬੇ ਹੇਤ। ਕਹਜੋ ਬ੍ਰਹਮ ਕੋ ਬਿਸ਼ੈ ਸੰਕੇਤ।੨।**

ਵਿਧੀ ਪੱਖ ਦੁਆਰਾ ਸਿੱਖਾਂ ਨੂੰ ਸਮਝਾਉਣ ਲਈ ਬ੍ਰਹਮ ਨੂੰ ਇਹਨਾਂ ਪ੍ਰਮਾਣਾਂ ਦਾ ਵਿਸ਼ਾ ਕਿਹਾ ਹੈ।

**ਨੇਤਿ ਨੇਤਿ ਕਰਿ ਨਿਖਿਧ ਪਛਾਨ। ਤੌ ਪ੍ਰਮਾਨ ਕੋ ਬਿਸ਼ਯ ਨ ਜਾਨ।**

ਦੂਜਾ ਨਿਖੇਧ ਪੱਖ ਹੁੰਦਾ ਹੈ।ਨੇਤਿ=ਨੇਤਿ ਕਰਕੇ ਬ੍ਰਹਮ ਦਾ ਕਥਨ ਕਰਨਾ, ਨਿਖੇਧ ਪੱਖ ਦੁਆਰਾ ਹੁੰਦਾ ਹੈ। ਜੇਕਰ ਨਿਖੇਧ ਪੱਖ ਦੁਆਰਾ ਕਥਨ ਕਰਦੇ ਹਾਂ ਤਾਂ ਬ੍ਰਹਮ ਇਹਨਾਂ ਪ੍ਰਮਾਣਾਂ ਦਾ ਵਿਸ਼ਾ ਨਹੀਂ ਹੋ ਸਕਦਾ ਇਸ ਤਰ੍ਹਾਂ ਜਾਣ ਲਉ।

**ਜਿਮ ਨਹਿਂ ਬਿਸ਼ੈ ਸੁਨਹੁ ਦੇ ਸ਼੍ਰੌਨ।ਅਗਮ ਅਗੋਚਰ ਕਹੀਐ ਤੌਨ।੩।**

**ਇੰਦ੍ਰੀ ਤੇ ਪ੍ਰਤੱਛ ਨਹਿਂ ਸੋਇ।ਪ੍ਰਤੱਛ ਪ੍ਰਮਾਨ ਅਬਿਸ਼ਯੈ ਹੋਇ।**

ਜਿਵੇਂ ਬ੍ਰਹਮ ਇਹਨਾਂ ਪ੍ਰਮਾਣਾਂ ਦਾ ਵਿਸ਼ਾ ਨਹੀਂ ਹੈ, ਉਹ ਧਿਆਨ ਨਾਲ ਸੁਣੋ। ਜਦੋਂ ਉਸਨੂੰ ਅਗੰਮ ਹੈ, ਅਗੋਚਰ

ਹੈ, ਇਸ ਤਰ੍ਹਾਂ ਕਥਨ ਕਰਦੇ ਹਾਂ, ਉਦੋਂ ਉਹ ਇਹਨਾਂ ਇੰਦ੍ਰਿਆਂ ਦੁਆਰਾ ਪ੍ਰਤੱਖ ਨਹੀਂ ਹੁੰਦਾ। ਅਗੰਮ ਕਹਿਣ ਨਾਲ ਬੁੱਧੀ ਦੀ ਪਹੁੰਚ ਤੋਂ ਪਰੇ ਹੋ ਜਾਂਦਾ ਹੈ, ਅਗੋਚਰ ਕਹਿਣ ਨਾਲ ਇੰਦ੍ਰਿਆਂ ਦੀ ਪਕੜ ਤੋਂ ਵੀ ਪਰੇ ਹੋ ਜਾਂਦਾ ਹੈ। ਹੁਣ ਜਦੋਂ ਬ੍ਰਹਮ ਦਾ ਮਨ, ਬੁੱਧੀ, ਇੰਦ੍ਰਿਆਂ ਆਦਿ ਕਰਕੇ ਪ੍ਰਤੱਖ ਨਹੀਂ ਹੁੰਦਾ ਤਾਂ ਉਹ ਪ੍ਰਤੱਖ ਪ੍ਰਮਾਣ ਦਾ ਵਿਸ਼ਾ ਕਿਵੇਂ ਹੋ, ਸਕਦਾ ਹੈ? ਇਸ ਕਰਕੇ ਬ੍ਰਹਮ ਪ੍ਰਤੱਖ ਪ੍ਰਮਾਣ ਦੇ ਅਵਿਸ਼ੇ ਹੋ ਜਾਂਦਾ ਹੈ। ਉਹ ਇਸਦਾ ਵਿਸ਼ਾ ਨਹੀਂ ਰਹਿੰਦਾ।

**ਚਿੰਨ੍ਹ ਬ੍ਰਹਮ ਕੈ ਕੋਇ ਨ ਅਹੈ।ਜਥਾ ਧੂਮ ਤੇ ਪਾਵਕ ਲਹੈਂ।੪।**

ਹੁਣ ਉਸ ਬ੍ਰਹਮ ਦਾ ਚਿੰਨ੍ਹ ਵੀ ਕੋਈ ਨਹੀਂ ਹੈ, ਜਿਵੇਂ ਧੂੰਏ ਤੋਂ ਅੱਗ ਦਾ ਗਿਆਨ ਹੋ ਜਾਂਦਾ ਹੈ ਉਵੇਂ ਕਿਸੇ ਚਿੰਨ੍ਹ ਦੁਆਰਾ ਬ੍ਰਹਮ ਦਾ ਗਿਆਨ ਨਹੀਂ ਹੋ ਸਕਦਾ।

**ਨਹਿੰ ਅਨੁਮਾਨ ਬਿਸ਼ੈ ਇਮ ਜਨਿ ।ਅੱਦ੍ਵੈ ਏਕ ਆਤਮਾ ਮਨਿ।**

ਇਸ ਤਰ੍ਹਾਂ ਉਹ ਅਨੁਮਾਨ ਦਾ ਵਿਸ਼ਾ ਵੀ ਨਹੀਂ ਹੈ ਕਿ ਉਸਦਾ ਅੰਦਾਜ਼ਾ ਲਗਾ ਕੇ ਦੱਸਿਆ ਜਾ ਸਕੇ। ਉਹ ਇਕ ਹੈ, ਦ੍ਵੈਤ ਰਹਿਤ ਹੈ, ਸਭ ਦਾ ਆਤਮਾ ਹੈ ਇਸ ਪ੍ਰਕਾਰ ਮੰਨ ਲਉ।

**ਚੇਤਨ ਸਮ ਚੇਤਨ ਨਹਿੰ ਕੋਇ।ਬਿਸ਼ੈ ਉਪਮਾਨ ਨ ਯਾਂਤੇ ਹੋਇ।੫।**

ਬ੍ਰਹਮ ਚੇਤਨ ਦੇ ਸਮਾਨ ਕੋਈ ਹੋਰ ਚੇਤਨ ਨਹੀਂ ਹੈ, ਜਿਸਦੇ ਨਾਲ ਉਸ ਦੀ ਉਪਮਾ ਕੀਤੀ ਜਾ ਸਕੇ। ਇਸ ਕਰਕੇ ਉਹ ਉਪਮਾਨ ਪ੍ਰਮਾਣ ਦਾ ਵਿਸ਼ਾ ਨਹੀਂ ਹੁੰਦਾ।

**ਕਾਰਣ ਕਾਰਜ ਭੇਦ ਨ ਅਹੈ । ਅਰਥਾ-ਪੱਤਿ ਬਿਸ਼ੈ ਨਹਿੰ ਲਹੈ।**

ਬ੍ਰਹਮ ਦੇ ਵਿੱਚ ਕੋਈ ਕਾਰਣ ਕਾਰਜ ਭੇਦ ਵੀ ਨਹੀਂ ਹੈ। ਇਸ ਕਰਕੇ ਅਰਥਾ-ਪਤੀ ਪ੍ਰਮਾਣ ਦਾ ਵਿਸ਼ੈ ਵੀ ਨਹੀਂ ਹੈ।

**ਮਨ ਬਾਨੀ ਕੋ ਬਿਸ਼ੈ ਨ ਜੋਇ ।ਸ਼ਬਦ ਅਈਤੇਜਕ ਬਿਸ਼ੈ ਨ ਹੋਇ ।੬।**

ਜਿਹੜਾ ਬ੍ਰਹਮ, ਮਨ ਅਤੇ ਬਾਣੀ ਦਾ ਵਿਸ਼ਾ ਨਹੀਂ ਹੈ ਭਾਵ ਸ਼ਬਦਾਂ ਦਾ ਵਿਸ਼ਾ ਨਹੀਂ ਹੈ। ਉਹ ਸ਼ਬਦ ਪ੍ਰਮਾਣ ਅਤੇ ਅਈਤੇਜਕ ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੋ ਸਕਦਾ ਅਥਵਾ ਜੋ ਬ੍ਰਹਮ ਮਨ, ਬਾਣੀ ਆਦਿ ਤੋਂ ਪਰੇ ਹੈ, ਉਹ ਸ਼ਬਦ ਪ੍ਰਮਾਣ ਅਤੇ ਅਈਤੇਜਕ ਪ੍ਰਮਾਣ ਤੋਂ ਵੀ ਪਰੇ ਹੈ ਭਾਵ ਜੋ ਮਨ, ਬਾਣੀ ਦੀ ਪਕੜ ਵਿੱਚ ਨਹੀਂ ਆ ਸਕਦਾ, ਉਹ ਇਹਨਾਂ ਪ੍ਰਮਾਣਾਂ ਦੀ ਪਕੜ ਵਿੱਚ ਵੀ ਨਹੀਂ ਆ ਸਕਦਾ।

**ਦੇਸ਼ ਕਾਲ ਨਹਿੰ ਵਸਤੁ ਪ੍ਰਛਿੰਨ। ਏਕ ਆਤਮਾ ਅਨੰਦ ਅਭਿੰਨ।**

ਇੱਕ ਆਤਮਾ ਹੀ ਹੈ, ਜੋ ਦੇਸ਼, ਕਾਲ, ਵਸਤੂ, ਪ੍ਰਛੇਦ ਰਹਿਤ ਹੈ ਉਹ ਭਿੰਨਤਾ ਤੋਂ ਰਹਿਤ ਅਨੰਦ ਸਰੂਪ ਹੈ।

**ਦੇਸ ਨਹੀਂ ਐਸੋ ਕਿਤ ਲਹੋ , ਚੇਤਨ ਬ੍ਰਹਮ ਨਹੀਂ ਜਿਹ, ਕਹੋ।੭ ।**

ਐਸਾ ਕਿਤੇ ਕੋਈ ਦੇਸ਼-ਥਾਂ ਪ੍ਰਾਪਤ ਨਹੀਂ ਹੁੰਦਾ, ਜਿੱਥੇ ਕਿਹਾ ਜਾ ਸਕੇ ਕਿ ਇੱਥੇ ਚੇਤਨ ਸਰੂਪ ਬ੍ਰਹਮ ਵਿਆਪਕ ਨਹੀਂ ਹੈ।

**ਸਕਲ ਦੇਸ਼ ਮਹਿੰ ਪੂਰਨ ਪਿਖੀਏ॥ਦੇਸ਼ ਪ੍ਰਛੇਦ ਨ ਯਾਂਤੇ ਲਖੀਏ॥**

ਬ੍ਰਹਮ ਸਾਰੀਆਂ ਥਾਵਾਂ ਤੇ ਪਰਿਪੂਰਨ ਦੇਖਿਆ ਜਾਂਦਾ ਹੈ, ਇਸ ਕਰਕੇ ਦੇਸ਼ਕ੍ਰਿਤ ਪ੍ਰਛੇਦ ਉਸ ਵਿੱਚ ਨਹੀਂ ਜਾਣਿਆ ਜਾਂਦਾ। ਜੇਕਰ ਬ੍ਰਹਮ ਚੇਤਨ ਕਿਤੇ ਹੋਵੇ ਕਿਤੇ ਨਾ ਹੋਵੇ ਤਾਂ ਉਸਨੂੰ ਦੇਸ਼ਕ੍ਰਿਤ ਪ੍ਰਛੇਦ ਸਹਿਤ ਮੰਨਿਆ ਜਾ ਸਕਦਾ ਹੈ। ਲੇਕਿਨ ਚੇਤਨ ਸੱਤਾ ਦੀ ਵਿਆਪਕਤਾ ਤੋਂ ਬਿਨਾ ਕੋਈ ਥਾਂ ਹੈ ਹੀ ਨਹੀਂ ਤਾਂ ਉਸ ਨੂੰ ਦੇਸ਼ਕ੍ਰਿਤ ਪ੍ਰਛੇਦ ਸਹਿਤ ਕਿਵੇਂ ਕਿਹਾ ਜਾ ਸਕਦਾ ਹੈ? ਭਾਵ ਨਹੀਂ ਕਿਹਾ ਜਾ ਸਕਦਾ।

**ਭੂਤ ਭਵਿੱਖਤ ਅਰੁ ਬ੍ਰਤਮਾਨ, ਬ੍ਰਹਮ ਆਤਮਾ ਏਕ ਸਮਾਨ।੯।**

ਪਹਿਲਾ ਬੀਤ ਚੁੱਕੇ ਸਮੇਂ ਵਿੱਚ ਉਹ ਇੱਕ ਰਸ ਸੀ। ਅੱਗੇ ਆਉਣ ਵਾਲੇ ਸਮੇਂ ਵਿੱਚ ਵੀ ਇਕ ਰਸ ਹੀ ਹੋਵੇਗਾ। ਹੁਣ ਚੱਲ ਰਹੇ ਸਮੇਂ ਵਿੱਚ ਵੀ ਇਕ ਰਸ ਹੀ ਹੈ। ਤਿੰਨਾਂ ਸਮਿਆਂ ਵਿੱਚ ਪ੍ਰਮਾਤਮਾ ਇੱਕ ਰਸ ਹੀ ਰਹਿੰਦਾ ਹੈ।

**ਵਾਧ ਨ ਘਾਟ, ਜਨਮ ਨਹਿੰ ਨਾਸ਼। ਇਕਰਸ ਸਦਾ ਰਹਜੋ ਸੁ ਪ੍ਰਕਾਸ਼।**

ਨਾ ਉਹ ਵੱਧਦਾ ਹੈ, ਨਾ ਘੱਟਦਾ ਹੈ, ਨਾ ਉਸਦਾ ਜਨਮ ਹੁੰਦਾ ਹੈ, ਨਾ ਹੀ ਉਸਦੀ ਮੌਤ ਹੁੰਦੀ ਹੈ। ਉਹ ਹਰ ਸਮੇਂ ਇਕ ਰਸ ਰਹਿੰਦਾ ਹੈ ਕਿਉਂਕਿ ਉਹ ਸਦੈਵ ਪ੍ਰਕਾਸ਼ ਸਰੂਪ ਹੈ।

**ਯਾਂਤੇ ਕਾਲ ਪ੍ਰਛੇਦ ਨ ਕੋਇ।ਅੱਕ੍ਰੈ ਅਚਲ ਕੂਟ ਸਮ ਸੋਇ।੯।**

ਇਸ ਕਰਕੇ ਬ੍ਰਹਮ ਦੇ ਸਰੂਪ ਦੇ ਵਿੱਚ ਕੋਈ ਕਾਲ-ਸਮੇਂ ਕਰਕੇ ਪ੍ਰਛੇਦ ਨਹੀਂ ਹੈ ਭਾਵ ਸਮੇਂ ਕਰਕੇ, ਬ੍ਰਹਮ ਦੇ ਟੁਕੜੇ ਨਹੀਂ ਹੁੰਦੇ, ਸਮੇਂ ਕਰਕੇ ਬ੍ਰਹਮ ਨੂੰ ਹਿੱਸਿਆਂ ਵਿੱਚ ਨਹੀਂ ਵੰਡਿਆ ਜਾ ਸਕਦਾ ਕਿਉਂਕਿ ਉਹ ਬ੍ਰਹਮ ਕਿਰਿਆ ਰਹਿਤ ਹੈ ਚਲਾਇਮਾਨ ਨਹੀਂ ਹੁੰਦਾ ਅਹਿਰਣ ਵਾਂਗੂੰ ਸਮ ਰਹਿੰਦਾ ਹੈ।

**ਸਰਬ ਆਤਮਾ ਸਭਿ ਮਹਿੰ ਬਾਸਾ । ਸਰਬਾਧਾਰ ਸਮਸਤਿ ਪ੍ਰਕਾਸ਼ਾ।**

**ਯਾਂਤੇ ਵਸਤੁ ਪ੍ਰਛੇਦ ਨ ਕੋਈ। ਤੀਨਹੁੰ ਤੇ ਪਰਛਿੰਨ ਨ ਹੋਈ।੧੦।**

ਉਹ ਬ੍ਰਹਮ ਸਾਰਿਆਂ ਦਾ ਆਤਮਾ ਹੈ ਅਤੇ ਸਭ ਦਾ ਆਤਮ ਸਰੂਪ ਹੋਣ ਕਰਕੇ, ਸਭ ਵਿੱਚ ਉਸਦਾ ਵਾਸਾ ਹੈ। ਸਭ ਦਾ ਆਧਾਰ- ਆਸਰਾ ਵੀ ਉਹੀ ਹੈ, ਸਾਰਿਆਂ ਨੂੰ ਆਪਣੀ ਚੇਤਨ ਸੱਤਾ ਦੇ ਕੇ, ਪ੍ਰਕਾਸ਼ ਕਰਨ ਵਾਲਾ ਵੀ ਉਹ ਬ੍ਰਹਮ ਹੀ ਹੈ। ਇਸ ਕਰਕੇ ਵਸਤੂ ਕਰਕੇ ਵੀ ਬ੍ਰਹਮ ਵਿੱਚ ਕੋਈ ਪ੍ਰਛੇਦ ਨਹੀਂ ਹੈ। ਦੇਸ਼, ਕਾਲ, ਵਸਤੂ, ਇਹਨਾਂ ਤਿੰਨਾਂ ਕਰਕੇ ਵੀ ਬ੍ਰਹਮ ਪ੍ਰਛਿੰਨ ਨਹੀਂ ਹੈ ਕਿਉਂਕਿ ਪ੍ਰਛਿੰਨ ਉਸ ਵਸਤੂ ਨੂੰ ਕਿਹਾ ਜਾਂਦਾ ਹੈ, ਜੋ ਥੋੜੀ ਥਾਂ ਵਿੱਚ ਹੋਵੇ। ਲੇਕਿਨ ਬ੍ਰਹਮ ਦੇਸ਼, ਕਾਲ, ਵਸਤੂ ਇਹਨਾਂ ਤਿੰਨਾਂ ਵਿੱਚ ਇਕ ਰਸ ਵਿਆਪਕ ਹੈ।

**ਦੋਹਰਾ: ਆਸ਼੍ਰੈ ਵਿਖੈ ਅੱਗਯਾਨ ਕੋ ਹੋਤਿ ਬ੍ਰਹਮ ਹੀ ਏਕ ।**

**ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ, ਕੀਜੈ ਬਹੁਰ ਬਿਬੇਕ।੧੧।**

ਅਗਿਆਨ ਦਾ ਅਧਿਸ਼ਠਾਨ ਵੀ ਬ੍ਰਹਮ ਹੀ ਹੈ ਅਤੇ ਅਗਿਆਨ ਦਾ ਵਿਸ਼ਾ ਵੀ ਇਕ ਬ੍ਰਹਮ ਹੀ ਹੈ। ਹੁਣ ਇਸਨੂੰ ਪ੍ਰਮਾਣ ਸਹਿਤ ਕਥਨ ਕਰਦੇ ਹਾਂ। ਪਹਿਲਾਂ ਇਸਨੂੰ ਧਿਆਨ ਦੇ ਕੇ ਸੁਣੋ ਅਤੇ ਫਿਰ ਸੁਣਨ ਤੋਂ ਬਾਅਦ ਇਸਦਾ ਬਿਬੇਕ ਕਰ ਲੈਣਾ ਭਾਵ ਅਗਿਆਨ ਅਤੇ ਬ੍ਰਹਮ ਦਾ ਨਿਰਣਾ ਕਰਕੇ, ਬ੍ਰਹਮ ਸਰੂਪ ਵਿੱਚ ਟਿਕ ਜਾਣ ਰੂਪ ਗਿਆਨ ਪ੍ਰਾਪਤ ਕਰ

ਲੈਣਾ।

ਹੁਣ ਭਾਈ ਦਇਆ ਸਿੰਘ ਜੀ ਪ੍ਰਮਾਣ ਸਹਿਤ ਕਥਨ ਕਰਨ ਲੱਗੇ ਹਨ :

**ਚੌਪਈ: ਜਿਸ ਕੋਸ਼ਟ ਕੇ ਬੀਚ ਅੰਧੇਰਾ। ਛਾਦਨ ਕੀਨਸ ਪਰੈ ਨ ਹੇਰਾ।**

ਜਿਵੇਂ ਬੰਦ ਕੋਠੇ ਦੇ ਵਿੱਚ ਹਨੇਰਾ ਹੁੰਦਾ ਹੈ, ਉਸ ਅੰਦਰ ਦੇ ਹਨੇਰੇ ਨੇ ਹੀ ਕੋਠੇ ਨੂੰ ਅੰਦਰੋਂ ਢੱਕ ਰੱਖਿਆ ਹੈ। ਦੇਖਿਆਂ ਕੁੱਝ ਵੀ ਨਜ਼ਰ ਨਹੀਂ ਆਉਂਦਾ।

**ਕੋਸ਼ਠ ਕਰਜੋ ਵਿਖੈ ਤਮ ਹੋਇ । ਦਿਖਿਬੇ ਮਹਿਂ ਨਹਿਂ ਆਵਤ ਸੋਇ।੧੨।**

ਕੋਠੇ ਨੇ ਹੀ ਪੈਦਾ ਕੀਤਾ ਤੇ ਕੋਠੇ ਨੂੰ ਹੀ ਵਿਸ਼ੈ ਕਰ ਰਿਹਾ ਹੈ ਭਾਵ ਕੋਠੇ ਦਾ ਸਰੂਪ ਅੰਦਰੋਂ ਪ੍ਰਤੱਖ ਨਹੀਂ ਹੋਣ ਦਿੰਦਾ। ਉਹ ਕੋਠਾ, ਜਿਸਦੇ ਆਸਰੇ ਹਨੇਰਾ ਟਿਕਿਆ ਹੋਇਆ ਹੈ, ਉਹ ਖੁਦ ਹਨੇਰੇ ਕਰਕੇ ਅੰਦਰੋਂ ਨਜ਼ਰ ਨਹੀਂ ਆਉਂਦਾ।

**ਅਰੁ ਕੋਸ਼ਟ ਹੀ ਆਸ਼੍ਰੈ ਤਮ ਕੋ ।**

ਅਤੇ ਕੋਠਾ ਹੀ ਆਸਰਾ ਹੈ। ਹਨੇਰੇ ਦਾ ਤੇ ਕੋਠੇ ਨੂੰ ਹੀ ਉਹ ਆਵਰਣ ਕਰ ਰਿਹਾ ਹੈ ਭਾਵ ਢੱਕ ਰਿਹਾ ਹੈ।

**ਇਮ ਹੀ ਜਾਨੋ ਰੂਪ ਬ੍ਰਹਮ ਕੋ ।**

ਇਸੇ ਤਰ੍ਹਾਂ ਹੀ ਬ੍ਰਹਮ ਦੇ ਰੂਪ ਨੂੰ ਜਾਣੋ।

**ਤਿਸ ਤੇ ਹੀ ਉਪਜਯੋ ਅਗਜਾਨ, ਯਾਂਤੇ ਅਹੈ ਆਸਰੋ ਜਾਨ ।੧੩।**

ਉਸ ਬ੍ਰਹਮ ਤੋਂ ਹੀ ਅਗਿਆਨ ਉਤਪੰਨ ਹੁੰਦਾ ਹੈ। ਇਸ ਕਰਕੇ ਬ੍ਰਹਮ ਹੀ ਉਸਦਾ ਆਸਰਾ ਹੈ ਇਸ ਪ੍ਰਕਾਰ ਜਾਣ ਲਉ।

**ਬ੍ਰਹਮ ਕੋ ਲਖਨ ਦੇਤਿ ਨਹਿਂ ਸੋਇ। ਯਾਂਤੇ ਬਿਸ਼ੈ ਬ੍ਰਹਮ ਹੀ ਹੋਇ ।**

ਬ੍ਰਹਮ ਦੇ ਸਰੂਪ ਨੂੰ ਹੀ ਉਹ ਅਗਿਆਨ ਜਾਣਨ ਨਹੀਂ ਦਿੰਦਾ। ਇਸ ਕਰਕੇ ਅਗਿਆਨ ਦਾ ਵਿਸ਼ਾ ਬ੍ਰਹਮ ਹੀ ਹੁੰਦਾ ਹੈ ਭਾਵ ਬ੍ਰਹਮ ਨੂੰ ਹੀ ਵਿਸ਼ੇ ਕਰਦਾ ਹੈ, ਆਵਰਣ ਕਰਦਾ ਹੈ।

**ਦ੍ਵੈ ਸ਼ਕਤੀ ਧਾਰਤਿ ਅੱਗਜਾਨ ।ਇਕ ਆਵਰਨ, ਵਿਖੇਪੈ ਆਨ।੧੪।**

ਅਗਿਆਨ ਦੋ ਸ਼ਕਤੀਆਂ ਨੂੰ ਧਾਰਨ ਕਰਦਾ ਹੈ: ਇਕ ਆਵਰਣ ਸ਼ਕਤੀ ਹੈ ਅਤੇ ਵਿਖੇਪੈ ਆਨ-ਹੋਰ ਭਾਵ ਦੂਜੀ ਵਿਖੇਪ ਸ਼ਕਤੀ ਹੈ।

## ਆਵਰਣ ਸ਼ਕਤੀ

**ਬ੍ਰਹਮ ਕਰਜੋ ਆਛਾਦਨ ਜਾਂਹਿ ।ਜਿਸ ਤੇ ਜਾਨ ਸਕਹਿਂ ਕਿਮ ਨਾਂਹਿ ।**

ਇਹ ਆਵਰਣ ਸ਼ਕਤੀ ਹੀ ਹੈ, ਜਿਸ ਨੇ ਸਾਡੇ ਹਿਰਦੇ ਅੰਦਰ ਬ੍ਰਹਮ ਸਰੂਪ ਆਤਮਾ ਨੂੰ ਢਕਿਆ ਹੋਇਆ ਹੈ ਜਿਸ ਕਰਕੇ ਅਸੀਂ ਜੀਵ ਕਿਸੇ ਤਰ੍ਹਾਂ ਵੀ ਬ੍ਰਹਮ ਨੂੰ ਜਾਣ ਨਹੀਂ ਸਕਦੇ ਭਾਵ ਕਰਮ ਉਪਾਸ਼ਨਾ ਗਿਆਨ ਆਦਿ ਨਾਲ ਨਹੀਂ

ਜਾਣ ਸਕਦੇ, ਜਿੰਨਾ ਸਮਾਂ ਇਹ ਪਰਦਾ ਨਾਸ਼ ਨਹੀਂ ਹੁੰਦਾ।

**ਇਹ ਆਵਰਨ ਸ਼ਕਤਿ ਦ੍ਰਿੜ ਅਹੈ ।ਜਿਸ ਕੇ ਭਏ ਜੀਵ ਜਗ ਬਹੈ ।੧੫।**

ਇਹ ਐਸੀ ਪ੍ਰਪੱਕਤਾ ਵਾਲੀ ਆਵਰਣ ਸ਼ਕਤੀ ਹੀ ਹੈ, ਜਿਸ ਦੇ ਹਿਰਦੇ ਵਿੱਚ ਹੋਣ ਕਰਕੇ ਜੀਵ ਜਗਤ ਵਿੱਚ ਬਹਿ ਜਾਂਦਾ ਹੈ ਅਥਵਾ ਜੀਵ, ਅਗਿਆਨ ਦੇ ਜਗਤ ਰੂਪ ਪ੍ਰਵਾਹ ਵਿੱਚ ਬਹਿ ਜਾਂਦਾ ਹੈ ਭਾਵ ਜੰਮਣ-ਮਰਨ ਦੇ ਚੱਕਰ ਵਿੱਚ ਪੈ ਜਾਂਦਾ ਹੈ।

## ਵਿਖੇਪ ਸ਼ਕਤੀ

**ਪੁਨ ਨਾਨੱਤ੍ਵ ਦਿਖਾਵਨ ਕਰੇ। ਗਜ, ਬਾਜੀ, ਬਨ, ਗਨ ਤਰੁ ਹਰੇ।**

**ਸ਼ਕਤਿ ਵਿਖੇਪ ਇਹੀ ਤਿਸ ਮਾਂਹਿ। ਏਕ ਰੂਪ ਕਿਮ ਜਾਨਤਿ ਨਾਂਹਿ।੧੬।**

ਫਿਰ ਨਾਨਾਪੁਣਾ-ਅਨੇਕਪੁਣਾ ਜਗਤ ਵਿੱਚ ਦਿਖਾਉਂਦੀ ਹੈ। ਹਾਥੀ, ਘੋੜੇ, ਹਰੇ-ਭਰੇ ਹੋਏ ਜੰਗਲ, ਅਨੇਕ ਜੀਵ ਇਸ ਪ੍ਰਕਾਰ ਅਨੇਕਤਾ ਦਿਖਾਉਂਦੀ ਹੈ। ਅਗਿਆਨ ਦੀ ਦੂਜੀ ਵਿਖੇਪ ਸ਼ਕਤੀ ਇਹੀ ਹੈ। ਜਿਹੜੀ ਅਨੇਕਤਾ ਦਾ ਹੀ ਬੋਧ ਕਰਾਉਂਦੀ ਹੈ। ਸਾਰਿਆਂ ਵਿੱਚ ਵਿਆਪਕ ਇਕ ਆਤਮ ਸਰੂਪ ਨੂੰ ਕਿਸੇ ਤਰ੍ਹਾਂ ਵੀ ਜਾਣਨ ਨਹੀਂ ਦਿੰਦੀ। ਅਨੇਕਤਾ ਰੂਪ ਦ੍ਵੈਤ ਦਾ ਹੀ ਅਨੁਭਵ ਕਰਾਉਂਦੀ ਰਹਿੰਦੀ ਹੈ।

**ਸ੍ਰਵਣ, ਮਨਨ, ਨਿੱਧਜਾਸਨ ਦ੍ਵਾਰਾ। ਜਬਿ ਹੋਇਓ ਸੱਖਜਾਤ ਉਦਾਰਾ।**

ਸ੍ਰਵਣ ਮੰਣਨ ਅਤੇ ਨਿਧਿਆਸਣ ਕਰਨ ਦੇ ਨਾਲ ਜਦੋਂ ਆਤਮ ਸਾਖਯਾਤਕਾਰ ਹੋ ਜਾਂਦਾ ਹੈ

**ਤ੍ਰੈ ਗੁਣ ਤੀਨ ਅਵਸਥਾ ਛੋਰਿ।ਥਿਰੀ ਬ੍ਰਿੱਤਿ ਚਲਿ ਤੁਰੀਆ ਓਰ।੧੭।**

ਤਿੰਨ ਗੁਣ ਅਤੇ ਤਿੰਨੇ ਅਵਸਥਾਵਾਂ ਨੂੰ ਛੱਡ ਕੇ, ਭਾਵ ਰਜੋ ਗੁਣ, ਤਮੋ ਗੁਣ, ਸਤੋ ਗੁਣ ਅਤੇ ਜਾਗ੍ਰਤ, ਸੁਪਨ, ਸੁਖੋਪਤੀ ਅਵਸਥਾ, ਇਹਨਾਂ ਵਿੱਚ ਲਿਪਤ ਹੋਣ ਨੂੰ ਛੱਡ ਕੇ ਬਿਰਤੀ ਟਿਕ ਜਾਂਦੀ ਹੈ। ਤਿੰਨੇ ਗੁਣ ਅਤੇ ਤਿੰਨੇ ਅਵਸਥਾਵਾਂ ਵੱਲੋਂ ਟਿਕੀ ਹੋਈ, ਬਿਰਤੀ ਤੁਰੀਆ-ਬ੍ਰਹਮ ਸਰੂਪ ਆਤਮਾ ਵੱਲ ਨੂੰ ਪ੍ਰਾਇਣ ਕਰਦੀ ਹੈ ਅਥਵਾ ਬਾਹਰਮੁਖਤਾ ਨੂੰ ਤਿਆਗ ਕੇ ਅੰਤਰਮੁਖੀ ਹੋ ਜਾਂਦੀ ਹੈ। ਅੰਤਰਮੁਖੀ ਹੋ ਕੇ, ਆਤਮਾ ਵੱਲ ਨੂੰ ਚਲੀ ਜਾਂਦੀ ਹੈ।

**ਅਨੰਦਾਤਮ ਮਹਿਂ ਥਿਰਤਾ ਭਈ ।ਜਿਤਕਿਤ ਏਕ ਰੂਪ ਹ੍ਵੈ ਗਈ।**

ਆਤਮ ਸਰੂਪ ਵੱਲ ਨੂੰ ਚੱਲੀ ਹੋਈ ਬਿਰਤੀ (ਆਤਮਾਨੰਦ) ਆਤਮਿਕ ਅਨੰਦ ਵਿੱਚ ਜਾ ਕੇ ਟਿਕ ਜਾਂਦੀ ਹੈ। ਫਿਰ ਜਿੱਥੇ ਕਿੱਥੇ ਵੀ ਬਿਰਤੀ ਇੰਦ੍ਰਿਆਂ ਦੁਆਰਾ ਗਮਨ ਕਰਦੀ ਹੈ, ਇਕ ਰੂਪ ਹੋ ਗਈ ਹੋਣ ਕਾਰਨ, ਬ੍ਰਹਮ ਦੇ ਸਰੂਪ ਨੂੰ ਹੀ ਵਿਸ਼ੇ ਕਰਦੀ ਹੈ ।

**ਦੋਨਹੁਂ ਸ਼ਕਤਿ ਸਹਿਤ ਅੱਗਜਾਨ । ਗੁਰੂ ਬਾਕ ਤੇ ਕੀਯਸਿ ਹਾਨ।੧੮।**

ਆਵਰਣ ਅਤੇ ਵਿਖੇਪ ਇਹਨਾਂ ਦੋਵਾਂ ਸ਼ਕਤੀਆਂ ਵਾਲਾ ਜੋ ਅਗਿਆਨ ਹੈ। ਉਸ ਅਗਿਆਨ ਨੂੰ ਗੁਰੂ ਦੁਆਰਾ ਕੀਤੇ ਮਹਾਂਵਾਕਾਂ ਦੇ ਸ੍ਰਵਣ ਮੰਣਨ ਨਿਧਿਆਸਣ ਦੁਆਰਾ ਨਾਸ਼ ਕਰ ਦਿੱਤਾ ਹੈ।

**ਜੀਵ ਈਸ਼ ਨਦਿ ਵਾਹਾ ਰੂਪ ।ਪਰੇ ਬੀਚ ਭੇ ਸਮੁੰਦ੍ਰ ਅਨੂਪ ।**

ਜੀਵ ਨਾਲਾ ਤੇ ਈਸ਼ਵਰ ਨਦੀ ਰੂਪ ਹੈ। ਇਹ ਜੀਵ ਰੂਪ ਨਾਲਾ ਤੇ ਈਸ਼ਵਰ ਰੂਪ ਨਦੀ, ਬ੍ਰਹਮ ਰੂਪ ਸਮੁੰਦਰ ਦੇ ਵਿੱਚ ਪੈ ਕੇ, ਸਮੁੰਦਰ ਰੂਪ ਹੀ ਹੋ ਜਾਂਦੇ ਹਨ ਅਥਵਾ ਉਪਮਾ ਤੋਂ ਰਹਿਤ ਜੋ ਬ੍ਰਹਮ ਰੂਪ ਸਮੁੰਦਰ ਹੈ, ਉਸ ਵਿੱਚ ਮਿਲ ਕੇ ਉਸਦਾ ਹੀ ਰੂਪ ਹੋ ਜਾਂਦੇ ਹਨ।

ਹੁਣ ਲਖਣਾ ਬਿਰਤੀ ਦੁਆਰਾ ਵਿਚਾਰ ਅਰੰਭ ਹੋ ਰਹੀ ਹੈ।

**ਜਹਿਤੀ ਤੇ ਨ ਏਕਤਾ ਬਨੇ ।ਗੰਗ ਘੋਖ ਇਕ ਤਜਿਬੋ ਭਨੇ ।੧੯।**

ਜੇਕਰ ਜਹਿਤੀ ਲੱਖਣਾ ਦੁਆਰਾ ਜੀਵ ਬ੍ਰਹਮ ਦੀ ਏਕਤਾ ਸਿੱਧ ਕਰਦੇ ਹਾਂ ਤਾਂ ਇਸ ਲੱਖਣਾ ਦੁਆਰਾ ਇਹਨਾਂ ਦੀ ਏਕਤਾ ਬਣਦੀ ਨਹੀਂ। ਜਿਵੇਂ ਕਿਸੇ ਨੇ ਕਿਹਾ ਕਿ ਗੰਗਾ ਵਿੱਚ ਘੋਖ-ਗਾਂਵਾਂ ਦਾ ਵਾੜਾ ਹੈ। ਹੁਣ ਗੰਗਾ ਦਾ ਮਤਲਬ ਇਥੇ ਦੇਵ ਨਦੀ ਦਾ ਪ੍ਰਵਾਹ ਹੈ ਤੇ ਘੋਖ ਦਾ ਮਤਲਬ ਗਾਂਵਾਂ ਦਾ ਵਾੜਾ ਹੈ, ਜਿਸ ਵਿੱਚ ਗਾਂਵਾਂ ਰਹਿੰਦੀਆਂ ਹਨ। ਹੁਣ ਜਿਥੇ ਤੇਜ ਪਾਣੀ ਵਗਦਾ ਹੋਵੇ, ਉਥੇ ਗਾਂਵਾਂ ਦਾ ਰੈਣ ਬਸੇਰਾ ਨਹੀਂ ਹੋ ਸਕਦਾ, ਜੇਕਰ ਰੈਣ ਬਸੇਰਾ ਹੈ ਤਾਂ ਗੰਗਾ ਦਾ ਤੇਜ ਪ੍ਰਵਾਹ ਨਹੀਂ ਹੋ ਸਕਦਾ। ਇਹਨਾਂ ਦੋਵਾਂ ਵਿਚੋਂ ਇਕ ਦਾ ਤਿਆਗ ਕਰਨਾ ਪੈਂਦਾ ਹੈ। ਇਸ ਕਰਕੇ ਜਹਿਤੀ ਲੱਖਣਾ ਦੁਆਰਾ ਜੀਵ ਬ੍ਰਹਮ ਦੀ ਏਕਤਾ ਸਿੱਧ ਨਹੀਂ ਹੋ ਸਕਦੀ।

**ਜੀਵ ਈਸ਼ ਦੋਨਹੁੰ ਪਰਹਰੇ । ਤਬਿ ਇਕਤਾ ਕਹੁ ਕਿਸ ਕੀ ਕਰੇ ।**

ਹੁਣ ਜੇਕਰ ਜੀਵ ਤੇ ਈਸ਼ ਦੋਵਾਂ ਦਾ ਤਿਆਗ ਕਰ ਦਿਆਂਗੇ ਤਾਂ ਫਿਰ ਦੱਸੋ ਬ੍ਰਹਮ ਨਾਲ ਏਕਤਾ ਕਿਸ ਦੀ ਕਰਨੀ ਹੈ?

**ਤਥਾ ਅਜਹਿਤੀ ਗ੍ਰਹਨ ਕਰਨ ਮੈਂ ।ਇਹ ਭੀ ਬਨਹਿ ਨ, ਸੁਨਹੁੰ ਸ਼੍ਰਵਣ ਮੈਂ ।੨੦।**

ਉਸੇ ਤਰ੍ਹਾਂ ਭਾਵ ਜਹਿਤੀ ਵਾਂਗ ਅਜਹਿਤੀ ਲੱਖਣਾ ਦੁਆਰਾ ਵੀ ਏਕਤਾ ਗ੍ਰਹਿਣ ਕਰਨ ਵਿੱਚ ਨਹੀਂ ਆਉਂਦੀ ਅਥਵਾ ਉਸੇ ਤਰ੍ਹਾਂ ਜੇਕਰ ਅਜਹਿਤੀ ਲੱਖਣਾ ਦੁਆਰਾ ਏਕਤਾ ਸਿੱਧ ਕਰਦੇ ਹਾਂ ਤਾਂ ਇਹ ਵੀ ਨਹੀਂ ਬਣਦੀ ਆਪਣੇ ਕੰਨਾਂ ਨਾਲ ਹੀ ਸੁਣ ਲਉ।

**ਜੀਵ ਈਸ਼ ਦੋਨਹੁੰ ਕੋ ਰਾਖੈ ।ਔਰ ਗ੍ਰਹਨ ਕਿਹ ਕਰਨ ਭਿਲਾਖੈ ।**

ਜੀਵ ਈਸ਼ ਦੋਵਾਂ ਨੂੰ ਰੱਖ ਕੇ, ਹੋਰ ਅਰਥ ਗ੍ਰਹਿਣ ਕਰਨ ਦੀ ਇੱਛਾ ਹੀ ਨਹੀਂ ਰਹਿੰਦੀ।

**ਅਰਥ ਨ ਸਿੱਧ ਦੁਹਨਿ ਤੇ ਹੋਵਾ। ਤਬਿ ਸਤਿਗੁਰਨਿ ਤ੍ਰਿਤੀ ਪਖ ਜੋਵਾ ।੨੧।**

ਜਦੋਂ ਜੀਵ ਬ੍ਰਹਮ ਏਕਤਾ ਰੂਪ ਅਰਥ ਇਹਨਾਂ ਦੋਵੇਂ ਲੱਖਣਾ ਦੁਆਰਾ ਸਿੱਧ ਨਾ ਹੋਇਆ ਤਾਂ ਉਦੋਂ ਸਤ ਸਰੂਪ ਹੋ ਚੁੱਕੇ ਗੁਰੂਆਂ ਨੇ ਤੀਜਾ ਪੱਖ ਵਿਚਾਰ ਕੇ ਦੇਖਿਆ ਹੈ। ਤਾਂ ਭਾਗ ਤਿਆਗ ਲੱਛਣਾ ਬਿਰਤੀ ਦੁਆਰਾ ਜੀਵ ਈਸ਼ ਦੀ ਏਕਤਾ ਕਰਨ ਵਾਲਾ ਪੱਖ ਸਿੱਧ ਹੋ ਜਾਂਦਾ ਹੈ। ਹੇ ਸ੍ਰੋਤਿਓ ! ਸੁਣੋ ਜਿਵੇਂ ਸਿਆਣੇ ਲੋਕਾਂ ਨੇ ਕਥਨ ਕੀਤਾ ਹੈ।

**ਲਛਣਾਂ ਦੌਨ ਮਿਲਾਇ ਬਿਚਾਰਾ। ਭਾਗ ਤਜਾਗ ਤਿਹ ਨਾਮ ਉਚਾਰਾ ।**

ਇਹਨਾਂ ਦੋਵਾਂ ਲਖਣਾਂ ਨੂੰ ਮਿਲਾ ਕੇ, ਜਦੋਂ ਬਿਚਾਰਿਆ ਤਾਂ ਤੀਜੀ ਲੱਖਣਾਂ ਵਿਚਾਰ ਵਿੱਚ ਆਈ ਤੇ ਉਸਦਾ ਨਾਮ ਭਾਗ ਤਿਆਗ ਲੱਖਣਾ ਕਿਹਾ ਗਿਆ ਹੈ।

**ਇਕਤਾ ਕਰਨ ਅਰਥ ਭਾ ਸਿੱਧ। ਸ਼੍ਰੋਤਾ ਸੁਨਹੁਂ ਕਹਜੋ ਜਿਮ ਬ੍ਰਿੱਧ।੨੨।**

ਤਾਂ ਭਾਗ ਤਿਆਗ ਲੱਛਣਾ ਬਿਰਤੀ ਦੁਆਰਾ ਜੀਵ ਈਸ਼ ਦੀ ਏਕਤਾ ਕਰਨ ਵਾਲਾ ਪੱਖ ਸਿੱਧ ਹੋ ਜਾਂਦਾ ਹੈ। ਹੇ ਸ਼੍ਰੋਤਿਓ ! ਸੁਣੋ ਜਿਵੇਂ ਸਿਆਣੇ ਲੋਕਾਂ ਨੇ ਕਥਨ ਕੀਤਾ ਹੈ।

**ਜੀਵ ਵਾਚਜ ਕਰਿ ਹੈ ਅਲਪੱਗਜ ।ਈਸ਼ਰ ਵਾਚਜ ਅਹੈ ਸਰਬਗੱਜ।**

ਵਾਚਯ ਅਰਥ ਕਰਕੇ ਜੇਕਰ ਦੇਖਿਆ ਜਾਏ ਤਾਂ ਜੀਵ ਅਲਪੱਗ ਹੈ ਅਤੇ ਈਸ਼ਵਰ ਦਾ ਵਾਚਯ ਅਰਥ ਸਰਵੱਗ ਹੈ।

**ਜਨਮ ਮਰਣ ਉਰਮੀ ਤਨ ਦੋਇ ।ਛੁਧਾ ਤ੍ਰਿਖਾ ਪ੍ਰਾਣਨਿ ਕੀ ਹੋਇ ।੨੩।**

ਜੰਮਣਾ ਤੇ ਮਰਨਾ ਇਹ ਦੋ ਸਰੀਰ ਦੀਆਂ ਉਰਮੀਆਂ ਹਨ ਭਾਵ ਲਹਿਰਾਂ ਹਨ। ਭੁੱਖ ਤੇ ਪਿਆਸ ਇਹ ਦੋ ਪ੍ਰਾਣਾਂ ਦੀਆਂ ਉਰਮੀਆਂ-ਲਹਿਰਾਂ ਹਨ।

**ਹਰਖ ਸੋਗ ਮਨ ਦੀ ਪਹਿਚਾਨ।ਇਨ ਖਟ ਸਹਿਤ ਜੀਵ ਕੋ ਮਾਨ।**

ਖੁਸ਼ੀ ਤੇ ਗਮੀ ਇਹ ਦੋ ਮਨ ਦੀਆਂ ਲਹਿਰਾਂ ਹਨ। ਇਹਨਾਂ ਛੇ ਉਰਮੀਆਂ ਦੇ ਸਹਿਤ ਜੀਵ ਨੂੰ ਮੰਨ ਲਉ।

**ਲੱਛਮੀ, ਗਜਾਨ, ਵਿਰਾਗ, ਉਦਾਰ ।ਜਸ, ਅਸ਼੍ਵੈਰਜ, ਗੁਣ ਖਸ਼ਟ ਉਚਾਰ।੨੪।**

ਲਛਮੀ, ਗਿਆਨ, ਵੈਰਾਗ ਉਦਾਰ ਜਸ ਅਸ਼੍ਵੈਰਜ ਇਹ ਛੇ ਈਸ਼ਵਰ ਦੇ ਗੁਣ ਕਹੇ ਜਾਂਦੇ ਹਨ।

**ਜੀਵਨ ਮਹਿਂ ਇਨ ਕੋ ਕਿਤ ਅੰਸ਼ ।ਈਸ਼ੁਰ ਬਿਖੈ ਖਸ਼ਟ ਸਰਬੰਸ ।**

ਜੀਵਾਂ ਦੇ ਵਿੱਚ ਇਹਨਾਂ ਛੇ ਗੁਣਾਂ ਦੀ ਕੋਈ ਕੋਈ ਅੰਸ਼ ਹੁੰਦੀ ਹੈ ਭਾਵ ਕਿਸੇ ਵਿੱਚ ਕੋਈ ਗੁਣ ਕਿਸੇ ਵਿੱਚ ਕੋਈ ਗੁਣ ਉਹ ਵੀ ਥੋੜ੍ਹੀ ਮਾਤਰਾ ਵਿੱਚ ਅੰਸ਼ ਮਾਤਰ ਹੁੰਦਾ ਹੈ।ਈਸ਼ਵਰ ਵਿੱਚ ਇਹ ਛੇ ਦੇ ਛੇ ਗੁਣ ਪੂਰਨ ਰੂਪ ਵਿੱਚ ਬਿਰਾਜਮਾਨ ਹੁੰਦੇ ਹਨ।

**ਯਾਂਤੇ ਸ੍ਰਿਸ਼ਟਿ ਉਪਾਵਨਿ, ਪਾਰਨਿ।ਨਾਸ਼ਨ ਕਰਨਿ ਈਸ਼ ਤ੍ਰੈ ਕਾਰਨ।੨੫।**

ਇਸ ਕਰਕੇ ਸ੍ਰਿਸ਼ਟੀ ਪੈਦਾ ਕਰਨੀ, ਫਿਰ ਉਸਦੀ ਪਾਲਣਾ ਕਰਨੀ ਅਤੇ ਸੰਘਾਰ ਕਰਨਾ ਇਹ ਤਿੰਨੇ ਸ਼ਕਤੀਆਂ ਈਸ਼ਵਰ ਦੇ ਸਰਬੱਗ ਹੋਣ ਦੇ ਕਾਰਨ ਹੁੰਦੀਆਂ ਹਨ।

**ਜੀਵ ਪ੍ਰਤੰਤ੍ਰ ਦੁਖੀ ਗੁਣ ਹੀਨ।ਕਿਮ ਦੋਇਨਿ ਕੀ ਇਕਤਾ ਲੀਨਿ।**

ਜੀਵ ਸੁਤੰਤਰ ਨਹੀਂ ਹੈ ਦੁਖੀ ਹੈ ਈਸ਼ ਵਾਲੇ ਛੇ ਗੁਣਾਂ ਤੋਂ ਬਿਨਾਂ ਹੈ ਕਿਵੇਂ ਇਹਨਾਂ ਦੋਵਾਂ ਦੇ ਏਕਤਾ ਰੂਪ ਅਰਥ ਨੂੰ ਲਿਆ ਜਾ ਸਕਦਾ ਹੈ।

**ਵਾਚਜ ਵਿਖੈ ਇਕਤਾ ਨਹਿਂ ਜੋਇ।ਲਖਣਾ ਕਰੇ ਲਖਜ ਮੈਂ ਹੋਇ ।੨੬।**

ਜੀਵ ਬ੍ਰਹਮ ਦੀ ਵਾਚਯ ਅਰਥ, ਵਿੱਚ ਜੇਕਰ ਏਕਤਾ ਕਰਦੇ ਹਾਂ ਤਾਂ ਉਹ ਨਹੀਂ ਹੋ ਸਕਦੀ ਅਥਵਾ ਵਾਚਯ ਅਰਥ ਦੁਆਰਾ ਜੀਵ ਬ੍ਰਹਮ ਦੀ ਜਿਹੜੀ ਏਕਤਾ ਕਰਨੀ ਹੈ ਉਹ ਨਹੀਂ ਹੋ ਸਕਦੀ। ਜੇਕਰ ਲੱਖਣਾ ਬਿਰਤੀ ਦੁਆਰਾ ਏਕਤਾ ਕਰਦੇ ਹਾਂ ਤਾਂ ਉਹ ਲਖਯ ਅਰਥ ਦੁਆਰਾ ਹੋ ਸਕਦੀ ਹੈ।

**ਦੁਖੀ, ਪ੍ਰਤੰਤ੍ਰ ,ਅਲਪਤਾ, ਜੀਵ । ਤੀਨੋ ਤਜਿ ਪਾਛੈ ਜੋ ਥੀਵ ।**

ਦੁਖੀ, ਪਰ ਅਧੀਨ, ਅਲਪ ਸ਼ਕਤੀ ਵਾਲਾ ਜੋ ਜੀਵ ਹੈ, ਇਹਨਾਂ ਤਿੰਨਾਂ ਨੂੰ ਛਡ ਕੇ ਜੋ ਬਾਕੀ ਥੀਵ ਬਚਿਆ ਹੈ।

**ਸਰਬਗਤਾ,ਖਟ ਗੁਣ, ਸੁਖ ਈਸ਼ ।ਤੀਨੋ ਤਜਿ ਪਸ਼ਚਾਤਿ ਰਹੀਸ।੨੭।**

ਈਸ਼ਵਰ ਦੇ ਵਿੱਚ ਸਰਵੱਗਤਾ, ਸਰਬ-ਸ਼ਕਤੀਪੁਣਾ, ਛੇ ਗੁਣ, ਸੁੱਖ ਆਦਿ ਜੋ ਹਨ, ਇਹਨਾਂ ਤਿੰਨਾਂ ਨੂੰ ਛੱਡ ਕੇ, ਪਿੱਛੇ ਜੋ ਬਾਕੀ ਬਚਿਆ ਹੈ।

**ਸੱਚਿਦਾਨੰਦ ਦੁਹਨਿ ਮਹਿੰ ਰਹਜੋ । ਯਾਂਤੇ ਇਕਤਾ ਦੋਨਹੁੰ ਲਹਯੋ ।**

ਜੀਵ ਅਤੇ ਈਸ਼ ਇਹਨਾਂ ਦੋਵਾਂ ਵਿਚੋਂ ਜੋ ਪਿਛੇ ਬਾਕੀ ਬਚਿਆ ਹੈ । ਉਹ ਹੈ ਸਤ-ਚਿਤ ਅਨੰਦ ਸਰੂਪ ਆਤਮਾ ਹੈ। ਇਸ ਕਰਕੇ ਦੋਵੇਂ ਵਿੱਚ ਬਾਕੀ ਰਹੇ ਚੇਤੰਨ ਦੀ ਆਪਸ ਵਿੱਚ ਏਕਤਾ ਹੈ ਭਾਵ ਉਸ ਵਿੱਚ ਕੋਈ ਫਰਕ ਨਹੀਂ ਹੈ, ਅਥਵਾ ਭਾਗ ਤਿਆਗ ਲਖਣਾ ਦੁਆਰਾ ਜੀਵ ਦਾ ਜੀਵ ਪੁਣਾ ਤਿਆਗ ਕੇ ਤੇ ਈਸ਼ ਦਾ ਈਸ਼ ਪੁਣਾ ਤਿਆਗ ਕੇ ਜੋ ਬਾਕੀ ਬਚਦਾ ਹੈ, ਉਹ ਹੈ ਚੇਤਨ ਉਸ ਬ੍ਰਹਮ ਚੇਤਨ ਵਿੱਚ ਕੋਈ ਭੇਦ ਨਾ ਹੋਣ ਕਰਕੇ, ਏਕਤਾ ਬਣਦੀ ਹੈ।

**ਜਥਾ ਅਗਨਿ ਕੇ ਗੁਨ ਹੈ ਤੀਨ।ਦਾਹਕ, ਉਸ਼ਨ, ਪ੍ਰਕਾਸ਼ਕ, ਚੀਨ ।੨੮।**

ਜਿਵੇਂ ਅੱਗ ਦੇ ਤਿੰਨ ਗੁਣ ਹਨ ਸਾੜਨਾ, ਸੇਕ ਪੈਦਾ ਕਰਨਾ ਅਤੇ ਚਾਨਣ ਕਰਨਾ।

**ਤਿਸੀ ਅਗਨਿ ਕੇ ਤੀਨਹੁੰ ਰੂਪ ।ਬਨ ਦੌਂ, ਦੀਪ, ਮਸਾਲ ਅਨੂਪ ।**

ਉਸੇ ਅੱਗ ਦੇ ਤਿੰਨੇ ਹੀ ਰੂਪ ਹਨ: ਬੜਵਾਨਲ-ਜੰਗਲਾਂ ਨੂੰ ਸਾੜਨ ਵਾਲੀ ਅੱਗ, ਦੀਵਾ ਤੇ ਮਸ਼ਾਲ।

**ਤ੍ਰੈਗੁਣ ਤੀਨਹੁੰ ਰੂਪ ਮਝਾਰ।ਈਸ਼ ਜੀਵ ਤਿਮ ਬ੍ਰਹਮ ਬਿਚਾਰ।੨੯।**

ਉਸੇ ਤਰ੍ਹਾਂ ਹੀ ਤਿੰਨੇ ਗੁਣਾਂ ਅਤੇ ਤਿੰਨਾਂ ਹੀ ਰੂਪਾਂ ਵਿੱਚ ਜੀਵ ਈਸ਼ ਅਤੇ ਬ੍ਰਹਮ ਨੂੰ ਵਿਚਾਰ ਲਉ। ਉਪਰ ਦੱਸੇ ਅਗਨੀ ਦੇ ਤਿੰਨਾਂ ਰੂਪਾਂ ਵਿੱਚ ਅੱਗ ਤਾਂ ਸਮ ਹੀ ਹੈ, ਉਸੇ ਤਰ੍ਹਾਂ ਤਿੰਨਾਂ ਗੁਣਾਂ ਅਤੇ ਜੀਵ ਈਸ਼ ਵਿੱਚ ਬ੍ਰਹਮ ਸਮਾਨ ਹੀ ਹੈ।

**ਇਕ ਅਕਾਸ਼ ਤ੍ਰੈ ਭੇਦ ਬਨਾਏ। ਘਟਮਟ, ਮਹਾਂਕਾਸ਼ ਦ੍ਰਿਸ਼ਟਾਏ।**

**ਛੋਟੋ ਬਡ ਉਪਾਧਿ ਤੇ ਹੋਇ। ਨਾਸ਼ ਉਪਾਧਿ ਏਕ ਹੀ ਸੋਇ।੩0।**

ਅਕਾਸ਼ ਤਾਂ ਇੱਕ ਹੀ ਹੈ, ਲੇਕਿਨ ਉਸਦੇ ਵੀ ਤਿੰਨ ਭੇਦ ਬਣ ਜਾਂਦੇ ਹਨ। ਘਟਾਕਾਸ਼-ਜੋ ਘੜੇ ਦੇ ਵਿੱਚ ਆਇਆ ਅਕਾਸ਼, ਮਟਾਕਾਸ਼- ਜੋ ਘਰ ਦੇ ਦਾਇਰੇ ਵਿੱਚ ਆਇਆ ਅਕਾਸ਼ ਅਤੇ ਮਹਾਂਕਾਸ਼- ਜੋ ਅਕਾਸ਼ ਸੰਪੂਰਨ ਵਿਆਪਕ ਨਜ਼ਰ ਆ ਰਿਹਾ ਹੈ।ਹੁਣ ਇੱਕ ਹੀ ਅਕਾਸ਼ ਘੜੇ ਅਤੇ ਘਰ ਆਦਿ ਵਿੱਚ ਆਇਆ ਹੋਣ ਕਾਰਨ ਛੋਟਾ ਵੱਡਾ ਪ੍ਰਤੀਤ ਹੁੰਦਾ ਹੈ ਪਰੰਤੂ ਉਸਦੀ ਪ੍ਰਤੀਤੀ ਦਾ ਕਾਰਨ ਘੜਾ ਅਤੇ ਘਰ ਹੈ। ਘੜਾ ਤੋੜ ਦਿਉ ਅਤੇ ਘਰ ਢਾਹ ਦਿਉ ਉਪਾਧੀ ਨਾਸ਼ ਹੋ

ਜਾਵੇਗੀ ਤੇ ਉਹ ਇੱਕ ਹੀ ਮਹਾਂਕਾਸ਼ ਨਜ਼ਰ ਆਵੇਗਾ।

**ਇਮ ਸਾਖਜਾਤਕਾਰ ਮੈਂ ਏਕ ।ਰਹੈ, ਨ ਭਾਵਾਭਾਵ ਬਿਬੇਕ।**

ਇਸ ਤਰ੍ਹਾਂ ਸਾਖਯਾਤਕਾਰ ਦੀ ਅਵਸਥਾ ਵਿੱਚ ਜੀਵ ਈਸ਼ ਬ੍ਰਹਮ ਇੱਕ ਰੂਪ ਹੀ ਹੁੰਦੇ ਹਨ ਅਥਵਾ ਇਸੇ ਤਰ੍ਹਾਂ ਹੀ ਬ੍ਰਹਮ ਸਰੂਪ ਦੇ ਪ੍ਰਤੱਖ ਅਨੁਭਵ ਵਿੱਚ ਇੱਕ ਅਦ੍ਵੈਤ ਚੇਤਨ ਹੀ ਰਹਿ ਜਾਂਦਾ ਹੈ ਅਤੇ ਜੀਵ ਭਾਵ ਦਾ ਹੋਣਾ ਅਤੇ ਇਸਦੇ ਅਭਾਵ-ਨਾ ਹੋਣ ਦਾ ਗਿਆਨ ਵੀ ਨਹੀਂ ਰਹਿੰਦਾ ਅਥਵਾ ਪ੍ਰਪੰਚ ਦਾ ਭਾਵ-ਹੋਣਾ ਅਤੇ ਅਭਾਵ - ਨਾ ਹੋਣਾ ਇਹ ਗਿਆਨ ਵੀ ਨਹੀਂ ਰਹਿੰਦਾ।

**ਤਤ੍ਵੰਮਸੀ ਅਹੰਬ੍ਰਹਮਾਸਮਿ॥ਇਕ ਰਸ ਬ੍ਰਿੱਤਿ ਨ ਉਥਤੈ ਭਰਮ॥੩੧॥**

ਗੁਰੂ ਵੱਲੋਂ ਕਿਹਾ ਗਿਆ ਮਹਾਂਵਾਕ ਕਿ **ਤਤ੍ਵੰਮਸੀ-ਤੂੰ** ਬ੍ਰਹਮ ਰੂਪ ਹੈ। ਉਸਦਾ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਕਿ **ਅਹੰਬ੍ਰਹਮਾਸਮਿ**-ਮੈਂ ਬ੍ਰਹਮ ਸਰੂਪ ਹਾਂ, ਇਕ ਰਸ ਬਿਰਤੀ ਟਿਕੀ ਰਹਿੰਦੀ ਹੈ, ਭਰਮ ਦਾ ਮੁੜ ਉਥਾਨ ਨਹੀਂ ਹੁੰਦਾ।

**ਨੋਟ:** ਇੱਥੇ ਬਿਰਤੀ ਬਾਰੇ ਵਿਚਾਰ ਸਥੂਲ ਰੂਪ ਵਿੱਚ ਕਥਨ ਕੀਤੀ ਗਈ ਹੈ, ਸੂਖਮ ਰੂਪ ਵਿੱਚ ਵਿਚਾਰ ਬ੍ਰਹਮਾਕਾਰ ਬਿਰਤੀ ਦੇ ਪ੍ਰਸੰਗ ਵਿੱਚ ਕਰ ਆਏ ਸੀ ।

**ਸ਼੍ਰੋਤ੍ਰੀ ਬ੍ਰਹਮ ਨਿਸ਼ਠੀ ਤੇ ਗਜਾਨ ।ਪਾਇ ਮਮੋਖ੍ਹੂ ਬੰਧਨ ਹਾਨ।**

ਬ੍ਰਹਮ ਸ੍ਰੋਤ੍ਰੀ ਅਤੇ ਬ੍ਰਹਮ ਨਿਸ਼ਠੀ ਗੁਰੂ ਪਾਸੋਂ ਮੁਕਤੀ ਦੀ ਇੱਛਾ ਰੱਖਣ ਵਾਲਾ, ਆਤਮ ਗਿਆਨ ਪ੍ਰਾਪਤ ਕਰਦਾ ਹੈ। ਆਤਮ ਗਿਆਨ ਪ੍ਰਾਪਤ ਹੋਣ ਨਾਲ, ਉਸਦੇ ਸਾਰੇ ਬੰਧਨ ਨਾਸ਼ ਹੋ ਜਾਂਦੇ ਹਨ।

**ਜੋ ਕਾਚੇ ਗੁਰ ਤੇ ਲਹਿ ਕੋਇ।ਕਿਧੌਂ ਗ੍ਰੰਥ ਪਠਿ ਆਪੇ ਹੋਇ।੩੨।**

ਜੇਕਰ ਕੋਈ ਕੱਚੇ ਗੁਰੂ ਕੋਲ ਜਾ ਕੇ, ਗੁਰ ਮੰਤ੍ਰ ਅਥਵਾ ਗਿਆਨ ਪ੍ਰਾਪਤ ਕਰਦਾ ਹੈ ਜਾਂ ਧਰਮ ਗ੍ਰੰਥਾਂ ਨੂੰ ਬੌਧਿਕ ਤਲ ਤੇ ਪੜ੍ਹ ਕੇ ਆਪਣੇ ਆਪ ਨੂੰ ਗਿਆਨਵਾਨ ਸਮਝ ਲੈਂਦਾ ਹੈ।

**ਤਿਨ ਕੀ ਗਤਿ ਸ਼੍ਰੀ ਨਾਨਕ ਕਹੀ।ਅਹੰਬ੍ਰਹਮਾਸਮਿ ਬੋਲੇ ਸਹੀ।**

ਉਹਨਾਂ ਦੇ ਅੰਦਰ ਦੀ ਅਵਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਿਆਨ ਕੀਤੀ ਹੈ। **ਅਹੰ ਬ੍ਰਹਮਾਸਮਿ:** ਕਿ ਮੈਂ ਬ੍ਰਹਮ ਹਾਂ ਅਥਵਾ ਗਿਆਨਵਾਨ ਹਾਂ। ਮੂੰਹੋਂ ਬੋਲਦੇ ਤਾਂ ਹਨ ਪਰੰਤੂ: ਵਾਹਿਗੁਰੂ ਦੇ ਅਨੁਭਵ ਵਾਲੀ ਅਵਸਥਾ ਬਣੀ ਨਹੀਂ ਹੁੰਦੀ ਤੇ ਰੀਸ ਬ੍ਰਹਮ ਗਿਆਨੀਆਂ ਦੀ ਕਰਦੇ ਹਨ।

**ਗਜਾਨਵਾਨ ਕੀ ਬਨੈ ਨ ਰੀਸ।ਹੁਇ ਕੂੜਨਿ ਕੀ ਕੂਰੀ ਠੀਸ।੩੩।**

ਪਰਮਾਤਮਾ ਦੇ ਸਰੂਪ ਵਿੱਚ ਅਭੇਦ ਪੁਰਖ ਦੀ ਰੀਸ ਕਰਨੀ ਬਣਦੀ ਨਹੀਂ ਅਥਵਾ ਕੋਈ ਬਰਾਬਰੀ ਕਰ ਨਹੀਂ ਸਕਦਾ ਕਿਉਂਕਿ ਝੂਠਿਆਂ ਦੀਆਂ ਗੱਲਾਂ ਵੀ ਝੂਠੀਆਂ ਹੀ ਹੁੰਦੀਆਂ ਹਨ। ਗਿਆਨਵਾਨਾਂ ਦੀ ਬਰਾਬਰੀ ਖਰੜ ਗਿਆਨੀ ਨਹੀਂ ਕਰ ਸਕਦਾ ਕਿਉਂਕਿ ਝੂਠਿਆਂ ਦੀਆਂ ਗੱਪਾਂ ਵੀ ਝੂਠੀਆਂ ਹੀ ਹੁੰਦੀਆਂ ਹਨ।

## ਸ੍ਰੀ ਮੁਖਵਾਕ

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।**

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।**

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।**

**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।੩।**

**ਚੌਪਈ: ਪਢੇ ਗ੍ਰੰਥ ਬਨ ਬੈਠੇ ਗਜਾਨੀ। ਨਾਨਾ ਜੁਗਤਿਨਿ ਕਰਹਿਂ ਬਖਾਨੀ।**

**ਅਹੰਬ੍ਰਹਮਾਸਮਿ ਕਹੈਂ ਸੁਨਾਇ। ਤਨਹੰਤਾ ਨਹਿਂ ਛੂਟੀ ਬਲਾਇ।੩੪।**

ਅਨੇਕ ਗ੍ਰੰਥ ਪੜ੍ਹ ਲਏ ਅਤੇ ਆਪਣੇ-ਆਪ ਵਿੱਚ ਗਿਆਨੀ ਬਣ ਬੈਠੇ, ਫਿਰ ਤਰ੍ਹਾਂ-ਤਰ੍ਹਾਂ ਦੀਆਂ ਜੁਗਤੀਆਂ ਗ੍ਰੰਥਾਂ ਵਿੱਚੋਂ ਰਟ ਕੇ, ਲੋਕਾਂ ਵਿੱਚ ਵਖਿਆਨ ਕਰਨ ਲੱਗ ਪਏ। ਆਪਣੇ ਅੰਦਰ ਇਹ ਭਰਮ ਵੀ ਪੈਦਾ ਕਰ ਲਿਆ ਕਿ ਮੈਂ ਤਾਂ ਬ੍ਰਹਮ ਦੇ ਸਰੂਪ ਨੂੰ ਆਪਣੀ ਬੁੱਧੀ ਦੇ ਤਲ ਤੇ ਜਾਣ ਲਿਆ ਹੈ ਤੇ ਕਹਿਕੇ ਸੁਣਾਉਣ ਲੱਗ ਗਏ, ਮੈਂ ਬ੍ਰਹਮ ਹੀ ਹਾਂ, ਲੇਕਿਨ ਦੇਹ ਅਧਿਆਸ ਤਾਂ ਛੁਟਿਆ ਹੀ ਨਹੀਂ ਭਾਵ ਦੇਹ ਦੇ ਸਾਰੇ ਬੰਧਨਾਂ ਅਤੇ ਧਰਮਾਂ ਵਿੱਚ ਅਜੇ ਫਸੇ ਹੋਏ ਹਨ।

**ਤਿਨ ਮਹਿਂ ਸਾਰ ਨ ਪੱਯਤਿ ਕੈਸੇ। ਭਸਮ ਬੂਆੜ ਤਿਲਨਿ ਮਹਿਂ ਜੈਸੇ।**

ਇਹਨਾਂ ਵਿੱਚੋਂ ਕਿਸੇ ਨੂੰ ਸਾਰ-ਆਤਮ ਵਸਤੂ ਦੀ ਪ੍ਰਾਪਤੀ ਦੱਸੋ ਕਿਵੇਂ ਹੋ ਸਕਦੀ ਹੈ? ਇਹਨਾਂ ਦੇ ਅੰਦਰ ਦੀ ਹਾਲਤ ਤਾਂ ਬੂਆੜ ਦੇ ਤਿਲਾਂ ਵਰਗੀ ਹੈ, ਜਿਵੇਂ ਬੂਆੜ ਦੇ ਤਿਲਾਂ ਵਿੱਚ ਸੁਆਹ ਭਰੀ ਹੁੰਦੀ ਹੈ। ਉਸੇ ਤਰ੍ਹਾਂ ਇਹਨਾਂ ਦੇ ਅੰਦਰ ਵਿਦਵਤਾ ਦੇ ਹੰਕਾਰ ਕਰਕੇ, ਅਗਿਆਨਤਾ ਰੂਪ ਸੁਆਹ ਭਰੀ ਹੁੰਦੀ ਹੈ।

**ਕਿਧੌਂ ਗਜਾਨ ਬ੍ਰਿਤਿ ਕਾਚੀ ਰਹੀ॥ ਥਿਰਤਾ ਭਲੇ ਨਾ ਮਨ ਨੇ ਲਹੀ।੩੫।**

ਜਾਂ ਗਿਆਨ ਵਿੱਚ ਬਿਰਤੀ ਕੱਚੀ ਰਹਿ ਗਈ ਭਾਵ ਟਿਕ ਨਾ ਪਾਈ। ਬਿਰਤੀ ਦੇ ਆਤਮ ਸਰੂਪ ਵਿੱਚ ਨ ਟਿਕਣ ਕਰਕੇ, ਮਨ ਨੇ ਵੀ ਸਰੂਪ ਪ੍ਰਾਇਣ ਰੂਪ ਥਿਰਤਾ ਪ੍ਰਾਪਤ ਨਾ ਕੀਤੀ ਭਾਵ ਮਨ ਵੀ ਇਕਾਗਰ ਨਾ ਹੋ ਪਾਇਆ।

**ਕਰਮਨਿ ਮਹਿਂ ਨਿਸੰਗ ਹੁਇ ਬਰਤਾ। ਬਹੈ ਸੁ ਜਨਮ ਮਰਨ ਕੀ ਸਰਿਤਾ।**

ਲੇਕਿਨ ਕਰਮਾਂ ਦੇ ਵਿੱਚ ਨਿਸੰਗ ਹੋ ਕੇ ਵਰਤਦਾ ਰਿਹਾ ਭਾਵ ਆਪਣੇ-ਆਪ ਨੂੰ ਮੁਕਤ ਹੋਇਆ ਮੰਨ ਕੇ ਮਨ ਆਏ ਕਰਮ ਕਰਦਾ ਰਿਹਾ, ਇਸ ਕਰਕੇ ਜਨਮ-ਮਰਨ ਦੀ ਨਦੀ ਵਿੱਚ ਬਹਿ ਗਿਆ ਭਾਵ ਚੁਰਾਸੀ ਦੇ ਚੱਕਰ ਵਿੱਚ ਪੈ ਗਿਆ।

ਇਥੋਂ ਭਾਈ ਦਇਆ ਸਿੰਘ ਜੀ ਗੁਰਮਤਿ ਦਾ ਉਪਦੇਸ਼ ਅਰੰਭ ਕਰਦੇ ਹਨ:

**ਸੁਨਹੁਂ ਖ਼ਾਲਸਾ ! ਸਤਿਗੁਰ ਮਤ ਕੋ। ਜਿਸ ਤੇ ਜੀਵ ਪਾਇ ਸਦਗਤਿ ਕੋ।੩੬।**

ਭਾਈ ਦਇਆ ਸਿੰਘ ਜੀ ਕਹਿੰਦੇ ਖਾਲਸਾ ਜੀ! ਹੁਣ ਤੁਸੀਂ ਧਿਆਨ ਦੇ ਕੇ ਸੁਣੋ, ਮੈਂ ਆਪ ਜੀ ਨੂੰ ਸਤਿਗੁਰੂ ਜੀ

ਦੇ ਮੱਤ ਦੀ ਵਿਚਾਰ ਦੱਸਦਾ ਹਾਂ ਜਿਸ ਤੇ ਅਮਲ ਕਰਨ ਦੇ ਨਾਲ ਜੀਵ ਨੂੰ ਸਦਾ ਲਈ ਕਰਮ ਬੰਧਨ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ, ਭਾਵ ਸਦਗਤੀ ਪ੍ਰਾਪਤ ਹੁੰਦੀ ਹੈ।

**ਬੇਦ ਸ਼ਾਸਤ੍ਰ ਕੋ ਸਾਰ ਨਿਕਾਰਾ।ਹਿਤ ਸਿੱਖਨਿ ਸਤਿਗੁਰੂ ਉਚਾਰਾ।**

**ਸਕਲ ਮਤਨਿ ਸੋਂ ਮਿਲਜੋ ਪਛਾਨ।ਅਰ ਸਭਿ ਤੇ ਨਜਾਰੋ ਪਹਿਚਾਨੋ।੩੭।**

ਬੇਦਾਂ ਸ਼ਾਸਤ੍ਰਾਂ ਦਾ ਨਿਚੋੜ ਕੱਢਕੇ ਭਾਵ **"ਚਾਰ ਪੁਕਾਰਹਿ ਨਾ ਤੂ ਮਾਨਹਿ ਖਟ ਭੀ ਏਕਾ ਬਾਤ ਵਖਾਨਹਿ" ਦਸ ਅਸਟੀ ਮਿਲ ਏਕੋ ਕਹਿਆ ਤਾ ਭੀ ਜੋਗੀ ਭੇਦ ਨ ਲਹਿਆ।੧।** ਇਹ ਨਿਚੋੜ ਹੀ ਹੈ ਤੇ ਸਿੱਖਾਂ ਦੇ ਭਲੇ ਲਈ ਸਤਿਗੁਰਾਂ ਦਾ ਜਿਹੜਾ ਮੱਤ ਹੈ ਉਹ ਜਿੰਨੇ ਵੀ ਦੁਨੀਆਂ ਦੇ ਮੱਤ ਹਨ ਸਾਰਿਆਂ ਦੇ ਨਾਲ ਸਦ ਗੁਣਾਂ ਕਰਕੇ ਮਿਲਿਆ ਹੋਇਆ ਹੈ। **ਸਭੇ ਸਾਂਝੀਵਾਲ ਸਦਾਇਨ** ਆਦਿ ਤੋਂ ਪਛਾਣੋ ਅਤੇ ਸਾਰਿਆਂ ਮੱਤਾਂ ਦੇ ਨਾਲੋਂ ਨਿਆਰਾ ਵੀ ਪਹਿਚਾਣ ਲਉ ਕਿਉਂਕਿ ਸਭ ਮੱਤਾਂ ਵਿੱਚ ਕਿਤੇ ਨਾ ਕਿਤੇ ਦ੍ਵੈਤ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਲੇਕਿਨ ਸਤਿਗੁਰਾਂ ਦਾ ਮੱਤ ਹਰ ਮਜ਼ਹਬ, ਧਰਮ, ਜਾਤੀ, ਕੌਮ ਕਬੀਲੇ ਆਦਿਕ ਲਈ ਸਾਂਝਾ ਹੈ। ਇਕ ਅਦ੍ਵੈਤ ਸਿਧਾਂਤ ਹੈ: **ਉਪਦੇਸ ਚਹੁ ਬਰਨਾ ਕੋ ਸਾਂਝਾ॥**

**ਜਾਤ ਸ਼ਿੰਖਲਾ ਅਰ ਜਗ ਲਾਜਾ।ਇਨ ਤੇ ਦੁਖਿ ਕੈ ਦਾਰਿਦ ਸਾਜਾ।**

ਜਗਤ ਦੀ ਲਾਜ ਅਤੇ ਜਾਤਾਂ ਦੀਆਂ ਬੇੜੀਆਂ ਵਿੱਚ ਫਸਿਆ ਹੋਇਆ ਜੀਵ, ਇਹਨਾਂ ਦੇ ਕਾਰਨ ਦੁਖੀ ਹੋ ਕੇ, ਦਲਿੱਦਰੀ ਹੋ ਜਾਂਦਾ ਹੈ ਭਾਵ ਜਗਤ ਦੀ ਲੱਜਿਆ ਤੇ ਜਾਤਾਂ-ਪਾਤਾਂ ਦੀਆਂ ਬੇੜੀਆਂ ਦੁੱਖਾਂ ਦਾ ਕਾਰਨ ਹਨ ਤੇ ਦਲਿੱਦਰ ਦੇਣ ਵਾਲੀਆਂ ਹਨ।

**ਨਿਕਸਨਿ ਚਹਜੋ ਲੇਨਿ ਸੁਖ ਹੇਤ।ਤਜਿ ਕੁਟੰਬ ਕੋ ਬਨਜੋ ਸੁਚੇਤ।੩੮।**

ਇਹਨਾਂ ਦੁੱਖਾਂ-ਦਲਿਦਰਾਂ ਵਿੱਚੋਂ, ਫਿਰ ਇਹ ਜੀਵ ਅੰਤਰੀਵ ਸੁੱਖ ਲੈਣ ਵਾਸਤੇ ਬਾਹਰ ਨਿਕਲਣਾ ਚਾਹੁੰਦਾ ਹੈ। ਪਰਿਵਾਰ ਦੀ ਲੋਕ ਲਾਜ, ਜਾਤ-ਪਾਤ ਦਾ ਅਭਿਮਾਨ ਤਿਆਗ ਕੇ, ਸਿੱਖੀ ਧਾਰਨ ਕਰਨ ਲਈ ਸੁਚੇਤ-ਤਿਆਰ ਬਰ ਤਿਆਰ ਹੋ ਕੇ, ਗੁਰੂ ਸ਼ਰਣ ਵੱਲ ਨੂੰ ਆਉਂਦਾ ਹੈ।

## ਕਬਿੱਤ

**ਸਦਨ ਕੀ ਕਾਰ ਹੋਤਿ ਅਨਿਕ ਪ੍ਰਕਾਰ ਬਹੁ, ਕਰਤਿ ਕਰਤਿ ਹਾਰ ਜਾਤਿ ਦੁਖੀ ਮਨ ਮੈਂ।**

ਘਰ ਗ੍ਰਹਿਸਤੀ ਦੇ ਕੰਮ ਕਾਰ ਅਨੇਕ ਪ੍ਰਕਾਰ ਦੇ ਹੁੰਦੇ ਹਨ ਬੰਦਾ ਕਰਦਾ ਕਰਦਾ ਥੱਕ ਜਾਂਦਾ ਹੈ, ਮਨ ਵਿੱਚੋਂ ਦੁਖੀ ਹੋ ਜਾਂਦਾ ਹੈ ਲੇਕਿਨ ਇਹ ਕਦੇ ਵੀ ਮੁੱਕਦੇ ਨਹੀਂ।

**ਸੁਨਿ ਕੈ ਸੁ ਪੰਥ ਕੀ ਬਡਾਈ, ਆਯੋ ਖਾਲਸੇ ਮੈਂ, ਜੀਵਕਾ ਕੀ ਚਾਹ, ਬਸਿ ਰਹੀ ਰੈਨ ਦਿਨ ਮੈਂ।**

ਜਿਸਦੇ ਮਨ ਵਿੱਚ ਦਿਨ-ਰਾਤ, ਰੋਜ਼ੀ-ਰੋਟੀ ਮਾਇਆ ਕਮਾਉਣ ਦੀ ਇੱਛਾ ਵੱਸ ਰਹੀ ਸੀ। ਉਹ ਪੰਥ ਦੀ ਵਡਿਆਈ ਸੁਣਕੇ, ਗੁਰੂ ਖਾਲਸੇ ਦੇ ਵਿੱਚ ਆਇਆ ਹੈ ਅਥਵਾ ਗੁਰੂ ਨਾਨਕ ਸਿਧਾਂਤ ਰੂਪ ਆਤਮ ਗਿਆਨ ਦੇ ਮਾਰਗ

ਦੀ ਵਡਿਆਈ ਸੁਣਕੇ, ਆਤਮਿਕ ਸ਼ਾਂਤੀ ਹਿਤ ਗੁਰੂ ਖਾਲਸਾ ਜੀ ਦੀ ਸ਼ਰਣ ਵਿੱਚ ਆਇਆ ਹੈ।

**ਅੰਮ੍ਰਿਤ ਕੋ ਪਾਨ ਕੀਨ ਗੁਰਬਾਨੀ ਰਿਦੇ ਭੀਨ, ਸਿੰਘ ਨਾਮ ਲੀਨ, ਭਯੋ ਬੀਰ ਧੀਰ ਰਨ ਮੈਂ।**

ਗੁਰੂ ਸਾਹਿਬ ਜੀ ਦੀ ਸ਼ਰਣ ਵਿੱਚ ਆ ਕੇ ਅੰਮ੍ਰਿਤ ਛੱਕ ਕੇ, ਸਿੰਘ ਸਜ ਜਾਂਦਾ ਹੈ ਗੁਰਬਾਣੀ ਪੜ੍ਹਨ ਲੱਗ ਜਾਂਦਾ ਹੈ, ਪ੍ਰੇਮ ਨਾਲ ਪੜ੍ਹਦੇ-ਪੜ੍ਹਦੇ ਹਿਰਦਾ ਗੁਰਬਾਣੀ ਦੇ ਵਿੱਚ ਭਿੱਜ ਜਾਂਦਾ ਹੈ। ਖਾਲਸੇ ਦੇ ਵਿੱਚ ਆ ਕੇ ਸੂਰਮਾ ਵੀ ਬਣ ਜਾਂਦਾ ਹੈ, ਜਿਹੜਾ ਮੈਦਾਨੈ-ਜੰਗ ਵਿੱਚ ਕਦੇ ਹੌਂਸਲਾ ਨਹੀਂ ਹਾਰਦਾ।

**ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨਿ ਕੋ,**

**ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ।੩੯।**

ਇਸ ਲੋਕ ਵਿੱਚ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਸਭ ਤਰ੍ਹਾਂ ਦੇ ਸੁੱਖ ਪ੍ਰਾਪਤ ਕਰਦਾ ਹੈ ਤੇ ਜਦੋਂ ਸਰੀਰ ਦਾ ਤਿਆਗ ਕਰਦਾ ਹੈ ਤਾਂ ਬੜੇ ਆਦਰ ਨਾਲ ਦਰਗਾਹ ਵਿੱਚ ਜਾਂਦਾ ਹੈ। **"ਰੇ ਰੇ ਦਰਗਹ ਕਹੈ ਨ ਕੋਊ ਆਉ ਬੈਠੁ ਆਦਰੁ ਸੁਭ ਦੇਊ।"**

**ਚੌਪਈ: ਦਸਹੁ ਗਰਨਿ ਕੀ ਸ਼ਰਨੀ ਪਰੇ।ਬਿਬਧ ਬਿਬਿਧ ਤੇ ਪ੍ਰਾਨੀ ਤਰੇ।**

ਦਸਾਂ ਹੀ ਪਾਤਿਸ਼ਾਹੀਆਂ ਦੀ ਸਰਣ ਵਿੱਚ ਜਿਹੜੇ ਪ੍ਰਾਣੀ ਆ ਕੇ ਪੈ ਜਾਂਦੇ ਹਨ । ਅਨੇਕ ਤਰ੍ਹਾਂ ਨਾਲ ਉਹ ਪ੍ਰਾਣੀ ਤਰ ਜਾਂਦੇ ਹਨ ਭਾਵ ਕੋਈ ਸੇਵਾ ਕਰਕੇ ਤਰ ਜਾਂਦਾ ਹੈ ਕੋਈ ਸਿਮਰਨ ਦੁਆਰਾ ਤਰ ਜਾਂਦਾ ਹੈ ਕੋਈ ਕਿਵੇਂ ਤਰ ਜਾਂਦਾ ਤੇ ਕੋਈ ਕਿਵੇਂ ਤਰ ਜਾਂਦਾ ਹੈ।

**ਗੁਰ ਕੀ ਸੇਵ ਕਿ ਸਤਿਸੰਗ ਸੇਵਾ।ਕਰੇ ਰਿਝਾਵਨ ਸ਼੍ਰੀ ਗੁਰਦੇਵਾ।੪੦।**

ਕਿਸੇ ਨੇ ਗੁਰੂ ਦੀ ਸੇਵਾ ਕਰਕੇ, ਕਿਸੇ ਨੇ ਸਤਸੰਗਤਿ ਦੀ ਸੇਵਾ ਕਰਕੇ, ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈ ਲਈਆਂ ਹਨ।

**ਕੈ ਨਿਜ ਘਰ ਤੇ ਪ੍ਰੇਮ ਉਪਾਇ।ਛਾਦਨ ਭੋਜਨ ਦੇ ਸਮੁਦਾਇ।**

ਜਾਂ ਆਪਣੇ ਘਰ ਦੇ ਵਿੱਚੋਂ ਬੜੇ ਪ੍ਰੇਮ ਭਾਵਨਾ ਸਹਿਤ ਗੁਰੂ ਦੇ ਪਿਆਰਿਆਂ ਨੂੰ ਲੋੜ ਅਨੁਸਾਰ ਬਸਤਰ ਭੇਟਾ ਕੀਤੇ ਅਤੇ ਭੋਜਨ ਤਿਆਰ ਕਰਕੇ ਛਕਾਇਆ।

**ਯਾਂਤੇ ਭੀ ਪ੍ਰਸੰਨ ਗੁਰ ਕਰੇ।ਜਗ ਸੰਕਟ ਤੇ ਸਿੱਖ ਸੁ ਤਰੇ।੪੧।**

ਇਸ ਤਰ੍ਹਾਂ ਸੇਵਾ ਕਰਕੇ ਵੀ ਬਹੁਤ ਸਿੱਖਾਂ ਨੇ ਸਤਿਗੁਰਾਂ ਦੀ ਪ੍ਰਸੰਨਤਾ ਲਈ ਹੈ ਤੇ ਉਹ ਸਿੱਖ ਸੰਸਾਰ ਤੇ ਜੰਮਣ-ਮਰਣ ਰੂਪ ਸੰਕਟ ਤੋਂ ਤਰ ਗਏ ਭਾਵ ਛੁੱਟ ਗਏ ਹਨ।

**ਕਿਧੌਂ ਰਹੈ ਸਤਿਗੁਰ ਕੇ ਤੀਰ।ਖੜਗ, ਤੁਪਕ, ਕੈ ਧਰਿ ਧਨੁ ਤੀਰ।**

**ਲਰਹਿ ਜੁੱਧ ਮਹਿਂ ਸ਼ੱਤ੍ਰਨਿ ਹਤੇ।ਗੁਰਨਿ ਰਿਝਾਵੈ ਲੈ ਕਰਿ ਫਤੇ।੪੨।**

ਜਾਂ ਸਤਿਗੁਰਾਂ ਦੇ ਨੇੜੇ ਰਹਿਕੇ ਭਾਵ ਸ਼ਰਣਿ ਵਿੱਚ ਰਹਿ ਕੇ, ਸ਼ਸਤਰ ਧਾਰੀ ਹੋ ਕੇ, ਸਰੀਰ ਤੇ ਸ੍ਰੀ ਸਾਹਿਬ ਜਾਂ

ਬੰਦੂਕ ਧਾਰਨ ਕਰਕੇ, ਪਹਿਰਾ ਦੇਵੇ ਮੈਦਾਨੇ ਜੰਗ ਵਿੱਚ ਜੂਝਦਾ ਸ਼ਹਾਦਤ ਪ੍ਰਾਪਤ ਕਰ ਜਾਵੇ ਜਾਂ ਮੈਦਾਨੇ ਜੰਗ ਵਿੱਚ ਦੁਸ਼ਮਣਾਂ ਨੂੰ ਮਾਰ ਕੇ, ਜੰਗ ਜਿੱਤ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇ।

**ਕਿਧੌਂ ਜੰਗ ਮਹਿਂ ਤਜਿ ਕੈ ਪ੍ਰਾਨ। ਸਤਿਗੁਰ ਆਗੈ ਬਹੁ ਬਲਿ ਠਾਨਿ।**

ਜਾਂ ਧਰਮ ਯੁੱਧ ਦੇ ਵਿੱਚ ਸਤਿਗੁਰਾਂ ਦੇ ਅੱਗੇ ਆਪਣੀ ਛਾਤੀ ਡਾਹ ਕੇ, ਪੂਰੀ ਤਾਕਤ ਨਾਲ ਲੜੇ ਤੇ ਲੜਦਾ-ਲੜਦਾ ਸ਼ਹੀਦ ਹੋ ਜਾਵੇ।

**ਕਿਧੌਂ ਭਵਿੱਖਤ ਮਹਿਂ ਗੁਰ ਹੇਤ। ਲਰਹਿ ਮਰਹਿ ਮਾਰਹਿ ਰਣਖੇਤ।੪੩।**

ਜਾਂ ਭਵਿੱਖਤ ਵਿੱਚ ਭਾਵ ਆਉਣ ਵਾਲੇ ਸਮੇਂ ਵਿੱਚ ਗੁਰੂ ਘਰ ਦੀ ਸ਼ਾਨੋ-ਸ਼ੌਕਤ ਬਰਕਰਾਰ ਰੱਖਣ ਲਈ ਜ਼ੁਲਮ ਕਰਨ ਵਾਲਿਆਂ ਨੂੰ ਮਾਰ ਕੇ ਖੁਦ ਵੀ ਸ਼ਹੀਦ ਹੋ ਜਾਵੇ।

**ਤਿਨ ਕੋ ਭੀ ਗੁਰ ਸਦਗਤਿ ਦੈ ਹੈਂ। ਜਨਮ ਮਰਣ ਸੰਕਟ ਨਹਿਂ ਪੈਹੈ।**

ਇਸ ਤਰ੍ਹਾਂ ਸ਼ਹੀਦ ਹੋਣ ਵਾਲੇ ਸਿੱਖਾਂ ਨੂੰ ਵੀ ਸਤਿਗੁਰੂ ਜੀ ਸਦਗਤਿ-ਮੁਕਤ ਅਵਸਥਾ ਦੀ ਦਾਤ ਬਖਸ਼ ਦਿੰਦੇ ਹਨ ਤੇ ਉਹ ਮੁੜਕੇ ਵਾਰ-ਵਾਰ ਜੰਮਣ ਮਰਣ ਵਰਗੇ ਸੰਕਟ ਵਿੱਚ ਨਹੀਂ ਪੈਂਦੇ।

**ਇੱਤਜਾਦਿਕ ਕਾਰਨ ਗਨ ਜਾਨ। ਜਿਸ ਤੇ ਬੰਧਨ ਜਗ ਕੇ ਹਾਨ।੪੪।**

ਜਿਹੜੇ ਉੱਪਰ ਦੱਸੇ ਹਨ ਇਹ ਬਹੁਤ ਸਾਰੇ ਕਾਰਨ ਹਨ, ਜਿਹਨਾਂ ਦੇ ਕਰਕੇ ਸਿੱਖ ਦੇ ਜਗਤ ਰੂਪ ਬੰਧਨ ਨਾਸ਼ ਹੋ ਜਾਂਦੇ ਹਨ ਅਥਵਾ ਸਤਿਗੁਰੂ ਜੀ ਨਾਸ਼ ਕਰ ਦਿੰਦੇ ਹਨ।

**ਗਜਾਨ ਦੇਨਿ ਕੀ ਗਤਿ ਹੈ ਜਥਾ। ਉਪਦੇਸ਼ਤਿ ਹੈਂ ਸਤਿਗੁਰ ਤਥਾ।**

**ਸੋ ਮੈਂ ਬਰਨੌਂ ਭਲੀ ਪ੍ਰਕਾਰ। ਸੁਨਹੁ ਖਾਲਸਾ ! ਸਭਿ ਨਿਰਧਾਰ ।੪੫।**

ਕਿਸੇ ਨੂੰ ਗਿਆਨ ਦੇਣ ਦੀ ਜੈਸੀ ਮਰਿਆਦਾ ਹੈ, ਸਤਿਗੁਰੂ ਜੀ ਉਸੇ ਤਰ੍ਹਾਂ ਹੀ ਉਪਦੇਸ਼ ਕਰਦੇ ਹਨ ਅਥਵਾ ਗਿਆਨ ਦੇਣ ਲਈ ਜੈਸੀ ਕਿਸੇ ਦੇ ਹਿਰਦੇ ਦੀ ਅਵਸਥਾ ਸਤਿਗੁਰੂ ਜੀ ਦੀ ਤੱਕਦੇ ਹਨ ਉਸੇ ਤਰ੍ਹਾਂ ਦਾ ਹੀ ਗਿਆਨ, ਉਪਦੇਸ਼ ਕਰਕੇ ਉਸਨੂੰ ਬਖਸ਼ਦੇ ਹਨ। ਹੇ ਖਾਲਸਾ ਜੀ ! ਇਹ ਸਾਰੀ ਕਥਾ ਧਿਆਨ ਨਾਲ ਸੁਣਕੇ, ਆਪਣੇ ਹਿਰਦੇ ਵਿੱਚ ਧਾਰਨ ਕਰਨਾ, ਸਾਰੇ ਸਿੱਖਾਂ ਲਈ ਭਲੀ ਪ੍ਰਕਾਰ ਵਰਣਨ ਕਰਦੇ ਹਾਂ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**

**'ਗਿਆਨ ਨਿਰਨੈ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ॥੪੯॥**

## ਅਧਿਆਇ ੫੦

# ਗੁਰਮਤਿ ਦਾ ਗਜਾਨ ਨਿਰਣੈ

## ਇਸ਼ਨਾਨ

**ਦੋਹਰਾ: ਸਵਾ ਜਾਮ, ਕੈ ਜਾਮ ਨਿਸ, ਖਟ ਘਟਿਕਾ ਕੈ ਚਾਰ।**

**ਸੌਚ ਸ਼ਨਾਨੈ ਸਿੱਖ ਤਨੁ ਸਰਿਤਾ ਸਰੁ ਬਰ ਬਾਰ।੧।**

ਸਵਾ ਪਹਿਰ ਭਾਵ ਸਵਾ ਪਹਿਰ ਜਦੋਂ ਰਾਤ ਰਹਿ ਜਾਵੇ, ਜਾਂ ਛੇ ਘੜੀਆਂ ਜਾਂ ਚਾਰ ਘੜੀਆਂ ਰਾਤ ਰਹਿ ਜਾਵੇ, ਸਿੱਖ ਉਸ ਵੇਲੇ ਉਠ ਕੇ, ਕਿਸੇ ਚਲਦੀ ਨਦੀ ਦੇ ਜਲ ਵਿੱਚ ਜਾਂ ਸਰੋਵਰ ਦੇ ਜਲ ਵਿੱਚ ਇਸ਼ਨਾਨ ਕਰੇ ਭਾਵ ਅੰਮ੍ਰਿਤ ਵੇਲੇ ਇਸ਼ਨਾਨ ਕਰੇ ਇਹ ਗੁਰੂ ਘਰ ਦੀ ਮਰਿਆਦਾ ਹੈ। ਹੁਣ ਇਸ਼ਨਾਨ ਦੇ ਜੋ ਸਾਧਨ ਹਨ ਉਹ ਵਰਤ ਲੈਣੇ ਚਾਹੀਦੇ ਹਨ।

**ਭਾਵ ਅਰਥ**

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਸੇਵਾ ਕਰਨੀ, ਬਾਣੀ ਪੜ੍ਹਨੀ ਇਹ ਮਰਿਆਦਾ ਹੈ। ਗੁਰੂ ਸਾਹਿਬ ਜੀ ਖੁਦ ਅੰਮ੍ਰਿਤ ਵੇਲੇ ਦੀ ਇਸ ਮਰਿਆਦਾ ਨੂੰ ਨਿਭਾਉਂਦੇ ਰਹੇ ਹਨ ਅਤੇ ਹੁਣ ਤੱਕ ਗੁਰੂ ਦਰਬਾਰ ਦੀ ਇਹੀ ਮਰਿਆਦਾ ਹੈ। ਕੋਈ ਸਿੱਖੀ-ਸਿਦਕ ਤੋਂ ਹੀਣਾ ਭੇਖੀ ਸਿੱਖ ਹੀ ਇਸ ਮਰਿਆਦਾ ਤੋਂ ਮੁਨਕਰ ਹੋ ਸਕਦਾ ਹੈ।

## ਨਾਮ

**ਚੌਪਈ ਸੱਤਿਨਾਮ ਸਿਮਰਨ ਕੋ ਲਾਗੈ।ਪਾਛਲ ਰਾਤਿ ਨਿਤਾ ਪ੍ਰਤਿ ਜਾਗੈ।**

ਗੁਰੂ ਦਾ ਸਿੱਖ ਰਾਤ ਦੇ ਪਿਛਲੇ ਪਹਿਰ ਹਰ ਰੋਜ਼ ਜਾਗੇ ਤੇ ਉਪਰ ਦੱਸੀ ਇਸ਼ਨਾਨ ਦੀ ਮਰਿਆਦਾ ਪੂਰੀ ਕਰਕੇ, ਸਤਿਨਾਮੁ ਦਾ ਸਿਮਰਨ ਕਰੇ ਅਥਵਾ ਆਪਣੀ ਅਵਸਥਾ ਅਨੁਸਾਰ ਸੁਰਤਿ ਦੇ ਸਿਮਰਨ ਦਾ ਅਭਿਆਸ ਕਰੇ, ਉਸ ਤੋਂ ਅਗਲੀ ਅਵਸਥਾ ਵਾਲਾ ਅਨਹਦ ਸ਼ਬਦ ਅਥਵਾ ਉਸਤੋਂ ਅਗਾਂਹ ਦੀ ਅਵਸਥਾ ਵਾਲਾ ਸਿੱਖ ਵੀ ਆਪਣੀ ਅਵਸਥਾ ਅਨੁਸਾਰ ਅਭਿਆਸ ਜ਼ਰੂਰ ਕਰੇ।

**ਗੁਰਬਾਣੀ ਪਠਿ ਅਰਥ ਬਿਚਾਰੈ। ਗੁਨ ਸੰਗ੍ਰਹ, ਅਵਗੁਨ ਗਨ ਟਾਰੈ।੨।**

ਗੁਰਬਾਣੀ ਪੜ੍ਹੇ ਤੇ ਪੜ੍ਹਕੇ ਅਰਥਾਂ ਦੀ ਵਿਚਾਰ ਕਰੇ ਅਥਵਾ ਗੁਰਬਾਣੀ ਦਾ ਪਾਠ ਕਰੇ ਅਤੇ ਗੁਰਬਾਣੀ ਵਿੱਚ ਆਏ ਆਤਮਿਕ ਰਹੱਸਾਂ ਨੂੰ ਹਿਰਦੇ ਵਿੱਚ ਧਾਰਨ ਕਰਨ ਰੂਪ ਵਿਚਾਰ ਕਰੇ। ਅਨੇਕ ਪ੍ਰਕਾਰ ਦੇ ਔਗੁਣਾਂ ਦਾ ਤਿਆਗ ਕਰੇ ਤੇ ਸ਼ੁਭ ਗੁਣ ਹਿਰਦੇ ਵਿੱਚ ਧਾਰਨ ਕਰਦਾ ਰਹੇ।

**ਦਿਨਸ ਚਢੇ ਕਾਰਜ ਜੋ ਕਰੈ।ਸੱਤਿਨਾਮ ਮੁਖਿ ਤੇ ਉਰ ਧਰੈ।**

ਦਿਨ ਚੜ੍ਹਨ ਤੋਂ ਜੋ ਕਿਰਤ-ਵਿਰਤ ਦੇ ਕੰਮ-ਕਾਜ ਕਰਦਾ ਹੈ, ਉਹਨਾਂ ਕੰਮਾਂ-ਕਾਰਾਂ ਨੂੰ ਕਰਦਾ ਹੋਇਆ ਵੀ ਆਪਣੀ ਰਸਨਾ ਨਾਲ ਸਿਮਰਨ ਕਰਦਾ ਰਹੇ ਤੇ ਹਿਰਦੇ ਵਿੱਚ ਪ੍ਰਮਾਤਮਾ ਨੂੰ ਵਸਾ ਕੇ ਰੱਖੇ ਭਾਵ ਹਰ ਵੇਲੇ ਚੇਤਨਤਾ ਰਹੇ ਪ੍ਰਮਾਤਮਾ ਪ੍ਰਤੀ, ਉਸਦੀ ਹੋਂਦ ਦੀ ਅਨੁਭੂਤੀ ਹਰ ਵੇਲੇ ਹੋਣੀ ਚਾਹੀਦੀ ਹੈ ਅਥਵਾ ਦਿਨ ਵੇਲੇ ਜਦੋਂ ਸਿੱਖ ਨੇ ਦੁਨਿਆਵੀ ਕੰਮ-ਕਾਰ

ਕਰਨੇ ਹਨ ਉਸ ਵੇਲੇ ਵੀ, ਹਿਰਦੇ ਵਿੱਚ ਵਾਹਿਗੁਰੂ ਨੂੰ ਵਸਾ ਕੇ ਰੱਖੇ ਤੇ ਰਸਨਾ ਨਾਲ 'ਗੁਰੂ-ਗੁਰੂ' ਜਪਦਾ ਰਹੇ।

**ਨਿਸ ਦਿਨ ਮਹਿਂ ਨਹਿਂ ਕਬਹੁੰ ਬਿਸਾਰੈ।ਜਿਉਂ ਲੋਭੀ ਧਨ ਮਹਿਂ ਮਨ ਧਾਰੈ।੩।**

ਰਾਤ ਦਿਨ ਕਦੇ ਵੀ ਆਪਣੇ ਹਿਰਦੇ ਵਿੱਚੋਂ ਤੇ ਰਸਨਾ ਤੋਂ ਵਾਹਿਗੁਰੂ ਨੂੰ ਨਾ ਬਿਸਾਰੇ, ਸਿਮਰਨ ਕਰਨ ਦਾ ਉੱਦਮ ਇਸ ਤਰ੍ਹਾਂ ਕਰੇ ਜਿਵੇਂ ਲੋਭੀ ਬੰਦਾ ਹਰ ਵੇਲੇ ਮਨ ਵਿੱਚ ਮਾਇਆ ਵਸਾ ਕੇ ਰੱਖਦਾ ਹੈ ਭਾਵ ਸਿਮਰਨ ਲਈ ਉਵੇਂ ਲਾਲਚ ਕਰੇ, ਜਿਵੇਂ ਲੋਭੀ ਬੰਦਾ ਮਾਇਆ ਲਈ ਕਰਦਾ ਹੈ।

**ਲਿਵ ਲਗ ਜਾਇ ਪਕੇ ਅਭਿਆਸਾ।ਸਨੇ ਸਨੇ ਤਨ ਹੰਤਾ ਨਾਸਾ।**

ਇਸ ਤਰ੍ਹਾਂ ਹਰ ਵੇਲੇ ਸਿਮਰਨ ਕਰਨ ਨਾਲ, ਸਿਮਰਨ ਵਿੱਚ ਸੁਰਤਿ ਜੁੜ ਜਾਂਦੀ ਹੈ ਅਤੇ ਅਭਿਆਸ ਵਿੱਚ ਪ੍ਰਪੱਕਤਾ ਆ ਜਾਂਦੀ ਹੈ। ਵਾਹਿਗੁਰੂ ਸਿਮਰਨ ਦਾ ਪੱਕਾ ਅਭਿਆਸੀ ਹੋਣ ਕਰਕੇ, ਹੌਲੀ-ਹੌਲੀ ਤਨਹੰਤਾ-ਸਰੀਰ ਅਥਵਾ ਸਰੀਰ ਸਮੇਤ ਸਭ ਪਦਾਰਥਾਂ ਦਾ ਅਭਿਮਾਨ ਖਤਮ ਹੋ ਜਾਂਦਾ ਹੈ। ਜਿਉ-ਜਿਉਂ ਸੁਰਤਿ ਪ੍ਰਮੇਸਰ ਦੇ ਸਰੂਪ ਵਿੱਚ ਜੁੜਨ ਦੀ ਅਭਿਆਸੀ ਹੁੰਦੀ ਜਾਂਦੀ ਹੈ ਤਿਉਂ-ਤਿਉਂ ਦੇਹ ਅਭਿਮਾਨ ਰੂਪ ਤਨਹੰਤਾ ਨਾਸ਼ ਹੁੰਦੀ ਜਾਂਦੀ ਹੈ।

**ਸ਼੍ਰਵਣ ਗਜਾਨ ਮਹਿਂ ਪੁਨਿ ਲਗ ਜਾਇ।ਸਚਿਦਾਨੰਦ ਬ੍ਰਹਮ ਜਿਸ ਭਾਇ।੪।**

ਫਿਰ ਉਹ ਸਿੱਖ, ਆਤਮ ਗਿਆਨ ਦੇ ਸ੍ਰਵਣ ਵਿੱਚ ਲੱਗ ਜਾਵੇ, ਜਿਵੇਂ ਕਿ ਪ੍ਰਮਾਤਮਾ ਸੱਤ ਸਰੂਪ ਹੈ, ਚੇਤਨ ਤੇ ਅਨੰਦ ਸਰੂਪ ਹੈ ਭਾਵ ਪ੍ਰਮਾਤਮਾ ਦੇ ਸਰੂਪ ਪ੍ਰਥਾਇ ਜੋ ਗਿਆਨ ਹੈ, ਉਸਨੂੰ ਸ੍ਰਵਣ ਕਰੇ।

**ਕਰ ਨਿਰਨੈ ਮਨ ਦੇ ਕਰਿ ਸੁਨੇ।ਤਜਹਿ ਨ ਤਬਿ ਸਿਮਰਨ ਨਿਤ ਭਨੇ।**

ਪ੍ਰਮਾਤਮ ਸਰੂਪ ਦੇ ਗਿਆਨ ਨੂੰ ਧਿਆਨ ਨਾਲ ਸੁਣੇ ਭਾਵ ਮਨ ਦੇ ਸਹਿਤ ਹੋ ਕੇ ਸੁਣੇ ਤੇ ਸੁਣੇ ਹੋਏ ਗਿਆਨ ਵਿੱਚ ਨਿਸ਼ਚਾ ਕਰੇ। ਪ੍ਰਮਾਤਮ ਸਰੂਪ ਦੀ ਵਿਚਾਰ ਵਿੱਚ ਨਿਸ਼ਚਾ ਕਰਦੇ ਹੋਏ ਵੀ ਸਿਮਰਨ ਕਰਨਾ ਨਾ ਤਿਆਗੇ ਉਸ ਵੇਲੇ ਵੀ ਹਰ ਰੋਜ਼ ਸਿਮਰਨ ਦਾ ਅਭਿਆਸੀ ਰਹੇ। ਫਿਰ:

**ਮਨਨ ਕਰਹਿ ਪੁਨ ਜੁਗਤਿ ਅਨੇਕ॥ਬ੍ਰਹਮ ਆਤਮਾ ਕੇਰ ਬਿਬੇਕ।੫।**

ਬ੍ਰਹਮ ਅਤੇ ਆਤਮਾ ਦੀ ਅਭੇਦਤਾ ਦਾ ਗਿਆਨ ਪ੍ਰਾਪਤ ਕਰਨ ਲਈ ਅਨੇਕ ਜੁਗਤੀਆਂ ਦੁਆਰਾ ਮੰਨਣ ਕਰੇ। ਅਥਵਾ ਆਤਮਾ ਅਤੇ ਪ੍ਰਮਾਤਮਾ ਦੇ ਸਰੂਪ ਦੀ ਅਭੇਦਤਾ ਦਾ ਗਿਆਨ ਪ੍ਰਾਪਤ ਕਰਨ ਲਈ ਭੇਦ ਦੀਆਂ ਬਾਧਕ ਅਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ ਮੰਨਣ ਕਰੇ। ਵਿਸਥਾਰ ਲਈ ਦੇਖੋ ਵਿਚਾਰ ਸਾਗਰ ਗ੍ਰੰਥ ਕ੍ਰਿਤ ਸਾਧੂ ਨਿਸਚਲ ਦਾਸ ਜੀ।

**ਤਬਿ ਭੀ ਨਿਤ ਸਿਮਰਹਿ ਸਤਿਨਾਮ।ਨਹਿਂ ਤਜਾਗਹਿ ਜਾਨਹਿ ਸੁਖ ਧਾਮ।**

ਉਹ ਵੇਲੇ ਦੀ ਭਾਵ ਮੰਨਣ ਕਰਨ ਵੇਲੇ ਦੀ ਸਤਿਨਾਮੁ ਦਾ ਸਿਮਰਨ ਕਰਦਾ ਰਹੇ। ਵਾਹਿਗੁਰੂ ਦੇ ਨਾਮ ਜਪਣ ਨੂੰ ਤਿਆਗੇ ਨਾ ਬਲਕਿ ਸਾਰੇ ਸੁੱਖਾਂ ਦੇ ਦੇਣ ਵਾਲਾ ਮੰਨ ਕੇ ਸਿਮਰਨ ਕਰਦਾ ਰਹੇ।

**ਪੁਨਿ ਬ੍ਰਿਤਿ ਚਢੀ ਨਿਧਜਾਸਨ ਜਾਇ। ਅਨੰਦ ਆਤਮਾ ਬਿਖੈ ਟਿਕਾਇ।੬।**

**ਸਜਾਤੀ ਪ੍ਰਤੈ ਬਿਹੈ ਪ੍ਰਵਾਹ।ਪ੍ਰਾਪਤਿ ਭਯੋ ਅਨੰਦ ਕੇ ਮਾਂਹਿ।**

ਫਿਰ ਜਦੋਂ ਬਿਰਤੀ ਨਿਧਿਆਸਣ ਦੀ ਅਵਸਥਾ ਵਿੱਚ ਪੁੱਜ ਜਾਵੇ, ਉਸ ਵੇਲੇ ਆਤਮਾ ਦੇ ਅਨੰਦ ਵਿੱਚ ਬਿਰਤੀ ਨੂੰ ਟਿਕਾਉਣ ਲਈ ਸਜਾਤੀ ਬਿਰਤੀਆਂ ਦਾ ਪ੍ਰਵਾਹ ਚਲਾਵੇ ਭਾਵ ਵਿਜਾਤੀ ਬਿਰਤੀਆਂ ਦਾ ਤ੍ਰਿਸਕਾਰ ਕਰਦਾ ਰਹੇ ਅਤੇ ਸਜਾਤੀ ਬਿਰਤੀਆਂ ਦਾ ਪ੍ਰਵਾਹ ਨਿਰੰਤਰ ਜਾਰੀ ਰੱਖੇ। ਇਸ ਪ੍ਰਵਾਹ ਦੇ ਨਾਲ ਇਸ ਨੂੰ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਦੋਂ ਸਜਾਤੀ ਬਿਰਤੀਆਂ ਦਾ ਪ੍ਰਵਾਹ ਚਲ ਪੈਂਦਾ ਹੈ ਤਾਂ ਇਹ ਆਤਮਾਨੰਦ ਰੂਪ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।ਜਦੋਂ ਸਜਾਤੀ ਬਿਰਤੀਆਂ ਦੇ ਪ੍ਰਵਾਹ ਸਦਕਾ ਅਨੰਦ ਦੀ ਪ੍ਰਾਪਤੀ ਹੋ ਜਾਵੇ ।

**ਤਬਿ ਭੀ ਨਾਹਿਨੰ ਨਾਮ ਬਿਸਾਰਹੁ।ਰਿਦੈ ਬਿਖੈ ਕੈ ਮੁਖਹੁੰ ਉਚਾਰਹੁ।੭।**

ਉਦੋਂ ਵੀ ਪ੍ਰਮੇਸ਼ਰ ਦੇ ਨਾਮ ਨੂੰ ਨਾ ਬਿਸਾਰੋ, ਰਸਨਾ ਦੁਆਰਾ ਜਾਂ ਹਿਰਦੇ ਦੁਆਰਾ ਜਪਦੇ ਰਹੋ।

**ਪੁਨ ਸੱਖਜਾਤਕਾਰ ਹੁਇ ਜਾਇ।ਤਬਿ ਇਕ ਹੁਇ ਆਪੇ ਮਿਟ ਜਾਇ।**

ਫਿਰ ਸਾਖਾਯਾਤਕਾਰ ਹੋ ਜਾਂਦਾ ਹੈ ਭਾਵ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਪ੍ਰਮਾਤਮਾ ਦੇ ਸਰੂਪ ਵਿੱਚ ਇਕਮਿਕਤਾ ਹੋ ਜਾਂਦੀ ਹੈ। ਜਦੋਂ ਇੱਕ ਸਰੂਪ ਹੋ ਜਾਈਦਾ ਹੈ ਫਿਰ ਉਦੋਂ ਇਹ ਵਿਜਾਤੀ ਬਿਰਤੀਆਂ ਦਾ ਪ੍ਰਵਾਹ ਆਪਣੇ-ਆਪ ਹੀ ਲੈਅ ਹੋ ਜਾਂਦਾ ਹੈ। ਇੱਥੇ ਉਹ ਅਵਸਥਾ ਹੋ ਜਾਂਦੀ ਹੈ ਜਿੱਥੇ ਕੁਝ ਵੀ ਕਰਨਾ ਬਾਕੀ ਨਹੀਂ ਰਹਿ ਜਾਂਦਾ ਹੈ।

**ਜਬ ਲਗ ਆਪਾ ਜਾਨਹਿ ਨਜਾਰਾ। ਨਹਿੰ ਅਭਦੇਤਾ ਭਲੀ ਪ੍ਰਕਾਰਾ।੮।**

ਜਦੋਂ ਤੱਕ ਆਪਣਾ ਆਪਾ-ਆਤਮਾ ਆਪਣੇ ਤੋਂ ਨਿਆਰਾ ਅਨੁਭਵ ਕਰਦਾ ਹੈ ਅਥਵਾ ਆਪਣੇ-ਆਪ ਨੂੰ ਪ੍ਰਮਾਤਮਾ ਤੋਂ ਵੱਖ ਅਨੁਭਵ ਕਰਦਾ ਹੈ, ਉਨ੍ਹਾਂ ਚਿਰ ਪ੍ਰਮਾਤਮਾ ਦੇ ਸਰੂਪ ਵਿੱਚ ਇਕਮਿਕਤਾ ਨਹੀਂ ਹੋਈ ਹੁੰਦੀ। ਇਸ ਤਰ੍ਹਾਂ ਭਲੀ ਪ੍ਰਕਾਰ ਜਾਣ ਲਵੇ।

**ਤਬਿ ਲੌ ਸੱਤਿਨਾਮ ਲਿਵ ਲਾਵੈ।ਨਾਨਾ ਬਿਘਨ ਹੋਨਿ ਨਹਿੰ ਪਾਵੈ।**

ਉਦੋਂ ਤੱਕ ਆਪਣੀ ਸੁਰਤਿ ਸਤਿਨਾਮੁ ਦੇ ਸਿਮਰਨ ਵਿੱਚ ਜੋੜ ਕੇ ਰੱਖੇ ਭਾਵ ਸ਼ਬਦ ਸੁਰਤਿ ਦਾ ਅਭਿਆਸ ਕਰਦਾ ਰਹੇ। ਇਸ ਪ੍ਰਕਾਰ ਸਿਮਰਨ ਕਰਨ ਦਾ ਨਾਲ ਪ੍ਰਮਾਤਮਾ ਦੇ ਸਰੂਪ ਦੀ ਪ੍ਰਾਪਤੀ ਵਿੱਚ ਜਿਹੜੇ ਅਨੇਕ ਬਿਘਨ ਪੈਂਦੇ ਹਨ, ਉਹ ਬਿਘਨ ਨਾਮ ਦੇ ਅਭਿਆਸੀ ਨੂੰ ਨਹੀਂ ਪੈਂਦੇ।

**ਭਾਵ ਅਰਥ**

ਪ੍ਰਮਾਤਮਾ ਦੇ ਸਰੂਪ ਦੀ ਪ੍ਰਾਪਤੀ ਵਿੱਚ ਸ਼ੁਰੂ ਤੋਂ ਅਖੀਰ ਤੱਕ ਬੇਅੰਤ ਬਿਘਨ ਹਰ ਇਕ ਜਗਿਆਸੂ ਨੂੰ ਪੈਂਦੇ ਹਨ। ਉਹ ਹਰ ਇਕ ਦੀ ਆਪਣੀ ਅਵਸਥਾ ਅਨੁਸਾਰ ਹੁੰਦੇ ਹਨ। ਇਕ ਅਵਸਥਾ ਚੋਂ ਅਗਲੀ ਅਵਸਥਾ ਵਿੱਚ ਪੁੱਜਣ ਲਈ ਵੀ ਕਈ ਬਿਘਨਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ। ਬਹੁਤ ਸਾਰੇ ਅਭਿਆਸੀ ਇਨ੍ਹਾਂ ਬਿਘਨਾਂ ਨੂੰ ਪਾਰ ਵੀ ਨਹੀਂ ਕਰ ਪਾਉਂਦੇ ਇਨ੍ਹਾਂ ਸਾਰੇ ਬਿਘਨਾਂ ਵਿਚੋਂ ਸਭ ਤੋਂ ਸੂਖਮ ਤੇ ਵੱਡਾ ਬਿਘਨ ਹਉਮੈ ਹੈ। ਇਹਨਾਂ ਤੋਂ ਛੁਟਕਾਰਾ ਮਿਲਦਾ ਰਹੇ, ਇਸ ਲਈ ਨਾਮ ਦਾ ਅਭਿਆਸ ਕਰਨਾ ਨਾ ਤਿਆਗੇ ਤੇ ਕਦੇ ਵੀ ਕਾਹਲੀ ਨਾ ਕਰੇ ਕਿਉਂਕਿ ਕਾਹਲੀ ਦਾ ਤੇ ਇਕਾਗਰਤਾ ਦਾ ਕੋਈ

ਤਾਲ ਮੇਲ ਨਹੀਂ ਹੈ। ਬਿਨਾਂ ਇਕਾਗਰਤਾ ਤੋਂ ਪ੍ਰਾਪਤੀ ਨਹੀਂ ਹੁੰਦੀ ਤੇ ਪ੍ਰਾਪਤੀ ਲਈ ਕਾਹਲੀ ਕਰਨੀ, ਕਦੇ ਵੀ ਇਕਾਗਰਤਾ ਹੋਣ ਨਹੀਂ ਦਿੰਦੀ। ਇਸੇ ਤਰ੍ਹਾਂ ਹੋਰ ਵੀ ਬਹੁਤ ਬਿਘਨ ਹਨ, ਇੱਥੇ ਸਿਰਫ ਸੰਖੇਪ ਮਾਤਰ ਕਥਨ ਕੀਤੇ ਹਨ।

**ਸ਼ੁਭ ਗੁਨ ਸ੍ਰਵਣ ਮਨਨ ਨਿੱਧਜਾਸ। ਇਹ ਫੁਲਵਾੜੀ ਰਹੀ ਪ੍ਰਕਾਸ਼। ੯।**

ਨਾਮ ਦਾ ਅਭਿਆਸ ਕਰਦੇ ਰਹਿਣ ਨਾਲ ਸਾਰੇ ਸ਼ੁਭ ਗੁਣਾਂ ਤੇ ਸ੍ਰਵਣ ਮੰਨਣ ਨਿਧਿਆਸਣ ਰੂਪ ਜੋ ਫੁਲਵਾੜੀ ਹੈ। ਇਹ ਫੁਲਵਾੜੀ ਖਿੜੀ ਰਹਿੰਦੀ ਹੈ।

**ਕਾਮ ਕ੍ਰੋਧ ਤੇ ਆਦਿ ਬਿਕਾਰੋ।ਇਹ ਮ੍ਰਿਗ ਨਾਨਾ ਬਿਧਿਨ ਹਜ਼ਾਰੋਂ।**

ਕਾਮ ਕ੍ਰੋਧ ਆਦਿਕ ਜਿਹੜੇ ਵਿਕਾਰ ਹਨ। ਇਹਨਾਂ ਨੂੰ ਇਸ ਸੁਭ ਗੁਣਾਂ ਵਾਲੀ ਫੁਲਵਾੜੀ ਨੂੰ ਖਤਮ ਕਰਨ ਵਾਲੇ ਮ੍ਰਿਗ ਆਦਿਕ ਪਸ਼ੂ ਸਮਝ ਲਉ। ਇਹ ਹਜ਼ਾਰਾਂ ਹੀ ਤਰ੍ਹਾਂ ਦੇ ਵਿਕਾਰ ਰੂਪ ਪਸ਼ੂ ਹਨ, ਜੋ ਸੁਭ ਗੁਣਾਂ ਰੂਪ ਬਗੀਚੀ ਨੂੰ ਬਰਬਾਦ ਕਰਨ ਵਾਲੇ ਹਨ।

**ਸੱਤਿਨਾਮ ਕੋ ਹਰਿ ਬਲਿ ਭਾਰੀ।ਇਨਹੁ ਬਿਨਾਸ਼ੈ ਬਿਨਾ ਅਵਾਰੀ।੧੦।**

ਸਤਿਨਾਮੁ ਦੇ ਸਿਮਰਨ ਵਿੱਚ ਅਥਾਹ ਸ਼ਕਤੀ ਹੈ, ਜਿਹੜੀ ਇਹਨਾਂ ਵਿਕਾਰਾਂ ਰੂਪ ਪਸ਼ੂਆਂ ਨੂੰ ਛਿਨਾਂ ਵਿੱਚ ਹੀ ਬਿਨਾਂ ਦੇਰੀ ਖਤਮ ਕਰ ਦਿੰਦੀ ਹੈ।

**ਨਿਧਜਾਸਨ ਲਗ ਚਹੈ ਸਹਾਇ।ਰਥੀ, ਮਹਾਂਰਥਿ ਹੈ ਜਿਸ ਭਾਈ।**

ਨਿਧਿਆਸਣ ਦੀ ਪ੍ਰਪੱਕਤਾ ਤੱਕ ਸਿਮਰਨ ਦੀ ਸਹਾਇਤਾ ਚਾਹੀਦੀ ਹੁੰਦੀ ਹੈ। ਜਿਵੇਂ ਰਥੀ ਅਤੇ ਮਹਾਂਰਥੀ ਸੂਰਮੇ ਨੂੰ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਉਸ ਤਰ੍ਹਾਂ ਅਭਿਆਸੀ ਨੂੰ ਵੀ ਨਿਧਿਆਸਣ ਕਰਦੇ ਸਮੇਂ ਤੱਕ, ਸਿਮਰਨ ਦੀ ਸਹਾਇਤਾ ਦੀ ਲੋੜ ਹੁੰਦੀ ਹੈ।

**ਹੈ ਅਤਿਰਥੀ ਗਜਾਨ ਸੱਖਜਾਤ।ਸਗਰੇ ਬਿਘਨ ਕਰਤਿ ਹੈ ਸ਼ਾਤਿ।੧੧।**

ਪ੍ਰਮਾਤਮਾ ਦੇ ਸਰੂਪ ਦਾ ਗਿਆਨ ਅਤਿਰਥੀ ਸੂਰਮੇ ਦੀ ਤਰ੍ਹਾਂ ਹੈ, ਜੋ ਸਾਰੇ ਹੀ ਬਿਘਨਾਂ ਨੂੰ ਸ਼ਾਂਤ ਕਰ ਦਿੰਦਾ ਹੈ ਭਾਵ ਆਤਮ ਸਾਖਜਾਤਕਾਰ ਹੋਣ ਤੋਂ ਬਾਅਦ ਕੋਈ ਵੀ ਬਿਘਨ ਉਤਪੰਨ ਨਹੀਂ ਹੋ ਸਕਦਾ। ਜਦੋਂ ਪ੍ਰਮਾਤਮਾ ਦਾ ਗਿਆਨ ਹੋ ਜਾਂਦਾ ਹੈ, ਉਦੋਂ ਸਾਰੇ ਬਿਘਨ ਨਾਸ਼ ਹੋ ਜਾਂਦੇ ਹਨ।

**ਚਾਹ ਸਹਾਯਕ ਕੀ ਨਹਿੰ ਧਰੈ। ਜੁਤਿ ਅੱਗਜਾਨ ਬਿਕਾਰਨ ਹਰੈ।**

ਜਿਵੇਂ ਅਤਿਰਥੀ ਸੂਰਮੇ ਕਿਸੇ ਵੀ ਸਹਾਇਤਾ ਦੀ ਲੋੜ ਨਹੀਂ ਹੁੰਦੀ, ਉਸੇ ਤਰ੍ਹਾਂ ਆਤਮ ਗਿਆਨ ਰੂਪ ਅਤਿਰਥੀ ਨੂੰ ਕਿਸੇ ਵੀ ਸਹਾਇਤਾ ਕਰਨ ਵਾਲੇ ਸਾਧਨ ਦੀ ਜ਼ਰੂਰਤ ਨਹੀਂ ਹੁੰਦੀ।ਆਤਮ ਸਾਖਜਾਤਕਾਰ ਖੁਦ ਹੀ ਅਗਿਆਨ ਸਮੇਤ ਸਾਰੇ ਵਿਕਾਰਾਂ ਨੂੰ ਨਾਸ਼ ਕਰ ਦਿੰਦਾ ਹੈ।

**ਸਾਲਾਹੀ ਸਾਲਾਹਹੁ ਤਬਿ ਲੌਂ।ਸੁਰਤਿ ਨ ਮਿਲਹਿ ਬ੍ਰਹਮ ਮਹਿ ਜਬਿ ਲੌਂ।੧੨।**

ਭਾਈ ਦਇਆ ਸਿੰਘ ਜੀ ਕਹਿੰਦੇ ਸਿੱਖੋ ! ਹਜ਼ੂਰ ਮਹਾਰਾਜ ਸਾਹਿਬ ਜੀ ਦੇ ਵੀ ਬਚਨ ਹਨ ਕਿ ਵਾਹਿਗੁਰੂ ਦੀ ਭਗਤੀ ਉਦੋਂ ਤੱਕ ਕਰਦੇ ਰਹੋ, ਜਦੋਂ ਤੱਕ ਤੁਹਾਡੀ ਸੁਰਤਿ ਵਾਹਿਗੁਰੂ ਦੇ ਸਰੂਪ ਵਿੱਚ ਅਭੇਦ ਨਹੀਂ ਹੋ ਜਾਂਦੀ।

**ਜਿਮ ਨਦਿ ਵਾਹ ਸਮੁੰਦ੍ਰ ਮਹਿੰ ਮਿਲੇ। ਏਕ ਰੂਪ ਨਹਿ ਹੋਵਤਿ ਭਲੈ।**

ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਵਿੱਚ ਮਿਲ ਕੇ ਇਕ ਰੂਪ ਹੋ ਜਾਂਦੇ ਹਨ। ਲੇਕਿਨ ਜਿੰਨ੍ਹਾ ਚਿਰ ਸਮੁੰਦਰ ਵਿੱਚ ਨਹੀਂ ਮਿਲ ਜਾਂਦੇ, ਉਨ੍ਹਾਂ ਚਿਰ ਇਕ ਰੂਪ ਨਹੀਂ ਹੁੰਦੇ। ਅਥਵਾ ਅਨੇਕ ਜੀਵ ਰੂਪ ਨਦੀਆਂ ਨਾਲੇ ਜਦੋਂ ਤੱਕ ਬ੍ਰਹਮ ਰੂਪ ਸਮੁੰਦਰ ਵਿੱਚ ਨਹੀਂ ਮਿਲ ਜਾਂਦੇ। ਉਦੋਂ ਤੱਕ ਬ੍ਰਹਮ ਦੇ ਨਾਲ ਇੱਕ ਰੂਪ ਨਹੀਂ ਹੁੰਦੇ ਭਾਵ ਦ੍ਵੈਤ ਰੂਪ ਉਪਾਧੀ ਬਣੀ ਰਹਿੰਦੀ ਹੈ, ਇਸ ਕਰਕੇ ਅਭੇਦਤਾ ਨਹੀਂ ਹੋ ਪਾਉਂਦੀ।

**ਤਬਿ ਲੌ ਸੱਤਿਨਾਮ ਕੋ ਸਿਮਰਨ। ਰਹਹੁ ਸਲਾਹਤਿ ਪ੍ਰਭੁ ਕੋ ਨਿਸ ਦਿਨ ।੧੩।**

ਜਦੋਂ ਤੱਕ ਵਾਹਿਗੁਰੂ ਜੀ ਦੇ ਸਰੂਪ ਵਿੱਚ ਅਭੇਦਤਾ ਨਹੀਂ ਹੋ ਜਾਂਦੀ ਉਦੋਂ ਤੱਕ ਸਤਿਨਾਮੁ ਦੇ ਸਿਮਰਨ ਦਾ ਅਭਿਆਸ ਦਿਨ-ਰਾਤ ਭਾਵ ਹਰ ਵੇਲੇ ਕਰਦੇ ਰਹਿਣਾ ਚਾਹੀਦਾ ਹੈ ਅਤੇ ਵਾਹਿਗੁਰੂ ਦੀ ਸਿਫਤ ਵੀ ਹਰ ਵੇਲੇ ਕਰਦੇ ਰਹਿਣਾ ਚਾਹੀਦਾ ਹੈ।

**ਇਮ ਸਤਿਗੁਰ ਕੋ ਮਤਿ ਪਹਿਚਾਨ। ਸੂਖਮ ਮਤਿ ਤੇ ਨਿਸਚੈ ਠਾਨਿ।**

ਭਾਈ ਦਇਆ ਸਿੰਘ ਜੀ ਕਥਨ ਕਰਦੇ ਹਨ ਕਿ ਭਾਈ ਸਿੱਖੋ ! ਇਸ ਨੂੰ ਸਤਿਗੁਰਾਂ ਦਾ ਮੱਤ-ਸਿਧਾਂਤ ਸਮਝ ਲਉ। ਅਰਥਾਤ ਜਿਵੇਂ ਪਹਿਲਾਂ ਵੇਦਾਂਤੀਆਂ ਦਾ ਮੱਤ ਦੱਸਿਆ ਹੈ ਤੇ ਜੋਗੀਆਂ ਦਾ ਜੋਗ ਮੱਤ ਵੀ ਦੱਸਿਆ ਹੈ। ਉਵੇਂ ਹੀ ਹੁਣ ਇਹ ਸਤਿਗੁਰਾਂ ਦਾ ਮੱਤ ਦੱਸ ਰਹੇ ਹਾਂ ਭਾਵ ਗੁਰੂ ਘਰ ਦੀ ਗਿਆਨ ਪ੍ਰਾਪਤੀ ਦੀ ਮਰਿਆਦਾ ਦੱਸੀ ਹੈ। ਇਸ ਨੂੰ ਦੂਜੇ ਮੱਤਾਂ ਨਾਲੋਂ ਨਿਖੇੜ ਕੇ, ਸੂਖਮ ਬੁੱਧੀ ਦੁਆਰਾ ਆਪਣੇ ਹਿਰਦੇ ਵਿੱਚ ਦ੍ਰਿੜਤਾ ਸਹਿਤ ਧਾਰਨ ਕਰ ਲਉ।

**ਏਕ ਰੂਪ ਹੋਵਨ ਲਗ ਨੀਕੇ, ਸੱਤਿਨਾਮ ਸਿਮਰਹਿ ਵਿਚ ਜੀਕੇ।੧੪।**

ਪੂਰਨ ਤੌਰ ਤੇ ਬ੍ਰਹਮ ਗਿਆਨ ਵਿੱਚ ਜਾ ਕੇ, ਜਦੋਂ ਤੱਕ ਇਹ ਜੀਵ ਪ੍ਰਮਾਤਮਾ ਨਾਲ ਇਕਮਿਕ ਨਹੀਂ ਹੋ ਜਾਂਦਾ, ਉਦੋਂ ਤੱਕ ਆਪਣੇ ਹਿਰਦੇ ਵਿੱਚ ਸਤਿਨਾਮੁ ਦਾ ਸਿਮਰਨ ਕਰਦਾ ਰਹੇ ਭਾਵ ਪ੍ਰਮੇਸ਼ਰ ਦੀ ਭਗਤੀ ਕਰਦਾ ਰਹੇ।

**ਪ੍ਰਭੁ ਕੀ ਭਗਤਿ ਨਹੀਂ ਕਬਿ ਤਜਾਗੈ। ਸਾਖਿਯਾਤ ਲਗ ਉਰ ਅਨੁਰਾਗੈ।**

ਸਿਮਰਨ ਦੀ ਅਰੰਭਤਾ ਤੋਂ ਲੈ ਕੇ, ਹਿਰਦੇ ਵਿੱਚ ਪ੍ਰਮਾਤਮਾ ਦੇ ਪ੍ਰਕਾਸ਼ ਹੋਣ ਤੱਕ, ਦਿਲੋਂ ਪ੍ਰੇਮ ਵਿੱਚ ਭਿੱਜ ਕੇ ਪ੍ਰਮਾਤਮਾ ਦੀ ਭਗਤੀ ਕਰਦਾ ਰਹੇ। ਕਦੇ ਵੀ ਕਿਸੇ ਭਰਮ ਵਿੱਚ ਪੈ ਕੇ, ਪ੍ਰਭੂ ਭਗਤੀ ਦਾ ਤਿਆਗ ਨਾ ਕਰੇ।

**ਸਾਲਾਹੀ ਸਾਲਾਹ ਮਝਾਰ। ਇਹ ਆਸ਼ੈ ਗੁਰ ਕੀਨ ਉਚਾਰ।੧੫।**

ਸ੍ਰੀ ਜਪੁ ਜੀ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ **"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ"** ਵਾਲੀ ਪਉੜੀ ਵਿੱਚ ਇਸ ਸਿਧਾਂਤ ਨੂੰ ਹੀ ਉਚਾਰਨ ਕੀਤਾ ਹੈ।

**ਸਾਖਿਆਤ ਪਰ ਤੁਕ ਜਹਿੰ ਬਨੀ॥ ਤਹਾ ਭਗਤਿ ਸ਼੍ਰੀ ਨਾਨਕ ਭਨੀ॥**

ਪ੍ਰਮਾਤਮਾ ਦੇ ਪ੍ਰਤੱਖ ਗਿਆਨ ਦੇ ਉਤੇ ਜਿੱਥੇ-ਜਿੱਥੇ ਗੁਰਬਾਣੀ ਵਿੱਚ ਤੁਕਾਂ ਬਣੀਆਂ ਹਨ ਅਥਵਾ ਉਚਾਰਨ ਕੀਤੀਆਂ ਗਈਆਂ ਹਨ। ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤੀ ਦਾ ਉਪਦੇਸ਼ ਵੀ ਨਾਲ ਹੀ ਕੀਤਾ ਹੋਇਆ ਹੈ ਅਥਵਾ ਸੰਪੂਰਨ ਗੁਰਬਾਣੀ ਵਿੱਚ ਚਾਹੇ ਉਹ ਭਗਤਾਂ ਦੀ ਹੋਵੇਂ ਚਾਹੇ ਸਤਿਗੁਰਾਂ ਦੀ ਗਿਆਨ ਦੇ ਨਾਲ ਭਗਤੀ ਕਥਨ ਕੀਤੀ ਹੋਈ ਹੈ।

**ਜੋ ਤੁਧ ਭਾਵੈ ਸਾਈ ਭਲੀ ਕਾਰ।ਤੂੰ ਸਦਾ ਸਲਾਮਤਿ ਨਿਰੰਕਾਰ।੧੬।**

**ਸ਼੍ਰਵਨ ਮਨਨ ਨਿੱਧਜਾਸਨ ਪਾਛੇ।ਪ੍ਰਭੁ ਭਾਣਾ ਪੁਨ ਮਾਨਹਿ ਆਛੇ।**

ਸ੍ਰਵਣ ਮੰਨਣ ਨਿਧਿਆਸਣ ਇਹਨਾਂ ਦੇ ਸਹਿਤ ਹੋਣ ਤੋਂ ਬਾਅਦ ਪ੍ਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨੇ।

**ਸਾਖਿਯਾਤ ਕੀ ਤੁਕ ਕੇ ਨੇਰੇ। ਚਾਰ ਹੀ ਥਾਨ ਕਹੀ ਚਹੁ ਬੇਰੇ॥੧੭।**

ਆਤਮ ਸਾਖਜਾਤਕਾਰ ਦੀਆਂ ਪੰਕਤੀਆਂ ਦੇ ਨਾਲ ਚਾਰ ਵਾਰ ਹੀ ਇਹ ਭਗਤੀ ਭਾਵ ਵਾਲੀ ਪੰਕਤੀ ਉਚਾਰਨ ਕੀਤੀ ਹੈ ਕਿ ਹੇ ਵਾਹਿਗੁਰੂ ! ਜੋ ਤੈਨੂੰ ਭਾਉਂਦਾ ਹੈ, ਉਹੀ ਮੇਰੇ ਲਈ ਚੰਗਾ ਹੈ। ਇਸ ਪ੍ਰਕਾਰ ਸਾਖਜਾਤਕਾਰ ਦੇ ਗਿਆਨ ਦੇ ਨਾਲ ਭਗਤੀ ਦਾ ਕਥਨ ਵੀ ਕੀਤਾ ਗਿਆ ਹੈ।

**ਸ਼੍ਰਤਿ ਮਹਿੰ ਮਹਾਂਵਾਕ ਜਿਮ ਚਾਰ।ਤਿਮ ਜਪੁਜੀ ਮਹਿੰ ਚਾਰ ਉਚਾਰ।**

ਜਿਵੇਂ ਬੇਦਾਂ ਦੀਆਂ ਸ਼੍ਰਤੀਆਂ ਵਿੱਚ ਚਾਰ ਮਹਾਂਵਾਕ ਕਥਨ ਕੀਤੇ ਮਿਲਦੇ ਹਨ। ਉਸੇ ਤਰ੍ਹਾਂ ਹੀ ਸ੍ਰੀ ਜਪੁਜੀ ਸਾਹਿਬ ਵਿੱਚ ਆਪਣੇ ਸਿੱਖਾਂ ਨੂੰ ਮਹਾਰਾਜ ਜੀ ਨੇ ਆਤਮ ਸਾਖਜਾਤਕਾਰ ਕਰਾਉਣ ਵਾਲੇ ਚਾਰ ਮਹਾਂਵਾਕ ਉਚਾਰਨ ਕਰਕੇ ਬਖਸ਼ੇ ਹਨ।

**ਮਿਲਯੋ ਭਗਤਿ ਸੋਂ ਗਯਾਨ ਬਖਾਨਾ।ਕਲਿ ਮਹਿੰ ਕੇਵਲ ਨਹਿੰ ਸ਼ੁਭ ਜਾਨਾ।੧੮।**

ਆਪਣੀ ਬਾਣੀ ਅੰਦਰ ਸਤਿਗੁਰੂ ਜੀ ਨੇ ਭਗਤੀ ਦੇ ਸਹਿਤ ਗਿਆਨ ਦਾ ਕਥਨ ਕੀਤਾ ਹੈ, ਇਸ ਘੋਰ ਕਲਜੁਗ ਅੰਦਰ ਵਿੱਚ ਸਿਰਫ ਇਕੱਲਾ **"ਅਹੰ ਬ੍ਰਹਮਾਸਮਿ** ਇਤਿਆਦਿਕ ਜੋ ਮਹਾਂਵਾਕਾਂ ਦੁਆਰਾ ਗਿਆਨ ਕਥਨ ਕੀਤਾ ਮਿਲਦਾ ਹੈ, ਉਸ ਨੂੰ ਸ਼ੁੱਧ ਭਾਵ ਠੀਕ ਨਹੀਂ ਮੰਨਿਆ ਅਰਥ ਕਲਜੁਗੀ ਜੀਵਾਂ ਦਾ ਭਲਾ ਕਰਨ ਵਾਲਾ ਨਹੀਂ ਮੰਨਿਆ।

**ਪ੍ਰਸ਼ਨ: ਇਕੱਲੇ ਗਿਆਨ ਨੂੰ ਕਲਜੁਗ ਵਿੱਚ ਉੱਤਮ ਕਿਉਂ ਨਹੀਂ ਮੰਨਿਆ?**

**ਉਤਰ -ਸ਼ੁਭ ਗਤਿ ਤੋ ਕੋਈ ਨਰ ਪਾਵੈ॥ਸੁਨਿ ਬ੍ਰਹਮ ਗਯਾਨ ਬਿਗਰ ਬਹੁ ਜਾਵੈਂ॥**

ਸ਼ੁਭ ਗਤਿ- ਪਰਮ ਗਿਆਨ ਦੀ ਅਵਸਥਾ ਤਾਂ ਕੋਈ ਵਿਰਲਾ ਹੀ ਪ੍ਰਾਪਤ ਕਰੇਗਾ, ਲੇਕਿਨ ਇਕੱਲਾ ਬ੍ਰਹਮ ਗਿਆਨ ਉਪਦੇਸ਼ ਸੁਣ ਕੇ, ਬਿਗੜ ਬਹੁਤ ਜ਼ਿਆਦਾ ਜਾਣਗੇ ਭਾਵ ਬਿਨਾਂ ਪ੍ਰਮਾਤਮਾ ਦੇ ਸਰੂਪ ਦਾ ਗਿਆਨ ਹੋਏ ਤੋਂ ਆਪਣੇ-ਆਪ ਨੂੰ ਬ੍ਰਹਮ ਗਿਆਨੀ ਮੰਨਣ ਲੱਗ ਪੈਣਗੇ ਤੇ ਕਰਮਾਂ ਦੇ ਵਿੱਚ ਨਿਸੰਗ ਹੋ ਕੇ ਵਰਤਣ ਲੱਗ ਪੈਣਗੇ, ਜਿਸ ਕਰਕੇ ਅੰਤ ਜਨਮ-ਮਰਣ ਦੇ ਬੰਧਨ ਵਿੱਚ ਫਸ ਜਾਣਗੇ। ਐਸਾ ਬ੍ਰਹਮ ਗਿਆਨ ਉਪਦੇਸ਼ ਸੁਣ ਕੇ ਇਸ ਤਰ੍ਹਾਂ ਭਲਾ ਵਿਰਲਿਆਂ ਦਾ ਹੋਵੇਗਾ ਤੇ ਬਿਗੜ ਬਹੁਤ ਜ਼ਿਆਦਾ ਜਾਣਗੇ।

**ਯਾਂਤੇ ਰੂਖੋ ਗਯਾਨ ਨ ਭਨਯੋ।ਜਹਿਂ ਕਹਿਂ ਕਹਯੋ ਭਗਤਿ ਕੇ ਸਨਯੋ।੧੯।**

ਇਸ ਕਰਕੇ ਗੁਰੂ ਸਾਹਿਬਾਨਾ ਨੇ ਆਪਣੀ ਬਾਣੀ ਅੰਦਰ ਰੁੱਖਾ ਗਿਆਨ ਕਥਨ ਨਹੀਂ ਕੀਤਾ। ਜਿੱਥੇ ਕਿਤੇ ਵੀ ਸਿੱਧਾ-ਸਿੱਧਾ ਬ੍ਰਹਮ ਗਿਆਨ ਦਾ ਕਥਨ ਕੀਤਾ ਹੈ, ਉੱਥੇ ਭਗਤੀ ਦੇ ਸਹਿਤ ਹੀ ਕਥਨ ਕੀਤਾ ਹੈ ਬਿਨਾਂ ਭਗਤੀ ਤੋਂ ਕਿਤੇ ਵੀ ਕਥਨ ਨਹੀਂ ਕੀਤਾ।

**ਅਹੰਬ੍ਰਹਮਾਸਮਿ ਵਹਿਰ ਨ ਗਾਵੋ।ਇਹ ਬ੍ਰਿਤਿ ਹਿਯਰੇ ਬਿਖੈ ਟਿਕਾਵੋ।**

ਮੈਂ ਬ੍ਰਹਮ ਸਰੂਪ ਹਾਂ ਇਹ ਬੋਲ ਕੇ ਬਾਹਰ ਨ ਗਾਉ ਅਰਥਾਤ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ, ਇਹ ਸਿਰਫ ਜ਼ੁਬਾਨ ਨਾਲ ਬਾਹਰੋਂ-ਬਾਹਰੋਂ ਹੀ ਨਾ ਬੋਲੀ ਜਾਉ। ਮੇਰੇ ਸਰੀਰ ਅੰਦਰ ਜੋ ਆਤਮਾ ਹੈ, ਉਹ ਹੀ ਪ੍ਰਮਾਤਮਾ ਹੈ, ਇਸ ਬਿਰਤੀ ਨੂੰ ਹਿਰਦੇ ਵਿੱਚ ਟਿਕਾਉ ਭਾਵ ਚਿੰਤਨ ਕਰੋ।

**ਬਾਹਰ ਪ੍ਰਭੁ ਕੇ ਦਾਸ ਉਚਾਰਹੁ॥ਸੰਤਨ ਬਿਖੈ ਭਾਉ ਕੋ ਧਾਰਹੁ।੨੦।**

ਬਾਹਰੋ ਤਾਂ ਆਪਣੇ-ਆਪ ਨੂੰ ਪ੍ਰਮਾਤਮਾ ਦੇ ਸੇਵਕ ਹਾਂ, ਇਸ ਤਰ੍ਹਾਂ ਹੀ ਕਥਨ ਕਰੋ ਤੇ ਅੰਦਰੋਂ ਬਿਰਤੀ ਨੂੰ ਆਤਮ ਸਰੂਪ ਵਿੱਚ ਟਿਕਾ ਕੇ ਰੱਖੋ ਭਾਵ ਚਿੰਤਨ ਅਥਵਾ ਅਭਿਆਸ ਕਰਦੇ ਰਹੋ।ਪ੍ਰਮਾਤਮਾ ਦੇ ਪਿਆਰਿਆਂ ਵਿੱਚ ਭਾਵ ਸੰਤਾਂ-ਮਹਾਂਪੁਰਖਾਂ ਵਿੱਚ ਸ਼ਰਧਾ ਧਾਰਨ ਕਰੋ।

**ਜਿਉਂ ਕਿਉਂ ਸ਼ਕਤਿ ਮਹਿਤ ਕੋ ਧਰਹੁ।ਤਜੋਂ ਤਜੋਂ ਛਿਮਾ ਅਜਰ ਕੋ ਜਰਹੁ।**

ਜਿਵੇਂ-ਜਿਵੇਂ ਪ੍ਰਮਾਤਮਾ ਦੀ ਮਿਹਰ ਸਦਕਾ ਵੱਡੀਆਂ ਸ਼ਕਤੀਆਂ ਤੁਹਾਡੇ ਵਿੱਚ ਪ੍ਰਵੇਸ਼ ਕਰਦੀਆਂ ਜਾਣ ਤਿਵੇਂ-ਤਿਵੇਂ ਖਿਮਾ ਨੂੰ ਧਾਰਨ ਕਰਦੇ ਜਾਉ ਤੇ ਅਜਰ ਨੂੰ ਜਰਦੇ ਜਾਉ ਕਿਉਂਕਿ ਬਿਨਾਂ ਖਿਮਾ ਦੇ ਧਾਰਨੀ ਹੋਏ ਤੋਂ ਅਜਰ ਨੂੰ ਨਹੀਂ ਜਰਿਆ ਜਾ ਸਕਦਾ।

**ਭਾਵ ਅਰਥ**

ਜਦੋਂ ਵੱਡੀਆਂ ਤਾਕਤਾਂ ਵਾਲੇ ਹੁੰਦੇ ਜਾਈਦਾ ਹੈ, ਉਦੋਂ ਅਭਿਮਾਨ ਕ੍ਰੋਧ ਆਦਿਕ ਵਿਕਾਰਾਂ ਤੋਂ ਵੀ ਬਚ ਕੇ ਰਹਿਣਾ ਪੈਂਦਾ ਹੈ, ਨਹੀਂ ਤਾਂ ਇਹ ਵਿਕਾਰ ਆਤਮਿਕ ਅਵਸਥਾ ਦਾ ਨੁਕਸਾਨ ਕਰ ਦਿੰਦੇ ਹਨ। ਖਿਮਾ ਨੂੰ ਧਾਰਨ ਕਰਨ ਵਾਲਾ ਅਭਿਮਾਨ ਤੇ ਕ੍ਰੋਧ ਤੋਂ ਬਚਿਆ ਰਹਿੰਦਾ ਹੈ ਤੇ ਉਸ ਨਾ ਜਰੇ ਜਾਣ ਵਾਲੀ ਸ਼ਕਤੀ ਨੂੰ ਵੀ ਜਰ ਲੈਂਦਾ ਹੈ ਗੁਰੂ ਕ੍ਰਿਪਾ ਸਦਕਾ।

**ਉਰ ਮਹਿਂ ਨਭ ਅੰਗੁਸ਼ਟ ਪ੍ਰਮਾਨ।ਜੀਵਾਤਮ ਕੋ ਬਾਸ ਪਛਾਨ।੨੧।**

ਹਿਰਦੇ ਵਿੱਚ ਹੱਥ ਦੇ ਅੰਗੂਠੇ ਦੇ ਅਗਲੇ ਪੋਟੇ ਦੇ ਸਮਾਨ ਨਭ- ਅਕਾਸ਼ ਭਾਵ ਖਾਲੀ ਥਾਂ ਹੈ। ਉਸ ਥਾ ਤੇ ਹੀ ਜੀਵਾਤਮਾ ਦਾ ਵਾਸ ਹੈ ਇਸ ਤਰ੍ਹਾਂ ਸਮਝ ਲਉ। ਇਸ ਥਾਂ ਨੂੰ ਅੰਤਸ਼ਕਰਣ ਵੀ ਕਹਿੰਦੇ ਹਨ, ਇਸ ਅੰਤਸ਼ਕਰਣ ਦੇ ਵਿੱਚ ਹੀ ਮਨ ਤੇ ਬੁੱਧੀ ਦਾ ਵਾਸ ਵੀ ਹੁੰਦਾ ਹੈ ਅਥਾਤ ਇਹ ਅੰਤਸ਼ਕਰਣ ਹੀ ਮਨ ਬੁੱਧਿ ਚਿਤ ਅਹੰਕਾਰ ਰੂਪ ਹੁੰਦਾ ਹੈ।

**ਬੁਧਿ ਮਹਿਂ ਪ੍ਰਤਿਬਿੰਬਤਿ ਭਾ ਬ੍ਰਹਮ।ਜੜ ਚੇਤਨ ਮਿਲ ਭੇ ਇਕ ਧਰਮ।**

ਅੰਤਸ਼ਕਰਣ ਵਿੱਚ ਸਥਿਤ ਬੁੱਧੀ ਵਿੱਚੋਂ ਜਦੋਂ ਬ੍ਰਹਮ ਭਾਵ ਆਤਮਾ ਦਾ ਪ੍ਰਤਿਬਿੰਬ ਭਾਵ ਪ੍ਰਕਾਸ਼ ਪੈਂਦਾ ਹੈ ਤਾਂ ਉਸ ਵੇਲੇ ਇਹ ਜੜ੍ਹ ਸੁਭਾਵ ਵਾਲੀ ਬੁੱਧੀ ਚੇਤਨ ਦੇ ਪ੍ਰਕਾਸ਼ ਸਹਿਤ ਹੋ ਕੇ, ਇਕ ਧਰਮ ਚੇਤਨ ਦੇ ਧਰਮ ਵਾਲੀ ਹੋ ਜਾਂਦੀ ਹੈ ਭਾਵ ਬੁੱਧੀ ਵਿੱਚ ਵੀ ਚੇਤਨਤਾ ਆ ਜਾਂਦੀ ਹੈ, ਅਤੇ ਦੋਵੇਂ ਇਕ ਸੁਭਾਅ ਵਾਲੇ ਹੋ ਜਾਂਦੇ ਹਨ।

**ਭਾਵ ਅਰਥ**

ਬੁੱਧੀ ਜੜ੍ਹ ਸੁਭਾਅ ਵਾਲੀ ਹੈ ਤੇ ਆਤਮਾ ਚੇਤਨ ਸਰੂਪ ਹੈ। ਜਦੋਂ ਆਤਮਾ ਦਾ ਪ੍ਰਕਾਸ਼ ਬੁੱਧੀ ਵਿੱਚ ਪੈਂਦਾ ਹੈ ਤਾਂ ਬੁੱਧੀ ਵਿੱਚ ਵੀ ਚੇਤਨਤਾ ਆ ਜਾਂਦੀ ਹੈ। ਆਤਮਾ ਦੀ ਸੱਤਾ ਪਾ ਕੇ ਜੜ੍ਹ ਬੁੱਧੀ ਵੀ ਚੇਤਨ ਹੋ ਜਾਂਦੀ ਹੈ, ਇਸ ਤਰ੍ਹਾਂ ਇਹ ਦੋਵੇਂ ਬੁੱਧੀ ਤੇ ਆਤਮਾ ਇਕ ਚੇਤਨ ਧਰਮ ਵਾਲੇ ਹੋ ਜਾਂਦੇ ਹਨ ਭਾਵ ਆਤਮਾ ਤਾਂ ਚੇਤਨ ਹੈ ਹੀ ਬੁੱਧੀ ਵੀ ਚੇਤਨ ਹੋ ਜਾਂਦੀ ਹੈ।

**ਮਨ ਸਾਧਨ ਸੰਕਲਪ ਕਰਨ ਕੋ।ਅਤਿ ਚੰਚਲਤਾ ਕਰਹਿ ਧਰਨ ਕੋ।੨੨।**

ਮਨ ਸਿਰਫ ਸੰਕਲਪ ਕਰਨ ਦਾ ਸਾਧਨ ਹੈ **"ਸੰਕਲਪੋ ਵਿਕਲਪੋ ਇਹੋ ਮਨੋ"** ਜਿਹੜਾਂ ਬਹੁਤ ਜ਼ਿਆਦਾ ਚੰਚਲਤਾ ਧਾਰਨ ਕਰਕੇ ਰੱਖਦਾ ਹੈ ਭਾਵ ਇਕ ਛਿਨ ਵੀ ਟਿਕਦਾ ਨਹੀਂ।

**ਰਵਿ ਕੇ ਅੱਗ੍ਰ ਤਿਰਵਰਾ ਜੈਸੇ।ਮਨ ਸਰੂਪ ਸੂਖਮ ਲਖਿ ਤੈਸੇ।**

ਜਦੋਂ ਕਿਸੇ ਛੇਕ ਰਾਹੀ, ਸੂਰਜ ਦੀ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੋਵੇ, ਉਸ ਰੋਸ਼ਨੀ ਵਿੱਚ ਜੋ ਬਹੁਤ ਬਰੀਕ ਕਣ ਦਿਖਾਈ ਦਿੰਦੇ ਹਨ, ਉਹਨਾਂ ਨੂੰ ਤਿਰਵਰਾ ਕਹਿੰਦੇ ਹਨ। ਜਿਵੇਂ ਸੂਰਜ ਦੀ ਰੋਸ਼ਨੀ ਦੇ ਅੱਗੇ ਤਿਰਵਰੇ ਬਹੁਤ ਬਰੀਕ ਨਜ਼ਰ ਆਉਂਦੇ ਹਨ, ਉਸੇ ਤਰ੍ਹਾਂ ਮਨ ਦਾ ਸਰੂਪ ਵੀ ਬਹੁਤ ਬਰੀਕ ਹੁੰਦਾ ਹੈ, ਇਸ ਪ੍ਰਕਾਰ ਜਾਣ ਲਉ।

**ਪ੍ਰਸ਼ਨ: ਮਨ ਦਾ ਸਰੂਪ ਦਿਸਦਾ ਕਿਵੇਂ ਹੈ?**

ਉਤਰ: ਗਿਆਨ ਰੂਪ ਸੂਰਜ ਦੀ ਰੌਸ਼ਨੀ ਵਿੱਚ ਮਨ ਦਾ ਅਤੀ ਸੂਖਮ ਜੋ ਰੂਪ ਹੈ, ਉਹ ਨਜ਼ਰ ਆਉਂਦਾ ਹੈ।

**ਇੰਦ੍ਰੈ ਗਜਾਨ ਉਪਾਵਨ ਹਾਰੋ।ਮਨ ਤੇ ਬਿਨਾ ਨ ਅਪਰ ਬਿਚਾਰੋ।੨੩।**

ਇੰਦ੍ਰਿਆਂ ਨੂੰ ਗਿਆਨ ਕਰਾਉਣ ਵਾਲਾ ਮਨ ਤੋਂ ਬਿਨਾਂ ਕੋਈ ਹੋਰ ਨਹੀਂ ਹੈ। ਮਨ ਹੀ ਇਹਨਾਂ ਨੂੰ ਗਿਆਨ ਕਰਾਉਂਦਾ ਹੈ, ਇਸ ਵਿਚਾਰ ਨੂੰ ਆਪਣੇ ਹਿਰਦੇ ਵਿੱਚ ਵਿਚਾਰੋ ਅਥਵਾ ਵਿਚਾਰ ਕੇ ਦੇਖੀਏ ਤਾਂ ਮਨ ਤੋਂ ਬਿਨਾਂ ਕੋਈ ਹੋਰ ਨਹੀਂ, ਜੋ ਇੰਦ੍ਰਿਆਂ ਨੂੰ ਗਿਆਨ ਕਰਾਉਣ ਵਾਲਾ ਹੋਵੇ।

**ਤੁਚ ਕੇ ਸੰਗ ਸਪਰਸ਼ ਹੋਇ ਮਨ।ਪੰਚਹੁੰ ਗਜਾਨ ਉਪਾਵਨ ਤਤਛਿਨ।**

ਜਾਗ੍ਰਤ ਅਵਸਥਾ ਵਿੱਚ ਚਮੜੀ ਦੇ ਨਾਲ, ਜਦੋਂ ਇਹ ਮਨ ਸਪਰਸ਼ ਹੁੰਦਾ ਹੈ ਤਾਂ ਉਸ ਵੇਲੇ ਪੰਜੇ ਗਿਆਨ ਇੰਦ੍ਰਿਆਂ ਦੇ ਵਿੱਚ ਗਿਆਨ ਪੈਦਾ ਕਰਦਾ ਹੈ ਅਰਥਾਤ ਜਾਗ੍ਰਤ ਅਵਸਥਾ ਵਿੱਚ ਇਹ ਮਨ ਸਾਰੇ ਸਰੀਰ ਵਿੱਚ ਸਮਾਇਆ ਹੋਇਆ ਹੁੰਦਾ ਹੈ ਤੇ ਇਸੇ ਕਰਕੇ ਪੰਜੇ ਗਿਆਨ ਇੰਦ੍ਰੇ ਜਿਸ ਵੀ ਵਸਤੂ ਨੂੰ ਵਿਸ਼ੇ ਕਰਦੇ ਹਨ ਉਸੇ ਵੇਲੇ ਉਸ ਦਾ ਗਿਆਨ ਕਰ ਲੈਂਦੇ ਹਨ, ਹਰੇਕ ਇੰਦ੍ਰੇ ਆਪਣਾ-ਆਪਣਾ ਕੰਮ ਕਰਨ ਲੱਗ ਪੈਂਦੇ ਹੈ।

**ਸੁਖਪਤਿ ਮਹਿੰ ਇਕ ਨਾਰਿ ਮਝਾਰੇ।ਨਹਿੰ ਸਪਰਸ਼ ਤੁਚ ਸੋਂ ਤਬਿ ਧਾਰੇ।੨੪।**

ਗੂੜ੍ਹੀ ਨੀਂਦ ਦੀ ਅਵਸਥਾ ਵਿੱਚ ਇਹ ਮਨ ਇੱਕ ਬਰੀਕ ਨਾੜੀ ਵਿੱਚ ਚਲਾ ਜਾਂਦਾ ਹੈ ਤੇ ਉਸ ਵੇਲੇ ਤ੍ਵਚਾ ਨਾਲ ਇਸ ਦਾ ਸਪਰਸ਼ ਨਹੀਂ ਰਹਿੰਦਾ।

**ਲਪਟਜੋ ਰਹਿਤਿ ਨਾਰ ਕੇ ਮਾਂਹੀ।ਪ੍ਰਾਪਤਿ ਤਬਹਿ ਗਜਾਨ ਕੀ ਨਾਂਹੀ।**

ਸੁਖੋਪਤੀ ਅਵਸਥਾ ਵਿੱਚ ਮਨ ਹਿਤਾ ਨਾਮਕ ਨਾੜੀ ਵਿੱਚ ਲਪਟਿਆ ਰਹਿੰਦਾ ਹੈ, ਇਸ ਕਰਕੇ ਗਿਆਨ ਇੰਦ੍ਰਿਆਂ ਦੁਆਰਾ ਕਿਸੇ ਵੀ ਪ੍ਰਕਾਰ ਦਾ ਗਿਆਨ ਜੀਵ ਨੂੰ ਨਹੀਂ ਹੁੰਦਾ।

**ਜਾਗ੍ਰਤਿ ਮਹਿਂ ਸਪਰਸ਼ ਤੁਚ ਹੋਇ।ਗਜਾਨ ਪਾਇ ਸਭਿ ਕੋ ਤਬਿ ਸੋਇ॥੨੫।**

ਜਾਗ੍ਰਤ ਅਵਸਥਾ ਵਿੱਚ ਮਨ ਸਾਰੇ ਸਰੀਰ ਵਿੱਚ ਅਥਵਾ ਉਸ ਵੇਲੇ ਚਮੜੀ ਵਿੱਚ ਵਸਿਆ ਹੋਇਆ ਹੁੰਦਾ ਹੈ। ਇਸ ਕਰਕੇ ਸਾਰੇ ਵਿਸ਼ਿਆਂ ਅਥਵਾ ਸਭ ਪਦਾਰਥਾਂ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ।

**ਸੌਮੋ ਭਾਗ ਚੀਰਿਯੇ ਬਾਰ।ਅਸ ਅਤਿ ਸੂਖਮ ਹੈ ਇਕ ਨਾਰਿ।**

**ਸੁਪਨਾਵਸਥਾ ਤਿਸ ਮਹਿਂ ਪਾਵੈ।ਥਿਰ ਨਾਰੀ ਮਹਿਂ ਸਕਲ ਬਨਾਵੈ।੨੬।**

ਸਾਡੇ ਕੰਠ ਵਿੱਚ ਇਕ ਹਿਤਾ ਨਾਮਕ ਨਾੜੀ ਹੈ ਉਹ ਇੰਨੀ ਬਰੀਕ ਹੈ ਕਿ ਜੇਕਰ ਇੱਕ ਵਾਲ ਦਾ ਸੌਵਾਂ ਹਿੱਸਾ ਕਰੀਏ ਤਾਂ ਉਹ ਹਿਤਾ ਨਾੜੀ ਜਿੰਨਾ ਬਰੀਕ ਹੋਵੇ। ਸੁਪਨੇ ਦੀ ਅਵਸਥਾ ਵਿੱਚ ਇਹ ਮਨ ਇਸ ਨਾੜੀ ਵਿੱਚ ਨਿਵਾਸ ਰੱਖਦਾ ਹੈ ਤੇ ਸੁਪਨੇ ਦਾ ਸਾਰਾ ਪ੍ਰਪੰਚ ਰਚਦਾ ਹੈ ਭਾਵ ਜੋ ਵੀ ਅਸੀਂ ਸੁਪਨੇ ਵਿੱਚ ਦੇਖਦੇ ਹਾਂ, ਉਹ ਇਹ ਮਨ ਹਿਤਾ ਨਾਮਕ ਨਾੜੀ ਵਿੱਚ ਬੈਠ ਕੇ ਹੀ ਬਣਾ ਲੈਂਦਾ ਹੈ।

**ਸਭ ਛਿਤ, ਸਿੰਧੁ, ਧਰਾਧਰ ਭਾਰੇ।ਸੂਰਜ, ਚੰਦ, ਗਗਨ ਗਨ ਤਾਰੇ।**

**ਸ਼ਕਤਿ ਬ੍ਰਹਿਮੰਡ ਰਚਨ ਕੀ ਹੋਇ।ਸੂਖਮ ਬਿਖੈ ਥੂਲ ਇਮ ਜੋਇ।੨੭।**

ਧਰਤੀ, ਸਮੁੰਦਰ, ਵੱਡੇ-ਵੱਡੇ ਪਹਾੜ, ਸੂਰਜ, ਚੰਦਰਮਾ, ਅਸਮਾਨ ਤੇ ਬੇਅੰਤ ਤਾਰੇ ਇਹਨਾਂ ਸਾਰਿਆਂ ਨੂੰ ਤੇ ਸੰਪੂਰਨ ਬ੍ਰਹਿਮੰਡ ਨੂੰ ਰਚਨ ਦੀ ਸ਼ਕਤੀ ਉਸ ਵੇਲੇ ਮਨ ਵਿੱਚ ਹੁੰਦੀ ਹੈ। ਬਹੁਤ ਹੀ ਸੂਖਮ ਨਾੜੀ ਦੇ ਵਿੱਚ ਇਸ ਸਥੂਲ ਰਚਨਾ ਨੂੰ ਰਚ ਕੇ ਜੋਇ-ਦੇਖਦਾ ਹੈ।

**ਜਿਮ ਸੁਪਨਾ ਜੀਵਾਤਮ ਕੇਰਾ। ਜੋ ਚਾਹੈ ਰਚਿ ਲੇਤਿ ਬਡੇਰਾ।**

ਜਿਵੇਂ ਜੀਵ ਆਤਮਾ ਦਾ ਸੁਪਨਾ ਹੈ। ਮਨ ਜੋ ਚਾਹੁੰਦਾ ਹੈ, ਉਹ ਰਚ ਲੈਂਦਾ ਹੈ।

**ਤਿਮ ਈਸ਼ੁਰ ਕੋ ਸੁਪਨਾ ਅਹੈ।ਬਿਧਿ ਪ੍ਰਪੰਚ ਜੇਤਿਕ ਦ੍ਰਿਸ਼ ਲਹੈ।੨੮।**

ਉਵੇਂ ਹੀ ਸਮੂਹ ਬ੍ਰਹਿਮੰਡ ਜੋ ਹਨ, ਇਹ ਸਮੂਹ ਪ੍ਰਪੰਚ ਈਸ਼ਵਰ ਦਾ ਸੁਪਨਾ ਹੈ। ਬ੍ਰਹਮਾ ਜੀ ਦੁਆਰਾ ਰਚਿਤ ਜਿੰਨਾਂ ਵੀ ਪਸਾਰਾ ਦੇਖਣ ਵਿੱਚ ਆਉਂਦਾ ਹੈ। ਇਹ ਸਮੂਹ ਪ੍ਰਪੰਚ ਈਸ਼ੂਰ ਦਾ ਸੁਪਨਾ ਹੀ ਹੈ।

**ਇਸ ਜਗ ਮਹਿਂ ਸਭ ਜੀਵ ਦੁਖਾਰੇ।ਬਸਿ ਅੱਗਜਾਨ ਬੰਧ ਮਹਿਂ ਭਾਰੇ।**

ਇਸ ਜਗਤ ਵਿੱਚ ਜਿੰਨੇ ਵੀ ਜੀਵ ਹਨ, ਸਾਰੇ ਹੀ ਦੁਖੀ ਹਨ। ਇਹਨਾਂ ਜੀਵਾਂ ਦੇ ਦੁੱਖਾਂ ਦਾ ਮੂਲ ਕਾਰਨ ਆਤਮਾ ਦਾ ਅਗਿਆਨ ਹੈ, ਅਗਿਆਨ ਦੇ ਵੱਸ ਇਹ ਜੀਵ ਜੰਮਣ-ਮਰਣ ਰੂਪ ਭਾਰੇ ਸੰਕਟਾਂ ਵਿੱਚ ਪਏ ਹੋਏ ਹਨ।

**ਅਤਿ ਸੰਕਟ ਤੇ ਤਨ ਕੋ ਤਜੈ।ਅਘ ਤੇ ਦੂਤ ਸਾਸਨਾ ਸਜੈ।੨੯।**

ਇਹ ਜੀਵ ਬਹੁਤ ਜ਼ਿਆਦਾ ਦੁੱਖ ਭੋਗ ਕੇ, ਸਰੀਰ ਤਿਆਗਦਾ ਹੈ ਤੇ ਸਰੀਰ ਤਿਆਗਣ ਤੋਂ ਬਾਅਦ ਕੀਤੇ ਹੋਏ ਮਾੜੇ ਕਰਮਾਂ ਕਰਕੇ ਜਮਦੂਤਾਂ ਪਾਸੋਂ ਅਨੇਕ ਪ੍ਰਕਾਰ ਦੀਆਂ ਸਜ਼ਾਵਾ ਤੇ ਕਸ਼ਟ ਭੋਗਦਾ ਹੈ।

**ਨਾਨਾ ਨਰਕਨਿ ਕਸ਼ਟ ਭੁਗਾਵੈ।ਅਰ ਫਲ ਭੁਗੇ ਵਹਿਰ ਨਿਕਸਾਵੈ।**

ਜਮਦੂਤ ਪਾਪੀ ਜੀਵ ਨੂੰ ਅਨੇਕ ਤਰ੍ਹਾਂ ਦੇ ਨਰਕਾਂ ਵਿੱਚ ਜਾ ਕੇ ਕਸ਼ਟ ਭੋਗਣ ਲਈ ਸੁੱਟ ਦਿੰਦੇ ਹਨ। ਜਦੋਂ ਇਹ ਪਾਪਾਂ ਦਾ ਫਲ ਭੋਗ ਲੈਂਦਾ ਹੈ ਤੇ ਇਸ ਨੂੰ ਬਾਹਰ ਕੱਢ ਲੈਂਦੇ ਹਨ।

**ਤਿਮ ਹੀ ਨਾਨਾ ਸੁਖ ਕੋ ਦੇਤਿ।ਕਰਤਿ ਪੁੰਨ ਜੋ ਰਹੈ ਸੁਚੇਤ ।੩੦।**

ਉਵੇਂ ਹੀ ਜਿਹੜੇ ਜੀਵ ਮਾੜੇ ਕਰਮਾਂ ਦੇ ਫਲ ਤੋਂ ਸਾਵਧਾਨ ਹੋ ਕੇ, ਪੁੰਨ ਕਰਮ ਭਾਵ ਚੰਗੇ ਕਰਮ ਕਰਦੇ ਹਨ, ਉਹਨਾਂ ਨੂੰ ਪੁੰਨ ਕਰਮਾਂ ਦਾ ਫਲ ਸੁੱਖ ਦਿੰਦੇ ਹਨ।

**ਪਾਪੀ ਪੁੰਨੀ ਦੁਖ ਸੁਖ ਪਾਇ॥ਚੰਦ ਅੰਸ ਮਹਿਂ ਪੁਨ ਮਿਲ ਜਾਇ।**

ਪਾਪੀ ਤੇ ਪੁੰਨੀ ਦੋਵੇਂ ਤਰ੍ਹਾਂ ਦੇ ਜੀਵ ਦੁੱਖ ਤੇ ਸੁੱਖ ਆਦਿ ਜੋ ਪਾਪਾਂ-ਪੁੰਨਾਂ ਦੇ ਫਲ ਹਨ ਉਹਨਾਂ ਨੂੰ ਭੋਗ ਕੇ ਫਿਰ ਇਹ ਚੰਦਰਮਾ ਦੀਆਂ ਕਿਰਨਾਂ ਚ ਜਾ ਕੇ ਮਿਲ ਜਾਂਦੇ ਹਨ।

**ਤਿਨ ਦ੍ਵਾਰਾ ਅੰਨਨ ਮਾਹਿਂ ਆਵੈ।ਚਾਕੀ ਮੂਸਲ ਤੇ ਦੁਖ ਪਾਵੈ।੩੧।**

ਉਹ ਚੰਦਰਮਾ ਦੀਆਂ ਕਿਰਨਾਂ ਦੁਆਰਾ ਅਨੇਕ ਤਰ੍ਹਾਂ ਦੇ ਅੰਨਾਂ ਵਿੱਚ ਮਿਲ ਜਾਂਦੇ ਹਨ, ਫਿਰ ਚੱਕੀ ਵਿੱਚ ਪੀਸੇ ਜਾਣ ਕਾਰਨ ਦੁਖ ਪਾਉਂਦੇ ਹਨ ਤੇ ਮੂਸਲ ਦੁਆਰਾ ਕੁੱਟੇ ਜਾਣ ਕਾਰਨ ਦੁਖ ਪਾਉਂਦੇ ਹਨ।

**ਅਗਨੀ ਬਿਖੈ ਪਕਾਵਤਿ ਫੇਰਿ।ਭੋਗਹਿ ਨਾਨਾ ਕਸ਼ਟ ਬਡੇਰ।**

ਫਿਰ ਅੱਗ ਤੇ ਭੋਜਨ ਪਕਾਉਣ ਸਮੇਂ ਅਨੇਕ ਹਨ ਕਸ਼ਟ ਭੋਗਦੇ ਹਨ।

**ਪੁਨ ਪ੍ਰਾਨੀ ਦੇ ਦਾੜਨਿ ਮਾਹਿਂ, ਚਿਥਿ ਬਹੁ ਭਾਂਤਨਿ ਤੇ ਦੁਖ ਪਾਹਿ।੩੨।**

ਫਿਰ ਪਾਣੀ ਦੀਆਂ ਦਾੜ੍ਹਾਂ ਦੇ ਵਿੱਚ ਭੋਜਨ ਚਿੱਥੇ ਜਾਣ ਵੇਲੇ ਬਹੁਤ ਤਰ੍ਹਾ ਦੇ ਦੁੱਖ ਪਾਉਂਦੇ ਹਨ।

**ਉਦਰ ਬਿਖੈ ਜਠਰਾਗਨਿ ਤੇਜ॥ਤਹਿਂ ਸੰਕਟ ਲਹਿ ਅਸਨ ਅਮੇਜ।**

ਇਸ ਤੋਂ ਬਾਅਦ ਪੇਟ ਵਿੱਚ, ਜਿੱਥੇ ਜਠਰਾ ਅਗਨੀ ਦਾ ਤੇਜ-ਸੇਕ ਬਹੁਤ ਜ਼ਿਆਦਾ ਹੁੰਦਾ ਹੈ, ਉਥੇ ਭੋਜਨ ਵਿੱਚ ਜੀਵਾਤਮਾ ਬਹੁਤ ਦੁੱਖ ਪ੍ਰਾਪਤ ਕਰਦਾ ਹੈ।

**ਪੁਨ ਰਸ ਸੰਗ ਨਸਾ ਮਹਿਂ ਬਸੈ, ਤਨ ਕੋ ਰੁਧਰ ਹੋਤਿ ਦੁਖ ਗ੍ਰਸੈ॥੩੩॥**

ਫੇਰ ਭੋਜਨ ਤੋਂ ਜੋ ਰਸ ਬਣਦਾ ਹੈ, ਉਸ ਦੇ ਵਿੱਚ ਮਿਲ ਕੇ ਨਸਾਂ ਵਿੱਚ ਵਸਦਾ ਹੈ। ਰਸ ਤੋਂ ਖ਼ੂਨ ਬਣਦਾ ਹੈ, ਉਸ ਵੇਲੇ ਵੀ, ਇਸ ਨੂੰ ਦੁੱਖ ਭੋਗਣਾ ਪੈਂਦਾ ਹੈ ਭਾਵ ਖ਼ੂਨ ਬਣਨ ਵੇਲੇ ਵੀ ਇਹ ਦੁੱਖ ਭੋਗਦਾ ਰਹਿੰਦਾ ਹੈ।

**ਬਹੁਰ ਸ਼੍ਰੋਨ ਤੇ ਆਮਿਖ ਬਨੈ। ਤਹਾਂ ਪਹੁੰਚਿ ਬਡ ਸੰਕਟ ਸਨੈ।**

ਖ਼ੂਨ ਬਣਨ ਤੋਂ ਬਾਅਦ ਇਹ ਮਾਸ ਬਣਦਾ ਹੈ ਫਿਰ ਉਥੇ ਪਹੁੰਚ ਕੇ ਵੀ ਇਹ ਜੀਵ ਦੁੱਖ ਦੇ ਸਹਿਤ ਹੀ ਹੁੰਦਾ ਹੈ।

**ਸਨੇ ਸਨੇ ਪੁਨ ਮੇਦ ਮਝਾਰਾ। ਤਾਂਹਿ ਬਸਹਿ ਸਭਿ ਰੀਤਿ ਦੁਖਾਰਾ।੩੪।**

ਫਿਰ ਹੌਲੀ-ਹੌਲੀ ਇਹ ਚਰਬੀ ਮਿਲ ਦੇ ਵਿੱਚ ਮਿਲ ਜਾਂਦਾ ਹੈ, ਉਥੇ ਵਸਦੇ ਹੋਏ ਵੀ ਸਭ ਤਰ੍ਹਾਂ ਨਾਲ ਦੁੱਖ ਹੀ ਭੋਗਦਾ ਹੈ।

**ਅਸਥੀ ਮਹਿਂ ਮੁਸ਼ਕਲਤਾ ਪਾਇ। ਇਮ ਹੀ ਸਪਤ ਧਾਤ ਮਾਹਿਂ ਜਾਇ।**

ਮਿੱਝ ਤੋਂ ਬੜੀ ਕਠਿਨਾਈ ਝੱਲ ਕੇ, ਹੱਡੀਆਂ ਵਿੱਚ ਪ੍ਰਵੇਸ਼ ਕਰਦਾ ਹੈ, ਇਸੇ ਤਰ੍ਹਾਂ ਹੀ ਸੱਤਾਂ ਧਾਤਾਂ ਦੇ ਵਿੱਚ ਜਾ ਕੇ ਦੁੱਖ ਭੋਗਦਾ ਹੈ।

**ਪੁਨ ਬੀਰਜ ਕੇ ਮਿਲਿ ਕੈ ਸੰਗ। ਪ੍ਰਾਨੀ ਕੇ ਉਪਜਾਇ ਅਨੰਗ॥੩੫।**

**ਇਸਤ੍ਰੀ ਕੇ ਸੰਜੋਗ ਕੋ ਪਾਇ। ਨਿਕਸ ਲਿੰਗ ਤੇ ਭਗ ਮਹਿਂ ਜਾਇ।**

**ਰਜ ਕੋ ਰੁਧਰ ਬੀਰਜ ਲਪਟੰਤਿ। ਗੁਲਕ ਸਮ ਗ੍ਰਭ ਥਲ ਥਿਰਿਯੰਤਿ।੩੬।**

ਫਿਰ ਇਹ ਪੁਰਖ ਦੇ ਬਿੰਦ ਦੇ ਨਾਲ ਮਿਲਦਾ ਹੈ। ਆਪਣੀ ਉਤਪਤੀ ਹਿੱਤ (ਵਾਸਤੇ) ਪ੍ਰਾਣੀ ਦੇ ਹਿਰਦੇ ਵਿੱਚ ਕਾਮ ਵਾਸ਼ਨਾ ਉਪਜਾਇ ਪੈਦਾ ਕਰਦਾ ਹੈ। ਇਸ ਵਾਸ਼ਨਾ ਅਧੀਨ ਪੁਰਖ-ਇਸਤਰੀ ਦੇ ਗ੍ਰਹਿਸਤ ਰੂਪ ਸੰਜੋਗ ਹੋਣ ਕਰਕੇ, ਪੁਰਖ ਦੇ ਸਰੀਰ ਵਿੱਚੋਂ ਇਸਤਰੀ ਦੇ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਸਤਰੀ ਦੀ ਪ੍ਰਜਨਣ ਸ਼ਕਤੀ ਨੂੰ ਰਜ ਕਹਿੰਦੇ ਹਨ, ਰਜ ਤੇ ਬੀਰਜ ਦੇ ਸੰਜੋਗ ਨਾਲ ਪਹਿਲਾ ਖ਼ੂਨ ਬਣਦਾ ਹੈ, ਫਿਰ ਬਾਅਦ ਵਿੱਚ ਇੱਕ ਮਾਸ ਦਾ ਗੋਲਾ ਜਿਹਾ ਬਣ ਕੇ ਗਰਭ ਵਿੱਚ ਟਿਕਿਆ ਰਹਿੰਦਾ ਹੈ।

**ਤਹਿਂ ਨੌ ਮਾਸ ਬਾਸ ਕੋ ਪਾਇ। ਦੁਖ ਭੋਗੈ ਬਨਿ ਸਿਰ ਤਰਵਾਇ।**

ਨੌਂ ਮਹੀਨੇ ਗਰਭ ਵਿੱਚ ਵਸਦਾ ਹੈ ਭਾਵ ਨੌਂ ਮਹੀਨੇ ਹੀ ਗਰਭ ਵਿੱਚ ਸਿਰ ਨੀਵੇਂ ਪਾਸੇ ਤੇ ਪੈਰ ਉਪਰ ਵਾਲੇ ਪਾਸੇ ਰਹਿੰਦੇ ਹਨ ਤੇ ਗਰਭ ਵਾਸ ਦੇ ਇਸ ਦੁੱਖ ਨੂੰ ਭੋਗਦਾ ਹੈ।

**ਮਿਲਯੋ ਰਹੈ ਮਲ ਮੂਤ੍ਰ ਕੇ ਸੰਗ। ਬਨਹਿ ਬ੍ਰਧਹਿ ਕਾਂਇਆਂ ਸਰਬੰਗ।੩੭।**

ਜਿੰਨਾ ਸਮਾਂ ਗਰਭ ਵਿੱਚ ਵਸਦਾ ਹੈ, ਇਸਦਾ ਸਰੀਰ ਬਣਦਾ ਹੈ ਅੰਗ ਬਣਦੇ ਹਨ ਤੇ ਵਧਦਾ ਹੈ ਉਨਾਂ ਸਮਾਂ ਇਸ ਸਰੀਰ ਬਣਨ ਦੀ ਕਿਰਿਆ ਵੇਲੇ ਜੋ ਫਾਲਤੂ ਮਲ ਆਦਿ ਪਦਾਰਥ ਮਾਂ ਦਾ ਸਰੀਰ ਬਾਹਰ ਕੱਢ ਦਿੰਦਾ ਹੈ, ਇਸ ਨੂੰ ਉਸਦੇ ਨਾਲ ਹੀ ਮਿਲਕੇ ਰਹਿਣਾ ਪੈਂਦਾ ਹੈ।

**ਕਸ਼ਟ ਗਰਭ ਕੇ ਗਿਨੇ ਨਾ ਜਾਇ। ਜਿਨ ਕੋ ਸੁਨਿ ਰੁਮੰਚਿ ਹ੍ਵੈ ਆਇ।**

ਨੌਂ ਮਹੀਨੇ ਗਰਭ ਵਿੱਚ ਰਹਿਣ ਸਮੇਂ ਦੇ ਕਸ਼ਟ ਗਿਣੇ ਨਹੀਂ ਜਾ ਸਕਦੇ, ਜਿਨ੍ਹਾਂ ਨੂੰ ਸੁਣ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ।

**ਭਗ ਦ੍ਵਾਰਾ ਨਿਕਸਤਿ ਦੁਖ ਪਾਵੈ।ਨੀਠ ਨੀਠ ਬਾਹਰ ਕੋ ਆਵੈ।੩੮।**

ਜਨਮ ਸਮੇਂ ਵੀ ਮਾਤਾ ਦੇ ਉਦਰ ਵਿੱਚੋਂ ਬਾਹਰ ਆਉਣ ਵੇਲੇ ਦੁਖ ਪਾਉਂਦਾ ਹੈ, ਮਸਾਂ-ਮਸਾਂ ਜਨਮ ਲੈਣ ਲਈ ਬਾਹਰ ਨੂੰ ਆਉਂਦਾ ਹੈ।

**ਦ੍ਵਾਰ ਤੰਗ ਤਨ ਥੂਲ ਬਡੇਰਾ। ਜੰਤੀ ਸਮ ਖੈਚਿਯ ਤਿਸ ਬੇਰਾ।**

**ਆਪ ਦੁਖੀ, ਜਨਨੀ ਦੁਖ ਦੇਤਿ। ਨਿਕਸਤਿ ਗਿਰਤਾ ਹੋਇ ਅਚੇਤ।੩੯।**

ਜਨਮ ਸਥਾਨ ਦੀ ਸ਼ਮਤਾ ਨਾਲੋਂ ਸਰੀਰ ਭਾਰਾ ਹੁੰਦਾ ਹੈ ਤੇ ਦਾਈ ਦੁਆਰਾ ਖਿੱਚ ਕੇ ਜਨਮ ਦੁਆਇਆ ਜਾਂਦਾ ਹੈ ਜਿਵੇਂ ਸੁਨਿਆਰਾ ਜੰਤੀ ਨੂੰ ਖਿੱਚ ਕੇ ਬਾਹਰ ਕੱਢਦਾ ਹੈ। ਇਹ ਜਨਮ ਸਮੇਂ ਆਪ ਤਾਂ ਦੁਖੀ ਹੁੰਦਾ ਹੀ ਹੈ ਉਲਟ ਕੇ ਆਪਣੀ ਮਾਤਾ ਨੂੰ ਵੀ ਦੁੱਖ ਦਿੰਦਾ ਹੈ। ਜਨਮ ਲੈਣ ਵੇਲੇ ਹੀ ਉਦਰ ਤੋਂ ਬਾਹਰ ਆ ਕੇ ਇਹ ਬੇਹੋਸ਼ ਜਿਹਾ ਹੋ ਜਾਂਦਾ ਹੈ।

**ਜਥਾ ਬਿਰਣ ਤੇ ਪਰਹਿ ਸੁ ਕੀਰਾ।ਤਿਮ ਬਾਹਰ ਭਾ ਬਹੁ ਦੁਖ ਪੀਰਾ।**

ਜਿਵੇਂ ਕਿਸੇ ਜ਼ਖਮ ਵਿੱਚੋਂ ਕੀੜਾ ਬਾਹਰ ਕੱਢ ਕੇ ਡੇਗਿਆ ਜਾਵੇ ਤਾਂ ਜ਼ਖਮ ਦੇ ਕੀੜੇ ਵਾਂਗ ਇਹ ਖੁਦ ਵੀ ਗਰਭ ਵਿੱਚੋਂ ਬਾਹਰ ਆਉਣ ਵੇਲੇ ਦੁਖੀ ਹੁੰਦਾ ਹੈ ਤੇ ਜਨਮ ਲੈਣ ਵਾਲੀ ਮਾਂ ਨੂੰ ਵੀ ਦੁਖੀ ਕਰਦਾ ਹੈ।

**ਕਿਤਿਕ ਸਮੇਂ ਮਹਿੰ ਚੇਤਨ ਹੋਇ।ਸੁਧ ਕੋ ਪਾਇ ਉਠਤਿ ਹੈ ਰੋਇ।੪੦।**

ਕੁਝ ਸਮੇਂ ਬਾਅਦ ਇਹ ਚੇਤਨਤਾ ਹਰਕਤ ਵਿੱਚ ਆਉਂਦਾ ਹੈ, ਥੋੜ੍ਹੀ ਹੋਸ਼ ਆਉਂਦੀ ਹੈ ਤੇ ਉਠਦਿਆਂ ਹੀ ਰੋਣ ਲੱਗ ਪੈਂਦਾ ਹੈ।

**ਬਾਲ ਅਵਸਥਾ ਮਹਿ ਦੁਖ ਘਨੇ, ਰਾਵ ਰੰਕ ਕੇ ਇਹ ਸਭਿ ਬਨੇ।**

ਬਾਲ ਅਵਸਥਾ ਵਿੱਚ ਬਹੁਤ ਦੁੱਖ ਹਨ, ਚਾਹੇ ਅਮੀਰ ਹੋਵੇ, ਚਾਹੇ ਗਰੀਬ ਹੋਵੇ, ਸਾਰੇ ਹੀ ਇਸ ਅਵਸਥਾ ਦੇ ਦੁੱਖਾਂ ਨੂੰ ਭੋਗਦੇ ਹਨ।

**ਸਗਰੇ ਗਰਭ ਬਿਖੈ ਪਰਿਆਵੈ।ਬਾਲ ਮੂੜ ਰੋਦਨ ਤਪਤਾਵੈ।੪੧।**

ਸਾਰੇ ਜੀਵ ਹੀ ਮਾਤਾ ਦੇ ਗਰਭ ਵਿੱਚ ਪੈ ਕੇ ਹੀ ਆਉਂਦੇ ਹਨ। ਬਾਲ ਅਵਸਥਾ ਵਿੱਚ ਬੱਚਾ ਨਾਸਮਝੀ ਦੀ ਸਥਿਤੀ ਵਿੱਚ ਹੁੰਦਾ ਹੈ ਤੇ ਗੱਲ-ਗੱਲ ਤੇ ਰੋਣ ਲੱਗ ਪੈਂਦਾ ਹੈ ਤੇ ਤਪਦਾ ਰਹਿੰਦਾ ਹੈ। ਇਹ ਵੀ ਬਾਲਪੁਣੇ ਦਾ ਦੁੱਖ ਹੀ ਹੈ। ਬੇਸ਼ੱਕ ਬੱਚੇ ਨੂੰ ਕੁਝ ਵੀ ਪਤਾ ਨਹੀਂ ਹੁੰਦਾ ਪਰ ਫਿਰ ਵੀ ਦੁਖੀ ਤਾਂ ਹੁੰਦਾ ਹੈ।

**ਕਸ਼ਟ ਹੋਤਿ ਨਹਿੰ ਜਾਤਿ ਬਤਾਯੋ।ਸਦਾ ਅਸੁਚਿ ਡਹਿਕਤਿ ਡਰਪਾਯੋ।**

ਬੱਚੇ ਨੂੰ ਕਸ਼ਟ ਹੋਤਿ-ਕੋਈ ਤਕਲੀਫ ਹੁੰਦੀ ਹੋਵੇ, ਉਸ ਦੇ ਕੋਲੋਂ ਦੱਸੀ ਨਹੀਂ ਜਾਂਦੀ ਦੁੱਖ ਭੋਗਦਾ ਰਹਿੰਦਾ ਹੈ ਪਰ

ਦੱਸ ਨਹੀਂ ਸਕਦਾ। ਸਦਾ ਅਸ਼ੁੱਧ ਹੀ ਰਹਿੰਦਾ ਹੈ ਖੁਦ ਸਾਫ-ਸੁਥਰਾ ਵੀ ਨਹੀਂ ਰਹਿ ਸਕਦਾ, ਗਰਮੀ ਕਾਰਨ ਅਕਲਕਾਨ ਹੋਇਆ ਵੀ ਦੁਖੀ ਹੁੰਦਾ ਰਹਿੰਦਾ ਹੈ ਪਰ ਦੱਸ ਨਹੀਂ ਸਕਦਾ ਕਿ ਮੈਨੂੰ ਤੰਗੀ ਕੀ ਹੈ? ਸਿਰਫ ਰੋ ਹੀ ਸਕਦਾ ਹੈ।

**ਰਹੈ ਅਸ਼ਕਤਿ ਕ੍ਰਿਯਾ ਨਹਿੰ ਹੋਇ।**

ਸਰੀਰ 'ਚ ਖੁਦ ਕਿਰਿਆ ਕਰਨ ਦੀ ਸ਼ਕਤੀ ਨਹੀਂ ਹੁੰਦੀ। ਕੋਈ ਕਰਾਏ ਤਾਂ ਕਿਰਿਆ ਕਰਦਾ ਹੈ, ਨਹੀਂ ਤਾਂ ਉਸ ਦੁੱਖ ਨੂੰ ਵੀ ਉਨਾਂ ਚਿਰ ਭੋਗਦਾ ਰਹਿੰਦਾ ਹੈ ਜਿੰਨਾ ਚਿਰ ਕੋਈ ਕਿਰਿਆ ਨਹੀਂ ਕਰਾ ਦਿੰਦਾ।

**ਜਾਚਹਿ ਚੰਦ ਕਹਾਂ ਦੇ ਕੋਇ।੪੨।**

ਕਈ ਵਾਰ ਵੱਡੀਆ ਚੀਜ਼ਾਂ ਵੇਖ ਕੇ ਮੰਗ ਲੈਂਦਾ ਹੈ, ਭਲਾ ਪਹੁੰਚ ਤੋਂ ਬਾਹਰ ਦੀ ਚੀਜ਼ ਕੋਈ ਕਿਵੇਂ ਲਿਆਕੇ ਦੇ ਸਕਦਾ ਹੈ? ਅਸਮਾਨ ਵੱਲ ਨੂੰ ਵੇਖਦਾ ਹੈ ਤਾਂ ਚੰਦਰਮਾ ਸੋਹਣਾ ਲਗਦਾ ਹੈ ਤੇ ਮਾਂ ਨੂੰ ਕਹਿ ਦਿੰਦਾ ਹੈ ਕਿ ਮਾਂ ! ਮੈਨੂੰ ਉਹ ਚਾਹੀਦਾ ਹੈ ਤੇ ਉਪਰ ਨੂੰ ਉਂਗਲ ਕਰਕੇ, ਭਲਾ ਹੁਣ ਚੰਦਰਮਾ ਨੂੰ ਕੌਣ ਲਿਆ ਕੇ ਦੇ ਸਕਦਾ ਹੈ? ਜਦੋਂ ਨਹੀਂ ਲਿਆ ਕੇ ਦੇ ਸਕਦੇ ਬੱਸ ਫਿਰ ਚੀਕ-ਚਿਹਾੜਾ ਸ਼ੁਰੂ ਕਰ ਦਿੰਦਾ ਹੈ।

**ਇੱਤਜਾਦਿਕ ਸੰਕਟ ਗਨ ਪਾਇ।ਭਯੋ ਤਰੁਨ ਤਰੁਨੀ ਚਿਤ ਲਾਇ।**

ਇਸ ਪ੍ਰਕਾਰ ਬਾਲਪੁਣੇ ਦੇ ਵਿੱਚ ਬਹੁਤ ਸਾਰੇ ਦੁੱਖਾਂ ਨੂੰ ਭੋਗ ਕੇ, ਫਿਰ ਜਵਾਨ ਹੁੰਦਾ ਹੈ ਤੇ ਜਵਾਨੀ ਵਿੱਚ ਪੈਰ ਧਰਦਿਆਂ ਹੀ ਵਿਆਹ ਕਰ ਦਿੱਤਾ ਜਾਂਦਾ ਹੈ ਫਿਰ ਪਤਨੀ ਦੇ ਮੋਹ ਵਿੱਚ ਪੈ ਜਾਂਦਾ ਹੈ ਅਥਵਾ **ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।**

**ਬਧੇ ਬਿਕਾਰ ਅਨੇਕ ਪ੍ਰਕਾਰਾ।ਸੱਤ੍ਰ ਮ੍ਰਿੱਤ ਕਰਿ ਬੰਧ ਅਖਾਰਾ।੪੩।**

ਜਵਾਨੀ ਦੇ ਆਉਂਦਿਆਂ ਹੀ ਅਨੇਕ ਤਰ੍ਹਾਂ ਦੇ ਵਿਕਾਰ, ਇਸਦੇ ਅੰਦਰ ਵੱਧ ਜਾਂਦੇ ਹਨ, ਰਾਗ, ਦ੍ਵੈਸ਼ ਆਦਿ ਦੇ ਅਧੀਨ ਹੋਇਆਂ ਕਿਸੇ ਨੂੰ ਅਪਣਾ ਮਿੱਤ੍ਰ ਬਣਾ ਲੈਂਦਾ ਹੈ ਕਿਸੇ ਨੂੰ ਦੁਸ਼ਮਣ ਬਣਾ ਲੈਂਦਾ ਹੈ। ਆਪਣੀ ਜਵਾਨੀ ਨੂੰ ਰਾਗ ਦ੍ਵੈਸ਼ ਦਾ ਅਖਾੜਾ ਬਣਾ ਲੈਂਦਾ ਹੈ ਭਾਵ ਸਾਰੀ ਜਵਾਨੀ ਰਾਗ ਦ੍ਵੇਸ਼ ਦੇ ਨਾਲ ਘੁਲਦਿਆਂ ਹੀ ਕੱਢ ਲੈਂਦਾ ਹੈ, ਜਿਥੇ ਪਹਿਲਵਾਨ ਘੁਲਦੇ ਹਨ ਉਸਨੂੰ ਅਖਾੜਾ ਕਿਹਾ ਜਾਂਦਾ ਹੈ।

**ਚਹਜੋ ਪਦਾਰਥ ਹਾਥ ਨ ਆਇ।ਜੋ ਪ੍ਰਾਪਤਿ ਸੋ ਨਹਿੰ ਖੁਸ ਜਾਇ।**

ਜਿਹੜੇ ਪਦਾਰਥਾਂ ਦੀ ਇਸਨੂੰ ਇੱਛਾ ਹੁੰਦੀ ਹੈ ਉਹ ਇਸਦੇ ਹੱਥ ਨਹੀਂ ਆਉਂਦੇ ਤੇ ਜਿਹੜੇ ਇਸ ਕੋਲ ਹੁੰਦੇ ਹਨ, ਉਹਨਾਂ ਪਦਾਰਥਾਂ ਦਾ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਇਹ ਖੁਸ਼ ਨਾ ਜਾਣ ਇਸ ਚਿੰਤਾ ਕਰਕੇ ਹਮੇਸ਼ਾਂ ਦੁੱਖ ਭੋਗਦਾ ਰਹਿੰਦਾ ਹੈ।

**ਜਿਤ ਕਿਤ ਧਨ ਕੋ ਲੈਬੇ ਹੇਤ।ਜਤਨ ਕਰਤਿ ਬਲ ਬੁਧਿ ਸਮੇਤ।੪੪।**

ਇਸ ਦੀ ਬਿਰਤੀ ਹਰ ਸਮੇਂ ਮਾਇਆ ਚ ਗਲਤਾਨ ਰਹਿੰਦੀ ਹੈ, ਜਿੱਥੇ ਕਿੱਥੇ ਭਾਵੇਂ ਕਿਸੇ ਤੋਂ ਵੀ ਧਨ ਮਿਲੇ ਪਰ

ਮਿਲੇ, ਭਾਵੇਂ ਕੋਈ ਵੀ ਚੰਗਾ-ਮਾੜਾ ਕਰਮ ਕਰਕੇ ਪੈਸਾ ਮਿਲੇ, ਪਰ ਮਿਲੇ, ਇਸ ਵਾਸਤੇ ਹਰ ਸਮੇਂ ਆਪਣੀ ਬੁੱਧੀ ਦੇ ਬਲ ਅਤੇ ਸਰੀਰ ਦੇ ਬਲ ਨਾਲ ਜਤਨ ਕਰਦਾ ਰਹਿੰਦਾ ਹੈ।

**ਤ੍ਰਿਪਤਿ ਹੋਨਿ ਲਗ ਪ੍ਰਾਪਤਿ ਨਾਂਹੀ।**

**ਬੋਲੈ ਕੂਰ, ਨ ਧਰਮ ਰਖਾਹੀ।**

ਜਿੰਨੀ ਮਾਇਆ ਅਥਵਾ ਪਦਾਰਥਾਂ ਦੇ ਨਾਲ ਇਸ ਦਾ ਅੰਦਰਲਾ ਤ੍ਰਿਪਤ ਹੋ ਜਾਵੇ, ਉਨੀ ਮਿਲਦੀ ਨਹੀਂ ਤੇ ਫਿਰ ਉਸਦੀ ਪ੍ਰਾਪਤੀ ਲਈ ਝੂਠ ਬੋਲਦਾ ਹੈ ਪਾਪ ਕਰਮ ਕਰਦਾ ਹੈ, ਆਪਣੇ ਧਰਮ ਨੂੰ ਵੀ ਸਥਿਰ ਨਹੀਂ ਰੱਖ ਪਾਉਂਦਾ ਭਾਵ ਗਵਾ ਲੈਂਦਾ ਹੈ।

**ਭਯੋ ਬ੍ਰਿੱਧ ਨਿਰਬਲ ਤਨ ਰਹਿਯੋ॥ਜੀਰਣ ਅਧਿਕ ਜਰਜਰੀ ਲਹਿਯੋ।੪੫।**

ਜਵਾਨੀ ਚਲੀ ਜਾਂਦੀ ਹੈ ਬੰਦਾ ਬੁੱਢਾ ਹੋ ਜਾਂਦਾ ਹੈ। ਸਰੀਰ ਵਿੱਚ ਜਾਨ ਨਹੀਂ ਰਹਿੰਦੀ ਬਹੁਤ ਪੁਰਾਣਾ ਹੋ ਜਾਂਦਾ ਹੈ। ਜਰਜਰੀ ਟੁੱਟਿਆ-ਫੁੱਟਿਆ ਜਿਹਾ ਹੋ ਜਾਂਦਾ ਹੈ ਭਾਵ ਕਿਸੇ ਕੰਮ ਦਾ ਨਹੀਂ ਰਹਿੰਦਾ।

**ਖਾਂਸੀ ਆਦਿ ਬਜਾਧਿ ਹੁਇਂ ਬ੍ਰਿੰਦ। ਅਪਮਾਨਤ ਪਰਵਾਰ ਬਿਲੰਦ।**

ਬੁਢਾਪੇ ਵਿੱਚ ਖਾਂਸੀ ਆਦਿ ਅਨੇਕ ਬਿਮਾਰੀਆਂ ਸਰੀਰ ਨੂੰ ਗ੍ਰਸ ਲੈਂਦੀਆਂ ਹਨ ਅਥਵਾ ਬਿਮਾਰੀਆਂ ਹੋ ਜਾਂਦੀਆਂ ਹਨ। ਪਰਿਵਾਰ ਦੇ ਮੈਂਬਰ ਇਸਦੀ ਗੱਲ-ਗੱਲ ਤੇ ਬੇਜਤੀ ਕਰਨੀ ਸ਼ੁਰੂ ਕਰ ਦਿੰਦੇ ਹਨ। ਜਿੰਨਾ ਲਈ ਮਾੜੇ ਕਰਮ ਕਰਕੇ ਪੈਸਾ ਜੋੜਦਾ ਸੀ, ਅਖੀਰਲੇ ਸਮੇਂ ਸਭ ਤੋਂ ਵੱਧ ਦੁੱਖੀ ਕਰਦੇ ਹਨ।

**ਸੰਕਟ ਅਧਿਕ ਪਾਇ ਮਰਿ ਰਹੈ।ਜੀਵ ਗਤੀ ਜਿਮ, ਕਜਾ ਕਰਿ ਕਹੈਂ॥੪੬।**

ਬਹੁਤ ਸਾਰੇ ਦੁੱਖ ਭੋਗ ਕੇ ਅਖੀਰ ਮਰ ਜਾਂਦਾ ਹੈ। ਹੁਣ ਇਸ ਜੀਵ ਦੀ ਜਿਵੇਂ ਹਾਲਤ ਹੁੰਦੀ ਹੈ, ਬਚਪਨ ਤੋਂ ਬੁਢਾਪਾ ਤੇ ਬੁਢਾਪੇ ਤੋਂ ਮੌਤ, ਫਿਰ ਅੱਗੇ ਜਨਮ-ਮਰਣ ਇਹ ਸਾਰੀ ਬਾਰਤਾ ਕਿਵੇਂ ਕਥਨ ਕਰਕੇ ਕਹੀਏ? ਭਾਵ ਕਥਨ ਵਿੱਚ ਨਹੀਂ ਆਉਂਦੀ।

**ਲੇਸ਼ ਮਾਤ੍ਰ ਦੁਖ ਬਰਨਨ ਕਰੇ।ਸਰਬ ਜਿ ਕਹੈਂ ਗ੍ਰੰਥ ਇਕ ਭਰੇ।**

ਇਹ ਤਾਂ ਲੇਸ਼ ਮਾਤ੍ਰ- ਸਿਰਫ ਥੋੜ੍ਹੇ ਜਿਹੇ ਦੁੱਖ ਹੀ ਇੱਥੇ ਬਿਆਨ ਕੀਤੇ ਹਨ, ਜੇਕਰ ਸਾਰੇ ਦੁੱਖਾਂ ਦਾ ਕਥਨ ਕਰੀਏ ਤਾਂ ਇਕ ਗ੍ਰੰਥ ਪੂਰਾ ਜੀਵ ਦੇ ਦੁੱਖਾਂ ਨਾਲ ਹੀ ਭਰ ਜਾਵੇਗਾ।

**ਜਨਮ ਕਰੋਰਹੁਂ ਧਰਿ ਧਰਿ ਮਰਿਯੋ।ਕਿਸੀ ਸ਼ਰੀਰ ਬਿਖੈ ਨਹਿਂ ਥਿਰਿਯੋ।੪੭।**

ਕਰੋੜਾਂ ਵਾਰ ਜਨਮਿਆ ਹੈ ਤੇ ਕਰੋੜਾਂ ਵਾਰ ਹੀ ਮਰਿਆ ਹੈ। ਲੇਕਿਨ ਕਿਸੇ ਵੀ ਸਰੀਰ ਵਿੱਚ ਇਹ ਜੀਵ ਸਦਾ ਲਈ ਨਹੀਂ ਟਿਕ ਸਕਿਆ।

**ਜਨਮ ਅਸੰਖ ਭਵਿੱਖਤਿ ਲਹੈ।ਦੁਖ ਸੁਖ ਕੂਰ ਭੋਗ ਮਰਿ ਰਹੈ।**

ਅੱਗੇ ਆਉਣ ਵਾਲੇ ਸਮੇਂ ਵਿੱਚ ਵੀ ਅਸੰਖ ਹੀ ਜਨਮ ਲਵੇਗਾ ਤੇ ਦੁੱਖਾਂ-ਸੁੱਖਾਂ ਨੂੰ ਭੋਗ-ਭੋਗ ਕੇ ਮਰਦਾ ਰਹੇਗਾ।

**ਬਿਨ ਸਤਿਗੁਰ ਕੀ ਸ਼ਰਨੀ ਪਰੇ॥ਕੋਇ ਨ ਬੰਦ ਖਲਾਸੀ ਕਰੇ।੪੮।**

ਬਿਨਾਂ ਸਤਿਗੁਰਾਂ ਦੀ ਸ਼ਰਨ ਵਿੱਚ ਪਏ ਤੋਂ ਕੋਈ ਵੀ ਇਸ ਦੀ ਜਨਮ-ਮਰਣ ਆਦਿ ਤੋਂ ਬੰਦ ਖਲਾਸੀ ਨਹੀਂ ਕਰ ਸਕਦਾ ਭਾਵ ਜਿੰਨਾਂ ਸਮਾਂ ਗੁਰੂ ਕਲਗੀਧਰ ਪਿਤਾ ਜੀ ਦੀ ਸ਼ਰਨ ਵਿੱਚ ਨਹੀਂ ਪੈਂਦੇ, ਉਨਾਂ ਸਮਾਂ ਸਾਨੂੰ ਕੋਈ ਵੀ ਜਨਮ-ਮਰਨ ਦੇ ਦੁੱਖਾਂ ਤੋਂ ਬਚਾ ਨਹੀਂ ਸਕਦਾ।

**ਭੂਰ ਭਾਗ ਤੇ ਭਾਉ ਭਗਤਿ ਲਹਿ।ਬਨਹਿ ਸਿੱਖ ਗੁਰੁ ਚਰਨ ਸਰਨ ਰਹਿ।**

ਇਹ ਬਹੁਤ ਚੰਗੇ ਕਰਮਾਂ ਕਰਕੇ, ਪ੍ਰੇਮ ਭਗਤੀ ਦੀ ਦਾਤ ਪ੍ਰਾਪਤ ਕਰਦਾ ਹੈ ਤੇ ਸਿੱਖ ਬਣ ਕੇ ਗੁਰੂ ਦੀ ਚਰਨ-ਸ਼ਰਨ ਵਿੱਚ ਰਹਿੰਦਾ ਹੈ ਭਾਵ ਰਜ਼ਾ ਵਿੱਚ ਰਹਿੰਦਾ ਹੈ। ਜਿਸ ਦੇ ਚੰਗੇ ਭਾਗ ਹੋਣ, ਉਸਨੂੰ ਹੀ ਪ੍ਰੇਮ ਭਗਤੀ ਪ੍ਰਾਪਤ ਹੁੰਦੀ ਹੈ। ਗੁਰੂ ਦਾ ਸਿੱਖ ਬਣਦਾ ਹੈ ਤੇ ਚਰਨ-ਸ਼ਰਨ ਵਿੱਚ ਰਹਿੰਦਾ ਹੈ।

**ਤਨ ਕਰਿ ਮਨ ਕਰਿ ਧਨ ਕਰਿ ਸੇਵਾ।ਛਲ ਬਿਨ ਹ੍ਵੈ ਰਿਝਾਇ ਗੁਰਦੇਵਾ।੪੯।**

ਫਿਰ ਤਨ, ਮਨ, ਧਨ, ਕਰਕੇ ਗੁਰੂ ਦੀ ਸੇਵਾ ਕਰਦਾ ਹੈ, ਕਿਸੇ ਪ੍ਰਕਾਰ ਦਾ ਛਲ ਕਪਟ ਆਪਣੇ ਹਿਰਦੇ ਨਹੀਂ ਆਉਣ ਦਿੰਦਾ। ਇਸ ਪ੍ਰਕਾਰ ਆਪਣੇ ਗੁਰਦੇਵ ਜੀ ਨੂੰ: ਖੁਸ਼ ਕਰ ਲੈਂਦਾ ਹੈ।

**ਲੇ ਉਪਦੇਸ਼ ਕਮਾਵੈ ਮਨ ਤੇ।ਸੇਵਾ ਕਰਹਿ ਸਰਬ ਹੀ ਤਨ ਤੇ।**

ਜਦੋਂ ਗੁਰੂ ਸਾਹਿਬ ਜੀ ਦੇ ਕੋਲੋਂ ਉਪਦੇਸ਼ ਲੈ ਕੇ, ਫਿਰ ਉਸ ਉਪਦੇਸ਼ ਨੂੰ ਮਨ ਕਰਕੇ ਕਮਾਉਂਦਾ ਹੈ ਅਤੇ ਸਰੀਰ ਕਰਕੇ ਹਰ ਪ੍ਰਕਾਰ ਦੀ ਭਾਵਨਾ ਸਹਿਤ ਹੋ ਕੇ ਸੇਵਾ ਕਰਦਾ ਹੈ।

**ਤੌਂ ਇਸ ਕੋ ਹੋਵਤਿ ਛੁਟਕਾਰਾ।ਕਰਮ ਬੰਧ ਤਜਿ ਬਨਹਿ ਸੁਖਾਰਾ।੫੦।**

ਉਦੋਂ ਇਸ ਜੀਵ ਦਾ ਆਤਮ ਗਿਆਨ ਹੋਣ ਕਰਕੇ, ਛੁਟਕਾਰਾ ਹੁੰਦਾ ਹੈ ਤੇ ਕਰਮ ਬੰਧਨ ਨੂੰ ਤਿਆਗ ਦਿੰਦਾ ਹੈ ਤੇ ਸੌਖਾ ਹੋ ਜਾਂਦਾ ਹੈ ਭਾਵ ਸੁਖਾਲਾ ਹੋ ਜਾਂਦਾ ਹੈ ਅਥਵਾ ਸਰੀਰ ਤਿਆਗ ਦੇ ਸਮੇਂ ਉਦੋਂ ਇਸ ਦਾ ਜਨਮ-ਮਰਣ ਤੋਂ ਛੁਟਕਾਰਾ ਹੁੰਦਾ ਹੈ। ਕਰਮ ਦੇ ਬੰਧਨਾਂ ਨੂੰ ਤਿਆਗ ਕੇ, ਭਾਵ ਕਰਮ ਬੰਧਨ ਤੋਂ ਮੁਕਤ ਹੋ ਕੇ ਸੁਖਾਲਾ ਹੋ ਜਾਂਦਾ ਹੈ।

**ਨਾਹਿ ਤ ਵਹਜੋ ਫਿਰਤਿ ਬਿਲਪਾਵਤਿ।ਜਗ ਸਮੁੰਦ੍ਰ ਕੋ ਪਾਰ ਨ ਪਾਵਤਿ।**

ਨਹੀਂ ਤਾਂ ਇਸ ਜਗਤ ਰੂਪ ਸਮੁੰਦਰ ਵਿੱਚ ਹੀ ਜਨਮ-ਮਰਣ ਰੂਪ ਗੋਤੇ ਖਾ ਰਿਹਾ ਸੀ ਤੇ ਤੜਫ ਰਿਹਾ ਸੀ ਇਸ ਦਾ ਪਾਰ ਉਤਾਰਾ ਨਹੀਂ ਸੀ ਹੋ ਰਿਹਾ।

**ਦਇਆ ਸਿੰਘ ਉਪਦੇਸ਼ ਬਤਾਯੋ।ਸੁਨਤਿ ਖਾਲਸੇ ਧਰਿ ਸੁਖ ਪਾਯੋ।੫੧।**

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰੁਤੇ**

**'ਸਿੰਘਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ॥੫੦॥**

# ਟੀਕਾਕਾਰ ਕ੍ਰਿਤ- ਸਮਾਪਤਿ ਮੰਗਲ

**ਬੁੱਧੀ ਕੇ ਜੋ ਦੋਸ਼ ਸਭ, ਸਤਿਗੁਰ ਕੀਨੇ ਨਾਸ਼॥**

**ਗ੍ਰੰਥ ਮੁਕੰਮਲ ਤਬ ਭਯਾ, ਆਤਮ ਗਜਾਨ ਪ੍ਰਕਾਸ਼॥**

**ਗੁਰ ਨਾਨਕ ਤੇ ਆਦਿ ਲੈ, ਸ੍ਰੀ ਦਸਮੇਸ਼ ਪ੍ਰਯੰਤ॥**

**ਬਾਣੀ ਬ੍ਰਹਮ ਸਰੂਪ ਹੈ, ਜਾਨਤ ਸਰਧਾਵੰਤ॥**



# ਗਿਆਨੀ ਗੁਰਜੰਟ ਸਿੰਘ ਜੀ

## ਪਟਿਆਲਾ ਵੱਲੋਂ

ਵਿਦਿਅਕ ਖੇਤਰ ਵਿੱਚ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਸਾਹਿਤ ਦੀ ਸਾਂਭ ਸੰਭਾਲ, ਦੁਬਾਰਾ ਛਪਾਈ ਅਤੇ ਵਿਦਿਆਰਥੀਆਂ ਨੂੰ ਕੀਮਤੀ ਸਾਹਿਤ ਦਾ ਗਿਆਨ ਦੇਣ ਲਈ ਪੁਰਾਤਨ ਗ੍ਰੰਥ ਸੰਭਾਲ ਸੇਵਾ ਸੰਸਥਾ ਦਾ ਗਠਨ,

ਇਨ੍ਹਾਂ ਮਹਾਨ ਕਾਰਜਾਂ ਲਈ ਗਿਆਨੀ ਜੀ ਦਾ ਵੱਧ ਤੋਂ ਵੱਧ ਸਹਿਯੋਗ ਕਰੀਏ।

**M: +919781271253**